
# ਪਾਪ ਅਤੇ ਵਿਗਿਆਨ



ਡਾਈਸਨ ਕਾਰਟਰ

# ਪਾਪ ਅਤੇ ਵਿਗਿਆਨ

ਡਾਈਸਨ ਕਾਰਟਰ

ਅਨੁਵਾਦ — ਕਮਲ



ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ

(ਪੰਜਾਬੀ ਵਿਭਾਗ ਰਾਹੁਲ ਫਾਉਂਡੇਸ਼ਨ-ਲਖਨਊ)

ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ)

Sin and Science (Dyson Carter)

ਪਹਿਲੀ ਵਾਰ — ਅਪ੍ਰੈਲ 2010

ਪ੍ਰਕਾਸ਼ਕ : ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
(ਪੰਜਾਬੀ ਵਿਭਾਗ, ਰਾਹੁਲ ਫਾਉਂਡੇਸ਼ਨ-ਲਖਨਊ)

ਪਤਾ — 69, ਬਾਬਾ ਕਾ ਪੁਰਬਾ, ਪੇਪਰਮਿਲ ਰੋਡ,
ਨਿਸ਼ਾਤਗੰਜ, ਲਖਨਊ-226006

**ਕੀਮਤ : 60 ਰੁਪਏ**

# ਵਿਸ਼ਾ ਸੂਚੀ


ਬਿਨਾ ਕਿਸੇ ਸਫ਼ਾਈ ਦੇ . . . . . . . . . . . . . . . . . . . . . 4

ਵਿਕਟਰੀ ਗਰਲ ਅਤੇ ਸਮਾਜੀਕ੍ਰਿਤ ਇਸਤਰੀਆਂ . . . . . . . . . . . . . . 7

ਬੁਰਾਈ ਲਈ ਪੀਲੇ ਟਿਕਟ ਦਾ ਪ੍ਰਬੰਧ . . . . . . . . . . . . . . . 18

ਬੰਧੇਜਰਹਿਤ ਪਿਆਰ ਅਤੇ ਵਿਗਿਆਨਿਕ ਨੈਤਿਕਤਾ . . . . . . . . . 29

ਪੂੰਜੀਵਾਦ ਨੇ ਪਿਆਰ ਨੂੰ ਆਦਰਯੋਗ ਥਾਂ ਦਿੱਤੀ . . . . . . . . . . 35

ਅਨੋਖਾ ਸਵਾਲਨਾਮਾ . . . . . . . . . . . . . . . . . . . . . . . 54

ਔਰਤਾਂ ਦੀ ਖ੍ਰੀਦੋ-ਫਰੋਖਤ ਵਿਰੁੱਧ ਘੋਲ਼ . . . . . . . . . . . . . 68

ਈਸਾਈ ਧਰਮ ਅਤੇ ਡਾਕਟਰ . . . . . . . . . . . . . . . . . . . 79

ਮਹੀਨੇ ਵਿੱਚ ਪੰਜ ਕਰੋੜ ਵਾਰ . . . . . . . . . . . . . . . . . . 88

ਪਾਪ ਵਿਰੁੱਧ ਪੰਜ ਸਾਲਾ ਯੋਜਨਾ . . . . . . . . . . . . . . . . 97

ਜੀਵ-ਹੱਤਿਆ : ਪਰ ਚੁੱਪਚਾਪ . . . . . . . . . . . . . . . . . 107

ਸ਼ਰਾਬਬੰਦੀ : ਸੰਗੀਨਾਂ ਦੇ ਜ਼ੋਰ ’ਤੇ . . . . . . . . . . . . . . 139

ਦੁਨੀਆਂ ਵਿੱਚ ਸਭ ਤੋਂ ਸਸਤੀ ਸ਼ਰਾਬ . . . . . . . . . . . . . . 152

ਬੱਚਿਆ ਦੀ ਸਮੱਸਿਆ . . . . . . . . . . . . . . . . . . . . . 163

“ਜੇਕਰ ਥੋੜ੍ਹਾ ਜਿਹਾ ਵੀ ਸਦਾਚਾਰ ਬਾਕੀ ਹੈ ਤਾਂ!” . . . . . . . . . 172

ਸੰਦਰਭ ਸੂਚੀ . . . . . . . . . . . . . . . . . . . . . . . . . 183

# ਬਿਨਾ ਕਿਸੇ ਸਫ਼ਾਈ ਦੇ

ਮੈਨੂੰ ਚੇਤਾਵਨੀ ਦਿੱਤੀ ਜਾ ਚੁੱਕੀ ਹੈ ਕਿ ਮੈਂ ਇਹ ਪੁਸਤਕ ਨਾ ਲਿਖਾਂ। ਮੈਨੂੰ ਇਹ ਵੀ ਯਕੀਨ ਹੈ ਕਿ ਬਹੁਤ ਸਾਰੇ ਲੋਕਾਂ ਨੂੰ ਇਸ ਨੂੰ ਪੜ੍ਹਨ ਤੋਂ ਸਖ਼ਤੀ ਨਾਲ਼ ਮਨ੍ਹਾ ਕੀਤਾ ਜਾਵੇਗਾ।

ਇਹ ਨਾ ਤਾਂ ਕਿਤਾਬ ਪੜ੍ਹਨ ਦਾ ਸੱਦਾ ਹੈ ਅਤੇ ਨਾ ਨਿਰਉਤਸਾਹਿਤ ਕਰਨਾ ਹੀ। ਇਹ ਤਾਂ ਤੱਥ ਨੂੰ ਸਿਰਫ਼ ਸੱਚਾਈ ਨਾਲ਼ ਪੇਸ਼ ਕਰਨਾ ਹੈ।

ਆਮ ਤੌਰ ’ਤੇ ਇਸ ਪੁਸਤਕ ਵਿੱਚ ਉਠਾਈਆਂ ਗਈਆਂ ਸਮੱਸਿਆਵਾਂ ਨੂੰ ਅਨੈਤਿਕਤਾਂ ਜਾਂ ਪਾਪ ਵਰਗੇ ਅਸਪੱਸ਼ਟ ਸ਼ਬਦ ਕਹਿ ਕੇ, ਦਬਾ ਅਤੇ ਟਾਲ ਦਿੱਤਾ ਜਾਂਦਾ ਹੈ। ਇਹਨਾਂ ਵਿੱਚ ਖਾਸ ਹਨ: ਬੁਰਾਈਆਂ, ਵੇਸਵਾਗਮਨੀ, ਇਸਤਰੀਆਂ ਦੀ ਖਰੀਦੋ–ਫਰੋਖਤ, ਗੁਪਤ ਰੋਗ, ਗਰਭਪਾਤ, ਵਿਭਚਾਰ ਦੀ ਸੰਤਾਨ, ਤਲਾਕ, ਨੌਜਵਾਨਾਂ ਦੀਆਂ ਬੱਦਕਾਰ ਪ੍ਰਵਿਰਤੀਆਂ ਅਤੇ ਸ਼ਰਾਬ ਦਾ ਗ਼ੈਰ–ਕਾਨੂੰਨੀ ਵਪਾਰ।

ਮੈਂ ਭਰਪੂਰ ਕੋਸ਼ਿਸ਼ ਕੀਤੀ ਹੈ ਕਿ ਕਿਸੇ ਨੂੰ ਵੀ ਨਰਾਜ਼ ਨਾ ਕਰਾਂ। ਪਰ ਮੈਂ ਜਾਣਦਾ ਹਾਂ ਕਿ ਇਹਨਾਂ ਸਫ਼ਿਆਂ ’ਤੇ ਲਿਖੀਆਂ ਹੋਈਆਂ ਕੁੱਝ ਗੱਲਾਂ ਦੀ ਸੱਚਾਈ ਕੁੱਝ ਭਾਵੁਕ ਪਾਠਕਾਂ ਨੂੰ ਹੈਰਾਨ ਕਰ ਦੇਵੇਗੀ। ਮੈਂ ਉਹਨਾਂ ਦੀ ਮੁਆਫ਼ੀ ਦਾ ਹੱਕਦਾਰ ਹਾਂ। ਕਾਸ਼! ਇਹ ਕਿਤਾਬ ਸਿਰਫ਼ ਇੱਕ ਹੋਰ ਰੋਮਾਂਟਿਕ ਰਹੱਸ ਨੂੰ ਖੋਲ੍ਹਣ ਵਾਲ਼ੀ ਹੀ ਹੁੰਦੀ ਜਾਂ ਪਾਪ ਬਾਰੇ ਵਿਅਕਤੀਗਤ ਅਨੁਭਵ ਹੀ ਪੇਸ਼ ਕਰਦੀ! ਪਰ ਇਸ ਤਰ੍ਹਾਂ ਦੀਆਂ ਬਹੁਤ ਕਿਤਾਬਾਂ ਨਿਕਲ ਚੁੱਕੀਆਂ ਹਨ। ਮੌਜੂਦਾ ਕਿਤਾਬ ਉਹਨਾਂ ਤੋਂ ਬਿਲਕੁੱਲ ਵੱਖਰੀ ਹੈ।

ਇਸ ਕਿਤਾਬ ਵਿੱਚ ਪੇਸ਼ ਕੀਤੀਆਂ ਗੀਆਂ ਗੱਲਾਂ ਮੁਮਕਿਨ ਹੈ; ਲੋਕਾਂ ਨੂੰ ਬੁਰੀਆਂ ਨਾ ਲੱਗਣ। ਪਰ ਇਹਨਾਂ ਨੂੰ ਪੇਸ਼ ਕਰਨ ਦਾ ਉਦੇਸ਼ ਅਤੇ ਪੁਸਤਕ ਦੇ ਅਮਲੀ ਨਤੀਜੇ ਲੋਕਾਂ ਦੇ ਗੁੱਸੇ ਅਤੇ ਹਮਲੇ ਦਾ ਨਿਸ਼ਾਨਾ ਬਣਨਗੇ। ਕਾਰਨ ਇਹ ਹੈ ਕਿ ਇਸ ਕਿਤਾਬ ਵਿੱਚ ਅਨੈਤਿਕਤਾ ਨੂੰ ਇੱਕ ਨਵੇਂ ਢੰਗ ਨਾਲ਼ ਪੇਸ਼ ਕੀਤਾ ਗਿਆ ਹੈ। ਇਸ ਕਿਤਾਬ ਵਿੱਚ ਅਨੈਤਿਕਤਾ ਦੀਆਂ ਸਮੱਸਿਆਵਾਂ ਨੂੰ ਵਿਗਿਆਨਕ ਨਜ਼ਰੀਏ ਤੋਂ ਇੱਕ ਅਮਲੀ, ਪੂਰੀ ਤਰ੍ਹਾਂ ਸਮਝ ਵਿੱਚ ਆਉਣ ਵਾਲ਼ਾ ਅਤੇ ਇੱਕਦਮ ਸਫ਼ਲ ਹੱਲ ਪੇਸ਼ ਕੀਤਾ ਗਿਆ ਹੈ।

ਇਸ ਦਾਅਵੇ ’ਤੇ ਜਾਂ ਤਾਂ ਤੁਹਾਨੂੰ ਹਾਸਾ ਆਵੇਗਾ ਜਾਂ ਤੁਸੀਂ ਇਸ ਨੂੰ ਨਫ਼ਰਤ ਨਾਲ਼ ਟਾਲ਼ ਦੇਵੋਗੇ। ਹਰ ਨੌਜਵਾਨ ਜਾਣਦਾ ਹੈ ਕਿ ਮਨੁੱਖੀ ਸਮਾਜ ਸਦੀਆਂ ਤੋਂ ਅਨੈਤਿਕ ਬੁਰਾਈਆਂ ਦੇ ਬੋਝ ਨਾਲ਼ ਬੁਰੀ ਤਰ੍ਹਾਂ ਪੀੜਿਤ ਰਿਹਾ ਹੈ। ਪਾਪ ਦਾ ਖਾਤਮਾ ਕਰਨ ਦੇ ਲਈ, ਵੱਡੀ ਮਾਤਰਾ ਵਿੱਚ ਇਮਾਨਦਾਰੀ ਨਾਲ਼ ਅਧਿਐਨ ਕੀਤਾ ਗਿਆ ਹੈ। ਉਪਦੇਸ਼ਾਂ, ਲੇਖਾਂ

ਅਤੇ ਕਾਨੂੰਨਾਂ ਦੀ ਵੱਧ ਤੋਂ ਵੱਧ ਵਰਤੋਂ ਕੀਤੀ ਗਈ ਹੈ। ਪਰ, ਇਹ ਸਭ ਕੋਸ਼ਿਸ਼ਾਂ ਅਸਫ਼ਲ ਹੋਈਆਂ ਹਨ। ਯੁੱਧ ਦੌਰਾਨ ਸਾਡੇ ਬੇਹੱਦ ਅੱਗੇ ਵਧੇ ਹੋਏ ਦੇਸ਼ਾਂ ਵਿੱਚ ਨੈਤਿਕ ਤਾਕਤਾਂ ਦਾ ਗੰਭੀਰ ਪਤਣ ਹੋਇਆ ਹੈ। ਯੁੱਧ ਦੇ ਬਾਅਦ ਦੇ ਸਮੇਂ ਵਿੱਚ ਤਾਂ ਹੋਰ ਵੀ ਜ਼ਿਆਦਾ ਪਤਣ ਦੀਆਂ ਸੰਭਾਵਨਾਵਾਂ ਮੌਜੂਦ ਹਨ। ਇਸ ਨਾਲ਼ ਕੋਈ ਵੀ ਯਥਾਰਵਾਦੀ ਵਿਅਕਤੀ ਉਹੀ ਨਤੀਜਾ ਕੱਢੇਗਾ, ਜਿਹੜਾ ਅਸੀਂ ਕੱਢਿਆ ਹੈ। ਤਾਂ ਫਿਰ, ਕੌਣ ਹੈ ਉਹ ਨੀਚ ਜਿਹੜਾ ਕਿਹੇ ਕਿ ਜਿੱਥੋਂ ਤੱਕ ਸਭ ਯਤਨ ਹੋਏ ਹਨ, ਉੱਥੋਂ ਤੱਕ ਕਿਤਾਬ ਸਫਲਤਾ ਪ੍ਰਦਾਨ ਕਰੇਗੀ ?

ਘੱਟ ਤੋਂ ਘੱਟ ਮੇਰਾ ਤਾਂ ਇਹ ਦਾਅਵਾ ਨਹੀਂ !

ਹੁਣ ਅਸੀਂ ਇਹ ਗੱਲ ਤੈਅ ਕਰ ਲਈਏ ਕਿ ਇਹ ਪੁਸਤਕ ਸਮਾਜਿਕ ਨੈਤਿਕਤਾ ਬਾਰੇ ਹੋਣ ਵਾਲ਼ੇ ਪ੍ਰਯੋਗਾਂ ਦਾ ਇੱਕ ਬਿਨਾਂ ਲੂਣ-ਮਿਰਚ ਲਗਾਇਆ ਹੋਇਆ ਸਹੀ-ਸਹੀ ਵੇਰਵਾ ਹੈ। ਇਹ ਪ੍ਰਯੋਗ ਇੱਕ ਬਹੁਤ ਵੱਡੇ ਪੈਮਾਨੇ 'ਤੇ ਅਸਾਧਾਰਨ ਸਫਲਤਾ ਨਾਲ਼ ਸੰਪਾਦਿਤ ਕੀਤੇ ਜਾ ਚੁੱਕੇ ਹਨ। ਮੈਂ ਇਹਨਾਂ ਵਿੱਚ ਆਪਣੇ ਕਿਸੇ ਸਿਧਾਂਤ ਦੀ ਟਾਕੀ ਨਹੀਂ ਲਗਾਈ ਹੈ। ਜਿੱਥੋਂ ਤੱਕ ਮੈਨੂੰ ਪਤਾ ਹੈ, ਇਹ ਵਿਵਰਣ ਆਮ ਲੋਕਾਂ ਸਾਹਮਣੇ ਕਦੇ ਵੀ ਪੇਸ਼ ਨਹੀਂ ਕੀਤਾ ਗਿਆ। ਜਿਨ੍ਹਾਂ ਅਧਿਕਾਰੀਆਂ ਦੇ ਕੋਲ ਇਹਨਾਂ ਤੱਥਾਂ ਦਾ ਵੇਰਵਾ ਸੀ, ਉਹਨਾਂ ਨੇ ਇਹਨਾਂ ਨੂੰ ਪ੍ਰਕਾਸ਼ ਵਿੱਚ ਵੀ ਨਹੀਂ ਆਉਣ ਦਿੱਤਾ; ਜਿੱਥੋਂ ਤੱਕ ਕਿ ਡਾਕਟਰਾਂ ਅਤੇ ਸਮਾਜਿਕ ਕਾਰਕੁੰਨਾਂ ਤੱਕ ਨੂੰ ਇਹਨਾਂ ਤੋਂ ਜਾਣੂੰ ਨਾ ਹੋਣ ਦੇਣ ਦੇ ਲਈ ਬਹੁਤ ਚੌਕਸੀ ਵਰਤੀ ਗਈ।

ਮੈਂ ਫਿਰ ਤੋਂ ਦੁਹਰਾਵਾਂ। ਇਸ ਪੁਸਤਕ ਵਿੱਚ ਸਿਰਫ਼ ਤੱਥ ਦਿੱਤੇ ਗਏ ਹਨ ਅਤੇ ਪ੍ਰਮਾਣਿਤ ਅਤੇ ਵਿਵਹਾਰ ਯੋਗ ਇਸ ਤਰ੍ਹਾਂ ਦੇ ਤੱਥਾਂ ਬਾਰੇ ਦੱਸਿਆ ਗਿਆ ਹੈ, ਜਿਨ੍ਹਾਂ ਦੁਆਰਾ ਮੌਜੂਦਾ ਸਮਾਜ ਤੋਂ ਅਨੈਤਿਕਤਾ ਦਾ ਨਾਮੋਂ-ਨਿਸ਼ਾਨ ਓਨੀ ਹੀ ਸਫ਼ਲਤਾ ਨਾਲ਼ ਮਿਟਾਇਆ ਜਾ ਸਕਦਾ ਹੈ, ਜਿੰਨੀ ਸਫ਼ਲਤਾ ਨਾਲ਼ ਮੱਧ ਯੁੱਗ ਦੀ ਮਹਾਂਮਾਰੀ ਨੂੰ ਮਿਟਾਇਆ ਜਾ ਚੁੱਕਿਆ ਹੈ।

ਇਹ ਖਰਾ ਦਾਅਵਾ ਉਹਨਾਂ ਪਾਠਕਾਂ ਨੂੰ ਜ਼ਰੂਰ ਭੰਬਲਭੂਸੇ ਵਿੱਚ ਪਾ ਦੇਵੇਗਾ ਜਿਹੜੇ ਗੁਪਤ ਰੋਗਾਂ ਨੂੰ ਜਿੱਤਣ ਦੇ ਲਈ ਤਾਂ ਇੱਕ "ਵਿਗਿਆਨਕ" ਪ੍ਰੋਗਰਾਮ ਪ੍ਰਵਾਨ ਕਰਨ ਨੂੰ ਤਿਆਰ ਹਨ, ਪਰ ਪਰਿਵਾਰ ਦੀ ਪਵਿੱਤਰਤਾ ਨਾਲ਼ ਸਬੰਧਤ ਪਾਪਾਂ-ਜਿਵੇਂ ਤਲਾਕ, ਇਸਤਰੀ-ਪੁਰਸ਼ਾਂ ਦਰਮਿਆਨ ਅਨੈਤਿਕ ਸਬੰਧ, ਵੇਸ਼ਵਾਗਮਨੀ ਜਾਂ ਸ਼ਰਾਬਖੋਰੀ ਰਾਹੀਂ ਮਨੁੱਖੀ ਮਾਣ-ਸਤਿਕਾਰ ਦਾ ਵਿਨਾਸ਼ ਆਦਿ — ਦੇ ਲਈ ਕੇਵਲ ਅਧਿਆਤਮਿਕ ਉਪਾਵਾਂ ਨੂੰ ਹੀ ਸਹੀ ਮੰਨਦੇ ਹਨ। ਬਹੁਤ ਸਾਰੇ ਲੋਕਾਂ ਦੀ ਸਮਝ ਵਿੱਚ ਤਾਂ "ਅਨੈਤਿਕਤਾ" ਸ਼ਬਦ ਦਾ ਅਰਥ ਹੀ ਇਹ ਹੈ ਕਿ ਉਹ ਗੱਲ ਸਿਰਫ਼ ਵਿਅਕਤੀ ਦੇ ਅਧਿਆਤਮਿਕ ਜੀਵਨ ਨਾਲ਼ ਸਬੰਧਤ ਹੈ, ਇਸ ਲਈ ਉਹ ਤਰਕ ਦੇ ਖੇਤਰ ਤੋਂ ਬਾਹਰ ਦੀ ਚੀਜ਼ ਹੈ। ਜਾਂ ਦੂਜੇ ਪਾਸੇ, ਇੰਝ ਦੇ ਲੋਕ ਹਨ ਜੋ ਮੰਨਦੇ ਹਨ ਕਿ ਅਨੈਤਿਕਤਾ ਨੂੰ ਕੇਵਲ ਡਾਕਟਰੀ ਦਵਾਈ-ਦਾਰੂ ਹੀ ਖ਼ਤਮ ਕਰ ਸਕਦੀ ਹੈ; ਜਿਵੇਂ ਕਿ ਸਮਾਜਿਕ ਬੁਰਾਈ ਕੋਈ ਇੰਝ ਦਾ ਰੋਗ ਹੈ ਕਿ ਪ੍ਰਯੋਗਸ਼ਾਲਾ ਵਿੱਚ ਖੋਜਬੀਨ ਕਰਨ ਵਾਲ਼ਿਆਂ ਨੂੰ ਖੁੱਲ੍ਹ ਮਿਲਦੇ ਹੀ, ਉਹ ਇਸ ਦੇ ਖਾਤਮੇ ਲਈ ਇੱਕ ਇੰਝ ਦਾ ਹੀ ਅਚੂਕ ਰਸ ਤਿਆਰ ਕਰ ਲੈਣਗੇ, ਜਿਵੇਂ ਸੂਜਾਕ ਦੀ ਬੀਮਾਰੀ ਨੂੰ 'ਪੈਂਨਸਿਲੀਨ' ਦਾ ਇੰਜੈਕਸ਼ਨ

ਤੁਰੰਤ ਠੀਕ ਕਰ ਦਿੰਦਾ ਹੈ।

ਅੱਜ ਦੋਵਾਂ ਹੀ ਵਿਚਾਰਧਾਰਵਾਂ ਨੂੰ ਸ਼ਕਤੀਸ਼ਾਲੀ ਸਮਰਥਨ ਪ੍ਰਾਪਤ ਹੈ। ਇਹਨਾਂ ਵਿੱਚੋਂ ਹਰ ਇੱਕ ਵਿਚਾਰ ਅਨੇਕਾਂ ਨੂੰ ਸਹੀ ਜੱਚਦਾ ਹੈ। ਕਾਰਨ ਇਹ ਹੈ ਕਿ ਦੋਵਾਂ ਵਿੱਚ ਹੀ ਸੱਚਾਈ ਦਾ ਕੁੱਝ-ਕੁੱਝ ਅੰਸ਼ ਹੈ। ਫਿਰ ਵੀ, ਸਾਰੇ ਇਮਾਨਦਾਰ ਅਤੇ ਸਮਝਦਾਰ ਲੋਕ ਇੱਕ ਹੀ ਨਤੀਜੇ 'ਤੇ ਪਹੁੰਚਣਗੇ ਕਿ ਸਾਡੇ ਦੇਸ਼ਾਂ ਵਿੱਚ ਅਮਲੀ ਰੂਪ ਨਾਲ਼ ਨਾ ਤਾਂ ਅਖੌਤੀ ਡਾਕਟਰੀ ਅਤੇ ਨਾ ਸ਼ੁੱਧ ਧਾਰਮਿਕ ਤਰੀਕੇ ਹੀ ਪਾਪ ਨੂੰ ਮਿਟਾਉਣ ਵਿੱਚ ਸਫ਼ਲ ਹੋ ਰਹੇ ਹਨ। ਅਨੈਤਿਕਤਾ ਕਾਬੂ ਵਿੱਚ ਨਹੀਂ ਆ ਰਹੀ ਹੈ। ਨੈਤਿਕ ਪਤਣ ਇੰਨੀ ਨਾਲ਼ ਵੱਧ ਰਿਹਾ ਹੈ ਕਿ ਜਮਹੂਰੀਅਤ ਦੇ ਤਹਿਤ ਪਹਿਲਾਂ ਕਦੇ ਨਹੀਂ ਦੇਖਿਆ ਗਿਆ ਸੀ।

ਪਿਛਲੇ ਕੁੱਝ ਸਾਲਾਂ ਵਿੱਚ ਜੋ ਵੀ ਕੁੱਝ ਹੋਇਆ ਹੈ, ਉਸ ਨਾਲ਼ ਸਮਾਜ ਦੀ ਇੱਕ ਸੁੰਦਰ ਮਨੋਹਾਰੀ ਤਸਵੀਰ ਬਣਾ ਸਕਣਾ ਮੁਸ਼ਕਿਲ ਹੀ ਹੋਵੇਗਾ।

# ‘ਵਿਕਟਰੀ ਗਰਲ ਅਤੇ ਸਮਾਜੀਕ੍ਰਿਤ ਇਸਤਰੀਆਂ’

ਹਰ ਇੱਕ ਚੀਜ਼ ਨੂੰ ਸ਼ੱਕ ਅਤੇ ਅਵਿਸ਼ਵਾਸ ਨਾਲ਼ ਦੇਖਣ ਵਾਲ਼ੇ ਲੋਕ ਅਨੈਤਿਕਤਾ ਸਬੰਧੀ ਸਾਰੀਆਂ ਮਹੱਤਵਪੂਰਨ ਸਮੱਸਿਆਵਾਂ ’ਤੇ ਮੋਢੇ ਮਾਰ ਦਿੰਦੇ ਹਨ ਅਤੇ ਇਹ ਕਹਿ ਕੇ ਉਹਨਾਂ ਤੋਂ ਕਿਨਾਰਾ ਕਰ ਲੈਂਦੇ ਹਨ ਕਿ ਪਾਪ ਦੀ ਸ਼ੁਰੂਆਤ ਤਾਂ ਮਨੁੱਖ ਦੇ ਨਾਲ਼ ਹੀ, ਆਦਮ ਅਤੇ ਹਵਾ ਦੇ ਨਾਲ਼ ਹੀ ਹੋਈ ਹੈ। ਸਾਨੂੰ ਇੱਥੇ ਉਸ ਆਦਿ ਪਾਪ ਦੀ ਸ਼ੁਰੂਆਤ ਦੇ ਬਾਰੇ ਵਿਭਿੰਨ ਧਾਰਮਿਕ ਮੱਤਾਂ ਨਾਲ਼ ਕੋਈ ਵਾਸਤਾ ਨਹੀਂ ਹੈ। ਵਰਤਮਾਨ ਜਮਹੂਰੀ ਕੌਮਾਂ ਨੂੰ ਅਨੈਤਿਕਤਾ ਨਾਲ਼ ਲੜਨ ਲਈ ਚੇਤੰਨ ਕਰਨ ਦਾ ਸਭ ਤੋਂ ਵੱਧ ਮਾਣ ਨਿਸ਼ਚਿਤ ਹੀ ਇੱਕ ਵਿਗਿਆਨਕ ਨੂੰ ਹੈ। ਅਮਰੀਕਾ ਦੀ ‘ਪਬਲਿਕ ਹੈਲਥ ਸਰਵਿਸ’ ਦੇ ਤਤਕਾਲੀਨ ਸਭ ਤੋਂ ਵੱਡੇ ਸਰਜਨ, ਡਾ. ਥਾਮਸ ਪੈਰਨ ਨੇ ਸੰਨ 1936 ਵਿੱਚ ਇੱਕ ਮੈਗਜ਼ੀਨ ਲਈ ਇੱਕ ਇਤਿਹਾਸਕ ਲੇਖ ਲਿਖਿਆ ਸੀ। ਇਸ ਨੂੰ ਪੜ੍ਹ ਕੇ ਲੱਖਾਂ ਹੈਰਾਨੀ ਵਿੱਚ ਪੈ ਗਏ ਸਨ। ਕੌਮਾਂਤਰੀ ਪ੍ਰਸਿੱਧੀ ਦੇ ਇੱਕ ਡਾਕਟਰ ਨੇ ਪਹਿਲੀ ਵਾਰ ਗੁਪਤ ਰੋਗਾਂ ਬਾਰੇ ਉਸ ਬੰਧੇਜ ਨੂੰ ਤੋੜਿਆ ਸੀ, ਜਿਹੜਾ ਸਿੱਖਿਅਤ ਲੋਕਾਂ ਤੋਂ ਸੱਚਾਈ ਨੂੰ ਲੁਕਾਉਂਦਾ ਸੀ। ਉਸ ਨੇ ਉਹਨਾਂ ਦੋ ਰੋਗਾਂ ਦਾ ਨਾਮ ਸਪੱਸ਼ਟ, ਲਿਖਿਆ, ਜਿਹਨਾਂ ਨੂੰ ਸਦਾ ਹੀ ਸੰਪਾਦਕਾਂ ਦੀ ਕਲਮ ਛਪਾਈ ਵਿੱਚ ਆਉਣ ਤੋਂ ਰੋਕਦੀ ਰਹੀ ਸੀ, ਭਾਵ ਗਰਮੀ ਅਤੇ ਸੁਜ਼ਾਕ ਦਾ, ਤਾਂ ਕਿ ਹਰ ਜਵਾਨ ਅਤੇ ਬੁੱਢਾ ਇਹਨਾਂ ਨਾਵਾਂ ਨੂੰ ਸਾਫ਼-ਸਾਫ਼ ਪੜ੍ਹ ਲਵੇ।

ਸੱਭਿਅਕ ਜਗਤ ਨੂੰ ਹੈਰਾਨ ਕਰਨ ਵਾਲ਼ੇ, ਉਹ ਤੱਥ ਇਸ ਪ੍ਰਕਾਰ ਹਨ : ਅਮਰੀਕਾ ਵਿੱਚ ਸੰਨ 1936 ਵਿੱਚ 30 ਲੱਖ ਲੋਕ ਗਰਮੀ ਤੋਂ ਪੀੜਿਤ ਸਨ। ਸੁਜ਼ਾਕ ਦੇ ਰੋਗੀਆਂ ਦੀ ਸੰਖਿਆ ਲਗਭਗ 90 ਲੱਖ ਸੀ। ਹਰ ਸਾਲ 5 ਲੱਖ ਵਿਅਕਤੀ ਗਰਮੀ ਅਤੇ ਇਸ ਦੇ ਤਿੰਨ ਗੁਣਾ ਸੁਜ਼ਾਕ ਦੇ ਸ਼ਿਕਾਰ ਬਣਦੇ ਸਨ! ਹਰ ਸਾਲ ਸੈਂਕੜੇ-ਹਜ਼ਾਰਾਂ ਵਿਅਕਤੀ ਗਰਮੀ ਦੇ ਕਾਰਨ ਦਿਲ ਦੇ ਰੋਗ ਨਾਲ਼ ਮਰਦੇ ਸਨ। ਗਰਮੀ ਦੇ ਭੈੜੇ ਪ੍ਰਭਾਵ ਦੇ ਕਾਰਨ ਪਾਗਲ ਹੋਏ ਮਨੁੱਖਾਂ ਦੀ ਦੇਖ-ਭਾਲ਼ ਅਤੇ ਇਲਾਜ ਵਿੱਚ ਕਰੋੜਾਂ ਡਾਲਰ ਖਰਚ ਹੁੰਦੇ ਸਨ। ਇਹਨਾਂ ਦੋ ਗੁਪਤ ਰੋਗਾਂ ਨਾਲ਼ ਸਰੀਰਿਕ ਅਤੇ ਮਾਨਸਿਕ ਤਸੀਹੇ ਅਤਿਅੰਤ ਭਿਅੰਕਰ ਰੂਪ ਧਾਰਨ ਕਰ ਲੈਂਦੇ ਸਨ। ਕਨੇਡਾ, ਗ੍ਰੇਟ ਬ੍ਰਿਟੇਨ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਹਾਲਤ ਅਜਿਹੀ ਹੀ, ਜਾਂ ਇਸ ਤੋਂ ਵੀ ਬੁਰੀ ਸੀ। ਡਾਕਟਰ ਪੈਰਨ ਨੇ ਸਾਫ਼-ਸਾਫ਼ ਦੱਸਿਆ ਕਿ ਇਹ ਦੋਵੇਂ ਹੀ ਰੋਗ ਕੁੱਝ ਥੋੜ੍ਹੇ ਜਿਹੇ ਲੋਕਾਂ ਦੇ ਗੁਪਤ ਦੁਰਾਚਾਰ ਦੇ “ਨੈਤਿਕ ਦੰਡ” ਹੀ ਨਹੀਂ ਹਨ। ਉਹਨਾਂ ਨੇ ਦੱਸਿਆ ਕਿ ਇਹ ਦੋ ਇੰਝ ਦੀਆਂ ਮਹਾਂਮਾਰੀਆਂ ਹਨ, ਜੋ ਗਰੀਬ-ਅਮੀਰ, ਧਰਮੀ-ਅਧਰਮੀ, ਕਾਲ਼ੇ-ਗੋਰੇ ਹਰ ਪੱਧਰ ਦੇ ਪ੍ਰਾਣੀਆਂ ਨੂੰ ਗ੍ਰਸਦੀਆਂ ਹਨ। ਇਹਨਾਂ ਦਾ ਵਾਧਾ ਇੰਨੀ ਰਫ਼ਤਾਰ ਨਾਲ਼ ਹੋ ਰਿਹਾ ਹੈ ਕਿ ਕੌਮ ਦੀ ਸਿਹਤ (Public Health) ਦੀਆਂ ਜੜ੍ਹਾਂ ਨੂੰ ਹੀ ਖ਼ਤਰਾ ਪੈਦਾ ਹੋ

ਗਿਆ ਹੈ।

ਡਾ. ਪੈਰਨ ਦੀ ਅਵਾਜ ਦਾ ਕੁੱਝ ਪਾਖੰਡੀਆਂ ਨੇ ਹੀ ਵਿਰੋਧ ਕੀਤਾ। ਪਰ ਅਨੈਤਿਕਤਾ 'ਤੇ ਇਸ ਡਾਕਟਰੀ ਹਮਲੇ ਦੀ ਸਫਲਤਾ ਵਿੱਚ ਸ਼ੱਕ ਦੇ ਬਾਵਜੂਦ, ਜ਼ਿਆਦਤਰ ਪਾਦਰੀਆਂ ਨੇ ਡਾਕਟਰਾਂ, ਸਮਾਜਿਕ ਕਾਰਕੁੰਨਾਂ, ਸੰਪਾਦਕਾਂ ਅਤੇ ਵਿਧਾਨ ਸਭਾ ਦੇ ਮੈਂਬਰਾਂ ਦੇ ਨਾਲ਼ ਦ੍ਰਿੜਤਾਪੂਰਵਕ ਗੁਪਤ ਰੋਗਾਂ ਨੂੰ ਜਿੱਤਣ ਦੇ ਕੰਮ ਵਿੱਚ ਸਾਥ ਦਿੱਤਾ। ਡਾ. ਪੈਰਨ ਦੇ ਇਸ ਐਲਾਨ ਨੇ ਕਿ ਗਰਮੀ ਦਾ ਰੋਗ ਜਿਹੜਾ ਸਭ ਤੋਂ ਵੱਧ ਲੋਕਾਂ ਨੂੰ ਮੌਤ ਦਾ ਕਾਰਨ ਬਣਦਾ ਹੈ, ਇੱਕ ਹੀ ਪੀੜੀ ਵਿੱਚ ਖ਼ਤਮ ਕੀਤਾ ਜਾ ਸਕਦਾ ਹੈ, ਇਹਨਾਂ ਲੋਕਾਂ ਦੇ ਉਤਸ਼ਾਹ ਨੂੰ ਹੋਰ ਵੀ ਵਧਾ ਦਿੱਤਾ।

ਇਹ ਸੰਨ 1936 ਵਿੱਚ ਹੋਇਆ ਸੀ। ਦੋ ਸਾਲਾਂ ਬਾਅਦ, ਅੰਦੋਲਨ ਤੇਜ਼ੀ ਨਾਲ਼ ਵਧਿਆ। ਕਾਨੂੰਨ ਬਣਾਏ ਗਏ। ਬਹੁਤ ਸਾਰਾ ਧਨ ਇਕੱਠਾ ਕੀਤਾ ਗਿਆ। ਸ਼ਫ਼ਾਖਾਨੇ ਅਤੇ ਪ੍ਰਯੋਗਸ਼ਾਲਾਵਾਂ ਖੋਲ੍ਹੀਆਂ ਗਈਆਂ। ਹਜ਼ਾਰਾਂ ਦੀ ਗਿਣਤੀ ਵਿੱਚ ਇਸ਼ਤਿਹਾਰ ਵੰਡੇ ਗਏ। ਹਜ਼ਾਰਾਂ ਲੋਕਾਂ ਦੇ ਖ਼ੂਨ ਦੀ ਜਾਂਚ ਕੀਤੀ ਗਈ। ਹਮਲਾ ਇੱਕ ਵੱਡੇ ਪੈਮਾਨੇ 'ਤੇ ਆਰੰਭ ਹੋ ਗਿਆ।

ਸੰਨ 1940 ਵਿੱਚ ਡਾ. ਪੈਰਨ ਨੇ ਦੂਸਰਾ ਲੇਖ ਲਿਖਿਆ। ਹੁਣ ਤੱਕ ਗਰਮੀ ਦੇ ਮਰੀਜ਼ਾਂ ਦਾ ਮੁਸ਼ਕਿਲ ਨਾਲ਼ ਪੰਦਰਵਾਂ ਹਿੱਸਾ ਹੀ ਠੀਕ ਹੋਇਆ ਸੀ। ਸੁਜ਼ਾਕ ਦੇ ਮਰੀਜ਼ਾਂ ਦੀ ਗਿਣਤੀ ਪਹਿਲਾਂ ਵਰਗੀ ਹੀ ਸੀ। ਗੁਪਤ ਰੋਗਾਂ ਵਿਰੁੱਧ ਇਹ ਅੰਦੋਲਨ ਉਮੀਦ ਮੁਤਾਬਿਕ ਸਫਲਤਾ ਪ੍ਰਾਪਤ ਕਰਨ ਵਿੱਚ ਅਸਫਲ ਰਿਹਾ ਸੀ। ਜਲਦੀ ਹੀ ਸਰਕਾਰੀ ਅੰਕੜਿਆਂ ਨੇ ਇਹ ਵੀ ਜ਼ਾਹਿਰ ਕਰ ਦਿੱਤਾ ਕਿ ਅੰਦੋਲਨ ਦਾ ਅਸਰ ਇੱਕਦਮ ਉਲਟਾ ਵੀ ਹੋ ਸਕਦਾ ਹੈ। ਸੰਨ 1942 ਵਿੱਚ ਅਮਰੀਕੀ ਸੈਨਾ ਵਿੱਚ ਇਹਨਾਂ ਰੋਗਾਂ ਨਾਲ਼ ਪੀੜਿਤ ਲੋਕਾਂ ਦੀ ਸੰਖਿਆ ਸੰਨ 1939 ਦੇ ਮੁਕਾਬਲੇ ਕਿਤੇ ਜ਼ਿਆਦਾ ਸੀ।

ਅਚਾਨਕ ਫ਼ੌਜੀ ਅਫ਼ਸਰਾਂ ਨੇ ਵੀ ਇਸ ਦਾ ਬੀੜਾ ਚੁੱਕ ਲਿਆ। ਉਹ ਤੇਜ਼ੀ ਨਾਲ਼ ਇਸ ਬੁਰਾਈ ਦਾ "ਸਫ਼ਾਇਆ" ਕਰਨ ਵਿੱਚ ਜੁੱਟ ਪਏ। ਪਿਛਲੇ ਅਨੁਭਵਾਂ ਵੱਲੋਂ ਅੱਖਾਂ ਬੰਦ ਕਰਕੇ , ਉਹਨਾਂ ਨੇ ਪੁਲਿਸ ਦੀ ਤਾਕਤ ਦੇ ਜ਼ੋਰ 'ਤੇ ਪਾਪ ਨੂੰ ਉਖਾੜ ਸੁੱਟਣ ਦੀ ਧਾਰ ਲਈ। ਲੋਕ ਹਮੇਸ਼ਾ ਤੋਂ ਪਾਪ ਦਾ ਨਾਸ਼ ਕਰਨ ਦੇ ਉਦੇਸ਼ ਨਾਲ਼ ਵਿਚਾਰੀ ਵੇਸ਼ਵਾ ਦੀ ਬਲ਼ੀ ਦਿੰਦੇ ਆਏ ਸਨ। ਤੁਰੰਤ ਹੀ ਉਹਨਾਂ ਨੇ ਵੀ ਸਦੀਆਂ ਤੋਂ ਹਮਲੇ ਦੀ ਸ਼ਿਕਾਰ ਹੋਣ ਵਾਲ਼ੀ ਵੇਸ਼ਵਾ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੱਤਾ। ਨੈਤਿਕਤਾ ਦੇ ਉਹਨਾਂ ਠੇਕੇਦਾਰਾਂ ਨੇ ਜਿਹੜੇ "ਸ਼ਰਮ ! ਸ਼ਰਮ !", "ਪਾਪ ! ਪਾਪ !", "ਦੰਡ ! ਦੰਡ !" ਦਾ ਰੌਲ਼ਾ ਪਾਉਣ ਵਿੱਚ ਆਨੰਦ ਦਾ ਅਨੁਭਵ ਕਰਦੇ ਹਨ, ਉਤੇਜਿਤ ਹੋ ਕੇ ਵੇਸ਼ਵਾਵਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਕੁੱਝ ਹੀ ਸਾਲ ਪਹਿਲਾਂ ਗੁਪਤ ਰੋਗਾਂ ਨੂੰ ਵਿਗਿਆਨਕ ਨਿਮਰਤਾ ਨਾਲ਼ ਨਸ਼ਟ ਕਰਨ ਦੀ ਸੱਭਿਅਕ ਅਤੇ ਕਾਰਗਰ ਰੂਪ ਵਿੱਚ ਪੇਸ਼ ਕੀਤੀ ਗਈ ਯੋਜਨਾ ਤੋਂ ਇਹ ਇੱਕ ਬਿਲਕੁੱਲ ਹੀ ਭਿੰਨ ਤਰੀਕਾ ਸੀ।

ਅਸਲੀ ਦੀਵਾਲੀਆਪਣ ਤਾਂ ਉਦੋਂ ਸਾਹਮਣੇ ਆਇਆ ਜਦੋਂ ਕਈ ਪ੍ਰਸਿੱਧ

ਵਿਅਕਤੀਆਂ, ਖਾਸ ਕਰਕੇ ਜੀਨ ਟਨੀ, ਨੇ ਭੱਦਰ ਪੁਰਸ਼ਾਂ ਦੀ ਤਰ੍ਹਾਂ ਭਾਵੁਕਤਾਪੂਰਨ ਅਪੀਲਾਂ ਦੀ ਝੜੀ ਲਾ ਦਿੱਤੀ। ਉਹਨਾਂ ਨੇ ਅਵਾਜ਼ ਉਠਾਈ : ਲੋਕ ਪਾਪ ਕਰਨਾ ਛੱਡ ਦੇਣ, ਇੰਦਰੀਆਂ ਨੂੰ ਭੁੱਲ ਜਾਣ ਅਤੇ 'ਸਦਾਚਾਰ' ਨਾਮਕ ਪੁਰਾਣੇ ਸਦਗੁਣ ਨੂੰ ਗ੍ਰਹਿਣ ਕਰਕੇ ਰੋਗਾਂ ਨੂੰ ਉਖਾੜ ਸੁੱਟਣ। ਫ਼ੌਜ ਵਿੱਚ ਤਾਂ ਅਸਲ ਵਿੱਚ ਹਜ਼ਾਰਾਂ ਨੂੰ ਪ੍ਰੋਤਸ਼ਾਹਿਤ ਕੀਤਾ ਗਿਆ ਕਿ ਉਹ ਕੁੱਝ ਅਰਸੇ ਦੇ ਲਈ ਪੁਰਸ਼ਤਵ ਹੀ ਤਿਆਗ ਦੇਣ ਅਤੇ ਸੰਨਿਆਸੀ ਬਣ ਜਾਣ ਅਤੇ, ਇਸ ਦੇ ਪਿੱਛੇ ਇਹ ਸਵੈਸਿੱਧ ਸਿਧਾਂਤ ਸੀ ਕਿ ਸੰਨਿਆਸੀਆਂ ਨੂੰ ਕਦੀ ਗੁਪਤ ਰੋਗ ਨਹੀਂ ਹੁੰਦੇ। ਇਸ ਤਰ੍ਹਾਂ ਸੁਚੱਜੇ ਵਿਗਿਆਨਕ ਰੂਪ ਨਾਲ਼ ਆਰੰਭ ਕੀਤੀ ਗਈ ਯੋਜਨਾ ਨੇ ਮੱਧਯੁੱਗੀ ਅਪੀਲਾਂ ਦਾ ਰੂਪ ਧਾਰਨ ਕਰ ਲਿਆ।

ਸੰਨ 1943 ਵਿੱਚ, ਉੱਤਰੀ ਅਮਰੀਕਾ ਦੇ 'ਆਫ਼ਿਸ ਆਫ਼ ਡਿਫੈਂਸ, ਹੈਲਥ ਐਂਡ ਵੈਲਫੇਅਰ ਸ਼ਰਵਿਸੇਜ' (ਫ਼ੌਜੀਆਂ ਦੀ ਸੁਰੱਖਿਆ, ਸਿਹਤ ਅਤੇ ਕਲਿਆਣ ਸਬੰਧੀ ਦਫ਼ਤਰ) ਅਤੇ ਫ਼ੌਜੀ ਅਫ਼ਸਰਾਂ ਵਿੱਚ ਖੁੱਲ੍ਹਮ-ਖੁੱਲ੍ਹਾ ਆਮ ਵਿਵਾਦ ਛਿੜ ਗਿਆ। ਇਸ ਝਗੜੇ ਨੇ ਦੇਸ਼ ਦੇ ਸਾਰੇ ਲੋਕਾਂ ਨੂੰ ਹੈਰਾਨ ਕਰ ਦਿੱਤਾ। ਗੁਪਤ ਰੋਗਾਂ ਤੋਂ ਪੀੜਿਤ ਲੋਕਾਂ ਦੀ ਸੰਖਿਆ ਨੂੰ ਦੇਖ ਕੇ 'ਸੁਰੱਖਿਆ, ਸਿਹਤ ਅਤੇ ਕਲਿਆਣ ਸਬੰਧੀ ਦਫ਼ਤਰ' ਵਿੱਚ ਤਹਿਲਕਾ ਮੱਚ ਗਿਆ ਸੀ। ਉਸ ਨੇ ਮੰਗ ਕੀਤੀ ਕਿ ਸਾਰੇ ਵੱਡੇ ਕੇਂਦਰਾਂ ਵਿੱਚ ਸਥਿਤ 'ਬਦਕਾਰੀ ਦੇ ਅੱਡਿਆਂ' ਤੋਂ ਇਸਤਰੀਆਂ ਨੂੰ ਕੱਢ ਬਾਹਰ ਕੀਤਾ ਜਾਵੇ। ਉਹਨਾਂ ਨੇ ਮੰਗ ਉਠਾਈ ਕਿ ਬਦਨਾਮ, ਲਾਲਬੱਤੀ ਵਾਲ਼ੇ ਵਰਜਿਤ ਜ਼ਿਲ੍ਹਿਆਂ ਨੂੰ ਸਖ਼ਤੀ ਨਾਲ਼ ਬੰਦ ਕਰ ਦਿੱਤਾ ਜਾਵੇ। ਬਹੁਤ ਸਾਰੇ ਪਾਦਰੀ ਵੀ ਮਦਦ ਦੇ ਲਈ ਭੱਜ ਉੱਠੇ। ਉਹਨਾਂ ਨੇ ਦੇਖਿਆ ਕਿ ਇਸ ਗੰਦਗੀ ਦੇ ਖ਼ਿਲਾਫ਼, ਜਿਸ ਨੂੰ ਬਹੁਤ ਲੋਕ ਬਹੁਤ ਪਹਿਲਾਂ ਹੀ ਖ਼ਤਮ ਹੋਇਆ ਸਮਝਣ ਦੀਆਂ ਗੱਲਾਂ ਕਰ ਰਹੇ ਸਨ, ਲੋਕਾਂ ਦਾ ਗੁੱਸਾ ਭੜਕਣ ਵਿੱਚ ਦੇਰ ਨਹੀਂ ਲੱਗਦੀ। ਪਰ ਹੈਰਾਨੀ ਦੀ ਗੱਲ ਇਹ ਹੋਈ ਕਿ ਫ਼ੌਜੀ ਅਧਿਕਾਰੀਆਂ ਨੇ ਇਸ ਅੰਦੋਲਨ ਦਾ ਸਖ਼ਤ ਵਿਰੋਧ ਕੀਤਾ। ਕੁੱਝ ਫ਼ੌਜੀ ਅਧਿਕਾਰੀਆਂ ਦੀਆਂ ਸਪੱਸ਼ਟ ਦਲੀਲਾਂ ਨੂੰ ਸੁਣ ਕੇ ਤਾਂ ਸੁਧਾਰਕ ਹੱਕੇ-ਬੱਕੇ ਰਹਿ ਗਏ। ਫ਼ੌਜੀ ਅਧਿਕਾਰੀਆਂ ਨੇ ਕਿਹਾ ਕਿ 'ਬਦਕਾਰੀ ਦੇ ਮੁਹੱਲਿਆਂ' ਦੀ ਸਫ਼ਾਈ ਕਰਨ ਦਾ ਮਤਲਬ ਇਹ ਹੋਵੇਗਾ ਕਿ ਵੇਸ਼ਵਾਵਾਂ ਸਾਰੇ ਨਗਰ 'ਤੇ ਛਾ ਜਾਣਗੀਆਂ। ਵੈਸੇ ਖ਼ਾਸ ਮੁਹੱਲਿਆ ਵਿੱਚ ਬੱਝੀਆਂ ਰਹਿਣ 'ਤੇ, ਫ਼ੌਜੀ-ਪੁਲਿਸ ਇਹਨਾਂ ਮੁਹੱਲਿਆ ਵਿੱਚ ਜਾਣ ਤੋਂ ਫ਼ੌਜੀਆਂ ਨੂੰ ਰੋਕ ਸਕਦੀ ਹੈ।

ਸੰਪਾਦਕਾਂ ਅਤੇ ਸਮਾਜਿਕ ਕਾਰਕੁੰਨਾਂ ਲਈ ਇਹ ਨਿਸ਼ਚਿਤ ਕਰਨਾ ਔਖਾ ਹੋ ਗਿਆ ਕਿ ਇਸ ਵਾਦ-ਵਿਵਾਦ ਵਿੱਚ ਕਿਸ ਦਾ ਪੱਖ ਲਿਆ ਜਾਵੇ। ਪਰ 'ਸੁਰੱਖਿਆ, ਸਿਹਤ ਅਤੇ ਕਲਿਆਣ ਸਬੰਧੀ ਦਫ਼ਤਰ' ਦੇ ਚਾਰਲਸ ਪੀ. ਟੈਫਟ ਸਾਹਿਬ ਨੂੰ ਆਪਣੀ ਯੋਜਨਾ ਦੀ ਸਫ਼ਲਤਾ ਦਾ ਪੂਰਾ ਭਰੋਸਾ ਸੀ ਅਤੇ ਉਹਨਾਂ ਨੇ ਅੰਕੜਿਆਂ ਦਾ ਇੱਕ ਇੰਝ ਦਾ ਅਜੀਬ ਅੰਦਾਜ਼ਾ ਪੇਸ਼ ਕੀਤਾ ਜਿਹੜਾ ਨਾ ਤਾਂ ਲੋਕਾਂ ਨੇ ਕਦੀ ਦੇਖਿਆ ਸੀ, ਨਾ ਸੁਣਿਆ ਸੀ। ਉਹਨਾਂ ਦੇ ਵਿਭਾਗ ਦਾ ਕਹਿਣਾ ਸੀ ਕਿ ਘਰ ਵਿੱਚ ਬੈਠੀ ਬੈਠੀ ਇੱਕ ਵੇਸ਼ਵਾ ਇੱਕ ਰਾਤ ਵਿੱਚ ਪੰਜਾਹ ਹਜ਼ਾਰ ਫ਼ੌਜੀਆਂ ਨੂੰ ਰੋਗੀ ਕਰ ਸਕਦੀ ਹੈ, ਜਦੋਂ ਕਿ ਉਹੀ ਵੇਸ਼ਵਾ ਸੜਕ 'ਤੇ ਇੱਕ ਰਾਤ ਵਿਚ ਅੱਧੇ ਦਰਜਨ ਤੋਂ ਜ਼ਿਆਦਾ ਗਾਹਕਾਂ ਨੂੰ ਰੋਗੀ ਨਹੀਂ ਕਰ ਸਕਦੀ। ਟੈਫ਼ਟ

ਸਾਹਿਬ ਨੂੰ ਸਦਾਚਾਰ ਵਾਲ਼ੀ ਦਲੀਲ ਵਿੱਚ ਕੋਈ ਵਿਸ਼ਵਾਸ ਨਹੀਂ ਸੀ। ਉਹਨਾਂ ਨੇ ਫ਼ੌਜੀ ਅਫ਼ਸਰਾਂ ਨੂੰ ਯਾਦ ਦਵਾਇਆ ਕਿ ਨਗਰ ਦੀ ਬੁਰਾਈ ਨੂੰ ਲਾਲਬੱਤੀ ਵਾਲ਼ੇ 'ਵਰਜਿਤ ਮੁਹੱਲਿਆ' ਵਿੱਚ ਸਮੇਟੇ ਰਹਿਣ ਦਾ ਇੱਕ ਹੀ ਨਤੀਜਾ ਹੁੰਦਾ ਹੈ; ਇਸ ਨਾਲ਼ ਫ਼ੌਜਾਂ ਵਿੱਚ ਪਾਪ ਦਾ ਪ੍ਰਚਾਰ ਹੁੰਦਾ ਹੈ, ਖਾਸ ਕਰਕੇ ਨਵੀਂ ਉਮਰ ਦੇ ਸੈਨਿਕਾਂ ਵਿਚਕਾਰ।

ਇਸ ਵਾਦ-ਵਿਵਾਦ ਦਾ ਇੱਕ ਅਮਲੀ ਨਤੀਜਾ ਨਿਕਲਿਆ ਸੀ। ਲੱਖਾਂ ਸਨਮਾਨ ਪ੍ਰਾਪਤ ਵਿਅਕਤੀਆਂ ਨੂੰ ਇਹ ਪ੍ਰਵਾਨ ਕਰਨ 'ਤੇ ਮਜ਼ਬੂਰ ਹੋਣਾ ਪਿਆ ਕਿ ਵੇਸ਼ਵਾਵਾਂ ਦਾ ਵਪਾਰ ਬਹੁਤ ਹੀ ਸੁਰੱਖਿਅਤ ਹੈ। ਉਹਨਾਂ ਨੂੰ ਇਹ ਵੀ ਮੰਨਣਾ ਪਿਆ ਕਿ ਵੇਸ਼ਵਾਵਾਂ ਦੇ ਇੱਥੇ ਜਾਣ ਵਾਲ਼ੇ ਜ਼ਿਆਦਾਤਰ ਸੱਜਣ ਉਹਨਾਂ ਦੇ ਆਂਢ-ਗੁਵਾਂਢ ਵਿੱਚ ਰਹਿਣ ਵਾਲ਼ੇ ਲੋਕ ਹਨ।

ਹੁਣ ਨੈਤਿਕਤਾ ਦੇ ਪੁਜਾਰੀਆਂ ਦੀ ਸ਼ਬਦਾਵਲੀ ਵਿੱਚ ਇੱਕ ਨਵਾਂ ਸ਼ਬਦ ਜੁੜ ਗਿਆ ਸੀ 'ਵਿਕਟਰੀ ਗਰਲ'। ਅਮਰੀਕਾ ਜਲ-ਸੈਨਾ ਦੇ ਦੋ ਡਾਕਟਰਾਂ ਨੇ ਤਾਂ ਅਖ਼ਬਾਰਾਂ ਵਿੱਚ ਕਮਾਲ ਦਾ ਪ੍ਰਚਾਰ ਸ਼ੁਰੂ ਕੀਤਾ। ਲੈਫਟੀਨੈਂਟ ਕਮਾਂਡਰ ਵਿਸ਼ੇਨਗ੍ਰੇਡ ਨੇ ਨਿਊਯਾਰਕ ਵਾਸੀਆਂ ਨੂੰ ਦੱਸਿਆ ਕਿ ਦੁਨੀਆਂ ਦੇ ਇਸ ਸਭ ਤੋਂ ਵੱਡੇ ਨਗਰ ਵਿੱਚ ਵੇਸ਼ਵਾ ਕੋਈ ਖ਼ਤਰੇ ਦੀ ਚੀਜ਼ ਨਹੀਂ ਰਹਿ ਗਈ ਸੀ। ਗੁਪਤ ਰੋਗਾਂ ਨਾਲ਼ ਪੀੜਿਤ ਚਾਰ ਜਲ ਸੈਨਿਕਾਂ ਵਿੱਚੋਂ ਤਿੰਨ ਇੰਝ ਦੇ ਸਨ, ਜਿਹਨਾਂ ਨੂੰ ਇਹ ਰੋਗ ਗ਼ੈਰ-ਪੇਸ਼ੇਵਰ ਲੜਕੀਆਂ ਤੋਂ ਲੱਗੇ ਸਨ। ਉਹਨਾਂ ਨੇ ਸੋਚਿਆ ਸੀ ਕਿ ਅਨਿਸ਼ਚਿਤ ਤੌਰ 'ਤੇ ਅਚਾਨਕ ਹੀ ਮਿਲਣ ਵਾਲ਼ੀਆਂ ਕੁੜੀਆਂ ਤੋਂ ਕੋਈ ਖ਼ਤਰਾ ਨਹੀਂ ਹੈ। ਲੈਫਟੀਨੈਂਟ ਕਮਾਂਡਰ ਬਕਲੇ ਨੇ ਫਿਲਾਡੇਲਿਫਆ ਦੇ ਅੰਕੜੇ ਦੇ ਕੇ ਦੱਸਿਆ ਕਿ ਉੱਥੇ ਇਹਨਾਂ ਦੀ ਸੰਖਿਆ ਵੀ ਵਧੀ-ਚੜ੍ਹੀ ਸੀ। ਉਸ ਨੇ ਐਲਾਨ ਕੀਤਾ ਕਿ ਪੇਸ਼ੇਵਰ ਇਸਤਰੀਆਂ ਦੇ ਮੁਕਾਬਲੇ ਇਹਨਾਂ ਕੁੜੀਆਂ ਦੀ ਸੰਖਿਆ ਚਾਰਗੁਣਾ ਸੀ। ਇਹ ਲੜਕੀਆਂ ਕੌਣ ਸਨ ? ਚੌਦਾਂ ਸਾਲ ਅਤੇ ਉਸ ਤੋਂ ਉੱਪਰ ਦੀਆਂ ਕੁੜੀਆਂ।

**ਟਾਈਮਸ** ਅਖ਼ਬਾਰ ਨੇ ਆਪਣੇ ਨੌਫੋਰਕ — ਸਥਿਤ ਨੁਮਾਇੰਦੇ ਦੁਆਰਾ ਪੇਸ਼ ਇਹ ਅੰਕੜੇ ਛਾਪੇ : "ਜਦੋਂ ਕਿ ਪਰਲਹਾਰਬਰ ਦੀ ਘਟਨਾ ਤੋਂ ਪਹਿਲਾਂ ਨੌਫੋਰਕ ਜ਼ਿਆਦਾਤਰ ਵੇਸ਼ਵਾਵਾਂ ਪੇਸ਼ੇਵਰ ਇਸਤਰੀਆਂ ਸਨ, ਹੁਣ ਲਗਭਗ 85 ਤੋਂ 90 ਫੀਸਦੀ ਤੱਕ ਗ਼ੈਰ-ਪੇਸ਼ੇਵਰ ਲੜਕੀਆਂ ਹਨ। ਇਹਨਾਂ ਵਿੱਚੋਂ ਜ਼ਿਆਦਾਤਰ ਨਵੀਂ ਉੱਮਰ ਦੀਆਂ ਲੜਕੀਆਂ ਹਨ, ਜਿਹੜੀਆਂ ਚੰਗੀਆਂ ਤਨਖਾਹਾਂ ਵਾਲ਼ੀਆਂ ਨੌਕਰੀਆਂ ਦੇ ਲਾਲਚ ਵਿੱਚ ਨੌਫ਼ੋਰਕ ਵਿੱਚ ਆਈਆਂ ਸਨ। ਇਹ ਲੜਕੀਆਂ ਹਰ ਹਫ਼ਤੇ ਸੈਂਕੜਿਆਂ ਦੀ ਗਿਣਤੀ ਵਿੱਚ ਆਉਂਦੀਆਂ ਹਨ। ਛੋਟੇ-ਛੋਟੇ ਕਸਬਿਆਂ ਵਿੱਚ, ਖੇਤਾਂ 'ਤੇ ਅਤੇ ਦਫ਼ਤਰਾਂ ਵਿੱਚ ਕਲਰਕੀ ਵਗੈਰਾ ਕਰਨ ਵਾਲ਼ੀਆਂ ਇਹਨਾਂ ਲੜਕੀਆਂ ਲਈ ਨੌਫ਼ੋਰਕ ਵਿੱਚ ਮਨਭਾਉਂਦਾ ਆਦਮੀ ਤਜ਼ਬੀਜ ਕਰ ਲੈਣਾ ਆਸਾਨ ਹੁੰਦਾ ਹੈ।"

**ਜਰਨਲ ਆਫ਼ ਦਿ ਅਮੇਰਿਕਨ ਮੈਡੀਕਲ ਐਸੋਸ਼ੀਏਸ਼ਨ** ਨੇ ਇਹਨਾਂ ਤੱਥਾਂ ਦੀ ਪੁਸ਼ਟੀ ਕੀਤੀ : "ਪੁਰਾਣੇ ਕਿਸਮ ਦੀ ਵੇਸ਼ਵਾ ਹੁਣ ਪਿੱਛੇ ਜਾ ਪਈ ਹੈ। ਨਵੇਂ ਕਿਸਮ ਦੀ ਵੇਸ਼ਵਾ 18 ਤੋਂ ਲੈ ਕੇ 23-24 ਸਾਲ ਤੱਕ ਦੀ ਨਵੀਂ ਉਮਰ ਦੀ ਲੜਕੀ ਹੈ... ਕਿਹਾ ਜਾ ਸਕਦਾ ਹੈ ਕਿ ਗੁਪਤ ਰੋਗਾਂ ਨੂੰ ਲੱਦਣ ਅਤੇ ਫੈਲਾਉਣ ਵਾਲ਼ੇ ਸਾਡੇ ਲੋਕਾਂ ਵਿੱਚੋਂ ਹੀ ਹਨ।"

ਅਟਲਾਂਟਿਕ ਮਹਾਂਸਾਗਰ ਦੇ ਉਸ ਪਾਰ, 'ਬ੍ਰਿਟਿਸ਼ ਮੈਡੀਕਲ ਐਸੋਸੀਏਸ਼ਨ' ਦਾ ਜਰਨਲ ਸੁਤੰਤਰ ਰੂਪ ਨਾਲ਼ ਇੰਗਲੈਂਡ ਬਾਰੇ ਇਸੇ ਕਿਸਮ ਦੀਆਂ ਰਿਪੋਰਟਾਂ ਛਾਪ ਰਿਹਾ ਸੀ। ਗੁਪਤ ਰੋਗਾਂ ਨਾਲ਼ ਪੀੜਿਤ ਲੰਦਨ ਨਿਵਾਸੀਆਂ ਦੀ ਸੰਖਿਆ ਉਹਨੇ ਉਹੀ ਛਾਪੀ ਸੀ, ਜਿਹੜੀ ਬਕਲੇ ਨੇ ਫਿਲਾਡੇਲਿਫਆਂ ਦੇ ਲਈ ਦੱਸੀ ਸੀ। ਪੇਸ਼ੇਵਰ ਵੇਸ਼ਵਾ ਤੋਂ ਗਰਮੀ ਪਾਉਣ ਵਾਲ਼ਿਆਂ ਦੀ ਸੰਖਿਆ ਜੇਕਰ ਇੱਕ ਮੰਨੀ ਜਾਵੇ ਤਾਂ ਅੰਗਰੇਜ਼ ਡਾਕਟਰਾਂ ਦੇ ਸਪੱਸ਼ਟ ਸ਼ਬਦਾਂ ਵਿੱਚ, ਗੈਰ-ਪੇਸ਼ੇਵਰ ਵੇਸ਼ਵਾਵਾਂ ਤੋਂ ਗਰਮੀ ਪਾਉਣ ਵਾਲ਼ਿਆਂ ਦੀ ਸੰਖਿਆ ਚਾਰ ਸੀ। ਆਸਟਰੇਲੀਆ ਦੇ ਡਾਕਟਰਾਂ ਨੇ ਆਪਣੇ ਦੇਸ਼ ਵਿੱਚ ਇੰਝ ਦੀਆਂ ਬਦਚਲਨ ਲੜਕੀਆਂ ਦੀ ਔਸਤ ਸੰਖਿਆ ਹੋਰ ਵੀ ਜ਼ਿਆਦਾ ਦੱਸੀ। ਕਨੇਡਾ ਦੇ ਅਧਿਕਾਰੀਆਂ ਨੇ ਤਾਂ ਬੜੀ ਨਿਮਰਤਾ ਵਰਤੀ। ਉਹਨਾਂ ਨੇ ਜਨਤਕ ਰੂਪ 'ਚ ਆਪਣੇ ਇੱਥੋਂ ਦੇ ਅੰਕੜਿਆਂ ਦਾ ਅੰਦਾਜ਼ਾ ਹੀ ਨਹੀਂ ਦੱਸਿਆ; ਪਰ ਨੌਜਵਾਨਾਂ ਦੇ ਮੁਕੱਦਮੇ ਕਰਨ ਵਾਲ਼ੀਆਂ ਅਦਾਲਤਾਂ ਦੇ ਕਾਗਜ਼ਾਂ ਨੂੰ ਦੇਖਣ ਤੋਂ ਪਤਾ ਚਲਦਾ ਹੈ ਕਿ ਉੱਥੇ ਵੀ ਨਵੀਂ ਉਮਰ ਦੀਆਂ ਲੜਕੀਆਂ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਠੀਕ-ਠਾਕ ਰੂਪ ਨਾਲ਼ ਪਾਪ ਨੂੰ ਅਪਣਾਉਂਦੀਆਂ ਜਾ ਰਹੀਆਂ ਸਨ।

ਉਪਰ ਦੇ ਤੱਥਾਂ ਤੋਂ ਇੱਕ ਗੱਲ ਸਪੱਸ਼ਟ ਹੋ ਜਾਂਦੀ ਹੈ — ਇਹ 'ਵਿਕਟਰੀ ਗਰਲ' (ਫ਼ਤਹਿ ਕੰਨਿਆਂ) ਅਨੈਤਿਕਤਾ ਅਤੇ ਬੱਦਕਾਰੀ ਦਾ ਹੀ ਇੱਕ ਸਰੂਪ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਯੁੱਧ ਦੌਰਾਨ ਵੱਡੀ ਸੰਖਿਆ ਵਿੱਚ ਆਬਾਦੀ ਦਾ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣਾ ਅਤੇ ਇੱਥੇ-ਉੱਥੇ ਉਦਯੋਗਾਂ ਦਾ ਬੇਤਰਤੀਬ ਪ੍ਰਸਾਰ, ਅਨੈਤਿਕਤਾ ਨੂੰ ਫੈਲਾਉਣ ਵਿੱਚ ਕਾਫ਼ੀ ਮਦਦਗਾਰ ਰਿਹਾ ਹੈ। ਪਰ ਇੱਕ ਨਵੇਂ ਖ਼ਤਰੇ, ਸਦਗੁਣਾਂ ਅਤੇ ਤਹਿਜ਼ੀਬ ਦੇ ਪਰ੍ਹਾਂ ਇੱਕ ਨਵੀਂ ਪ੍ਰਵਿਰਤੀ ਅਤੇ ਇੱਕ ਨਵੀਂ ਤਰ੍ਹਾਂ ਦੀਆਂ ਬਦਚਲਨ ਲੜਕੀਆਂ ਦੇ ਹੋਂਦ ਵਿੱਚ ਆਉਣ ਦਾ ਜੋ ਸ਼ੋਰ ਮਚਾਇਆ ਜਾ ਰਿਹਾ ਹੈ, ਉਸ ਨੂੰ ਅਸਲ ਤੱਥਾਂ ਨੇ ਝੂਠਾ ਸਾਬਿਤ ਕਰ ਦਿੱਤਾ। ਹਿਕਮੈਨ ਪਾਵੇਲ ਦੀ **ਨਾਈਨਟੀ ਟਾਈਮਸ ਗਿਲਟੀ** (**ਨੱਬੇ ਗੁਣਾ ਅਪਰਾਧੀ**) ਅਤੇ ਕਾਰਟਨੀ ਰਾਇਲੀ ਕੂਪਰ ਦੀ **ਡਿਜ਼ਾਇੰਸ ਇੰਨ ਸਕਾਰਲੇਟ** (**ਸੂਰਖ ਕਸੀਦੇ**) ਦੋਵੇਂ ਹੀ ਕਿਤਾਬਾਂ ਸੰਨ 1939 ਵਿੱਚ ਛਪੀਆਂ ਸਨ। ਇਹਨਾਂ ਦੋਵਾਂ ਵਿੱਚ ਅਨੈਤਿਕਤਾ ਬਾਰੇ ਜਾਂਚ-ਪੜਤਾਲ਼ ਕੀਤੀ ਗਈ ਸੀ ਕਿ ਉਪਰੋਕਤ ਪ੍ਰਵਿਰਤੀ ਤਾਂ ਸੰਨ 1925 ਤੋਂ ਮੌਜੂਦ ਹੈ। ਸੰਨ 1944 ਵਿੱਚ ਸਿਹਤ ਅਤੇ ਸਿੱਖਿਆ ਸਬੰਧੀ ਯੁੱਧਕਾਲੀਨ ਕਲਾਡ ਪੇਪਰ ਦੀ ਕਮੇਟੀ ਨੇ ਆਪਣੀ ਰਿਪੋਰਟ ਵਿੱਚ ਦੱਸਿਆ ਕਿ ਨੌਜਵਾਨਾਂ ਵਿੱਚ ਦੁਰਾਚਾਰ ਸਬੰਧੀ ਅਪਰਾਧਾਂ ਵਿੱਚ ਪਿੱਛਲੇ ਦਿਨਾਂ ਵਿੱਚ ਜੋ ਭਿਆਨਕ ਵਾਧਾ ਹੋਇਆ, ਉਹ ਨਵੇਂ ਯੁੱਧ ਦਾ ਹੀ ਨਤੀਜਾ ਨਹੀਂ ਹੈ। ਉਹਨੇ ਦੱਸਿਆ ਕਿ ਇਹ ਉਸ ਪ੍ਰਕਿਰਿਆ ਦਾ ਨਤੀਜਾ ਹੈ ਜੋ ਪਹਿਲੇ ਮਹਾਂਯੁੱਧ ਦੇ ਬਾਅਦ ਹੀ ਸ਼ੁਰੂ ਹੋ ਗਈ ਸੀ; ਉਹੀ ਪ੍ਰਕਿਰਿਆ ਜਿਸ ਨੇ ਚੰਗੇ ਅਤੇ ਮਾੜੇ ਆਦਮੀਆਂ ਦੇ ਵਿਚਕਾਰ ਦੇ ਸਮਾਜਿਕ ਭੇਦਾਂ ਨੂੰ ਤੇਜ਼ੀ ਨਾਲ਼ ਮਿਟਾਉਣਾ ਸ਼ੁਰੂ ਕਰ ਦਿੱਤਾ ਸੀ।

ਉਪਰ ਦੀਆਂ ਗੱਲਾਂ ਤੋਂ ਦੋ ਨਤੀਜੇ ਨਿਕਲਦੇ ਹਨ। ਪਹਿਲਾ ਤਾਂ ਇਹ ਕਿ ਗੁਪਤ ਰੋਗਾਂ 'ਤੇ ਡਾਕਟਰੀ ਹਮਲਾ ਅਸਫਲ ਰਿਹਾ ਸੀ। ਡਾਕਟਰ ਪੈਰਨ ਦੀ ਇਹ ਧਾਰਨਾ ਕਿ ਸਿੱਖਿਆ ਦੇ ਪ੍ਰਸਾਰ ਅਤੇ ਸ਼ਫ਼ਾਖਾਨਿਆਂ ਦੀ ਸਹਾਇਤਾ ਨਾਲ਼ ਗਰਮੀ ਨੂੰ ਇੱਕ ਹੀ ਪੀੜੀ

ਵਿੱਚ ਨਸ਼ਟ ਕੀਤਾ ਜਾ ਸਕਦਾ ਹੈ, ਹੁਣ ਮੰਨਣ ਯੋਗ ਗੱਲ ਨਹੀਂ ਰਹੀ ਸੀ। ਕਿੰਨੇ ਹੀ ਪ੍ਰਗਤੀਸ਼ੀਲ ਪਾਦਰੀਆਂ ਨੇ ਪਹਿਲਾਂ ਤੋਂ ਹੀ ਇਸ ਨਤੀਜੇ ਦਾ ਐਲਾਨ ਕਰ ਦਿੱਤਾ ਸੀ। ਐਤਵਾਰ ਦੇ ਦਿਨ ਸਕੂਲਾਂ ਵਿੱਚ ਦਿੱਤੇ ਜਾਣ ਵਾਲ਼ੇ ਆਚਾਰ-ਵਿਚਾਰ ਸਬੰਧੀ ਧਾਰਮਿਕ ਉਪਦੇਸ਼ਾਂ ਦੀ ਗੱਲ ਛੱਡੀਏ। ਇਹ ਸਿੱਧੀ-ਸਾਦੀ ਅਤੇ ਜਾਣੀ-ਪਛਾਣੀ ਗੱਲ ਹੈ ਕਿ ਗੁਪਤ ਰੋਗਾਂ ਨੂੰ ਅਨੈਤਿਕਤਾ ਦੀ ਪੂਰੀ ਸਮੱਸਿਆ ਤੋਂ ਵੱਖ ਕਰਨਾ ਸੰਭਵ ਨਹੀਂ ਹੈ। ਜਿਸ ਪ੍ਰਕਾਰ ਨੇਕਚਲਣੀ ਦੀ ਸਿੱਖਿਆ ਦੇ ਕੇ ਗੁਪਤ ਰੋਗਾਂ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਸਾਰੀਆਂ ਸੁਚੱਜੀਆਂ ਡਾਕਟਰੀ ਯੋਜਨਾਵਾਂ ਵੀ ਉਦੋਂ ਤੱਕ ਸਫ਼ਲ ਨਹੀਂ ਹੋ ਸਕਦੀ, ਜਦੋਂ ਤੱਕ ਲੱਖਾਂ-ਕਰੋੜਾਂ ਇਨਸਾਨ ਖੁੱਲ੍ਹੇ ਯੌਨ-ਸਬੰਧਾਂ ਦੇ ਲਈ ਕੀਮਤ ਚੁਕਾਉਣ ਵਿੱਚ ਕੋਈ ਵੀ ਨੈਤਿਕ ਝਿਜਕ ਮਹਿਸੂਸ ਨਹੀਂ ਕਰਦੇ।

ਦੂਸਰਾ ਨਤੀਜਾ ਥੋੜ੍ਹਾ ਘੱਟ ਸਪੱਸ਼ਟ ਹੈ। ਗੁਪਤ ਰੋਗਾਂ ਦੇ ਖ਼ਿਲਾਫ਼ ਜ਼ਿਹਾਦ ਬੋਲਣ ਵਾਲ਼ੇ ਲੋਕ ਇੱਕ ਅਜੀਬ ਕਿਸਮ ਦੇ ਇੱਕਤਰਫ਼ਾਪੁਣੇ ਦੇ ਸ਼ਿਕਾਰ ਹੁੰਦੇ ਹਨ। ਉਹ ਇਹਨਾਂ ਰੋਗਾਂ ਦੀ ਜੜ੍ਹ ਇਸਤਰੀਆਂ ਅਤੇ ਲੜਕੀਆਂ ਨੂੰ ਐਲਾਨਦੇ ਹਨ ਅਤੇ ਇਸ ਦੇ ਲਈ ਬੜੀਆਂ ਚੌਕਸ ਦਲੀਲਾਂ ਦਿੰਦੇ ਹਨ। ਉਹ ਤੁਹਾਨੂੰ — ਜੋੜ-ਬਾਕੀ ਤੱਕ ਕਰਕੇ — ਦੱਸਦੇ ਹਨ ਕਿ ਇੱਕ ਰਾਤ ਵਿੱਚ ਵੇਸ਼ਵਾ ਕਿੰਨੀ ਵਾਰ ਪੁਰਸ਼ਤਵ ਨੂੰ ਖ਼ਰਾਬ ਕਰ ਸਕਦੀ ਹੈ; ਪਰ ਜਦੋਂ ਸੈਕਸ ਭੋਗ ਦੇ ਦੂਸਰੇ ਸਹਿਯੋਗੀ ਭਾਵ ਪੁਰਸ਼ ਦੀ ਗੱਲ ਆਉਂਦੀ ਹੈ ਤਾਂ ਉਹ ਅੱਖਾਂ ਬਚਾ ਕੇ ਗੱਲ ਟਾਲ਼ ਜਾਂਦੇ ਹਨ। ਰੋਗਾਂ ਦੀਆਂ ਸ਼ਿਕਾਰ, ਗ਼ੈਰ-ਜ਼ਿੰਮੇਵਾਰ, ਬਦਚਲਣ ਲੜਕੀਆਂ ’ਤੇ ਦੰਦ ਪੀਸਦੇ ਹੋਏ, ਅੰਨ੍ਹੇ ਸੁਧਾਰਕ ਹੱਥ ਚੁੱਕ-ਚੁੱਕ ਕੇ ਸਖ਼ਤ ਕਾਰਵਾਈ ਕਰਨ ਦੀ ਮੰਗ ਕਰਦੇ ਹਨ। ਇਸਤਰੀਆਂ ਦਾ ਨਾਮ ਲਵੋ ਕਿ ਉਹਨਾਂ ਦੀ ‘ਸਫ਼ਾਈ’ ਦੇ ਅੰਦੋਲਨਾਂ ਦੀਆਂ ਤਿਆਰੀਆਂ ਹੋਣ ਲੱਗਦੀਆਂ ਹਨ। ਪਰ ਪੁਰਸ਼! — ਉਹਨਾਂ ਦੀ ਤਾਂ ਅੰਕੜਿਆਂ ਵਿੱਚ ਬੱਸ ਗਿਣਤੀ ਕਰਨੀ ਹੀ ਕਾਫ਼ੀ ਹੈ। ਖਿੰਡਾਉਣਾ, ਗ੍ਰਿਫ਼ਤਾਰ ਕਰਨਾ, ਸਜ਼ਾ ਦੇਣਾ ਅਤੇ ਸੁਧਾਰਨਾ ਹੈ ਤਾਂ ਲੜਕੀਆਂ ਨੂੰ ਹੀ। ਪੁਰਸ਼ਾਂ ਦਾ ਤਾਂ ਸਿਰਫ਼ ਇਲਾਜ ਹੁੰਦਾ ਹੈ, ਕਦੀ-ਕਦੀ ਚੇਤਾਵਨੀ ਦੇ ਦਿੱਤੀ ਜਾਂਦੀ ਹੈ। ਕਦੀ ਰੋਗ ਤੋਂ ਬਚਾਅ ਦਾ ਕੁੱਝ ਸਮਾਨ ਅਤੇ ਕਦੀ ਉਪਦੇਸ਼ ਵੀ ਦੇ ਦਿੱਤਾ ਜਾਂਦਾ ਹੈ।

ਵਿਗਿਆਨ-ਸਾਹਿਤ ਦੇ ਖੇਤਰ ਵਿੱਚ ਵੀ, ਜਿੱਥੇ ਆਮ ਤੌਰ ’ਤੇ ਨਿਰਪੱਖਤਾ ਦੀ ਉਮੀਦ ਕੀਤੀ ਜਾਂਦੀ ਹੈ, ਸਾਨੂੰ ਇਸੇ ਇੱਕਤਰਫ਼ਾਪੁਣੇ ਦੇ ਦਰਸ਼ਨ ਹੁੰਦੇ ਹਨ। ਡਾਕਟਰ ਲੋਕ ਹਮੇਸ਼ਾ ਇਹੀ ਕਹਿੰਦੇ ਹੋਏ ਸੁਣੇ ਜਾਂਦੇ ਹਨ ਕਿ ਇਸਤਰੀਆਂ ਰੋਗ ਲਗਾਉਂਦੀਆਂ ਹਨ ਅਤੇ ਉਹਨਾਂ ਤੋਂ ਪੁਰਸ਼ਾਂ ਨੂੰ ਲੱਗ ਜਾਂਦਾ ਹੈ।

ਸਮਾਜਿਕ ਅਨੈਤਿਕਤਾ ਨੂੰ ਖ਼ਤਮ ਕਰਨ ਦਾ ਇਹ ਦ੍ਰਿਸ਼ਟੀਕੋਣ ਇੱਕ ਟੁੱਟੇ ਹੋਏ ਘੰਟੇ ਦੇ ਸੁਰ ਦੀ ਤਰ੍ਹਾਂ ਹੈ, ਜੋ ਕਿਸੇ ਨੂੰ ਵੀ ਕਾਇਲ ਨਹੀਂ ਕਰ ਸਕਦਾ। ਇਸ ਨੂੰ ਅਧਾਰ ਮੰਨਿਆ ਗਿਆ ਤਾਂ ਅਸੀਂ ਕਿਸੇ ਨਤੀਜੇ ’ਤੇ ਨਹੀਂ ਪਹੁੰਚਾਂਗੇ। ਅਨੈਤਿਕਤਾ — ਜੇਕਰ ਅਸੀਂ ਇਸ ਸ਼ਬਦ ਨਾਲ਼ ਸਿਰਫ਼ ਗੁਪਤ ਰੋਗਾਂ ਦੇ ਖ਼ਤਰੇ ਅਰਥ ’ਚ ਹੀ ਲਈਏ ਤਾਂ ਵੀ — ਹੁਣ ਇੱਕ ਇੰਝ ਦੀ ਸਮੱਸਿਆ ਬਣ ਗਈ ਹੈ ਜਿਸ ਨਾਲ਼ ਬੜੇ ਗੰਭੀਰ ਸਮਾਜਿਕ ਗਲਤ ਸਿੱਟਿਆ ਬਾਰੇ

ਸ਼ੱਕ ਕੀਤਾ ਜਾ ਸਕਦਾ ਹੈ ਅਤੇ ਇਸ ਸਮੱਸਿਆ ਨੂੰ ਹੱਲ ਕਰਨ ਵਿੱਚ ਸਾਡੇ ਵਿਗਿਆਨਕ ਅਤੇ ਧਾਰਮਿਕ ਆਗੂਆਂ ਨੇ ਜੇਕਰ ਕਿਸੇ ਵੀ ਦਿਸ਼ਾ ਵਿੱਚ ਕਾਮਯਾਬੀ ਹਾਸਿਲ ਕੀਤੀ ਹੈ ਤਾਂ ਸਿਰਫ਼ ਇਸ ਨੂੰ ਹੋਰ ਜ਼ਿਆਦਾ ਉਲਝਾਉਣ ਵਿੱਚ।

ਨਿਸ਼ਚਿਤ ਹੀ ਨੈਤਿਕਤਾ ਸਬੰਧੀ ਸਮੱਸਿਆਵਾਂ ਨੂੰ ਬਹੁਤ ਸਾਰੇ 'ਪੰਡਿਤਾਂ' ਦੀ ਜੜਬੁੱਧੀ ਕਰਾਰ ਦਿੱਤਾ ਜਾ ਸਕਦਾ ਹੈ। ਉਹਨਾਂ ਦਾ ਆਪਣਾ ਖੁਦ ਦਾ ਇੱਕ ਮਰਜ਼ ਹੈ — ਜੜਬੁੱਧੀਵਾਦ, ਜਿਹੜਾ ਉਹਨਾਂ ਦੀ ਆਤਮਾ ਦਾ ਇੱਕ ਅਸਾਧ ਰੋਗ ਹੈ ਜੋ ਚਲਾਕੀ ਅਤੇ ਅੰਧ-ਵਿਸ਼ਵਾਸ਼ ਦੇ ਮਾਨਸਿਕ ਸੂਖਮ ਜੀਵਾਣੂਆਂ ਤੋਂ ਪੈਦਾ ਹੁੰਦਾ ਹੈ।

ਸ਼ਬਦ-ਕੋਸ਼ਾਂ ਵਿੱਚ ਆਮ ਕਰਕੇ ਜੜਬੁੱਧੀ ਸ਼ਬਦ ਦਾ ਅਰਥ ਮਿਲਦਾ ਹੈ — ਉਹ ਵਿਅਕਤੀ ਜੋ ਵਿਚਾਰਾਂ ਅਤੇ ਆਦਰਸ਼ਾਂ ਤੋਂ ਪਰ੍ਹੇ ਹੈ। ਨਾਵਲਕਾਰ ਗੋਰਕੀ ਨੇ, ਜਿਹੜੇ ਜੜਬੁੱਧੀਆਂ ਨੂੰ ਮਨੁੱਖੀ ਸੁੱਖ ਦੇ ਸਭ ਤੋਂ ਘਾਤਕ ਦੁਸ਼ਮਣ ਸਮਝਦੇ ਸਨ, ਇਹਨਾਂ ਲੋਕਾਂ ਦੇ ਸਬੰਧ ਵਿੱਚ ਇੱਕ ਇੰਝ ਦੀ ਕਲਮ ਨਾਲ਼ ਲਿਖਿਆ ਹੈ ਜਿਹੜੀ ਮੰਨੋ ਅੱਗ ਵਰ੍ਹਾਉਂਦੀ ਹੋਵੇ।

ਗੋਰਕੀ ਨੇ ਲਿਖਿਆ ਹੈ : "ਜਿਸ ਨੂੰ 'ਕਾਨੂੰਨ ਦੀ ਰੂਹ' ਅਤੇ 'ਪਰੰਪਰਾ' ਕਹਿੰਦੇ ਹਨ ਉਹ ਸਾਰੇ ਜੜਬੁੱਧੀਆਂ ਦੇ ਦਿਮਾਗ ਵਿੱਚ ਘੜੀ ਦੀ ਤਰ੍ਹਾਂ ਇੱਕ ਇੰਝ ਦਾ ਸਾਦਾ ਯੰਤਰ ਪੈਦਾ ਕਰ ਦਿੰਦੀ ਹੈ, ਜਿਸ ਦੀ ਕਮਾਣੀ ਦੇ ਹਿਲਣ-ਜੁਲਣ ਨਾਲ਼ ਹੀ ਜੜ੍ਹਤਪੂਰਣ ਵਿਚਾਰਾਂ ਦੇ ਪਹੀਏ ਘੁੰਮਣ ਲੱਗਦੇ ਹਨ" — ਆਪਣੇ ਇਸ ਹਮਲੇ ਦੇ ਅੰਤ ਵਿੱਚ, ਗੋਰਕੀ ਨੇ ਕਿਹਾ : "ਹਰ ਇੱਕ ਜੜਬੁੱਧੀ ਦਾ ਨਾਅਰਾ ਹੁੰਦਾ ਹੈ — ਜਿਵੇਂ ਦਾ ਜੋ ਕੁੱਝ ਹੁਣ ਤੱਕ ਰਿਹਾ ਹੈ, ਉਵੇਂ ਦਾ ਹਮੇਸ਼ਾ ਬਣਿਆ ਰਹੇਗਾ। ਮਰੀ ਹੋਈ ਮੱਛੀ ਦੀ ਤਰ੍ਹਾਂ, ਜੜਬੁੱਧੀ ਵੀ ਦਿਮਾਗ ਵਾਲ਼ੇ ਪਾਸੇ ਤੋਂ ਹੇਠਾਂ ਨੂੰ ਸੜਨਾ ਸ਼ੁਰੂ ਕਰਦੇ ਹਨ!"

ਕੌੜੀ ਗੱਲ ? ਭਲਾ ਉਹਨਾਂ ਨੂੰ ਪਾਪ ਨਾਲ ਕੀ ਲੈਣਾ-ਦੇਣਾ ? ਪਰ, ਅਫ਼ਸੋਸ ਕਿ ਉੱਤਰ ਬਹੁਤ ਹੀ ਸਾਫ਼ ਹੈ। ਲੋਕਤੰਤਰ ਦੇ ਤਹਿਤ ਨੈਤਿਕ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਸਾਡੀ ਅਸਫ਼ਲਤਾ ਦੇ ਕਾਰਨ ਸਾਡੇ ਵਿਚਕਾਰ ਸੁਧਾਰਕਾਂ ਦੀ ਸੰਖਿਆ ਬਹੁਤ ਜ਼ਿਆਦਾ ਵੱਧ ਗਈ ਹੈ, ਜੋ ਸਭਾਵਾਂ ਵਿੱਚ ਭਾਸ਼ਣ ਦਿੰਦੇ ਹੋਏ ਤਾਂ ਪਾਪ 'ਤੇ ਜ਼ੋਰਦਾਰ ਹਮਲਾ ਬੋਲਦੇ ਹਨ ਪਰ ਅਲੱਗ ਜਾ ਕੇ ਹੌਲ਼ੀ ਦੇਣੀ ਮੌਢੇ ਮਾਰ ਕੇ, ਮੁਕਰਾਉਂਦੇ ਹੋਏ ਕਹਿੰਦੇ ਹਨ : "ਵੇਸਵਾਗਮਨੀ ਜਿਵੇਂ ਦੀ ਅਜੇ ਤੱਕ ਕਾਇਮ ਰਹੀ ਹੈ, ਉਵੇਂ ਦੀ ਹੀ ਹਮੇਸ਼ਾ ਰਹੇਗੀ!" ਅਨੈਤਿਕਤਾ ਸਬੰਧੀ ਆਪਣੇ ਵਿਚਾਰਾਂ ਨੂੰ ਉਹ ਨਵੀਆਂ ਡਾਕਟਰੀ ਖੋਜਾਂ ਦਾ ਜਾਮਾ ਤਾਂ ਪਵਾ ਦਿੰਦੇ ਹਨ, ਪਰ ਉਹਨਾਂ ਦੀਆਂ ਆਤਮ-ਸੁਧਾਰ ਦੀਆਂ ਗੱਲਾਂ ਵਿੱਚ ਓਨੀ ਹੀ ਨੀਰਸਤਾ ਅਤੇ ਨਿਰਾਰਥਕਤਾ ਰਹਿੰਦੀ ਹੈ ਜਿੰਨੀ ਕਿ ਇੱਕ ਘੜੀ ਦੀ ਟਿੱਕ-ਟਿੱਕ ਵਿੱਚ। ਉਹ ਸਾਨੂੰ ਇਸ ਤੋਂ ਅੱਗੇ ਨਹੀਂ ਲੈ ਜਾ ਪਾਉਂਦੇ। ਇਹੀ ਹੈ — ਸ਼ੁੱਧ ਜੜਬੁੱਧੀਵਾਦ ਮੂਰਖਤਾਪੂਰਵਕ ਭੈੜੇ ਬੀਤੇ ਜ਼ਮਾਨੇ ਨੂੰ ਕਲੇਜੇ ਨਾਲ਼ ਲਗਾਏ ਹੋਏ ਆਤਮ-ਸੰਤੋਖ ਕਰ ਲੈਣ ਦੀ ਹਾਲਤ!

ਇੱਕ ਸ਼ਬਦ ਵਿੱਚ, ਸੜੀ-ਗਲੀ ਹਾਲਤ।

ਪਰ ਮੁਮਕਿਨ ਹੈ; ਅੱਜ ਅਸੀਂ ਸੜਾਂਦ ਨੂੰ ਕਿਸੇ ਵੀ ਚੋਲ਼ੇ ਵਿੱਚ ਬਰਦਾਸ਼ਤ ਨਹੀਂ ਕਰ ਸਕਦੇ। ਸਾਡੀ ਪੀੜ੍ਹੀ ਇਤਿਹਾਸ ਵਿੱਚ ਆਪਣੇ ਕਿਸਮ ਦੀ ਅਨੋਖੀ ਪੀੜ੍ਹੀ ਹੈ। ਇੱਕ

ਪੱਧਰ 'ਤੇ ਅੱਜ ਅਸੀਂ ਪੁਰਾਤਨ ਦੇ ਸਾਰੇ ਦੁੱਖਾਂ ਨੂੰ ਨਸ਼ਟ ਕਰਨ ਦੇ ਕੰਮ ਵਿੱਚ ਰੁੱਝੇ ਹੋਏ ਹਾਂ — ਉਸ ਪੁਰਾਤਨ ਦੇ ਜਿਸ ਵਿੱਚ ਮਨੁੱਖ ਜਾਤੀ ਜੰਗ ਅਤੇ ਗ਼ਰੀਬੀ ਦੀਆਂ ਬੇੜੀਆਂ ਨਾਲ਼ ਸਦੀਆਂ ਤੱਕ ਜਕੜੀ ਰਹੀ ਹੈ। ਹੁਣ ਸਮੁੱਚੀ ਮਨੁੱਖ ਜਾਤੀ ਬੜੀ ਤੇਜ਼ ਰਫ਼ਤਾਰ ਨਾਲ਼ ਆਪਣੇ ਲਈ ਸੱਚਮੁੱਚ ਹੀ ਸੁੰਦਰ ਅਤੇ ਮਹਾਨ ਭਵਿੱਖ ਦੀ ਉਸਾਰੀ ਕਰ ਰਹੀ ਹੈ।

ਅਨੈਤਿਕਤਾ ਬਾਰੇ, ਇਹਨਾਂ ਜੜ੍ਹਬੁੱਧੀਆਂ ਦਾ ਕਹਿਣਾ ਹੈ ਕਿ ਸਮਾਜਿਕ ਭ੍ਰਿਸ਼ਟਾਚਾਰ ਸਾਡੇ ਵਿਚਾਲ਼ੇ ਸਦਾ ਤੋਂ ਮੌਜੂਦ ਰਿਹਾ ਹੈ ਅਤੇ ਅਨੰਤਕਾਲ ਤੱਕ ਮੌਜੂਦ ਰਹੇਗਾ। ਪਰ ਇਹ ਗੱਲ ਕਿੰਨੀ ਝੂਠੀ ਹੈ, ਇਸ ਦਾ ਉਦੋਂ ਹੀ ਪਤਾ ਲੱਗ ਜਾਂਦਾ ਹੈ ਜਦੋਂ ਅਸੀਂ ਗੁਲਾਮ-ਪ੍ਰਥਾ ਦੀਆਂ ਬੁਰਾਈਆਂ ਬਾਰੇ ਸੋਚਦੇ ਹਾਂ। ਮਨੁੱਖਾਂ ਦਾ ਗੁਲਾਮਾਂ ਦੇ ਰੂਪ ਵਿੱਚ ਖਰੀਦਿਆ ਅਤੇ ਵੇਚਿਆ ਜਾਣਾ ਹਜ਼ਾਰਾਂ ਸਾਲਾਂ ਤੋਂ ਕਾਇਮ ਸੀ ਅਤੇ ਬੁੱਧੀ ਦੇ ਪਿੱਛੇ ਡਾਂਗ ਲੈ ਕੇ ਘੁੰਮਣ ਵਾਲ਼ੇ, ਇਹ ਜੜ੍ਹਬੁੱਧੀ ਇਸ ਦੀ ਇਹ ਕਹਿ ਕੇ ਹਮਾਇਤ ਵੀ ਕਰਦੇ ਆਏ ਸਨ ਕਿ ਇਹ ਤਾਂ ਸਨਾਤਨ ਹੈ। ਫਿਰ ਵੀ ਲਗਭਗ ਇੱਕ ਸਦੀ ਦੇ ਅੰਦਰ, ਸਾਰੀਆਂ ਸਭਿਅਕ ਕੌਮਾਂ ਨੇ ਗੁਲਾਮ-ਪ੍ਰਥਾ ਨੂੰ ਜੜ੍ਹੋਂ ਹੀ ਉਖਾੜ ਸੁੱਟਿਆ। ਇਸ ਤੋਂ ਬਾਅਦ 'ਟਾਈਫਸ' (ਇੱਕ ਤਰ੍ਹਾਂ ਦਾ ਬੁਖਾਰ ਜਿਸ ਵਿੱਚ ਸਾਰੇ ਸਰੀਰ 'ਤੇ ਨਿਸ਼ਾਨ ਪੈ ਜਾਂਦੇ ਸਨ) ਜਿਹੀਆਂ ਮਹਾਂਮਾਰੀਆਂ ਨੂੰ ਵੀ ਖ਼ਤਮ ਕਰ ਦਿੱਤਾ ਗਿਆ, ਜਿਨ੍ਹਾਂ ਨੂੰ ਜੜ੍ਹਬੁੱਧੀ 'ਸਨਾਤਨ' ਐਲਾਨਿਆ ਕਰਦੇ ਸਨ। ਅੱਜ ਤਾਂ ਰਾਸ਼ਟਰ ਸੰਘ ਦੇ ਅੰਨ ਮਾਹਿਰ ਸੰਸਾਰ ਤੋਂ ਅਕਾਲ ਨੂੰ ਦੇਸ਼-ਨਿਕਾਲਾ ਦੇਣ ਦੀਆਂ ਯੋਜਨਾਵਾਂ ਬਣਾ ਰਹੇ ਹਨ। ਯੁੱਗਾਂ ਤੋਂ ਦੁਨੀਆਂ ਦੇ ਲੱਖਾਂ ਕਰੋੜਾਂ ਇਨਸਾਨ ਗੁਲਾਮੀ, ਬਿਮਾਰੀ ਅਤੇ ਭੁੱਖਮਰੀ ਦੀ ਭੱਠੀ ਵਿੱਚ ਝੁਲਸੇ-ਭੁੰਨੇ ਜਾਂਦੇ ਰਹੇ ਹਨ ਅਤੇ ਇਹ ਭਰੇ ਢਿੱਡ ਵਾਲ਼ੇ ਢਿੱਡਲ, ਤੰਦਰੁਸਤ, ਜੜ੍ਹਬੁੱਧੀ ਹਮੇਸ਼ਾਂ ਇਹੀ ਸਲਾਹ ਦਿੰਦੇ ਰਹੇ ਹਨ ਕਿ ਇਹ ਬੁਰਾਈਆਂ ਤਾਂ ਸਨਾਤਨ ਹਨ!

ਗੋਰਕੀ ਨੇ ਇਹਨਾਂ ਸ਼ਬਦਾਂ ਨੂੰ ਮੈਂ ਇੱਥੇ ਫਿਰ ਦੁਹਰਾਵਾਂਗਾ : "ਥੋੜ੍ਹੀ ਦੇਰ ਦੇ ਲਈ ਤਾਂ ਇਮਾਨਦਾਰ ਬਣੋ ਅਤੇ ਸੱਚਾਈ ਨੂੰ ਦੇਖੋ।"

ਜਿਨ੍ਹਾਂ ਦਿਨਾਂ ਵਿੱਚ ਗੁਪਤ ਰੋਗਾਂ ਦੇ ਖ਼ਿਲਾਫ਼ ਅਮੇਰਿਕੀ ਜ਼ਿਹਾਦ ਆਪਣੀ ਪੂਰੀ ਤੇਜ਼ੀ 'ਤੇ ਸੀ, ਉਹਨੀ ਦਿਨੀਂ ਸਰਵਜਨਕ ਸੁਰੱਖਿਆ ਵਿਭਾਗ ਦੇ ਫ਼ਿਲਿਪ ਐੱਸ. ਬ੍ਰੌਟਨ ਨੇ ਇੱਕ ਛੋਟੀ ਜਿਹੀ ਕਿਤਾਬ ਲਿਖੀ : **ਵੇਸ਼ਵਾਗਮਨੀ ਅਤੇ ਜੰਗ।** ਇਸ ਦਾ ਖ਼ੂਬ ਪ੍ਰਚਾਰ ਹੋਇਆ। 'ਪਬਲਿਕ ਅਫੇਯਰਸ ਕਮੇਟੀ' ਨਾਮਕ ਸੰਸਥਾ ਇਸ ਦੀ ਪ੍ਰਕਾਸ਼ਕ ਸੀ ਅਤੇ ਇਸ ਵਿੱਚ ਕਹੀਆਂ ਗਈਆਂ ਗੱਲਾਂ "ਇਹਨਾਂ ਸਮੱਸਿਆਵਾਂ ਨਾਲ਼ ਸਬੰਧਤ ਸਾਰੇ ਵਿਭਾਗਾਂ ਦੁਆਰਾਂ ਜਾਂਚ ਲਈਆਂ ਗਈਆਂ ਸਨ।" ਯਾਣੀ ਕਿਤਾਬਚੇ ਵਿੱਚ ਲਿਖੀਆਂ ਸਾਰੀਆਂ ਗੱਲਾਂ ਅਧਿਕਾਰਪੂਰਣ ਸਨ। ਅਮੇਰਿਕੀ ਫ਼ੌਜ ਨਾਲ਼ ਭਰੇ ਇੱਕ ਕਸਬੇ ਵਿੱਚ, ਹਰ ਦੂਸਰੀ ਜਗ੍ਹਾ ਦੀ ਤਰ੍ਹਾਂ ਹੀ, ਬਦਚਲਣੀ ਦੇ ਅਸਾਧਾਰਨ ਵਾਧੇ ਦਾ ਵਰਣਨ ਕਰਦੇ ਹੋਏ ਸ਼੍ਰੀਮਾਨ ਬ੍ਰੌਟਨ ਨੇ ਲਿਖਿਆ ਸੀ : "ਇਹ ਕੋਈ ਇੰਝ ਦਾ ਵਪਾਰ ਨਹੀਂ ਜਿਸ ਨੂੰ ਚਲਾਉਣ ਲਈ ਕੌਮੀ ਪੈਮਾਨੇ 'ਤੇ ਇੱਕ ਅੰਦੋਲਨ ਦੀ ਜ਼ਰੂਰਤ ਹੋਵੇ। ਉਹ ਖ਼ੁਦ ਹੀ ਫੈਲਣ ਲੱਗਦਾ ਹੈ, ਜਿਸ ਤਰ੍ਹਾਂ ਸ਼ਹਿਦ ਦੇ ਪਿੱਛੇ ਮੱਖੀਆਂ ਦੌੜਦੀਆਂ ਹਨ ਅਤੇ ਜਹਾਜ਼ ਦੇ ਪਿੱਛੇ ਜਲ ਪੰਛੀ ਉੱਡ ਚੱਲਦੇ

ਹਨ। ਇਤਿਹਾਸ ਵਿੱਚ ਹਰ ਇੱਕ ਫ਼ੌਜ ਨੂੰ ਇਸ ਦਾ ਸਾਹਮਣਾ ਕਰਨਾ ਹੀ ਪਿਆ ਹੈ। ਹਰ ਬੰਦਰਗਾਹ, ਹਰ ਵਪਾਰ ਦੇ ਵਾਧੇ ਦੇ ਜ਼ਮਾਨੇ ਵਿੱਚ ਇਹੀ ਹੋਇਆ ਹੈ ਅਤੇ ਇਸੇ ਦੇ ਨਾਲ਼ ਰੋਗ ਵੀ ਆਏ ਹਨ।"

ਇਸ ਰੌਲ਼ੇ ਰੱਪੇ ਨੂੰ ਦੁਹਰਾਉਣ ਦੇ ਬਾਅਦ ਵੀ ਕਿ ਬੁਰਾਈਆਂ ਅਤੇ ਗੁਪਤ ਰੋਗ ਤਾਂ ਸਨਾਤਨ ਹਨ, ਲੇਖਕ ਨੇ ਇਹ ਕਹਿ ਕੇ ਕਿ ਲੋਕ ਆਖਿਰ ਇਹਨਾਂ ਨੂੰ ਕਿਵੇਂ ਦੂਰ ਕਰ ਸਕਦੇ ਹਨ, ਹਜ਼ਾਰਾਂ ਸ਼ਬਦਾਂ ਦੁਆਰਾ ਆਪਣੇ ਹੀ ਮੱਤ ਦਾ ਖੰਡਨ ਕੀਤਾ ਹੈ। ਮੈਂ ਬ੍ਰੌਟਨ ਸਾਹਿਬ ਦੇ ਮਤ ਦਾ ਹਵਾਲਾ ਇਸ ਲਈ ਦਿੱਤਾ ਕਿ ਉਹਨਾਂ ਦਾ ਨਜ਼ਰੀਆ ਅਰਧ-ਸਰਕਾਰੀ ਹੈ ਅਤੇ ਅਨੈਤਿਕਤਾ ਬਾਰੇ ਪ੍ਰਚੱਲਿਤ ਆਮ ਤੌਰ 'ਤੇ ਸਰਵ-ਪ੍ਰਵਾਨਤ, ਹਾਰਵਾਦੀ ਅਤੇ ਸਤੱਹੀ ਨਜ਼ਰੀਏ ਨੂੰ ਪੇਸ਼ ਕਰਦਾ ਹੈ।

ਸ਼੍ਰੀ ਬ੍ਰੌਟਨ ਦੀਆਂ ਸਾਰੀਆਂ ਗੱਲਾਂ ਸਰਾਸਰ ਝੂਠ ਹਨ।

ਇਤਿਹਾਸ ਵਿੱਚ ਸਭ ਤੋਂ ਵੱਡੀਆਂ ਫ਼ੌਜਾਂ ਵਿੱਚੋਂ ਇੱਕ ਵੇਸ਼ਵਾਗਮਨੀ ਤੋਂ ਬਿਲਕੁੱਲ ਮੁਕਤ ਹੈ। ਹੁਣ ਤੱਕ ਦੇ ਸਭ ਤੋਂ ਵੱਡੇ ਸਨਅਤੀ ਉੱਥਾਨ ਦੀ ਵਿਸ਼ੇਸ਼ਤਾ ਵਿਭਚਾਰ ਦਾ ਵਾਧਾ ਨਹੀਂ; ਸਗੋਂ ਉਸ ਦਾ ਖ਼ਾਤਮਾ ਹੀ ਹੈ ਪਿਛਲੇ ਵੀਹ ਸਾਲਾਂ ਵਿੱਚ ਕਿੰਨੇ ਹੀ ਇੰਝ ਦੇ ਸਨਅਤੀ ਨਗਰ ਅਤੇ ਵਿਸ਼ਾਲ ਬੰਦਰਗਾਹਾਂ ਬੜੀ ਤੇਜ਼ੀ ਨਾਲ਼ ਬਣੀਆਂ ਹਨ, ਜਿੱਥੇ ਅਨੈਤਿਕਤਾ ਨੂੰ ਬੜੀ ਤਾਂ ਕੀ, ਇੱਕ ਛੋਟੀ ਸਮੱਸਿਆ ਦੇ ਰੂਪ ਵਿੱਚ ਵੀ ਪਨਪਣ ਦਾ ਮੌਕਾ ਨਹੀਂ ਮਿਲ਼ਿਆ।

ਅਸਲ ਵਿੱਚ ਇਵੇਂ ਦਾ ਦੇਸ਼ ਮੌਜੂਦ ਹੈ, ਜਿੱਥੇ ਵੀਹ ਕਰੋੜ ਲੋਕਾਂ ਦੇ ਸਮਾਜ ਵਿੱਚ ਵੇਸ਼ਵਾਗਮਨੀ ਅਤੇ ਗੁਪਤ ਰੋਗਾਂ ਨੂੰ ਅਸਲੀ ਤੌਰ 'ਤੇ ਨੇਸਤਨਾਬੂਦ ਕਰ ਦਿੱਤਾ ਗਿਆ ਹੈ। ਉਹ ਦੇਸ਼ ਹੈ — ਸੋਵੀਅਤ ਸਮਾਜਵਾਦੀ ਗਣਤੰਤਰ ਸੰਘ।

ਲਾਰਡ ਅਤੇ ਲੇਡੀ ਪੈਸਫੀਲਡ (ਬਿਯੇਟ੍ਰਿਸ ਅਤੇ ਸਿਡਨੀ ਵੈਬ) ਅਤੇ ਕਵੇਂਟਿਨ ਰੇਨੋਲਡਸ ਅਤੇ ਦਰਜ਼ਨਾਂ ਦੂਸਰੇ ਮੈਡੀਕਲ ਮਾਹਿਰਾਂ — ਜਿਨ੍ਹਾਂ ਨੇ ਅਮਰੀਕਾ, ਬ੍ਰਿਟੇਨ, ਫ਼ਰਾਂਸ ਅਤੇ ਜਰਮਨੀ ਦੇ ਵਿਗਿਆਨ ਸਬੰਧੀ ਅਖ਼ਬਾਰਾਂ ਵਿੱਚ ਆਪਣੀਆਂ ਰਿਪੋਰਟਾਂ ਛਾਪੀਆਂ ਹਨ — ਨਾਲ਼ ਹੀ ਸਾਰੇ ਦੂਸਰੇ ਨਿਰਪੱਖ ਪ੍ਰੇਖਕਾਂ (observers) ਨੇ ਵੀ — ਇੱਕ ਮਤ ਨਾਲ਼ ਪ੍ਰਵਾਨ ਕੀਤਾ ਹੈ ਕਿ ਸੋਵੀਅਤ ਰੂਸ ਵਿੱਚ ਪਿਛਲੇ ਵੀਹ ਸਾਲਾਂ ਵਿੱਚ ਅਨੈਤਿਕਤਾ ਦੀਆਂ ਸਾਰੀਆਂ ਗੰਭੀਰ ਸਮੱਸਿਆਵਾਂ ਹੈਰਾਨੀਜਨਕ ਸਫ਼ਲਤਾ ਦੇ ਨਾਲ਼ ਹੱਲ ਕਰ ਲਈਆਂ ਗਈਆਂ ਹਨ। ਇਹਨਾਂ ਸਮੱਸਿਆਵਾਂ ਵਿੱਚ ਵਿਭਚਾਰ ਅਤੇ ਸ਼ਰਾਬਖੋਰੀ ਦੀਆਂ ਸਮੱਸਿਆਵਾਂ ਵੀ ਸ਼ਾਮਿਲ ਹਨ। ਧਿਆਨ ਦੇਣ ਦੀ ਗੱਲ ਤਾਂ ਇਹ ਹੈ ਕਿ ਇਹ ਸਫ਼ਲਤਾ ਇਸ ਦੇ ਬਾਵਜੂਦ ਹਾਸਿਲ ਕੀਤੀ ਗਈ ਕਿ ਵੀਹ ਸਾਲ ਪਹਿਲਾਂ ਰੂਸ ਦੇ ਲੋਕ ਵਿਭਚਾਰ ਅਤੇ ਸ਼ਰਾਬਖੋਰੀ ਵਿੱਚ ਓਨੇ ਹੀ ਡੁੱਬੇ ਹੋਏ ਸਨ, ਜਿੰਨੇ ਕਿ ਹਾਲ ਦੇ ਇਤਿਹਾਸ ਵਿੱਚ ਸ਼ਾਇਦ ਹੀ ਕਿਸੇ ਦੂਸਰੇ ਮਹਾਨ ਦੇਸ਼ ਦੇ ਲੋਕ ਡੁੱਬੇ ਰਹੇ ਹੋਣ।

ਪੂਰਬੀ ਮੋਰਚੇ 'ਤੇ ਹਿਟਲਰ ਦੇ ਹਮਲੇ ਦੇ ਕੁੱਝ ਹੀ ਦਿਨਾਂ ਬਾਅਦ ਅਮਰੀਕੀ ਜਲਸੈਨਾ ਦੇ ਕਮਾਂਡਰ ਨਾਰਮਨ ਸਾਹਿਬ ਨੇ — ਜਿਹੜੇ ਉਹਨਾਂ ਦਿਨਾਂ ਵਿੱਚ ਮਾਸਕੋ ਵਿੱਚ 'ਹੈਰੀਮੈਨ ਮਿਸ਼ਨ' ਦੇ ਇੱਕ ਮੈਂਬਰ ਸਨ ਅਤੇ ਅਮਰੀਕੀ ਦੂਤਘਰ ਨਾਲ਼ ਸਬੰਧਤ ਸਿਹਤ

ਵਿਭਾਗ ਦੇ ਅਫ਼ਸਰ ਸਨ — ਪ੍ਰੈਸ ਨੂੰ ਦੱਸਿਆ ਸੀ : "ਲਾਲ ਫ਼ੌਜ ਅਤੇ ਲਾਲ ਹਵਾਈ ਬੇੜਾ ਗੁਪਤ ਰੋਗਾਂ ਤੋਂ ਕਰੀਬ-ਕਰੀਬ ਮੁਕਤ ਹਨ। ਸੰਸਾਰ ਦੀ ਹੋਰ ਕਿਸੇ ਫ਼ੌਜ ਦੇ ਬਾਰੇ ਇੰਝ ਨਹੀਂ ਕਿਹਾ ਜਾ ਸਕਦਾ।" ਇਸ ਬਿਆਨ ਨੂੰ ਬਹੁਤ ਥੋੜ੍ਹੇ ਅਖ਼ਬਾਰਾਂ ਨੇ ਛਾਪਿਆ ਸੀ। ਮਿੱਤਰ-ਕੌਮਾਂ ਦੇ ਗੁਪਤ-ਰੋਗ-ਵਿਰੋਧੀ ਅੰਦੋਲਨਾਂ ਦੇ ਆਗੂ ਤਾਂ ਇਸਨੂੰ ਪੜ੍ਹ ਕੇ ਚੁੱਪ ਧਾਰ ਗਏ। ਲਗਭਗ ਤਿੰਨ ਸਾਲ ਬਾਅਦ, ਪ੍ਰੋਫ਼ੈਸਰ ਵੀ. ਵੀ. ਲੇਬੇਦੇਂਕੋ 'ਸੋਵੀਅਤ ਰੈਡਕ੍ਰਾਸ ਸੰਗਠਨ' ਦੇ ਪ੍ਰਤੀਨਿੱਧੀ ਬਣ ਕੇ ਅਮਰੀਕਾ ਆਏ। ਐਸੋਸ਼ੀਏਟੇਡ ਪ੍ਰੈੱਸ ਨੇ ਉਹਨਾਂ ਨਾਲ਼ ਮੁਲਾਕਾਤ ਕੀਤੀ। ਪ੍ਰੋਫ਼ੈਸਰ ਲੇਬੇਦੇਂਕੋ ਦੇ ਇੱਕ ਬਿਆਨ ਨੇ ਤਾਂ ਰਿਪੋਰਟਰਾਂ ਨੂੰ ਹੈਰਾਨੀ ਵਿੱਚ ਹੀ ਪਾ ਦਿੱਤਾ। ਉਹਨਾਂ ਨੇ ਦੱਸਿਆ : "ਰੂਸੀ ਨੌਜਵਾਨਾਂ ਦੀ ਨਵੀਂ ਪੀੜ੍ਹੀ ਨੂੰ ਇਹ ਜਾਣਨ ਦਾ ਮੌਕਾ ਹੀ ਨਹੀਂ ਮਿਲਿਆ ਕਿ ਵੇਸ਼ਵਾਗਮਨੀ ਦਾ ਮਤਲਬ ਕੀ ਹੁੰਦਾ ਹੈ।" ਇਸ ਗੱਲ ਨੂੰ ਸੁਣ ਕੇ ਲੋਕਾਂ ਵਿੱਚ ਬੜੀ ਦਿਲਚਸਪੀ ਪੈਦਾ ਹੋਈ — ਨਾਲ਼ ਹੀ ਬਹੁਤਿਆਂ ਨੂੰ ਇਸ ਦੀ ਸੱਚਾਈ 'ਤੇ ਵੀ ਸ਼ੱਕ ਹੋਇਆ ਪਰ ਲੋਕਾਂ ਵੱਲੋਂ ਸਾਰੇ ਸਵਾਲਾਂ ਦੇ ਉਠਣ 'ਤੇ ਵੀ, ਅਮਰੀਕਾ ਵਿੱਚ ਇਸ ਵਿਸ਼ੇ ਨੂੰ ਤੁਰੰਤ ਦਬਾ ਦਿੱਤਾ ਗਿਆ।

ਪੰਜ ਸਾਲ ਪਹਿਲਾਂ, ਮੈਨੂੰ ਸੋਵੀਅਤ ਸੰਘ ਦੇ ਕੁੱਝ ਮਾਹਿਰਾਂ ਨਾਲ਼ ਅਨੈਤਿਕਤਾ ਅਤੇ ਸ਼ਰਾਬਖੋਰੀ ਦੀ ਸਮੱਸਿਆ 'ਤੇ ਗੱਲਾਂ ਕਰਨ ਦਾ ਮੌਕਾ ਮਿਲਿਆ ਸੀ। ਉਹਨਾਂ ਦੇ ਬਿਆਨਾਂ ਦੀ ਇਮਾਨਦਾਰੀ ਵਿੱਚ ਭਰੋਸਾ ਕਰਨ ਦੇ ਸਪੱਸ਼ਟ ਕਾਰਨਾਂ ਦੀ ਵਜਹ ਨਾਲ਼, ਮੈਂ ਉਹਨਾਂ ਤੋਂ ਸਾਫ਼-ਸਾਫ਼ ਪੁੱਛਿਆ : "ਚੰਗਾ ਦੱਸੋ ਵੇਸ਼ਵਾਗਮਨੀ, ਵਿਭਚਾਰਾਂ, ਗੁਪਤ ਰੋਗਾਂ, ਨੌਜਵਾਨਾਂ ਦੀਆਂ ਦੁਰਾਚਾਰੀ ਪ੍ਰਵਿਰਤੀਆਂ ਅਤੇ ਸ਼ਰਾਬਖੋਰੀ ਆਦਿ ਨੂੰ ਸੋਵੀਅਤ ਸਰਕਾਰ ਨੇ ਕਿਵੇਂ ਦੂਰ ਕੀਤਾ ਸੀ ?"

ਉਹ ਉੱਤਰ ਨਹੀਂ ਦੇ ਪਾ ਰਹੇ ਸਨ। ਇਹ ਸੋਵੀਅਤ ਨਾਗਰਿਕ ਸਾਰੇ ਨੌਜਵਾਨ ਸਨ। ਪਹਿਲਾਂ-ਪਹਿਲ ਉਹਨਾਂ ਨੇ ਵੇਸ਼ਵਾਵਾਂ ਦੇਖੀਆਂ ਵੀ ਸਨ ਤਾਂ ਨਿਊਯਾਰਕ ਅਤੇ ਟਰਾਂਟੋ ਦੀਆਂ ਸੜਕਾਂ 'ਤੇ! ਉਹਨਾਂ ਨੇ ਸਾਫ਼-ਸਾਫ਼ ਕਿਹਾ : "ਇਹਨਾਂ ਸਮੱਸਿਆਵਾਂ ਨੂੰ ਸੋਵੀਅਤ ਰੂਸ ਵਿੱਚ ਬਹੁਤ ਪਹਿਲਾਂ ਹੱਲ ਕਰ ਲਿਆ ਗਿਆ ਸੀ, ਘੱਟ ਤੋਂ ਘੱਟ ਦਸ ਸਾਲ ਪਹਿਲਾਂ। ਤਦ ਅਸੀਂ ਲੋਕ ਬੱਚੇ ਸੀ। ਸਾਨੂੰ ਇੰਨਾ ਤਾਂ ਯਾਦ ਆਉਂਦਾ ਹੈ ਕਿ ਸਾਡੇ ਚਾਚੇ-ਤਾਏ ਇਸ ਸਬੰਧ ਵਿੱਚ ਬਣਾਏ ਗਏ ਨਿਯਮਾਂ 'ਤੇ ਬੜੀਆਂ ਗਰਮਾਗਰਮ ਗੱਲਾਂ ਕਰਿਆ ਕਰਦੇ ਸਨ। ਪਰ ਉਹਨਾਂ ਦਾ ਵੇਰਵਾ ਸਾਨੂੰ ਯਾਦ ਨਹੀਂ। ਸਾਡੇ ਲੋਕਾਂ ਦੇ ਲਈ ਤਾਂ ਇਹ ਇੱਕ ਬੀਤੇ ਜ਼ਮਾਨੇ ਦੀ ਗੱਲ ਬਣ ਚੁੱਕੀ ਹੈ।"

ਉਹਨਾਂ ਦਿਨਾਂ ਵਿੱਚ ਕਨੇਡਾ ਅਤੇ ਸੋਵੀਅਤ ਰੂਸ ਦੇ ਸਬੰਧ ਮਿੱਤਰਤਾਪੂਰਨ ਤਾਂ ਨਹੀਂ ਸਨ। ਅਨੈਤਿਕਤਾ ਦੇ ਖ਼ਿਲਾਫ਼ ਸੋਵੀਅਤ ਸੰਘ ਦੇ ਸੰਘਰਸ਼ ਦੀ ਪੂਰੀ ਕਹਾਣੀ ਨੂੰ ਖੋਦ ਕੇ ਕੱਢਣ ਵਿੱਚ ਅਸਫ਼ਲ ਹੋਣ ਦੇ ਬਾਅਦ, ਪਤਾ ਇਹ ਚੱਲਿਆ ਕਿ ਹੁਣ ਤੱਕ ਅੰਗਰੇਜ਼ੀ ਵਿੱਚ ਇਸ ਸਬੰਧ ਵਿੱਚ ਪੂਰੀਆਂ ਗੱਲਾਂ ਛਪੀਆਂ ਹੀ ਨਹੀਂ ਹਨ ਅੰਤ ਵਿੱਚ, ਵਿਅਕਤੀਗਤ ਸਰੋਤਾਂ ਤੋਂ ਕੁੱਝ ਗੱਲਾਂ ਦਾ ਵਿਸਥਾਰ ਵਿੱਚ ਪਤਾ ਚੱਲਿਆ। ਇਹਨਾਂ ਸਰੋਤਾਂ ਦਾ ਸੋਵੀਅਤ ਸਰਕਾਰ ਨਾਲ਼ ਸਬੰਧ ਨਹੀਂ ਸੀ। ਇਹ ਮਾਹਿਰਾਂ ਦੁਆਰਾ ਪੇਸ਼ ਕੀਤੇ ਗਏ ਅਧਿਕਾਰਕ ਤੱਥ

ਸਨ। ਲੋਕ ਸਿਹਤ ਵਿਭਾਗ ਨੇ ਲੋਕ ਕਮਿਸਾਰ ਦੇ ਗੁਪਤ ਰੋਗਾਂ ਸਬੰਧੀ ਸਲਾਹਕਾਰ ਅਤੇ ਯੂਰਪ ਵਿੱਚ ਪ੍ਰਮੁੱਖ ਮੰਨੇ ਜਾਣ ਵਾਲ਼ੇ ਵਿਗਿਆਨਕ – ਪ੍ਰੋਫੈਸਰ ਵੀ. ਐੱਮ. ਬ੍ਰਾਨਰ — ਨੇ ਵੇਸ਼ਵਾਗਮਨੀ ਅਤੇ ਗੁਪਤ ਰੋਗਾਂ ਬਾਰੇ ਕਾਫ਼ੀ ਸਮੱਗਰੀ ਇਕੱਠੀ ਕੀਤੀ ਸੀ।

ਇਹਨਾਂ ਵਿੱਚ ਅਤੇ ਇਹਨਾਂ ਦੀਆਂ ਬਾਅਦ ਦੀਆਂ ਰਿਪੋਰਟਾਂ ਵਿੱਚ, ਮਿਲਣ ਵਾਲ਼ੀ ਕਹਾਣੀ ਹੀ ਇਸ ਕਿਤਾਬ ਦਾ ਵਿਸ਼ਾ–ਵਸਤੂ ਹੈ।

ਪਰ ਅਮਰੀਕਾ, ਕਨੇਡਾ ਅਤੇ ਭਾਰਤ ਵਿੱਚ ਇਸ ਕਿਤਾਬ ਦੇ ਜੋ ਐਡੀਸ਼ਨ ਛਪੇ ਹਨ, ਉਹਨਾਂ ਤੋਂ ਇਹ ਐਡੀਸ਼ਨ ਵੱਖਰਾ ਹੈ। ਉੱਤਰੀ ਅਮਰੀਕਾ ਬਾਰੇ ਇਹਨਾਂ ਐਡੀਸ਼ਨਾਂ ਵਿੱਚ ਜੋ ਗੱਲਾਂ ਕਹੀਆਂ ਗਈਆਂ ਸਨ, ਉਹ ਪੁਰਾਣੀਆਂ ਪੈ ਗਈਆਂ ਹਨ, ਇਸ ਲਈ ਉਹਨਾਂ ਨੂੰ ਹਟਾ ਦਿੱਤਾ ਗਿਆ ਹੈ ਅਤੇ ਨਵੀਆਂ ਤਾਜ਼ਾ ਗੱਲਾਂ ਜੋੜ ਦਿੱਤੀਆਂ ਗਈਆਂ ਹਨ। ਮੈਂ ਅਤੇ ਮੇਰੀ ਪਤਨੀ ਕੁੱਝ ਹੀ ਦਿਨ ਪਹਿਲਾਂ ਸੋਵੀਅਤ ਰੂਸ ਗਏ ਸੀ। ਉੱਥੋਂ ਦੀ ਹਾਲਤ ਨੂੰ ਅਸੀਂ ਆਪਣੀਆਂ ਅੱਖਾਂ ਨਾਲ਼ ਦੇਖਿਆ। ਪੁਸਤਕ ਦੇ ਪਹਿਲੇ ਐਡੀਸ਼ਨ ਵਿੱਚ ਜਿਹੜੇ ਰੱਦੋ ਬਦਲ ਕੀਤੇ ਗਏ ਸਨ ਉਹਨਾਂ ਵਿੱਚੋਂ ਜ਼ਿਆਦਾਤਰ ਦਾ ਕਾਰਨ ਸਾਡੀ ਇਹੀ ਯਾਤਰਾ ਸੀ। ਇਹ ਨਵੀਆਂ ਗੱਲਾਂ ਤੁਹਾਨੂੰ ਇਸ ਐਡੀਸ਼ਨ ਵਿੱਚ ਮਿਲਣਗੀਆਂ।[1]

ਇਸ ਲਈ ਅੱਗੇ ਤੁਸੀਂ ਜੋ ਕੁੱਝ ਇਸ ਪੁਸਤਕ ਵਿੱਚ ਪੜ੍ਹੋਗੇ ਉਹ ਸਰਕਾਰੀ ਦਸਤਾਵੇਜ਼ਾਂ ਤੋਂ ਇਕੱਠੀ ਕੀਤੀ ਗਈ ਅਤੇ ਅੱਖੀ ਦੇਖੀ ਹੋਈ ਸੱਚਾਈ ਦੀ ਨਿਰਪੱਖ ਰਿਪੋਰਟ ਹੀ ਹੈ।

1. ਇਸ ਪੁਸਤਕ ਦਾ ਪਹਿਲਾ ਅੰਗਰੇਜ਼ੀ ਐਡੀਸ਼ਨ ਸਤੰਬਰ ਸੰਨ 1950 ਵਿੱਚ ਨਿਕਲਿਆ ਸੀ। ਪੇਸ਼ ਅਨੁਵਾਦ ਉਸ ਦੇ ਤੀਜ਼ੇ ਸੋਧੇ ਐਡੀਸ਼ਨ ਤੋਂ ਕੀਤਾ ਗਿਆ ਹੈ, ਜੋ ਦਸੰਬਰ ਸੰਨ 1952 ਵਿੱਚ ਨਿਕਲਿਆ ਸੀ। — ਪ੍ਰਕਾਸ਼ਕ

# ਬੁਰਾਈ ਦੇ ਲਈ ਪੀਲੇ ਟਿਕਟ ਦਾ ਪ੍ਰਬੰਧ

ਅੱਜ ਸੋਵੀਅਤ ਸੰਘ ਕਹਾਉਣ ਵਾਲ਼ੇ ਭਾਗ ’ਤੇ ਆਧੁਨਿਕ ਸੋਵੀਅਤ ਸ਼ਾਸਨ ਦਾ ਹੱਕ ਸੰਨ 1917 ਦੇ ਇਨਕਲਾਬ ਦੌਰਾਨ ਮਿਲਿਆ ਸੀ। ਦੇਸ਼ ਦੀ ਆਰਥਿਕ ਅਤੇ ਭੌਤਿਕ ਤਬਾਹੀ ਦੇ ਨਾਲ਼ ਕਮਿਊਨਿਸਟਾਂ ਨੇ ਜਿਸ ਨੈਤਿਕ ਨਿਘਾਰ ਦੀ ਵਿਰਾਸਤ ਹਾਸਿਲ ਕੀਤੀ ਸੀ ਉਹ ਏਨੀ ਭਿਅੰਕਰ ਸੀ ਕਿ ਸਾਨੂੰ ਇੱਕਦਮ ਵਿਸ਼ਵਾਸ ਨਹੀਂ ਹੁੰਦਾ। ਰੂਸ ਵਿੱਚ ਬੁਰਾਈ ਦਾ ਅਧਾਰ ਸੀ ਵੇਸ਼ਵਾਵਾਂ ਦਾ ਉਹ ਜਥੇਬੰਦ ਢਾਂਚਾ, ਜਿਸ ਨੂੰ ਜ਼ਾਰ ਸਰਕਾਰ ਨੇ ਪਾਲ਼ਿਆ ਪੋਸਿਆ ਅਤੇ ਹੱਲਾਸ਼ੇਰੀ ਦਿੱਤੀ ਸੀ। ਤਦ ਸੰਸਾਰ ਵਿੱਚ ਇਸ ਸ਼ਰਮਨਾਕ ਪ੍ਰਬੰਧ ਨੂੰ ਕਿਹਾ ਜਾਂਦਾ ਸੀ — ‘ਪੀਲੇ ਟਿਕਟ ਦਾ ਪ੍ਰਬੰਧ’।

ਜ਼ਾਰ ਦੇ ਰੂਸ ਵਿੱਚ ਸਾਰੇ ਨਾਗਰਿਕਾਂ ਕੋਲ਼ ਰਜਿਸਟ੍ਰੇਸ਼ਨ ਅਤੇ ਸ਼ਨਾਖ਼ਤ ਸਬੰਧੀ ਇੱਕ ਸਰਟੀਫ਼ਿਕੇਟ ਹੁੰਦਾ ਸੀ ਜਿਸ ਨੂੰ ਆਮ ਤੌਰ ’ਤੇ ਪਾਸਪੋਰਟ ਕਹਿੰਦੇ ਸਨ। ਅਸਲ ਵਿੱਚ, ਆਬਾਦੀ ’ਤੇ ਸਖ਼ਤ ਨਿਗਰਾਨੀ ਰੱਖਣ ਲਈ ਇਸ ਤੋਂ ਜ਼ਾਰਸ਼ਾਹੀ ਪੁਲਿਸ ਨੂੰ ਮਦਦ ਮਿਲਦੀ ਸੀ। ਇਸ ਪਾਸਪੋਰਟ ਬਿਨਾਂ ਕਿਸੇ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਜਾਣਾ ਖ਼ਤਰੇ ਤੋਂ ਖਾਲੀ ਨਹੀਂ ਸੀ। ਇਸ ਦੇ ਬਿਨਾਂ ਹਰ ਵੇਲੇ ਗ੍ਰਿਫ਼ਤਾਰੀ ਦਾ ਖ਼ਤਰਾ ਸਿਰ ’ਤੇ ਮੰਡਰਾਉਂਦਾ ਰਹਿੰਦਾ ਸੀ। ਇਸ ਲਈ, ਇਹ ਪਾਸਪੋਰਟ ਬੜਾ ਕੀਮਤੀ ਸੀ। ਜਿਵੇਂ ਕਿ ਜਿਉਂਦੇ ਰਹਿਣ ਦਾ ਪਰਮਿਟ ਹੋਵੇ! ਪਰ ਅਜਿਹੇ ਲੋਕਾਂ ਦੀ ਸੰਖਿਆ ਵੀ ਘੱਟ ਨਹੀਂ ਸੀ ਜਿਨ੍ਹਾਂ ਨੂੰ ਇਸ ਨੂੰ ਵਾਪਸ ਕਰ ਦੇਣ ਦੀ ਇਜਾਜ਼ਤ ਮਿਲ਼ ਜਾਂਦੀ ਸੀ, ਜਾਂ ਵਾਪਸ ਕਰਨ ਲਈ ਮਜਬੂਰ ਹੋਣਾ ਪੈਂਦਾ ਸੀ। ਇਹ ਉਹ ਇਸਤਰੀਆਂ ਸਨ ਜੋ ਵੇਸ਼ਵਾਗਮਨੀ ਨੂੰ ਆਪਣੇ ਜੀਵਨ ਦਾ ਪੇਸ਼ਾ ਬਣਾ ਲੈਂਦੀਆਂ ਸਨ। ਜ਼ਾਰਸ਼ਾਹੀ ਸ਼ਾਸਨ ਦੇ ਤਹਿਤ ਇਹ ਪੇਸ਼ਾ ਕੌਮ ਦੇ ਲੋਕਾਂ ਦੇ ਹਿੱਤ ਲਈ ਜ਼ਰੂਰੀ ਸਮਝਿਆ ਜਾਂਦਾ ਸੀ। ਸਮਾਜ ਵਿੱਚ ਕਿਸੇ ਇਸਤਰੀ ਦੀ ਸਥਿਤੀ ਅਤੇ ਉਸ ਦੀਆਂ ਅਨੈਤਿਕ ਕਾਰਵਾਈਆਂ ਨੂੰ ਨਿਸ਼ਚਿਤ ਕਰਨ ਵਾਲ਼ੇ ਸਨ — ਸਰਕਾਰੀ ਕਾਨੂੰਨ।

ਕਾਨੂੰਨ ਇਹ ਸੀ ਕਿ ਉਹ ਇਸਤਰੀ ਜੋ ਵੇਸ਼ਵਾ ਦਾ ਪੇਸ਼ਾ ਕਰੇ ਆਪਣੀ ਨਾਗਰਿਕਤਾ ਤਿਆਗ ਦੇਵੇ ਅਤੇ ਉਸ ਪਾਸਪੋਰਟ ਦੇ ਬਦਲੇ ਆਪਣੀ ਰਜਿਸਟਰੀ ਕਰਾ ਕੇ, ਇਹ ਬਦਨਾਮ ‘ਪੀਲਾ ਟਿਕਟ’ ਹਾਸਿਲ ਕਰ ਲਵੇ। ਇਹ ਟਿਕਟ ਖੁੱਲ੍ਹਮਖੁੱਲ੍ਹੇ ਪੁਲਿਸ ਅਧਿਕਾਰੀਆਂ ਦੁਆਰਾ ਵੰਡੇ ਜਾਂਦੇ ਸਨ। ਟਿਕਟ ਵਿੱਚ ਲਿਖਿਆ ਰਹਿੰਦਾ ਸੀ ਕਿ ਇਹ ਨੂੰ ਪ੍ਰਾਪਤ ਕਰਨ ਵਾਲ਼ੀ ਨੂੰ ਪੁਲਿਸ ਦੇ ਸਥਾਨਕ ਨਿਯਮਾਂ ਦੇ ਤਹਿਤ ਵੇਸ਼ਵਾ ਦਾ ਕੰਮ ਕਰਨ ਦਾ ਸਰਕਾਰੀ ਲਾਇਸੈਂਸ ਪ੍ਰਾਪਤ ਹੈ। ਉਸ ਨੂੰ ਆਪਣਾ ਧੰਦਾ ਚਲਾਉਣ ਦੀ ਸਹੂਲਤ ਮਿਲ ਜਾਂਦੀ ਸੀ। ਪਰ ਪੀਲ਼ੇ ਟਿਕਟ ਵਾਲ਼ੀ ਇਸਤਰੀ ਨੂੰ ਨਾਗਰਿਕ ਦੇ ਹੱਕਾਂ ਤੋਂ ਵਾਂਝਾ ਰਹਿਣਾ ਪੈਂਦਾ ਸੀ। ਪੀਲਾ ਟਿਕਟ ਉਹਨੂੰ ਮਨੁੱਖ ਤੋਂ ਹੇਠਲੇ ਦਰਜੇ ਦਾ ਪ੍ਰਾਣੀ ਐਲਾਨ ਕਰ ਦਿੰਦਾ ਸੀ। ਸਭ ਤੋਂ

ਭਿਅੰਕਰ ਗੱਲ ਇਹ ਸੀ ਕਿ ਇੱਕ ਵਾਰ ਪੀਲਾ ਟਿਕਟ ਲੈ ਲੈਣ ਵਾਲ਼ੀ ਇਸਤਰੀ ਜੀਵਨ ਭਰ ਲਈ ਇਸ ਬੁਰਾਈ ਵਿੱਚ ਫਸ ਜਾਂਦੀ ਸੀ। ਬੱਚ ਕੇ ਨਿਕਲਣ ਦਾ ਕੋਈ ਰਸਤਾ ਨਹੀਂ ਸੀ। ਜ਼ਾਰਸ਼ਾਹੀ ਦੇ ਅਫ਼ਸਰ ਕਿਸੇ ਵੀ ਇਸਤਰੀ ਦਾ ਨਾਗਰਿਕ ਟਿਕਟ ਲੈ ਕੇ ਉਸ ਨੂੰ ਪੀਲਾ ਟਿਕਟ ਦੇਣ ਲਈ ਤਿਆਰ ਰਹਿੰਦੇ ਸਨ। ਪਰ, ਕਾਨੂੰਨ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦਾ ਸੀ ਕਿ ਉਹ ਫਿਰ ਕਦੀ ਆਪਣਾ ਇਰਾਦਾ ਬਦਲ ਸਕੇ। ਪੀਲਾ ਟਿਕਟ ਓਨਾ ਹੀ ਸਥਾਈ ਹੁੰਦਾ ਸੀ ਜਿੰਨਾ ਕਿ ਮੱਧਯੁੱਗ ਵਿੱਚ ਤਪੇ ਹੋਏ ਲਾਲ ਲੋਹੇ ਦੀਆਂ ਸੀਖਾਂ ਨਾਲ਼ ਚੋਰਾਂ ਦੇ ਮੱਥੇ ’ਤੇ ਲਗਾਇਆ ਜਾਣ ਵਾਲ਼ਾ ਦਾਗ।

ਪੂਰੇ ਰੂਸ ਵਿੱਚ ਇਹਨਾਂ ਇਸਤਰੀਆਂ ਦੇ ਰਹਿਣ ਅਤੇ ਕੰਮ ਕਰਨ ਦੇ ਲੰਬੇ-ਚੌੜੇ ਨਿਯਮ ਬਣਾ ਦਿੱਤੇ ਗਏ ਸਨ। ਜ਼ਰੂਰੀ ਨਹੀਂ ਕਿ ਅਸੀਂ ਉਹਨਾਂ ਦੇ “ਕੰਮ” ਦਾ ਇੱਥੇ ਵਿਸਥਾਰ ਨਾਲ਼ ਵਰਣਨ ਕਰੀਏ। ਇੱਕ ਵਾਰ ਪੇਸ਼ਾ ਅਪਣਾ ਲੈਣ ’ਤੇ ਇਸਤਰੀ ਨੂੰ ਜ਼ਿੰਦਗੀ ਭਰ ਲਈ ਕੋਈ ਭਲਾ ਕੰਮ ਕਰਨ ਦੀ ਮਨਾਹੀ ਸੀ। ਨਾਗਰਿਕਤਾਂ ਦੇ ਪਾਸਪੋਰਟ ਬਿਨਾਂ ਨੌਕਰੀ ਹਾਸਲ ਕਰ ਸਕਣਾ ਨਾਮੁਮਕਿਨ ਸੀ। ਜ਼ਾਰਸ਼ਾਹੀ ਹਕੂਮਤ ਦੇ ਤਹਿਤ ਇਸ ਗੱਲ ਦੀ ਬਿਲਕੁੱਲ ਕੋਸ਼ਿਸ਼ ਨਹੀਂ ਕੀਤੀ ਗਈ ਕਿ ਬਦਚਲਣ ਇਸਤਰੀਆਂ ਅਤੇ ਕੁੜੀਆਂ ਨੂੰ ਸੁਧਾਰਿਆ ਜਾਵੇ; ਉਲਟ, ਕਾਨੂੰਨ ਦਾ ਕਹਿਣਾ ਸੀ ਕਿ ਜਾਂ ਤਾਂ ਇਹ ਸਾਰੀਆਂ ਇਸਤਰੀਆਂ ਇਸ ਪੇਸ਼ੇ ਨਾਲ਼ ਮਜਬੂਰੀ ਵੱਸ ਬੱਝੀਆਂ ਰਹਿਣ ਜਾਂ ਫ਼ੌਜਦਾਰੀ ਅਦਾਲਤਾਂ ਉਹਨਾਂ ਨੂੰ ਸਖ਼ਤ ਸਜ਼ਾ ਦੇਣ।

ਸ਼ਿਸ਼ਟਤਾ ਦੇ ਨਾਤੇ ਅਸੀਂ ਇੱਥੇ ਜ਼ਾਰਸ਼ਾਹੀ ਦੇ ਇਹਨਾਂ ਘ੍ਰਿਣਤ ਨਿਯਮਾਂ ਦਾ ਵਿਸਥਾਰ ਨਾਲ਼ ਵਰਣਨ ਨਹੀਂ ਕਰਾਂਗੇ। ਪਰ ਇੰਨਾ ਜ਼ਰੂਰ ਹੈ ਕਿ ਇਸ ਤਰ੍ਹਾਂ ਦੀਆਂ ਇਸਤਰੀਆਂ ਸਮਾਜ ਦਾ ਜ਼ਰੂਰੀ ਅੰਗ ਮੰਨੀਆਂ ਜਾਂਦੀਆਂ ਸਨ। ਜ਼ਿਆਦਾਤਰ ਮੁਹੱਲਿਆ ਵਿੱਚ ਪੀਲੇ ਟਿਕਟ ਵਾਲ਼ੀਆਂ ਇਸਤਰੀਆਂ ਨੂੰ ਕੁੱਝ ਖਾਸ ਘਰਾਂ ਵਿੱਚ ਰਹਿਣਾ ਪੈਂਦਾ ਸੀ। ਇਹਨਾਂ ਘਰਾਂ ਨੂੰ ਸਰਕਾਰੀ ਤੌਰ ’ਤੇ “ਵਿਭਚਾਰ ਦੇ ਅੱਡੇ” ਕਿਹਾ ਜਾਂਦਾ ਸੀ। ਜਿੱਥੇ ਇਹ ਨਿਯਮ ਨਹੀਂ ਸੀ, ਉੱਥੇ ਇਹਨਾਂ ਦੇ ਰਹਿਣ ਦੇ ਖੇਤਰ ਅਲੱਗ ਸਨ।

ਆਮ ਕਰਕੇ ਕਿਸੇ ਵੱਡੇ ਮਕਾਨ ਦੇ ਦਰਵਾਜ਼ੇ ’ਤੇ ਜਿਸ ਵਿੱਚ ਬਹੁਤ ਸਾਰੇ ਲੋਕ ਰਹਿੰਦੇ ਹੋਣ, ਨਾਵਾਂ ਦੀ ਤਖ਼ਤੀ ਲੱਗੀ ਰਹਿੰਦੀ ਸੀ; ਇਸ ਤਖ਼ਤੀ ਵਿੱਚ ਬਦਚਲਣ ਇਸਤਰੀਆਂ ਦਾ ਨਾਂ ਵੀ ਹੁੰਦਾ ਸੀ। ਪਰ, ਪੁਲਿਸ ਦੀ ਤਾਕੀਦ ਸੀ ਕਿ ਆਪਣੇ ਨਾਂ ਦੇ ਸਾਹਮਣੇ ਉਹ ਵੇਸ਼ਵਾ ਸ਼ਬਦ ਜ਼ਰੂਰ ਲਿਖਵਾਉਣ। ਸਮਾਜਿਕ ਪਤਣ ਦੀ ਇਸ ਤੋਂ ਗੰਭੀਰ ਹਾਲਤ ਦੀ ਕਲਪਣਾ ਕਰ ਸਕਣਾ ਮੁਸ਼ਕਿਲ ਹੈ। ਸੰਨ 1917 ਦੇ ਇਨਕਲਾਬ ਤੋਂ ਪਹਿਲਾਂ, ਪੂਰੇ ਰੂਸ ਵਿੱਚ ਬੁਰਾਈ ਨੂੰ ਇਹ ਸਮਾਜਿਕ ਮਾਨਤਾ ਮਿਲੀ ਹੋਈ ਸੀ। ਪੇਸ਼ੇਵਰ ਇਸਤਰੀਆਂ ਆਪਣੇ ਨਾਂ ਦੇ ਸਾਹਮਣੇ “ਵੇਸ਼ਵਾ” ਲਿਖਣ, ਅਸਲ ਵਿੱਚ ਇਸ ਦੇ ਪਿੱਛੇ ਇੱਕ ਖਾਸ ਉਦੇਸ਼ ਸੀ : ਕੋਈ ਇਸਤਰੀ ਜੇਕਰ ਕੁੱਝ ਦਿਨਾਂ ਲਈ ਗਰੀਬੀ ਕਾਰਨ ਮਜਬੂਰ ਹੋ ਕੇ ਅਨੈਤਿਕਤਾ ਦੇ ਚਿੱਕੜ ਵਿੱਚ ਡਿੱਗ ਪਵੇ ਤਾਂ ਪੁਲਿਸ ਅਤੇ ਬਦਨਾਮ ਪੀਲੇ ਟਿਕਟ ਦੇ ਪ੍ਰਬੰਧ ਕਾਰਨ ਉਹ ਕਿਸੇ ਵੀ ਤਰ੍ਹਾਂ ਉਸ ’ਚੋਂ ਬਾਹਰ ਨਿਕਲ ਨਾ ਸਕੇ।

ਰੂਸ ਵਿੱਚ ਅਨੈਤਿਕਤਾ ਦੀ ਰੋਕਥਾਮ ਦਾ ਇਹ ਪ੍ਰਬੰਧ ਬਹੁਤ ਵੱਡੇ ਪੱਧਰ ’ਤੇ ਸੀ।

ਜ਼ਾਹਿਰਾਂ ਤੌਰ ’ਤੇ, ਇਸ ਦਾ ਉਦੇਸ਼ ਇਹ ਦੱਸਿਆ ਜਾਂਦਾ ਸੀ ਕਿ ਅਨੈਤਿਕਤਾ ਨੂੰ ਫੈਲਣ ਤੋਂ ਰੋਕਿਆ ਜਾ ਰਿਹਾ ਹੈ। ਪਰ, ਇਸ ਸਰਕਾਰੀ ਪਾਖੰਡ ਦੀ ਅਸਲੀਅਤ ਕਿਸੇ ਤੋਂ ਲੁਕੀ ਨਹੀਂ ਸੀ। ਦਰਅਸਲ ਵਿਭਚਾਰ ਦੀ “ਰੋਕਥਾਮ” ਦੇ ਸਾਰੇ ਕਾਨੂੰਨਾਂ ਦਾ ਉਦੇਸ਼ ਵੇਸ਼ਵਾਵਾਂ ਦੀ ਮੰਡੀ ਲਈ ਕਾਫ਼ੀ ਮਾਤਰਾ ਵਿੱਚ ਇਸਤਰੀਆਂ ਇਕੱਠੀਆਂ ਕਰਨਾ ਹੀ ਸੀ। ਇਸ ਪ੍ਰਬੰਧ ਦਾ ਇੱਕ ਖਾਸ ਲੱਛਣ ਇਹ ਵੀ ਸੀ ਕਿ ਸਾਰੀਆਂ ਬਦਚਲਣ ਕੁੜੀਆਂ ਅਤੇ ਇਸਤਰੀਆਂ ਅਲੱਗ-ਅਲੱਗ ਦਰਜ਼ਿਆਂ ਵਿੱਚ ਵੰਡ ਦਿੱਤੀਆਂ ਗਈਆਂ ਸਨ — ਸਭ ਤੋਂ ਕੀਮਤੀ, ਉੱਚੇ ਦਰਜੇ ਦੀਆਂ ਧਨਾਢਾਂ ਅਤੇ ਅਮੀਰ ਵਪਾਰੀਆਂ ਦੇ ਲਈ ਘੱਟ ਉਮਰ ਅਤੇ ਆਕਰਸ਼ਕ ਕੁੜੀਆਂ ਤੋਂ ਲੈ ਕੇ ਸਭ ਤੋਂ ਨੀਵੇਂ ਦਰਜੇ ਵਾਲ਼ੀਆਂ ਚੋਰਾਂ ਅਤੇ ਜੁਆਰੀਆਂ ਦੇ ਮੁਹੱਲਿਆਂ ਵਿੱਚ ਵੱਸਣ ਵਾਲੀਆਂ ਤੱਕ ਸਾਰੀਆਂ ਪੀਲੇ ਟਿਕਟ ਵਾਲ਼ੀਆਂ ਇਸਤਰੀਆਂ ਕਾਨੂੰਨੀ ਤੌਰ ’ਤੇ ਪੁਲਿਸ ਦੀ ਨਿਗਰਾਨੀ ਵਿੱਚ ਰਹਿੰਦੀਆਂ ਸਨ। ਪ੍ਰਬੰਧ ਇਸ ਗੱਲ ਦਾ ਵੀ ਸੀ ਕਿ ਸਮੇਂ-ਸਮੇਂ ’ਤੇ ਉਹਨਾਂ ਦੀ ਡਾਕਟਰੀ ਜਾਂਚ ਕੀਤੀ ਜਾਵੇ ਅਤੇ ਉਹਨਾਂ ਦੇ ਰਹਿਣ ਵਾਲ਼ੀਆਂ ਥਾਵਾਂ ਦੀ ਪੁਲਿਸ ਸਮੇਂ-ਸਮੇਂ ’ਤੇ ਤਲਾਸੀ ਲੈਂਦੀ ਰਹੇ। ਪਰ, ਅਮਲ ਵਿੱਚ ਇਸ ਨਾਲ਼ ਉੱਚੇ ਦਰਜੇ ਦੇ ਗਾਹਕਾਂ ਨੂੰ ਪ੍ਰੇਸ਼ਾਨੀ ਹੁੰਦੀ ਸੀ। ਇਸ ਲਈ ਪੁਲਿਸ ਇਹਨਾਂ ਪ੍ਰਭਾਵਸ਼ਾਲੀ ਲੋਕਾਂ ਦੇ ਗੁੱਸੇ ਤੋਂ ਬਚਣ ਲਈ ਜ਼ਿਆਦਾਤਰ ਨੀਵੇਂ ਦਰਜੇ ਵਾਲ਼ੀਆਂ ਵੇਸ਼ਵਾਵਾਂ ਨੂੰ ਹੀ ਤੰਗ ਕਰਿਆ ਕਰਦੀ ਸੀ।

ਇਸ ਪ੍ਰਬੰਧ ਦੇ ਫਲਸਰੂਪ ਵਿਭਚਾਰ ਨੇ ਜਿਹੜਾ ਰੂਪ ਧਾਰਨ ਕੀਤਾ ਉਸ ’ਤੇ ਸਹਿਜੇ ਵਿਸ਼ਵਾਸ ਨਹੀਂ ਹੁੰਦਾ। ਵਿਭਚਾਰ ਦੇ ਇਹਨਾਂ ਅੱਡਿਆਂ ’ਤੇ ਕਦੀ-ਕਦੀ ਇਸਤਰੀਆਂ ਦੀ ਕਮੀ ਹੋ ਜਾਂਦੀ। ਜਾਂ ਫ਼ੌਜੀ ਅਧਿਕਾਰੀ ਸ਼ਿਕਾਇਤ ਕਰਦੇ ਕਿ ਫ਼ੌਜੀ ਦਸਤਿਆਂ ਵਿੱਚ ਗਰਮੀ ਦਾ ਰੋਗ ਫੈਲ ਗਿਆ ਹੈ। ਤਦ ਕਾਨੂੰਨ ਦੀ ਪਾਬੰਦੀ ਦੇ ਨਾਂ ’ਤੇ, ਪੁਲਿਸ ਲਗਾਤਾਰ ਛਾਪੇ ਮਾਰਨ ਲੱਗਦੀ। ਮਜ਼ਦੂਰ ਬਸਤੀਆਂ ਦੀਆਂ ਸਾਰੀਆਂ ਸੜਕਾਂ, ਮਕਾਨਾਂ ਅਤੇ ਮਨੋਰੰਜਨ ਵਾਲ਼ੀਆਂ ਥਾਵਾਂ ਦੀਆਂ ਅੰਨ੍ਹੇਵਾਹ ਤਲਾਸੀਆਂ ਲਈਆਂ ਜਾਂਦੀਆਂ। ਪੇਸ਼ੇਵਰ ਵੇਸ਼ਵਾਵਾਂ ਨੂੰ ਗ੍ਰਿਫ਼ਤਾਰ ਕਰਨ ਦੇ ਨਾਲ਼ ਕੁੱਝ ਦੂਸਰੀਆਂ, ਸੁੰਦਰ, ਚੰਗੇ ਘਰਾਣਿਆਂ ਦੀਆਂ ਕੁੜੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਜਾਂਦਾ। ਇਹਨਾਂ ਬੇਗੁਨਾਹ ਕੁੜੀਆਂ ਨੂੰ ਅਦਾਲਤਾਂ ਵਿੱਚ ਪੇਸ਼ ਕੀਤਾ ਜਾਂਦਾ ਅਤੇ ਉਹਨਾਂ ’ਤੇ ਬਿਨਾਂ ਪੀਲਾ ਟਿਕਟ ਲਏ ਪੇਸ਼ਾ ਕਰਨਾ ਦਾ ਦੋਸ਼ ਲਗਾਇਆ ਜਾਂਦਾ। ਇਸ ਗੁਨਾਹ ਦਾ ਜ਼ੁਰਮਾਨਾ ਹੁੰਦਾ 500 ਰੂਬਲ। ਇੰਨੀ ਵੱਡੀ ਰਕਮ ਮੁਸ਼ਕਿਲ ਨਾਲ਼ ਹੀ ਕਦੇ ਕੋਈ ਦੇ ਸਕਦੀ। ਲਿਹਾਜ਼ਾ ਕਾਨੂੰਨ ਵਿੱਚ ਦੂਸਰਾ ਬੰਦੋਬਸਤ ਸੀ। ਅਪਰਾਧੀ ਨਾਗਰਿਕਤਾ ਦਾ ਪਾਸਪੋਰਟ ਵਾਪਸ ਕਰ ਦੇਣ ਅਤੇ ਪੀਲ਼ਾ ਟਿਕਟ ਲੈ ਲੈਣ। ਇਹ ਛਾਪੇ ਇੰਨੀ ਹੁਸ਼ਿਆਰੀ ਨਾਲ਼ ਮਾਰੇ ਜਾਂਦੇ ਸਨ ਕਿ ਪੁਲਿਸ ਅਫ਼ਸਰ ਅਸਲੀ ਵੇਸ਼ਵਾਵਾਂ ਅਤੇ ਨਵੀਆਂ ਕੁੜੀਆਂ ਦੇ ਇਲਾਵਾਂ, ਗਰੀਬ ਪਰ ਇੱਜਤਦਾਰ ਇਸਤਰੀਆਂ ਨੂੰ ਵੀ ਫੜ ਲਿਆਉਂਦੇ ਸਨ। ਕਦੀ-ਕਦੀ ਇਹਨਾਂ ਵਿੱਚ ਉਹ ਇਸਤਰੀਆਂ ਵੀ ਸ਼ਾਮਿਲ ਹੁੰਦੀਆਂ, ਜਿਹਨਾਂ ਦੀ ਗੋਦ ਵਿੱਚ ਨਿੱਕੇ-ਨਿੱਕੇ ਬੱਚੇ ਹੁੰਦੇ ਜਾਂ ਜਿਹੜੀਆਂ ਗਰਭਵਤੀ ਹੁੰਦੀਆਂ। ਮੈਜਿਸਟ੍ਰੇਟ ਤਕਰੀਬਨ ਸਭ ਨੂੰ ਬੜੀ ਉਦਾਰਤਾ ਨਾਲ਼ ਰਿਹਾਅ ਕਰ ਦਿੰਦਾ ਸੀ। ਜੇ ਨਹੀਂ ਰਿਹਾਅ ਕੀਤਾ ਜਾਂਦਾ ਤਾਂ

ਸਿਰਫ਼ ਉਹਨਾਂ ਇਸਤਰੀਆਂ ਨੂੰ ਜਿਨ੍ਹਾਂ ਨੂੰ ਫਸਾਉਣਾ ਹੁੰਦਾ ਸੀ। ਇਸ ਤਰ੍ਹਾਂ "ਇਸਤਰੀਆਂ ਇਕੱਠੀਆਂ ਕਰਨ" ਦੀ ਪੁਲਿਸ ਦੀ ਇਸ ਘ੍ਰਿਣਾਯੋਗ ਕਾਰਵਾਈ ਨੂੰ ਕਾਨੂੰਨੀ ਜਾਮਾ ਪਵਾ ਦਿੱਤਾ ਜਾਂਦਾ ਸੀ।

ਧਿਆਨ ਦੇਣ ਦੀ ਗੱਲ ਹੈ ਕਿ ਜ਼ਾਰਸ਼ਾਹੀ ਅਦਾਲਤਾਂ ਵਿੱਚ ਇਸਤਰੀਆਂ ਦੀ ਹਾਲਤ ਬੜੀ ਨਾਜ਼ੁਕ ਸੀ। ਵੈਸੇ ਤਾਂ ਇਹ ਆਮ ਤੌਰ 'ਤੇ ਸਾਰੀਆਂ ਇਸਤਰੀਆਂ ਲਈ ਸਹੀ ਹੈ ਪਰ ਜਿਹੜੀਆਂ ਅਨੈਤਿਕ ਜੀਵਨ ਬਤੀਤ ਕਰਦੀਆਂ, ਉਹਨਾਂ ਦੀ ਹਾਲਤ ਤਾਂ ਬੜੀ ਖ਼ਰਾਬ ਸੀ। ਕਾਉਂਟ ਤਾਲਸਤਾਏ ਦੇ ਨਾਵਲ **ਰੀਸਰੇਕਸ਼ਨ** (ਮੋਇਆਂ ਦੀ ਜਾਗ) ਵਿੱਚ ਵੀ ਇੱਕ ਅਜਿਹੀ ਨਾਰੀ ਦਾ ਦਿਲ ਵਲੂੰਧਰਨ ਵਾਲ਼ਾ ਚਿਤਰਣ ਹੈ, ਜੋ ਵਿਭਚਾਰ ਦੇ ਜਾਲ਼ ਵਿੱਚ ਫਸ ਜਾਂਦੀ ਹੈ। ਤਾਲਸਤਾਏ ਨੇ ਦਿਖਾਇਆ ਹੈ ਕਿ ਕਿਵੇਂ ਇੱਕ ਜਗੀਰੂ ਉੱਚ ਵਰਗ ਦਾ ਮੈਂਬਰ ਵੀ ਜ਼ਾਰਸ਼ਾਹੀ ਦੇ ਅਫ਼ਸਰਾਂ ਦੁਆਰਾ ਇਸਤਰੀਆਂ 'ਤੇ ਕੀਤੇ ਜਾਣ ਵਾਲ਼ੇ ਇਸ ਅੱਤਿਆਚਾਰ ਦੇ ਵਿਰੁੱਧ ਕੁੱਝ ਵੀ ਕਰ ਸਕਣ ਵਿੱਚ ਅਸਮੱਰਥ ਰਿਹਾ। ਸੱਚ ਪੁੱਛੋ ਤਾਂ ਪੀਲਾ ਟਿਕਟ ਨਰਕ ਦਾ ਟਿਕਟ ਸੀ। ਅਜਿਹੀਆਂ ਇਸਤਰੀਆਂ ਨੂੰ ਪੁਲਿਸ ਦੀ ਨਿਗਰਾਨੀ ਤੋਂ ਬਚਣ ਦੀ ਇਜਾਜ਼ਤ ਕਾਨੂੰਨ ਸਿਰਫ਼ ਦੋ ਹਾਲਤਾਂ ਵਿੱਚ ਦਿੰਦਾ ਸੀ। ਪਹਿਲੀ : ਕੋਈ ਅਜਿਹੀ ਬੀਮਾਰੀ ਲੱਗ ਗਈ ਹੋਵੇ ਕਿ ਉਹ ਆਦਮੀ ਦੇ ਕੰਮ ਦੀ ਨਾ ਰਹਿ ਗਈ ਹੋਵੇ; ਦੂਸਰੀ : ਮੌਤ।

ਅਜਿਹੀਆਂ ਹਾਲਤਾਂ ਵਿੱਚ ਗੁਪਤ ਰੋਗ ਫੈਲ ਰਹੇ ਸਨ। ਤਾਲਸਤਾਏ ਵਰਗੇ ਨਾਵਲਕਾਰਾਂ ਦੀਆਂ ਰਚਨਾਵਾਂ ਤੋਂ ਉਤੇਜਿਤ ਹੋ ਕੇ ਅਤੇ ਉੱਚ ਵਰਗ ਦੇ ਲੋਕਾਂ ਵਿੱਚ ਗਰਮੀ ਵੱਧਣ ਤੋਂ ਘਬਰਾ ਕੇ, ਕਦੀ-ਕਦੀ ਪ੍ਰਸਿੱਧ ਡਾਕਟਰ ਜ਼ਾਰ ਦੇ ਕਾਨੂੰਨ ਦੀਆਂ ਰੋਗ ਸਬੰਧੀ ਧਾਰਾਵਾਂ ਨੂੰ ਸਖ਼ਤੀ ਨਾਲ਼ ਲਾਗੂ ਕੀਤੇ ਜਾਣ ਦੀ ਮੰਗ ਕਰਦੇ। ਨਵੇਂ ਕਾਨੂੰਨ ਪਾਸ ਹੁੰਦੇ। ਨਵੀਂ ਲਹਿਰ ਸ਼ੁਰੂ ਕਰਨ ਦਾ ਪਾਖੰਡ ਰਚਿਆ ਜਾਂਦਾ। ਮਾਮਲਿਆਂ ਦੀ ਜਾਂਚ-ਪੜਤਾਲ ਲਈ ਪੁਲਿਸ ਦੁਆਰਾ ਰੱਖੇ ਗਏ ਡਾਕਟਰਾਂ ਦੀ ਤਨਖ਼ਾਹ ਦੀ ਦਰ, ਜਾਂਚ-ਪੜਤਾਲ ਕੀਤੇ ਜਾਣ ਵਾਲ਼ੇ ਲੋਕਾਂ ਦੀ ਸੰਖਿਆ ਦੇ ਅਨੁਸਾਰ ਹੁੰਦੀ। ਕਦੀ-ਕਦੀ ਡਾਕਟਰ ਨਿਰਾ ਸਿਖਾਂਦਰੂ ਹੁੰਦਾ ਸੀ। ਜਾਂ ਫਿਰ ਡਾਕਟਰਾਂ ਦੀ ਇੱਕ ਟੀਮ ਬਿਠਾਈ ਜਾਂਦੀ ਅਤੇ ਹਰੇਕ ਡਾਕਟਰ ਨੂੰ ਅਲੱਗ-ਅਲੱਗ ਤਨਖ਼ਾਹ ਦਿੱਤੀ ਜਾਂਦੀ। ਪੁਲਿਸ ਉਹਨਾਂ ਦੇ ਸਾਹਮਣੇ ਕਦੀ-ਕਦੀ ਹਰ ਘੰਟੇ ਚਾਰ-ਚਾਰ ਸੌ ਦੇ ਹਿਸਾਬ ਨਾਲ਼ ਇਸਤਰੀਆਂ ਜਾਂਚ ਲਈ ਘੇਰ ਲਿਆਉਂਦੀ। ਬਿਨਾਂ ਕੱਪੜੇ ਉਤਰਵਾਏ ਹੀ ਉਹਨਾਂ ਦੀ ਜਾਂਚ-ਪੜਤਾਲ ਪੂਰੀ ਹੋ ਜਾਂਦੀ। ਸਾਫ਼ ਹੈ, ਇਹ ਜਾਂਚ-ਪੜਤਾਲ ਸਿਰਫ਼ ਨਾਮ ਦੀ ਹੁੰਦੀ ਸੀ ਅਤੇ, ਕਿਉਂਕਿ ਕੋਈ ਖ਼ੌਫ਼ਨਾਕ ਬਿਮਾਰੀ ਫੜੀ ਜਾਣ 'ਤੇ ਇਹਨਾਂ ਇਸਤਰੀਆਂ ਨੂੰ ਇਲਾਜ ਲਈ ਬਹੁਤ ਵੱਡੀ ਰਕਮ ਖ਼ਰਚ ਕਰਨ ਦਾ ਡਰ ਰਹਿੰਦਾ ਸੀ, ਇਸ ਲਈ ਉਹਨਾਂ ਨੇ ਬਚਾਅ ਦਾ ਸਿੱਧਾ ਰਸਤਾ ਕੱਢ ਲਿਆ ਸੀ : ਉਹ ਪਹਿਲਾਂ ਹੀ ਪੁਲਿਸ ਅਤੇ ਡਾਕਟਰਾਂ ਦੀਆਂ ਜੇਬਾਂ ਗਰਮ ਕਰ ਦਿੰਦੀਆਂ ਸਨ।

ਇਸ ਦਾ ਮਤਲਬ ਇਹ ਨਹੀਂ ਕਿ ਪੀਲੇ ਟਿਕਟ ਦੇ ਇਸ ਘ੍ਰਿਣਤ ਪ੍ਰਬੰਧ ਦਾ ਅੰਤ ਕਰਨ ਲਈ ਰੂਸੀ ਮੈਡੀਕਲ ਮਾਹਿਰਾਂ ਨੇ ਕੋਈ ਉਪਾਅ ਕਰਨ ਦੀ ਕੋਸ਼ਿਸ਼ ਹੀ ਨਹੀਂ ਕੀਤੀ। ਦਰਅਸਲ, ਇਨਕਲਾਬ ਤੋਂ ਪਹਿਲਾਂ ਦੇ ਰੂਸ ਵਿੱਚ ਉਹਨਾਂ ਸਾਰੇ "ਉਪਾਵਾਂ" ਨੂੰ ਜਾਂਚਿਆਂ

ਅਤੇ ਪਰਖਿਆ ਜਾ ਚੁੱਕਿਆ ਸੀ, ਜਿਨ੍ਹਾਂ ਨੂੰ ਸਾਡੇ ਆਧੁਨਿਕ ਮਾਹਿਰ ਹੁਣ ਲੱਭ ਰਹੇ ਹਨ। ਪਰ, ਉਹ ਮਾਹਿਰ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਇਹ ਸਾਰੇ ਉਪਾਅ ਪਾਖੰਡ ਹਨ ਜੋ ਅਸਲ ਸਮੱਸਿਆ ਤੋਂ ਕਤਰਾਉਂਦੇ ਹਨ। ਅੱਜ ਤੋਂ ਤੀਹ ਸਾਲ ਪਹਿਲਾਂ ਡਾ. ਅਬਰਾਹਮ ਫਲੈਕਸਨਰ ਦੀ ਕਿਤਾਬ **ਯੂਰਪ ਵਿੱਚ ਵੇਸ਼ਵਾਗਮਨੀ** ਪ੍ਰਕਾਸ਼ਿਤ ਹੋਈ ਸੀ। ਇਸ ਵਿਸ਼ੇ ਨਾਲ਼ ਸਬੰਧਤ ਸਾਰੀਆਂ ਦਲੀਲਾਂ ਇਸ ਕਿਤਾਬ ਵਿੱਚ ਪੇਸ਼ ਕੀਤੀਆਂ ਜਾ ਚੁੱਕੀਆਂ ਹਨ। ਫਲੈਕਸਨਰ ਦੀ ਠੋਸ ਦਲੀਲ ਸੀ ਕਿ ਵੇਸ਼ਵਾਗਮਨੀ ਦੀ ਰੋਕ-ਥਾਮ ਦੀਆਂ ਸਾਰੀਆਂ ਕੋਸ਼ਿਸ਼ਾਂ ਮੂਰਖਤਾਂ ਤੋਂ ਇਲਾਵਾਂ ਹੋਰ ਕੁੱਝ ਨਹੀਂ ਹਨ। ਉਹਨਾਂ ਦਾ ਕਹਿਣਾ ਸੀ ਕਿ ਇੱਕ ਲੰਬੇ ਅਰਸੇ ਤੱਕ ਲਈ ਗੁਪਤ ਰੋਗਾਂ ਦੇ ਵਾਧੇ ਨੂੰ ਨਾ ਤਾਂ ਵੇਸ਼ਵਾਵਾਂ ਨੂੰ ਅਲੱਗ ਵਸਾ ਕੇ ਅਤੇ ਨਾ ਵੇਸ਼ਵਾਵਾਂ 'ਤੇ ਜ਼ਬਰ ਕਰਕੇ ਰੋਕਿਆ ਜਾ ਸਕਦਾ ਹੈ। ਵਿਭਚਾਰੀ ਇਸਤਰੀਆਂ ਅਤੇ ਉਹਨਾਂ ਦੇ ਗਾਹਕਾਂ ਦੀ ਡਾਕਟਰੀ ਜਾਂਚ-ਪੜਤਾਲ ਉਦੋਂ ਤੱਕ ਨਾਮੁਮਕਿਨ ਸੀ ਜਦੋਂ ਤੱਕ ਸਾਰੇ ਡਾਕਟਰਾਂ ਦੀ ਚੰਗੀ-ਭਲੀ ਫ਼ੌਜ ਨਾ ਖੜੀ ਕਰ ਲਈ ਜਾਵੇ। ਖ਼ੂਨ ਦੀ ਜਾਂਚ ਅਤੇ ਦਵਾ-ਦਾਰੂ ਰਾਹੀਂ ਗਰਮੀ ਅਤੇ ਸੁਜ਼ਾਕ ਨੂੰ ਰੋਕਣ ਲਈ ਘੱਟ ਤੋਂ ਘੱਟ ਓਨੇ ਸ਼ਫ਼ਾਖ਼ਾਨਿਆਂ ਦੀ ਜ਼ਰੂਰਤ ਸੀ ਜਿੰਨੇ ਕਿ ਉੱਥੇ ਗੈਸ ਬੱਤੀਆਂ ਦੇ ਸਟੇਸ਼ਨ ਸਨ।

ਗੁਪਤ ਰੋਗਾਂ ਬਾਰੇ ਇਸ ਅਸਲੀਅਤ ਨੂੰ ਜ਼ਾਰ-ਸਰਕਾਰ ਦੇ ਅਧਿਕਾਰੀ ਚੰਗੀ ਤਰ੍ਹਾਂ ਜਾਣਦੇ ਸਨ। ਉਹਨਾਂ ਨੇ ਨਾ ਤਾਂ ਕੁੱਝ ਕੀਤਾ, ਨਾ ਕੁੱਝ ਕਰ ਹੀ ਸਕਦੇ ਸਨ। ਉਹ ਇਹ ਵੀ ਜਾਣਦੇ ਸਨ ਕਿ ਵਿਭਚਾਰ 'ਤੇ ਕਿਸੇ ਤਰ੍ਹਾਂ ਦੇ ਸਰਕਾਰੀ ਕੰਟਰੋਲ ਦਾ ਨਤੀਜਾ ਇਹੀ ਹੋਵੇਗਾ ਕਿ ਸ਼ਾਸਨ ਸੰਸਥਾਵਾਂ ਵਿੱਚ ਭ੍ਰਿਸ਼ਟਾਚਾਰ ਵਧੇਗਾ। ਇਸ ਲਈ, ਇਸ ਭ੍ਰਿਸ਼ਟਾਚਾਰ ਨੂੰ ਉਹਨਾਂ ਨੇ ਕਾਨੂੰਨੀ ਦਰਜ਼ਾ ਦੇ ਦਿੱਤਾ। ਪੀਲੇ ਟਿਕਟ ਦੇ ਪ੍ਰਬੰਧ ਤਹਿਤ ਆਪਣਾ ਪੇਸ਼ਾ ਚਲਾ ਸਕਣ ਦੀ ਸਹੂਲਤ ਦੇ ਬਦਲੇ ਹਰੇਕ ਵੇਸ਼ਵਾ ਆਪਣੀ ਆਮਦਨੀ ਦਾ ਇੱਕ ਹਿੱਸਾ ਜ਼ਿਲ੍ਹਾਮੁਖੀ ਜਾਂ ਦੂਸਰੇ ਸਰਕਾਰੀ ਅਫ਼ਸਰਾਂ ਨੂੰ ਦਿੰਦੀ ਸੀ।

ਅੱਜ ਸ਼ਾਇਦ ਅਸੀਂ ਇਹ ਸਭ ਬਰਦਾਸ਼ਤ ਨਾ ਕਰੀਏ। ਪਰ, ਇੱਕ ਗੱਲ ਵਿੱਚ ਸੰਨ 1917 ਦੇ ਰੂਸ ਅਤੇ ਸਾਡੇ ਇੱਥੇ ਅਨੈਤਿਕਤਾ ਦੀ ਸਮੱਸਿਆ ਇੱਕੋ ਜਿਹੀ ਹੈ। ਅਨੈਤਿਕਾ ਵਾਧੇ 'ਤੇ ਸੀ। ਜ਼ਾਰਸ਼ਾਹੀ ਹਕੂਮਤ ਦੇ ਨਿਆ-ਵਿਭਾਗ ਦੇ ਸਰਕਾਰੀ ਅੰਕੜਿਆਂ ਮੁਤਾਬਿਕ, ਪਹਿਲੇ ਮਹਾਂਯੁੱਧ ਤੋਂ ਪਹਿਲਾਂ ਦੇ 20 ਸਾਲਾਂ ਵਿੱਚ ਵਿਭਚਾਰ ਅਤੇ ਅਪਰਾਧ ਲਗਾਤਾਰ ਵਾਧੇ 'ਤੇ ਸਨ। ਹੱਤਿਆਵਾਂ ਅਤੇ ਹਿੰਸਕ ਅਪਰਾਧਾਂ ਵਿੱਚ ਪੰਜਾਹ ਫੀਸਦੀ ਵਾਧਾ ਹੋ ਗਿਆ ਸੀ। ਇਸ ਤੋਂ ਵੀ ਤਿੰਨ ਗੁਣਾਂ ਤੇਜ਼ੀ ਨਾਲ਼ ਯੌਨ ਅਪਰਾਧਾਂ ਵਿੱਚ ਵਾਧਾ ਹੋਇਆ। ਪੀਲੇ ਟਿਕਟ ਦੇ ਪ੍ਰਬੰਧ ਨਾਲ਼ ਇਹ ਅਪਰਾਧ ਘਟੇ ਨਹੀਂ। ਉਲਟਾ, ਇਸ ਪ੍ਰਬੰਧ ਦੇ ਫੈਲਾਅ ਦੇ ਅਨੁਪਾਤ ਵਿੱਚ ਹੀ ਇਹਨਾਂ ਵਿੱਚ ਵੀ ਵਾਧਾ ਹੋਇਆ। ਸੰਨ 1913 ਵਿੱਚ, ਇਕੱਲੇ ਸੇਂਟ ਪੀਟਰਸਬਰਗ (ਹੁਣ ਲੈਨਿਨਗ੍ਰਾਦ) ਵਿੱਚ, ਸਰਕਾਰੀ ਲਾਇਸੈਂਸ ਪ੍ਰਾਪਤ ਅਨੈਤਿਕ ਇਸਤਰੀਆਂ ਦੀ ਸੰਖਿਆ 60 ਹਜ਼ਾਰ ਸੀ। ਦੁਰਾਚਾਰਾਂ ਦੇ ਨਾਲ਼ ਹੀ ਪਿਆਕੜ ਖ਼ਾਸ ਕਰਕੇ ਨੌਜਵਾਨਾਂ ਪਿਆਕੜਾਂ ਦੀ ਸੰਖਿਆ ਵਿੱਚ ਵੀ ਬੇਹੱਦ ਵਾਧਾ ਹੋਇਆ ਸੀ। ਦਸ ਸਾਲ ਦੇ ਅੰਦਰ ਹੀ ਨੌਜਵਾਨ ਦੁਰਾਚਾਰੀਆਂ ਦੀ ਸੰਖਿਆ ਦੋ ਗੁਣੀ ਹੋ ਗਈ ਸੀ — ਭਾਵੇਂ ਜ਼ਾਰਸ਼ਾਹੀ

ਅਦਾਲਤਾਂ ਗੰਭੀਰ ਅਪਰਾਧ ਕਰਨ ਵਾਲ਼ੇ ਨੌਜਵਾਨਾਂ ਦੇ ਮਾਮਲੇ ਹੀ ਲੈਂਦੀਆਂ ਸਨ, ਉਹਨਾਂ ਦੇ ਅੰਕੜਿਆਂ ਵਿੱਚ ਨਵੀਂ ਉਮਰ ਵਾਲ਼ਿਆਂ ਦੇ ਦੁਰਾਚਾਰ ਨੂੰ ਨਹੀਂ ਗਿਣਿਆ ਜਾਂਦਾ ਸੀ। ਇਨਕਲਾਬ ਤੋਂ ਠੀਕ ਪਹਿਲਾਂ, ਹਰ 10 ਵਿੱਚੋਂ 8 ਰੂਸੀ ਵੇਸ਼ਵਾਵਾਂ 21 ਸਾਲ ਤੋਂ ਘੱਟ ਉਮਰ ਦੀਆਂ ਸਨ। ਅੱਧੇ ਤੋਂ ਜ਼ਿਆਦਾ ਅਜਿਹੀਆਂ ਸਨ ਜਿਨ੍ਹਾਂ ਨੇ 18 ਸਾਲਾਂ ਦੀ ਉਮਰ 'ਤੇ ਪਹੁੰਚਣ ਤੋਂ ਪਹਿਲਾਂ ਹੀ ਇਸ ਪੇਸ਼ੇ ਨੂੰ ਅਪਣਾ ਲਿਆ ਸੀ। ਹਰ ਦਸ ਵਿੱਚੋਂ ਚਾਰ ਅਜਿਹੀਆਂ ਸਨ ਜਿਨ੍ਹਾਂ ਨੇ 16 ਸਾਲ ਦੀ ਉਮਰ ਤੋਂ ਅਨੈਤਿਕ ਜੀਵਨ ਸ਼ੁਰੂ ਕਰ ਦਿੱਤਾ ਸੀ ਅਤੇ ਕਈ ਤਾਂ ਚੌਦਾਂ ਸਾਲ ਦੀ ਹੋਣ ਤੋਂ ਪਹਿਲਾਂ ਹੀ ਅਵਾਰਾ ਬਣ ਗਈਆਂ ਸਨ।

ਇਹਨਾਂ ਤੱਥਾਂ ਨੂੰ ਇਹ ਕਹਿ ਕੇ ਟਾਲ਼ਿਆਂ ਨਹੀਂ ਜਾ ਸਕਦਾ ਕਿ ਜ਼ਾਰਸ਼ਾਹੀ ਵਿੱਚ ਤਾਂ ਲੋਕਾਂ ਨੂੰ ਮਨੁੱਖ ਨਹੀਂ ਸਗੋਂ ਪਸ਼ੂ ਦਾ ਜੀਵਨ ਬਿਤਾਉਣਾ ਪੈਂਦਾ ਸੀ। ਅੱਜ ਅਜਿਹੇ ਹੀ ਤੱਥ ਸਾਡੇ ਦੇਸ਼ਾਂ ਵਿੱਚ ਵੀ ਮੌਜੂਦ ਹਨ। ਸਾਡੀ "ਵਿਕਟਰੀ ਗਰਲ" ਵੀ ਨਵੀਂ ਉਮਰ ਦੀ ਹੀ ਕੁੜੀ ਹੁੰਦੀ ਹੈ। ਸਮਾਜਿਕ ਇਤਿਹਾਸ ਦੱਸਦਾ ਹੈ ਕਿ ਜਦ ਕਦੇ ਵੀ ਨੈਤਿਕ ਪਤਣ ਵੱਧਦਾ ਹੈ, ਤਾਂ ਘੱਟ ਉਮਰ ਵਾਲ਼ੇ ਦੁਰਾਚਾਰੀਆਂ ਦੀ ਸੰਖਿਆ ਵੀ ਵੱਧ ਜਾਂਦੀ ਹੈ।

ਇੱਧਰ ਕੁੱਝ ਦਿਨਾਂ ਤੋਂ ਸਾਡੀ ਚਿੰਤਾ ਹੋਰ ਵੀ ਵੱਧ ਗਈ ਹੈ। ਡਾਕਟਰਾਂ ਨੇ ਆਪਣੀਆਂ ਕੋਸ਼ਿਸ਼ਾਂ ਦੋ ਗੁਣਾਂ ਕਰ ਦਿੱਤੀਆਂ ਹਨ। ਪੁਰੋਹਿਤ-ਪਾਦਰੀ ਉਪਦੇਸ਼ ਅਤੇ ਚੇਤਾਵਨੀਆਂ ਦੇ ਰਹੇ ਹਨ। ਰਾਜਨੀਤਿਕ ਆਗੂ ਮਾਹਿਰਾਂ ਦੀਆਂ ਕਮੇਟੀਆਂ ਬਿਠਾ ਰਹੇ ਹਨ। ਇਹੀ ਸਭ ਸੰਨ 1910 ਵਿੱਚ ਵੀ ਹੋਇਆ ਸੀ, ਜਦੋਂ ਸਾਮਰਾਜ ਵਿੱਚ ਦੁਰਾਚਾਰ ਅਤੇ ਅਪਰਾਧਾਂ ਦੇ ਵਾਧੇ ਤੋਂ ਘਬਰਾ ਕੇ ਲੋਕਾਂ ਨੇ ਜ਼ਾਰ ਸਰਕਾਰ 'ਤੇ ਵੱਡਾ ਦਬਾਅ ਪਾਇਆ ਸੀ ਕਿ ਉਹ ਇਹਨਾਂ ਨੂੰ ਰੋਕਣ। ਉੱਚ ਵਰਗ ਦੇ ਇਮਾਨਦਾਰ ਮੈਂਬਰਾਂ ਅਤੇ ਸਨਮਾਨ ਪ੍ਰਾਪਤ ਪੇਸ਼ੇ ਦੇ ਲੋਕਾਂ ਨੂੰ ਵਿਦੇਸ਼ ਤੋਂ ਆਉਣ ਵਾਲ਼ਿਆਂ ਸਾਹਮਣੇ ਸ਼ਰਮ ਨਾਲ਼ ਸਿਰ ਝੁਕਾ ਲੈਣਾ ਪੈਂਦਾ ਸੀ ਜਦੋਂ ਉਹ ਬਿਨਾਂ ਕਿਸੀ ਝਿੱਜਕ ਇਹ ਦੱਸਦੇ ਕਿ ਸਾਰੇ ਸੱਭਿਅਕ ਲੋਕਾਂ ਨੂੰ 'ਪੀਲੇ ਟਿਕਟ ਦਾ ਪ੍ਰਬੰਧ' ਕਿੰਨੀ ਘ੍ਰਿਣਤ ਲੱਗਦਾ ਹੈ। ਇਨਕਲਾਬ ਤੋਂ ਸੱਤ ਸਾਲ ਪਹਿਲਾਂ, ਸੁਧਾਰਾਂ ਦੀ ਲਹਿਰ ਨੇ ਇੰਨਾ ਜ਼ੋਰ ਫੜਿਆਂ ਸੀ ਕਿ ਸਾਰੇ ਦੁਰਾਚਾਰ ਵਿਰੁੱਧ ਜਥੇਬੰਦ ਰੂਪ ਨਾਲ਼ ਸੰਘਰਸ਼ ਚਲਾਉਣ ਦੇ ਮਕਸਦ ਨਾਲ਼ ਜ਼ਾਰ ਨੂੰ ਇੱਕ ਕਾਂਗਰਸ ਬੁਲਾਉਣੀ ਪਈ ਸੀ। ਇਸ ਕਾਂਗਰਸ ਵਿੱਚ ਬਹਿਸ ਦਾ ਮੁੱਖ ਵਿਸ਼ਾ ਸੀ — ਦੁਰਾਚਾਰ ਸਬੰਧੀ "ਕਾਨੂੰਨਾਂ ਦਾ ਅੰਤ ਕਰਨਾ", ਭਾਵ ਸਰਕਾਰ ਵੱਲੋਂ ਦੁਰਾਚਾਰ ਦਾ ਕੰਟਰੋਲ ਬੰਦ ਕਰਨਾ। ਰੂਸ ਦੀਆਂ ਮਜ਼ਦੂਰ ਜਥੇਬੰਦੀਆਂ ਨੇ ਵੀ ਇਸ ਕਾਂਗਰਸ ਨੂੰ ਇੰਨਾ ਮਹੱਤਵ ਦਿੱਤਾ ਸੀ ਕਿ ਇਸ ਵਿੱਚ ਉਹਨਾਂ ਨੇ ਆਪਣੇ ਕੁੱਝ ਨੁਮਾਇੰਦੇ ਭੇਜੇ ਸਨ। ਪੁਲਿਸ ਦੇ ਜ਼ਬਰ ਦੇ ਬਾਵਜੂਦ, ਇਹਨਾਂ ਪ੍ਰਤੀਨਿਧੀਆਂ ਦੀ ਗੱਲ ਸੁਣੀ ਗਈ ਸੀ। ਉਹਨਾਂ ਦੀਆਂ ਗੱਲਾਂ ਬਹੁਤ ਹੀ ਸੰਖੇਪ ਸਨ। ਉਹਨਾਂ ਨੇ ਜ਼ਾਰਸ਼ਾਹੀ ਸਮਾਜੀ ਢਾਂਚੇ ਦੀਆਂ ਉਹ ਧੱਜੀਆਂ ਉਡਾਈਆਂ ਕਿ ਸੁਣਨ ਵਾਲ਼ਿਆਂ ਦੇ ਮੂੰਹ ਅੱਡੇ ਰਹਿ ਗਏ। ਉਹਨਾਂ ਨੇ ਜ਼ਾਰਸ਼ਾਹੀ ਦੇ ਆਰਥਿਕ ਅਤੇ ਰਾਜਨੀਤਕ ਭ੍ਰਿਸ਼ਟਾਚਾਰ ਨੂੰ ਹੀ ਅਨੈਤਿਕਤਾ ਦੇ ਵਾਧੇ ਦਾ ਮੂਲ ਕਾਰਨ ਐਲਾਨ ਕੀਤਾ ਸੀ ਅਤੇ ਭਵਿੱਖਬਾਣੀ ਕੀਤੀ ਸੀ ਕਿ ਉਸਦੇ ਰਹਿੰਦਿਆਂ ਵੇਸ਼ਵਾਗਮਨੀ ਅਤੇ ਗੁਪਤ ਰੋਗਾਂ ਦੀ ਸਮੱਸਿਆ ਹਲ ਕਰਨ ਦਾ ਹਾਕਮ ਜਮਾਤ ਦਾ ਹਰ ਯਤਨ ਅਸਫ਼ਲ

ਹੋਵੇਗਾ।

ਵਾਦ-ਵਿਵਾਦ ਵਿੱਚ ਇਸ ਭਵਿੱਖਬਾਣੀ ’ਤੇ ਵਿਚਾਰ-ਵਟਾਂਦਰਾ ਨਹੀਂ ਹੋਇਆ ਸੀ। ਡਰ ਸੀ ਉਸ ਤਰਾਂ ਕਰਨ ’ਤੇ ਕਿਤੇ ਸਮੁੱਚੀ ਕਾਂਗਰਸ ਨੂੰ ਹੀ ਸਾਇਬੇਰੀਆਂ ਦੀਆਂ ਜੇਲ੍ਹਾਂ ਦੀ ਹਵਾ ਨਾ ਖਾਣੀ ਪਵੇ। ਭਾਵ ਜਿੱਤ ਪੁਲਿਸ ਅਧਿਕਾਰੀਆਂ ਦੀ ਹੀ ਹੋਈ। ਉਹਨਾਂ ਦਾ ਕਹਿਣਾ ਸੀ ਕਿ ਦੂਜੇ ਦੇਸ਼ਾਂ ਦੇ ਬੇਕਾਬੂ ਅਨੈਤਿਕਤਾ ਦੇ ਮੁਕਾਬਲੇ ‘ਪੀਲ਼ੇ ਟਿਕਟ ਦਾ ਪ੍ਰਬੰਧ’ ਕਿਤੇ ਉੱਤਮ ਸੀ। ਉਹਨਾਂ ਦੀ ਦਲੀਲ ਸੀ, “ਭਲੇ ਘਰਾਣਿਆਂ” ਦੀਆਂ ਨੂੰਹਾਂ-ਧੀਆਂ ’ਤੇ ਅਨੈਤਿਕਤਾ ਦਾ ਅਸਰ ਪਵੇ, ਉਸ ਤੋਂ ਕਿਤੇ ਚੰਗਾ ਸੀ ਕਿ “ਹੇਠਲੀਆਂ ਜਮਾਤਾਂ” ਦੀਆਂ ਹਜ਼ਾਰਾਂ-ਲੱਖਾਂ ਇਸਤਰੀਆਂ ਜ਼ਿੰਦਗੀ ਭਰ ਲਈ ਅਨੈਤਿਕਤਾ ਦਾ ਪੇਸ਼ਾ ਕਰਦੀਆਂ ਰਹਿਣ। ਪਰ ਉਹਨਾਂ ਦੀ ਲੰਬੀਆਂ ਚੌੜੀਆਂ ਅਤੇ ਟਰਕਾਊ ਦਲੀਲਾਂ ਨੀਚਤਾ ਭਰੇ ਸ਼ਬਦਾਂ ਦੇ ਇਲਾਵਾ ਹੋਰ ਕੁੱਝ ਨਹੀਂ ਸਨ। ਰੂਸੀ ਸਾਮਰਾਜ ਵਿੱਚ ਕਿਉਂਕਿ ਅਨੈਤਿਕਤਾ ਨੂੰ ਲਗਾਤਾਰ ਅਤੇ ਸਰਕਾਰੀ ਤੌਰ ’ਤੇ ਵੱਧਣ-ਫੁੱਲਣ ਦੀ ਪੂਰੀ ਖੁੱਲ੍ਹ ਸੀ, ਇਸ ਲਈ ਸਰਕਾਰ ਲਈ ਉਹ ਬੜੇ ਫ਼ਾਇਦੇ ਦੀ ਚੀਜ਼ ਸੀ। ਅਸਲੀਅਤ ਤਾਂ ਇਹ ਹੈ ਕਿ ਅਨੈਤਿਕਤਾ ਦੀ “ਰੋਕ-ਥਾਮ” ਦੇ ਨਾਂ ’ਤੇ ਜੋ ਲੰਬੀ-ਚੌੜੀ ਰਕਮ ਰੂਸੀ ਇਸਤਰੀਆਂ ਤੋਂ ਕਾਨੂੰਨ ਦੇ ਜ਼ੋਰ ’ਤੇ ਵਸੂਲੀ ਜਾਂਦੀ ਸੀ ਉਹ ਜ਼ਾਰਸ਼ਾਹੀ ਦੀ ਭ੍ਰਿਸ਼ਟ ਹਕੂਮਤ ਦੇ ਢਿੱਡ ਵਿੱਚ ਪਹੁੰਚ ਜਾਂਦੀ ਸੀ। ਜ਼ਾਰਸ਼ਾਹੀ ਕਿਉਂਕਿ ਪੁਲਿਸ ਦੀ ਤਾਨਾਸ਼ਾਹੀ ’ਤੇ ਕਾਇਮ ਸੀ, ਇਸ ਲਈ ਉੱਚ ਅਧਿਕਾਰੀਆਂ ਨੇ ਵੇਸ਼ਵਾਗਮਨੀ ਤੋਂ ਹੋਣ ਵਾਲ਼ੀ ਆਮਦਨੀ ਨੂੰ ਰੋਕਣਾ ਠੀਕ ਨਾ ਸਮਝਿਆ। ਇਸ ਤਰ੍ਹਾਂ, ਕਾਨੂੰਨਾਂ ਦਾ ਅੰਤ ਕਰਨ ਲਈ ਬੁਲਾਈ ਗਈ ਕਾਂਗਰਸ ਦਾ ਅੰਤ ਅਨੈਤਿਕਤਾ ਦਾ ਪੇਸ਼ਾ ਕਰਨ ਵਾਲ਼ੀਆਂ “ਹੇਠਲੀਆਂ ਜਮਾਤਾਂ” ਦੀਆਂ ਇਸਤਰੀਆਂ ਦੀ ਭਿਆਨਕ ਅਨੈਤਿਕਤਾ ਬਾਰੇ ਵਿਖਾਵੇ ਭਰੇ ਫੈਸਲਿਆਂ ਵਿੱਚ ਹੋਇਆ ਸੀ। ਪਾਦਰੀਆਂ ਨੇ ਇਸ ਫੈਸਲੇ ਨੂੰ ਆਪਣਾ ਜੜ੍ਹਬੁੱਧੀਵਾਦੀ ਅਸ਼ੀਰਵਾਦ ਵੀ ਦੇ ਦਿੱਤਾ ਕਿ ਮਨੁੱਖ ਦੀ ਪਾਪ ਪ੍ਰਵਿਰਤੀ ਤਾਂ ਸਨਾਤਨ ਹੈ!

ਸੰਖੇਪ ਵਿੱਚ ਕਾਂਗਰਸ ਨੇ ਇਸ ਸਿਧਾਂਤ ਨੂੰ ਮੰਨ ਲਿਆ ਕਿ ਅਨੈਤਿਕਤਾ ਤਦ ਤੱਕ ਕਾਇਮ ਰਹੇਗੀ ਜਦੋਂ ਤੱਕ ਇਨਸਾਨ ਧਰਤੀ ’ਤੇ ਹੈ — ਮੌਜੂਦ ਹੈ ਅਤੇ ਅਨੈਤਿਕਤਾ ਫੈਲਾਉਣ ਦੀਆਂ ਜ਼ਿੰਮੇਵਾਰ ਇਸਤਰੀਆਂ ਹੀ ਹਨ।

ਇਸ ਸਬੰਧ ਵਿੱਚ, ਸਾਨੂੰ ਇੱਥੇ ਉਸ ਵਾਦ-ਵਿਵਾਦ ’ਤੇ ਵੀ ਗੌਰ ਕਰਨਾ ਚਾਹੀਦਾ ਹੈ ਜੋ ਕੁੱਝ ਦਿਨਾਂ ਤੋਂ ਅਮਰੀਕਾ ਵਿੱਚ ਚੱਲ ਰਿਹਾ ਹੈ। ਵਾਦ-ਵਿਵਾਦ ਇਸ ਧਾਰਣਾ ਨੂੰ ਲੈ ਕੇ ਹੈ ਕਿ ਸਮਾਜਿਕ ਸਮੱਸਿਆ ਦੇ ਰੂਪ ਵਿੱਚ ਗੁਪਤ ਰੋਗ ਨੂੰ ਵੀ ਦੋ ਨਸਲਾਂ ਵਿੱਚ ਰੱਖਿਆ ਜਾ ਸਕਦਾ ਹੈ। ਕਾਲੀ ਅਤੇ ਗੋਰੀ। ਕਾਰਨੇਲ ਯੂਨੀਵਰਸਿਟੀ ਮੈਡੀਕਲ ਕਾਲਜ ਦੇ ‘ਪਬਲਿਕ ਪਿਰਵੇਂਟਿਵ ਮੈਡੀਸਨ ਵਿਭਾਗ’ ਦੇ ਬਹੁਤ ਹੀ ਪ੍ਰਸਿੱਧ ਮੈਂਬਰ ਡਾਕਟਰ ਡਬਲਯੂ. ਜੀ. ਸਿਮਨੀ ਨੇ ‘ਅਮੇਰਿਕਨ ਮੈਡੀਕਲ ਐਸੋਸ਼ੀਏਸ਼ਨ’ ਦੇ (ਜੂਨ ਸੰਨ 1943 ਦੇ) **ਜਰਨਲ** ਵਿੱਚ ਇੱਕ ਮਹੱਤਵਪੂਰਨ ਲੇਖ ਪ੍ਰਕਾਸ਼ਿਤ ਕੀਤਾ। ਅਮਰੀਕੀ ਫ਼ੌਜ ਦੇ ਕੁੱਝ ਚੁਣੇ ਹੋਏ ਗਰਮੀ ਦੇ ਮਰੀਜ਼ਾਂ ਬਾਰੇ ਆਪਣੀਆਂ ਜਾਂਚਾਂ ਦਾ ਜ਼ਿਕਰ ਕਰਦੇ ਹੋਏ, ਉਹਨਾਂ ਨੇ ਕਿਹਾ :

“ਇਹ ਤੱਥ ਦੱਸਦੇ ਹਨ ਕਿ ਗਰਮੀ ਦੇ ਵਾਧੇ ਨੂੰ ਰੋਕਣ ਲਈ ਅਮਰੀਕਾ ਵਿੱਚ

ਜਿੰਨਾ ਪ੍ਰਚਾਰ ਹੋਇਆ ਹੈ, ਉਹ ਬਹੁਤ ਹੀ ਗਲਤ ਰਿਹਾ ਹੈ। ਕਹਾਵਤ ਮਸ਼ਹੂਰ ਹੈ : ਹਰ ਦਸ ਵਿੱਚੋਂ ਇੱਕ ਆਦਮੀ ਨੂੰ ਗਰਮੀ ਹੋਵੇਗੀ। ਪਰ, ਇਹ ਝੂਠ ਹੈ। ਸਾਡੇ ਦੇਸ਼ ਦੇ ਜ਼ਿਆਦਾਤਰ ਹਿੱਸੇ ਵਿੱਚ ਗੋਰੇ ਆਦਮੀਆਂ ਨੂੰ ਗਰਮੀ ਬਹੁਤ ਘੱਟ ਹੈ; ਜਿਨ੍ਹਾਂ ਲੋਕਾਂ ਨੂੰ ਹੈ ਵੀ, ਉਹ ਜ਼ਿਆਦਾਤਰ ਗੋਰੀ ਨਸਲ ਦੇ ਸਭ ਤੋਂ ਹੇਠਲੀਆਂ ਜਮਾਤਾਂ ਦੇ ਹਨ। ਗੋਰੇ ਲੋਕਾਂ ਵਿੱਚ ਜ਼ਿਆਦਾਤਰ ਲਈ ਗਰਮੀ ਬੇਸਮਝਾਂ, ਲਾਪਰਵਾਹਾਂ, ਅਪਰਾਧੀਆਂ ਅਤੇ ਸਮਾਜ ਵੱਲੋਂ ਬਾਕੀਕਾਟ ਕੀਤੇ ਲੋਕਾਂ ਦੀ ਹੀ ਬਿਮਾਰੀ ਹੈ। ਅਸਲ ਵਿੱਚ, ਇਹ ਇੱਕ ਸਮਾਜਿਕ ਬਿਮਾਰੀ ਹੈ।"

ਇਸ ਦੇ ਬਾਅਦ, ਡਾ. ਸਿਮਲੀ ਨੇ ਨੀਗਰੋ ਹਬਸੀ ਲੋਕਾਂ ਵਿਚਾਲੇ ਗਰਮੀ ਦੇ ਰੋਗ ਦਾ ਜ਼ਿਕਰ ਕੀਤਾ : "ਕਿਉਂਕਿ ਗੋਰਿਆਂ ਦੇ ਮੁਕਾਬਲੇ ਨੀਗਰੋ ਲੋਕਾਂ ਵਿੱਚ ਗਰਮੀ ਦਸ ਗੁਣਾਂ ਤੋਂ ਵੀ ਜ਼ਿਆਦਾ ਹੈ, ਇਸ ਲਈ ਹਾਕਮਾਂ ਨੂੰ ਆਪਣੀਆਂ ਯੋਜਨਾਵਾਂ ਵਿੱਚ ਉਹਨਾਂ ਲੋਕਾਂ ਵਿੱਚ ਗਰਮੀ ਨੂੰ ਰੋਕਣ ਦਾ ਘੱਟ ਤੋਂ ਘੱਟ ਦਸ ਗੁਣਾਂ ਜ਼ਿਆਦਾ ਪ੍ਰਬੰਧ ਕਰਨਾ ਚਾਹੀਦਾ ਹੈ। ਇਹਨਾਂ ਯਤਨਾਂ ਦੇ ਫਲਸਰੂਪ ਗੋਰੇ ਲੋਕਾਂ ਵਿੱਚ ਵੀ ਗਰਮੀ ਦੇ ਰੋਗ ਦੀ ਕਮੀ ਹੋ ਜਾਵੇਗੀ।"

ਇਸ ਤਰਕ ਨੂੰ ਨੀਗਰੋ ਲੋਕਾਂ 'ਤੇ ਇੱਕ ਹਮਲਾ ਵੀ ਮੰਨਿਆਂ ਜਾ ਸਕਦਾ ਸੀ, ਕਿਉਂਕਿ ਇਸ ਵਿੱਚ ਆਮ ਨੀਗਰੋ ਲੋਕਾਂ ਦੇ ਨਾਲ਼ ਬੇਸਮਝ, ਲਾਪਰਵਾਹ, ਅਪਰਾਧੀ ਅਤੇ ਸਮਾਜ ਵੱਲੋਂ ਬਾਈਕਾਟ ਕੀਤੇ ਗੋਰਿਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਵੇਂ ਕਿ ਦੋਵੇਂ ਬਰਾਬਰ ਹੋਣ। ਖੈਰ, ਅਸੀਂ ਡਾ. ਸਿਮਲੀ ਦੇ ਇਰਾਦੇ ਦੇ ਕੁੱਝ ਹੋਰ ਹੀ ਅਰਥ ਲੈਂਦੇ ਹਨ। ਇਹੀ ਸਹੀ ਕਿ ਉਹ ਅੰਕੜਿਆਂ ਦੇ ਅਧਾਰ 'ਤੇ ਪੇਸ਼ ਕੀਤੇ ਗਏ ਇੱਕ ਅਕਾਟ ਤੱਥ ਵੱਲ ਡਾਕਟਰਾਂ ਦਾ ਧਿਆਨ ਖਿੱਚਣਾ ਚਾਹੁੰਦੇ ਹਨ। ਉਹ ਅੱਗੇ ਕਹਿੰਦੇ ਹਨ :

"ਸਰਕਾਰੀ ਸਿਹਤ ਵਿਭਾਗ ਦੇ ਅਧਿਕਾਰੀਆਂ ਵਿੱਚ ਇੱਕ ਇਹ ਪ੍ਰਵਿਰਤੀ ਰਹੀ ਹੈ ਕਿ ਨੀਗਰੋ ਲੋਕਾਂ ਵਿੱਚ ਗਰਮੀ ਦੀ ਬਹੁਲਤਾ ਨੂੰ ਜਾਂ ਤਾਂ ਨਜ਼ਰਅੰਦਾਜ਼ ਕਰੋ ਜਾਂ ਉਸ ਦੇ ਵੱਲ ਧਿਆਨ ਹੀ ਨਾ ਦਿਓ... ਜਿੰਨੀ ਜਲਦੀ ਇਸ ਸੱਚ ਨੂੰ ਮੰਨ ਕੇ ਹਾਲਤ ਕਾਬੂ ਵਿੱਚ ਲਿਆਉਣ ਲਈ ਉੱਚਿਤ ਕਦਮ ਚੁੱਕੇ ਜਾਣਗੇ ਓਨਾ ਹੀ ਨੀਗਰੋ ਨਸਲ ਅਤੇ ਸਮੁੱਚੀ ਕੌਮ ਦੀ ਸਿਹਤ ਲਈ ਫਾਇਦੇਮੰਦ ਹੋਵੇਗਾ।"

ਇਸ ਡਾਕਟਰ ਸਾਹਿਬ ਦਾ ਉਦੇਸ਼ ਤਾਂ ਨਿਰਸੰਦੇਹ ਸਰਾਹੁਣਯੋਗ ਹੈ; ਪਰ ਉਹ, ਅਤੇ ਉਪਰਲੇ ਤੌਰ 'ਤੇ ਸਹੀ ਲੱਗਣ ਵਾਲ਼ੇ ਉਹਦੇ ਤਰਕ ਦਾ ਸਮਰਥਨ ਕਰਨ ਵਾਲ਼ੇ ਦੂਜੇ ਲੋਕ, ਉਹਨਾਂ ਸਰਕਾਰੀ ਅਧਿਕਾਰੀਆਂ ਤੋਂ ਕਿਤੇ ਵੱਡੇ ਅਪਰਾਧ ਦੇ ਭਾਗੀ ਹਨ। ਜਿਨ੍ਹਾਂ ਦੀ ਆਲੋਚਨਾ ਕੀਤੀ ਗਈ ਹੈ। ਇਹ ਦਲੀਲ ਤੱਥਾਂ ਨੂੰ ਇਸ ਤਰ੍ਹਾਂ ਨਜ਼ਰਅੰਦਾਜ਼ ਕਰਦੀ ਹੈ ਕਿ ਵਿਗਿਆਨੀ ਲਈ ਨਾਮਾਫੀਯੋਗ ਹੈ। ਇਹ ਯਥਾਰਥ ਨੂੰ ਨਜ਼ਰਅੰਦਾਜ਼ ਕਰਦੀ ਹੈ।

ਗੋਰਿਆਂ ਮੁਕਾਬਲੇ ਨੀਗਰੋ ਲੋਕਾਂ ਵਿੱਚ ਰੋਗ ਦਾ ਵਾਧਾ ਇੰਨਾ ਜ਼ਿਆਦਾ ਹੈ — **ਕਿਉਂ ?** ਕੀ ਇਸ ਦਾ ਕਾਰਨ, ਜਿਵੇਂ ਡਾ. ਸਿਮਲੀ ਨੇ ਦੱਸਿਆ ਹੈ, ਨਸਲੀਫਰਕ ਹੈ? ਗੋਰਿਆਂ ਵਿੱਚ ਵੀ 'ਸਮਾਜ ਵੱਲੋਂ ਬਾਈਕਾਟ ਕੀਤੇ ਗੋਰਿਆ' 'ਤੇ ਹੀ ਗੁਪਤ ਰੋਗਾਂ ਦਾ ਹਮਲਾ ਵੱਧ **ਕਿਉਂ** ਹੁੰਦਾ ਹੈ?

ਕਿਸੇ ਵੀ ਅਨੁਭਵੀ ਸਮਾਜ-ਸੇਵੀ ਲਈ ਇਸ ਦਾ ਉੱਤਰ ਸਹਿਜ ਹੀ ਹੈ। ਨੀਗਰੋ ਲੋਕਾਂ ਵਿੱਚ ਗਰਮੀ ਨੂੰ ਜੋ ਨਜ਼ਰਅੰਦਾਜ਼ ਕੀਤਾ ਗਿਆ ਹੈ, ਉਸ ਦੀ ਇੱਕ ਖਾਸ ਵਜ੍ਹਾ ਹੈ। ਵਜ੍ਹਾ ਹੈ: ਸੱਚਾਈ ਸਾਹਮਣੇ ਲਿਆਉਣ 'ਤੇ ਨੀਗਰੋ ਲੋਕਾਂ ਨੂੰ ਅਮਰੀਕਾ ਵਿੱਚ ਕਿਵੇਂ ਦਾ ਜੀਵਨ ਬਿਤਾਉਣਾ ਪੈਂਦਾ ਹੈ, ਇਸਦੀ ਅਸਲੀਅਤ ਖੁੱਲ੍ਹ ਜਾਵੇਗੀ। ਅਮਰੀਕਾ ਦੇ ਬਹੁਗਿਣਤੀ ਨੀਗਰੋ ਆਰਥਿਕ ਅਤੇ ਰਾਜਨੀਤਕ ਦਾਬੇ ਦੀ ਚੱਕੀ ਵਿੱਚ ਪਿਸ ਰਹੇ ਹਨ। ਇਹ ਦਾਬਾ ਜ਼ਾਰਸ਼ਾਹੀ ਦਾਬੇ ਤੋਂ ਕਿਸੇ ਵੀ ਗੱਲੋਂ ਘੱਟ ਨਹੀਂ ਹੈ। ਨੀਗਰੋਂ ਲੋਕਾਂ ਅਤੇ "ਸਮਾਜ ਵੱਲੋਂ ਬਾਈਕਾਟ ਕੀਤੇ" ਗੋਰਿਆਂ ਵਿੱਚ ਗਰਮੀ ਦੇ ਰੋਗ ਦੀ ਬਹੁਲਤਾ, "ਦੋਵਾਂ", ਦੀ ਵਜ੍ਹਾ ਇੱਕ ਹੀ ਹੈ। ਇਸ ਵਜ੍ਹਾ ਦਾ ਨਸਲੀਫਰਕ ਨਾਲ਼ ਕੋਈ ਸਬੰਧ ਨਹੀਂ। ਵਜ੍ਹਾ ਹੈ : ਗਰੀਬੀ।

ਡਾ. ਸਿਮਲੀ ਇਸ ਨੰਗੇ ਸੱਚ 'ਤੇ ਨਰਮ ਅੰਕੜਿਆਂ ਅਤੇ "ਤੱਥਾਂ" ਦਾ ਪਰਦਾ ਪਾ ਰਹੇ ਹਨ, ਠੀਕ ਉਹਨਾਂ ਲੋਕਾਂ ਦੀ ਤਰ੍ਹਾਂ ਜੋ ਜਾਣਬੁੱਝ ਜਾਂ ਅਣਜਾਣੇ ਹੀ ਅਨੈਤਿਕਤਾ ਦੀਆਂ ਬੁਨਿਆਦੀ ਸੱਚਾਈਆਂ ਨੂੰ ਲੁਕਾਉਣਾ ਚਾਹੁੰਦੇ ਹਨ। ਡਾ. ਸਿਮਲੀ ਕਹਿੰਦੇ ਹਨ, "ਗਰਮੀ ਅਸਲ ਵਿੱਚ ਇੱਕ ਸਮਾਜਿਕ ਬਿਮਾਰੀ ਹੈ।" ਇਸ ਦਾ ਮਤਲਬ ਕੀ ਹੈ ? ਜੋ ਵੀ ਤੁਸੀਂ ਚਾਹੋ ਸਮਝ ਲਵੋ ! ਆਰਥਿਕ ਮੰਦੀ ਦੇ ਦਿਨਾਂ ਵਿੱਚ ਵੀ ਅਜਿਹੇ ਹੀ ਵਾਕਾਂ ਦਾ ਪ੍ਰਯੋਗ ਕੀਤਾ ਜਾਂਦਾ ਸੀ। ਇਹਨਾਂ ਵਾਕਾਂ ਦਾ ਪ੍ਰਯੋਗ ਕਰਨ ਵਾਲ਼ੇ ਉਹ ਅਖੌਤੀ ਵਿਗਿਆਨੀ ਸਨ ਜੋ ਬੇਰੁਜ਼ਗਾਰ ਲੋਕਾਂ ਦੇ ਮਾਮਲੇ ਦੀ ਜਾਂਚ-ਪੜਤਾਲ ਵਿੱਚ, ਵਿੱਚ-ਵਿਚਾਲੇ ਹੋਣ ਦਾ ਦਾਅਵਾ ਕਰਦੇ ਸਨ ਅਤੇ, ਸਰਕਾਰ ਤੋਂ ਬੇਰੁਜ਼ਗਾਰੀ ਦੇ ਦਿਨਾਂ ਵਿੱਚ ਸਹਾਇਤਾ ਦੇ ਰੂਪ ਵਿੱਚ ਕੁੱਝ ਪੈਨਸ਼ਨ ਹਾਸਲ ਕਰਨ ਵਾਲ਼ੇ ਨੱਕੂ ਸ਼ਾਹ ਬਣ ਕੇ, ਸਮਾਜ-ਸ਼ਾਸਤਰ ਦੇ ਇਹਨਾਂ "ਅਧਿਐਨਕਰਤਵਾਂ" ਨੇ ਦਾਅਵਾ ਕੀਤਾ ਸੀ ਕਿ "ਬੇਰੁਜ਼ਗਾਰੀ ਅਸਲ ਵਿੱਚ ਇੱਕ ਸਮਾਜਿਕ ਘਟਨਾ ਹੈ।" ਉਹਨਾਂ ਹਾਸੋਹੀਣੇ ਸਿਧਾਂਤ ਘੜੇ ਕਿ ਕਿੰਨੀ ਤਰ੍ਹਾਂ ਦੇ ਲੋਕ "ਬੇਰੁਜ਼ਗਾਰ" ਹੋ ਸਕਦੇ ਹਨ ਅਤੇ ਇਸ ਤਰ੍ਹਾਂ ਉਹਨਾਂ ਨੇ ਪਿਛਾਖੜੀਆਂ ਦੀਆਂ ਘਟੀਆਂ ਚਾਲਾਂ ਦਾ ਹੀ ਸਾਥ ਦਿੱਤਾ, ਜੋ ਆਪਣੇ ਅਖੌਤੀ "ਵਿਗਿਆਨ" ਦੇ ਜ਼ੋਰ 'ਤੇ ਹੂਵਰਵਾਦ ਵਾਂਗ ਕਹਿਣ ਲੱਗੇ : "ਜਿਸ ਵਿੱਚ ਸ਼ਕਤੀ ਹੋਵੇਗੀ ਉਹ ਬੇਰੁਜ਼ਗਾਰ ਨਹੀਂ ਰਹਿ ਸਕਦਾ। ਕੰਮਚੋਰ ਲੋਕ ਹੀ ਸਰਕਾਰ ਤੋਂ ਬੇਰੁਜ਼ਗਾਰੀ-ਭੱਤਾ ਚਾਹੁੰਦੇ ਹਨ !"

ਨਿਰਸੰਦੇਹ, ਗਰਮੀ ਇੱਕ ਸਮਾਜਿਕ ਬਿਮਾਰੀ ਹੈ। ਇਸ ਤਰ੍ਹਾਂ ਵੇਸ਼ਵਾਗਮਨੀ ਵੀ ਸਮਾਜਿਕ ਬੁਰਾਈ ਹੈ। ਇਸ ਦਾ ਅਰਥ ਇਹ ਹੈ ਅਨੈਤਿਕਤਾ ਅਤੇ ਉਸ ਨਾਲ਼ ਸਬੰਧਤ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਸਮਾਜ ਦੀਆਂ ਬੁਨਿਆਦੀ ਖਰਾਬੀਆਂ ਵਿੱਚ ਹੈ। ਅਮਰੀਕਾ ਦੇ ਨੀਗਰੋ ਲੋਕਾਂ ਦੇ ਨਾਲ਼-ਨਾਲ਼ ਅਪਰਾਧੀ ਅਤੇ ਸਮਾਜ ਵੱਲੋਂ ਬਾਈਕਾਟ ਕੀਤੇ ਗੋਰਿਆਂ ਨੂੰ ਜੋੜ ਕੇ ਡਾ. ਸਿਮਲੀ ਨੇ ਵਿਗਿਆਨਕ ਤੱਥਾਂ ਦੀ ਹੱਦ ਨੂੰ ਭੰਗ ਕੀਤਾ ਹੈ ਅਤੇ ਇਸ ਤਰ੍ਹਾਂ ਜਾਣੇ ਜਾਂ ਬਿਨਾਂ ਜਾਣੇ, ਉਹਨਾਂ ਨੇ ਨਸਲਾਂ ਦਰਮਿਆਨ ਨਫ਼ਰਤ ਫੈਲਾਉਣ ਵਾਲ਼ਿਆਂ ਦੇ ਹੱਥ ਵਿੱਚ ਇੱਕ ਸ਼ਕਤੀਸ਼ਾਲੀ ਹਥਿਆਰ ਸੌਂਪ ਦਿੱਤਾ ਹੈ। ਗਰਮੀ ਦੀ ਸਮੱਸਿਆ ਦਾ ਅਜਿਹਾ "ਵਿਸ਼ਲੇਸ਼ਣ" ਹੋਰ ਵੀ ਬਦਕਾਰ ਹੋ ਜਾਂਦਾ ਹੈ ਕਿਉਂਕਿ ਇਸ ਬਿਮਾਰੀ ਦਾ ਸਬੰਧ ਸੈਕਸ ਨਾਲ ਹੈ ਅਤੇ ਇਹ ਸਫੈਦ ਝੂਠ ਕਿ ਨੀਗਰੋ ਨਸਲ ਗੋਰੀ ਨਸਲ ਤੋਂ ਘੱਟ ਨੈਤਿਕ ਹੁੰਦੀ ਹੈ,

ਨੀਗਰੋ ਵਿਰੋਧੀ ਪ੍ਰਚਾਰ ਦੀ ਨੀਂਹ ਹੈ। ਇਸ ਨੂੰ ਲੈ ਕੇ ਦੱਖਣੀ ਅਮਰੀਕਾ ਦੇ ਫ਼ਾਸ਼ਿਸਟ ਗੋਰੇ, ਨੀਗਰੋ ਲੋਕਾਂ 'ਤੇ ਵਹਿਸ਼ੀਆਨਾ ਹਮਲੇ ਕਰਦੇ ਹਨ। ਦੱਖਣੀ ਅਮਰੀਕਾ ਵਿੱਚ ਨੀਗਰੋ ਅਤੇ ਗੋਰਿਆਂ ਦੇ ਵਿਚਾਲੇ ਨੈਤਿਕਤਾ ਦੀ ਸਮੱਸਿਆ ਨੀਗਰੋ ਨਸਲ ਤੋਂ ਨਹੀਂ, ਸਗੋਂ ਉਹਨਾਂ 'ਤੇ ਥੋਪੇ ਜਾਣ ਵਾਲ਼ੇ ਅਣਮਨੁੱਖੀ ਜ਼ਬਰ ਤੋਂ ਪੈਦਾ ਹੁੰਦੀ ਹੈ। ਇਹ ਜ਼ਬਰ ਕਾਲ਼ਿਆਂ ਅਤੇ ਗੋਰਿਆਂ, ਦੋਵਾਂ ਨੂੰ ਹੀ, ਨਿਰਾਸ਼ਾ ਦੀ ਖੱਡ ਵਿੱਚ ਧੱਕ ਦਿੰਦਾ ਹੈ। ਪਰ, ਡਾ. ਸਿਮਲੀ ਤਾਂ ਸਾਡੇ ਤੋਂ ਇਹ ਮਨਵਾਉਣ 'ਤੇ ਤਹੂ ਹਨ ਕਿ ਨੀਗਰੋ ਲੋਕਾਂ ਨੂੰ ਗਰਮੀ ਤੋਂ ਬਰੀ ਕਰ ਦੇਣ 'ਤੇ ਗੋਰੇ ਵੀ ਉਸ ਤੋਂ ਮੁਕਤ ਹੋ ਜਾਣਗੇ। ਮਤਲਬ ਇਹ ਕਿ ਗੋਰਿਆਂ ਵਿੱਚ ਗਰਮੀ ਦਾ ਰੋਗ ਫੈਲਾਉਣ ਦੀ ਜ਼ਿੰਮੇਵਾਰੀ ਨੀਗਰੋ ਲੋਕਾਂ 'ਤੇ ਹੀ ਹੈ। ਇਹ ਵਿਚਾਰ, ਕਿਸੇ ਦੂਸਰੇ ਤੋਂ ਨਹੀਂ, ਗੋਬਲਜ਼ ਅਤੇ ਉਸਦੇ ਚਮਚਿਆਂ ਤੋਂ ਹੀ ਉਧਾਰ ਲਏ ਗਏ ਹਨ।

ਤਾਂ, ਇਸ "ਸਮਾਜਿਕ ਬਿਮਾਰੀ" ਦਾ ਦੂਸਰੇ ਦੇਸ਼ਾਂ ਵਿੱਚ ਰੂਪ ਕੀ ਹੈ?

ਕਨੇਡਾ ਵਿੱਚ, ਜਿੱਥੇ ਨੀਗਰੋ ਆਬਾਦੀ ਬਹੁਤ ਘੱਟ ਹੈ ਅਤੇ ਜਿੱਥੇ ਅਮਰੀਕਾ ਦੇ ਮੁਕਾਬਲੇ ਗੋਰਿਆਂ ਅਤੇ ਕਾਲਿਆਂ ਵਿਚਕਾਰ ਆਰਥਿਕ ਭੇਦਭਾਵ ਬਹੁਤ ਘੱਟ ਹੈ, ਉਹਨਾਂ ਵਿਚ ਗਰਮੀ ਦੇ ਰੋਗ ਦੇ ਵਾਧੇ ਦਾ ਅੰਦਾਜ਼ਾ ਕਦੇ ਅਲੱਗ-ਅਲੱਗ ਅੰਕੜਿਆਂ ਦੇ ਅਧਾਰ 'ਤੇ ਨਹੀਂ ਲਗਾਇਆ ਗਿਆ ਹੈ। ਮੈਂ ਕਨੇਡਾ ਦੇ ਡਾਕਟਰਾਂ ਅਤੇ ਸਮਾਜਿਕ ਕਾਰਕੁੰਨਾਂ ਤੋਂ ਇਸ ਸਬੰਧ ਵਿੱਚ ਪੁਛਗਿਛ ਕੀਤੀ ਹੈ। ਕਨੇਡਾ ਦੇ ਔਸਤ ਨੀਗਰੋ ਗਰੀਬ ਜ਼ਰੂਰ ਹਨ, ਪਰ ਕੰਗਾਲੀ ਤੋਂ ਇਹ ਇੰਨਾ ਜ਼ਿਆਦਾ ਪੀੜਿਤ ਨਹੀਂ ਹਨ ਜਿੰਨੇ ਕਿ ਅਮਰੀਕਾ ਦੇ ਲੱਖਾਂ ਨੀਗਰੋ ਪਰਿਵਾਰ। ਰਹੀ ਗੁਪਤ ਰੋਗਾਂ ਦੀ ਗੱਲ, ਤਾਂ ਕਨੇਡਾ ਦੇ ਗੋਰਿਆਂ ਅਤੇ ਨੀਗਰੋ ਲੋਕਾਂ ਵਿੱਚ ਕੋਈ ਖ਼ਾਸ ਅੰਤਰ ਨਹੀਂ ਦਿਖਾਈ ਦਿੰਦਾ।

ਪਰ ਰੈੱਡ ਇੰਡੀਅਨਾਂ ਵਿੱਚ ਜ਼ਰੂਰ ਉਹਨਾਂ ਜ਼ਿਲ੍ਹਿਆਂ ਵਿੱਚ ਗਰਮੀ ਦਾ ਰੋਗ ਬਹੁਤ ਜ਼ਿਆਦਾ ਹੈ ਜਿੱਥੇ ਲੁੱਟ ਜ਼ਿਆਦਾ ਹੈ। ਤਪਦਿਕ ਬਾਰੇ ਕਨੇਡਾ ਦੇ ਅੰਕੜੇ ਹੋਰ ਵੀ ਦਿਲਚਸਪ ਹਨ। ਇਸ ਬਿਮਾਰੀ ਨੂੰ ਲੈ ਕੇ ਕਨੇਡਾ ਦੇ ਅਧਿਕਾਰੀਆਂ ਨੇ ਬਹੁਤ ਪਹਿਲਾਂ ਤੋਂ ਹੀ ਗੋਰਿਆਂ ਅਤੇ ਰੈੱਡ ਇੰਡੀਅਨਾਂ ਵਿਚਾਲੇ ਫਰਕ ਪਾ ਰੱਖਿਆ ਹੈ। ਗੋਰਿਆਂ ਮੁਕਾਬਲੇ, ਇੰਡੀਅਨਾਂ ਵਿੱਚ ਤਪਦਿਕ ਦੇ ਮਰੀਜ਼ਾਂ ਦੀ ਸੰਖਿਆ ਬਹੁਤ ਜ਼ਿਆਦਾ ਹੈ। ਕਨੇਡਾ ਦੇ ਅਧਿਕਾਰੀ ਸੱਚਾਈ ਨੂੰ ਨਜ਼ਰਅੰਦਾਜ਼ ਕਰਨ ਦੇ ਅਪਰਾਧੀ ਨਹੀਂ ਹਨ। ਉਹਨਾਂ ਦਾ ਇਸ ਸਿਧਾਂਤ ਵਿੱਚ ਭੋਰਾ ਵੀ ਵਿਸ਼ਵਾਸ ਨਹੀਂ ਹੈ ਕਿ ਤਪਦਿਕ ਦੀ ਬਿਮਾਰੀ ਗੋਰਿਆਂ ਦੇ ਬਜਾਏ ਇੰਡੀਅਨਾਂ ਨੂੰ ਜ਼ਿਆਦਾ ਸਤਾਉਂਦੀ ਹੈ, "ਕਿਉਂਕਿ ਉਹ ਇੰਡੀਅਨ ਹਨ।" ਉਹ ਮੰਨਦੇ ਹਨ ਕਿ ਤਪਦਿਕ ਇੱਕ "ਸਮਾਜਿਕ ਬਿਮਾਰੀ" ਹੈ। ਪਰ ਉਹ ਇਸ ਦੇ "ਸਮਾਜਿਕ" ਹੋਣ ਦਾ ਕਾਰਨ ਇਸ ਬਿਮਾਰੀ ਤੋਂ ਪੀੜਿਤਾਂ ਦੀ ਅਸਹਿਤ ਕੰਗਾਲੀ ਅਤੇ ਇਸ ਕੰਗਾਲੀ ਦੇ ਸਹਾਇਕ ਗੰਦੇ ਭੋਜਨ, ਗੰਦੇ ਮਕਾਨ, ਸਿੱਖਿਆ ਅਤੇ ਇਲਾਜ ਦੀ ਕਮੀ ਆਦਿ ਨੂੰ ਹੀ ਦੱਸਦੇ ਹਨ। ਕਨੇਡਾ ਦੇ ਵੱਖ-ਵੱਖ ਖੇਤਰਾਂ ਵਿੱਚ ਰੈੱਡ ਇੰਡੀਅਨਾਂ ਵਿੱਚ ਵੀ ਤਪਦਿਕ ਦੇ ਮਰੀਜਾਂ ਦੀ ਸੰਖਿਆ ਵੱਖ-ਵੱਖ ਹੈ। ਡਾ. ਈ. ਐੱਲ. ਰੌਸ ਅਤੇ ਏ. ਐੱਲ. ਪੇਨ ਦੀ ਹਾਲੀਆਂ ਜਾਂਚ-ਪੜਤਾਲ ਤੋਂ ਪਤਾ ਲੱਗਦਾ ਹੈ ਕਿ ਰੈੱਡ ਇੰਡੀਅਨਾਂ ਦੇ ਹੀ ਰਹਿਣ ਦੇ ਖਾਸ ਸੁਰੱਖਿਅਤ ਖੇਤਰਾਂ ਦੇ ਨੇੜੇ-

ਤੇੜੇ ਤਾਂ ਤਪਦਿਕ ਨਾਲ਼ ਮਰਨ ਵਾਲ਼ੇ ਇੰਡੀਅਨਾਂ ਦੀ ਸੰਖਿਆ ਗੋਰਿਆਂ ਦੇ ਮੁਕਾਬਲੇ ਵੀਹ ਗੁਣਾ ਜ਼ਿਆਦਾ ਹੈ। ਵੈਸੇ, ਔਸਤ ਸੰਖਿਆ ਦਸ ਗੁਣਾ ਤੋਂ ਜ਼ਿਆਦਾ ਹੈ।

ਇਹਨਾਂ ਡਾਕਟਰਾਂ ਨੇ ਆਪਣਾ ਮੱਤ ਹੇਠ ਲਿਖੇ ਸ਼ਬਦਾਂ ਵਿੱਚ ਪ੍ਰਗਟ ਕੀਤਾ ਹੈ : "ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਰੈੱਡ ਇੰਡੀਅਨਾਂ ਦੇ ਸਰੀਰ ਵਿੱਚ ਤਪਦਿਕ ਦੇ ਰੋਗ ਨੂੰ ਦੂਰ ਰੱਖਣ ਦੀ ਯੋਗਤਾ ਬਹੁਤ ਘੱਟ ਹੁੰਦੀ ਹੈ। ਪਰ, ਇਹ ਜਾਣਨਾ ਕਾਫ਼ੀ ਦਿਲਚਸਪ ਹੈ ਕਿ ਉਹਨਾਂ ਵਿੱਚੋਂ ਸਾਰੇ ਰੋਗੀ ਤੰਦਰੁਸਤ ਹੋ ਜਾਂਦੇ ਹਨ। ਜੇਕਰ ਇੰਡੀਅਨਾਂ ਨੂੰ ਗੋਰਿਆਂ ਦੇ ਬਰਾਬਰ ਸਹੂਲਤਾਂ ਮਿਲਣ, ਤਾਂ ਉਹਨਾਂ ਦਾ ਵੀ ਤਪਦਿਕ ਤੋਂ ਬਚਾਅ ਹੋ ਸਕਦਾ ਹੈ। ਉਹਨਾਂ 'ਤੇ ਦਵਾਈਆਂ ਓਨੀਆਂ ਹੀ ਕਾਰਗਰ ਸਾਬਿਤ ਹੁੰਦੀਆਂ ਹਨ, ਜਿੰਨੀਆਂ ਗੋਰਿਆਂ 'ਤੇ।" ਕਨੇਡਾ ਦੇ ਰੈੱਡ ਇੰਡੀਅਨਾਂ 'ਤੇ ਸਰਕਾਰ ਦੁਆਰਾ ਲੱਦੀ ਗਈ ਗਰੀਬੀ, ਗੰਦਗੀ ਅਤੇ ਅਗਿਆਨ ਦਾ ਜੋ ਵਰਣਨ ਇਹਨਾਂ ਡਾਕਟਰਾਂ ਨੇ ਕੀਤਾ ਹੈ, ਉਸ ਨੂੰ ਪੜ੍ਹ ਕੇ ਰੋਂਗਟੇ ਖੜ੍ਹੇ ਹੋ ਜਾਂਦੇ ਹਨ।

ਅਮਰੀਕਾ ਵਿੱਚ ਨੀਗਰੋ ਲੋਕਾਂ ਵਿੱਚ ਗਰਮੀ ਦੇ ਮਰੀਜਾਂ ਦੀ ਸੰਖਿਆਂ ਗੋਰਿਆਂ ਤੋਂ ਦਸ ਗੁਣਾ ਜ਼ਿਆਦਾ ਹੈ। ਕਨੇਡਾ ਵਿੱਚ ਇੰਡੀਅਨਾਂ ਵਿੱਚ ਟੀ. ਬੀ. ਦੇ ਮਰੀਜ਼ਾਂ ਦੀ ਸੰਖਿਆਂ ਗੋਰਿਆਂ ਦੇ ਮੁਕਾਬਲੇ ਦਸ ਤੋਂ ਵੀਹ ਗੁਣਾਂ ਤੱਕ ਵੱਧ ਹੈ। ਦੋਵੇਂ ਹੀ ਰੋਗ ਅਸਲ ਵਿੱਚ ਸਮਾਜਿਕ ਰੋਗ ਹਨ। ਇਸ ਦਾ ਅਰਥ ਸੱਚਮੁੱਚ ਸਪੱਸ਼ਟ ਹੈ।

ਅਰਥ ਇਹ ਹੈ ਕਿ ਅਮਰੀਕਾ ਦੇ ਨੀਗਰੋ ਅਤੇ ਕਨੇਡਾ ਦੇ ਰੈੱਡ ਇੰਡੀਅਨ ਆਪਣੇ-ਆਪਣੇ ਦੇਸ਼ਾਂ ਵਿੱਚ ਸਮਾਜ ਦੇ ਇੱਕ ਹੀ ਪੱਧਰ 'ਤੇ ਹਨ। ਉਹ ਆਪਣੇ-ਆਪਣੇ ਦੇਸ਼ ਦੀਆਂ "ਸਭ ਤੋਂ ਹੇਠਲੀਆਂ ਜਮਾਤਾਂ" ਦੇ ਲੋਕ ਹਨ। ਦੋਵੇਂ ਹੀ ਆਰਥਿਕ ਖੱਡ ਦੇ ਤਲ ਵਿਚੱ ਪਏ ਰਹਿਣ ਨੂੰ ਮਜਬੂਰ ਹਨ। ਵੱਡੀ ਤੋਂ ਵੱਡੀ ਸੂਝ-ਬੂਝ ਵਾਲ਼ੇ ਯੋਜਨਾਕਾਰਾਂ ਦੁਆਰਾ ਬਣਾਏ ਗਏ ਤਪਦਿਕ ਅਤੇ ਗੁਪਤ ਰੋਗਾਂ ਦੇ ਸ਼ਫ਼ਾਖ਼ਾਨੇ ਵੀ ਇਸ ਸਮਾਜਿਕ ਸੱਚ ਨੂੰ ਅਣਦੇਖਿਆ ਨਹੀਂ ਕਰ ਸਕਦੇ!

ਲਗਭਗ ਇੱਕ ਪੀੜ੍ਹੀ ਪਹਿਲਾਂ, ਵੇਸ਼ਵਾਗਮਨੀ ਸਬੰਧੀ ਕਾਂਗਰਸ ਦੇ ਮੌਕੇ 'ਤੇ, ਰੂਸ ਦੇ ਮਜ਼ਦੂਰ ਕਾਰਕੁੰਨਾਂ ਨੇ ਉਸ ਸਮੇਂ ਉਹਨਾਂ ਦੇ ਦੇਸ਼ ਵਿਚਲੇ ਇਸੇ ਸੱਚ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ, ਜ਼ਾਰ ਦੇ ਸਾਮਰਾਜ ਵਿੱਚ ਨੀਗਰੋ ਵਰਗੇ ਦੂਸਰੀ ਨਸਲ ਦੇ ਲੋਕ ਨਹੀਂ ਵੱਸਦੇ ਸਨ — ਜਿਹਨਾਂ ਨੂੰ ਬਲੀ ਦਾ ਬੱਕਰਾ ਬਣਾਇਆ ਜਾਂਦਾ ਅਤੇ ਸੱਚ 'ਤੇ ਪਰਦਾ ਪਾਇਆ ਜਾਂਦਾ। ਕਾਂਗਰਸ ਦੇ ਸੰਚਾਲਕਾਂ ਨੇ ਸਮਾਜਿਕ ਰੋਗਾਂ ਦੇ ਆਰਥਿਕ ਪੱਖ 'ਤੇ ਵਿਚਾਰ ਕਰਨ ਤੋਂ ਹੀ ਇਨਕਾਰ ਕਰ ਦਿੱਤਾ ਸੀ। ਦੋਵੇਂ ਹੱਥ ਚੁੱਕ ਕੇ ਉਹ ਚੀਕ ਪਏ ਸਨ : "ਹੇਠਲੇ ਵਰਗ" ਦੀਆਂ ਇਸਤਰੀਆਂ ਅਤੇ ਮਨੁੱਖ ਦੀ ਸਨਾਤਨ ਪਾਪ-ਬ੍ਰਿਤੀ ਹੀ ਇਸ ਦਾ ਕਾਰਨ ਹਨ!

ਗੋਰਕੀ ਦੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਜ਼ਾਰਸ਼ਾਹੀ ਅਤੇ ਉਸ ਦੇ ਸਮਰਥਕ ਮਰੀਆਂ ਮੱਛੀਆਂ ਵਾਂਗ ਦਿਮਾਗ ਵੱਲੋਂ ਹੇਠਾਂ ਨੂੰ ਸੜ ਰਹੇ ਸਨ।

# ਬੰਧੇਜਰਹਿਤ ਪਿਆਰ ਅਤੇ ਵਿਗਿਆਨਕ ਨੈਤਿਕਤਾ

1917 ਦੇ ਨਵੰਬਰ ਇਨਕਲਾਬ ਨੇ ਜ਼ਾਰ ਵੇਲੇ ਦੇ ਜੀਵਨ ਦੀ ਅਸਲੀਅਤ ਨੂੰ ਉਘਾੜ ਕੇ ਰੱਖ ਦਿੱਤਾ। ਲੜਖੜਾਉਂਦੇ ਹੋਏ ਅਰਧ-ਜਗੀਰੂ ਢਾਂਚੇ ਨੂੰ ਉਸ ਨੇ ਚੂਰ-ਚੂਰ ਕਰ ਦਿੱਤਾ। ਸਦੀਆਂ ਤੋਂ ਪ੍ਰਸਿੱਧ, ਪਰ ਖੋਖਲੇ, ਰੀਤੀ-ਰਿਵਾਜ਼ਾਂ ਨੂੰ ਉਸ ਨੇ ਉਖਾੜ ਸੁੱਟਿਆ। ਕੁੱਝ ਦਿਨਾਂ ਲਈ ਤਾਂ ਉਹਨੇ ਰੂਸ ਦੇ ਲੰਬੇ ਸਮੇਂ ਤੋਂ ਚੱਲੇ ਆ ਰਹੇ ਆਰਥਿਕ, ਰਾਜਨੀਤਕ ਅਤੇ ਸਮਾਜਿਕ ਪਾੜੇ ਨੂੰ ਹੋਰ ਵੀ ਜ਼ਿਆਦਾ ਵਧਾ ਦਿੱਤਾ। ਸੋਵੀਅਤ ਸਰਕਾਰ ਅਨੈਤਿਕਤਾ 'ਤੇ ਕਾਰਗਰ ਹਮਲਾ ਬੋਲਣ ਵਿੱਚ ਕੁੱਝ ਦਿਨ ਤੱਕ ਤਾਂ ਇਕਦਮ ਅਸਮਰਥ ਰਹੀ।

ਪਰ ਇਨਕਲਾਬ ਦੇ ਮੁੱਢਲੇ ਦੌਰ ਵਿੱਚ ਕਮਿਊਨਿਸਟ ਆਗੂ ਮੰਨਦੇ ਆਏ ਸਨ ਕਿ ਕੋਈ ਵੀ ਸਮਾਜੀ-ਢਾਂਚਾ ਜੋ ਸਭ ਨੂੰ ਸੱਚੀ ਅਜ਼ਾਦੀ ਦੇਣ ਦੀ ਗੱਲ ਕਰੇ, ਅਜਿਹੀ ਨੈਤਿਕਤਾ ਨੂੰ ਬਰਦਾਸ਼ਤ ਨਹੀਂ ਕਰ ਸਕਦਾ ਜਿਸ ਦੀ ਨੀਂਹ ਅਣਗਿਣਤ ਇਸਤਰੀਆਂ ਦੀ ਗੁਲਾਮੀ ਹੋਵੇ। ਜਿੱਥੇ ਵੀ ਸੋਵੀਅਤ ਸੱਤ੍ਹਾ ਕਾਇਮ ਹੋਈ, ਸ਼ਾਸਨ ਪ੍ਰਬੰਧ ਦੀ ਵਾਗਡੋਰ ਪੁਲਿਸ ਦੇ ਹੱਥਾਂ 'ਚੋਂ ਲੋਕਾਂ ਦੇ ਹੱਥਾਂ ਵਿੱਚ ਆਉਂਦੀ ਗਈ। ਪਹਿਲਾਂ ਜੋ ਕਾਨੂੰਨ ਪਾਸ ਕੀਤਾ ਗਿਆ ਉਹ ਇਹ ਸੀ ਕਿ ਪੀਲੇ ਟਿਕਟ ਦੇ ਪ੍ਰਬੰਧ ਦਾ ਅੰਤ ਕੀਤਾ ਜਾਵੇ। 1917 ਦੇ ਬਾਅਦ ਰੂਸ ਦੀਆਂ ਬਦਚਲਣ ਇਸਤਰੀਆਂ ਨੇ ਅਧਿਕਾਰੀਆਂ ਨੂੰ ਨਜ਼ਰਾਨੇ ਦੇਣਾ ਬੰਦ ਕਰ ਦਿੱਤਾ। ਇਹ ਬਦਲਾਅ ਅਟੱਲ ਸੀ। ਇਨਕਲਾਬ ਨੂੰ ਸਫਲ ਬਣਾਉਣ ਦਾ ਸਿਹਰਾ ਜਥੇਬੰਦ ਮਜ਼ਦੂਰ ਜਮਾਤ ਸਿਰ ਸੀ। ਇਸ ਇਨਕਲਾਬ ਦਾ ਟੀਚਾ ਵੀ ਮਜ਼ਦੂਰ ਜਮਾਤ ਦਾ ਹਿੱਤ ਹੀ ਸੀ। ਗਰੀਬ ਕਿਸਾਨ ਵੀ ਇਸ ਇਨਕਲਾਬ ਦੇ ਹਮਾਇਤੀ ਸਨ ਅਤੇ ਕਿਉਂਕਿ ਰੂਸ ਦੀਆਂ ਬਹੁਗਿਣਤੀ ਵੇਸ਼ਵਾਵਾਂ ਪਿੰਡਾਂ ਅਤੇ ਕਸਬਿਆਂ ਦੀਆਂ ਗਰੀਬ ਇਸਤਰੀਆਂ ਸਨ, ਇਸ ਲਈ ਨਵੀਂ ਸਰਕਾਰ ਕਿਵੇਂ ਬੇਸਹਾਰਿਆਂ ਦੀ ਅਣਮਨੁੱਖੀ ਲੁੱਟ ਜਾਰੀ ਰਹਿਣ ਨੂੰ ਸਹਿਣ ਕਰ ਸਕਦੀ ਸੀ ? ਅੰਤ: ਉਹਨੇ ਇਸ ਲੁੱਟ ਨੂੰ ਖ਼ਤਮ ਕਰਨ ਦਾ ਪ੍ਰਣ ਕੀਤਾ।

ਇਸ ਪ੍ਰਕਾਰ, ਪੀਲੇ ਕਾਰਡ ਦੇ ਪ੍ਰਬੰਧ ਦਾ ਅੰਤ ਹੋਇਆ। ਸਾਰੀਆਂ ਇਸਤਰੀਆਂ ਨੂੰ ਨਾਗਰਿਕਤਾ ਦਾ ਹੱਕ ਮਿਲਿਆ। ਪਰ, ਇਹ ਸਭ ਸਿਰਫ਼ ਭਾਵਨਾ ਕਰਕੇ ਸੀ। ਇਨਕਲਾਬੀਆਂ ਵਿਚਾਲੇ ਕੁੱਝ ਅਜਿਹੇ ਰਾਜਨੀਤਕ ਆਦਰਸ਼ਵਾਦੀ ਵੀ ਮੌਜੂਦ ਸਨ ਜੋ ਕਹਿੰਦੇ ਸਨ ਕਿ ਅਨੈਤਿਕ ਇਸਤਰੀਆਂ ਨੂੰ, ਉਹਨਾਂ ਦੇ ਨੇਕ ਗੁਆਂਢੀਆਂ ਵਾਂਗ ਹੀ ਵੋਟ ਪਾਉਣ ਦਾ ਹੱਕ ਦੇ ਦੇਣ ਦਾ ਅਰਥ ਹੋਵੇਗਾ ਉਹਨਾਂ ਨੂੰ ਮਨੁੱਖੀ ਆਤਮਸਨਮਾਨ ਪ੍ਰਾਪਤ ਹੋ ਜਾਣਾ। ਪਰ ਉਹਨਾਂ ਦਾ ਇਹ ਭਰਮ ਟੁੱਟਣ ਵਿੱਚ ਜ਼ਿਆਦਾ ਦਿਨ ਨਹੀਂ ਲੱਗੇ। ਪੁਰਾਣੇ

ਰਾਜਕੀ ਢਾਂਚੇ ਦੇ ਪਤਨ ਦੇ ਬਾਅਦ ਰੂਸੀ ਜੀਵਨ ਵਿੱਚ ਜੋ ਉਥੱਲ-ਪੁੱਥਲ ਇੱਕ ਲੰਬੇ ਦੌਰ ਤੱਕ ਰਹੀ ਉਸਦੇ ਭਿਅੰਕਰ ਸਿੱਟੇ ਸਾਹਮਣੇ ਆਏ — ਵਿਭਚਾਰ ਅਤੇ ਦੁਰਾਚਾਰ ਅਨੇਕ ਰੂਪਾਂ ਵਿੱਚ ਪ੍ਰਗਟ ਹੋਏ, ਵੇਸ਼ਵਾਗਮਨੀ ਵੀ ਵਧੀ; ਦਰਅਸਲ ਨਵੰਬਰ ਦੀਆਂ ਘਟਨਾਵਾਂ ਦੇ ਬਾਅਦ ਤਾਂ ਇਹ ਚੀਜ਼ਾਂ ਆਪਣੀ ਸਿਖਰ ਤੱਕ ਪਹੁੰਚ ਗਈਆਂ।

ਇਹ ਪਤਾ ਲੱਗਦੇ ਦੇਰ ਨਾ ਲੱਗੀ ਕਿ ਇਨਕਲਾਬ ਜਿਸ ਅਜ਼ਾਦੀ ਨੂੰ ਜਨਮ ਦਿੱਤਾ ਸੀ ਉਸ ਦੇ ਭਿੰਨ-ਭਿੰਨ ਅਤੇ ਅਜੀਬੋਗਰੀਬ ਅਰਥ ਲਗਾਏ ਜਾ ਰਹੇ ਸਨ। ਕਮਿਊਨਿਸਟ ਨਾਅਰਾ ਕਹਿੰਦਾ ਸੀ : "ਤੁਸੀਂ ਆਪਣੀਆਂ ਜ਼ੰਜ਼ੀਰਾਂ ਤੋਂ ਇਲਾਵਾ ਇਸ ਇਨਕਲਾਬ ਰਾਹੀਂ ਕੁੱਝ ਨਹੀਂ ਗੁਆਉਣਾ ਹੈ।" ਕਾਰਲ ਮਾਰਕਸ ਦਾ ਇਹ ਪ੍ਰਸਿੱਧ ਨਾਅਰਾ ਅਸਲ ਵਿੱਚ ਆਰਥਿਕ ਲੁੱਟ ਦੀਆਂ ਬੇੜੀਆਂ ਬਾਰੇ ਸੀ। ਅਨੇਕ ਰੂਸੀਆਂ ਨੇ, ਵਿਸ਼ੇਸ਼ ਰੂਪ ਵਿੱਚ ਨੌਜਵਾਨਾਂ ਅਤੇ ਬੁੱਧੀਜੀਵੀਆਂ ਨੇ, ਇਸ ਨਾਅਰੇ ਦਾ ਅਰਥ ਲਗਾਇਆ : ਤੁਸੀਂ ਰੋਕਾਂ ਦੇ ਇਲਾਵਾ ਇਸ ਇਨਕਲਾਬ ਰਾਹੀਂ ਹੋਰ ਕੁੱਝ ਨਹੀਂ ਗੁਆਉਣਾ ਹੈ।" ਇਹਨਾਂ ਲੋਕਾਂ ਨੇ ਸੋਚਿਆ ਕਿ ਜ਼ਾਰਸ਼ਾਹੀ ਦੇ ਨਾਲ਼ ਪੂੰਜੀਵਾਦੀ ਸਦਾਚਾਰ ਸਬੰਧੀ ਨਿਯਮਾਂ ਨੂੰ ਉਖਾੜ ਸੁੱਟਣਾ ਵੀ ਚੰਗਾ ਹੋਵੇਗਾ।

ਜਿਵੇਂ ਕਿ ਉਹ ਸੋਚਦੇ ਸਨ — ਚੁੱਟਕੀ ਮਾਰਦੇ ਹੀ ਲੈਨਿਨ ਅਜਿਹਾ ਸਮਾਜਵਾਦੀ ਸਮਾਜ ਕਾਇਮ ਕਰ ਦੇਣਗੇ ਜਿਸ ਵਿੱਚ ਹੱਥ ਹੀ ਵਧਾਉਣਾ ਹੋਵੇਗਾ ਕਿ ਹਰ ਚੀਜ਼ ਖੁਦ ਮੁੱਠੀ ਵਿੱਚ ਆ ਜਾਵੇਗੀ। ਉਹਨਾਂ ਨੇ ਰੂਸੀ ਇਸਤਰੀਆਂ ਅਤੇ ਕੁੜੀਆਂ ਨੂੰ ਇਹ ਸਮਝਾਉਣਾ ਸ਼ੁਰੂ ਕੀਤਾ ਕਿ ਪਿਆਰ ਦੀ ਸਮੱਸਿਆ ਓਨੀ ਹੀ ਆਸਾਨ ਹੈ ਜਿੰਨਾ ਕਿ ਖਾਣਾ ਅਤੇ ਪੀਣਾ।

"ਬੰਧੇਜਰਹਿਤ ਪਿਆਰ" ਦਾ ਇਹ ਸਿਧਾਂਤ ਬੇਸ਼ੱਕ ਬਹੁਤ ਪੁਰਾਣਾ ਹੈ। ਅੱਜ ਵੀ ਸਾਡੇ ਬਹੁਤ ਸਾਰੇ ਨੌਜਵਾਨ ਇਸ ਸਿਧਾਂਤ ਦੇ ਹਾਮੀ ਹਨ। ਲੱਫ਼ਾਜ਼ੀ 'ਚ ਗੜੁੱਚ ਇਹ ਸਿਧਾਂਤ ਕੁੱਝ ਰੂਸੀਆਂ ਨੂੰ ਵੀ ਬਹੁਤ ਚੰਗਾ ਲੱਗਿਆ। ਉਹਨਾਂ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਵਿਭਚਾਰ ਨੂੰ ਖ਼ਤਮ ਕਰਨ ਦਾ ਇੱਕੋ-ਇੱਕ ਉਪਾਅ ਹੈ ਯੌਨ-ਸਬੰਧੀ ਸਾਰੀਆਂ ਰੋਕਾਂ ਨੂੰ ਖ਼ਤਮ ਕਰ ਦੇਣਾ।

ਅਨੈਤਿਕਤਾ ਦੇ ਸਬੰਧ ਵਿੱਚ ਇਹ ਦ੍ਰਿਸ਼ਟੀਕੋਣ ਬਹੁਤ ਹੀ ਬੇਤੁੱਕੇ ਢੰਗ ਨਾਲ਼ ਪੇਸ਼ ਕੀਤਾ ਜਾਣ ਲੱਗਾ। ਇਹ ਢੰਗ ਦੇਖਣ ਵਿੱਚ ਬਹੁਤ ਸਿੱਧਾ-ਸਾਦਾ ਜਾਪਦਾ ਸੀ : "ਜਦੋਂ ਭੁੱਖ ਲੱਗੇ ਤਦ ਖਾਣਾ ਪਾ ਲਓ, ਜਦੋਂ ਪਿਆਸ ਲੱਗੇ ਤਦ ਪਾਣੀ ਪੀ ਲਓ; ਇਸੇ ਤਰ੍ਹਾਂ ਜਦੋਂ ਕਾਮ ਸਬੰਧੀ ਇੱਛਾ ਜਾਗੇ, ਤਦ ਜੋ ਮਿਲੇ ਉਸ ਨਾਲ਼ ਪਿਆਰ ਕਰ ਲਓ। ਅਨੈਤਿਕਤਾ ਲਈ ਫਿਰ ਥਾਂ ਕਿੱਥੇ!" ਪਰ ਇਹ ਕਹਿੰਦੇ ਸਮੇਂ ਇਹਨਾਂ ਲੋਕਾਂ ਨੇ ਇਹ ਸੋਚਣ ਦੀ ਬਿਲਕੁੱਲ ਜ਼ਰੂਰਤ ਨਾ ਸਮਝੀ ਕਿ ਇਸ ਨਾਲ਼ ਤਾਂ ਨੈਤਿਕਤਾ ਦੇ ਹੀ ਖ਼ਤਮ ਹੋ ਜਾਣ ਦੀ ਸੰਭਾਵਨਾ ਹੈ।

ਜ਼ਿਆਦਾਤਰ ਰੂਸੀ ਬੁੱਧੀਜੀਵੀ ਨੈਤਿਕਤਾ ਸਬੰਧੀ ਹਰ ਗੱਲ ਨੂੰ ਪੂੰਜੀਵਾਦੀ ਗੁਲਾਮੀ ਕਹਿਣਾ ਪਸੰਦ ਕਰਦੇ ਸਨ। ਉਹ ਸੋਚਦੇ ਸਨ ਕਿ ਜ਼ਾਰਸ਼ਾਹੀ ਦੌਰ ਜੀਵਨ ਦਾ ਇਹ ਅਜਿਹਾ ਪੱਖ ਹੈ ਜਿਸ ਨੂੰ ਨਵੇਂ ਸਮਾਜੀ ਢਾਂਚੇ ਤੋਂ ਸਹਿਜੇ ਮਿਟਾਇਆ ਜਾ ਸਕਦਾ ਹੈ। ਇਹਨਾਂ ਲੋਕਾਂ ਨੂੰ ਨਾ ਤਾਂ ਜ਼ਾਰਸ਼ਾਹੀ ਸਮਾਜੀ ਢਾਂਚੇ 'ਚ ਕੋਈ ਦਿਲਚਸਪੀ ਸੀ ਅਤੇ ਨਾ ਸੋਵੀਅਤ ਸਮਾਜੀ

ਢਾਂਚੇ 'ਚ। ਉਹ ਤਾਂ ਕੇਵਲ ਮਜ਼ਦੂਰ ਜਮਾਤ ਅਤੇ ਕਿਸਾਨ ਇਸਤਰੀਆਂ ਦਾ "ਉਦਾਰ" ਕਰਨਾ ਚਾਹੁੰਦੇ ਸਨ।

ਇਹ ਤਾਂ ਸੀ ਉਹਨਾਂ ਦੀ ਕਥਨੀ। ਪਰ ਉਹਨਾਂ ਦੀ ਕਰਨੀ ਦੂਸਰੀ ਹੀ ਸੀ। ਉਹਨਾਂ ਦੀ ਇੱਛਾ ਸੀ ਕਿ ਪਿਆਰ-ਸਬੰਧਾਂ ਤੋਂ ਹਰ ਕਿਸਮ ਦਾ ਬੰਧੇਜ ਹਟਾ ਲਿਆ ਜਾਵੇ। ਸੁਪਨਲੋਕ ਵਿੱਚ ਵਿਚਰਨ ਵਾਲ਼ੇ ਕਵੀਆਂ ਤੋਂ ਇਸ ਗੱਲ ਨੂੰ ਖੋਹ ਲਈਏ ਅਤੇ ਪਰਖੀਏ ਇਸ ਨੈਤਿਕਤਾ ਸਬੰਧੀ ਕਸਵੱਟੀ 'ਤੇ। ਦੇਖੋ, ਤੁਹਾਨੂੰ ਕੀ ਦਿਖਾਈ ਦਿੰਦਾ ਹੈ। ਤੁਹਾਨੂੰ ਦਿਖਾਈ ਦੇਵੇਗਾ : ਸਭ ਇਸਤਰੀਆਂ ਲਈ ਬੇਰੋਕ ਵੇਸਵਾਗਮਨੀ।

ਸੋਵੀਅਤ ਆਗੂਆਂ ਦੇ ਸਿਧਾਂਤਾਂ ਅਤੇ ਪ੍ਰੋਗਰਾਮ ਵਿੱਚ ਇਸ 'ਬੰਧੇਜਰਹਿਤ ਪਿਆਰ' ਲਈ ਕੋਈ ਥਾਂ ਨਹੀਂ ਸੀ। ਉਲਟਾ, ਸੋਵੀਅਤ ਆਗੂ ਜਾਣਦੇ ਸਨ ਕਿ ਨਿੱਜੀ ਅਜ਼ਾਦੀ ਦੀ ਓਟ ਵਿੱਚ ਨੈਤਿਕਤਾ ਸਬੰਧੀ ਸਿਧਾਂਤਾਂ ਦਾ ਨਾਸ਼ ਸਮਾਜਵਾਦੀ ਪ੍ਰਗਤੀ ਦੇ ਰਾਹ ਵਿੱਚ ਰੋਕ ਬਣੇਗਾ। ਉਹ ਇਹ ਵੀ ਦੇਖਦੇ ਸਨ ਕਿ ਸੋਵੀਅਤ ਸੱਤ੍ਹਾ ਨੂੰ ਉਖਾੜ ਸੁੱਟਣ ਦੀਆਂ ਤਿਆਰੀਆਂ ਕਰਨ ਵਾਲ਼ੀਆਂ ਵਿਦੇਸ਼ੀ ਤਾਕਤਾਂ ਪਿਆਰ ਦੀ ਇਸ ਅਜ਼ਾਦੀ ਦਾ ਢੋਲ ਵਜਾ ਰਹੀਆਂ ਹਨ ਅਤੇ ਪ੍ਰਚਾਰ ਕਰ ਰਹੀਆਂ ਹਨ ਕਿ ਰੂਸ ਵਿੱਚ ਤਾਂ "ਇਸਤਰੀਆਂ ਦਾ ਸਮਾਜੀਕਰਨ" ਹੋ ਗਿਆ ਹੈ। ਉਸ ਵੇਲੇ ਦਾ ਸੋਵੀਅਤ ਵਿਰੋਧੀ ਪ੍ਰਚਾਰ ਇਹ ਸੁਰ ਅਲਾਪ ਰਿਹਾ ਸੀ : ਬਾਲਸ਼ਵਿਕ ਆਗੂਆਂ ਦੀ ਨੀਤੀ ਤਾਂ ਇਹ ਹੈ ਕਿ ਕੋਈ ਵੀ ਪੁਰਸ਼ ਕਿਸੇ ਵੀ ਇਸਤਰੀ ਨੂੰ ਇਸਤੇਮਾਲ ਕਰ ਸਕਦਾ ਹੈ; ਕਿ "ਇੱਕ ਦੀ ਪਤਨੀ ਬਹੁਤਿਆਂ ਦੀ ਪਤਨੀ" ਹੈ; ਕਿ ਰੂਸ ਤੋਂ ਵਿਆਹ ਪ੍ਰਥਾ ਨੂੰ ਚੁੱਕ ਹੀ ਦਿੱਤਾ ਗਿਆ; ਕਿ ਬੱਚਿਆ ਨੂੰ ਸਰਕਾਰੀ ਹਸਪਤਾਲਾਂ ਵਿੱਚ ਬਿਨਾਂ ਉਹਨਾਂ ਦੇ ਮਾਂ-ਬਾਪ ਦਾ ਪਤਾ ਦਸੇ ਪਾਲਿਆ ਜਾਂਦਾ ਹੈ, ਆਦਿ।

ਮੈਕਸਿਮ ਗੋਰਕੀ, ਜੋ ਆਪਣਾ ਜੀਵਨ ਵਿੱਚ ਜ਼ਾਰਸ਼ਾਹੀ ਢਕਵੰਜਾਂ ਦੇ ਪੱਕੇ ਵਿਰੋਧੀ ਅਤੇ ਲੁਟੀਂਦੇ ਲੋਕਾਂ ਦੇ ਸਦਾ ਹਮਾਇਤੀ ਰਹੇ ਸਨ, ਕੁੱਝ ਦਿਨਾਂ ਤੱਕ ਸੋਵੀਅਤ ਢਾਂਚੇ ਦੇ ਵੀ ਵਿਰੋਧੀ ਰਹੇ। ਨਵੇਂ ਸ਼ਾਸਨ ਢਾਂਚੇ ਦਾ ਵਿਰੋਧ ਕਰਨ ਦਾ ਮੁੱਖ ਕਾਰਨ ਉਹਨਾਂ ਦਾ ਡਰ ਸੀ ਕਿ ਲੱਖਾਂ ਕਰੋੜਾ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਮੁਕਤ ਕਰਨ ਵਿੱਚ ਕਿਤੇ ਵਿਅਕਤੀ ਦੇ ਨਿੱਜੀ ਹੱਕਾਂ ਨੂੰ ਧੱਕਾ ਨਾ ਲੱਗੇ। ਇਤਿਹਾਸ ਵਿੱਚ, "ਵਿਅਕਤੀ ਦੀ ਸੁਤੰਤਰਤਾ" ਲਈ ਲੜਨ ਵਾਲ਼ਿਆਂ ਵਿੱਚ ਗੋਰਕੀ ਦੀ ਥਾਂ ਪ੍ਰਮੁੱਖ ਹੈ ਪਰ ਸਾਡੇ ਅੱਜ ਦੇ ਕੁੱਝ ਆਗੂਆਂ ਵਾਂਗ ਉਹਨਾਂ ਨੇ ਮੁੱਠੀ ਭਰ ਲੋਕਾਂ — ਸਮਾਜ ਵਿੱਚ ਸਫੇਦਪੋਸ਼ਾਂ — ਦੀ ਰੱਖਿਆ ਲਈ ਰੌਲਾ ਰੱਪਾ ਨਹੀਂ ਪਾਇਆ। ਅਜ਼ਾਦੀ ਤੋਂ ਉਹਨਾਂ ਦਾ ਅਰਥ ਸੀ ਸਾਰਿਆ ਲਈ, ਲੱਖਾਂ ਕਰੋੜਾਂ ਲਈ — ਆਮ ਲੋਕਾਂ ਲਈ — ਅਜ਼ਾਦੀ।

ਭਾਵੇਂ ਉਹਨਾਂ ਨੇ ਦੋਸ਼ ਉਹਨਾਂ ਲੋਕਾਂ 'ਤੇ ਮੜ੍ਹਿਆ ਜੋ ਦੋਸ਼ੀ ਸਨ — ਸੋਵੀਅਤ ਆਗੂਆਂ 'ਤੇ ਨਹੀਂ। ਫਿਰ ਵੀ ਨੈਤਿਕਤਾ ਸਬੰਧੀ ਨਵੀਂ ਧਾਰਾ ਦੀ ਸਖ਼ਤ ਸ਼ਬਦਾਂ ਵਿੱਚ ਉਹਨਾਂ ਨੇ ਆਲੋਚਨਾ ਕੀਤੀ। 1920 ਵਿੱਚ ਕਹੀ ਉਹਨਾਂ ਦੀ ਗੱਲ ਅੱਜ ਵੀ ਸੱਚ ਉਤਰਦੀ ਹੈ।

"ਪਿਆਰ ਬਾਰੇ ਮੈਂ ਲੰਬੀਆਂ ਚੌੜੀਆਂ ਗੱਲਾਂ ਨਹੀਂ ਕਰਾਂਗਾ", ਆਪਣੇ ਇੱਕ

ਪ੍ਰਸਿੱਧ ਲੇਖ ਵਿੱਚ ਉਹਨਾਂ ਨੇ ਲਿਖਿਆ ਸੀ। "ਹਾਂ ਇੱਕ ਗੱਲ ਮੈਂ ਜ਼ਰੂਰ ਕਰਨਾ ਚਾਹੁੰਗਾ। ਉਹ ਇਹ ਕਿ ਯੌਨ ਸਬੰਧੀ ਮਾਮਲਿਆਂ ਵਿੱਚ ਨਵੀਂ ਪੀੜ੍ਹੀ ਦੇ ਲੋਕ, ਮੇਰੇ ਵਿਚਾਰ ਨਾਲ਼, ਅਤਿ ਸਰਲਤਾ ਦੇ ਦੋਸ਼ੀ ਹਨ। ਕੁੱਝ ਦਿਨਾਂ ਬਾਅਦ ਉਹਨਾਂ ਨੂੰ ਆਪਣੇ ਅਪਰਾਧ ਦਾ ਭੁਗਤਾਨ ਕਰਨਾ ਹੀ ਪਵੇਗਾ।"

ਬੰਧੇਜਰਹਿਤ ਪਿਆਰ ਦੇ ਪ੍ਰਚਾਰਕਾਂ 'ਤੇ ਸਰਕਾਰੀ ਤੌਰ 'ਤੇ ਹਮਲਾ ਬੋਲਿਆ ਲੈਨਿਨ ਨੇ। ਮਹਿਲਾ ਇਨਕਲਾਬੀ ਕਲਾਰਾ ਜੈਟਕਿਨ ਨਾਲ਼ ਲੈਨਿਨ ਦੀ ਗੱਲਬਾਤ ਹੋ ਰਹੀ ਸੀ। ਕਲਾਰਾ ਜੈਟਕਿਨ ਨੇ ਲੈਨਿਨ ਦਾ ਧਿਆਨ ਇਸ "ਇਨਕਲਾਬੀ" ਵਿਚਾਰਧਾਰਾ ਵੱਲ ਦਵਾਇਆ ਕਿ ਪਿਆਸ ਵਾਂਗ ਹੀ ਕਾਮ-ਇੱਛਾ ਵੀ ਸਰੀਰ ਦੀ ਇੱਕ ਸੁਭਾਵਿਕ ਇੱਛਾ ਹੁੰਦੀ ਹੈ। ਪਿਆਸ ਵਾਂਗ ਉਹਨੂੰ ਵੀ ਉਸੇ ਸਮੇਂ ਬੁੱਝਾ ਲੈਣਾ ਚਾਹੀਦਾ ਹੈ ਜਦੋਂ ਉਹ ਪੈਦਾ ਹੋਵੇ। ਸੋਵੀਅਤ ਸੱਤ੍ਹਾ ਦੇ ਮੋਢੀ ਲੈਨਿਨ ਨੇ ਇਸ ਦਾ ਉੱਤਰ ਕੀ ਦਿੱਤਾ ?

ਉਹਨਾਂ ਨੇ ਕਿਹਾ — "ਨਿਸ਼ਚਿਤ ਹੀ ਪਿਆਸ ਬੁੱਝਾ ਲੈਣੀ ਚਾਹੀਦੀ ਹੈ।"

ਅਤੇ ਫਿਰ ਪਾਖੰਡਭਰੀ ਨੈਤਿਕਤਾ ਦੀ ਖਿੱਲੀ ਉਡਾਉਂਦੇ ਹੋਏ ਉਹਨਾਂ ਨੇ ਇਸ ਅਖੌਤੀ ਇਨਕਲਾਬੀ ਵਿਚਾਰਧਾਰਾ 'ਤੇ ਕਰਾਰਾ ਹਮਲਾ ਕੀਤਾ ਅਤੇ ਕਿਹਾ — "ਪਰ ਕੀ ਸਾਧਾਰਨ ਹਾਲਤ ਵਿੱਚ ਇੱਕ ਤੰਦਰੁਸਤ ਮਨੁੱਖ ਗੰਦੀ ਨਾਲ਼ੀ ਦੇ ਪਰਨਾਲੇ ਦਾ ਪਾਣੀ ਪੀ ਲਵੇਗਾ ? ਕੀ ਉਹ ਉਸ ਗਿਲਾਸ ਨਾਲ਼ ਪਾਣੀ ਪੀ ਲਵੇਗਾ ਜਿਸ ਦੇ ਕਿਨਾਰਿਆ 'ਤੇ ਬਹੁਤ ਸਾਰੇ ਬੁਲ੍ਹਾਂ ਦੀ ਜੂਠ ਲੱਗੀ ਹੋਈ ਹੋਵੇ ? ਉਸ ਤੋਂ ਵੀ ਜ਼ਿਆਦਾ ਮਹੱਤਵਪੂਰਨ ਇੱਕ ਹੋਰ ਪੱਖ, ਸਮਾਜਿਕ ਪੱਖ ਵੀ ਹੈ। ਪਾਣੀ ਪੀਣਾ ਇੱਕ ਨਿੱਜੀ ਚੀਜ਼ ਹੈ। ਪਿਆਰ ਵਿੱਚ ਦੋ ਜੀਵਾਂ ਦਾ ਸਬੰਧ ਸ਼ਾਮਿਲ ਹੈ ਅਤੇ ਇੱਕ ਤੀਸਰੇ, ਨਵੇਂ ਜੀਵ ਦੀ ਉਤਪੱਤੀ ਹੁੰਦੀ ਹੈ। ਇਹੀ ਉਹ ਚੀਜ਼ ਹੈ ਜੋ ਪਿਆਰ ਨੂੰ ਸਮਾਜਿਕ ਮਹੱਤਵ ਦਿੰਦੀ ਹੈ, ਜੋ ਸਮਾਜ ਵੱਲ ਵਿਅਕਤੀ ਦੇ ਫਰਜ ਨੂੰ ਨਿਰਧਾਰਿਤ ਕਰਦੀ ਹੈ। ਇੱਕ ਕਮਿਊਨਿਸਟ ਹੋਣ ਦੇ ਨਾਤੇ ਮੈਨੂੰ ਪਾਣੀ ਦੇ ਗਿਲਾਸ ਵਾਲ਼ੇ ਸਿਧਾਂਤ ਨਾਲ਼ ਬਿਲਕੁੱਲ ਹਮਦਰਦੀ ਨਹੀਂ ਹੈ, ਭਾਵੇਂ ਇਹ ਨੂੰ 'ਪਿਆਰ ਦੀ ਪਿਆਸ ਬੁਝਾਉਣਾ', ਕਿਹਾ ਜਾਂਦਾ ਹੈ। ਜੋ ਵੀ ਹੋਵੇ, ਪਿਆਰ ਦੀ ਇਹ ਖੁੱਲ੍ਹ ਨਾ ਤਾਂ ਨਵੀਂ ਚੀਜ਼ ਹੈ, ਨਾ ਹੀ ਕਮਿਊਨਿਸਟ ਇਸ ਦੇ ਹਾਮੀ ਹਨ। ਤੈਨੂੰ ਯਾਦ ਹੋਵੇਗਾ ਕਿ ਪਿਛਲੀ ਸਦੀ ਦੇ ਮੱਧ ਵਿੱਚ ਇਸੇ ਸਿਧਾਂਤ ਦਾ "ਦਿਲ ਦੀ ਮੁਕਤੀ" ਦੇ ਨਾਂ ਨਾਲ਼ ਰੋਮਾਂਟਿਕ ਸਾਹਿਤ ਵਿੱਚ ਪ੍ਰਚਾਰ ਕੀਤਾ ਜਾਂਦਾ ਸੀ। ਪਰ ਅਮਲੀ ਤੌਰ 'ਤੇ ਇਹ ਸਿਧਾਂਤ ਸਰੀਰ ਦੀ ਇੱਛਾ ਪੂਰਤੀ ਦਾ ਸਿਧਾਂਤ ਬਣ ਗਿਆ। ਜਿੱਥੇ ਤੱਕ ਪ੍ਰਚਾਰ ਦੀ ਗੱਲ ਹੈ, ਉਹ ਅੱਜ ਤੋਂ ਕਿਤੇ ਜ਼ਿਆਦਾ ਮਾਂਜਿਆਂ ਹੋਇਆ ਸੀ; ਅਮਲ ਬਾਰੇ ਮੈਂ ਨਹੀਂ ਕਹਿ ਸਕਦਾ।"

ਲੈਨਿਨ ਤੋਂ ਇਹ ਪੁੱਛੇ ਜਾਣ 'ਤੇ ਕਿ ਯੌਨ ਸਬੰਧੀ ਖੁੱਲ੍ਹ ਦਾ ਉਹ ਕਿਸ ਹਦ ਤੱਕ ਵਿਰੋਧ ਕਰਨਗੇ, ਉਹਨਾਂ ਨੇ ਕਿਹਾ : ਮੇਰੀ ਆਲੋਚਨਾ ਦਾ ਮਕਸਦ ਸੰਨਿਆਸਵਾਦ ਦਾ ਪ੍ਰਚਾਰ ਕਰਨਾ ਨਹੀਂ ਹੈ, ਬਿਲਕੁੱਲ ਨਹੀਂ। ਕਮਿਊਨਿਜ਼ਮ ਸੰਨਿਆਸਵਾਦ ਦੀ ਸਥਾਪਨਾ ਨਹੀਂ ਕਰੇਗਾ। ਉਹ ਸਥਾਪਨਾ ਕਰੇਗਾ ਸੁੱਖੀ ਜੀਵਨ ਦੀ, ਸ਼ਕਤੀਸ਼ਾਲੀ ਜੀਵਨ ਦੀ। ਸੰਤੋਖਪੂਰਨ ਪਿਆਰ ਇਸ ਉਦੇਸ਼ ਵਿੱਚ ਸਹਾਇਕ ਹੋਵੇਗਾ। ਮੇਰੇ ਵਿਚਾਰ ਨਾਲ਼ ਯੌਨ ਸਬੰਧੀ

ਮਾਮਲਿਆਂ ’ਤੇ ਅੱਜ ਕਲ੍ਹ ਜਿਵੇਂ ਜ਼ੋਰ ਦਿੱਤਾ ਜਾ ਰਿਹਾ ਹੈ ਉਹ ਜੀਵਨ ਨੂੰ ਸੁੱਖ ਅਤੇ ਸ਼ਕਤੀ ਦੇਣ ਵਾਲਾ ਨਹੀਂ ਹੈ, ਸਗੋਂ ਸੁੱਖ ਅਤੇ ਸ਼ਕਤੀ ਖੋਹ ਲੈਣ ਵਾਲ਼ਾ ਹੈ। ਮਹਾਨ ਤਬਦੀਲੀ ਦੇ ਇਸ ਯੁੱਗ ਵਿੱਚ ਇਹ ਗੱਲ ਮਾੜੀ ਹੈ ਬਹੁਤ ਹੀ ਮਾੜੀ ਹੈ। ਜਵਾਨ ਪੁਰਸ਼ਾਂ ਅਤੇ ਇਸਤਰੀਆਂ ਨੂੰ ਖਾਸ ਤੌਰ ’ਤੇ ਜੀਵਨ ਦੇ ਸੁੱਖ ਅਤੇ ਸ਼ਕਤੀ ਦੀ ਬਹੁਤ ਹੀ ਲੋੜ ਹੈ। ਸਿਹਤ ਸਬੰਧੀ ਖੇਡਾਂ, ਬਹੁਪੱਖੀ ਬੌਧਿਕ ਕਿਰਿਆਵਾਂ, ਸਿੱਖਿਆ, ਅਧਿਐਨ, ਖੋਜਾਂ... ਨਵੀਂ ਉਮਰ ਦੇ ਲੋਕਾਂ ਲਈ ਇਹ ਚੀਜ਼ਾਂ ਯੌਨ ਸਮੱਸਿਆਵਾਂ ’ਤੇ ਕਦੇ ਨਾ ਖ਼ਤਮ ਹੋਣ ਵਾਲ਼ੇ ਸਿਧਾਂਤਾਂ ਅਤੇ ਵਿਵਾਦਾਂ ਤੋਂ ਜ਼ਿਆਦਾ ਫਾਇਦੇਮੰਦ ਅਖੌਤੀ “ਜੀਵਨ ਦਾ ਪੂਰਨ ਪ੍ਰਗਟਾਅ” ਤੋਂ ਕਿਤੇ ਜ਼ਿਆਦਾ ਫਾਇਦੇ ਦੀਆਂ ਹੋਣਗੀਆਂ। ਤੰਦਰੁਸਤ ਸਰੀਰ ਤਾਂ ਤੰਦਰੁਸਤ ਦਿਮਾਗ !”

ਲੈਨਿਨ ਦੀ ਗੱਲਬਾਤ ’ਚੋਂ ਦਿੱਤਾ ਗਿਆ ਇਹ ਹਵਾਲਾ ਯੌਨ ਸਬੰਧੀ ਸਮੱਸਿਆਵਾਂ ’ਤੇ ਸੋਵੀਅਤ ਲੀਡਰਸ਼ਿਪ ਦੇ ਰਵੱਈਏ ਨੂੰ ਸਪੱਸ਼ਟ ਕਰ ਦਿੰਦਾ ਹੈ। ਲੈਨਿਨ ਦੇ ਇਹਨਾਂ ਸ਼ਬਦਾਂ ਨੂੰ ਲੈ ਕੇ ਬਾਅਦ ਵਿੱਚ ਜੋ ਲੰਬੇ ਵਾਦ-ਵਿਵਾਦ ਹੋਏ ਉਹਨਾਂ ਦੀਆਂ ਉਦਾਹਰਨਾਂ ਦੇਣ ਦੀ ਇੱਥੇ ਜ਼ਰੂਰਤ ਨਹੀਂ ਹੈ। ਅਸਲ ਵਿੱਚ ਸੋਵੀਅਤ ਪ੍ਰੋਗਰਾਮ ਰੂਸ ਦੇ ਆਰਥਿਕ ਅਤੇ ਰਾਜਨੀਤਕ ਜੀਵਨ ਦੀ ਮੁੜ-ਜੱਥੇਬੰਦੀ ਤੱਕ ਹੀ ਸੀਮਤ ਨਹੀਂ ਸੀ। ਉਹ ਇਸ ਤੋਂ ਕਿਤੇ ਜ਼ਿਆਦਾ ਵੱਡੇਰਾ ਅਤੇ ਵਿਸਥਾਰਤ ਸੀ।

ਸੋਵੀਅਤ ਸਰਕਾਰ ਦਾ ਜ਼ੁਅਰੱਤਪੂਰਨ ਟੀਚਾ ਨਾ ਕੇਵਲ ਮਨੁੱਖ ਦੇ ਦਿਨ ਬਦਿਨ ਦੇ ਜੀਵਨ ਨੂੰ ਬਦਲਣਾ ਸੀ, ਸਗੋਂ ਮਨੁੱਖ ਦੇ ਸੁਭਾਅ ਨੂੰ ਵੀ ਬਦਲਣਾ ਸੀ। ਇਹ ਟੀਚਾ ਬੜੇ ਅਨੋਖੇ ਢੰਗ ਨਾਲ਼ ਮਾਸਕੋ ਸਪੋਰਟਸ ਕਲੱਬ ਦੇ ਇਸ ਨਾਅਰੇ ਵਿੱਚ ਪ੍ਰਗਟ ਹੁੰਦਾ ਹੈ :

“ਅਸੀਂ ਮਨੁੱਖੀ ਸਮਾਜ ਦੀ ਮੁੜ-ਜਥੇਬੰਦੀ ਨਾ ਕੇਵਲ ਆਰਥਿਕ ਅਧਾਰ ’ਤੇ ਕਰ ਰਹੇ ਹਾਂ ਸਗੋਂ ਮਨੁੱਖਤਾ ਨੂੰ ਹੀ ਵਿਗਿਆਨਕ ਸਿਧਾਂਤਾਂ ਦੇ ਸਹਾਰੇ ਸੱਚ ਦੇ ਰਾਹ ’ਤੇ ਲਿਆ ਰਹੇ ਹਾਂ।”

ਅਸੀਂ ਇਸ ਨਾਅਰੇ ਦੇ ਪਹਿਲੇ ਹਿੱਸੇ ਨੂੰ ਛੱਡ ਵੀ ਦੇਈਏ, ਤਾਂ ਵੀ ਆਪਣੇ ਸਮਾਜੀ-ਢਾਂਚੇ ਵਿੱਚ ਆਰਥਿਕ ਤਬਦੀਲੀ ਦੀ ਲੋੜ ਨੂੰ ਅਸੀਂ ਪ੍ਰਵਾਨ ਕਰ ਚੁੱਕੇ ਹਾਂ। ਪਰ “ਮਨੁੱਖਾਂ ਨੂੰ ਵਿਗਿਆਨਕ ਨਿਯਮਾਂ ਸਹਾਰੇ ਸੁਧਾਰਨਾਂ” ਤਾਂ ਇੱਕਦਮ ਨਵੀਂ ਗੱਲ ਹੈ। ਇਹਨਾਂ ਅੱਠ ਸ਼ਬਦਾਂ ਵਿੱਚ ਉਹ ਸਾਰੇ ਦਾਰਸ਼ਨਿਕ ਅਤੇ ਨੈਤਿਕ ਵਿਚਾਰ ਸ਼ਾਮਿਲ ਹਨ ਜਿਨ੍ਹਾਂ ’ਤੇ ਸਦੀਆਂ ਤੋਂ ਵਾਦ-ਵਿਵਾਦ ਹੁੰਦਾ ਆਇਆ ਹੈ। ਸਪੋਰਟਸ ਕਲੱਬਾਂ ਦੇ ਨਾਅਰਿਆਂ ਵਿੱਚ ਇਹ ਇਕਦਮ ਅਨੋਖੀ ਚੀਜ਼ ਹੈ।

ਸਭ ਤੋਂ ਪਹਿਲਾ ਤਾਂ ਇਹ ਕਿ ਉਪਰੋਕਤ ਨਾਅਰਾ ਮਨੁੱਖਾਂ ਵਿੱਚ ਸੁਧਾਰ ਦੀ ਜ਼ਰੂਰਤ ਨੂੰ ਮੰਨਦਾ ਹੈ।

ਦੂਸਰਾ, ਉਹ ਇਸ ਗੱਲ ਨੂੰ ਮੰਨਦਾ ਹੈ ਕਿ ਮਨੁੱਖਾਂ ਨੂੰ ਸੁਧਾਰਿਆਂ ਜਾ ਸਕਦਾ ਹੈ।

ਅਤੇ ਅੰਤ ਵਿੱਚ, ਉਹ ਇਹ ਅਨੋਖਾ ਵਿਚਾਰ ਪੇਸ਼ ਕਰਦਾ ਹੈ ਕਿ ਮਨੁੱਖੀ ਸੁਭਾਅ ਨੂੰ ਵਿਗਿਆਨਕ ਨਿਯਮਾਂ ਸਹਾਰੇ ਸੁਧਾਰਿਆ ਜਾ ਸਕਦਾ ਹੈ : ਮਤਲਬ ਅਜਿਹੇ ਤਰੀਕਿਆਂ ਰਾਹੀਂ ਸੁਧਾਰਿਆ ਜਾ ਸਕਦਾ ਹੈ ਜੋ ਠੀਕ ਢੰਗ ਨਾਲ਼ ਲਾਗੂ ਕੀਤੇ ਗਏ ਹੋਣ ਅਤੇ ਜਿਨ੍ਹਾਂ ਦੇ

ਅਸਫ਼ਲ ਹੋਣ ਦਾ ਸ਼ੱਕ ਨਾ ਹੋਵੇ ਅਤੇ ਇਹ ਸੱਚਾਈ ਹੈ ਕਿ ਇਤਿਹਾਸ ਵਿੱਚ ਜਦੋਂ ਕਦੇ ਵੀ ਅਜਿਹੇ ਨੈਤਿਕਤਾ ਸਬੰਧੀ ਵੱਡੇ ਤੋਂ ਵੱਡੇ ਸੁਧਾਰਾਂ ਨੂੰ ਪ੍ਰਯੋਗ ਵਿੱਚ ਲਿਆਂਦਾ ਗਿਆ ਹੈ, ਉਹਨਾਂ ਦੇ ਮੂਲ ਵਿੱਚ ਇਹੀ ਤਿੰਨ ਗੱਲਾਂ ਕੰਮ ਕਰਦੀਆਂ ਸਨ ਜਿਨ੍ਹਾਂ ਦਾ ਜ਼ਿਕਰ ਅਸੀਂ ਉਪਰ ਕਰ ਚੁੱਕੇ ਹਾਂ।

ਸਾਨੂੰ ਇੱਥੇ ਦਾਰਸ਼ਨਿਕਤਾ ਨਾਲ਼ ਮਤਲਬ ਨਹੀਂ। ਸਾਨੂੰ ਤਾਂ ਸੱਚਾਈ ਨਾਲ਼ ਮਤਲਬ ਹੈ ਅਤੇ ਇਹ ਇੱਕ ਸੱਚੀ ਗੱਲ ਹੈ ਕਿ ਇਤਿਹਾਸ ਦਾ ਨੈਤਿਕਤਾ ਸਬੰਧੀ ਸਭ ਤੋਂ ਵੱਡਾ ਪ੍ਰਯੋਗ ਉਪਰੋਕਤ ਤਿੰਨ ਗੱਲਾਂ ’ਤੇ ਅਡਿੱਗ ਵਿਸ਼ਵਾਸ ’ਤੇ ਅਧਾਰਿਤ ਸੀ।

ਸਾਡੀਆਂ ਨਿੱਜੀ ਧਾਰਨਾਵਾਂ ਕੁੱਝ ਵੀ ਕਿਉਂ ਨਾ ਹੋਣ, ਸਾਨੂੰ ਕੁੱਝ ਦੇਰ ਲਈ ਤਾਂ ਸੱਚੀਆਂ ਗੱਲਾਂ ਮੰਨਣੀਆਂ ਹੀ ਪੈਣਗੀਆਂ ਅਤੇ ਕਿਸੇ ਕਾਰਨ ਤੋਂ ਨਾ ਸਹੀ, ਸੋਵੀਅਤ ਰੂਸ ਵਿੱਚ ਸੈਕਸ ਰੋਗਾਂ, ਵਿਭਚਾਰ ਅਤੇ ਸ਼ਰਾਬਖੋਰੀ ਦਾ ਅੰਤ ਕਿਉਂ ਹੋਇਆ ਇਹ ਜਾਣਨ ਦੀ ਉਤਸੁਕਤਾ ਦੇ ਅਧਾਰ ’ਤੇ ਹੀ ਸਾਨੂੰ ਇਮਾਨਦਾਰੀ ਦੀ ਗੱਲ ਮੰਨ ਲੈਣੀ ਚਾਹੀਦੀ ਹੈ।

ਤਾਂ, ਅਸੀਂ ਇਸ ਵਿਚਾਰ ਨੂੰ ਕਿਸ ਪ੍ਰਕਾਰ ਦਿਲ ਵਿੱਚ ਬੈਠਾ ਲਈਏ ਕਿ ਵਿਗਿਆਨਕ ਸਿਧਾਂਤਾਂ ਸਹਾਰੇ ਮਨੁੱਖਾਂ ਨੂੰ ਸੁਧਾਰਿਆ ਜਾ ਸਕਦਾ ਹੈ ?

ਅਸੀਂ ਦੇਖ ਚੁੱਕੇ ਹਾਂ ਕਿ ਸਾਡੇ ਦੇਸ਼ ਵਿੱਚ ਅਨੈਤਿਕਤਾ ਵਿਰੁੱਧ ਡਾਕਟਰੀ ਅੰਦੋਲਨ ਬੜੇ ਜ਼ੋਰ–ਸ਼ੋਰ ਨਾਲ਼ ਚਲਾਏ ਗਏ। ਪਰ ਕੋਈ ਮਹੱਤਵਪੂਰਨ ਨਤੀਜਾ ਨਹੀਂ ਨਿਕਲਿਆ। ਸਿਰਫ਼ ਸੈਕਸ ਰੋਗਾਂ ਨੂੰ ਜਿੱਤਣ ਦੇ ਯਤਨਾਂ ਤੱਕ ਸੀਮਤ ਰਹਿਣ ’ਤੇ ਵੀ ਉਹਨਾਂ ਨਾਲ਼ ਕੋਈ ਵਿਸ਼ੇਸ਼ ਲਾਭ ਨਹੀਂ ਹੋਇਆ। ਇਸ ਅਸਫ਼ਲਤਾ ਦੇ ਨਾਲ਼ ਨਾਲ਼ ਇੱਕ ਗੱਲ ਹੋਰ ਵੀ ਹੈ। ਸਾਡੇ ਜਮਹੂਰੀ ਦੇਸ਼ਾਂ ਦੇ ਕਿਸੇ ਵੀ ਜ਼ਿੰਮੇਵਾਰ ਵਿਗਿਆਨੀ ਨੇ ਇਹ ਕਹਿਣ ਦੀ ਹਿੰਮਤ ਨਹੀਂ ਕੀਤੀ ਕਿ ਅਨੈਤਿਕਤਾ ਦੀ ਇਸ ਸਮੱਸਿਆ ਦੇ ਹੱਲ ਲਈ ਕੋਈ ਵਿਗਿਆਨਕ ਖੋਜ ਕੀਤੀ ਜਾਵੇ। ਫਿਰ, ਵਿਗਿਆਨਕ ਢੰਗਾਂ ਵਿੱਚ ਸੋਵੀਅਤ ਆਗੂਆਂ ਦਾ ਆਸ਼ਾਵਾਦ ਕਿੱਥੋਂ ਜਾਗ ਪਿਆ ?

ਸੋਵੀਅਤ ਵਿਗਿਆਨਕਾਂ ਨੇ ਪਹਿਲਾਂ ਤਾਂ ਅਨੈਤਿਕਤਾ ਨੂੰ ਇੱਕ ਸਮਝ ਆਉਣ ਵਾਲ਼ੀ ਗੱਲ ਬਣਾ ਦਿੱਤਾ। ਦੂਸਰੇ, ਉਹਨਾਂ ਨੇ ਪਾਪ ਤੋਂ ਰਹੱਸ ਦਾ ਪਰਦਾ ਹਟਾ ਦਿੱਤਾ।

# ਪੂੰਜੀਵਾਦ ਨੇ ਪਿਆਰ ਨੂੰ ਆਦਰਯੋਗ ਥਾਂ ਦਿੱਤੀ

ਕਾਮ ਇੱਛਾ ਮਨੁੱਖ ਲਈ ਇੱਕ ਸੁਭਾਵਿਕ ਚੀਜ਼ ਹੈ। ਇੱਕ ਅਰਥ ਵਿੱਚ ਇਸ ਦੀ ਤੁਲਨਾ ਭੁੱਖ ਅਤੇ ਪਿਆਸ ਨਾਲ਼ ਕੀਤੀ ਜਾ ਸਕਦੀ ਹੈ ਕਿ ਇਹਨੂੰ ਤ੍ਰਿਪਤ ਕਰਨ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਸੋਵੀਅਤ ਰੂਸ ਦੇ ਜੀਵ-ਵਿਗਿਆਨੀਆਂ, ਮਨੋ-ਵਿਗਿਆਨੀਆਂ ਅਤੇ ਮਾਨਵ-ਵਿਗਿਆਨੀਆਂ ਨੇ "ਪਾਣੀ ਦੇ ਗਿਲਾਸ" ਵਾਲ਼ੇ ਸਿਧਾਂਤ — ਅਰਥਾਤ ਉੱਜਡ ਭੌਤਿਕਵਾਦੀ ਸਿਧਾਂਤ — ਨੂੰ ਚੰਗੀ ਤਰ੍ਹਾਂ ਪਰਖਿਆ। ਉਹ ਇਸ ਨਤੀਜੇ 'ਤੇ ਪਹੁੰਚੇ ਕਿ 'ਪਿਆਸ' ਕਾਮ ਇੱਛਾ ਤੋਂ ਮੂਲ ਰੂਪ ਵਿੱਚ ਭਿੰਨ ਹੈ। ਜਨਮ ਦੇ ਸਮੇਂ ਕਾਮ ਇੱਛਾ ਨਹੀਂ ਹੁੰਦੀ। ਜ਼ੋਬਨ-ਰੁੱਤ ਪ੍ਰਾਪਤ ਹੋਣ 'ਤੇ ਹੀ ਉਹ ਪੂਰੀ ਤਰ੍ਹਾਂ ਵਿਕਸਤ ਹੁੰਦੀ ਹੈ। ਕਾਮ ਇੱਛਾ ਪੈਦਾ ਹੋਣ ਦੇ ਨਾਲ਼ ਕਿਸੇ ਵੀ ਲੜਕੇ ਜਾਂ ਲੜਕੀ ਦੇ ਸਰੀਰ ਅਤੇ ਦਿਮਾਗ਼ ਵਿੱਚ ਵੀ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਜਾਂਦੀਆਂ ਹਨ। ਮਨੁੱਖ ਵਿੱਚ ਇਸ ਇੱਛਾ ਦੀ ਆਨੰਦਮਈ ਤ੍ਰਿਪਤੀ ਦਿਮਾਗ, ਵਿਚਾਰਾਂ ਧਾਰਨਾਵਾਂ ਅਤੇ ਸੁਪਨਿਆਂ ਦੇ ਪ੍ਰਭਾਵ ਨਾਲ਼ ਹੋਰ ਜ਼ਿਆਦਾ ਵੱਧਦੀ ਜਾਂਦੀ ਹੈ। ਭੁੱਖ ਅਤੇ ਪਿਆਸ ਨੂੰ ਲਗਾਤਾਰ ਬੁਝਾਉਂਦੇ ਰਹਿਣਾ ਸਰੀਰ ਕਾਇਮ ਰੱਖਣ ਲਈ ਬੇਹੱਦ ਜ਼ਰੂਰੀ ਹੁੰਦਾ ਹੈ। ਪਰ ਕਾਮ ਇੱਛਾ ਦੀ ਤ੍ਰਿਪਤੀ ਇੰਨੀ ਜ਼ਰੂਰੀ ਨਹੀਂ। ਦੂਸਰੇ ਪਾਸੇ, ਮਨੁੱਖ ਲਈ ਇੰਦਰੀ ਸੰਭੋਗ ਦਾ ਭੌਤਿਕ ਉਦੇਸ਼ ਉਸ ਦੇ ਖ਼ੁਦ ਜ਼ਿੰਦਾ ਰਹਿਣ ਦੀ ਇੱਛਾ ਤੋਂ ਕਿਤੇ ਵੱਧ ਮਹੱਤਵਪੂਰਨ ਹੈ। ਯੌਨ ਸਬੰਧਾਂ ਦੇ ਸਿੱਟੇ ਵਜੋਂ ਲੋਕ ਮਾਤਾ-ਪਿਤਾ ਬਣਦੇ ਹਨ। ਉਹ ਨਵੇਂ ਜੀਵ ਨੂੰ ਜਨਮ ਦਿੰਦੇ ਹਨ। ਉਹ ਮਨੁੱਖਤਾ ਦੀ ਉਸਾਰੀ ਕਰਦੇ ਹਨ। ਇਸ ਪ੍ਰਕਾਰ ਇਹ ਵੀ ਸਭ ਜਾਣਦੇ ਹਨ ਕਿ ਸੰਭੋਗ ਤੋਂ ਪਰਮ ਆਨੰਦ ਪ੍ਰਾਪਤ ਹੁੰਦਾ ਹੈ। ਇਹ ਆਨੰਦ ਇੰਨਾ ਜਟਿਲ ਅਤੇ ਦਿਮਾਗ ਦੁਆਰਾ ਰੰਗ-ਬਿਰੰਗਾ ਬਣਾ ਦਿੱਤਾ ਜਾਂਦਾ ਹੈ ਕਿ ਮੁਮਕਿਨ ਹੈ ਇਸ ਦੀ ਤੁਲਨਾ "ਪਾਣੀ ਪੀ ਲੈਣ" ਜਾਂ "ਖਾਣਾ ਖਾ ਲੈਣ" ਨਾਲ਼ ਨਹੀਂ ਕੀਤੀ ਜਾ ਸਕਦੀ।

ਇਸ ਗੱਲ ਨੂੰ ਲੈ ਕੇ ਸੋਵੀਅਤ ਵਿਗਿਆਨਕਾਂ ਨੇ ਪੁਰਾਣੇ ਨੀਤੀ ਘਾੜਿਆਂ ਤੋਂ ਅੱਗੇ ਕਦਮ ਵਧਾਇਆ। ਉਹਨਾਂ ਨੇ ਇਸ ਗੱਲ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਮਨੁੱਖੀ-ਵਿਕਾਸ ਦੇ ਇਤਿਹਾਸ ਵਿੱਚ ਯੌਨ ਸਬੰਧ ਅਬਦਲ ਰਹੇ ਹਨ। ਉਹਨਾਂ ਨੇ ਇਹ ਵੀ ਮੰਨਣ ਤੋਂ ਸਾਫ਼ ਇਨਕਾਰ ਕਰ ਦਿੱਤਾ ਕਿ ਯੌਨ ਸਮੱਸਿਆ ਨੂੰ ਕਦੇ ਨਾ ਹੱਲ ਹੋਣ ਵਾਲ਼ੀ ਸਮੱਸਿਆ ਮੰਨ ਲਿਆ ਜਾਵੇ। ਪੁਰਾਣੇ ਵਿਚਾਰਾਂ ਨੂੰ ਚਣੌਤੀ ਦੇਣ ਵਾਲ਼ਾ ਉਹਨਾਂ ਨੇ ਇੱਕ ਨਵਾਂ ਵਿਚਾਰ ਪੇਸ਼ ਕੀਤਾ : ਅੱਜ ਦੇ ਸਮਾਜ ਵਿੱਚ ਮਨੁੱਖਾਂ ਦੇ ਯੌਨ ਸਬੰਧ ਪੁਰਾਣੇ ਵੇਲੇ ਦੇ ਯੌਨ ਸਬੰਧਾਂ ਤੋਂ ਓਨੇ ਹੀ ਭਿੰਨ ਹਨ ਜਿੰਨੇ ਕਿ ਸਾਡੇ ਸੁਹਿਰਦ ਵਿਓਹਾਰ ਪਸ਼ੂਆਂ ਦੇ ਵਿਓਹਾਰ

ਤੋਂ ਭਿੰਨ ਹਨ।

ਉਹਨਾਂ ਨੇ "ਪਿਆਰ" ਸ਼ਬਦ ਦੀ ਨਵੀਂ ਵਿਆਖਿਆ ਪੇਸ਼ ਕੀਤੀ। ਉਹਨਾਂ ਨੇ ਪਿਆਰ ਨੂੰ ਭੋਗ-ਲਾਲਸਾ ਦੀ ਤ੍ਰਿਪਤੀ ਦਾ ਸਾਧਨ ਕਹਿ ਕੇ ਹੀ ਕੰਮ ਨਹੀਂ ਸਾਰ ਲਿਆ। ਪਿਆਰ ਨੂੰ ਭੋਗ-ਲਾਲਸਾ ਦੀ ਤ੍ਰਿਪਤੀ ਦਾ ਕੇਵਲ ਸਾਧਨ ਮੰਨਣ ਦੀ ਬਜਾਏ ਉਹਨਾਂ ਨੇ ਉੱਚੇ ਉੱਠ ਕੇ ਇਤਿਹਾਸਕ ਤੱਥਾਂ ਦੇ ਸਹਾਰੇ ਇਹ ਐਲਾਨ ਕੀਤਾ ਕਿ ਜਿਸ ਪਿਆਰ ਦੀ ਅੱਜ ਅਸੀਂ ਗੱਲ ਕਰਦੇ ਹਾਂ ਉਹ ਮਨੁੱਖੀ ਸਮਾਜ ਦੇ ਮਹਾਨ ਅਗਾਂਹਵਧੂ ਅਤੇ ਇਨਕਲਾਬੀ ਵਿਕਾਸ ਦਾ ਗਵਾਹ ਹੈ। ਉਹਨਾਂ ਨੇ ਕਿਹਾ ਕਿ ਪਿਆਰ ਦੇ ਸਬੰਧ ਵਿੱਚ ਸਹੀ ਸਮਝਦਾਰੀ ਅਤੇ ਉਸ ਦਾ ਲਗਾਤਾਰ ਵਿਕਾਸ ਹੀ ਉਹ ਅਧਾਰ ਹੈ ਜਿਸ 'ਤੇ ਇੱਕ ਸੱਚੇ ਨੈਤਿਕ ਸਮਾਜ ਦੀ ਉਸਾਰੀ ਹੋ ਸਕਦੀ ਹੈ।

ਇਹ ਗੱਲ ਕੁੱਝ ਤਰਕਹੀਣ ਲੱਗਦੀ ਹੈ ਕਿ ਵਿਗਿਆਨਕ ਪਿਆਰ ਦੇ ਸਬੰਧ ਵਿੱਚ ਆਪਣਾ ਸਿਧਾਂਤ ਘੜਣ। ਗੱਲ ਘੱਟ ਮਨੋਰੰਜਕ ਵੀ ਨਹੀਂ। ਸਾਡੇ ਲਈ ਮੁਮਕਿਨ ਹੈ : ਇਹ ਕਲਪਨਾ ਕਰਨਾ ਔਖਾ ਹੋਵੇਗਾ ਕਿ ਮਾਨਵ ਵਿਗਿਆਨ (Anthropology) ਜੇਹੇ ਜਟਿਲ ਵਿਸ਼ੇ ਦਾ ਨੀਰਸ ਪ੍ਰੋਫੈਸਰ ਇਸ ਸਬੰਧ ਵਿੱਚ ਕੀ ਮੱਤ ਪੇਸ਼ ਕਰੇਗਾ। ਤਾਂ ਹੁਣ ਅਸੀਂ ਸੋਵੀਅਤ ਵਿਗਿਆਨਕਾਂ ਦੀਆਂ ਵਿਸਥਾਰੀ ਖੋਜਾਂ ਦੇ ਮੁੱਢਲੇ ਸਾਰੰਸ਼ਾਂ ਤੱਕ ਹੀ ਖੁਦ ਨੂੰ ਸੀਮਤ ਕਰ ਲਈਏ...।

ਸ਼ੁਰੂ ਵਿੱਚ, ਮੁੱਢ ਕਦੀਮ ਮਨੁੱਖਾਂ ਦੇ ਜੀਵਨ ਵਿੱਚ ਕਾਮ ਇੱਛਾ ਦੀ ਜਗ੍ਹਾ ਪਸ਼ੂਆਂ ਦੇ ਮੁਕਾਬਲੇ ਕੁੱਝ ਹੀ ਉੱਚੀ ਸੀ। ਸੈਕਸ ਭੋਗ ਦੀ ਲਾਲਸਾ ਪੁਰਸ਼ ਦਾ ਮੁੱਖ ਗੁਣ ਸੀ। ਇਸਤਰੀ ਸਿਰਫ਼ ਇਸ ਇੱਛਾ ਨੂੰ ਤ੍ਰਿਪਤ ਕਰਨ ਅਤੇ ਬੱਚੇ ਪੈਦਾ ਕਰਨ ਦਾ ਸਾਧਨ ਸੀ। ਉਸ ਦੌਰ ਦੇ ਮਨੁੱਖਾਂ ਨੂੰ ਜੀਵ ਵਿਗਿਆਨ ਸਬੰਧੀ ਗੱਲਾਂ ਦਾ ਗਿਆਨ ਸਿਫ਼ਰ ਦੇ ਬਰਾਬਰ ਸੀ। ਤਦ ਤੱਕ ਇਹ ਪਤਾ ਨਹੀਂ ਸੀ ਕਿ ਇਸਤਰੀ ਕਿਵੇਂ ਗਰਭ ਧਾਰਨ ਕਰਦੀ ਹੈ। ਇਸ ਲਈ ਇਸ ਗੱਲ ਨੂੰ ਮੰਨਣ ਦੀ ਗੁੰਜਾਇਸ਼ ਹੀ ਨਹੀਂ ਸੀ ਕਿ ਸੰਤਾਨ ਦੀ ਉਤਪਤੀ ਵਿੱਚ ਇਸਤਰੀ-ਪੁਰਸ਼ ਦੀ ਬਰਾਬਰ ਜ਼ਿੰਮੇਵਾਰੀ ਹੁੰਦੀ ਹੈ। ਇਸ ਲਈ ਉਸ ਦੌਰ ਦੇ ਸਮਾਜ ਦਾ ਵਿਸ਼ੇਸ਼ ਲੱਛਣ ਸੀ : ਸਮੂਹਿਕ ਵਿਆਹ। ਇਸ ਪ੍ਰਥਾ ਦਾ ਅਰਥ ਆਪ ਹੀ ਸਪੱਸ਼ਟ ਹੈ। ਇੱਕ ਸਮੂਹ ਦੀਆਂ ਇਸਤਰੀਆਂ ਸਮੇਂ-ਸਮੇਂ 'ਤੇ ਉਸ ਸਮੂਹ ਦੇ ਸਾਰੇ ਜਾਂ ਜ਼ਿਆਦਾਤਰ ਪੁਰਸ਼ਾਂ ਨਾਲ਼ ਸੰਭੋਗ ਕਰਦੀਆਂ ਸਨ। ਪਰਾ-ਇਤਿਹਾਸਕ (Pre-Historic) ਯੁੱਗ ਦਾ ਆਦਿ ਮਨੁੱਖ ਉਹਨਾਂ ਰੁਮਾਨੀ ਭਾਵਨਾਵਾਂ (Feelings) ਦੇ ਨੇੜੇ ਤੇੜੇ ਵੀ ਨਹੀਂ ਸੀ ਜਿਨ੍ਹਾਂ ਦੀ ਕਲਪਨਾ ਕਰਕੇ ਬਾਅਦ ਵਿੱਚ ਰੁਮਾਨੀ ਕਥਾਵਾਂ ਰਚੀਆਂ ਗਈਆਂ। ਉਸ ਦੀ ਇਸਤਰੀ ਉਸ ਦੇ ਲਈ ਬੱਚੇ ਪੈਦਾ ਕਰਨ ਵਾਲ਼ੀ ਸੀ। ਉਹ ਸਿਰਫ਼ ਉਸ ਦਾ ਹੁਕਮ ਮੰਨਣ ਵਾਲ਼ੀ ਸੀ।

ਹੌਲ਼ੀ-ਹੌਲ਼ੀ ਪ੍ਰਬੰਧ ਰਹਿਤ ਸਮਾਜ ਤੋਂ ਬਰਬਰ ਸਮਾਜ ਦਾ ਵਿਕਾਸ ਹੋਇਆ। ਇਸ ਸਮਾਜ ਦੇ ਜਨਮ ਦੇ ਨਾਲ਼ ਹੀ ਜੋੜਿਆਂ ਦੇ ਵਿਆਹ, ਅਰਥਾਤ ਇੱਕ ਪੁਰਸ਼ ਅਤੇ ਇੱਕ ਇਸਤਰੀ ਦੇ ਯੌਨ ਸਬੰਧਾਂ 'ਤੇ ਅਧਾਰਤ ਵਿਆਹ, ਸ਼ੁਰੂ ਹੋਏ। ਇਸ ਪ੍ਰਥਾ ਦਾ ਅਧਾਰ ਜੀਵ-ਵਿਗਿਆਨ ਦੀ ਸ਼ੁਰੂਆਤੀ ਜਾਣਕਾਰੀ ਸੀ — ਇਹ ਜਾਣਕਾਰੀ ਕਿ ਇੱਕ ਪੁਰਸ਼ ਅਤੇ

ਇਸਤਰੀ ਦੇ ਸੰਭੋਗ ਨਾਲ਼ ਬੱਚੇ ਦਾ ਜਨਮ ਹੁੰਦਾ ਹੈ। ਯਾਨੀ, ਇਹ ਬੱਚਾ ਨਾ ਕੇਵਲ ਇਸਤਰੀ ਤੋਂ ਸਗੋਂ ਪੁਰਸ਼ ਤੋਂ ਵੀ ਜੰਮਿਆਂ ਸੀ। ਪਰ ਬਹੁਤਿਆਂ ਦੀ ਸੰਪਤੀ ਦੀ ਬਜਾਏ ਕੇਵਲ ਇੱਕ ਪੁਰਸ਼ ਦੀ ਸੰਪਤੀ ਬਣ ਜਾਣ ’ਤੇ ਵੀ ਇਸਤਰੀ ਦੀ ਸਥਿਤੀ ਵਿੱਚ ਕੋਈ ਖ਼ਾਸ ਬਦਲਾਅ ਨਹੀਂ ਆਇਆ। ਇਸਤਰੀ ਪੂਰੀ ਤਰ੍ਹਾਂ ਪੁਰਸ਼ ਦੀ ਦਾਸੀ ਬਣੀ ਰਹੀ ਅਤੇ ਬਹੁਤ ਸਾਰੀਆਂ ਅਸੱਭਿਅਕ ਨਸਲਾਂ ਵਿੱਚ ਉਹਨੂੰ ਔਖੇ ਤੋਂ ਔਖਾ ਕੰਮ ਕਰਨਾ ਪੈਂਦਾ ਸੀ।

ਬਰਬਰ ਸਮਾਜ ਦੇ ਗਰਭ ਤੋਂ ਸ਼ੁਰੂਆਤੀ ਸੱਭਿਅਤਾਵਾਂ ਦਾ ਜਨਮ ਹੋਇਆ। ਇਸ ਗੱਲ ਨੂੰ ਨਾ ਤਾਂ ਸੋਵੀਅਤ ਵਿਦਿਆਰਥੀ, ਨਾ ਹੀ ਦੂਸਰੇ ਦੇਸ਼ਾਂ ਦੇ ਅਧਿਕਾਰੀ ਮੰਨਦੇ ਹਨ ਕਿ ਯੌਨ ਸਬੰਧਾਂ ਵਿੱਚ ਬਦਲਾਅ ਦੇ ਅਸਰ ਕਰਕੇ ਹੀ ਮਨੁੱਖ ਬਰਬਰਤਾ ਤੋਂ ਉੱਪਰ ਉੱਠ ਸਕੇ ਹਨ। ਇਸ ਬਦਲਾਅ ਵਿੱਚ ਕਿਤੇ ਜ਼ਿਆਦਾ ਮਹੱਤਵਪੂਰਨ ਕਾਰਨ ਸ਼ਾਮਿਲ ਸਨ। ਉਹਨਾਂ ’ਤੇ ਵਿਚਾਰ ਕਰਨ ਲਈ ਇੱਥੇ ਥਾਂ ਨਹੀਂ ਹੈ। ਹਾਂ, ਇਹ ਤਾਂ ਸਪੱਸ਼ਟ ਹੈ ਕਿ ਵਿਕਾਸਮਾਨ ਸੱਭਿਅਤਾ ਦੇ ਅਮਲੀ ਪ੍ਰਭਾਵ ਅਤਿਅੰਤ ਸਰਲ ਸਨ। ਬਰਬਰ ਨਸਲਾਂ ਦੇ ਮੁਕਾਬਲੇ ਸੱਭਿਅਕ ਮਨੁੱਖ ਅਨਾਜ, ਮਕਾਨ, ਕੱਪੜਿਆਂ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਜ਼ਿਆਦਾ ਮਾਤਰਾਂ ਵਿੱਚ ਉਤਪਾਦਨ ਕਰ ਸਕੇ। ਜਦੋਂ ਕਿ ਇਹ ਗੱਲ ਠੀਕ ਹੈ ਕਿ ਬਹੁਗਿਣਤੀ ਲੋਕ ਹੁਣ ਵੀ ਗਰੀਬ ਅਤੇ ਮਿਹਨਤ-ਮਜ਼ਦੂਰੀ ਕਰਨ ਵਾਲੇ ਸਨ; ਫਿਰ ਵੀ, ਇਹਨਾਂ ਸ਼ੁਰੂਆਤੀ ਸੱਭਿਅਤਾਵਾਂ ਤੋਂ ਕੁੱਝ ਲੋਕਾਂ ਨੂੰ ਤਾਂ ਜ਼ਰੂਰ ਹੀ ਆਰਾਮ ਨਾਲ਼ ਜ਼ਿੰਦਗੀ ਬਿਤਾਉਣ ਦਾ ਮੌਕਾ ਮਿਲਿਆ। ਤਰਾਂ-ਤਰਾਂ ਦੀਆਂ ਗੱਲਾਂ ਸੋਚੀਆਂ ਜਾ ਸਕੀਆਂ ਅਤੇ ਜੀਵਨ ਦੇ ਰਹੱਸ ਬਾਰੇ ਪਤਾ ਲਗਾਉਣ ਦਾ ਇਹਨਾਂ ਲੋਕਾਂ ਨੂੰ ਮੌਕਾ ਮਿਲਿਆ।

ਸੁਭਾਵਿਕ ਹੀ ਸੀ ਕਿ ਪਹਿਲਾਂ-ਪਹਿਲ ਜਿਨ੍ਹਾਂ ਰਹੱਸਾਂ ਨੇ ਮਨੁੱਖ ਦੇ ਦਿਮਾਗ ਨੂੰ ਉਲਝਾ ਦਿੱਤਾ, ਉਹਨਾਂ ਵਿੱਚੋਂ ਇੱਕ ਕਾਮ-ਰਹੱਸ ਵੀ ਸੀ। ਮਾਨਵ-ਵਿਗਿਆਨਕਾਂ ਨੇ ਸਿੱਧ ਕਰ ਦਿੱਤਾ ਹੈ ਕਿ ਪੁਰਾਤਨ ਮਨੁੱਖ ਨੇ ਕਾਮ ਅਤੇ ਧਰਮ ਨੂੰ ਪਰਸਪਰ ਸਬੰਧਤ ਕਰ ਰੱਖਿਆ ਸੀ। ਕੁੱਝ ਦੇਵਤਿਆਂ ਅਤੇ ਦੇਵੀਆਂ ਨੂੰ — ਵੀਨਸ, ਸੀਰੀਜ਼, ਏਸਟਰਾਅ, ਆਇਸਿਸ ਅਤੇ ਮਾਈਲਿੰਤਾ ਆਦਿ ਨੂੰ — ਕਾਮਸੂਤਰ ਵਿੱਚ ਬੱਝੇ ਦਿਖਦੇ ਹਨ। ਪੁਰਾਣੇ ਧਾਰਮਿਕ ਰੀਤੀ-ਰਿਵਾਜਾਂ ਨੇ ਧਰਤੀ ਦੇ ਉਪਜਾਊਪਣ ਨੂੰ, ਸੂਰਜ ਦੀ ਜੀਵਨਦਾਇਕ ਰੌਸ਼ਨੀ ਨੂੰ ਅਤੇ ਦੂਸਰੀਆਂ ਸਰਲ ਬਣਤਰਾਂ ਨੂੰ ਕਾਮ ਸਬੰਧੀ ਗੁੰਝਲਦਾਰ ਅਤੇ ਆਨੰਦਦਾਇਕ ਤੱਥਾਂ ਨਾਲ਼ ਅਤੇ ਮਾਤਰੀਤਵ ਦੇ ਡਰਾਉਣੇ ਅਦਭੁੱਤ ਰਹੱਸ ਨਾਲ਼ ਜੋੜਿਆਂ। ਇਹਨਾਂ ਗੱਲਾਂ ਨੂੰ ਅੱਜ ਦੇ ਬਹੁਤ ਲੋਕ ਜਾਣਦੇ ਹਨ। ਬਿਨਾਂ ਧਰਮ ਦੀ ਦੁਹਾਈ ਦਿੱਤੇ ਉਹ ਇਸ ਗੱਲ ਨੂੰ ਪ੍ਰਵਾਨ ਕਰਦੇ ਹਨ ਕਿ ਅੱਜ ਦੇ ਅਤੇ ਪੁਰਾਤਨ ਸਮੇਂ ਦੇ ਧਰਮ ਦੀ ਰੂਪਰੇਖਾ ਵਿੱਚ ਕਾਫ਼ੀ ਸਮਾਨਤਾ ਦੇ ਬਾਵਜੂਦ ਪੁਰਾਤਨ ਧਰਮ ਦੀਆਂ ਕਈ ਅਧਿਆਤਮਿਕ ਗੱਲਾਂ ਅਤੇ ਪੂਜਾ-ਪਾਠ ਦੇ ਤਰੀਕੇ ਬਹੁਤ ਵੱਖਰੇ ਸਨ। ਪੁਰਾਣੇ ਧਰਮ ਅਤੇ ਵਰਤਮਾਨ ਧਰਮ ਦੀਆਂ ਰੂਪ ਰੇਖਾਵਾਂ ਵਿੱਚ ਕਿੰਨਾ ਵੱਡਾ ਅੰਤਰ ਹੈ, ਇਹ ਵੇਸ਼ਵਾਗਮਨੀ ਨਾਲ਼ ਸਬੰਧਤ ਇਤਿਹਾਸਕ ਤੱਥ ਸਪੱਸ਼ਟ ਕਰ ਦਿੰਦੇ ਹਨ। ਬੇਹੱਦ ਪੁਰਾਣੇ ਦੌਰ ਦੀ ਵੇਸ਼ਵਾ ਦੇਵ-ਮੰਦਰ ਦੀ ਸੇਵਕਾ ਹੁੰਦੀ ਸੀ।

ਮਨੁੱਖੀ ਇਤਿਹਾਸ ਦੇ ਬਰਬਰ ਅਤੇ ਅੱਧ-ਸੱਭਿਅਕ ਸਮਾਜਾਂ ਦੇ ਧਰਮਾਂ ਦੀ ਮਾਨਤਾ

ਸੀ ਕਿ ਸਾਰੀਆਂ ਇਸਤਰੀਆਂ ਖੁਦ ਨੂੰ ਇੱਕ ਵਾਰ ਜਾਂ ਕਈ ਵਾਰ ਪੁਰੋਹਿਤਾਂ ਜਾਂ ਦੂਸਰੀਆਂ ਹਵਾਲੇ ਜ਼ਰੂਰ ਕਰਨ। ਜੋ ਇਸਤਰੀ ਇਸ ਤੋਂ ਇਨਕਾਰ ਕਰਦੀ ਉਸ ਦੀ ਸਜ਼ਾ ਇਹ ਮੰਨੀ ਜਾਂਦੀ ਸੀ ਕਿ ਉਹ ਪੂਰਾ ਜੀਵਨ ਬਿਨਾਂ ਔਲਾਦ ਰਹੇਗੀ; ਕਿ ਉਸ 'ਤੇ ਦੈਵੀ ਪ੍ਰਕੋਪ ਹੋਵੇਗਾ। ਉਦਾਹਰਣ ਲਈ, ਬੇਬੀਲੋਨ ਵਿੱਚ ਗਰੀਬ ਹੋਵੇ ਜਾਂ ਅਮੀਰ, ਹਰ ਇਸਤਰੀ ਨੂੰ ਇੱਕ ਵਾਰ 'ਵੀਨਸ' ਦੇ ਮੰਦਰ ਵਿੱਚ ਜ਼ਰੂਰ ਜਾਣਾ ਪੈਂਦਾ ਸੀ। ਉਸ ਨੂੰ ਮੰਦਰ ਦੇ ਬਗੀਚੇ ਵਿੱਚ ਉਦੋਂ ਤੱਕ ਖੜੀ ਰਹਿਣਾ ਪੈਂਦਾ ਸੀ ਜਦ ਤੱਕ ਉਸੇ ਦੀ ਜਾਤ ਦਾ ਕੋਈ ਅਜਨਬੀ ਆ ਕੇ ਉਸ ਦੇ ਨਾਲ਼ ਸੰਭੋਗ ਨਾ ਕਰੇ। ਸਮਕਾਲੀ ਇਤਿਹਾਸਕਾਰ ਸਬੂਤ ਛੱਡ ਗਏ ਹਨ ਕਿ ਕਦੇ-ਕਦੇ ਬੜੀ ਸਾਊ ਇੱਛਾ ਰਹਿਤ ਇਸਤਰੀਆਂ ਦੇ ਵੀ ਕਈ ਸਾਲ ਇਸ ਗੱਲ ਵਿੱਚ ਲੱਗ ਜਾਂਦੇ ਸਨ ਕਿ ਉਹ ਕਿਸੇ ਪੁਜਾਰੀ ਨੂੰ ਰਿਝਾਉਣ ਅਤੇ ਉਹ ਉਹਨਾਂ ਦੇ ਨਾਲ਼ ਸੰਭੋਗ ਕਰਕੇ ਉਹਨਾਂ ਲਈ ਮੁਕਤੀ ਦਾ ਬੂਹਾ ਖੋਲੇ। ਇਹ ਵੀ ਮੰਨੀ-ਪ੍ਰਮੰਨੀ ਗੱਲ ਹੈ ਕਿ ਜ਼ਿਆਦਾ ਸਮੇਂ ਤੱਕ ਇਹ ਪਰੰਪਰਾ ਧਰਮ ਦੇ ਪਰਦੇ ਵਿੱਚ ਢਕੀ ਨਾ ਰਹਿ ਸਕੀ। ਮੰਦਰਾਂ ਨੂੰ ਕਾਇਮ ਰੱਖਣ ਅਤੇ ਪੁਰੋਹਿਤਾਂ ਦੇ ਖਾਣਪੀਣ ਦੇ ਬੰਦੋਬਸਤ ਲਈ ਹਰ "ਭਗਤ" ਨੂੰ ਮੰਦਰ ਵਿੱਚ ਚਾਂਦੀ ਦਾ ਇੱਕ ਚਮਕਦਾ ਹੋਇਆ ਪਵਿੱਤਰ ਸਿੱਕਾ ਛੱਡਣਾ ਪੈਂਦਾ ਸੀ। ਇਸ ਰਿਵਾਜ ਦੇ ਸਿੱਟੇ ਵਜੋਂ ਬਹੁਤ ਹੀ ਗੰਦੇ ਅਤੇ ਬਦਕਾਰ ਵਿਚਾਰਾਂ ਦਾ ਜਨਮ ਹੋਇਆ। ਅਜਿਹੇ ਲੋਕਾਂ ਦੀ ਕਮੀ ਨਹੀਂ ਸੀ ਜੋ ਦੇਵਤਿਆਂ ਨੂੰ ਇਸ ਸਰਲ ਉਪਾਅ ਨਾਲ਼ ਖੁਸ਼ ਕਰਨ ਲਈ ਸਦਾ ਤਿਆਰ ਰਹਿੰਦੇ ਸਨ। ਦੂਸਰਾ, ਕੁੱਝ ਇਸਤਰੀਆਂ ਨੂੰ ਪਤਾ ਲੱਗਿਆ ਕਿ ਆਪਣੀਆਂ ਦੂਸਰੀਆਂ ਬਦਕਿਸਮਤ ਭੈਣਾਂ ਤੋਂ ਅਲੱਗ ਉਹ ਵਾਰ-ਵਾਰ ਮੰਦਰ ਵਿੱਚ ਜਾ ਸਕਦੀਆਂ ਹਨ ਅਤੇ ਹਰ ਵਾਰ ਕੋਈ ਨਾ ਕੋਈ ਉਦਾਰਪੂਜਕ ਉਹਨਾਂ ਨੂੰ ਚਾਂਦੀ ਦਾ ਸਿੱਕਾ ਦੇਣ ਨੂੰ ਤਿਆਰ ਰਹਿੰਦਾ ਹੈ।

ਸਿੱਟੇ ਵਜੋਂ ਨਿੱਘਰੇ ਪੁਰੋਹਿਤਾਂ ਨੇ ਤੈਅ ਕੀਤਾ ਕਿ ਇਸ ਤਰ੍ਹਾਂ ਇਕੱਠੇ ਹੋਣ ਵਾਲ਼ੇ ਪੈਸੇ ਵਿੱਚ ਅਸੀਂ ਵੀ ਹਿੱਸਾ ਵੰਡਾਈਏ। ਹੌਲ਼ੀ-ਹੌਲ਼ੀ ਮੰਦਰ ਵਿੱਚ ਦੇਵ-ਪੂਜਾ ਦੀ ਜਗ੍ਹਾ ਵਿਭਚਾਰ ਨੇ ਲੈ ਲਈ। ਲੋਕ ਮੰਦਰ ਵਿੱਚ ਸਿਰਫ਼ ਇਸ ਇਰਾਦੇ ਨਾਲ਼ ਜਾਂਦੇ ਕਿ ਆਪਣੀ ਲਾਲਸਾ ਨੂੰ ਸ਼ਾਂਤ ਕਰਨ। ਇਸਤਰੀਆਂ ਅਤੇ ਮੰਦਰ ਦੇ ਪੁਰੋਹਿਤ ਰਕਮਾਂ ਬਟੋਰਨ ਵਿੱਚ ਲੱਗ ਗਏ। ਮੰਦਰ, ਮੰਦਰ ਨਹੀਂ ਰਹੇ, ਵਿਭਚਾਰ ਦੇ ਅੱਡੇ ਬਣ ਗਏ।

ਇੱਕ ਸਮਾਜਿਕ ਕੁਰੀਤੀ ਦੇ ਰੂਪ ਵਿੱਚ ਵਿਭਚਾਰ ਦੀ ਇਸ ਪ੍ਰਕਾਰ ਸਥਾਪਨਾ ਹੋਈ। ਅੱਧਾ ਵਪਾਰ, ਅੱਧਾ ਧਰਮੀਪਣ — ਸਦੀਆਂ ਤੱਕ ਇਸ ਦਾ ਇਹੀ ਰੂਪ ਰਿਹਾ। ਭਾਰਤ ਵਿੱਚ ਤਾਂ ਇਸ ਦਾ ਇਹ ਰੂਪ ਕਿਤੇ-ਕਿਤੇ ਅਜੇ ਵੀ ਮਿਲ ਜਾਂਦਾ ਹੈ। ਉੱਥੇ ਦੇਵ-ਨਾਚੀਆਂ ਯੁੱਗਾਂ ਪੁਰਾਣੀਆਂ ਦੇਵ-ਦਾਸੀਆਂ ਦੀ ਤਰ੍ਹਾਂ ਅਜੇ ਵੀ ਮੰਦਰਾਂ ਵਿੱਚ ਨੱਚਦੀਆਂ ਹਨ; ਅਤੇ ਸ਼ਾਇਦ ਕੋਈ ਗਾਹਕ ਚੰਗੀ ਰਕਮ ਦੇ ਕੇ ਉਹਨਾਂ ਨੂੰ ਅਪਨਾ ਵੀ ਸਕਦਾ ਹੋਵੇ।

ਈਸਾਈ ਧਰਮ ਨੇ, ਜਿਵੇਂ ਕਿ ਸਭ ਨੂੰ ਪਤਾ ਹੈ, ਸਾਰੇ ਪੱਛਮੀ ਦੇਸ਼ਾਂ ਤੋਂ ਇਸ ਤਰ੍ਹਾਂ ਦੀ ਪ੍ਰਥਾ ਨੂੰ ਖ਼ਤਮ ਕੀਤਾ। ਪਰ ਵਿਭਚਾਰ ਦਾ ਅੰਤ ਇਸ ਤੋਂ ਵੀ ਨਹੀਂ ਹੋਇਆ। ਹੋਇਆ ਇਹ ਕਿ ਬਦਚਲਣ ਇਸਤਰੀਆਂ ਦੇ ਅੱਡੇ ਗਿਰਜਾਘਰ ਤੋਂ ਹਟ ਕੇ ਦੂਰ ਸੰਘਣੀਆਂ ਬਸਤੀਆਂ ਵਿੱਚ ਬਣ ਗਏ। ਇਸ ਦਾ ਵੇਰਵਾ ਯੂਨਾਨ ਦੇ ਪ੍ਰਾਚੀਨ ਇਤਿਹਾਸ ਵਿੱਚ ਵੀ ਮਿਲਦਾ ਹੈ।

ਯੂਨਾਨ ਦੇ ਪ੍ਰਾਚੀਨ ਇਤਿਹਾਸ ਵੱਲ ਕਵੀਆਂ ਅਤ ਵਿਦਵਾਨਾਂ ਦੀ ਸ਼ਰਧਾ ਅਤੇ ਭਗਤੀ ਦਾ ਮੈਂ ਆਦਰ ਕਰਦਾ ਹਾਂ। ਪੌਰਾਣਿਕ ਹੇਲੇਨਿਕ ਸੱਭਿਅਤਾ ਦੀ ਪ੍ਰਸ਼ੰਸਾ ਕਰਨ ਬਾਅਦ ਜਦੋਂ ਅਸੀਂ ਉਸ ਯੁੱਗ ਦੇ ਜੀਵਨ ਦੇ ਤੱਥ ਸਾਹਮਣੇ ਰੱਖਦੇ ਹਾਂ, ਤਾਂ ਸਾਨੂੰ ਸਹਿਮ ਜਾਣਾ ਪੈਂਦਾ ਹੈ। ਪਰ ਉਸ ਦੌਰ ਦੇ ਅਸਲੀ ਤੱਥਾਂ ਨੂੰ ਨੇੜਿਓਂ ਦੇਖਣ 'ਤੇ ਸਾਨੂੰ ਪਤਾ ਲੱਗੇਗਾ ਕਿ ਉਸ ਦੌਰ ਦੀ ਜਿਵੇਂ ਦੀ ਪ੍ਰਸ਼ੰਸਾ ਪਾਈ ਜਾਂਦੀ ਹੈ ਉਹ ਕੁੱਝ ਅਸੰਤੁਲਤ ਵੀ ਹੈ। ਬੇਹੱਦ ਪ੍ਰਸਿੱਧ ਦਾਰਸ਼ਨਿਕ ਡੇਮੋਸਥਨੀਜ਼ ਨੂੰ ਪ੍ਰੇਰਣਾ ਦੇਣ ਵਾਲ਼ੀ ਇਸਤਰੀ 'ਸੇਕਸ' ਖੁਦ ਇੱਕ ਬਦਚਲਣ ਸੀ। ਇਸੇ ਤਰ੍ਹਾਂ ਦੀ ਬਦਚਲਣ 'ਅਸਪਾਸਿਆ' ਵੀ ਸੀ ਜਿਸ ਨੂੰ ਪੇਰੀਕਲੀਜ਼ ਦਿਲੋਂ ਪੂਜਦਾ ਸੀ। ਇਹ ਇਸਤਰੀਆਂ ਬਹੁਤ ਹੀ ਉੱਚੇ ਦਰਜ਼ੇ ਦੀਆਂ ਵੇਸ਼ਵਾਵਾਂ ਸਨ। ਪਰ ਉਹਨਾਂ ਦੀ ਸੁੰਦਰਤਾ ਅਤੇ ਬੁੱਧੀ ਬਾਰੇ ਕਹੀਆਂ ਗਈਆਂ ਸਾਰੀਆਂ ਗੱਲਾਂ ਇਸ ਸੱਚਾਈ 'ਤੇ ਪਰਦਾ ਨਹੀਂ ਪਾ ਸਕਦੀਆਂ। ਕੀ 'ਸੇਕਸ' ਅਤੇ ਕੀ 'ਅਸਪਾਸਿਆ' — ਸਾਰੀਆਂ "ਪਿਆਰ" ਪੈਸੇ ਨਾਲ਼ ਕਰਦੀਆਂ ਸਨ। ਉਹਨਾਂ ਦੇ ਨੰਬਰ ਸਭ ਤੋਂ ਅੱਗੇ ਇਸ ਲਈ ਹਨ ਕਿਉਂਕਿ ਉਹਨਾਂ ਵਿੱਚ ਜ਼ਿਆਦਾ ਤੋਂ ਜ਼ਿਆਦਾ ਪੈਸਾ ਖਿੱਚਣ ਦੀ ਚਤੁਰਾਈ ਮੌਜੂਦ ਸੀ। ਪਰ ਜਿਨ੍ਹਾਂ ਲੋਕਾਂ ਨੂੰ ਚਤੁਰਾਈ ਭਰੀਆਂ ਗੱਲਾਂ ਵਿੱਚ ਮਜ਼ਾ ਨਹੀਂ ਆਉਂਦਾ ਸੀ, ਭਾਵ ਜਿਹੜੇ ਨਾਚ-ਗਾਣਾ ਜ਼ਿਆਦਾ ਪਸੰਦ ਕਰਦੇ ਸਨ, ਉਹਨਾਂ ਲਈ ਦਰਮਿਆਨੇ ਦਰਜ਼ੇ ਦੀਆਂ ਵੇਸ਼ਵਾਵਾਂ (ਏਲਯੂਟ੍ਰਿਡੀ) ਸਨ। ਗਰੀਬਾਂ ਲਈ ਹੇਠਲੇ ਦਰਜ਼ੇ ਦੀਆਂ ਵੇਸ਼ਵਾਵਾਂ (ਵਿਕਟੇਰਿਯਾਡ) ਸਨ।

ਇਹ ਸੀ ਯੂਨਾਨ ਵਿੱਚ ਇਸਤਰੀਆਂ ਦੀ ਕ੍ਰਮ ਵੰਡ। ਜਦੋਂ ਕਿ ਇਸ ਵਿਭਚਾਰ 'ਤੇ ਧਰਮ ਦੀ ਛਾਪ ਲੇਸ ਜਿੰਨੀ ਵੀ ਨਹੀਂ ਸੀ, ਫਿਰ ਵੀ ਇਸ ਨੂੰ ਜ਼ਰਾ ਵੀ ਬੁਰਾ ਨਹੀਂ ਸਮਝਿਆ ਜਾਂਦਾ ਸੀ। ਵਿਭਚਾਰ ਦਾ ਅਜਿਹਾ ਹੀ ਢਾਂਚਾ ਰੋਮ ਦੇ ਪ੍ਰਾਚੀਨ ਗੌਰਵਮਈ ਦਿਨਾਂ ਵਿੱਚ ਵੀ ਸੀ; ਉੱਥੋਂ ਦੇ ਬੇਹੱਦ ਪ੍ਰਸਿੱਧ "ਬਾਥ" ਅੱਜ ਕਲ੍ਹ ਦੇ 'ਬਦਕਾਰੀ ਦੇ ਅੱਡਿਆ' ਤੋਂ ਜ਼ਿਆਦਾ ਵੱਖ ਨਹੀਂ ਸੀ। ਥੋੜ੍ਹਾ ਜਿਹਾ ਫ਼ਰਕ ਇਹੀ ਸੀ ਕਿ "ਬਾਥ" ਬਹੁਤ ਹੀ ਸਜੇ-ਧਜੇ ਹੁੰਦੇ ਸਨ ਅਤੇ ਉਹਨਾਂ ਦੇ ਨੇੜੇ-ਤੇੜੇ ਸਫ਼ਾਈ ਜ਼ਿਆਦਾ ਰਹਿੰਦੀ ਸੀ।

ਦੇਖਿਆ ਜਾਏ ਤਾਂ ਈਸਾਈ ਧਰਮ ਨੇ ਇਸ ਖੇਤਰ ਵਿੱਚ ਜੋ ਅਮਲੀ ਤਬਦੀਲੀਆਂ ਕੀਤੀਆਂ ਉਹਨਾਂ ਤੋਂ ਚੰਗਿਆਈ ਦੀ ਬਜਾਏ ਬੁਰਾਈ ਜ਼ਿਆਦਾ ਹੋਈ। ਸੱਚ ਹੈ ਕਿ ਵੇਸ਼ਵਾ ਦੇ ਘਰ ਨੂੰ ਗਿਰਜਿਆਂ ਤੋਂ ਹਮੇਸ਼ਾ ਲਈ ਦੂਰ ਕਰ ਦੇਣ ਨਾਲ਼ ਇੱਕ ਨੈਤਿਕ ਜਿੱਤ ਹੋਈ। ਪਰ, ਗੰਦਗੀ ਅਤੇ ਗਰੀਬੀ ਵਿੱਚ ਆ ਕੇ ਇਹ ਵੇਸ਼ਵਾਵਾਂ ਸਮਾਜਿਕ ਬਿਮਾਰੀਆਂ ਦੀ ਜੜ੍ਹ ਬਣ ਗਈਆਂ। ਜੇਕਰ ਕਿਸੇ ਵੀ ਦਿਸ਼ਾ ਵਿੱਚ ਉਹਨਾਂ ਦੀ ਤਰੱਕੀ ਹੋਈ, ਤਾਂ ਉਹਨਾਂ ਦੀ ਸੰਖਿਆ ਵਿੱਚ। ਸਮਾਜ ਵਿੱਚ ਵੇਸ਼ਵਾਵਾਂ ਨੂੰ ਬੁਰੀ ਨਜ਼ਰ ਨਾਲ਼ ਮੱਧ ਯੁੱਗ ਦੀਆਂ ਕਈ ਸਦੀਆਂ ਤੱਕ ਦੇਖੇ ਜਾਣ ਦਾ ਉਹਨਾਂ 'ਤੇ ਕੋਈ ਖਾਸ ਅਸਰ ਨਹੀਂ ਪਿਆ। ਸੱਚ ਪੁੱਛੋਂ ਤਾਂ ਧਰਮ ਜੰਗਾਂ (ਕਰੂਸੇਡਸ) ਦੇ ਦਿਨਾਂ ਵਿੱਚ ਵੀ ਵਿਭਚਾਰ ਦਾ ਖੂਬ ਬੋਲਬਾਲਾ ਸੀ। ਜਦੋਂ ਕਿ ਚਾਰਲਸ ਦਿ ਬੋਲਡ ਦੀ ਫ਼ੌਜ ਅਧਰਮੀ ਪੂਰਬੀ ਦੇਸ਼ਾਂ ਖ਼ਿਲਾਫ਼ ਧਰਮਯੁੱਧ ਛੇੜਣ ਨਿਕਲੀ ਸੀ, ਫਿਰ ਵੀ ਕਿਹਾ ਜਾਂਦਾ ਹੈ ਕਿ ਉਸ ਦੇ ਨਾਲ਼ ਚਾਰ ਹਜ਼ਾਰ ਇਸਤਰੀਆਂ ਸੰਗੀ ਦੇ ਰੂਪ ਵਿੱਚ ਸਨ। ਵੱਡੇ-ਵੱਡੇ ਖੇਡ-ਮੇਲਿਆਂ, ਤਿਉਹਾਰਾਂ ਅਤੇ ਉਤਸਵਾਂ ਦੇ ਮੌਕੇ 'ਤੇ ਵਿਭਚਾਰ ਇੰਨੇ ਵਿਆਪਕ

ਪੱਧਰ 'ਤੇ ਫੈਲਦਾ ਕਿ ਲਿਖ ਸਕਣਾ ਔਖਾ ਹੈ। ਇਲਾਜ ਦੇ ਇਤਿਹਾਸ ਵਿੱਚ ਸਾਨੂੰ ਉਸ ਦੀ ਵਧੀਆਂ ਝਾਕੀ ਮਿਲ ਜਾਂਦੀ ਹੈ।

ਯਾਨੀ ਇਹ ਜਾਣਨਾ ਚੰਗਾ ਹੀ ਹੋਵੇਗਾ ਕਿ ਜਿਸ ਵਿਭਚਾਰ ਨੂੰ ਇੰਨੇ ਵੱਡੇ ਪੱਧਰ 'ਤੇ ਬਰਦਾਸ਼ਤ ਕੀਤਾ ਜਾਂਦਾ ਸੀ ਉਹ ਸਮਾਜਿਕ ਸਮੱਸਿਆ ਕਿਵੇਂ ਬਣ ਗਿਆ।

12ਵੀਂ ਸਦੀ ਦੇ ਮੱਧ ਵਿੱਚ ਲਿਸਬਨ ਵਿਰੁੱਧ ਧਰਮਜੰਗ ਚਲਾਉਣ ਵਾਲ਼ੇ ਜਰਮਨ ਅਤੇ ਅੰਗਰੇਜ਼ ਰਾਜਿਆਂ ਦੀਆਂ ਚਿੰਤਾਵਾਂ ਦਾ ਟਿਕਾਣਾ ਨਾ ਰਿਹਾ, ਜਦੋਂ ਉਹਨਾਂ ਨੂੰ ਪਤਾ ਲੱਗਿਆ ਕਿ ਉਹਨਾਂ ਦੀਆਂ ਫ਼ੌਜਾਂ ਤਾਂ ਆਪਣੀਆਂ "ਸਹੇਲੀਆਂ" ਨਾਲ਼ ਉਲਝੀਆਂ ਹੋਈਆਂ ਹਨ। ਉਹਨਾਂ ਨੇ ਫੌਰਨ ਸਖ਼ਤ ਨਿਯਮ ਜਾਰੀ ਕਰ ਦਿੱਤਾ ਕਿ ਫ਼ੌਜ ਦਾ ਵੇਸ਼ਵਾਵਾਂ ਨਾਲ਼ ਕੋਈ ਸਬੰਧ ਨਾ ਰਹੇ। ਉਦਾਹਰਨ ਲਈ, ਇਤਿਹਾਸ ਪ੍ਰਸਿੱਧ ਫ਼ਰੈਡਰਿਕ ਪਹਿਲੇ ਦਾ ਐਲਾਨ ਨਿਮਨਲਿਖਤ ਸੀ:

"ਕਿਸੇ ਦੇ ਕਵਾਟਰ ਵਿੱਚ ਇਸਤਰੀ ਨਾ ਪਾਈ ਜਾਵੇ। ਜੇ ਕਿਸੇ ਨੇ ਇਸਤਰੀ ਰੱਖਣ ਦੀ ਜ਼ੁਰੱਅਤ ਕੀਤੀ ਤਾਂ ਉਸ ਦੇ ਹਥਿਆਰ ਉਸ ਤੋਂ ਖੋਹ ਲਏ ਜਾਣਗੇ ਅਤੇ ਉਸ ਨੂੰ ਅਧਰਮੀ ਕਰਾਰ ਦੇ ਦਿੱਤਾ ਜਾਵੇਗਾ। ਇਸਤਰੀ ਦਾ ਨੱਕ ਕੱਟ ਲਿਆ ਜਾਵੇਗਾ।"

"ਸਹੇਲੀਆਂ" ਦੇ ਇਸ ਬੁਰੇ ਹਾਲ ਨਾਲ਼ ਵਿਭਚਾਰ ਨੂੰ ਖ਼ਤਮ ਕਰਨ ਵਿੱਚ ਓਨੀ ਹੀ ਸਫ਼ਲਤਾ ਮਿਲ਼ੀ ਜਿੰਨੀ 'ਨਾਈਟਾਂ' (ਯੁੱਧ-ਪ੍ਰੇਮੀ ਬਹਾਦਰਾਂ) ਦੀ ਬੇਇਜ਼ਤੀ ਕਰਕੇ ਜਾਂ ਈਸਾ ਮਸੀਹ ਦੇ ਨਾਰਾਜ਼ ਹੋਣ ਦਾ ਡਰ ਵਿਖਾ ਕੇ ਮਿਲੀ ਸੀ; ਅਰਥਾਤ ਬਿਲਕੁੱਲ ਨਹੀਂ। ਇੱਕ ਗੱਲ ਜ਼ਰੂਰ ਹੋਈ। ਫ਼ਰੈਡਰਿਕ ਦੀ ਸਜ਼ਾ ਯੋਜਨਾ ਦੀ ਵਾਰ-ਵਾਰ ਨਕਲ ਕੀਤੀ ਗਈ। ਪਰ ਫਾਲਤੂ। ਬਾਅਦ ਦੇ ਪੰਜ ਸੌ ਸਾਲਾਂ ਵਿੱਚ ਯੂਰਪ ਦੇ ਜੱਲਾਦਾਂ ਨੇ ਪਤਾ ਨਹੀਂ ਕਿੰਨੀਆਂ ਬਦਕਿਸਮਤ ਇਸਤਰੀਆਂ ਦੇ ਨੱਕ ਕੱਟ ਦਿੱਤੇ ਹੋਣਗੇ।

ਜੋ ਵੀ ਹੋਵੇ, ਇਸ ਹਾਲਤ ਦਾ ਸਾਹਮਣਾ ਉਹਨਾਂ ਇਸਤਰੀਆਂ ਨੂੰ ਨਹੀਂ ਕਰਨਾ ਪਿਆ ਜੋ ਧਨਾਢਾਂ ਦੀਆਂ ਮਿਹਰਬਾਨੀ ਦੀਆਂ ਪਾਤਰ ਸਨ। ਸ਼ਾਂਤੀ ਦੌਰ ਵਿੱਚ ਤਾਂ ਇਹਨਾਂ ਇਸਤਰੀਆਂ ਨੇ ਮਨ ਚਾਹੀ ਐਸ਼ ਕੀਤੀ। 'ਦੁਵਿਜੇਵਾ' ਨਾਮਕ ਪਾਦਰੀ ਨੇ ਆਪਣੀ ਇੱਕ ਰਿਪੋਰਟ ਵਿੱਚ (1180 ਦੇ ਲਗਭਗ) ਦੱਸਿਆ ਹੈ ਕਿ ਆਮ ਕਰਕੇ ਫ਼ਰਾਂਸ ਦੀ ਮਹਾਰਾਣੀ ਅਤੇ ਰਾਜਘਰਾਣੇ ਦੀਆਂ ਦੂਸਰੀਆਂ ਇਸਤਰੀਆਂ ਖੂਬਸੂਰਤ ਵੇਸ਼ਵਾਵਾਂ ਨੂੰ ਉੱਚੇ ਘਰਾਣੇ ਦੀਆਂ ਇਸਤਰੀਆਂ ਸਮਝ ਬੈਠਦੀਆਂ ਸਨ। ਬਾਅਦ ਵਿੱਚ ਉਹਨਾਂ ਨੂੰ ਪਛਤਾਵਾਂ ਹੁੰਦਾ ਸੀ। ਇਸੇ ਕਾਰਨ ਲੂਈ ਤੇਹਰਵੇਂ ਨੇ ਕਾਨੂੰਨ ਬਣਾ ਦਿੱਤਾ ਸੀ ਕਿ ਵੇਸ਼ਵਾਵਾਂ ਚੁੰਨੀਆਂ ਨਾ ਲੈਣ ਤਾਂ ਕਿ ਲੋਕਾਂ ਨੂੰ ਇਹ ਸਮਝਣ ਵਿੱਚ ਮੁਸ਼ਕਿਲ ਨਾ ਹੋਵੇ ਕਿ ਕੋਣ ਵੇਸ਼ਵਾ ਹੈ ਅਤੇ ਕੋਣ ਨਹੀਂ।

ਦੋ ਸੌ ਸਾਲ ਬਾਅਦ, ਜਦੋਂ ਫ਼ੌਜਾਂ ਤੋਂ ਵਿਭਚਾਰ ਖ਼ਤਮ ਹੁੰਦਾ ਦਿਖਾਈ ਨਾ ਦਿੱਤਾ ਤਾਂ ਯੂਰਪ ਦੇ ਯੁੱਧਸ਼ਾਸਤਰੀਆਂ ਨੇ ਇੱਕ ਨਵਾਂ ਨਿਯਮ ਬਣਾਇਆ। ਇਹ ਨਿਯਮ ਕਿਤੇ-ਕਿਤੇ ਤਾਂ ਉਦੋਂ ਤੋਂ ਕਾਇਮ ਰਿਹਾ ਅਤੇ ਅੱਜ ਵੀ ਕਾਇਮ ਹੈ। ਇਸ ਦਾ ਨਾਂ ਸੀ : ਵਿਭਚਾਰ ਰੋਕੂ ਕਾਨੂੰਨ। ਮੁਮਕਿਨ ਹੈ ਕੁੱਝ ਹੋਰ ਲੋਕਾਂ ਨੇ ਵੀ ਪਹਿਲਾਂ ਇਹ ਸ਼ੁਰੂ ਕੀਤਾ ਹੋਵੇ। ਪਰ ਜਿੱਥੋਂ

ਤੱਕ ਸਾਨੂੰ ਪਤਾ ਹੈ, ਸਮਰਾਟ ਫ਼ਰੈਡਰਿਕ ਦੂਜੇ ਨੇ 1380 ਵਿੱਚ ਆਪਣੇ ਸੈਨਾਪਤੀ ਨੂੰ ਹੁਕਮ ਦਿੱਤਾ ਸੀ ਕਿ ਸ਼ਾਹੀ ਫ਼ੌਜ ਨਾਲ਼ ਲੱਗੀ ਹਰ ਵਿਭਚਾਰੀ ਇਸਤਰੀ ਤੋਂ ਹਫ਼ਤਾਵਾਰੀ ਫ਼ੀਸ ਵਸੂਲ ਕੀਤੀ ਜਾਵੇ। ਬਾਅਦ ਵਿੱਚ ਅੰਗਰੇਜ਼, ਫ਼ਰਾਂਸੀਸੀ, ਇਤਾਲਵੀ ਅਤੇ ਡਚ ਹਾਕਮਾਂ ਨੇ ਆਪਣੇ ਵੱਖ-ਵੱਖ ਅਫ਼ਸਰਾਂ ਨੂੰ ਇਸੇ ਤਰ੍ਹਾਂ ਦਾ ਕੰਮ ਸੌਂਪਿਆਂ। ਸੌ ਸਾਲ ਤੋਂ ਥੋੜ੍ਹਾ ਹੀ ਪਹਿਲਾਂ ਨੀਦਰਲੈਂਡ 'ਤੇ ਜਦੋਂ ਡਿਊਕ ਆਫ਼ ਆਲਵਾ ਨੇ ਚੜ੍ਹਾਈ ਕੀਤੀ ਤਾਂ ਉਸ ਦੀ ਫ਼ੌਜ ਨਾਲ਼ ਵੇਸ਼ਵਾਵਾਂ ਬੜੇ ਠਾਠ ਨਾਲ਼ ਸਨ। ਕਈ ਸੈਂਕੜੇ ਵੇਸ਼ਵਾਵਾਂ ਨੇ ਤਾਂ ਸ਼ਹਿਜ਼ਾਦੀਆਂ ਵਰਗੇ ਕੱਪੜੇ ਪਾਏ ਸਨ ਅਤੇ ਹਰ ਇੱਕ ਕੋਲ ਸਵਾਰੀ ਲਈ ਇੱਕ ਵਧੀਆਂ ਘੋੜਾ ਸੀ। ਬਾਕੀ ਪੈਦਲ ਸਨ। ਫ਼ੌਜੀਆਂ ਵਾਂਗ ਲਾਈਨਾਂ ਵਿੱਚ ਉਹ ਵੀ ਹੱਥ ਵਿੱਚ ਝੰਡੇ ਲੈ ਕੇ ਚਲ ਰਹੀਆਂ ਸਨ। ਵੇਸ਼ਵਾਵਾਂ ਦੇ ਹਰ ਦਸਤੇ ਦੇ ਹੱਥ ਵਿੱਚ ਉਹਨਾਂ ਫ਼ੌਜੀ ਟੁਕੜੀਆਂ ਦਾ ਝੰਡਾ ਸੀ ਜਿਨ੍ਹਾਂ ਨਾਲ਼ ਉਹਨਾਂ ਦਾ ਸਬੰਧ ਸੀ। ਡਿਊਕ ਨੇ ਹੁਕਮ ਜਾਰੀ ਕਰ ਦਿੱਤਾ ਸੀ ਕਿ ਜੋ ਵੀ ਫ਼ੌਜੀ ਤੈਅ ਫ਼ੀਸ ਦੇਵੇ ਉਸ ਨੂੰ ਹਰ ਇਸਤਰੀ ਨੂੰ ਮਨਜ਼ੂਰ ਕਰਨਾ ਪਵੇਗਾ ਅਤੇ ਉਸਦੇ ਨਾਲ਼ ਸੰਭੋਗ ਕਰਨਾ ਪਵੇਗਾ।

ਯੂਰਪ ਦੇ ਸਾਰੇ ਦੇਸ਼ਾਂ ਵਿੱਚ — ਜਿਨ੍ਹਾਂ ਵਿੱਚ ਇੰਗਲੈਂਡ ਵੀ ਸ਼ਾਮਿਲ ਹੈ — ਵੇਸ਼ਵਾਗਮਨੀ ਦਾ ਅਜਿਹਾ ਹੀ ਇਤਿਹਾਸ ਰਿਹਾ ਹੈ। ਰੋਮਨ-ਜੇਤੂਆਂ ਦੀ ਨਕਲ ਕਰਦੇ ਹੋਏ ਬ੍ਰਿਟਿਸ਼ ਅਧਿਕਾਰੀਆਂ ਨੇ ਵਿਭਚਾਰ ਨੂੰ ਪਹਿਲਾਂ-ਪਹਿਲ ਕੁੱਝ ਖ਼ਾਸ ਮਕਾਨਾਂ ਤੱਕ ਸੀਮਤ ਰੱਖਣ ਦਾ ਯਤਨ ਕੀਤਾ। ਹੇਨਰੀ ਪਹਿਲੇ ਦੇ ਦੌਰ ਵਿੱਚ ਇਹ ਮਕਾਨ, 'ਏਮਸ' ਨਦੀ ਦੇ ਦੱਖਣੀ ਕੰਢੇ 'ਤੇ ਵਸੇ ਸਨ। ਵਿਭਚਾਰ ਸਬੰਧੀ ਉਦੰਡਤਾ ਦੇ ਇਹ ਹੀ ਅੱਡੇ ਸਨ। ਹੇਨਰੀ ਦੂਜੇ ਨੇ ਜ਼ਰੂਰਤ ਮਹਿਸੂਸ ਕੀਤੀ ਕਿ ਇਹਨਾਂ ਮਕਾਨਾਂ 'ਤੇ ਕੰਟਰੋਲ ਰੱਖਿਆ ਜਾਵੇ — ਜਿਵੇਂ ਕਿ ਗਿਰਜਿਆਂ ਦੀ ਛੁੱਟੀ ਦੇ ਦਿਨਾਂ ਵਿੱਚ ਇਹਨਾਂ ਮਕਾਨਾਂ ਨੂੰ ਬੰਦ ਰਹਿਣਾ ਪੈਂਦਾ ਸੀ। ਕਿਸੇ ਵੀ ਵਿਆਹੀ ਇਸਤਰੀ ਜਾਂ ਪੁਜਾਰਨ ਨੂੰ ਇਹਨਾਂ ਮਕਾਨਾਂ ਵਿੱਚ ਵੜਨ ਦੀ ਇਜਾਜ਼ਤ ਨਹੀਂ ਸੀ। ਆਪਣੀ ਮਰਜ਼ੀ ਵਿਰੁੱਧ ਵੀ ਕੋਈ ਇਸਤਰੀ ਉੱਥੇ ਰੋਕੀ ਨਹੀਂ ਜਾ ਸਕਦੀ ਸੀ। ਨਾਲ਼ ਹੀ ਇੱਕ ਵੱਖਰਾ ਕਾਨੂੰਨ ਇਹ ਵੀ ਸੀ ਕਿ ਜੋ ਵੇਸ਼ਵਾ ਪੁਰਸ਼ ਨਾਲ਼ ਸਾਰੀ ਰਾਤ ਨਾ ਬਿਤਾਏ, ਉਸਦੀ ਫ਼ੀਸ ਨਾ ਦਿੱਤੀ ਜਾਵੇ।

ਮੱਧ ਯੁੱਗ ਦੇ ਵਿਕਸਤ ਹੁੰਦੇ ਹੋਏ ਵੱਡੇ ਨਗਰਾਂ ਵਿੱਚ ਵਿਭਚਾਰ ਦਾ ਖ਼ੂਬ ਬੋਲਬਾਲਾ ਸੀ। ਸਥਾਨਕ ਫ਼ੌਜਾਂ ਅਤੇ ਵਪਾਰੀ ਇਸ ਦੇ ਪਾਲਕ ਸਨ।

ਇਸ ਕਥਨ ਦੀ ਪ੍ਰਮਾਣਕਤਾ ਦੇ ਗਵਾਹ ਉਸ ਜ਼ਮਾਨੇ ਦੇ ਦਸਤਾਵੇਜ਼ ਅੱਜ ਵੀ ਮੌਜੂਦ ਹਨ। ਇਸ ਘਟਨਾ ਦੇ ਲਿਖਤੀ ਸਬੂਤ ਮੌਜੂਦ ਹਨ ਕਿ ਸੰਨ 1414 ਵਿੱਚ ਸਮਰਾਟ 'ਸਿਜਿਸਮੰਡ' ਅੱਠ ਸੌ ਘੋੜ ਸਵਾਰਾਂ ਸਹਿਤ ਸਵਿਟਜ਼ਰਲੈਂਡ ਦੇ ਬਰਨ ਨਗਰ ਵਿੱਚ ਰੁਕੇ; ਉਹਨਾਂ ਨੇ ਸਵਾਗਤ ਵਿੱਚ ਬਰਨ ਦੇ ਨਗਰਪਾਲਾਂ ਨੇ ਸਾਰੇ ਵੇਸ਼ਵਾਘਰਾਂ ਨੂੰ ਤਿੰਨ ਦਿਨ ਲਈ ਉਹਨਾਂ ਦੇ ਹਵਾਲੇ ਕਰ ਦਿੱਤਾ ਸੀ। ਸਮਰਾਟ ਅਤੇ ਉਹਨਾਂ ਦੇ ਸਾਥੀਆਂ ਨੇ ਨਾ ਸਿਰਫ਼ ਇਸ ਮੌਕੇ ਦਾ ਪੂਰਾ-ਪੂਰਾ ਲਾਭ ਲਿਆ, ਸਗੋਂ ਨਗਰਪਾਲਾਂ ਨੂੰ ਸਮਰਾਟ ਨੇ ਲਿਖਤੀ ਰੂਪ ਵਿੱਚ ਧੰਨਵਾਦ ਵੀ ਦਿੱਤਾ।

ਧਿਆਨ ਦੇਣ ਦੀ ਗੱਲ ਹੈ ਕਿ ਜੋ ਹਾਲਤ ਅੱਜ ਸਾਨੂੰ ਬੜੇ ਨਫ਼ਰਤਯੋਗ ਲੱਗਦੇ ਹਨ, ਉਹ ਉਸ ਸਮੇਂ ਪੂਰੀ ਤਰ੍ਹਾਂ ਨੈਤਿਕ ਮੰਨੇ ਜਾਂਦੇ ਸਨ। ਮੱਧ ਯੁੱਗ ਵਿੱਚ ਵੇਸ਼ਵਾਗਮਨੀ ਜੀਵਨ ਦਾ ਇੱਕ ਜ਼ਰੂਰੀ ਅੰਗ ਮੰਨਿਆ ਜਾਂਦਾ ਸੀ। ਬਾਅਦ ਵਿੱਚ ਜ਼ਰੂਰ ਵਿਭਚਾਰ ਦੇ ਇਸ ਖੁੱਲ੍ਹਮਖੁੱਲ੍ਹੇ ਪੋਸ਼ਣ ਨੂੰ ਬੁਰੀ ਨਜ਼ਰ ਨਾਲ਼ ਦੇਖਿਆ ਜਾਣ ਲੱਗਾ। ਇਤਿਹਾਸ ਦੱਸਦਾ ਹੈ ਕਿ ਕਿਸੇ ਵੀ ਸਮਾਜ ਦੀ ਸੱਭਿਅਤਾ ਦਾ ਨਾਪ ਤੋਲ ਉਸ ਸਮਾਜ ਵਿੱਚ ਅਨੈਤਿਕਤਾ ਪ੍ਰਤੀ ਰਵੱਈਏ ਤੋਂ ਹੁੰਦਾ ਹੈ।

ਇਸ ਸਬੰਧ ਵਿੱਚ ਇਹ ਦੱਸ ਦੇਣਾ ਜ਼ਰੂਰੀ ਹੈ ਕਿ ਜੰਗ ਤੋਂ ਪਹਿਲਾਂ ਦੇ ਦੌਰ ਵਿੱਚ ਜਾਪਾਨ ਵਿੱਚ ਕਈ ਵੇਸ਼ਵਾਘਰ ਸਨ। ਇਹਨਾਂ ਵੇਸ਼ਵਾਘਰਾਂ ਦੇ ਦੇਖਰੇਖ ਜਾਪਾਨੀ ਸਰਕਾਰ ਖੁਦ ਕਰਦੀ ਸੀ। ਕੁੱਝ ਵੇਸ਼ਵਾਘਰਾਂ ਨੂੰ ਤਾਂ ਜਾਪਾਨੀ ਸਰਕਾਰ ਖੁਦ ਚਲਾਉਂਦੀ ਸੀ। ਜੰਗ ਦੇ ਬਾਅਦ ਉੱਥੇ ਕਾਫ਼ੀ ਬਦਲਾਅ ਹੋ ਗਏ ਹਨ। ਪਰ ਉੱਥੋਂ ਦੀ ਇੱਕ ਗੱਲ ਅਜੇ ਵੀ ਬੜੀ ਅਨੋਖੀ ਹੈ : ਉੱਚ ਅਤੇ ਵਿਚਕਾਰਲੇ ਆਰਥਿਕ ਪੱਧਰ ਵਾਲ਼ੇ ਲੋਕਾਂ ਵਿੱਚੋਂ ਕਈ ਉਹਨਾਂ ਇਸਤਰੀਆਂ ਨਾਲ਼ ਵਿਆਹ ਕਰ ਲੈਂਦੇ ਹਨ ਜੋ ਸਾਲਾਂ ਤੱਕ ਆਮ ਲੋਕਾਂ ਦੇ ਸੁੱਖ-ਭੋਗ ਦਾ ਸਾਧਨ ਰਹਿ ਚੁੱਕੀਆਂ ਹੁੰਦੀਆਂ ਹਨ; ਇਸ ਨਾਲ਼ ਉਹਨਾਂ ਦੀ ਇਜੱਤ ਵਿੱਚ ਕੋਈ ਧੱਬਾ ਨਹੀਂ ਲੱਗਦਾ। ਹਿਟਲਰੀ ਜਰਮਨੀ ਵਿੱਚ ਤਾਂ ਨੈਤਿਕ ਪਤਣ ਭਿਆਨਕ ਰੂਪ ਵਿੱਚ ਸੀ। ਚਾਰੇ ਪਾਸੇ ਭੱਦੀ ਕਾਮ-ਵਾਸਨਾਂ ਦਾ ਰਾਜ ਸੀ। ਵੇਸ਼ਵਾਘਰ ਬੜੇ ਜਥੇਬੰਦ ਰੂਪ ਨਾਲ਼ ਚਲਾਏ ਜਾਂਦੇ ਸਨ। ਵੱਡੇ ਤੋਂ ਵੱਡੇ ਅਖ਼ਬਾਰਾਂ ਵਿੱਚ ਕਾਮ-ਵਾਸਨਾ ਉਭਾਰਨ ਵਾਲ਼ੇ ਵਿਗਿਆਪਨ ਭਰੇ ਰਹਿੰਦੇ ਸਨ। ਇਹ ਵੀ ਇੱਕ ਅਕੱਟ ਸੱਚ ਹੈ ਕਿ ਪੱਛਮੀ ਜਰਮਨੀ ਅਤੇ ਜਾਪਾਨ ਵਿੱਚ — ਖਾਸ ਤੌਰ 'ਤੇ ਜਿੱਥੇ ਅਮਰੀਕੀ ਕਬਜ਼ਾ ਕਾਇਮ ਹੈ — ਲੋਕਾਂ ਨੂੰ ਅਮਰੀਕੀ "ਨੈਤਿਕਤਾ" ਦਾ ਜੋ ਨਜ਼ਾਰਾ ਦੇਖਣ ਨੂੰ ਮਿਲਿਆ ਹੈ, ਉਸ ਨਾਲ਼ ਉਹ ਕੰਬ ਉੱਠੀ ਹੈ। ਅਮਰੀਕੀ ਫ਼ੌਜੀ ਦਸਤਿਆਂ ਦੇ ਵਿਵਹਾਰ ਦੇ ਵਿਰੁੱਧ, ਉਹਨਾਂ ਵਿੱਚ ਸੈਕਸ ਰੋਗਾਂ ਦੇ ਵਾਧੇ ਵਿਰੁੱਧ, ਨਾ ਕੇਵਲ ਜਰਮਨੀ ਅਤੇ ਜਾਪਾਨ ਦੇ, ਸਗੋਂ ਖੁਦ ਅਮਰੀਕਾ ਦੇ ਪਾਦਰੀਆਂ ਅਤੇ ਡਾਕਟਰਾਂ ਨੇ ਰੋਸ ਪ੍ਰਗਟ ਕੀਤਾ ਹੈ।

ਜਾਪਾਨੀ ਨੈਤਿਕਤਾ ਬਾਰੇ ਬਹੁਤ ਸਾਰੀਆਂ ਫਾਲਤੂ ਅਤੇ ਬੇਹੂਦਾ ਗੱਲਾਂ ਵੀ ਪ੍ਰਚਾਰੀਆਂ ਗਈਆਂ ਹਨ। ਪ੍ਰਸ਼ਾਂਤ-ਜੰਗ (Pacific War) ਸਮੇਂ ਕੁੱਝ ਮਿੱਤਰ-ਕੌਮਾਂ ਦੇ ਅਫ਼ਸਰਾਂ ਨੇ ਬੜੀ ਸੰਜ਼ੀਦਗੀ ਨਾਲ਼ ਇੱਥੋਂ ਤੱਕ ਕਹਿ ਦਿੱਤਾ ਕਿ ਬੇਹੱਦ ਪ੍ਰਸਿੱਧ "ਗੀਸ਼ਾ ਕੁੜੀਆਂ" ਅਸਲ ਵਿੱਚ ਵੇਸ਼ਵਾਵਾਂ ਨਹੀਂ ਸਨ। ਸਾਡੇ ਇੱਥੋਂ ਦੀ ਸਟੇਜ-ਦੁਆਰ ਦੀਆਂ ਕੈਨਟੀਨ-ਕੁੜੀਆਂ ਵਾਂਗ ਉਹ ਇੱਜ਼ਤਦਾਰ ਇਸਤਰੀਆਂ ਸਨ। ਜਾਪਾਨੀ ਨੈਤਿਕਤਾ ਦੇ ਸਬੰਧ ਵਿੱਚ ਸਾਰੀਆਂ ਗੱਲਾਂ ਵਿਸਤਾਰ ਨਾਲ਼ ਕਰੌਸ ਦੀ ਕਿਤਾਬ **ਡਾਸ ਜੇਮਯਲੇਖਤਲੇਬੇਨ ਡੇਰ ਜਾਪਾਨੇਰ**[1] ਵਿੱਚ ਮੌਜੂਦ ਹਨ। ਸਾਰੇ ਵੇਸ਼ਵਾਘਰਾਂ ਨੂੰ ਆਮ ਤੌਰ 'ਤੇ ਯੋਸ਼ੀਵਾਰਾ ਕਹਿੰਦੇ ਸਨ। ਇੰਞ ਵੱਖ-ਵੱਖ ਜਮਾਤਾਂ ਦੇ ਵੇਸ਼ਵਾ ਅੱਡਿਆਂ ਦੇ ਵੱਖ-ਵੱਖ ਨਾਮ ਸਨ। ਆਮ ਕਰਕੇ ਇਨ੍ਹਾਂ ਘਰਾਂ 'ਤੇ ਕਾਬੂ ਰਾਜ ਵੱਲੋਂ ਹੁੰਦਾ ਸੀ; ਕਦੇ-ਕਦੇ ਮੱਠਾਂ-ਮੰਦਰਾਂ ਵੱਲੋਂ ਵੀ। ਉੱਥੋਂ ਦੀ

1. ਦੇਖੋ ਆਰ. ਹਰਤਜੇ ਦੁਆਰਾ ਇਸ ਕਿਤਾਬ ਦੀ ਚਰਚਾ, ਭਾਗ-6, ਸਿਰਲੇਖ 'ਯੋਸ਼ੀਵਾਰਾ'।

ਪ੍ਰਥਾ ਸਦੀਆਂ ਪੁਰਾਣੀ ਹੈ ਅਤੇ ਆਪਣੇ ਵਰਤਮਾਨ ਰੂਪ ਵਿੱਚ ਮੱਧ ਯੁੱਗ ਦੇ ਨੈਤਿਕ ਨੇਮਾਂ ਦੀ ਅਨੌਖੀ ਉਦਾਹਰਨ ਹੈ।

ਜਾਪਾਨੀ ਸਰਕਾਰ ਛੋਟੀਆਂ-ਛੋਟੀਆਂ ਲੜਕੀਆਂ ਨੂੰ ਇਸ ਧੰਦੇ ਲਈ ਖਰੀਦ ਲੈਂਦੀ ਸੀ ਅਤੇ ਉਹਨਾਂ ਨੂੰ ਇਸੇ ਧੰਦੇ ਦੀ ਸਿੱਖਿਆ ਦਿੰਦੀ ਸੀ। ਕਰਜ਼ੇ ਨਾਲ਼ ਲੱਦੇ ਅਤੇ ਭੁੱਖਮਰੀ ਦੇ ਸ਼ਿਕਾਰ ਕਿਸਾਨ ਆਪਣੀਆਂ ਕੁੜੀਆਂ ਨੂੰ ਵੇਚਣ ਲਈ ਤਿਆਰ ਹੋ ਜਾਂਦੇ। ਕੁੜੀ ਦਾ ਰੰਗ-ਰੂਪ ਅਤੇ ਉਸ ਦੀ ਚਤੁਰਾਈ ਇਸ ਗੱਲ ਦਾ ਫੈਸਲਾ ਕਰ ਦਿੰਦੀ ਕਿ ਉਹ ਕਿਸ ਜਮਾਤ ਦੇ ਲੋਕਾਂ ਲਈ ਯੋਗ ਹੈ। "ਸਭ ਤੋਂ ਵਧੀਆਂ" ਕੁਆਰੀਆਂ ਨੂੰ ਵੱਧ ਤੋਂ ਵੱਧ ਸਿੱਖਿਆ ਦਿੱਤੀ ਜਾਂਦੀ। ਉਹਨਾਂ ਨੂੰ ਪੜ੍ਹਨਾ-ਲਿਖਣਾ, ਕਵਿਤਾ ਲਿਖਣਾ ਅਤੇ ਗਾਣਾ ਗਾਉਣਾ, ਨਾਚ ਕਲਾ ਅਤੇ ਤਹਿਜ਼ੀਬ ਦੀ ਸਿੱਖਿਆ ਦਿੱਤੀ ਜਾਂਦੀ। ਵੇਸ਼ਵਾ ਬਣ ਜਾਣ 'ਤੇ ਵੀ ਉਸ ਦੀ ਸਿੱਖਿਆ ਜਾਰੀ ਰਹਿੰਦੀ। ਹਾਂ, ਪੁਰਾਣੀਆਂ ਵੇਸ਼ਵਾਵਾਂ ਉਸ ਦੀ ਸਿਖਲਾਈ ਦਾ ਕੰਮ ਕਰਦੀਆਂ। ਇੱਕ ਕਾਨੂੰਨ ਦੁਆਰਾ ਵੇਸ਼ਵਾ ਦਾ ਕੰਮ ਸ਼ੁਰੂ ਕਰਨ ਦੀ ਉਹਨਾਂ ਨੂੰ ਉਦੋਂ ਤੱਕ ਆਗਿਆ ਸੀ ਜਦੋਂ ਤੱਕ ਉਹ 14 ਸਾਲ ਦੀਆਂ ਨਾ ਹੋ ਜਾਣ। ਇੱਕ ਦੂਸਰੇ ਕਾਨੂੰਨ ਦੇ ਤਹਿਤ ਉਹ ਵੇਸ਼ਵਾਘਰ ਛੱਡ ਵੀ ਸਕਦੀਆਂ ਸਨ, ਬਾਸ਼ਰਤੇ ਕੋਈ ਉਹਨਾਂ ਨੂੰ ਖ਼ਰੀਦ ਲਵੇ ਅਤੇ ਉਹ ਉਸ ਦੀ ਪਤਨੀ ਬਣ ਜਾਣ।

ਆਪਣੇ ਇੱਥੋਂ ਵਾਂਗ ਜਾਪਾਨੀ ਭਾਸ਼ਾ ਵਿੱਚ 'ਰੰਡੀ' ਵਰਗਾ ਕੋਈ ਬੇਇਜ਼ਤੀ ਭਰਿਆ ਸ਼ਬਦ ਨਹੀਂ ਹੈ। ਉੱਥੇ ਵੇਸ਼ਵਾ ਨੂੰ "ਥੋੜ੍ਹੀ ਦੇਰ ਲਈ ਬੀਵੀ" ਜਾਂ "ਘੰਟੇ ਭਰ ਦੀ ਜੋਰੂ" ਕਿਹਾ ਜਾਂਦਾ ਹੈ। ਪ੍ਰਸਿੱਧ ਜਾਪਾਨੀ ਕਵਿਤਾਵਾਂ ਵਿੱਚ ਅਜਿਹੀਆਂ ਇਸਤਰੀਆਂ ਦਾ ਜ਼ਿਕਰ ਅਕਸਰ ਆਇਆ ਹੈ ਜਿਨ੍ਹਾਂ ਨੂੰ 'ਦਲਦਲ ਵਿੱਚ ਕਮਲ' ਕਿਹਾ ਗਿਆ ਹੈ।

ਅਜੋਕੇ ਟੋਕੀਓ ਦੀ ਯੋਸ਼ੀਵਾਰਾ ਵਿੱਚ "ਗੰਦ ਨਾਲ਼ ਭਰਿਆ ਛੱਪੜ' ਹੀ ਸੀ ਪਰ ਕਾਵਿਕ ਭਾਸ਼ਾ ਵਿੱਚ ਉਸ ਨੂੰ "ਸੁੱਖ ਦਾ ਸਰੋਵਰ" ਦੀ ਯੋਸ਼ੀਵਾਰਾ ਕਿਹਾ ਗਿਆ। ਇਹ ਥਾਂ ਨਗਰ ਦਾ ਹੀ ਇੱਕ ਅੰਗ ਸਨ। ਪਰ ਨਗਰ ਅਤੇ ਇਸ ਦੇ ਵਿਚਾਲੇ ਕੁੱਝ ਖਾਈਆਂ ਸਨ। ਨਗਰ ਤੋਂ ਇਸ ਥਾਂ 'ਤੇ ਪਹੁੰਚਣ ਲਈ ਇੱਕ ਪੁਲ਼ ਬਣਿਆ ਹੋਇਆ ਸੀ ਜਿਸ ਦੇ ਦਰਵਾਜੇ 'ਤੇ ਲਿਖਿਆ ਰਹਿੰਦਾ ਸੀ, "ਬਸੰਤ ਦਾ ਉਹ ਸੁਪਨ ਲੋਕ ਜਿੱਥੋਂ ਦੀਆਂ ਸੜਕਾਂ 'ਤੇ ਨਵੇਂ-ਨਵੇਂ ਮਨੋਹਰ ਫੁੱਲ ਖਿੜੇ ਹਨ।" ਸੰਨ 1872 ਵਿੱਚ ਯੋਸ਼ੀਵਾਰਾ ਸਬੰਧੀ ਕਾਨੂੰਨਾਂ ਵਿੱਚ ਨਵੇਂ ਬਦਲਾਅ ਹੋਏ। ਵੱਡੇ-ਵੱਡੇ ਵੇਸ਼ਵਾਘਰ ਬਣਾਉਣ ਦੀ ਇਜਾਜ਼ਤ ਮਿਲੀ। ਸਫ਼ਾਈ ਸਬੰਧੀ ਨਵੇਂ ਨਿਯਮ ਬਣੇ, ਧਨੀ ਲੋਕਾਂ ਅਤੇ ਫ਼ੌਜੀ ਅਫ਼ਸਰਾਂ ਦੇ ਮਨੋਰੰਜਨ ਦੇ ਵੇਸ਼ਵਾਘਰ ਛੋਟੇ-ਮੋਟੇ ਮਹੱਲਾਂ ਨੂੰ ਟੱਕਰ ਦਿੰਦੇ ਸਨ। ਟੋਕੀਓ ਦੇ ਇਹਨਾਂ ਵੇਸ਼ਵਾਘਰਾਂ ਦੇ ਨਮੂਨੇ ਜਾਪਾਨ ਵਿੱਚ ਲਗਭਗ ਹਰ ਜਗ੍ਹਾ ਮੌਜੂਦ ਹਨ। ਜਾਪਾਨ ਦਾ ਇਹ ਲਾਲ ਬੱਤੀ ਵਾਲਾ ਖੇਤਰ ਦੁਨੀਆਂ ਵਿੱਚ ਆਪਣਾ ਸਾਨੀ ਨਹੀਂ ਰੱਖਦਾ ਸੀ। ਵਿਸਤਾਰ ਅਤੇ ਵਪਾਰ ਦੀ ਨਜ਼ਰ ਤੋਂ ਦੁਨੀਆਂ ਵਿੱਚ ਉਹਨਾਂ ਦੀ ਟੱਕਰ ਦੇ ਦੂਸਰੇ ਵੇਸ਼ਵਾਘਰ ਨਹੀਂ। ਹਜ਼ਾਰਾਂ ਦੀ ਗਿਣਤੀ ਵਿੱਚ ਬੜੀ ਖ਼ੂਬਸੂਰਤੀ ਨਾਲ਼ ਰੰਗੀਆਂ-ਚੁਣੀਆਂ ਲੜਕੀਆਂ ਰੰਗ-ਬਿਰੰਗੇ ਬਰੀਕ ਪਰਦਿਆਂ ਪਿੱਛੇ ਕਤਾਰ ਬੰਨ੍ਹੀ ਬੈਠੀਆਂ ਰਹਿੰਦੀਆਂ। ਪੱਛਮ ਦੇ ਯਾਤਰੀ ਨੂੰ ਉਹ ਬਦਕਿਸਮਤ, ਵਿਕਟੋਰੀਆ-

ਯੁੱਗ ਦੀਆਂ "ਸੋਨੇ ਦੇ ਪਿੰਜਰੇ ਦੀਆਂ ਚਿੜੀਆਂ" ਦੀ ਯਾਦ ਦਿਵਾਉਂਦੀਆਂ। ਸਭ ਤੋਂ ਵਧੀਆਂ ਵੇਸ਼ਵਾਘਰਾਂ ਵਿੱਚ ਸਭ ਤੋਂ ਵਧੀਆਂ "ਪਿੰਜਰੇ" ਹੁੰਦੇ।

ਪਿਛਲੇ ਕੁੱਝ ਦਿਨਾਂ ਤੋਂ ਸੜਕ 'ਤੇ ਲੰਘਣ ਵਾਲ਼ਿਆਂ ਨੂੰ ਇਹ ਲੜਕੀਆਂ ਦਿਖਾਈ ਨਹੀਂ ਦਿੰਦੀਆਂ। ਹੁਣ ਉਹਨਾਂ ਦੀ ਥਾਂ 'ਤੇ ਉਹਨਾਂ ਫੋਟੋ ਬਾਹਰ ਲਟਕਦੇ ਰਹਿੰਦੇ ਹਨ।

ਇਹਨਾਂ ਵੇਸਵਾਘਰਾਂ ਵਿੱਚ ਜਾਣ ਵਾਲ਼ਿਆਂ ਨੂੰ ਕਈ ਛੋਟੀਆਂ-ਮੋਟੀਆਂ ਰਸਮਾਂ ਪੂਰੀਆਂ ਕਰਨੀਆਂ ਪੈਂਦੀਆਂ ਸਨ। ਸਿੱਟੇ ਵਜੋਂ ਕਈ ਪੱਛਮ ਤੋਂ ਆਉਣ ਵਾਲ਼ੇ ਇਹਨਾਂ ਨੂੰ ਸਿਰਫ਼ ਮਨੋਰੰਜਨ-ਘਰ ਸਮਝ ਬਹਿੰਦੇ ਸਨ। "ਘੰਟੇ ਦੀ ਹੀ ਜੋਰੂ" ਦਾ ਸੌਦਾ ਚਾਹ ਪੀਣ ਵਾਲ਼ੇ ਉਸ ਕਮਰੇ ਵਿੱਚ ਬੈਠ ਕੇ ਕੀਤਾ ਜਾਂਦਾ ਜੋ ਬੜਾ ਹੀ ਕੋਮਲ ਅਤੇ ਪਵਿੱਤਰ ਲੱਗਦਾ ਸੀ। ਉੱਚੇ ਦਰਜ਼ੇ ਦੇ ਵੇਸ਼ਵਾਘਰਾਂ ਵਿੱਚ ਆਉਣ ਵਾਲ਼ਿਆਂ ਦੀ ਸੁਵਿੱਧਾ ਲਈ ਇਹਨਾਂ ਕਮਰਿਆਂ ਵਿੱਚ ਵੇਸ਼ਵਾਵਾਂ ਦੇ ਚਿੱਤਰ ਲਟਕਦੇ ਰਹਿੰਦੇ। ਕੁੱਝ ਵੇਸ਼ਵਾਘਰਾਂ ਦੇ ਆਪਣੇ ਖਾਸ ਚਿੰਨ੍ਹ ਹੁੰਦੇ ਜੋ ਦਰਵਾਜ਼ੇ 'ਤੇ ਲਟਕਦੀਆਂ ਲਾਲਟੈਣਾਂ 'ਤੇ ਅੰਕਿਤ ਹੁੰਦੇ ਸਨ। ਹਾਂ, ਸਸਤੇ ਵੇਸ਼ਵਾਘਰਾਂ ਵਿੱਚ ਇਹ ਸਭ ਨਹੀਂ ਸੀ। ਜਾਪਾਨੀ ਪਿੰਡਾਂ ਦੀਆਂ ਵੇਸ਼ਵਾਵਾਂ ਕੰਗਾਲੀ ਦੇ ਉਸੇ ਪੱਧਰ 'ਤੇ ਸਨ ਜਿਸ 'ਤੇ ਯੂਰਪ ਜਾਂ ਅਮਰੀਕਾ ਦੇ ਪਿੰਡਾਂ ਦੀਆਂ। "ਗੀਸ਼ਾ" ਆਮ ਤੌਰ 'ਤੇ ਉਹਨਾਂ ਵੇਸ਼ਵਾਵਾਂ ਨੂੰ ਕਹਿੰਦੇ ਸਨ ਜੋ ਔਸਤ ਦਰਜ਼ੇ ਦੀਆਂ ਵੇਸ਼ਵਾਵਾਂ ਤੋਂ ਜ਼ਿਆਦਾ ਚਲਾਕ ਅਤੇ ਸਿੱਖਿਅਤ ਹੁੰਦੀਆਂ ਸਨ। ਯਾਣੀ, ਜਾਪਾਨ ਵਿੱਚ ਯੂਨਾਨੀ ਅਤੇ ਮੱਧਕਾਲੀ ਵਿਭਚਾਰ-ਪ੍ਰਬੰਧ, ਦੋਵਾਂ ਦੇ ਹੀ, ਲੱਛਣ ਮੌਜੂਦ ਸਨ।

ਯੂਰਪ ਵਿੱਚ ਮੱਧ ਯੁੱਗ ਦੇ ਅੰਤਿਮ ਪੜਾਅ ਵਿੱਚ ਵੇਸ਼ਵਾਗਮਨੀ ਖਿਲਾਫ਼ ਸੰਘਰਸ਼ ਤੇਜ਼ ਹੁੰਦਾ ਦਿਖਾਈ ਦਿੰਦਾ ਹੈ। ਉਸ ਦੌਰ ਵਿੱਚ ਵੇਸ਼ਵਾਗਮਨੀ ਨੂੰ ਸਖ਼ਤ ਸ਼ਬਦਾਂ ਵਿੱਚ ਅਨੈਤਿਕ ਐਲਾਨ ਕੀਤਾ ਗਿਆ। ਕਈ ਵਿਗਿਆਨੀਆਂ ਨੇ ਪਤਾ ਲਗਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਅਜਿਹਾ ਕਿਸ ਕਰਕੇ ਹੋਇਆ। ਉਹਨਾਂ ਨੇ ਇਸ ਦੇ ਵੱਖ-ਵੱਖ ਕਾਰਨ ਦੱਸੇ ਹਨ. ਕੁੱਝ ਨੇ ਕਿਹਾ ਕਿ ਕਿਸੇ ਅਦ੍ਰਿਸ਼ ਸ਼ਕਤੀ ਨੇ ਲੋਕਾਂ ਦੇ ਮਨ ਵਿੱਚ ਨੈਤਿਕ ਭਾਵ ਜਗਾ ਦਿੱਤਾ ਸੀ। ਕੁੱਝ ਦਾ ਕਹਿਣਾ ਹੈ ਕਿ ਇਸ ਦਾ ਕਾਰਨ ਸਿੱਖਿਆ ਦਾ ਪ੍ਰਚਾਰ, ਧਰਮ ਦਾ ਪ੍ਰਚਾਰ, ਅਤੇ ਸੈਕਸ-ਰੋਗਾਂ ਨੂੰ ਰੋਕਣ ਦੀ ਜ਼ਰੂਰਤ ਸੀ ਆਦਿ। ਸੋਵੀਅਤ ਵਿਗਿਆਨਕਾਂ ਦੇ ਅਨੁਸਾਰ ਇਸ ਦਾ ਕਾਰਨ ਕੁੱਝ ਹੋਰ ਵੀ ਸੀ। ਉਹਨਾਂ ਦਾ ਕਥਨ ਹੈ ਕਿ ਅਨੈਤਿਕਤਾ ਵਿਰੁੱਧ ਸਮਾਜਿਕ ਟਾਕਰੇ ਦੇ ਨਾਲ਼ 'ਪਿਆਰ' ਵੀ ਇੱਕ ਪ੍ਰਬਲ ਸ਼ਕਤੀ ਸੀ ਜਿਸ ਦੇ ਕਾਰਨ ਇਹ ਬਦਲਾਅ ਹੋਇਆ।

ਸਵਾਲ ਉੱਠਦਾ ਹੈ : ਉਸ ਭਾਵਨਾ ਦੇ "ਸ਼ੁਰੂ ਹੋਣ" ਦੀ ਗੱਲ ਵਿਗਿਆਨ ਕਿਸ ਕਰਕੇ ਕਰ ਸਕਦਾ ਹੈ ਜੋ ਮਨੁੱਖੀ ਸੁਭਾਅ ਦਾ ਇੱਕ ਬੁਨਿਆਦੀ ਲੱਛਣ ਹੈ ? ਕੀ ਅਨੰਤ ਕਾਲ ਤੋਂ ਹੀ ਪੁਰਸ਼ ਅਤੇ ਇਸਤਰੀ ਇੱਕ ਦੂਸਰੇ ਦੇ ਪਿਆਰ ਪਾਸ਼ ਵਿੱਚ ਜਕੜੇ ਨਹੀਂ ਰਹੇ ਹਨ ?

ਸੋਵੀਅਤ ਅਧਿਕਾਰੀਆਂ ਦਾ ਉੱਤਰ ਹੈ ਕਿ ਪਿਆਰ, ਜਿਸ ਰੂਪ ਵਿੱਚ ਅਸੀਂ ਅੱਜ ਉਸ ਨੂੰ ਜਾਣਦੇ ਹਾਂ, ਮਨੁੱਖੀ ਜੀਵਨ ਵਿੱਚ ਅਜੇ ਹਾਲ ਦੀ ਹੀ ਚੀਜ਼ ਹੈ। ਇਸ ਤੋਂ ਵੀ ਅਨੋਖਾ ਉਹਨਾਂ ਦਾ ਇਹ ਦਾਅਵਾ ਹੈ ਕਿ ਜਗੀਰਦਾਰੀ ਵਿਰੁੱਧ ਅਜੋਕੇ ਪੂੰਜੀਵਾਦੀ ਆਰਥਿਕ

ਢਾਂਚੇ ਦੇ ਜੇਤੂ ਸੰਘਰਸ਼ ਨੇ ਹੀ ਸਥਾਈ ਪਿਆਰ ਨੂੰ ਜਨਮ ਦਿੱਤਾ। ਵਿਭਚਾਰ ਦੇ ਪੱਧਰ ਤੋਂ ਉੱਪਰ ਉੱਠ ਕੇ ਉਹਨੇ ਪਿਆਰ ਨੂੰ ਆਦਰਯੋਗ ਥਾਂ ਦਿੱਤੀ। ਪਿਆਰ ਨੂੰ ਉਸ ਨੇ ਇੱਕ ਅਜਿਹੇ ਨੈਤਿਕ ਸਬੰਧ ਦਾ ਸਮਾਨਅਰਥੀ ਬਣਾ ਦਿੱਤਾ, ਜੋ ਵਿਭਚਾਰ ਨਾਲ਼ ਟੱਕਰ ਲੈ ਸਕੇ।

ਇਸ ਅਨੋਖੇ ਤੱਥ ਨੂੰ ਜਾਣ ਲੈਣ ਤੋਂ ਸਾਨੂੰ ਉਹਨਾਂ ਤਰੀਕਿਆਂ ਨੂੰ ਸਮਝਣ ਵਿੱਚ ਮਦਦ ਮਿਲੇਗੀ ਜਿਨ੍ਹਾਂ ਰਾਹੀਂ ਸੋਵੀਅਤ ਅਧਿਕਾਰੀਆਂ ਨੇ ਵਿਭਚਾਰ ’ਤੇ ਜਿੱਤ ਪ੍ਰਾਪਤ ਕੀਤੀ। ਉਹਨਾਂ ਦੇ ਮਾਹਿਰਾਂ ਦੀਆਂ ਖੋਜਾਂ ਨੂੰ ਸਮਝਣਾ ਕੋਈ ਮੁਸ਼ਕਿਲ ਕੰਮ ਨਹੀਂ.

ਅਸੀਂ ਦੇਖ ਚੁੱਕੇ ਹਾਂ ਕਿ ਇੱਕ ਪੁਰਸ਼ ਅਤੇ ਇੱਕ ਇਸਤਰੀ ਦੇ ਵਿਆਹ ਦਾ ਰਿਵਾਜ ਬਰਬਰ ਸਮਾਜ ਵਿੱਚ ਹੀ ਸ਼ੁਰੂ ਹੋ ਚੁੱਕਾ ਸੀ। ਸੱਭਿਅਤਾ ਦੇ ਵਿਕਾਸ ਦੇ ਨਾਲ਼-ਨਾਲ਼ ਇਸ ਵਿਆਹ ਪ੍ਰਥਾ ਵਿੱਚ ਅਤਿਅੰਤ ਮਹੱਤਵਪੂਰਨ ਬਦਲਾਅ ਹੋਏ। ਸੋਵੀਅਤ ਮਾਨਵ-ਵਿਗਿਆਨੀ ਵੀ ਉਸ ਤੱਥ ਦੀ ਪੁਸ਼ਟੀ ਕਰਦੇ ਹਨ ਜਿਸ ਨੂੰ ਇਤਿਹਾਸਕਾਰ ਬਹੁਤ ਅਰਸੇ ਤੋਂ ਦੱਸਦੇ ਆਏ ਹਨ, ਅਰਥਾਤ ਇਹ ਕਿ ਇੱਕ-ਪਤਨੀਵ੍ਰਤ ਪ੍ਰਥਾ ਦੇ ਨਾਲ਼ ਨਾਲ਼ ਵੇਸ਼ਵਾਗਮਨੀ ਵੀ ਸਾਰੇ ਕਿਤੇ ਚਲਦੀ ਰਹੀ। ਪਰ ਸੋਵੀਅਤ ਮਾਹਿਰ ਇਸ ਤੋਂ ਹੋਰ ਅੱਗੇ ਵੱਧਦੇ ਹਨ। ਯੂਨਾਨੀ ਅਤੇ ਰੋਮਨ ਸੱਭਿਅਤਾਵਾਂ ਦਾ ਅਧਿਐਨ ਕਰਕੇ ਉਹ ਇਸ ਗੱਲ ਦਾ ਅਕੱਟ ਸਬੂਤ ਪੇਸ਼ ਕਰਦੇ ਹਨ ਕਿ ਇੱਕ-ਪਤਨੀਵ੍ਰਤ ਦਾ ਅਧਾਰ ਸਾਧਾਰਨ ਤੌਰ ’ਤੇ : ਆਰਥਿਕ ਉਦੇਸ਼ ਸੀ। ਕਾਨੂੰਨੀ ਤੌਰ ’ਤੇ ਇੱਕ-ਪਤਨੀ ਪ੍ਰਥਾ ਦੀ ਸਥਾਪਨਾ ਇਸ ਉਦੇਸ਼ ਨਾਲ਼ ਕੀਤੀ ਗਈ ਸੀ ਕਿ ਪਤੀ ਦਾ ਸਾਰਾ ਧਨ ਉਸ ਦੀ ਮੌਤ ਦੇ ਬਾਅਦ ਕੁੱਝ ਥੋੜ੍ਹੇ ਜਿਹੇ ਲੋਕਾਂ ਵਿੱਚ ਹੀ ਵੰਡਿਆ ਜਾਵੇ — ਖਾਸ ਤੌਰ ’ਤੇ ਉਸ ਦੀ ਕਾਨੂੰਨੀ ਪਤਨੀ ਦੀਆਂ ਸੰਤਾਨਾਂ ਵਿੱਚ। ਇਹ ਅਮਲੀ ਕਦਮ ਇਸ ਲਈ ਚੁੱਕਿਆ ਗਿਆ ਸੀ ਕਿ ਅਮੀਰ ਜਮਾਤ ਦੇ ਲੋਕਾਂ ਸੀ ਸੰਪਤੀ ਉਹਨਾਂ ਦੇ ਪੁੱਤਰ ਅਤੇ ਧੀਆਂ ਦੇ ਹੀ ਹੱਥਾਂ ਵਿੱਚ ਕੇਂਦਰਿਤ ਰਹੇ; ਇਸ ਲਈ ਕਿ ਉਹ ਸੰਪਤੀ ਉਹਨਾਂ ਦੇ ਗੈਰ-ਕਾਨੂੰਨੀ ਪੁੱਤਾਂ-ਧੀਆਂ ਦੇ ਹੱਥ ਵਿੱਚ ਪੈ ਕੇ ਬਾਹਰ ਵੰਡੀ ਨਾ ਜਾਵੇ।

ਇੱਕ-ਪਤਨੀ ਪ੍ਰਥਾ ਦੀ ਸ਼ੁਰੂਆਤ ਇਸ ਲਈ ਨਹੀਂ ਹੋਈ ਸੀ ਕਿ ਪਤੀ ਅਤੇ ਪਤਨੀ ਆਪਣੇ ਪਿਆਰ ਨੂੰ ਚਿਰਸਥਾਈ ਬਣਾਉਣਾ ਚਾਹੁੰਦੇ ਸਨ — ਜਿਵੇਂ ਕਿ ਕਦੇ-ਕਦੇ ਅਸੀਂ ਵਿਸ਼ਵਾਸ ਕਰ ਲੈਂਦੇ ਹਾਂ। ਇਹ ਇੱਕ ਇਤਿਹਾਸਕ ਸੱਚ ਹੈ ਕਿ ਯੂਨਾਨ ਅਤੇ ਰੋਮ ਦੇ ਸੱਭਿਅਕ ਮੰਨੇ ਜਾਣ ਵਾਲ਼ੇ ਪੁਰਸ਼, ਆਮ ਕਰਕੇ ਉਸ ਇਸਤਰੀ ਨਾਲ਼ ਵਿਆਹ ਕਰਨਾ ਪਸੰਦ ਨਹੀਂ ਕਰਦੇ ਸਨ ਜਿਸ ਨਾਲ਼ ਉਹ ਪਿਆਰ ਕਰਦੇ ਹੋਣ। ਸਗੋਂ ਉਹਨਾਂ ਦਾ ਪਿਆਰ ਉੱਚ ਜਮਾਤ ਦੀਆਂ ਉਹਨਾਂ ਇਸਤਰੀਆਂ ਨਾਲ਼ ਹੁੰਦਾ ਸੀ ਜੋ ਉਹਨਾਂ ਦੀ ਰੁਚੀ ਨੂੰ ਤ੍ਰਿਪਤ ਤਾਂ ਕਰਦੀਆਂ ਸਨ ਪਰ ਜਿਨ੍ਹਾਂ ਨਾਲ਼ ਵਿਆਹ ਨਹੀਂ ਕੀਤਾ ਜਾ ਸਕਦਾ ਸੀ।

ਉਸ ਯੁੱਗ ਦੇ ਅਮੀਰ ਪੁਰਸ਼ਾਂ ਲਈ ਵਿਆਹ ਇੱਕ ਅਜਿਹੀ ਕਾਨੂੰਨੀ ਜ਼ਰੂਰਤ ਸੀ ਜਿਸ ਦੇ ਜ਼ੋਰ ’ਤੇ ਉਹਨਾਂ ਨੇ ਆਪਣੇ ਬਾਪ-ਦਾਦਿਆਂ ਦੀ ਸੰਪਤੀ ਅਤੇ ਸਮਾਜ ਵਿੱਚ ਇੱਜਤ ਦੀ ਥਾਂ ਪ੍ਰਾਪਤ ਕੀਤੀ ਸੀ। ਉਸ ਦੇ ਅਧਾਰ ’ਤੇ ਹੀ ਉਹ ਆਪਣੀ ਕਾਨੂੰਨੀ ਪਤਨੀ ਤੋਂ ਉਤਪੰਨ ਸੰਤਾਨ ਦਰਮਿਆਨ ਆਪਣੀ ਸੰਪਤੀ ਵੰਡ ਸਕੇ ਸਨ। ਗਰੀਬਾਂ ਨੂੰ ਵਿਆਹ ਕਰ ਲੈਣ ਨਾਲ਼ ਪਤਨੀ ਦੇ ਰੂਪ ਵਿੱਚ ਇੱਕ ਦਾਸੀ ਅਤੇ ਬੱਚੇ ਪੈਦਾ ਕਰਨ ਵਾਲ਼ੀ ਇਸਤਰੀ ਮਿਲ

ਜਾਂਦੀ ਸੀ। ਪਰ ਇਹ ਸਾਰੇ ਪੁਰਸ਼ ਆਪਣੀ ਭੋਗ ਲਾਲਸਾ ਦੀ ਤ੍ਰਿਪਤੀ ਲਈ ਉਹਨਾਂ ਇਸਤਰੀਆਂ ਕੋਲ ਜਾਂਦੇ ਸਨ ਜਿਨ੍ਹਾਂ ਨਾਲ਼ ਉਹ ਵਿਆਹੇ ਨਹੀਂ ਸਨ। ਇਸ ਨੂੰ ਜ਼ਰਾ ਵੀ ਅਨੈਤਿਕ ਨਹੀਂ ਸਮਝਿਆ ਜਾਂਦਾ ਸੀ।

ਜਿਵੇਂ ਕਿ ਸਪੱਸ਼ਟ ਹੈ, ਇੱਕ-ਵਿਆਹ ਪ੍ਰਥਾ ਦੀਆਂ ਸੀਮਾਵਾਂ ਵਿੱਚ ਸਿਰਫ਼ ਇਸਤਰੀ ਬੰਨ੍ਹੀ ਹੋਈ ਸੀ। ਪਤੀ ਨੂੰ ਕਾਨੂੰਨੀ ਅਤੇ ਨੈਤਿਕ ਹੱਕ ਸੀ ਕਿ ਉਹ ਵਿਆਹ ਦੇ ਇਲਾਵਾ ਸਾਰੇ ਤਰ੍ਹਾਂ ਦੇ ਇਸਤਰੀ ਸਬੰਧਾਂ ਨੂੰ ਵਰਤ ਸਕਦਾ ਸੀ, ਬਸ਼ਰਤੇ ਕਿ ਇਸ ਤਰ੍ਹਾਂ ਦੇ ਸਬੰਧ ਦੀ ਉਹ ਖਰੀ ਕੀਮਤ ਚੁੱਕਾ ਸਕੇ। ਪਤਨੀ ਨੂੰ ਅਜਿਹਾ ਕੋਈ ਹੱਕ ਪ੍ਰਾਪਤ ਨਹੀਂ ਸੀ। ਆਪਣੇ ਪਤੀ ਨੂੰ ਛੱਡ ਕਿਸੇ ਦੂਸਰੇ ਪੁਰਸ਼ ਨਾਲ਼ ਸੰਭੋਗ ਕਰਨ ਵਾਲ਼ੀ ਇਸਤਰੀ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਾ ਪ੍ਰਬੰਧ ਸੀ। ਆਪਣੇ ਪਤੀ ਤੋਂ ਇਲਾਵਾ ਜੇਕਰ ਇਸਤਰੀ ਕਿਸੇ ਹੋਰ ਨਾਲ਼ ਸਬੰਧ ਬਣਾਏ ਤਾਂ ਉਸ ਨੂੰ ਅਨੈਤਿਕ ਕਰਾਰ ਦੇ ਦਿੱਤਾ ਜਾਂਦਾ ਸੀ। ਇਸ ਦਾ ਇੱਕ ਵੱਡਾ ਕਾਰਨ ਇਹ ਸੀ ਕਿ ਮੁਮਕਿਨ ਹੈ ਕਿ ਉਹ ਕਿਸੇ ਦੂਸਰੇ ਆਦਮੀ ਦੇ ਪੁੱਤਰ ਨੂੰ ਜਨਮ ਦੇ ਦੇਵੇ ਅਤੇ ਇਹ ਪੁੱਤਰ ਉਸ ਦੇ ਪਤੀ ਦੀ ਜਾਇਦਾਦ ਦਾ ਹੱਕਦਾਰ ਬਣ ਬੈਠੇ। ਪਰ ਪੁਰਸ਼ ਲਈ ਇਹ ਸਭ ਅਨੈਤਿਕ ਨਹੀਂ ਸੀ — ਨਾ ਤਾਂ ਚਾਰਲਸ ਦਿ ਬੋਲਡ ਅਤੇ ਨਾ ਸਮਰਾਟ ਸਿਜਿਸਮੰਡ ਲਈ ਭਾਵੇਂ, ਉਹ ਕਈ ਹਫ਼ਤੇ ਵੇਸ਼ਵਾਘਰ ਵਿੱਚ ਬਿਤਾ ਦੇਵੇ। ਇਹ ਠੀਕ ਉਸੇ ਤਰ੍ਹਾਂ ਅਨੈਤਿਕ ਨਹੀਂ ਸੀ ਜਿਵੇਂ ਯੂਨਾਨੀ ਕਵੀਆਂ ਲਈ 'ਸੇਕਸ' ਵਰਗੀਆਂ ਇਸਤਰੀਆਂ ਦੀ ਪ੍ਰਸ਼ੰਸਾ ਵਿੱਚ ਗੀਤ ਗਾਉਣਾ ਅਨੈਤਿਕ ਨਹੀਂ ਸੀ। ਜੋ ਚੀਜ਼ ਸਾਨੂੰ ਹੋਰ ਵੀ ਹੈਰਾਨੀ ਵਿੱਚ ਪਾ ਦਿੰਦੀ ਹੈ ਉਹ ਇਹ ਹੈ ਕਿ ਪੁਰਾਤਨ ਯੁੱਗ ਅਤੇ ਮੱਧ ਯੁੱਗ ਵਿੱਚ ਵੇਸ਼ਵਾ ਦੇ ਜੀਵਨ ਨੂੰ ਸਮਾਜ ਭੋਰਾ ਵੀ ਨੀਵੀਂ ਨਜ਼ਰਾਂ ਨਾਲ਼ ਨਹੀਂ ਦੇਖਦਾ ਸੀ। ਇਸ ਦੇ ਉਲਟ, ਵੇਸ਼ਵਾਗਮਨੀ ਸਮਾਜ ਲਈ ਅਤਿਅੰਤ ਜ਼ਰੂਰੀ ਮੰਨੀ ਜਾਂਦੀ ਸੀ।

ਸੰਪਤੀ ਦੇ ਕਾਨੂੰਨੀ ਹੱਕ 'ਤੇ ਅਧਾਰਿਤ ਨੈਤਿਕਤਾ ਦੇ ਇਸ ਢਾਂਚੇ ਨੂੰ ਲਗਭਗ ਦੋ ਹਜ਼ਾਰ ਸਾਲ ਪਹਿਲਾਂ ਈਸਾਈ ਸਮਾਜ ਨੇ ਜਿਵੇਂ ਦਾ ਤਿਵੇਂ ਅਪਣਾ ਲਿਆ। ਇਸ ਢਾਂਚੇ ਦਾ ਸਭ ਤੋਂ ਖੁਲਾਸਾ ਰੂਪ ਉਹ ਹੈ ਜਿਸ ਨੂੰ ਇਤਿਹਾਸ ਦੀਆਂ ਕਿਤਾਬਾਂ ਵਿੱਚ 'ਸਮਰਾਟ ਦਾ ਦੈਵੀ ਹੱਕ' ਕਿਹਾ ਜਾਂਦਾ ਹੈ। ਜ਼ਮੀਨ ਅਤੇ ਧਨ ਦੇ ਉੱਤਰਾਧਿਕਾਰ ਦਾ ਦਾਇਰਾ ਸਮੁੱਚੀ ਰਾਜਨੀਤਕ ਸੱਤ੍ਹਾ ਦੇ ਉਤਰਾਧਿਕਾਰ ਤੱਕ ਪਹੁੰਚ ਗਿਆ। ਅੰਤ ਵਿੱਚ ਇਸੇ ਉਤਰਾਧਿਕਾਰ 'ਤੇ ਜਗੀਰਦਾਰੀ ਦਾ ਸਮਾਜਿਕ, ਆਰਥਿਕ ਅਤੇ ਰਾਜਨੀਤਕ ਢਾਂਚਾ ਖੜ੍ਹਾ ਕੀਤਾ ਗਿਆ। ਸਮਰਾਟ ਦਾ ਪੁੱਤਰ ਆਪਣੇ ਪਿਤਾ ਦੇ ਤਾਜ ਦਾ ਹੱਕਦਾਰ ਹੁੰਦਾ। ਜਗੀਰਦਾਰ ਆਪਣੀ ਗੱਦੀ ਆਪਣੇ ਪੁੱਤਰ ਦੇ ਹਵਾਲੇ ਕਰਦਾ। ਦੀਵਾਨ ਦਾ ਪੁੱਤਰ ਦੀਵਾਨ ਹੁੰਦਾ। ਗਰੀਬ ਕਿਸਾਨ ਨੂੰ ਆਪਣੇ ਪਿਓ ਦੀ ਟੁੱਟੀ ਝੌਂਪੜੀ ਹੀ ਮਿਲਦੀ। ਮੱਧ ਯੁੱਗ ਵਿੱਚ ਸਨਅਤੀ ਕਾਰੀਗਰਾਂ ਦੇ ਵਿਆਹ ਸਬੰਧੀ ਅਤੇ ਜਨਮ ਸਬੰਧੀ ਕਾਨੂੰਨਾਂ ਨੂੰ ਕੁਸ਼ਲ ਕਾਰੀਗਰਾਂ ਦੀਆਂ ਜਥੇਬੰਦੀਆਂ — ਜੋ "ਗਿਲ਼ਡ" ਕਹਾਉਂਦੀਆਂ ਸਨ — ਬਣਾਉਂਦੀਆਂ ਸਨ। ਨਾ ਕੇਵਲ ਬੰਦਸ਼ ਇਹ ਸੀ ਕਿ ਕੋਈ ਆਪਣੀ ਸਮਾਜੀ ਜਮਾਤ ਨੂੰ ਛੱਡ ਕੇ ਦੂਸਰੀਆਂ ਜਮਾਤਾਂ ਵਿੱਚ ਵਿਆਹ ਨਾ ਕਰੇ, ਸਗੋਂ ਪਿਆਰ 'ਤੇ ਅਧਾਰਿਤ ਵਿਆਹ ਕਰ ਸਕਣਾ ਵੀ ਕਲਪਨਾ ਤੋਂ ਪਰੇ ਸੀ। ਕਿਸੇ ਵੀ ਕੁੜੀ ਦਾ

ਵਿਆਹ ਉਸ ਦੀ ਜਮਾਤੀ ਸਥਿਤੀ ਦੇ ਅਧੀਨ ਹੁੰਦਾ ਸੀ। ਸਥਿਤੀ ਨੂੰ ਦੇਖ ਕੇ ਆਮ ਤੌਰ ’ਤੇ "ਵਿਚੋਲੇ" ਉਸ ਦਾ ਵਿਆਹ ਤੈਅ ਕਰਦੇ। ਕਦੇ-ਕਦੇ ਸਰਕਾਰੀ ਆਹੁਦੇਦਾਰ ਵੀ ਇਹਨਾਂ ਵਿਆਹਾਂ ਨੂੰ ਤੈਅ ਕਰਦੇ। ਸ਼ਾਇਦ ਹੀ ਕਦੇ ਕਿਸੇ ਲੜਕੀ ਦੀ ਇੱਛਾ ਜਾਣਨ ਦੀ ਕੋਸ਼ਿਸ਼ ਕੀਤੀ ਜਾਂਦੀ। ਉਸ ਦੀ ਰਾਏ ਲੈ ਲੈਣਾ ਸਿਰਫ਼ ਉੱਪਰੀ ਚੀਜ਼ ਸੀ, ਦਿਖਾਵਾ ਸੀ। ਆਮ ਤੌਰ ’ਤੇ ਆਪਣੇ ਪਤੀ ਦਾ ਮੂੰਹ ਉਹ ਆਪਣੇ ਵਿਆਹ ਵਾਲੇ ਦਿਨ ਹੀ ਦੇਖ ਪਾਉਂਦੀ।

ਯਾਣੀ, ਇਸ ਯੁੱਗ ਵਿੱਚ ਜਿਸ ਮਹੱਤਵਪੂਰਨ ਅਹਿਸਾਸ ਨੂੰ ਅਸੀਂ "ਪਿਆਰ" ਕਹਿੰਦੇ ਹਾਂ, ਉਸ ਯੁੱਗ ਵਿੱਚ ਉਹਨੂੰ ਕੋਈ ਕਾਨੂੰਨੀ ਮਾਨਤਾ ਨਹੀਂ ਦਿੱਤੀ ਜਾਂਦੀ ਸੀ।

ਵਿਆਹ ਦੇ ਮੌਕੇ ’ਤੇ ਪਤਨੀ ਬਣਨ ਵਾਲ਼ੀ ਲੜਕੀ ਨੂੰ ਹਿਦਾਇਤ ਦਿੱਤੀ ਜਾਂਦੀ ਕਿ ਉਹ ਬੜੀ ਭਗਤੀ ਨਾਲ਼ ਪੂਰਾ ਜੀਵਨ ਸਿਰਫ਼ ਇੱਕ ਪੁਰਸ਼ ਨੂੰ — ਆਪਣੇ ਪਤੀ ਨੂੰ — ਪਿਆਰ ਕਰੇ। ਵਿਆਹ ਦੀ ਕਾਨੂੰਨੀ ਅਤੇ ਧਾਰਮਿਕ ਕਾਰਵਾਈ ਨੂੰ ਇਸ ਗੱਲ ਦੀ ਗਾਰੰਟੀ ਮੰਨਿਆ ਜਾਂਦਾ ਸੀ ਕਿ ਅਜਿਹਾ ਹੀ ਹੋਵੇਗਾ। ਸਮਾਜ ਭਾਵੇਂ ਇਸ ਗੱਲ ਨੂੰ ਜਾਣਦਾ ਸੀ ਕਿ ਪਤਨੀ ਆਪਣੇ ਪਤੀ ਦੇ ਇਲਾਵਾ ਕਿਸੇ ਦੂਸਰੇ ਪੁਰਸ਼ ਨਾਲ਼ ਪਿਆਰ ਕਰ ਸਕਦੀ ਹੈ, ਪਰ ਇਸ ਪਿਆਰ ਨੂੰ ਜ਼ਾਹਿਰ ਨਾ ਕਰਨ ਦੀ ਸਖ਼ਤ ਤਾਕੀਦ ਕੀਤੀ ਜਾਂਦੀ ਸੀ। ਉਧਰ ਉਸ ਦੇ ਪਤੀ ਦੀ ਬੇਲਗਾਮ ਲਾਲਸਾ ਨੂੰ ਵਧਾਉਣ ਅਤੇ ਸੰਤੁਸ਼ਟ ਕਰਨ ਵਾਲ਼ੀਆਂ ਅਨੈਤਿਕ ਇਸਤਰੀਆਂ ਦੀ ਫ਼ੌਜ ਜਿਵੇਂ ਦੀ ਤਿਵੇਂ ਬਰਕਰਾਰ ਰਹਿੰਦੀ।

ਪਰ, ਮੱਧ ਯੁੱਗ ਵਿੱਚ ਹੀ ਇਸਤਰੀ ਦੇ ਪਿਆਰ ਦੀ ਸ਼ਕਤੀ ਅਤੇ ਇਸਤਰੀ ਪਿਆਰ ਦੀ ਪਵਿੱਤਰਤਾ ਦੀ ਉਪਾਸਨਾ ਵੀ ਵਧੀ। ਕਵੀਆਂ ਅਤੇ ਸਿਤਾਰ ਵਜਾ ਕੇ ਭੀਖ ਮੰਗਣ ਵਾਲ਼ਿਆਂ ਨੇ ਇਸਤਰੀ ਪਿਆਰ ਦੀਆਂ ਗੌਰਵ ਗਾਥਾਵਾਂ ਗਾਉਣੀਆਂ ਸ਼ੁਰੂ ਕੀਤੀਆਂ। ਇਸ ਤਰ੍ਹਾਂ, ਉਸ ਪ੍ਰਵਿਰਤੀ ਦਾ ਜਨਮ ਹੋਇਆ ਜਿਸ ਨੂੰ ਅਸੀਂ "ਸਾਹਸੀ ਵੀਰ ਭਾਵ" (ਅੰਗਰੇਜ਼ੀ ਵਿੱਚ "ਸ਼ਿਵੇਲਰੀ") ਕਹਿੰਦੇ ਹਾਂ। ਵਿਕਟੋਰੀਆ ਯੁੱਗ ਦੇ ਸਾਹਿਤ ਨੂੰ ਪੜ੍ਹ ਕੇ ਸਾਡਾ ਨੌਜਵਾਨ ਵਰਗ ਇਸ ਸ਼ਬਦ ਦਾ ਜੋ ਅਰਥ ਲਗਾਉਂਦਾ ਹੈ ਉਸ ਤੋਂ ਉਹ ਇਕਦਮ ਵੱਖਰਾ ਸੀ। ਇਹ "ਦੁਸ਼ਟ ਪੁਰਸ਼ਾਂ ਦੇ ਬਲਾਤਕਾਰ ਤੋਂ ਪਵਿੱਤਰ ਔਰਤਪੁਣੇ ਦੀ ਵੀਰਤਾਪੂਰਨ ਰੱਖਿਆ" ਨਹੀਂ ਸੀ। ਅਸਲ ਵਿੱਚ ਇਹ ਵਿਆਹ ਦੇ ਬੰਧਨ ਨੂੰ ਤੋੜ ਕੇ ਸੱਚਾ ਪਿਆਰ ਕਰਨ ਦੀ ਇਸਤਰੀ ਦੀ ਯੋਗਤਾ ਦਾ ਗਵਾਹ ਸੀ। ਖੁੱਲ੍ਹੇ ਸ਼ਬਦਾਂ ਵਿੱਚ ਇਹ ਉਹਨਾਂ ਇਸਤਰੀਆਂ ਨਾਲ਼ ਪੁਰਸ਼ਾਂ ਦਾ ਪਿਆਰ ਸੀ ਜੋ ਸੱਚਮੁੱਚ ਹੀ ਉਹਨਾਂ ’ਤੇ ਜਾਨ ਦਿੰਦੀਆਂ ਸਨ, ਭਾਵੇਂ ਉਹ ਕਿਸੇ ਹੋਰ ਦੀਆਂ ਪਤਨੀਆਂ ਕਿਉਂ ਨਾ ਰਹੀਆਂ ਹੋਣ।

ਸਾਡੀ ਅੱਜ ਦੀ ਸਮਝ ਮੁਤਾਬਿਕ ਇਹ ਰੀਤੀ ਵਿਭਚਾਰ ਨੂੰ ਨਿਆਂਪੂਰਨ ਠਹਿਰਾਉਣ ਵਾਲ਼ੀ, ਭਾਵ ਅਨੈਤਿਕ, ਲੱਗਦੀ ਹੈ। ਪਰ ਗੱਲ ਅਜਿਹੀ ਨਹੀਂ ਹੈ। ਉਸ ਨੂੰ ਅਸੀਂ ਆਪਣੇ ਅੱਜ ਦੇ ਸਮਾਜਿਕ ਮਾਪਢੰਡਾਂ ਨਾਲ਼ ਨਹੀਂ ਤੋਲ ਸਕਦੇ। ਅਸਲ ਵਿੱਚ ਇਹ ਇੱਕ ਸ਼ਕਤੀਸ਼ਾਲੀ ਨੈਤਿਕ ਜਾਗਰਣ ਦਾ ਪ੍ਰਤੀਤ ਸੀ। ਉਹਨੇ ਰਾਜ ਅਤੇ ਧਰਮ ਦੁਆਰਾ ਸਿਰ ’ਤੇ ਲੱਦੇ ਗਏ ਪੁਰਸ਼ ਵਿਰੁੱਧ, ਆਪਣੀ ਰੁਚੀ ਦੇ ਪੁਰਸ਼ ਨੂੰ ਪਿਆਰ ਕਰਨ ਦੀ ਇਸਤਰੀ ਦੇ ਹੱਕ ਦਾ ਸਵਾਲ ਸਾਹਮਣੇ ਲਿਆ ਖੜ੍ਹਾ ਕੀਤਾ।

ਨਾਲ਼ ਹੀ ਬਹਾਦਰ ਯੋਧੇ ਭਾਵ ਨੇ ਪੁਰਸ਼ਾ ਵਿੱਚ ਵੀ ਇੱਕ ਨਵੀਂ ਚੇਤਨਾ ਦਾ ਸੰਚਾਰ ਕੀਤਾ। ਇਹਨੇ ਉਹਨਾਂ ਨੂੰ ਪਿਆਰ ਦੀ ਅਧਿਆਤਮਿਕ ਸ਼ਕਤੀ ਪ੍ਰਤੀ ਚੇਤੰਨ ਬਣਾਇਆ। 'ਵਿਚੋਲਿਆਂ' ਰਾਹੀਂ ਕਰਾਏ ਗਏ ਵਿਆਹਾਂ ਦਾ ਪਰਦਾਫ਼ਾਸ਼ ਤਾਂ ਇਹਨੇ ਕੀਤਾ ਹੀ, ਵਿਭਚਾਰ ਦੀ ਕਰੂਪਤਾ ਨੂੰ ਵੀ ਉਹਨੇ ਉਘਾੜ ਕੇ ਰੱਖ ਦਿੱਤਾ। ਹੁਣ ਆਪਣੇ ਸੱਚੇ ਪ੍ਰੇਮੀ ਨਾਲ਼ ਪਿਆਰ ਕਰਨਾ ਇਸਤਰੀ ਲਈ "ਬਹਾਦਰੀਪੂਰਨ" ਕੰਮ ਸੀ। ਇਸ ਤਰ੍ਹਾਂ ਉਹ ਆਪਣੇ ਪਿਆਰ ਕਰਨ ਦੇ ਹੱਕ ਨੂੰ ਪ੍ਰਗਟ ਕਰਦੀ ਸੀ। ਇਹ ਕੰਮ ਨੈਤਿਕ ਵੀ ਸੀ, ਕਿਉਂਕਿ ਹੁਣ ਤੱਕ ਇਹ ਸਾਬਿਤ ਹੋ ਚੁੱਕਾ ਸੀ ਕਿ ਸੱਚੇ ਪਿਆਰ ਦੇ ਉਪਾਸਕ ਪੁਰਸ਼ ਵੀ ਮੌਜੂਦ ਹਨ। ਮੱਧ ਯੁੱਗ ਦੀ ਇਹ ਇੱਕ ਬਹੁਤ ਵੱਡੀ ਦੇਣ ਸੀ। ਕਾਰਨ ਇਹ ਕਿ ਇੱਕ ਪੁਰਸ਼ ਅਤੇ ਇੱਕ ਇਸਤਰੀ, ਜੋ ਸੱਚਮੁੱਚ ਇੱਕ ਦੂਸਰੇ ਨੂੰ ਪਿਆਰ ਕਰਦੇ ਸਨ, ਵਿਆਹ ਦੇ ਬੰਧਨ ਨੂੰ ਤੋੜ ਕੇ ਇੱਕ ਦੂਸਰੇ ਦੇ ਬਣ ਜਾਂਦੇ। ਉਹਨਾਂ ਦਾ ਇਹ ਸਬੰਧ ਇੰਨੀਆਂ ਬਲਵਾਨ ਪਿਆਰ ਭਾਵਨਾਵਾਂ ਤੋਂ ਪ੍ਰੇਰਿਤ ਹੁੰਦਾ ਸੀ ਕਿ ਉਹ ਪੂਰਾ ਜੀਵਨ ਅਟੁੱਟ ਬਣਿਆ ਰਹਿੰਦਾ। ਪਿਆਰ ਨਾਲ਼ ਬੰਨ੍ਹੇ ਜਾਣ 'ਤੇ ਇਹ ਦੋਵੇਂ ਪ੍ਰਾਣੀ ਬਿਨਾਂ ਕਿਸੇ ਕਾਨੂੰਨੀ ਜਾਂ ਦੂਸਰੇ ਬੰਧਨ ਦੇ ਮੌਤ ਤੱਕ ਇੱਕ ਦੂਸਰੇ ਲਈ ਵਫ਼ਾਦਾਰ ਬਣੇ ਰਹਿੰਦੇ।

ਵੀਰਤਾ ਦੀ ਇਸ ਭਾਵਨਾ ਦਾ ਉਦੇਸ਼ ਇਸਤਰੀਆਂ ਨੂੰ ਉਸ ਕਾਨੂੰਨੀ, ਪਰ ਅਨੈਤਿਕ, ਵਿਆਹ ਬੰਧਨ ਤੋਂ ਮੁਕਤ ਕਰਨਾ ਸੀ ਜਿਸ ਵਿੱਚ ਇਸਤਰੀ ਬਿਨਾਂ ਆਪਣੀ ਮਰਜ਼ੀ ਦੇ ਕਿਸੇ ਵੀ ਪੁਰਸ਼ ਨਾਲ਼ ਬੰਨ ਦਿੱਤੀ ਜਾਂਦੀ ਸੀ। ਪਰ ਇਸ ਵਿੱਚ ਵੀ ਜ਼ਿਆਦਾ ਮਹੱਤਵ ਦਾ ਇੱਕ ਦੂਸਰਾ ਉਦੇਸ਼ ਸੀ। ਇਹ ਉਦੇਸ਼ ਸੀ ਉਹਨਾਂ ਪੁਰਸ਼ਾਂ ਨੂੰ ਨੈਤਿਕਤਾ ਦੀ ਸਿੱਖਿਆ ਦੇਣਾ, ਜੋ ਵਿਆਹ ਦੀ ਖਿਝ ਵਿਭਚਾਰ ਦੇ ਦਰਵਾਜੇ 'ਤੇ ਮਿਟਾਉਂਦੇ ਸਨ।

ਮੱਧ ਯੁੱਗ ਦਾ ਕਵਿਤਾ-ਸਾਹਿਤ ਪਿਆਰ ਦੀ ਇਸੇ ਭਾਵਨਾ ਦੀ ਪ੍ਰਸ਼ੰਸਾ ਨਾਲ਼ ਭਰਿਆ ਹੈ। ਨਾਲ਼ ਹੀ, ਉਸ ਦੌਰ ਦਾ ਇਤਿਹਾਸ ਇਹਨਾਂ ਕਵੀਆਂ ਦੇ ਰਾਜਕੀ ਜ਼ਬਰ ਦੀਆਂ ਉਦਾਹਰਣਾਂ ਨਾਲ਼ ਭਰਿਆ ਪਿਆ ਹੈ। ਇੱਕ ਨਵੇਂ ਨੈਤਿਕ ਢਾਂਚੇ ਦੇ ਰੂਪ ਵਿੱਚ ਇਹ ਵੀਰ ਭਾਵ ਅਚਾਨਕ ਫੁੱਟ ਨਹੀਂ ਪਿਆ ਸੀ। ਸਦੀਆਂ ਤੱਕ ਇਹ ਵੀ ਭੋਗ-ਲਾਲਸਾ ਵਿੱਚ ਭਿੱਜਿਆ ਰਿਹਾ। ਉਸ ਸਮੇਂ ਦੇ ਧਰਮ ਦੇ ਠੇਕੇਦਾਰਾਂ ਨੂੰ ਇਸ 'ਤੇ ਲਗਾਤਾਰ ਹਮਲਾ ਬੋਲਦੇ ਰਹਿਣ ਦਾ ਇਸ ਕਾਰਨ ਨੈਤਿਕ ਅਧਾਰ ਵੀ ਮਿਲ ਗਿਆ।

ਪਰ ਇਸ ਪ੍ਰਕਾਰ ਦੇ ਪਿਆਰ ਦੇ ਵਿਰੋਧ ਦਾ ਅਸਲੀ ਕਾਰਨ ਕੁੱਝ ਹੋਰ ਹੀ ਸੀ। ਨਵੀਆਂ ਆਰਥਿਕ ਸ਼ਕਤੀਆਂ ਜਗੀਰਦਾਰੀ ਦੀਆਂ ਜੜ੍ਹਾਂ ਹਿਲਾ ਰਹੀਆਂ ਸਨ। ਪੂੰਜੀਵਾਦ ਅਤੇ ਪੂੰਜੀਵਾਦ ਦੀ ਜਮਹੂਰੀ ਵਿਚਾਰਧਾਰਾ ਦਾ ਵਿਕਾਸ ਹੋ ਰਿਹਾ ਸੀ। 'ਵਿਚੋਲਿਆਂ' ਰਾਹੀਂ ਤੈਅ ਕੀਤੇ ਗਏ ਵਿਆਹ, ਉਤਰਾਧਿਕਾਰ ਦੇ ਨਿਯਮ ਅਤੇ ਵਿਭਚਾਰ — ਇਹ ਸਨ ਜਗੀਰਦਾਰੀ ਦੇ ਥੰਮ। ਵਿਆਹ ਤੋਂ ਪਰ੍ਹੇ ਪਿਆਰ ਦੀ ਭਾਵਨਾ ਨੇ ਜਗੀਰੂ ਸਮਾਜੀ-ਢਾਂਚੇ ਦੀ ਨੀਂਹ ਨੂੰ ਹੋਰ ਵੀ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਇਹੀ ਕਾਰਨ ਹੈ ਕਿ ਜੋ ਕਵੀ ਅਜਿਹੇ ਪਿਆਰ ਦੀ ਕਹਾਣੀ ਗਾਉਂਦੇ ਉਹਨਾਂ ਨੂੰ ਸਦਾ ਆਪਣੀ ਜੀਭ ਕੱਟ ਲਏ ਜਾਣ ਜਾਂ ਚੌਰਾਹੇ 'ਤੇ ਫਾਂਸੀ ਲਗਾ ਦਿੱਤੇ ਜਾਣ ਦਾ ਡਰ ਸਤਾਉਂਦਾ ਰਹਿੰਦਾ.

ਪਰ ਇਸ ਨਵੇਂ ਨੈਤਿਕ ਪਿਆਰ ਦੀ ਭਾਵਨਾ ਦਾ ਜ਼ਬਰ ਵਿਅਰਥ ਸਾਬਿਤ ਹੋਇਆ। ਸਮਾਂ ਆਇਆ ਜਦੋਂ ਸ਼ੇਕਸਪੀਅਰ ਇਸ ਸਮੱਸਿਆ ਨੂੰ ਨਿਡਰ ਹੋ ਕੇ ਲੰਦਨ ਦੇ ਰੰਗਮੰਚ 'ਤੇ ਪੇਸ਼ ਕਰ ਸਕੇ। ਸਾਡੇ ਸਕੂਲਾਂ ਵਿੱਚ ਇਹ ਨਹੀਂ ਦੱਸਿਆ ਜਾਂਦਾ ਕਿ ਸ਼ੇਕਸਪੀਅਰ ਦੇ ਨਾਟਕ "ਰੋਮੀਓ ਐਂਡ ਜੂਲੀਅਟ" ਦੀ ਪਿੱਠਭੂਮੀ ਕੀ ਸੀ। ਪਰ ਇਹ ਇੱਕ ਠੋਸ ਸੱਚ ਹੈ ਕਿ ਇਹ ਨਾਟਕ ਇੱਕ ਸਿਆਸੀ ਨਾਟਕ ਹੈ। ਨਾਟਕ ਦਾ ਵਿਸ਼ਾ-ਵਸਤੂ ਪੁਰਾਣਾ ਜ਼ਰੂਰ ਹੈ, ਪਰ ਅੱਜ ਵੀ ਇਹ ਨਾਟਕ ਅਤਿਅੰਤ ਭਾਵਪੂਰਨ ਦੁਖਾਂਤ ਨਾਟਕ ਬਣਿਆ ਹੋਇਆ ਹੈ। ਇਸ ਨਾਟਕ ਨੇ ਪਿਆਰ ਲਈ ਵਿਆਹ ਕਰਨ ਦੀ ਨੈਤਿਕ ਸਮੱਸਿਆ ਨੂੰ ਸਾਹਮਣੇ ਲਿਆ ਖੜ੍ਹਾ ਕੀਤਾ। ਬੜੇ ਹੀ ਕਲਾਤਮਕ ਢੰਗ ਨਾਲ਼ ਸ਼ੇਕਸਪੀਅਰ ਨੇ ਦਿਖਾਇਆ ਕਿ ਰੋਮੀਓ ਅਤੇ ਜੂਲੀਅਟ, ਦੋਵੇ ਹੀ ਪ੍ਰੇਮੀ, ਆਪਣੇ ਪਿਆਰ ਦੀ ਰੱਖਿਆ ਲਈ ਜਾਨਾਂ ਦੀ ਬਾਜੀ ਲਾ ਦਿੰਦੇ ਹਨ। ਪਰ ਨਾਟਕ ਦੀ ਨਵੀਨਤਾ ਇਹ ਗੱਲ ਨਹੀਂ ਸੀ। ਸ਼ੇਕਸਪੀਅਰ ਤੋਂ ਪਹਿਲਾਂ ਦੇ ਕਵੀ ਵੀ ਪੁਰਸ਼ਾਂ ਅਤੇ ਵੇਸ਼ਵਾਵਾਂ ਵਿਚਾਲੇ, ਦੂਸਰੇ ਪੁਰਸ਼ਾਂ ਦੀਆਂ ਪਤਨੀਆਂ ਨਾਲ਼ ਪਿਆਰ ਦੇ ਗੀਤ ਗਾ ਚੁੱਕੇ ਸਨ। "ਰੋਮੀਓ ਐਂਡ ਜੂਲੀਅਟ" ਵਿੱਚ ਨਵੀਨਤਾ ਇਹ ਸੀ ਕਿ ਉਹਨੇ ਦੋ ਸੱਚੇ ਪ੍ਰੇਮੀਆਂ ਦੀ ਵਿਆਹ-ਇੱਛਾ ਨੂੰ ਇੰਨੀ ਸੁਹਿਰਦਤਾ ਨਾਲ਼ ਚਿਤਰਿਆ ਕਿ ਦਰਸ਼ਕ ਰੋ ਪੈਂਦੇ ਹਨ।

ਇਸ ਪ੍ਰਕਾਰ ਦੇ ਵਿਆਹ ਲਈ ਪੁਰਸ਼ ਅਤੇ ਇਸਤਰੀ ਦੇ ਹੱਕ ਨੂੰ ਅੱਜ ਅਸੀਂ ਬਿਨਾਂ ਜ਼ਿਆਦਾ ਮੀਨ-ਮੇਖ ਦੇ ਪ੍ਰਵਾਨ ਕਰ ਲੈਂਦੇ ਹਾਂ। ਪਰ ਇਤਿਹਾਸਕਾਰ ਸੋਵੀਅਤ ਵਿਗਿਆਨਕਾਂ ਦੇ ਮੱਤ ਅਨੁਸਾਰ ਪਿਆਰ ਲਈ ਵਿਆਹ ਕਰਨਾ ਉਸ ਦੌਰ ਵਿੱਚ ਇੱਕ ਇਨਕਲਾਬੀ ਭਾਵਨਾ ਸੀ। ਉਹਨਾਂ ਦਾ ਕਹਿਣਾ ਹੈ ਕਿ ਮੱਧ ਯੁੱਗ ਵਿੱਚ ਵਿਆਹ ਇੱਕ ਸਿਆਸੀ ਕਿਰਿਆ ਸੀ। ਵਿਆਹ ਦਾ ਉਦੇਸ਼ ਨਵਾਬਜ਼ਾਦਿਆਂ ਤੋਂ ਲੈ ਕੇ ਜਗੀਰਦਾਰਾਂ ਤੱਕ ਦੀ ਸ਼ਕਤੀ ਦਾ ਸਿੱਕਾ ਮੰਨਵਾਉਣਾ ਸੀ ਅਤੇ ਇਸ ਕਿਰਿਆ ਨੂੰ ਸਰਲ ਬਣਾਉਣ ਵਾਲ਼ੀ ਸੀ ਇਸਤਰੀ — ਭਾਵੇਂ ਉਹ ਕਿਸੇ ਜਗੀਰਦਾਰ ਦੇ ਮਹਿਲ ਵਿੱਚ ਕੈਦ ਰਾਜਕੁਮਾਰੀ ਹੋਵੇ, ਭਾਵੇਂ ਝੌਂਪੜੀ ਵਿੱਚ ਤੜਫਨ ਵਾਲ਼ੀ ਕਿਸਾਨ ਦੀ ਗਰੀਬ ਧੀ। ਉਸ ਦੌਰ ਦੀ ਵਿਆਹ-ਪ੍ਰਥਾ ਇੱਕ ਪਾਸੇ ਤਾਂ ਵੇਸ਼ਵਾਗਮਨੀ ਨੂੰ ਪੁਰਸ਼ਾ ਲਈ ਜ਼ਰੂਰੀ ਦੱਸਕੇ ਵਿਭਚਾਰ ਨੂੰ ਖੁੱਲ੍ਹੀ ਛੋਟ ਦਿੰਦੀ ਸੀ, ਦੂਸਰੇ ਪਾਸੇ ਉਹ ਵਿਆਹੀਆਂ ਇਸਤਰੀਆਂ ਨੂੰ ਆਪਣੇ ਸੱਚੇ ਪ੍ਰੇਮੀ ਲਈ ਪਿਆਰ ਪ੍ਰਗਟ ਕਰਨ ਤੋਂ ਰੋਕਦੀ ਸੀ। ਸੋਵੀਅਤ ਵਿਗਿਆਨਕਾਂ ਦੀਆਂ ਨੈਤਿਕਤਾ ਸਬੰਧੀ ਖੋਜਾਂ ਦਾ ਇੱਕ ਅਨੋਖਾ ਤੱਥ ਇਹ ਹੈ ਕਿ ਪਿਆਰ 'ਤੇ ਅਧਾਰਿਤ ਵਿਆਹ-ਸਬੰਧ ਸਮਾਜ ਵਿੱਚ ਉਦੋਂ ਸੰਭਵ ਹੋਇਆ, ਜਦੋਂ ਪੂੰਜੀਵਾਦ ਨੇ ਜਗੀਰਦਾਰੀ ਨੂੰ ਉਖਾੜ ਸੁੱਟਿਆ। ਮੁਕਤ ਮੁਕਾਬਲੇ (ਫਰੀ ਇੰਟਰਪ੍ਰਾਈਜ਼) ਦਾ ਨੈਤਿਕਤਾ 'ਤੇ ਡੂੰਘਾ ਅਸਰ ਪਿਆ। ਪਹਿਲੀ ਵਾਰ ਇਹ ਅਸੂਲ ਸਾਹਮਣੇ ਆਇਆ ਕਿ ਹਰੇਕ ਮਨੁੱਖ ਆਪਣੇ ਸਾਰੇ ਕਾਰਜਾਂ ਵਿੱਚ ਅਜ਼ਾਦ ਹੈ; ਉਹ ਆਪਣੀ ਮਰਜ਼ੀ ਦਾ ਨੌਕਰੀ ਧੰਦਾ ਚੁਣ ਸਕਦਾ ਹੈ, ਜਿਵੇਂ ਚਾਹੇ ਉਵੇਂ ਕੱਪੜੇ ਪਾ ਸਕਦਾ ਹੈ, ਸਮਾਜ ਵਿੱਚ ਉਸ ਦੀ ਥਾਂ ਨੀਵੀਂ ਹੋਵੇ ਜਾਂ ਉੱਚੀ ਉਹ ਚਾਹੇ ਜਿੰਨਾ ਪੈਸਾ ਕਮਾ ਸਕਦਾ ਹੈ, ਜਿੱਥੇ ਚਾਹੇ ਉੱਥੇ ਜਾ ਕੇ ਰਹਿ ਸਕਦਾ ਹੈ, ਆਦਿ। ਇਹ ਵਿਚਾਰ ਉਹਨਾਂ ਦਿਨਾਂ ਲਈ ਬੜੇ ਇਨਕਲਾਬੀ ਵਿਚਾਰ

ਸਨ। ਇਹਨਾਂ ਵਿਚਾਰਾਂ ਦੇ ਹੀ ਪ੍ਰਭਾਵ ਨਾਲ਼ ਹੀ ਈਸਾਈ ਧਰਮ ਵਿੱਚ ਮਹੱਤਵਪੂਰਨ ਬਦਲਾਅ ਹੋਏ। ਜਦੋਂ ਕਿ ਅਜਿਹੇ ਧਰਮਸ਼ਾਸਤਰ ਮੌਜੂਦ ਹਨ ਜੋ ਕਹਿਣਗੇ ਕਿ ਈਸਾ ਮਸੀਹ ਦੇ ਆਦੇਸ਼ਾਂ ਵਿੱਚ ਵੀ ਅਜ਼ਾਦੀ ਦੀ ਪ੍ਰਮੁੱਖ ਥਾਂ ਹੈ, ਕਿ ਕਿਸੇ ਵੀ ਵਿਅਕਤੀ ਨੂੰ ਅਜਿਹਾ ਕੰਮ ਕਰਨ ਲਈ ਮਜਬੂਰ ਨਹੀਂ ਕੀਤਾ ਜਾ ਸਕਦਾ ਜਿਸ ਦੇ ਲਈ ਉਸ ਦੀ ਆਤਮਾ ਗਵਾਹੀ ਨਾ ਦਿੰਦੀ ਹੋਵੇ, ਪਰ ਮੱਧ ਯੁੱਗ ਵਿੱਚ ਇਹ ਵਿਚਾਰ ਬੇਸ਼ੱਕ ਧਰਮ-ਵਿਰੋਧੀ ਮੰਨੇ ਜਾਂਦੇ ਸਨ। ਜਗੀਰਦਾਰੀ ਅਤੇ ਗਿਰਜਾ, ਦੋਵੇਂ ਹੀ, ਇਹਨਾਂ ਵਿਚਾਰਾਂ ਦੇ ਸ਼ੁਰੂ ਤੋਂ ਅੰਤ ਤੱਕ ਵਿਰੋਧੀ ਸਨ। ਕਾਰਨ ਇਹ ਕਿ ਦੋਵੇਂ ਹੀ ਮਨੁੱਖ ਦੇ ਜਨਮ ਦੇ ਸਮੇਂ ਤੋਂ ਮੌਤ ਤੱਕ ਜ਼ਬਰਦਸਤੀ ਕੰਮ ਕਰਾਉਣ ਦੇ ਸਿਧਾਂਤ ’ਤੇ ਟਿਕੇ ਹੋਏ ਸਨ। ਜਿਵੇਂ-ਜਿਵੇਂ ਪੁਰਾਣੇ ਢਾਂਚੇ ਢਹਿੰਦੇ ਗਏ ਉਵੇਂ-ਉਵੇਂ ਕਾਨੂੰਨ, ਧਰਮ ਅਤੇ ਨੈਤਿਕਤਾ ਵਿੱਚ ਮਹੱਤਵਪੂਰਨ ਬਦਲਾਅ ਹੁੰਦੇ ਗਏ।

ਪੂੰਜੀਵਾਦ ਦੇ ਤਹਿਤ ਹੀ ਇਤਿਹਾਸ ਵਿੱਚ ਪਹਿਲੀ ਵਾਰ ਇਹ ਸੰਭਵ ਹੋਇਆ ਕਿ ਵਿਆਹ ਸੱਚੀ ਨੈਤਿਕਤਾ ’ਤੇ ਅਧਾਰਿਤ ਹੋਇਆ, ਅਨੈਤਿਕ ਜ਼ੋਰ-ਜ਼ਬਰਦਸਤੀ ਦੀਆਂ ਬੇੜੀਆਂ ਤੋਂ ਵਿਆਹ ਪ੍ਰਥਾ ਮੁਕਤ ਹੋਈ। ਪਹਿਲਾਂ ਦੇ ਵਿਆਹ ਸੌਦੇਬਾਜੀ ਦੀ ਚੀਜ਼ ਸਨ। ਵੱਡੇ-ਵੱਡੇ ਰਾਜੇ ਜੋ ਕਹਿੰਦੇ, ਓਹੀ ਹੁੰਦਾ। ਪਰ ਜਮਹੂਰੀਅਤ ਨੇ ਸਿੱਧਾ ਸਵਾਲ ਚੁੱਕਿਆ : ਜਦੋਂ ਸਮਾਜ ਵਿੱਚ ਸਾਰੇ ਸਬੰਧ ਵੱਖਰੇ-ਵੱਖਰੇ ਦਲਾਂ ਦੀ ਨਿੱਜੀ ਇੱਛਾ ’ਤੇ ਅਧਾਰਿਤ ਹੁੰਦੇ ਹਨ ਤਾਂ ਵਿਆਹ ਦੇ ਸਬੰਧ ’ਤੇ — ਜਿਸ ਦੇ ਦੁਆਰਾ ਦੋ ਪ੍ਰਾਣੀ ਇੱਕ ਦੂਸਰੇ ਨਾਲ਼ ਬੱਝਦੇ ਹਨ — ਅਸੀਂ ਕਿਵੇਂ ਰੋਕ ਲਗਾ ਸਕਦੇ ਹਾਂ ? ਇਹ ਅਤਿਅੰਤ ਪਵਿੱਤਰ ਸਬੰਧ ਹੁੰਦਾ ਹੈ। ਇਸ ਵਿੱਚ ਦੋ ਸਰੀਰ ਅਤੇ ਦੋ ਪ੍ਰੇਮੀ ਜੀਵਨ ਭਰ ਲਈ ਇੱਕ-ਦੂਸਰੇ ਦੇ ਹੋ ਜਾਂਦੇ ਹਨ। ਇਸ ਲਈ ਮਨੁੱਖਾਂ ਦਾ ਇਹ ਨੈਤਿਕ ਕਰਤੱਵ ਹੈ ਕਿ ਪਿਆਰ ਲਈ ਵਿਆਹ ਕਰਨ ਅਤੇ ਹਰੇਕ ਅਜਿਹਾ ਵਿਆਹ ਜੋ ਪੁਰਸ਼ ਅਤੇ ਇਸਤਰੀ ਦੇ ਆਪਸੀ ਪਿਆਰ ’ਤੇ ਅਧਾਰਿਤ ਨਹੀਂ ਹੁੰਦਾ, ਅਨੈਤਿਕ ਵਿਆਹ ਹੁੰਦਾ ਹੈ।

ਉਪਰ ਕਹੀ ਗਈ ਗੱਲ ਸਾਨੂੰ ਬਹੁਤ ਸਿੱਧੀ-ਸਾਦੀ ਲੱਗਦੀ ਹੈ। ਸਾਨੂੰ ਅਜਿਹੇ ਪੁਰਸ਼ ਅਤੇ ਅਜਿਹੀ ਇਸਤਰੀ ਨਾਲ਼ ਨਫ਼ਰਤ ਕਰਨਾ ਸਿਖਾਇਆ ਗਿਆ ਹੈ ਜਿਨ੍ਹਾਂ ਦਾ ਵਿਆਹ ਪਿਆਰ ਦੇ ਇਲਾਵਾ ਕਿਸੇ ਹੋਰ ਲਾਲਸਾ ’ਤੇ ਅਧਾਰਿਤ ਹੋਵੇ। ਇਸ ਲਈ ਅਸੀਂ ਉਹਨਾਂ ਜਮਹੂਰੀ ਨੈਤਿਕ ਵਿਚਾਰਾਂ ਦੇ ਇਨਕਲਾਬੀ ਤੱਤ ਨੂੰ ਅਚਾਨਕ ਨਹੀਂ ਫੜ ਪਾਉਂਦੇ ਜਿਨ੍ਹਾਂ ਨੇ ਪਹਿਲਾਂ ਦੇ ਸਾਰੇ ਰੂੜੀਵਾਦੀ ਨੈਤਿਕ ਵਿਚਾਰਾਂ ਨਾਲ਼ ਲੋਹਾ ਲਿਆ।

ਸੋਵੀਅਤ ਮਾਹਿਰਾਂ ਨੇ ਕਿਹਾ : ਪੂੰਜੀਵਾਦੀ ਜਮਹੂਰੀਅਤ ਨੇ ਸੈਕਸ ਸਬੰਧਾਂ ਵਿੱਚ ਜੋ ਸੁਧਾਰ ਕੀਤੇ ਉਹਨਾਂ ਦਾ ਅਸਰ ਵਿਆਹ ’ਤੇ ਓਨਾ ਜ਼ਿਆਦਾ ਨਹੀਂ ਪਿਆ। ਜਿੰਨਾ ਕਿ ਇਸਤਰੀ ਦੀ ਸਮਾਜਿਕ ਸਥਿਤੀ ’ਤੇ; ਇਸ ਗੱਲ ਨੂੰ ਕਾਨੂੰਨੀ ਅਤੇ ਨੈਤਿਕ ਮਾਨਤਾ ਦਿੱਤੀ ਗਈ ਕਿ **ਇਸਤਰੀ ਨੂੰ ਵੀ ਪਿਆਰ ਕਰਨ ਦਾ ਹੱਕ ਹੈ ਅਤੇ ਇਸ ਨਾਲ਼ ਉਸ ਦੀ ਇੱਜ਼ਤ ’ਤੇ ਦਾਗ ਨਹੀਂ ਲੱਗੇਗਾ।**

ਇਹ ਇੱਕ ਅਜਿਹਾ ਇਤਿਹਾਸਕ ਤੱਥ ਹੈ ਜਿਸ ਨੂੰ ਸਾਡੇ ਨੀਤੀ ਸ਼ਾਸਤਰੀਆਂ ਨੇ ਕਦੇ ਪੇਸ਼ ਨਹੀਂ ਕੀਤਾ। ਇਸ ਤੱਥ ਨੂੰ ਉਹ ਸਮਝਦੇ ਵੀ ਹਨ, ਇਸ ਵਿੱਚ ਸੰਦੇਹ ਹੈ।

ਸੋਵੀਅਤ ਵਿਗਿਆਨਕਾਂ ਨੇ ਇਸ ਨੂੰ ਇੰਨਾ ਮਹੱਤਵ ਦਿੱਤਾ ਕਿ ਇਸ ਨੂੰ ਉਹਨਾਂ ਨੇ ਆਪਣੇ ਸਾਰੇ ਨੈਤਿਕ ਆਦਰਸ਼ਾਂ ਦੀ ਨੀਂਹ ਬਣਾ ਲਿਆ।

ਕਿਉਂ ?

ਇਸ ਲਈ ਕਿ ਪਹਿਲਾਂ ਤਾਂ ਇਹ ਇਸ ਧਾਰਨਾ ਦੀਆਂ ਧੱਜੀਆਂ ਉੱਡਾ ਦਿੰਦਾ ਹੈ ਕਿ ਪਿਆਰ, ਵਿਆਹ ਅਤੇ ਨੈਤਿਕਤਾ ਯੁੱਗਾਂ ਤੋਂ ਅਬਦਲ ਰਹੇ ਹਨ। ਇਤਿਹਾਸ ਸਾਬਿਤ ਕਰਦਾ ਹੈ ਕਿ ਨੈਤਿਕਤਾ ਸਬੰਧੀ ਆਦਰਸ਼ਾਂ ਵਿੱਚ ਨਾ ਸਿਰਫ਼ ਸਮੇਂ-ਸਮੇਂ ’ਤੇ ਬਦਲਾਅ ਹੋਏ ਹਨ, ਸਗੋਂ ਪੂੰਜੀਵਾਦ ਅਤੇ ਜਮਹੂਰੀਅਤ ਦੇ ਵਿਕਾਸ ਨੇ ਉਹਨਾਂ ਨੂੰ ਇਕਦਮ ਬਦਲ ਦਿੱਤਾ ਹੈ।

ਜਗੀਰਦਾਰੀ ਦੇ ਤਹਿਤ ਇਸ ਗੱਲ ਦੀ ਕਲਪਣਾ ਕਰ ਸਕਣਾ ਵੀ ਔਖਾ ਸੀ ਕਿ ਪਿਆਰ ਲਈ ਵਿਆਹ ਕਰਨਾ ਨੈਤਿਕ ਰੂਪ ਤੋਂ ਸਹੀ ਹੈ।ਅੱਜ ਤਾਂ ਸਾਡੇ ਲਈ ਇਹ ਕਲਪਣਾ ਕਰ ਸਕਣਾ ਔਖਾ ਹੋ ਗਿਆ ਹੈ ਕਿ ਪਿਆਰ ਦੇ ਇਲਾਵਾ ਅਤੇ ਕਿਸੇ ਇੱਛਾ ਨਾਲ਼ ਵਿਆਹ ਕਰਨਾ ਨੈਤਿਕ ਰੂਪ ਤੋਂ ਸਹੀ ਹੈ।ਜਗੀਰਦਾਰੀ ਦੇ ਦਿਨਾਂ ਵਿੱਚ ਸਮਾਜ ਦੇ ਵੱਡੇ-ਵੱਡੇ ਠੇਕੇਦਾਰ ਵਿਭਚਾਰ ਦੀਆਂ ਥਾਵਾਂ ਦੀ ਖੁੱਲ੍ਹਮ-ਖੁੱਲ੍ਹਾ ਪ੍ਰਸ਼ੰਸਾ ਕਰਦੀਆਂ ਅਤੇ ਉਹਨਾਂ ਨੂੰ ਵਧਾਵਾ ਦਿੰਦੇ ਸਨ। ਇਸ ਨੂੰ ਗਲਤ ਵੀ ਨਹੀਂ ਸਮਝਿਆ ਜਾਂਦਾ ਸੀ; ਨਾ ਤਾਂ ਸਮਾਜ ਅਤੇ ਨਾ ਧਰਮ ਹੀ ਇਸ ਨੂੰ ਗਲਤ ਕਹਿੰਦਾ ਸੀ। ਪਰ, ਜਮਹੂਰੀਅਤ ਦੀਆਂ ਜੜ੍ਹਾਂ ਮਜ਼ਬੂਤ ਹੋ ਜਾਣ ਬਾਅਦ ਵਿਭਚਾਰ ਦੀ ਜਥੇਬੰਦ ਹੋਂਦ ਸਮਾਜ ਲਈ ਅਸਹਿ ਹੋ ਗਈ।

ਅਸਲ ਵਿੱਚ ਕਿਸੇ ਵੀ ਚੀਜ਼ ਵਿੱਚ ਇੰਨਾ ਬਦਲਾਅ ਨਹੀਂ ਹੋਇਆ ਹੈ ਜਿੰਨਾ ਪਿਆਰ, ਭੋਗ, ਨੈਤਿਕ ਆਦਰਸ਼ਾਂ ਅਤੇ ਪਾਪ ਦੇ ਸਬੰਧ ਵਿੱਚ ਮਨੁੱਖਾਂ ਦੇ ਵਿਚਾਰਾਂ ਅਤੇ ਅਮਲ ਵਿੱਚ।

ਇਤਿਹਾਸ ਦੇ ਤੱਥਾਂ ਤੋਂ ਇੱਕ ਦੂਸਰਾ ਨਤੀਜਾ ਜੋ ਨਿਕਲਦਾ ਹੈ ਉਹ ਇਹ ਕੀ ਅਸੀਂ ਕਿਸੇ ਵੀ ਦ੍ਰਿਸ਼ਟੀਕੋਣ ਤੋਂ ਕਿਉਂ ਨਾ ਸੋਚੀਏ ਨੈਤਿਕਤਾ ਵਿੱਚ ਬਹੁਤ ਵੱਡਾ ਸੁਧਾਰ ਹੋਇਆ ਹੈ। ਇਸ ਸਬੰਧ ਵਿੱਚ ਇੱਕ ਈਮਾਨਦਾਰ ਵਿਗਿਆਨਕ ਅਤੇ ਇੱਕ ਈਮਾਨਦਾਰ ਪਾਦਰੀ ਦੀ ਇੱਕ ਹੀ ਰਾਏ ਹੋਵੇਗੀ — ਭਾਵੇਂ ਵਿਗਿਆਨਕ ਕੇਵਲ ਇਸ ਗੱਲ ਦੀ ਦੁਹਾਈ ਦੇਣ ਕਿ ਫ਼ਰਾਂਸੀਸੀ ਇਨਕਲਾਬ ਤੋਂ ਪਹਿਲਾਂ ਯੂਰਪ ਵਿੱਚ ਸਿਫਲਿਸ ਦੇ ਮਰੀਜ਼ਾਂ ਦੀ ਸੰਖਿਆ ਅਥਾਹ ਸੀ ਅਤੇ ਪਾਦਰੀ ਸਿਰਫ਼ ਇਸ ਗੱਲ ’ਤੇ ਹੰਝੂ ਵਹਾਉਣ ਕਿ ਮੱਧ ਯੁੱਗ ਵਿੱਚ ਕਰੋੜਾਂ ਇਸਤਰੀਆਂ ਨੂੰ ਨਰਕ ਦੀ ਜ਼ਿੰਦਗੀ ਬਿਤਾਉਣੀ ਪੈਂਦੀ ਸੀ। ਪਰ ਇਸ ਵਿੱਚ ਸ਼ੱਕ ਨਹੀਂ ਕਿ ਮਨੁੱਖ ਜਾਤੀ ਵਿੱਚ ਪਹਿਲਾਂ ਦੇ ਮੁਕਾਬਲੇ ਅਨੈਤਿਕਤਾ ਦੀ ਮਾਤਰਾ ਹੁਣ ਘੱਟ ਹੈ।

ਸਾਡਾ ਆਖਰੀ ਨਤੀਜਾ ਸਮਾਜ ਵਿੱਚ ਇਸਤਰੀਆਂ ਦੀ ਵਰਤਮਾਨ ਹਾਲਤ ਬਾਰੇ ਹੈ। ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਪੂੰਜੀਵਾਦੀ ਜਮਹੂਰੀਅਤ ਨੇ ਪਹਿਲਾਂ-ਪਹਿਲਾਂ ਇਸਤਰੀਆਂ ਨੂੰ ਹੱਕ ਦਿੱਤਾ ਕਿ ਉਹ ਪਿਆਰ ਕਰ ਸਕਦੀਆਂ ਹਨ ਅਤੇ ਇਸ ਨਾਲ਼ ਉਹਨਾਂ ਦੀ ਇੱਜਤ ਨੂੰ ਧੱਬਾ ਨਹੀਂ ਲੱਗੇਗਾ। ਉਹਨਾਂ ਨੂੰ ਇਸ ਗੱਲ ਦਾ ਹੱਕ ਮਿਲਿਆ ਕਿ ਉਹ ਪਿਆਰ ਲਈ ਵਿਆਹ ਕਰਨ। ਸੋਵੀਅਤ ਵਿਗਿਆਨੀ ਜਦੋਂ ਇਸ ਇਤਿਹਾਸਕ ਤੱਥ ਦੀ

ਜਾਂਚ-ਪੜਤਾਲ ਕਰ ਰਹੇ ਸਨ ਉਦੋਂ ਉਹ ਇਸ ਦੀ ਕਮਜ਼ੋਰੀ ਨੂੰ ਵੀ ਫੜ ਸਕੇ। ਪਿਆਰ ਲਈ ਵਿਆਹ ਕਰਨ ਦਾ ਇਸਤਰੀ ਦਾ ਹੱਕ ਅਜਿਹੀ ਚੀਜ਼ ਨਹੀਂ ਹੈ ਜਿਸ ਨੂੰ ਕਾਨੂੰਨੀ ਹਿਦਾਇਤਾਂ ਨਾਲ਼ ਸੰਭਵ ਬਣਾਇਆ ਜਾ ਸਕੇ। ਕਾਨੂੰਨ ਤਾਂ ਸਿਰਫ਼ ਇਸ ਗੱਲ ਦੀ ਰੋਕਥਾਮ ਕਰ ਸਕਦਾ ਹੈ ਕਿ ਆਪਣੀ ਮਰਜ਼ੀ ਦੇ ਵਿਰੁੱਧ ਕਿਸੇ ਵੀ ਇਸਤਰੀ ਦਾ ਵਿਆਹ ਨਾ ਕੀਤਾ ਜਾਵੇ; ਦਰਅਸਲ, ਕਰਬੀ-ਕਰੀਬ ਸਾਰੇ ਸੱਭਿਅਕ ਦੇਸ਼ਾਂ ਵਿੱਚ ਇਹ ਕਾਨੂੰਨ ਹੈ ਵੀ। ਪਰ ਕੋਈ ਵੀ ਕਾਨੂੰਨ ਇਸ ਗੱਲ ਦੀ ਗਾਰੰਟੀ ਨਹੀਂ ਕਰ ਸਕਦਾ ਕਿ ਹਰੇਕ ਇਸਤਰੀ ਨੂੰ ਅਸਲ ਵਿੱਚ ਸੱਚੇ ਪਿਆਰ ਲਈ ਵਿਆਹ ਕਰਨ ਦੀ ਅਜ਼ਾਦੀ ਹੋਵੇਗੀ। ਇਸ ਅਜ਼ਾਦੀ ਲਈ ਜ਼ਰੂਰਤ ਹੁੰਦੀ ਹੈ ਇਸਤਰੀ ਦੀ  ਪੂਰੀ ਸਮਾਜਿਕ, ਸਿਆਸੀ ਅਤੇ ਆਰਥਿਕ ਅਜ਼ਾਦੀ ਦੀ। ਇਸ ਦੇ ਲਈ ਜ਼ਰੂਰਤ ਹੁੰਦੀ ਹੈ ਕਿ ਇਸ ਗੱਲ ਦੀ ਕਿ ਇਸਤਰੀਆਂ ਨੂੰ ਵੀ ਪੁਰਸ਼ਾਂ ਬਰਾਬਰ ਹੱਕ ਪ੍ਰਾਪਤ ਹੋਣ।

ਕੀ ਇਹ ਹੱਕ ਉਹਨਾਂ ਨੂੰ ਪ੍ਰਾਪਤ ਹਨ ?

ਨਵੰਬਰ ਇਨਕਲਾਬ ਬਾਅਦ ਇਹ ਦਿਖਾਈ ਦੇਣ ਲੱਗਿਆ ਸੀ ਕਿ ਸੋਵੀਅਤ ਸਰਕਾਰ ਨੇ ਐਲਾਨਨਾਮਿਆਂ ਵਿੱਚ ਤਾਂ ਇਸਤਰੀਆਂ ਦੇ ਬਰਾਬਰ ਹੱਕਾਂ ਦੀ ਗੱਲ ਕੀਤੀ ਗਈ ਹੈ, ਪਰ ਇਹ ਕੋਰੀ ਕਾਗਜ਼ੀ ਗੱਲ ਹੈ ਕਿਉਂਕਿ ਅਮਲ ਵਿੱਚ ਉਹਨਾਂ ਨੂੰ ਇਹ ਹੱਕ ਹਾਸਲ ਨਹੀਂ ਸਨ। ਆਪਣੇ ਤਜ਼ਰਬੇ ਦੇ ਅਧਾਰ ’ਤੇ ਇਸ ਅਸਮਾਨਤਾ ਦੇ ਇੱਕ ਪੱਖ ਨੂੰ ਤਾਂ ਅਸੀਂ ਸਮਝ ਲੈਂਦੇ ਹਾਂ। ਸੰਨ 1920 ਦੇ ਲਗਭਗ ਗੋਰਕੀ ਅਤੇ ਲੈਨਿਨ ਨੇ ਜਿਹੜੇ “ਬੰਧੇਜ ਰਹਿਤ ਪਿਆਰ” ’ਤੇ ਕਰਾਰਾ ਹਮਲਾ ਕੀਤਾ ਸੀ, ਉਸ ਦਾ ਉਦੇਸ਼ ਇਸਤਰੀਆਂ ਨੂੰ — ਜਿਹੜੀਆਂ “ਪਾਣੀ ਦਾ ਗਿਲਾਸ” ਸਨ — ਉਦੰਡ ਸੈਕਸ ਭੋਗ ਦੀ ਪੁਰਸ਼ਾਂ ਦੇ ਹੀ ਬਰਾਬਰ — ਜਿਹੜੇ “ਪੀਣ ਵਾਲ਼ੇ” ਸਨ — ਪੂਰੀ ਖੁੱਲ੍ਹ ਦੇਣਾ ਸੀ। ਇਸ ਤਰ੍ਹਾ ਦੀ ਅਜ਼ਾਦੀ ਅਸਲ ਵਿੱਚ ਬੜੀ ਘ੍ਰਿਣਾਯੋਗ ਸੀ। ਖੁਦ ਨੂੰ ਉਹ ਕਿੰਨੀਆਂ ਹੀ ਵੱਡੀਆਂ ਇਨਕਲਾਬੀ ਕਹਿਣ ਵਾਲ਼ੀਆਂ ਕਿਉਂ ਨਾ ਹੋਣ, ਜਿਨ੍ਹਾਂ ਰੂਸੀ ਇਸਤਰੀਆਂ ਨੇ ਵੀ ਸੈਕਸ ਭੋਗ ਦਾ ਰਸ ਲੈਣ ਦੀ ਚੇਸ਼ਟਾ ਕੀਤੀ, ਉਹਨਾਂ ਦੇ ਸਾਹਮਣੇ ਜ਼ਿੰਦਗੀ ਦਾ ਇੱਕ ਮੁੱਢਲਾ ਸੱਚ ਆ ਖੜਾ ਹੋਇਆ।

ਸਾਰੇ ਕਾਨੂੰਨਾਂ ਅਤੇ ਨੈਤਿਕ ਆਦਰਸ਼ਾਂ ਤੋਂ ਵੱਡਾ ਸਰੀਰ-ਵਿਗਿਆਨ ਸਬੰਧੀ ਇਹ ਤੱਥ ਹੈ ਕਿ ਪੁਰਸ਼ ਅਤੇ ਇਸਤਰੀ ਬਰਾਬਰ ਨਹੀਂ ਹਨ। ਸਰੀਰਕ ਤੱਤ ਵਿੱਚ ਇਸਤਰੀ ਪੁਰਸ਼ ਤੋਂ ਉੱਪਰ ਹੈ। ਭੋਗ ਲਾਲਸਾ ਨੂੰ ਤ੍ਰਿਪਤ ਕਰਨ ਵਿੱਚ ਪੁਰਸ਼ ਅਤੇ ਇਸਤਰੀ ਦੋਵਾਂ ਨੂੰ ਹੀ ਪਲ ਭਰ ਸੈਕਸ ਸੁੱਖ ਦਾ ਅਨੁਭਵ ਹੁੰਦਾ ਹੈ। ਪਰ ਬੱਚੇ ਨੂੰ ਜਨਮ ਦੇਣ, ਮਨੁੱਖ ਜਾਤੀ ਨੂੰ ਅੱਗੇ ਵਧਾਉਣ, ਮਨੁੱਖੀ ਪਰਿਵਾਰ ਦੇ ਵਿਕਾਸ ਨੂੰ ਸੰਭਵ ਬਣਾਉਣ ਦਾ ਮਹਾਨ ਕੰਮ ਸਿਰਫ਼ ਇਸਤਰੀ ਕਰ ਸਕਦੀ ਹੈ।

ਅਤੇ ਅਸਲ ਜੀਵਨ ਵਿੱਚ ਇਸ ਮਹਾਨ ਕੰਮ ਦੇ ਬਦਲੇ ਵਿੱਚ ਸਮਾਜ ਇਸਤਰੀ ਦਾ ਆਦਰ ਕਿਸ ਤਰ੍ਹਾਂ ਕਰਦਾ ਹੈ ? ਮਾਂ ਬਣਨ ’ਤੇ ਸਖ਼ਤ ਰੋਕਾਂ ਲਗਾ ਕੇ।

ਮਾਤਰੀਤਵ ਦੀ ਹਾਲਤ ਵਿੱਚ ਇਸਤਰੀ ਨੂੰ ਨੌਕਰੀ ਛੱਡਣੀ ਪੈਂਦੀ ਹੈ। ਉਹਨੂੰ ਹੀ ਸਮੁੱਚੀ ਸਰੀਰਕ ਤਕਲੀਫ਼ ਬਰਦਾਸ਼ਤ ਕਰਨੀ ਪੈਂਦੀ ਹੈ। ਬੱਚੇ ਦੀ ਦੇਖ-ਰੇਖ ਤੋਂ ਉਸੇ ’ਤੇ

ਦਾਰੋਮਦਾਰ ਹੁੰਦਾ ਹੈ। ਸੋਵੀਅਤ ਰੂਸ ਵਿੱਚ ਅਨੈਤਿਕਤਾ ਦੀ ਸਮੱਸਿਆ ਦੇ ਹੱਲ ਹੋਣ ਦੇ ਪਹਿਲੇ ਦੌਰ ਵਿੱਚ ਜੋ ਹਾਲਤ ਸਨ ਓਵੇਂ ਦੇ ਹੀ ਸਾਡੇ ਦੇਸ਼ਾਂ ਵਿੱਚ ਅੱਜ ਹਨ : ਬੱਚੇ ਦੀ ਦੇਖ-ਰੇਖ ਤੋਂ ਫੁਰਸਤ ਹਾਸਲ ਕਰਨ ਦਾ ਇੱਕ ਹੀ ਤਰੀਕਾ ਸੀ ਕਿ ਇਸ ਬੋਝ ਨੂੰ ਉਹ ਆਪਣੇ ਪਤੀ ’ਤੇ ਸੁੱਟ ਦੇਣ। ਵਿਆਹ ਤੋਂ ਬਾਅਦ ਇਸਤਰੀ ਅਧੀਨ ਹੋ ਜਾਂਦੀ ਹੈ। ਅਜਿਹੀ ਕੋਈ ਬੰਦਿਸ਼ ਪੁਰਸ਼ ਲਈ ਨਹੀਂ ਹੈ।

ਅਜਿਹੀਆਂ ਹਾਲਤਾਂ ਵਿੱਚ ਪੁਰਸ਼ ਅਤੇ ਇਸਤਰੀ ਵਿਚਾਲੇ ਬਰਾਬਰੀ ਦੀ ਗੱਲ ਕੋਰੀ ਗੱਪ ਹੈ। ਜੇਕਰ ਇਹ ਸੱਚ ਹੈ ਕਿ ਜਮਹੂਰੀਅਤ ਅਤੇ ਪੂੰਜੀਵਾਦ ਨੇ ਇਸਤਰੀ ਨੂੰ ਉਸ ਹਾਲਤ ਤੋਂ ਮੁਕਤ ਕੀਤਾ ਜਿਸ ਦੇ ਤਹਿਤ ਉਹਨੂੰ ਅਜਿਹੇ ਪੁਰਸ਼ ਨਾਲ਼ ਵਿਆਹ ਕਰਨਾ ਪੈਂਦਾ ਸੀ ਜਿਸ ਲਈ ਉਸ ਦੇ ਦਿਲ ਵਿੱਚ ਪਿਆਰ ਭਾਵਨਾ ਨਾਂ ਦੀ ਵੀ ਨਹੀਂ ਹੁੰਦੀ ਸੀ, ਪਰ ਜਿਸ ਨੂੰ ਦੂਜੇ ਲੋਕ ਜਗੀਰੂ ਅਸੂਲਾਂ ਮੁਤਾਬਿਕ ਉਹਦੇ ਲਈ ਚੁਣ ਦਿੰਦੇ ਸਨ। ਪਰ ਬਹੁਗਿਣਤੀ ਇਸਤਰੀਆਂ ਲਈ, ਜਿਹੜੀਆਂ ਆਪਣੀ ਮਰਜ਼ੀ ਦਾ ਪਤੀ ਚਾਹੁੰਦੀਆਂ ਸਨ, ਕਈ ਅਮਲੀ, ਸਮਾਜਿਕ ਅਤੇ ਆਰਥਿਕ ਰੋਕਾਂ ਲੱਗੀਆਂ ਰਹੀਆਂ। ਵਿਆਹ ਦੇ ਮੌਕੇ ’ਤੇ ਉਹਨਾਂ ਨੂੰ ਆਪਣੀ ਅਜ਼ਾਦੀ ਦੀ ਕਾਫ਼ੀ ਕੁਰਬਾਨੀ ਦੇਣੀ ਪੈਂਦੀ। ਇਸਤਰੀਆਂ ਦਾ “ਉਦਾਰ” ਕਰਨ ਵਾਲ਼ੇ ਇਹ ਯਤਨ ਅਸਫ਼ਲ ਰਹੇ ਕਿਉਂਕਿ ਜਿਨ੍ਹਾਂ ਬੇੜੀਆਂ ਵਿੱਚ ਅੱਜ ਇਸਤਰੀ ਜਕੜੀ ਹੋਈ ਹੈ ਉਹ ਆਰਥਿਕ ਬੇੜੀਆਂ ਹਨ; ਸਰੀਰਕ ਤੱਤ ਸਬੰਧੀ ਤੱਥ ਇਹਨਾਂ ਬੇੜੀਆਂ ਨੂੰ ਹੋਰ ਵੀ ਮਜਬੂਤ ਬਣਾ ਦਿੰਦੇ ਹਨ।

ਇਹ ਬੜੀ ਦਿਲਚਸਪ ਗੱਲ ਹੈ ਕਿ ਹਿਟਲਰੀ ਜਰਮਨੀ ਦੇ ਨੀਤੀਸ਼ਾਸਤਰੀ ਇਸਤਰੀ ਦੀ ਇਸ ਅਸਮਾਨਤਾ ਦੇ ਸੋਹਲੇ ਗਾਉਂਦੇ ਨਹੀਂ ਥੱਕਦੇ। ਸਾਡੇ ਇੱਥੋਂ ਦੇ ਪਿਛਾਖੜੀ ਵੀ ਇਸੇ ਨਾਅਰੇ ਦੀ ਨਕਲ ਕਰਦੇ ਹਨ : ਇਸਤਰੀਆਂ ਨੂੰ ਚਾਹੀਦਾ ਹੀ ਕੀ ਹੈ ? ....ਬੱਚੇ, ਚੁੱਲ੍ਹਾ-ਚੱਕੀ ਅਤੇ ਰੱਬ ਦੀ ਪੂਜਾ।”

ਹਿਟਲਰ ਵੱਲੋਂ ਇਸ ਸੜੇ-ਗਲੇ ਜਗੀਰੂ ਆਦਰਸ਼ ਦੀ ਮੁੜ ਦੁਹਮਾਈ ਤੋਂ ਬਹੁਤ ਸਾਲ ਪਹਿਲਾਂ ਹੀ ਸੋਵੀਅਤ ਅਧਿਕਾਰੀ ਇਸ ਦੇ ਖੋਖਲੇਪਣ ਨੂੰ ਦਿਖਾ ਚੁੱਕੇ ਸਨ। ਉਹ ਦਿਖਾ ਚੁੱਕੇ ਸਨ ਕਿ ਇਹ ‘ਆਦਰਸ਼’ ਇਸਤਰੀ ਨੂੰ ਪੁਰਸ਼ ਦੇ ਬਰਾਬਰ ਹੱਕ ਦੇਣ ਤੋਂ ਇਨਕਾਰ ਕਰਨਾ ਹੈ। ਉਹਨਾਂ ਨੇ ਕਿਹਾ : ਅੱਜ ਦੀ ਦੁਨੀਆਂ ਵਿੱਚ ਅਨੈਤਿਕਤਾ ਦੀ ਜੜ੍ਹ ਇਹੀ ਹੈ।

# ਅਨੌਖਾ ਸਵਾਲਨਾਮਾ

"ਰੂਸੀ ਲੋਕਾਂ ਦੇ ਜੀਵਨ ਦੀ ਮੁੜ ਉਸਾਰੀ ਦਾ ਕੰਮ ਲੈਨਿਨ ਅਤੇ ਉਹਨਾਂ ਦੇ ਪੈਰੋਕਾਰਾਂ ਨੇ ਰੂਸੀ ਪੁਰਸ਼ ਤੋਂ ਨਹੀਂ, ਰੂਸੀ ਇਸਤਰੀ ਦੇ ਜੀਵਨ ਤੋਂ ਸ਼ੁਰੂ ਕੀਤਾ।"

ਸੋਵੀਅਤ ਰੂਸ ਦੇ ਆਪਣੇ ਅਧਿਐਨ **ਸੋਵੀਅਤ ਕਮਿਊਨਿਜ਼ਮ - ਇੱਕ ਨਵੀਂ ਸੱਭਿਅਤਾ ?** ਵਿੱਚ ਲਾਰਡ ਅਤੇ ਲੇਡੀ ਪੈਸਫ਼ੀਲਡ ਇਸੇ ਨਤੀਜੇ 'ਤੇ ਪਹੁੰਚੇ ਹਨ। ਉਹਨਾਂ ਨੂੰ ਪਤਾ ਲੱਗਿਆ ਕਿ ਸੋਵੀਅਤ ਆਗੂਆਂ ਨੇ ਕਦੇ ਆਪਣੇ ਆਪ ਨੂੰ ਇਸਤਰੀਆਂ ਦਾ "ਉਦਾਰਕ" ਐਲਾਨ ਨਹੀਂ ਕੀਤਾ। ਉਹਨਾਂ ਨੇ ਆਪਣੇ ਆਪ ਨੂੰ ਇਸਤਰੀਆਂ ਦੇ ਇਨ੍ਹਾਂ ਹੱਕਾਂ ਦੇ ਘੋਲ਼ ਤੱਕ ਸੀਮਤ ਨਹੀਂ ਰੱਖਿਆ ਕਿ ਇਸਤਰੀਆਂ ਉੱਚੀ ਜਾਂ ਨੀਵੀਂ ਜਿਵੇਂ ਦੀ ਚਾਹੁੰਣ 'ਸਕਰਟ' ਪਾ ਸਕਦੀਆਂ ਹਨ, ਕਿ ਉਹ ਚਾਹੁੰਣ ਤਾਂ ਬਾਜ਼ਾਰ ਵਿੱਚ ਸਿਗਰਟ ਵੀ ਪੀ ਸਕਦੀਆਂ ਹਨ, ਕਿ ਕਾਨੂੰਨ ਦੀ ਨਜ਼ਰ ਵਿੱਚ ਉਹ ਪੁਰਸ਼ ਦੇ ਬਰਾਬਰ ਹੀ ਹਨ। ਉਹਨਾਂ ਨੇ ਇਸਤਰੀਆਂ ਦੇ ਇਹਨਾਂ ਹੱਕਾਂ ਦੀ ਭੰਡੀ ਕੀਤੀ ਕਿ ਉਹ ਜਿਸ ਪੁਰਸ਼ ਨਾਲ਼ ਚਾਹੁੰਣ ਸਬੰਧ ਸਥਾਪਿਤ ਕਰ ਸਕਦੀਆਂ ਹਨ। ਉਹਨਾਂ ਨੇ ਪੁਰਸ਼ਾਂ ਦੇ ਵੀ ਇਹਨਾਂ ਹੱਕਾਂ ਦੀ ਭੰਡੀ ਕੀਤੀ। ਇਹ ਜਾਣ ਲੈਣਾ ਜ਼ਰੂਰੀ ਹੈ ਕਿ ਸੋਵੀਅਤ ਰੂਸ ਵਿੱਚ ਇਸਤਰੀਆਂ ਦੀ ਅਜ਼ਾਦੀ ਲਈ ਜੋ ਪ੍ਰੋਗਰਾਮ ਬਣਾਇਆ ਗਿਆ ਉਹ ਸਿਰਫ਼ "ਇਸਤਰੀਆਂ ਦੇ ਹਿੱਤ ਦਾ" ਨਹੀਂ, ਸਮੁੱਚੀ ਮਨੁੱਖ ਜਾਤੀ ਦੇ ਹਿੱਤ ਦਾ ਸੀ।

ਸੋਵੀਅਤ ਵਿਗਿਆਨਕਾਂ ਨੇ ਇਹ ਮੱਤ ਪੇਸ਼ ਕੀਤਾ ਕਿ ਮਨੁੱਖ ਜਾਤੀ ਨੂੰ ਸੁਧਾਰ ਸਕਣਾ ਓਦੋਂ ਤੱਕ ਅਸੰਭਵ ਹੈ ਜਦੋਂ ਤੱਕ ਪੁਰਸ਼ ਅਤੇ ਇਸਤਰੀ ਦਰਮਿਆਨ ਅਸਮਾਨਤਾ ਮੌਜੂਦ ਹੈ। ਅਨੈਤਿਕਤਾ ਅਤੇ ਵਿਭਚਾਰ 'ਤੇ ਹਮਲਾ ਕਰਦੇ ਹੋਏ ਉਹਨਾਂ ਨੇ ਪੁਰਸ਼ ਅਤੇ ਇਸਤਰੀ ਦਰਮਿਆਨ ਭੇਦ ਨਹੀਂ ਕੀਤਾ। ਸੋਵੀਅਤ ਰੂਸ ਤੋਂ ਬਾਹਰ ਦੇ ਬਹੁਤ ਘੱਟ ਲੋਕ ਇਸ ਗੱਲ ਨੂੰ ਜਾਣਦੇ ਹਨ ਕਿ ਲਗਭਗ 25 ਸਾਲ ਪਹਿਲਾਂ ਹੀ ਲੈਨਿਨ ਨੇ ਐਲਾਨ ਕੀਤਾ ਸੀ ਕਿ ਇਸਤਰੀ ਦੀ ਅਸਮਾਨਤਾ ਨੂੰ ਖ਼ਤਮ ਕਰਨਾ ਅੱਜ ਦੀ ਦੁਨੀਆਂ ਸਾਹਮਣੇ ਇੱਕ ਮਹੱਤਵਪੂਰਨ ਸਮੱਸਿਆ ਹੈ। ਸੱਚਾਈ ਤਾਂ ਇਹ ਹੈ ਕਿ ਸੋਵੀਅਤ ਰੂਸ ਦੇ ਉਹਨਾਂ ਵਿਸ਼ਾਲ ਲੋਕ ਖੇਤਰਾਂ ਵਿੱਚ ਜਿੱਥੇ ਇਸਲਾਮ ਧਰਮ ਦਾ ਬੋਲਬਾਲਾ ਸੀ, ਇਸਤਰੀਆਂ ਦੀ ਅਜ਼ਾਦੀ ਦਾ ਸਵਾਲ ਦੂਸਰੇ ਸਿਆਸੀ ਸਵਾਲਾਂ ਤੋਂ ਜ਼ਿਆਦਾ ਮਹੱਤਵਪੂਰਨ ਮੰਨਿਆ ਗਿਆ।

ਹੇਠਾਂ ਅਸੀਂ ਸੰਪੇਖ ਵਿੱਚ ਉਹਨਾਂ ਕਾਨੂੰਨਾਂ ਦਾ ਵੇਰਵਾ ਦੇ ਰਹੇ ਹਾਂ ਜੋ ਸੋਵੀਅਤ ਸਰਕਾਰ ਨੇ ਇਸ ਸਬੰਧ ਵਿੱਚ ਬਣਾਏ :

1. ਇਸਤਰੀਆਂ ਨੂੰ ਵੋਟ ਦੇਣ ਅਤੇ ਸਰਕਾਰੀ ਸੰਸਥਾਵਾਂ ਲਈ ਚੁਣੇ ਜਾਣ ਦਾ

ਹੱਕ ਮਿਲਿਆ। ਸਾਰੇ ਸੱਭਿਅਕ ਦੇਸ਼ਾਂ ਵਿੱਚ ਇਸ ਹੱਕ ਨੂੰ ਮੰਨਿਆਂ ਤਾਂ ਜਾਂਦਾ ਹੈ, ਪਰ ਅਮਲ ਵਿੱਚ ਇਸ ਦਾ ਇਸਤੇਮਾਲ ਨਹੀਂ ਹੁੰਦਾ। ਸਾਡੇ ਇੱਥੋਂ ਦੀਆਂ ਇਸਤਰੀਆਂ ਵੋਟ ਤਾਂ ਦੇ ਸਕਦੀਆਂ ਹਨ, ਪਰ ਕਾਨੂੰਨ ਬਣਾਉਣ ਅਤੇ ਉਸ ਨੂੰ ਲਾਗੂ ਕਰਨ ਦਾ ਹੱਕ ਕੇਵਲ ਪੁਰਸ਼ਾਂ ਨੂੰ ਹੈ।

2. ਸਾਰੇ ਨਾਗਰਿਕ ਹੱਕ ਅਤੇ ਕਾਨੂੰਨੀ ਰੋਕਾਂ ਦਾ ਪੁਰਸ਼ ਅਤੇ ਇਸਤਰੀ ’ਤੇ ਬਰਾਬਰ ਰੂਪ ਨਾਲ਼ ਲਾਗੂ ਹੋਣ। ਇਤਿਹਾਸ ਵਿੱਚ ਪਹਿਲੀ ਵਾਰ ਅਦਾਲਤਾਂ ਸਾਹਮਣੇ ਪੁਰਸ਼ ਅਤੇ ਇਸਤਰੀ ਨੂੰ ਬਰਾਬਰ ਹੱਕ ਅਤੇ ਬਰਾਬਰ ਜ਼ਿੰਮੇਵਾਰੀ ਮਿਲੀ।

3. ਉਸ ਪੁਰਸ਼ ਲਈ, ਭਾਵੇਂ ਉਹ ਪਿਤਾ ਕਿਉਂ ਨਾ ਹੋਵੇ, ਜੋ ਕਿਸੇ ਇਸਤਰੀ ਦਾ ਉਸ ਦੀ ਮਰਜ਼ੀ ਵਿਰੁੱਧ ਵਿਆਹ ਕਰਦਾ ਹੈ, ਸਖ਼ਤ ਤੋਂ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ। ਇਹ ਕਾਨੂੰਨ ਕੋਈ ਨਵਾਂ ਇਨਕਲਾਬੀ ਕਾਨੂੰਨ ਨਹੀਂ ਸੀ। ਗੱਲ ਸਿਰਫ਼ ਇੰਨੀ ਸੀ ਕਿ ਇਹਨੂੰ ਸਖ਼ਤੀ ਨਾਲ਼ ਲਾਗੂ ਕੀਤਾ ਗਿਆ। ਸਾਡੇ ਦੇਸ਼ਾਂ ਵਿੱਚ ਅਜਿਹੇ ਕਾਨੂੰਨ ਨੂੰ ਆਮ ਕਰਕੇ ਓਦੋਂ ਅਮਲ ਵਿੱਚ ਲਿਆਇਆ ਜਾਂਦਾ ਹੈ ਜਦੋਂ ਇਸਤਰੀ ਨਾਲ਼ ਸਰੀਰਕ ਰੂਪ ਤੋਂ ਕਰੂਰਤਾ ਵਰਤੀ ਜਾਂਦੀ ਹੈ।

4. ਅਜਿਹੇ ਨੇਮ ਅਤੇ ਕਾਨੂੰਨ ਬਣੇ ਜਿਨ੍ਹਾਂ ਨਾਲ਼ ਇਸਤਰੀਆਂ ਦੀ ਆਰਥਿਕ ਅਜ਼ਾਦੀ ਦੀ ਗਾਰੰਟੀ ਹੋਈ।

ਸਾਡੇ ਦੇਸ਼ਾਂ ਵਿੱਚ ਹਾਲਤ ਇਹ ਹੈ ਕਿ ਇਸਤਰੀ ਦੇ ਨੌਕਰੀ ਕਰਨ ਦੇ ਹੱਕ ਨੂੰ, ਚਾਹੇ ਉਹ ਵਿਆਹੀ ਹੋਵੇ ਜਾਂ ਅਣਵਿਆਹੀ, ਕਾਨੂੰਨੀ ਮਾਨਤਾ ਨਹੀਂ ਦਿੱਤੀ ਗਈ; ਇਸਤਰੀਆਂ ਚਾਹੁੰਣ ਤਾਂ ਨੌਕਰੀ ਕਰਨ ਚਾਹੁੰਣ ਤਾਂ ਨਾ ਕਰਨ। ਸੋਵੀਅਤ ਰੂਸ ਵਿੱਚ ਇਸ ਦੀ ਕਾਨੂੰਨੀ ਗਾਰੰਟੀ ਕੀਤੀ ਗਈ। ਉੱਪਰ ਤੋਂ ਦੇਖਣ ਵਿੱਚ ਇਹ ਬੇਲੋੜਾ ਭੇਦ ਲੱਗਦਾ ਹੈ। ਘੱਟ ਤੋਂ ਘੱਟ ਜੰਗ ਸਮੇਂ ਵਿੱਚ ਤਾਂ ਅਸੀਂ ਦੇਖਿਆ ਕਿ ਇਸਤੀਆਂ ਲਈ ਨੌਕਰੀਆਂ ਦਾ ਬਾਜ਼ਾਰ ਖੁੱਲ੍ਹ ਗਿਆ ਸੀ। ਪਰ ਇਹ ਸਥਿਤੀ ਪੈਦਾ ਹੋਈ ਪੁਰਸ਼ਾਂ ਦੀ ਘਾਟ ਕਾਰਨ। ਹੁਣ ਇਹ ਲਹਿਰ ਜ਼ੋਰ ਫੜ ਰਹੀ ਹੈ ਕਿ ਇਸਤਰੀਆਂ ਨੌਕਰੀਆਂ ਛੱਡ ਕੇ ਘਰ ਦਾ ਕੰਮ-ਧੰਦਾ ਸੰਭਾਲਣ। ਡਰ ਹੈ ਕਿ ਜੰਗ ਖ਼ਤਮ ਹੋਣ ਦੇ ਬਾਅਦ ਪੁਰਸ਼ਾਂ ਅਤੇ ਇਸਤਰੀਆਂ ਲਈ ਕਾਫ਼ੀ ਨੌਕਰੀਆਂ ਨਹੀਂ ਮਿਲ ਸਕਣਗੀਆਂ। ਇੱਥੇ ਵੀ ਇਹੀ ਭਾਵਨਾ ਕੰਮ ਕਰ ਰਹੀ ਹੈ ਕਿ ਬੇਰੁਜ਼ਗਾਰੀ ਵੱਧਣ ’ਤੇ ਇਸਤਰੀਆਂ ਦੀ ਬਜਾਏ ਪੁਰਸ਼ਾਂ ਨੂੰ ਕੰਮ ਮਿਲਣਾ ਚਾਹੀਦਾ ਹੈ। ਸਾਡੀਆਂ ਮਜ਼ਦੂਰ ਜਥੇਬੰਦੀਆਂ ਵੀ ਇਸ ਘੋਲ ਵਿੱਚ ਅਸਫ਼ਲ ਰਹੀਆਂ ਹਨ ਕਿ ਇਸਤਰੀਆਂ ਨੂੰ “ਬਰਾਬਰ ਕੰਮ ਲਈ ਬਰਾਬਰ ਤਨਖ਼ਾਹ” ਮਿਲੇ। ਇਸ ਮੰਗ ਨੂੰ ਵੀ ਕਿਤੇ-ਕਿਤੇ ਹੀ ਅਤੇ ਉਹ ਵੀ ਬੜੀ ਮੁਸ਼ਕਿਲ ਨਾਲ਼, ਮੰਨਿਆ ਗਿਆ ਹੈ ਕਿ ਸਨਅਤੀ ਕੇਂਦਰਾਂ ਵਿੱਚ ਕੰਮ ਕਰਨ ਵਾਲੀਆਂ ਇਸਤਰੀਆਂ ਨੂੰ ਆਪਣੇ ਬੱਚੇ ਪੂਰਾ ਦਿਨ ਆਂਗਨਵਾੜੀ ਵਿੱਚ ਛੱਡਣ ਦੀ ਸਹੂਲਤ ਮਿਲੇ।

ਨਵੀਂ ਪੀੜੀ ਦੀਆਂ ਰੂਸੀ ਇਸਤਰੀਆਂ ਵਿੱਚ ਕੰਮ-ਧੰਦੇ ਵੱਲ ਇੱਕ ਨਵਾਂ ਨਜ਼ਰੀਆ ਹੈ। ਕੰਮ-ਧੰਦੇ ਲਈ ਪੁਰਸ਼ ਅਤੇ ਇਸਤਰੀਆਂ ਲਈ ਬਰਾਬਰ ਸਹੂਲਤਾਂ ਪੇਸ਼ ਕਰਦੇ ਸਮੇਂ ਸੋਵੀਅਤ ਅਧਿਕਾਰੀਆਂ ਦਾ ਧਿਆਨ ਜਿਹਨਾਂ ਗੱਲਾਂ ਵੱਲ ਗਿਆ ਉਹਨਾਂ ਵਿੱਚੋਂ ਮੁੱਖ

ਆਰਥਿਕ ਉੱਨਤੀ ਨਹੀਂ, ਨੈਤਿਕ ਉੱਨਤੀ ਸੀ। ਉੱਥੋਂ ਦੇ ਵਿਗਿਆਨਕ ਅਤੇ ਮਾਹਿਰ ਭਲੀ-ਭਾਂਤੀ ਜਾਣਦੇ ਸਨ ਕਿ ਇਸਤਰੀਆਂ ਦੇ 'ਉਦਾਰ' ਦੀਆਂ ਸਾਰੀਆਂ ਗੱਲਾਂ ਓਦੋਂ ਤੱਕ ਥੋਥੀਆਂ ਗੱਪਾਂ ਹੀ ਰਹਿਣਗੀਆਂ ਜਦੋਂ ਤੱਕ ਇਸਤਰੀਆਂ ਨੂੰ ਇਸਤਰੀ ਹੋਣ ਦੀ ਆਰਥਿਕ ਸਜ਼ਾ ਤੋਂ ਮੁਕਤ ਨਹੀਂ ਕੀਤਾ ਜਾਂਦਾ। ਪਰ ਉਹ ਇਹ ਵੀ ਜਾਣਦੇ ਸਨ ਕਿ ਇਸਤਰੀਆਂ ਦੀ ਆਰਥਿਕ ਸਥਿਤੀ ਨੂੰ ਕੋਈ ਕਾਨੂੰਨ ਬਣਾ ਕੇ ਝਟਪਟ ਨਹੀਂ ਬਦਲਿਆ ਜਾ ਸਕਦਾ। ਇਸ ਦਰਮਿਆਨ ਅਨੈਤਿਕਤਾ ਦੀਆਂ ਸਾਰੀਆਂ ਸਮੱਸਿਆਵਾਂ ਉਵੇਂ ਹੀ ਕਾਇਮ ਰਹੀਆਂ।

ਇਨਕਲਾਬ ਦੇ ਚਾਰ ਸਾਲ ਬਾਅਦ, ਸੰਨ 1921 ਵਿੱਚ ਰੂਸੀ ਅਧਿਕਾਰੀਆਂ ਨੂੰ ਪਤਾ ਲੱਗਿਆ ਕਿ ਵਿਭਚਾਰ ਵਿੱਚ ਨਿਸ਼ਚਿਤ ਵਾਧਾ ਹੋਇਆ ਹੈ। ਇਸ ਦਾ ਕਾਰਨ ਦੇਸ਼ ਦਾ ਅੰਦਰੂਨੀ ਸੰਕਟ ਸੀ ਜੋ ਵਿਦੇਸ਼ੀ ਹਮਲਾਵਰਾਂ ਵਿਰੁੱਧ ਲੰਮੀ ਲੜਾਈ ਦੇ ਫਲਸਰੂਪ ਪੈਦਾ ਹੋ ਗਿਆ ਸੀ। ਇਸ ਦੇ ਇਲਾਵਾ, ਆਰਥਿਕ ਉਸਾਰੀ ਯੋਜਨਾਵਾਂ ਅਜੇ ਤੱਕ ਸ਼ੁਰੂ ਨਹੀਂ ਹੋਈਆਂ ਸਨ। ਬੇਰੁਜ਼ਗਾਰੀ ਬੁਰੀ ਤਰ੍ਹਾਂ ਫੈਲ ਰਹੀ ਸੀ। ਬੇਰੁਜ਼ਗਾਰਾਂ ਵਿੱਚ ਦੋ-ਤਿਹਾਈ ਸੰਖਿਆ ਇਸਤਰੀਆਂ ਦੀ ਸੀ। ਜੰਗ ਤੋਂ ਤਬਾਹ ਦੇਸ਼ ਵਿੱਚ, ਇਹਨਾਂ ਇਸਤਰੀਆਂ ਦੀ ਸਥਿਤੀ ਬੜੀ ਹੀ ਤਰਸਯੋਗ ਹੋ ਗਈ ਸੀ। ਦੋ ਸਾਲ ਤੱਕ ਅਨੈਤਿਕਤਾ ਵਿੱਚ ਲਗਾਤਾਰ ਵਾਧਾ ਹੁੰਦਾ ਰਿਹਾ।

ਸੋਵੀਅਤ ਵਿਗਿਆਨਕਾਂ ਨੇ ਦੁਰਾਚਾਰ ਵਿਰੁੱਧ ਆਮ ਹਮਲਾ ਬੋਲਿਆ ਸੰਨ 1923 ਵਿੱਚ।

ਉਹਨਾਂ ਨੇ ਪਹਿਲੇ ਹਮਲੇ ਨੇ ਹੀ ਬੜੀ ਸਨਸਨੀ ਪੈਦਾ ਕਰ ਦਿੱਤੀ। ਇਸ ਤੋਂ ਪਹਿਲਾਂ ਕਦੇ ਕੋਈ ਅਜਿਹੀ ਚੀਜ਼ ਨਹੀਂ ਹੋਈ ਸੀ। ਇੱਕ ਸਵਾਲਨਾਮਾ ਛਪਵਾਇਆ ਗਿਆ। ਇਸ ਸਵਾਲਨਾਮੇ ਨੂੰ ਬੜੇ ਗੁਪਤ ਤਰੀਕੇ ਨਾਲ਼ ਹਜ਼ਾਰਾਂ ਇਸਤਰੀਆਂ ਅਤੇ ਕੁੜੀਆਂ ਦਰਮਿਆਨ ਘੁਮਾਇਆ ਗਿਆ। ਇਹ ਸਵਾਲਨਾਮਾ ਡਾਕਟਰਾਂ, ਮਨੋਵਿਗਿਆਨਕਾਂ, ਮਜ਼ਦੂਰ ਜਥੇਬੰਦੀਆਂ ਦੇ ਆਗੂਆਂ ਅਤੇ ਦੂਸਰੇ ਮਾਹਿਰਾਂ ਨੇ ਤਿਆਰ ਕੀਤਾ ਸੀ।

ਇੱਥੇ ਸਵਾਲਾਂ ਦੀ ਸੂਚੀ ਪੇਸ਼ ਕਰਨਾ ਸੰਭਵ ਨਹੀਂ। ਸਵਾਲਾਂ ਦੇ ਪਿੱਛੇ ਇੱਕ ਮਹਾਨ ਉਦੇਸ਼ ਸੀ। ਉਹ ਉਦੇਸ਼ ਇਹ ਪਤਾ ਲਗਾਉਣਾ ਸੀ ਕਿ ਕਿਹੜੀਆਂ ਹਾਲਤਾਂ ਵਿੱਚ ਇਸਤਰੀ ਆਪਣਾ ਸਰੀਰ ਵੇਚਣ ਲਈ ਤਿਆਰ ਹੋ ਜਾਂਦੀ ਹੈ।

ਇਸ ਗੱਲ ਦਾ ਪਤਾ ਲਗਾਉਣ ਦਾ ਕਿ ਇਸਤਰੀਆਂ ਕਿਸ ਕਰਕੇ ਅਨੈਤਿਕ ਹੋ ਜਾਂਦੀਆਂ ਹਨ ਇੱਕ ਵਿਆਪਕ ਪੱਧਰ 'ਤੇ ਇਹ ਪਹਿਲਾ ਯਤਨ ਸੀ। ਸਦੀਆਂ ਤੋਂ ਇਹ ਜਟਿਲ ਸਵਾਲ ਪੁੱਛਿਆ ਜਾ ਰਿਹਾ ਸੀ। ਅਜਿਹੇ ਸਾਹਿਤ ਦੀ ਘਾਟ ਨਹੀਂ ਜੋ ਬੇਹੱਦ ਪ੍ਰਸਿੱਧ ਵੇਸ਼ਵਾਵਾਂ ਦੇ "ਦਰਦ ਭਰੇ ਬਿਆਨਾ" ਨਾਲ਼ ਭਰਪੂਰ ਹੋਣ। ਪਰ ਆਮ ਤੌਰ 'ਤੇ ਅਜਿਹਾ ਸਾਹਿਤ ਬਣਾਉਟੀ ਅਤੇ ਝੂਠਾ ਹੁੰਦਾ ਹੈ। ਡਾਕਟਰਾਂ ਅਤੇ ਮਨੋਵਿਗਿਆਨਕਾਂ ਨੇ ਲਗਾਤਾਰ ਇਸ ਗੱਲ ਦਾ ਪਤਾ ਲਗਾਉਣ ਦਾ ਯਤਨ ਕੀਤਾ ਹੈ ਕਿ ਪਾਪ ਦੀ ਸ਼ੁਰੂਆਤ ਕਿਵੇਂ ਹੁੰਦੀ ਹੈ। ਸੋਵੀਅਤ ਰੂਸ ਵਿੱਚ ਇਸ ਸਵਾਲ ਦਾ ਉੱਤਰ ਦਿੱਤਾ ਗਿਆ — ਕੁੱਝ ਗਿਣੇ-ਚੁਣੇ ਬਦਚਲਣ ਪੁਰਸ਼ਾਂ-ਇਸਤਰੀਆਂ ਤੋਂ ਇੱਕੇ-ਦੁੱਕੇ ਸਵਾਲ ਪੁੱਛ ਕੇ ਜਾਂ ਉਹਨਾਂ ਦਾ ਮਨੋਵਿਸ਼ਲੇਸ਼ਣ ਕਰਕੇ

ਨਹੀਂ, ਸਗੋਂ ਸਮਾਜ ਦੇ ਹਰ ਪੱਧਰ ਦੀਆਂ, ਹਰ ਉਮਰ ਦੀਆਂ ਅਤੇ ਵੱਖਰੇ-ਵੱਖਰੇ ਸੁਭਾਅ ਵਾਲੀਆਂ ਅਣਗਿਣਤ ਇਸਤਰੀਆਂ ਤੋਂ ਸਵਾਲ ਪੁੱਛ ਕੇ। ਸਾਰੇ ਉੱਤਰ ਲਿਖਤੀ ਸਨ। ਉੱਤਰ ਬੜੇ ਗੁਪਤ ਰੂਪ ਨਾਲ਼ ਦਿੱਤੇ ਗਏ ਸਨ।

ਇਸ ਅਨੋਖੇ ਸਵਾਲਨਾਮੇ ਨੇ ਕਈ ਪੁਰਾਣੀਆਂ ਧਾਰਨਾਵਾਂ ਦੀਆਂ ਧੱਜੀਆਂ ਉਡਾ ਦਿੱਤੀਆਂ। ਸਭ ਤੋਂ ਜ਼ਿਆਦਾ ਹੈਰਾਨੀ ਪੜਤਾਲ਼ ਕਰਨ ਵਾਲਿਆਂ ਨੂੰ ਇਸ ਗੱਲ ਨਾਲ਼ ਹੋਈ ਕਿ ਇਹ ਉੱਤਰ ਬਿਲਕੁੱਲ ਸਪੱਸ਼ਟ ਹੁੰਦੇ ਸਨ ਅਤੇ ਇਹ ਇਸ ਲਈ ਸੰਭਵ ਹੋਇਆ ਕਿਉਂਕਿ ਉੱਤਰ ਦੇਣ ਵਾਲ਼ੇ ਨੂੰ ਪੂਰਾ ਵਿਸ਼ਵਾਸ ਦਵਾਇਆ ਜਾਂਦਾ ਸੀ ਕਿ ਉਸ ਦੇ ਉੱਤਰ ਗੁਪਤ ਹੀ ਰਣਿਗੇ।

ਔਸਤ ਆਦਮੀ ਨੂੰ ਸਭ ਤੋਂ ਜ਼ਿਆਦਾ ਹੈਰਾਨ ਕਰਨ ਵਾਲ਼ੀ ਗੱਲ ਇਹ ਸੀ ਕਿ ਆਮ ਤੌਰ 'ਤੇ ਪੇਸ਼ੇਵਰ ਅਨੈਤਿਕ ਇਸਤਰੀਆਂ ਦੀ ਸੰਖਿਆ ਅਤੇ ਦੂਸਰੀਆਂ ਸਾਰੀਆਂ ਇਸਤਰੀਆਂ ਦੀ ਸੰਖਿਆ ਵਿੱਚ ਕੋਈ ਖਾਸ ਅੰਤਰ ਨਹੀਂ ਸੀ। ਵਿਆਹੀਆਂ ਅਤੇ ਅਣਵਿਆਹੀਆਂ, ਦੋਵੇਂ ਹੀ ਤਰ੍ਹਾਂ ਦੀਆਂ, ਬੇਸ਼ੁਮਾਰ ਇਸਤਰੀਆਂ ਨੇ ਦੱਸਿਆ ਕਿ ਕਿਸੇ ਖਾਸ ਹਾਲਤਾਂ ਵਿੱਚ ਸਾਰਿਆਂ ਨੇ ਇੱਕ ਨਾ ਇੱਕ ਮੌਕੇ 'ਤੇ ਪਿਆਰ ਭਾਵਨਾ ਤੋਂ ਪਰ੍ਹੇ, ਦੂਸਰੇ ਮਤਲਬਾਂ ਕਾਰਨ, ਅਣਉਚਿੱਤ ਸੈਕਸ ਭੋਗ ਕੀਤਾ ਸੀ।

ਕਈਆਂ ਨੇ ਅਨੈਤਿਕਤਾ ਸਬੰਧੀ ਇੱਕ ਹੀ ਤਜ਼ਰਬੇ ਦਾ ਉਲੇਖ ਕੀਤਾ। ਕੁੱਝ ਨੇ ਕਈਆਂ ਦਾ। ਕੁੱਝ ਨੇ ਆਪਣੇ ਉੱਤਰਾਂ ਵਿੱਚ ਦੱਸਿਆ ਕਿ ਉਹਨਾਂ ਨੇ ਕਈ ਵਾਰ ਵਿਭਚਾਰ ਨੂੰ ਹੀ ਆਪਣੀ ਰੋਟੀ ਦਾ ਜ਼ਰੀਆ ਬਣਾਇਆ ਸੀ। ਪਰ ਉਹਨਾਂ 'ਤੇ "ਵੇਸ਼ਵਾ" ਦਾ ਦਾਗ ਨਹੀਂ ਲਗ ਸਕਿਆ ਸੀ। ਆਪਣੀਆਂ ਇਸ ਤਰ੍ਹਾਂ ਦੀਆਂ ਭੈਣਾਂ ਦੇ ਅਨੁਭਵਾਂ ਤੋਂ ਜਾਣੂੰ ਕੁੱਝ ਇਸਤਰੀਆਂ ਦਾ ਕਹਿਣਾ ਸੀ ਕਿ ਜਦੋਂ ਇਹ ਇਸਤਰੀਆਂ ਖੁਦ ਨੂੰ ਪੇਸ਼ੇਵਰ ਵੇਸ਼ਵਾ ਨਹੀਂ ਕਹਿੰਦੀਆਂ ਤਾਂ ਅਸੀਂ ਖੁਦ ਨੂੰ ਕਿਉਂ ਕਹੀਏ। ਜਿਨ੍ਹਾਂ ਇਸਤਰੀਆਂ ਨੇ ਮੰਨਿਆ ਕਿ ਵਿਭਚਾਰ ਨੂੰ ਹੀ ਉਹਨਾਂ ਨੇ ਆਪਣੇ ਜੀਵਨ ਦਾ ਅਧਾਰ ਬਣਾਇਆ ਸੀ ਉਹਨਾਂ ਵਿੱਚੋਂ ਵੱਧ ਤੋਂ ਵੱਧ ਨੇ ਇਹੀ ਕਿਹਾ ਕਿ ਈਮਾਨਦਾਰੀ ਨਾਲ਼ ਕਮਾਇਆ ਪੈਸਾ ਉਹਨਾਂ ਨੇ ਅਤੇ ਉਹਨਾਂ 'ਤੇ ਨਿਰਭਰ ਲੋਕਾਂ ਲਈ ਬਹੁਤ ਘੱਟ ਸੀ, ਇਸ ਲਈ ਉਹਨਾਂ ਨੂੰ ਵਿਭਚਾਰ ਨੂੰ ਆਪਣਾ ਸਹਾਰਾ ਬਣਾਉਣਾ ਪਿਆ।

ਇਸ ਸਬੰਧ ਵਿੱਚ ਵਧੇਰੇ ਚਰਚਾ ਅਸੀਂ ਅੱਗੇ ਪੇਸ਼ ਕਰਾਂਗੇ। ਸੋਵੀਅਤ ਮਾਹਿਰਾਂ ਨੇ ਜੋ ਸਿੱਟੇ ਕੱਢੇ ਉਹ ਸਾਡੇ ਦੇਸ਼ਾਂ ਵਿੱਚ ਪ੍ਰਚਲਿਤ ਵਿਗਿਆਨਕ ਅਤੇ ਨੈਤਿਕ ਵਿਚਾਰਾਂ ਤੋਂ ਵੱਖਰੇ ਹਨ। ਇਸ ਲਈ ਇੱਥੇ ਰੁਕ ਕੇ ਵੇਖ ਲੈਣਾ ਜ਼ਰੂਰੀ ਹੈ ਕਿ ਹੁਣ ਤੱਕ ਇਸ ਖੇਤਰ ਵਿੱਚ ਕੀ ਕੀਤਾ ਗਿਆ ਸੀ।

ਸਵਾਲ ਹੈ : ਵੇਸ਼ਵਾ ਕਹਿੰਦੇ ਕਿਸ ਨੂੰ ਹਨ ?

ਇਹ ਸ਼ਬਦ ਆਮ ਤੌਰ 'ਤੇ ਉਹਨਾਂ ਇਸਤਰੀਆਂ ਤੱਕ ਸੀਮਤ ਰਿਹਾ ਹੈ ਜੋ ਨਕਦ ਰਕਮ ਲਈ ਆਪਣੇ ਸਰੀਰ ਨੂੰ ਵੱਖਰੇ-ਵੱਖਰੇ ਪੁਰਸ਼ਾਂ ਨੂੰ ਵਾਰ-ਵਾਰ ਵੇਚਦੀ ਹੈ।

ਪਰ ਜਦੋਂ ਤੋਂ ਨਵੀਂ ਸਮਾਜਿਕ ਜਾਂਚ-ਪੜਤਾਲ ਸ਼ੁਰੂ ਹੋਈ ਹੈ, ਓਦੋਂ ਤੋਂ ਪਰਿਭਾਸ਼ਾ

ਅਪੂਰਨ ਸਮਝੀ ਜਾਣ ਲੱਗੀ ਹੈ। ਸਾਡੇ ਮਾਹਿਰਾਂ ਦਾ ਤਾਂ ਇਹ ਮੱਤ ਹੈ ਕਿ ਜੋ ਇਸਤਰੀਆਂ ਸੈਕਸ ਰੋਗਾਂ ਨੂੰ ਫੈਲਾਉਂਦੀਆਂ ਹਨ ਉਹਨਾਂ ਵਿੱਚੋਂ ਦੋ-ਤਿਹਾਈ ਅਜਿਹੀਆਂ ਹਨ ਜਿਹਨਾਂ ਨੂੰ ਅਸੀਂ ਖੁੱਲ੍ਹਮ-ਖੁੱਲ੍ਹਾ ਵੇਸ਼ਵਾ ਨਹੀਂ ਕਹਿ ਸਕਦੇ। ਇਹਨਾਂ ਗੈਰ-ਪੇਸ਼ਾ ਅਨੈਤਿਕ ਇਸਤਰੀਆਂ ਦੇ ਕਈ ਜਮਾਤਾਂ ਵਿੱਚੋਂ ਹੀ ਸਾਡੀਆਂ "ਵਿਕਟਰੀ ਗਰਲਜ਼" ਵੀ ਹਨ। ਦੂਸਰੇ ਪਾਸੇ 'ਤੇ ਉਹ ਮਨੋਵਿਗਿਆਨਕ ਹਨ ਜਿਨ੍ਹਾਂ ਨੇ ਅਨੈਤਿਕਤਾ ਦੀ ਪਰਿਭਾਸ਼ਾ ਇਹ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਪਿਆਰ ਵਿੱਚ ਬੱਝੇ ਦੋ ਪ੍ਰੇਮੀਆਂ ਦੇ ਸੈਕਸ-ਸਬੰਧ ਦੇ ਇਲਾਵਾ ਬਾਕੀ ਸਾਰੇ ਸੈਕਸ-ਸਬੰਧ ਅਨੈਤਿਕ ਹਨ। ਇੱਥੇ ਵੀ ਤੱਥ ਸਾਨੂੰ ਘਚੋਲੇ ਵਿੱਚ ਪਾ ਦਿੰਦੇ ਹਨ। ਇਸ ਮਹਾਂਦੀਪ 'ਤੇ ਅਤੇ ਸੋਵੀਅਤ ਰੂਸ ਵਿੱਚ ਹੋਈਆਂ ਜਾਂਚ-ਪੜਤਾਲਾਂ ਦੱਸਦੀਆਂ ਹਨ ਕਿ ਅਜਿਹੀਆਂ ਇਸਤਰੀਆਂ ਦੀ ਸੰਖਿਆ ਘੱਟ ਨਹੀਂ ਜੋ ਕਿਸੇ ਵੀ ਅਜਨਬੀ ਨਾਲ਼ "ਪਿਆਰ" ਕਰਨ ਨੂੰ ਤਿਆਰ ਹੋ ਜਾਂਦੀਆਂ ਹਨ, ਬੇਸ਼ਰਤੇ ਕਿ ਉਹ ਉਹਨਾਂ ਨੂੰ ਆਪਣੇ ਨਾਲ਼ ਸ਼ਾਮ ਦੇ ਖੇਡ-ਤਮਾਸ਼ਿਆ ਵਿੱਚ ਲੈ ਜਾਣ ਨੂੰ ਤਿਆਰ ਹੋਣ। ਸਾਡੇ ਲਈ ਇਹਨਾਂ ਦੋ ਇਸਤਰੀਆਂ ਵਿੱਚ ਨੈਤਿਕ ਭੇਦ ਕਰਨਾ ਔਖਾ ਹੋ ਜਾਂਦਾ ਹੈ : ਇੱਕ, ਉਹ ਜੋ ਆਪਣੇ ਕਮਰੇ ਦਾ ਕਿਰਾਇਆ ਨਾ ਦੇ ਸਕਣ ਕਾਰਨ ਵਿਭਚਾਰ ਦੇ ਬਾਅਦ ਨਕਦ ਰਕਮ ਲੈ ਲੈਂਦੀ ਹੈ; ਅਤੇ ਦੂਸਰੀ, ਉਹ ਜੋ ਨਕਦ ਰਕਮ ਲੈਣ ਦੀ ਬਜਾਏ ਬਦਲੇ ਵਿੱਚ ਹੋਟਲ ਵਿੱਚ ਕੀਮਤੀ ਭੋਜਨ ਕਰਨਾ ਅਤੇ ਸਿਨੇਮਾ ਦੇਖਣਾ ਜ਼ਿਆਦਾ ਠੀਕ ਸਮਝਦੀ ਹੈ। ਭੇਦ ਜੇਕਰ ਹੈ ਤਾਂ ਮੁਮਕਿਨ ਹੈ : ਈਮਾਨਦਾਰੀ ਦਾ। ਪਿਆਰ ਤਾਂ ਨਾ ਪਹਿਲੀ ਨੂੰ ਹੁੰਦਾ ਹੈ, ਨਾ ਦੂਸਰੀ ਨੂੰ। ਹਾਂ, ਪਹਿਲੀ ਦੀ ਗਰੀਬੀ ਉਸ ਨੂੰ ਈਮਾਨਦਾਰੀ ਨਾਲ਼ ਨਕਦ ਰਕਮ ਲੈਣ ਨੂੰ ਮਜਬੂਰ ਕਰ ਦਿੰਦੀ ਹੈ।

ਧਰਮ ਦਾ ਇਹ ਕਹਿਣਾ ਹੈ ਕਿ ਵਿਆਹੇ ਪਤੀ ਦੇ ਇਲਾਵਾ ਕਿਸੇ ਨਾਲ਼ ਸੈਕਸ ਭੋਗ ਅਨੈਤਿਕ ਹੈ — ਭਾਵੇਂ ਉਹ ਧਨ ਲਈ ਹੋਵੇ ਜਾਂ ਪਿਆਰ ਲਈ। ਇੱਥੇ ਇਹ ਜਾਣ ਲੈਣਾ ਜ਼ਰੂਰੀ ਹੈ ਕਿ ਨੈਤਿਕਤਾ ਲਈ ਇਹ ਦ੍ਰਿਸ਼ਟੀਕੋਣ ਸੋਵੀਅਤ ਰੂਸ ਵਿੱਚ ਸਾਲਾਂ ਤੱਕ ਮੰਨਿਆ ਗਿਆ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਨੈਤਿਕਤਾ ਸਬੰਧੀ ਸਿਧਾਂਤਕ ਵਿਚਾਰਾਂ ਵਿੱਚ ਕਮਿਊਨਿਸਟ ਆਗੂਆਂ ਅਤੇ ਪਾਦਰੀਆਂ ਦਰਮਿਆਨ ਜ਼ਮੀਨ ਆਸਮਾਨ ਦਾ ਅੰਤਰ ਹੈ। ਪਰ ਸਿਧਾਤਾਂ ਦੀ ਕਸਵੱਟੀ ਤਾਂ ਉਹਨਾਂ ਦਾ ਅਮਲ ਹੈ।

ਜੰਗ ਦੌਰਾਨ ਜੋ ਲੋਕ ਸੋਵੀਅਤ ਰੂਸ ਗਏ ਸਨ ਉਹਨਾਂ ਨੇ ਦੱਸਿਆ ਕਿ ਸ਼ਾਇਦ ਹੀ ਕੋਈ ਅਜਿਹੀ ਸੋਵੀਅਤ ਇਸਤਰੀ ਕਿਸੇ ਨੂੰ ਮਿਲੇ ਜੋ ਆਪਣੇ ਪਤੀ ਨੂੰ ਛੱਡ ਦੂਸਰੇ ਨਾਲ਼ ਨੇੜਤਾ ਰੱਖੇ। ਕਿੰਨੇ ਹੀ ਸਾਲਾਂ ਤੱਕ ਸੋਵੀਅਤ ਨੌਜਵਾਨਾਂ ਤਾਂ ਇਸਤਰੀਆਂ ਦੀ ਪਿੱਠ ਤੱਕ ਥਪਥਪਾਉਣਾ ਅਸੱਭਿਅਤਾਪੂਰਨ ਮੰਨਦੇ ਰਹੇ। ਹਾਂ, ਜੰਗ ਦੌਰਾਨ ਜਿੱਥੇ-ਜਿੱਥੇ ਜਰਮਨ ਹਮਲਾਵਰਾਂ ਨੇ ਕਬਜ਼ਾ ਕੀਤਾ ਉਹਨਾਂ ਨੇ ਆਪਣੇ ਬਦਕਾਰ ਨੈਤਿਕ "ਆਦਰਸ਼ਾਂ" ਦੀ ਵੀ ਛਾਪ ਛੱਡੀ। ਪਰ ਇਹਨਾਂ "ਆਦਰਸ਼ਾਂ" ਦਾ ਰੰਗ ਬਹੁਤ ਥੋੜ੍ਹੇ ਸੋਵੀਅਤ ਨਾਗਰਿਕਾਂ 'ਤੇ ਚੜ੍ਹਿਆ। ਇਹ ਗੱਲ ਮੈਂ ਵਿਅਕਤੀਗਤ ਨਿਰੀਖਣ ਦੇ ਜ਼ੋਰ 'ਤੇ ਦਾਅਵੇ ਨਾਲ਼ ਕਹਿ ਰਿਹਾ ਹਾਂ। ਮੈਂ ਕਈ ਸੋਵੀਅਤ ਰਾਜਾਂ ਦਾ ਦੌਰਾ ਕੀਤਾ ਅਤੇ ਉੱਥੇ ਰਿਹਾ ਵੀ। ਮੈਂ ਅਜਿਹੇ ਰਾਜਾਂ ਵਿੱਚ ਵੀ ਰਿਹਾ ਜਿੱਥੇ ਦੁਸ਼ਮਣ ਵੜ ਨਹੀਂ ਪਾਇਆ ਸੀ ਅਤੇ ਅਜਿਹੇ ਰਾਜਾਂ ਵਿੱਚ ਵੀ ਜਿਨ੍ਹਾਂ ਨੂੰ

ਫ਼ਾਸਿਸਟ ਜਾਲਮਾਂ ਨੇ ਰੌਂਦ ਸੁੱਟਿਆ ਸੀ। ਪਰ ਅੱਜ, ਦੋਵੇਂ ਥਾਵਾਂ ਦੀ ਆਬਾਦੀ ਵਿੱਚ ਕੋਈ ਖਾਸ ਫ਼ਰਕ ਦੇਖਣ ਵਿੱਚ ਨਹੀਂ ਆਉਂਦਾ। ਸੋਵੀਅਤ ਨੈਤਿਕਤਾ ਦਾ ਪੱਧਰ ਕਿੰਨਾ ਉੱਚਾ ਹੈ, ਇਹ ਜਾਣ ਕੇ ਹੈਰਾਨੀ ਹੁੰਦੀ ਹੈ — ਅਸੀਂ ਇਸ ਦਾ ਵਿਸਥਾਰ ਨਾਲ਼ ਵਰਣਨ ਅੱਗੇ ਕਰਾਂਗੇ। ਸੋਵੀਅਤ ਨੈਤਿਕਤਾ ਦੇ ਮੁਕਾਬਲੇ “ਪੱਛਮੀ ਦੁਨੀਆਂ” ਦੀ ਹਾਲਤ ਨੂੰ ਦੇਖ ਕੇ ਦੁੱਖ ਹੁੰਦਾ ਹੈ।

ਇਸ ਅੰਤਰ ਨੂੰ ਅਸੀਂ ਹੋਰ ਵਿਸਥਾਰ ਨਾਲ਼ ਸਮਝ ਲਈਏ।

ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜ਼ਿਆਦਾਤਰ ਧਰਮ ਨੂੰ ਮੰਨਣ ਵਾਲ਼ੇ ਲੋਕ ਵਿਆਹ ਨੂੰ ਇੱਕ ਸਮਾਜਿਕ ਅਤੇ ਪਵਿੱਤਰ ਬੰਧਨ ਮੰਨਦੇ ਹਨ। ਉਹ ਵਿਆਹ ਨੂੰ ਇੱਕ ਅਜਿਹਾ ਬੰਧਨ ਮੰਨਦੇ ਹਨ ਜੋ ਅਟੁੱਟ ਹੁੰਦਾ ਹੈ ਅਤੇ ਜਿਸ ਵਿੱਚ ਪਤੀ-ਪਤਨੀ ਦੀ ਨੇੜਤਾ ਜ਼ਰੂਰੀ ਹੁੰਦੀ ਹੈ — ਭਾਵੇਂ ਉਹ ਇੱਕ-ਦੂਸਰੇ ਨਾਲ਼ ਪਿਆਰ ਕਰਦੇ ਰਹਿਣ ਜਾਂ ਨਾ। ਦਰਅਸਲ ਅੱਜ ਦੇ ਜ਼ਿਆਦਤਰ ਕਾਨੂੰਨ ਤਾਂ ਇਹੀ ਕਹਿੰਦੇ ਹਨ ਕਿ ਪਿਆਰ ਖ਼ਤਮ ਹੋ ਜਾਣ ’ਤੇ ਵੀ ਪਤੀ-ਪਤਨੀ ਵਿਆਹ ਬੰਧਨ ਦੇ ਹੀ ਅਧੀਨ ਰਹਿਣ। ਹਰ ਕੁਲੀਨ ਇਸਤਰੀ ਘੱਟ ਤੋਂ ਘੱਟ ਅੱਧਾ ਦਰਜ਼ਨ ਸਹੇਲੀਆਂ ਦੇ ਨਾਂ ਗਿਣਾ ਸਕਦੀ ਹੈ ਜਿਹੜੀਆਂ ਵਿਆਹ ਬੰਧਨ ਵਿੱਚ ਹੁਣ ਵੀ ਸਿਰਫ਼ ਇਸ ਲਈ ਬੱਝੀਆਂ ਹੋਈਆਂ ਹਨ ਕਿ ਉਹਨਾਂ ਸਾਹਮਣੇ ਛੁਟਕਾਰੇ ਦਾ ਕੋਈ ਰਾਹ ਨਹੀਂ, ਕਿਉਂਕਿ ਉਹ ਅਤੇ ਉਹਨਾਂ ਦੇ ਬੱਚੇ ਪਤੀ ’ਤੇ ਆਰਥਿਕ ਰੂਪ ਨਾਲ਼ ਨਿਰਭਰ ਹਨ। ਕੀ ਨੈਤਿਕ ਅਧਾਰ ਹੈ ਅਜਿਹੇ ਸਬੰਧਾਂ ਦਾ ? ਵਰਤਮਾਨ ਮਨੋਵਿਗਿਆਨਕਾਂ ਦਾ ਕਹਿਣਾ ਹੈ ਕਿ ਇੱਕ ਇੱਜ਼ਤਦਾਰ ਪਤਨੀ ’ਤੇ ਇਸ ਦਾ ਓਨਾ ਹੀ ਬੁਰਾ ਅਸਰ ਪੈਂਦਾ ਹੈ, ਜਿੰਨਾ ਖੁੱਲ੍ਹਮ-ਖੁੱਲ੍ਹਾ ਵਿਭਚਾਰ ਦਾ। ਸੋਵੀਅਤ ਲੋਕ ਅਜਿਹੇ ਵਿਆਹ ਨੂੰ ਅਨੈਤਿਕ ਅਤੇ ਘ੍ਰਿਣਾਯੋਗ ਸਮਝਦੇ ਹਨ।

ਬਿਨਾਂ ਜ਼ਿਆਦਾ ਰੱਦੋ ਬਦਲ ਕੀਤੇ ਅਸੀਂ ਆਪਣੇ ਵਿਚਾਰਾਂ ਵਿੱਚ ਸੰਤੁਲਨ ਸਥਾਪਿਤ ਕਰਨ ਦਾ ਯਤਨ ਕਰੀਏ। ਵਿਆਹ ਦੇ ਸਵਾਲ ਨੂੰ ਉੱਚ ਨੈਤਿਕ ਦ੍ਰਿਸ਼ਟੀਕੋਣ ਨਾਲ਼ ਦੇਖਣ ’ਤੇ ਮੁਮਕਿਨ ਹੈ : ਅਜਿਹੇ ਸਾਰੇ ਸੈਕਸ ਸਬੰਧ ਸਾਨੂੰ ਅਣਉਚਿੱਤ ਲੱਗਣਗੇ ਜਿਹੜੇ ਪਿਆਰ ’ਤੇ ਅਧਾਰਿਤ ਨਹੀਂ ਹਨ; ਅਸੀਂ ਉਹਨਾਂ ਸਾਰੇ ਸਬੰਧਾਂ ਨੂੰ ਵੀ ਅਣਉਚਿੱਤ ਸਮਝਾਂਗੇ ਜਿੰਨ੍ਹਾਂ ਵਿੱਚ ਖੁੱਲ੍ਹੇ ਜਾਂ ਲੁੱਕੇ ਰੂਪ ਵਿੱਚ ਪੈਸੇ ਦਾ ਲੈਣ-ਦੇਣ ਹੁੰਦਾ ਹੈ। ਹੁਣ ਅਸੀਂ ਅਨੈਤਿਕਤਾ ਵਿਰੁੱਧ ਅਮਲੀ, ਸਮਾਜਿਕ ਘੋਲ ਨੂੰ ਜ਼ਿਆਦਾ ਚੰਗੀ ਤਰ੍ਹਾਂ ਸਮਝ ਸਕਾਗੇ।

ਅਨੈਤਿਕਤਾ ਵਿਰੁੱਧ ਅਜਿਹਾ ਕੋਈ ਸੰਘਰਸ਼ ਓਦੋਂ ਤੱਕ ਨਹੀਂ ਛਿੜਿਆ ਸੀ ਜਦੋਂ ਤੱਕ ਪੂੰਜੀਵਾਦੀ ਢਾਂਚੇ ਨੇ ਜਗੀਰੂ ਢਾਂਚੇ ਨੂੰ ਤਬਾਹ ਨਹੀਂ ਕਰ ਦਿੱਤਾ। ਵਿਭਚਾਰ ਵਿਰੁੱਧ ਜਥੇਬੰਦ ਘੋਲ਼ ਸਿਰਫ਼ ਦੁਰਾਚਾਰ ਦੂਰ ਕਰਨ ਲਈ ਨਹੀਂ ਸਗੋਂ ਸੈਕਸ-ਰੋਗਾਂ ਨੂੰ ਖ਼ਤਮ ਕਰਨ ਲਈ ਜ਼ਰੂਰੀ ਸੀ। ਯੂਰਪ ਵਿੱਚ ਸਿਫਲਿਸ ਦਾ ਰੋਗ 16ਵੀਂ ਸਦੀ ਵਿੱਚ ਸ਼ੁਰੂ ਹੋਇਆ। ਸ਼ਾਇਦ ਇਹ ਹੈਤੀ ਤੋਂ ਆਇਆ ਸੀ। 15ਵੀਂ ਸਦੀ ਵਿੱਚ ਅਮੇਰਿਗੋ ਵੇਸਪੁੱਚੀ ਦੀ ਜੀਵਨੀ ਵਿੱਚ “ਉਸ ਬਿਮਾਰੀ ਦਾ ਜਿਹਨੂੰ ਅਸੀਂ ਫ਼ਰਾਂਸੀਸੀ ਬਿਮਾਰੀ ਕਹਿੰਦੇ ਹਾਂ” ਜ਼ਿਕਰ ਮਿਲਦਾ ਹੈ। ਉਸ ਦਾ ਕਹਿਣਾ ਹੈ ਕਿ ਕੋਲੰਬਸ ਦੇ ਨਾਲ਼ ਵਾਪਸ ਪਰਤਣ ਵਾਲ਼ੇ ਮੱਲਾਹ ਇਸ ਰੋਗ ਨੂੰ

ਅਮਰੀਕਾ ਤੋਂ ਆਪਣੇ ਨਾਲ਼ ਲਿਆਏ ਸਨ। ਵੇਸ਼ਵਾਵਾਂ ਨੇ ਇਸ ਨੂੰ ਇਹਨਾਂ ਲੋਕਾਂ ਤੋਂ ਹਾਸਲ ਕੀਤਾ। ਫਿਰ ਇਹ ਪੂਰੇ ਸਪੇਨ ਵਿੱਚ ਫੈਲ ਗਿਆ। ਇੱਥੋਂ ਚਾਰਲਸ ਅੱਠਵੇਂ ਦੀਆਂ ਫ਼ੌਜਾਂ ਇਸ ਨੂੰ ਇਟਲੀ ਲਿਆਈਆਂ।

ਦੂਸਰੇ ਅਧਿਕਾਰੀਆਂ ਦਾ ਕਹਿਣਾ ਹੈ ਕਿ 1495 ਵਿੱਚ ਚਾਰਲਸ ਨੇ ਜਦੋਂ ਨੇਪਲਜ਼ ਜਿੱਤਿਆ ਤਾਂ ਅੱਸੀ ਦਿਨ ਅਤੇ ਅੱਸੀ ਰਾਤ ਉੱਥੇ ਉਦੰਡਤਾ ਦਾ ਸਾਮਰਾਜ ਰਿਹਾ। ਉੱਥੋਂ ਇਹ ਬਿਮਾਰੀ ਫੈਲੀ। ਇਹ ਵੀ ਕਿਹਾ ਜਾਂਦਾ ਹੈ ਕਿ ਦੁਸ਼ਮਣ ਦੀਆਂ ਫ਼ੌਜਾਂ ਵਿੱਚ ਇਸ ਬਿਮਾਰੀ ਨੂੰ ਫੈਲਾਉਣ ਲਈ ਜਾਣਬੁੱਝ ਕੇ ਸਿਫਲਿਸ ਰੋਗ ਨਾਲ਼ ਪੀੜਿਤ ਵੇਸ਼ਵਾਵਾਂ ਨੂੰ ਭੇਜਿਆਂ ਗਿਆ ਸੀ।

ਸੱਚਾਈ ਜੋ ਵੀ ਹੋਵੇ, ਨਵੀਂ ਸਦੀ ਸ਼ੁਰੂ ਹੁੰਦੇ-ਹੁੰਦੇ ਸੈਕਸ ਰੋਗਾਂ ਦਾ ਖ਼ਤਰਾ ਇੰਨਾ ਵੱਧ ਗਿਆ ਕਿ ਰਾਜ ਦੇ ਅਧਿਕਾਰੀਆਂ ਅਤੇ ਧਰਮ ਦੇ ਠੇਕੇਦਾਰਾਂ ਦੇ ਕੰਮ ਖੜ੍ਹੇ ਹੋਣ ਲੱਗੇ। ਜਿਸ ਕਿਸੇ ਨੂੰ ਵੀ ਇਹ ਬਿਮਾਰੀ ਹੋਈ, ਉਹ ਨੂੰ ਅਪਰਾਧੀ ਐਲਾਨ ਕੀਤਾ ਜਾਣ ਲੱਗਿਆ। ਬਾਦਸ਼ਾਹ ਮੈਕਸਿਮਲਿਅਨ ਨੇ ਇੱਕ ਰਾਜਕੀ ਐਲਾਨ ਜਾਰੀ ਕੀਤਾ। ਐਲਾਨ ਵਿੱਚ ਇਸ ਰੋਗ ਨੂੰ 'ਬੋਇਜ਼ ਬਲੈਟਰਨ' ਕਿਹਾ ਗਿਆ ਭਾਵ ਅਜਿਹਾ ਰੋਗ "ਜਿਸ ਨੂੰ ਪਹਿਲਾਂ ਨਾ ਕਿਸੇ ਨੇ ਦੇਖਿਆ ਸੀ ਅਤੇ ਨਾ ਜਿਸ ਦੇ ਬਾਰੇ ਵਿੱਚ ਕਦੇ ਸੁਣਿਆ ਸੀ।" ਇਸ ਭਿਆਨਕ ਰੋਗ ਨੂੰ ਫ਼ੌਜਾਂ ਨੇ ਫ਼ਰਾਂਸ ਅਤੇ ਜਰਮਨੀ ਵਿੱਚ ਫੈਲਾ ਦਿੱਤਾ। ਇਸ ਰੋਗ ਤੋਂ ਪੀੜਿਤਾਂ ਦੀ ਬੜੀ ਭੈੜੀ ਹਾਲਤ ਕੀਤੀ ਜਾਂਦੀ ਸੀ। ਇਸਤਰੀਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਜ਼ਾਵਾਂ ਦਿੱਤੀਆਂ ਜਾਂਦੀਆਂ। ਉਹਨਾਂ ਨੂੰ ਜਾਨੋਂ ਤੱਕ ਮਾਰ ਦਿੱਤਾ ਜਾਂਦਾ ਸੀ। ਇਸ ਬਿਮਾਰੀ ਤੋਂ ਪੀੜਿਤ ਪੁਰਸ਼ਾਂ ਅਤੇ ਇਸਤਰੀਆਂ ਨੂੰ ਕੋੜ੍ਹੀਆਂ ਵਾਂਗ ਘਰੋਂ ਕੱਢ ਦਿੱਤਾ ਜਾਂਦਾ। ਇਹੀ ਨਹੀਂ ਸਮਾਜ ਤੋਂ ਠੁਕਰਾਏ ਗਏ ਲੋਕਾਂ ਵਾਂਗ ਉਹਨਾਂ ਨੂੰ ਨਗਰ ਅਤੇ ਕਸਬਿਆਂ ਤੋਂ ਦੂਰ ਜਾ ਕੇ ਰਹਿਣਾ ਪੈਂਦਾ। ਕੁੱਝ ਹੀ ਸਾਲਾਂ ਵਿੱਚ ਇਹ ਬਿਮਾਰੀ ਸਮੁੱਚੇ ਯੂਰਪ ਅਤੇ ਬ੍ਰਿਟਿਸ਼ ਦੀਪ ਸਮੂਹ ਵਿੱਚ ਫੈਲ ਗਈ।

ਬਾਅਦ ਦੇ ਸੌ ਸਾਲਾਂ ਦਾ ਇਤਿਹਾਸ ਸੈਕਸ ਰੋਗਾਂ ਵਿਰੁੱਧ ਫ਼ੌਜੀ ਅਧਿਕਾਰੀਆਂ ਦੇ ਸੰਘਰਸ਼ ਦਾ ਇਤਿਹਾਸ ਰਿਹਾ। ਫ਼ੌਜ ਦੇ ਨਾਲ਼ ਚੱਲਣ ਵਾਲੀਆਂ ਇਸਤਰੀਆਂ 'ਤੇ ਨਵੀਆਂ ਰੋਕਾਂ ਲਗਾਈਆਂ ਗਈਆਂ। ਸੰਨ 1515 ਵਿੱਚ ਫ਼ਰਾਂਸਿਸ ਪਹਿਲੇ ਨੇ ਹੁਕਮ ਜਾਰੀ ਕੀਤਾ ਕਿ ਫ਼ੌਜ ਨਾਲ਼ ਚੱਲਣ ਵਾਲੀਆਂ ਅਜਿਹੀਆਂ ਇਸਤਰੀਆਂ ਨੂੰ ਪੈਦਲ ਚਲਣਾ ਪਵੇਗਾ; ਉਸ ਨੇ ਕਿਹਾ ਕਿ ਉਹਨਾਂ ਨੂੰ ਚੰਗੇ ਘੋੜੇ ਦੇ ਕੇ ਨਾਲ਼ ਚੱਲਣ ਦੀ ਹੱਲਾਸ਼ੇਰੀ ਨਾ ਦਿੱਤੀ ਜਾਵੇ। ਸੰਨ 1580 ਵਿੱਚ, ਬੈਲਜੀਅਮ ਦੇ ਧਰਮੀ ਬਾਦਸ਼ਾਹ ਅਲਬਰਟ ਦੀ ਸਮਝ ਵਿੱਚ ਇਸ ਸਮੱਸਿਆ ਦਾ ਇਲਾਜ ਸਬੰਧੀ ਲੱਛਣ ਪੂਰੀ ਤਰ੍ਹਾਂ ਆ ਗਿਆ। ਉਸ ਨੇ ਸਖ਼ਤ ਤਾਕੀਦ ਕਰ ਦਿੱਤੀ ਕਿ ਸੈਕਸ ਰੋਗਾਂ ਤੋਂ ਪੀੜਿਤ ਕੋਈ ਵੀ ਇਸਤਰੀ ਉਸ ਦੀ ਫ਼ੌਜ ਵਿੱਚ ਨਾ "ਵੜ" ਸਕੇ। ਕਹਿਣ ਦੀ ਜ਼ਰੂਰਤ ਨਹੀਂ, ਇਹਨਾਂ ਰੋਗਾਂ ਦੀ ਜਾਂਚ-ਪੜਤਾਲ ਸਫ਼ਲ ਹੁੰਦੀ ਸੀ। ਬਿਮਾਰੀ ਦਾ ਠੀਕ-ਠੀਕ ਪਤਾ ਵੀ ਨਹੀਂ ਲੱਗਦਾ ਸੀ। ਸ਼ਾਇਦ ਸਭ ਤੋਂ ਜ਼ਿਆਦਾ ਰੋਗੀ ਲੋਕ ਸਾਫ਼ ਬਚ ਵੀ ਨਿਕਲਦੇ ਸਨ। ਹੁਕਮਾਂ ਦੀ ਪਾਬੰਦੀ ਤੋੜਣ 'ਤੇ ਸਜਾ ਦਿਨੋਂ-ਦਿਨ ਸਖ਼ਤ ਹੁੰਦੀ ਗਈ। ਕਾਨੂੰਨ ਉਹਨਾਂ ਨੂੰ ਅਪਰਾਧੀ ਠਹਿਰਾਉਂਦਾ ਸੀ। ਨੈਤਿਕ ਰੂਪ ਨਾਲ਼ ਉਹ

ਨਫ਼ਰਤ ਦੇ ਪਾਤਰ ਅਤੇ ਪਾਪੀ ਸਮਝ ਜਾਂਦੇ ਸਨ। ਪਰ ਵਿਵਹਾਰ ਇਸ ਸਿਧਾਂਤਕ ਦ੍ਰਿਸ਼ਟੀਕੋਣ ਦੇ ਸਦਾ ਰਸਤੇ ਆਉਂਦਾ। ਇੱਜ਼ਤ ਦੇ ਪਾਤਰ ਵੱਡੇ-ਵੱਡੇ ਨਵਾਬਾਂ ਅਤੇ ਜਗੀਰਦਾਰਾਂ ਅਤੇ ਉਹਨਾਂ ਦੀਆਂ ਪਤਨੀਆਂ ਵਿੱਚ ਵੀ ਸਿਫਲਿਸ ਰੋਗ ਪਾਇਆ ਜਾਂਦਾ ਸੀ। ਭਿਆਨਕ ਸਜ਼ਾਵਾਂ ਤੋਂ ਆਪਣੇ ਆਪ ਨੂੰ ਬਚਾ ਨਹੀਂ ਪਾਉਂਦੇ ਸਨ ਉਹ ਬਦਕਿਸਮਤ ਜਿਨ੍ਹਾਂ ਕੋਲ ਧਨ ਜਾਂ ਪਦ ਦੀ ਕਮੀ ਹੁੰਦੀ। ਸੈਂਕੜੇ ਸਾਲਾਂ ਤੱਕ ਪੁਲਿਸ ਦਾ ਕੰਮ ਇਹੀ ਬਣ ਗਿਆ ਕਿ ਉਹ ਸਮੇਂ-ਸਮੇਂ 'ਤੇ ਸਿਫਲਿਸ ਦੀ ਗੰਦਗੀ ਦੀ ਸਫ਼ਾਈ ਕਰਦੀ ਰਹੇ। ਸਿਫਲਿਸ ਤੋਂ ਪੀੜਿਤ ਵੇਸ਼ਵਾਵਾਂ ਦੀ ਨੱਕ ਅਤੇ ਕਦੇ-ਕਦੇ ਤਾਂ ਜੱਲਾਦ ਕੰਨ ਵੀ ਕੱਟ ਦਿੰਦੇ ਸਨ। ਕਦੇ-ਕਦੇ ਉਹਨਾਂ ਨੂੰ ਸ਼ਰਾਬੀ ਫ਼ੌਜੀਆਂ ਦੇ ਵਿੱਚ ਛੱਡ ਦਿੱਤਾ ਜਾਂਦਾ ਅਤੇ ਇਹਨਾਂ ਨੂੰ ਕੁੱਟ-ਕੁੱਟ ਕੇ ਮਾਰ ਦਿੰਦੇ ਸਨ।

ਅਨੈਤਿਕਤਾ ਨੂੰ ਰੋਕਣ ਲਈ ਬਣਾਏ ਗਏ ਆਰੰਭਿਕ ਕਾਨੂੰਨਾਂ ਵਿੱਚ ਸਭ ਤੋਂ ਜ਼ਿਆਦਾ ਦਿਲਚਸਪ ਸਮਰਾਟ ਲੂਈ ਦਾ ਮਾਰਚ 1769 ਦਾ ਕਾਨੂੰਨ ਹੈ। ਇਸ ਕਾਨੂੰਨ ਅਨੁਸਾਰ ਵੇਸ਼ਵਾਵਾਂ ਨੂੰ ਗ੍ਰਿਫ਼ਤਾਰ ਕਰਕੇ ਤਿੰਨ ਮਹੀਨੇ ਤੱਕ ਸਿਰਫ਼ ਰੋਟੀ ਪਾਣੀ 'ਤੇ ਰੱਖਿਆ ਜਾਵੇ। ਬਾਅਦ ਵਿੱਚ "ਉਸ ਸਮੇਂ ਤੱਕ ਲਈ ਜਦੋਂ ਤੱਕ ਉਹ ਸੁਧਰ ਨਾ ਜਾਣ" ਉਹਨਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਜਾਂਦਾ। ਇਸ ਮਨੁੱਖਤਾਵਾਦੀ ਕਾਨੂੰਨ ਵਿੱਚ ਅੱਗੇ ਜਾ ਕੇ ਹੋਰ ਵੀ ਮਨੁੱਖਤਾਵਾਦੀ ਸੁਧਾਰ ਹੋਇਆ : ਜੇਲ੍ਹ ਵਿੱਚ ਹੀ ਵੇਸ਼ਵਾਵਾਂ ਦੇ ਇਲਾਜ ਦਾ ਪ੍ਰਬੰਧ ਕੀਤਾ ਗਿਆ। ਇਲਾਜ ਦਾ ਖਰਚਾ ਫ਼ੌਜ ਦੇ ਫੰਡ ਵਿੱਚੋਂ ਆਉਂਦਾ। ਸਿਫਲਿਸ ਦਾ ਓਦੋਂ ਤੱਕ ਕਿਉਂਕਿ ਕੋਈ ਕਾਰਗਰ ਇਲਾਜ ਨਹੀਂ ਸੀ, ਇਸ ਲਈ ਇਹ ਸੋਚ ਸਕਣਾ ਔਖਾ ਹੈ ਕਿ ਇਸ ਪ੍ਰਬੰਧ ਨਾਲ਼ ਵੇਸ਼ਵਾਵਾਂ ਨੂੰ ਕੀ ਲਾਭ ਹੁੰਦਾ ਹੋਵੇਗਾ। ਫਿਰ ਵੀ ਜੇ ਉਹ ਦੁਬਾਰਾ ਗ੍ਰਿਫ਼ਤਾਰ ਕੀਤੀਆਂ ਜਾਂਦੀਆਂ ਤਾਂ ਉਹਨਾਂ ਨੂੰ ਹੋਰ ਲੰਬੀ ਸਜ਼ਾ ਮਿਲਦੀ। ਇੱਕ ਗੱਲ ਜ਼ਰੂਰ ਹੈ। ਲੂਈ ਨੇ ਸਖ਼ਤ ਮਨਾਹੀ ਕਰ ਦਿੱਤੀ ਸੀ ਕਿ ਉਹਨਾਂ ਨੂੰ ਸਰੀਰਿਕ ਕਸ਼ਟ ਨਾ ਦਿੱਤੇ ਜਾਣ, ਨਾ ਹੀ ਉਹਨਾਂ ਦੀ ਖਿੱਲੀ ਉਡਾਈ ਜਾਵੇ। ਉਸ ਜ਼ਮਾਨੇ ਦੇ ਕੁੱਝ ਸਿਰਫਿਰੇ ਲੋਕਾਂ ਦਾ ਕਹਿਣਾ ਸੀ ਕਿ ਇਸ ਤਰਸ ਦਾ ਇੱਕ ਖਾਸ ਕਾਰਨ ਸੀ। ਉਹ ਇਹ ਕਿ ਬਾਦਸ਼ਾਹ ਲੂਈ ਦੇ ਦਰਬਾਰ ਵਿੱਚ ਕਾਫ਼ੀ ਵੇਸ਼ਵਾਵਾਂ ਗਿੱਝੀਆਂ ਹੋਈਆਂ ਸਨ ਅਤੇ ਉਹਨਾਂ ਨੇ ਬੜੇ ਉੱਚੇ-ਉੱਚੇ ਘਰਾਣੇ ਦੇ ਲੋਕਾਂ 'ਤੇ ਆਪਣਾ ਜਾਦੂ ਕੀਤਾ ਹੋਇਆ ਸੀ।

ਸੈਕਸ-ਰੋਗਾਂ ਵਿਰੁੱਧ ਸੰਘਰਸ਼ ਵਿੱਚ ਪ੍ਰਗਤੀ ਦੀ ਜਾਣ-ਪਛਾਣ ਸਾਨੂੰ ਫ਼ਰਾਂਸੀਸੀ ਇਨਕਲਾਬ ਦੌਰ ਦੇ ਗਣਿਤ ਮਾਹਿਰ ਕਾਰਨੌਟ ਦੀ ਰਿਪੋਰਟ ਤੋਂ ਮਿਲਦੀ ਹੈ। 1793 ਵਿੱਚ ਕਾਰਨੌਟ ਨੇ ਦੇਖਿਆ ਕਿ ਲੂਈ ਦੇ ਖੇਮੇ ਵਿੱਚ ਲਗਭਗ ਤਿੰਨ ਹਜ਼ਾਰ ਇਸਤਰੀਆਂ ਹਨ। ਉਸ ਨੇ ਸਿਫਲਿਸ ਦੀ ਦਹਿਸ਼ਤ ਨੂੰ ਦੇਖਿਆ। ਉਹਨੇ ਕਿਹਾ, ਦੁਸ਼ਮਣ ਦੇ ਹਥਿਆਰ ਜਿੰਨੇ ਲੋਕਾਂ ਦਾ ਨੁਕਸਾਨ ਕਰਦੇ ਹਨ ਉਸ ਤੋਂ ਦਸ ਗੁਣਾਂ ਜ਼ਿਆਦਾ ਨੁਕਸਾਨ ਸਿਫਲਿਸ ਦੀ ਬਿਮਾਰੀ ਕਰਦੀ ਹੈ। ਡਾਕਟਰਾਂ ਦੀ ਸਲਾਹ ਦਾ ਤ੍ਰਿਸਕਾਰ ਕੀਤਾ ਗਿਆ। ਨੈਪੋਲੀਅਨ ਦੇ ਰਾਜਕਾਲ ਵਿੱਚ ਸਰੀਰਕ ਕਸ਼ਟ ਦੇ ਦਿਨ ਕੁੱਝ-ਕੁੱਝ ਫਿਰ ਪਰਤ ਆਏ। ਸੈਕਸ ਰੋਗਾਂ ਤੋਂ ਪੀੜਤ ਇਸਤਰੀਆਂ ਵਿਰੁੱਧ ਨੈਪੋਲੀਅਨ ਨੇ ਕਈ ਹੁਕਮਨਾਮੇ ਜਾਰੀ ਕੀਤੇ। ਇਹਨਾਂ

ਹੁਕਮਨਾਮਿਆਂ ਵਿੱਚ ਕਿਹਾ ਗਿਆ ਕਿ ਉਹਨਾਂ ਇਸਤਰੀਆਂ ਦੇ ਵਾਲ਼ ਕੱਟ ਦਿੱਤੇ ਜਾਣ, ਉਹਨਾਂ ਦੇ ਮੂੰਹ 'ਤੇ ਕਾਲਖ ਫੇਰ ਦਿੱਤੀ ਜਾਵੇ ਅਤੇ ਖੁੱਲ੍ਹੇਆਮ ਉਹਨਾਂ ਦੀ ਬੇਇਜ਼ਤੀ ਕੀਤੀ ਜਾਵੇ। ਇਲਾਜ ਸਬੰਧੀ ਪ੍ਰਗਤੀ ਫਿਰ ਵੀ ਕੁੱਝ ਕੁੱਝ ਜਾਰੀ ਰਹੀ। ਕਈ ਥਾਵਾਂ 'ਤੇ ਤਾਂ ਸਥਾਨਿਕ ਅਧਿਕਾਰੀਆਂ ਨੂੰ ਇਸ ਰੋਗ ਤੋਂ ਪੀੜਿਤਾਂ ਲਈ ਇਲਾਜ-ਕੇਂਦਰ ਖੋਲ੍ਹਣੇ ਪਏ।

1811 ਵਿੱਚ ਜਰਮਨ ਫ਼ੌਜ ਦੇ ਸਭ ਤੋਂ ਵੱਡੇ ਕੇਂਦਰ ਰੋਸਟੌਕ ਵਿੱਚ ਡਾਕਟਰਾਂ ਦਾ ਕਿੱ ਦਲ ਨਿਯਤ ਕੀਤਾ ਗਿਆ। ਇਹ ਉਹਨਾਂ ਪਹਿਲੇ ਦਲਾਂ ਵਿੱਚੋਂ ਇੱਕ ਸੀ ਜੋ ਕਿਸੇ ਨਿਸ਼ਚਿਤ ਖੇਤਰ ਦੀਆਂ ਸਾਰੀਆਂ ਇਸਤਰੀਆਂ ਦੀ ਜਾਂਚ-ਪੜਤਾਲ ਲਈ ਨਿਯੁੱਕਤ ਕੀਤੇ ਗਏ ਸਨ। ਖਾਸ ਮਹੱਤਵ ਦੀ ਗੱਲ ਇਹ ਹੈ ਕਿ ਇਸ ਦਲ ਨੂੰ ਇਲਾਜ ਸਬੰਧੀ ਸਾਰੇ ਖਰਚਾ ਬਿਮਾਰ ਇਸਤਰੀਆਂ ਦੇ ਮਾਤਾ-ਪਿਤਾ ਜਾਂ ਵਿਭਚਾਰ ਲਈ ਕਮਰੇ ਦੇਣ ਵਾਲ਼ੇ ਲੋਕਾਂ ਤੋਂ ਵਸੂਲ ਕਰਨ ਦਾ ਹੱਕ ਸੀ।

ਕੁੱਝ ਹੀ ਦਿਨਾਂ ਬਾਅਦ ਇਸ ਸਮਾਜਿਕ ਬਿਮਾਰੀ ਨੂੰ ਰੋਕਣ ਲਈ ਰਾਜ ਵੱਲੋਂ ਪ੍ਰਬੰਧ ਕੀਤੇ ਜਾਮ ਲੱਗੇ। ਸੰਨ 1835 ਵਿੱਚ ਪ੍ਰਸ਼ਾ ਦੀ ਪੁਲਿਸ ਨੂੰ  ਹੁਕਮ ਮਿਲਿਆ ਕਿ ਜਿਨ੍ਹਾਂ-ਜਿਨ੍ਹਾਂ ਲੋਕਾਂ 'ਤੇ ਸਿਫਲਿਸ ਦਾ ਰੋਗੀ ਹੋਣ ਦਾ ਸ਼ੱਕ ਹੋਵੇ ਉਹਨਾਂ ਨੂੰ ਨਿਗਰਾਨੀ ਵਿੱਚ ਰੱਖਿਆ ਜਾਵੇ। ਜਦੋਂ ਇਹ ਯਤਨ ਵੀ ਅਸਫ਼ਲ ਰਿਹਾ, ਤਾਂ ਪ੍ਰਸ਼ਾ ਦੇ ਮੰਤਰੀ-ਮੰਡਲ ਨੇ ਹੋਰ ਸਖ਼ਤ ਕਾਨੂੰਨ ਪਾਸ ਕੀਤਾ। ਕਾਨੂੰਨ ਇਹ ਪਾਸ ਹੋਇਆ ਕਿ ਬਰਲਿਨ ਦੇ ਸਾਰੇ ਵੇਸ਼ਵਾਅੱਡੇ 18 ਮਹੀਨਿਆਂ ਦੇ ਅੰਦਰ-ਅੰਦਰ ਬੰਦ ਕਰ ਦਿੱਤੇ ਜਾਣ। ਬਹੁਤ ਸਾਰੇ ਵੇਸ਼ਵਾਅੱਡੇ ਬੰਦ ਵੀ ਕਰ ਦਿੱਤੇ ਗਏ। ਪਰ ਨਤੀਜਾ ਜੋ ਹੋਇਆ ਉਹ ਜ਼ਰਾ ਵੀ ਹਿੰਮਤ ਵਧਾਉਣ ਵਾਲ਼ਾ ਨਹੀਂ ਸੀ : ਉਸ ਖੇਤਰ ਦੇ ਫ਼ੌਜੀਆਂ ਵਿੱਚ ਸਿਫਲਿਸ ਰੋਗੀਆਂ ਦੀ ਸੰਖਿਆ ਹੋਰ ਵੀ ਵੱਧ ਗਈ। ਸੈਨਾਪਤੀ ਰੈਂਗਨ ਨੇ 1848 ਵਿੱਚ ਅਪੀਲ ਕੀਤੀ ਕਿ ਬੰਦ ਵੇਸ਼ਵਾਅੱਡੇ ਫਿਰ ਖੋਲ੍ਹ ਦਿੱਤੇ ਜਾਣ।

ਓਦੋਂ ਤੋਂ ਜਰਮਨੀ ਅਤੇ ਯੂਰਪ ਦੇ ਦੂਸਰੇ ਦੇਸ਼ਾਂ ਵਿੱਚ ਕਦੇ ਕਾਨੂੰਨ ਦਾ ਇੱਕਦਮ ਵਾਧਾ ਅਤੇ ਕਦੇ ਇੱਕਦਮ ਘਾਟਾ ਹੁੰਦਾ ਰਿਹਾ। ਕਦੇ ਤਾਂ ਪੁਲਿਸ ਇਸ ਗੰਦਗੀ ਦੀ ਸਫ਼ਾਈ 'ਤੇ ਕਮਰ ਕੱਸ ਕੇ ਵੇਸ਼ਵਾਅੱਡਿਆਂ ਨੂੰ ਬੰਦ ਕਰਨ ਵਿੱਚ ਰੁੱਝ ਜਾਂਦੀ ਅਤੇ ਕਦੇ ਪੁਲਿਸ ਦੁਆਰਾ ਨਿਯੁਕਤ ਗਿਣੇ-ਚੁਣੇ ਡਾਕਟਰਾਂ ਦੀ ਨਿਗਰਾਨੀ ਵਿੱਚ ਇਹਨਾਂ ਨੂੰ ਫਿਰ ਜਲਦੀ-ਜਲਦੀ ਖੋਲ੍ਹਣ ਦੀ ਜ਼ਰੂਰਤ ਆ ਪੈਂਦੀ।

ਬ੍ਰਿਟੇਨ ਦਾ ਤਜ਼ਰਬਾ ਖਾਸ ਦਿਲਚਸਪ ਹੈ। ਇੰਗਲੈਂਡ ਦਾ ਨੰਬਰ ਉਹਨਾਂ ਸੱਭਿਅਕ ਦੇਸ਼ਾਂ ਵਿੱਚ ਸਭ ਤੋਂ ਆਖਰੀ ਸੀ ਜਿਨ੍ਹਾਂ ਨੇ ਸਿਫਲਿਸ ਵਿਰੁੱਧ ਜ਼ੋਰਦਾਰ ਘੋਲ ਚਲਾਉਣ ਦੀ ਜ਼ਰੂਰਤ ਮਹਿਸੂਸ ਕੀਤੀ। ਇਸ ਦਾ ਕਾਰਨ ਸਿਰਫ਼ ਅੰਗਰੇਜ਼ਾਂ ਦੀ ਅਣਉਦਾਰਤਾ ਨਹੀ ਸੀ। ਖਾਸ ਕਾਰਨ ਇਹ ਸੀ ਕਿ ਬ੍ਰਿਟੇਨ ਨੇ ਡਾਕਟਰਾਂ ਨੇ ਯੂਰਪ ਵਿੱਚ ਕੀਤੇ ਗਏ ਪ੍ਰਯੋਗਾਂ ਦਾ ਬੜੀ ਤੱਤਪਰਤਾਂ ਨਾਲ਼ ਅਧਿਐਨ ਕੀਤਾ ਸੀ ਅਤੇ ਉਹ ਇਸ ਨਤੀਜੇ 'ਤੇ ਪਹੁੰਚੇ ਸਨ ਕਿ ਇਹ ਪ੍ਰਯੋਗ ਕਾਰਗਰ ਨਹੀਂ ਹੋਣਗੇ। ਫਿਰ ਵੀ, ਜੂਨ 1866 ਵਿੱਚ "ਕੁਝ ਜਲ ਸੈਨਾ ਅਤੇ ਫ਼ੌਜੀ ਕੇਂਦਰਾਂ ਵਿੱਚ ਛੂਤ ਦੀਆਂ ਬਿਮਾਰੀਆਂ ਨੂੰ ਕੁਸ਼ਲਤਾ ਨਾਲ਼ ਰੋਕਣ ਦਾ ਕਾਨੂੰਨ" ਪਾਸ

ਹੋਇਆ। ਇਸ ਨੂੰ ਆਮ ਤੌਰ ’ਤੇ ਛੂਤ ਦੀਆਂ ਬਿਮਾਰੀਆਂ ਨੂੰ ਰੋਕਣ ਦਾ ਕਾਨੂੰਨ ਕਹਿੰਦੇ ਸਨ। ਕਾਨੂੰਨ ਨੇ ਪੁਲਿਸ ਨੂੰ ਹੱਕ ਦੇ ਦਿੱਤਾ ਸੀ ਕਿ ਉਹ ਇਸਤਰੀਆਂ ਦੀ ਜ਼ਰੂਰੀ ਤੌਰ ’ਤੇ ਡਾਕਟਰੀ ਜਾਂਚ ਕਰਵਾਉਣ ਅਤੇ ਜ਼ਰੂਰਤ ਸਮਝਣ ਤਾਂ ਉਹਨਾਂ ਨੂੰ ਹਸਪਤਾਲ ਵਿੱਚ ਭਰਤੀ ਕਰਵਾ ਦੇਣ। ਇਸ ਕਾਨੂੰਨ ਤੋਂ ਕੁੱਝ ਹੀ ਦਿਨਾਂ ਵਿੱਚ ਸਿਫਲਿਸ ਰੋਗ ਮੱਲਾਹਾਂ ਅਤੇ ਫ਼ੌਜੀਆਂ ਵਿੱਚ ਬਹੁਤ ਘੱਟ ਹੋ ਗਿਆ। ਪਰ ਪਤਾ ਨਹੀਂ ਕਿਉਂ ਬ੍ਰਿਟਿਸ਼ ਪਾਰਲੀਮੈਂਟ ਨੇ ਅੱਠ ਸਾਲ ਬਾਅਦ ਇਸ ਕਾਨੂੰਨ ਨੂੰ ਰੱਦ ਕਰ ਦਿੱਤਾ।

ਪਹਿਲੇ ਮਹਾਂਯੁੱਧ ਤੋਂ ਕੁੱਝ ਹੀ ਦਿਨ ਪਹਿਲਾਂ ਬੇਹੱਦ ਪ੍ਰਸਿੱਧ ਅੰਗਰੇਜ਼ ਡਾਕਟਰ ਸਰ ਵਿਲਿਅਮ ਔਸਲਰ ਨੇ ਬ੍ਰਿਟੇਨ ਦੇ ਕੁੱਝ ਮੰਨੇ-ਪ੍ਰਮੰਨੇ ਡਾਕਟਰਾਂ ਦੇ ਦਸਖਤਾਂ ਨਾਲ਼ ‘ਟਾਈਮਜ਼’ ਅਖ਼ਬਾਰ ਵਿੱਚ ਇੱਕ ਖ਼ਤ ਛਪਵਾਇਆ। ਇਸ ਖ਼ਤ ਵਿੱਚ ਸੈਕਸ-ਰੋਗਾਂ ਦੇ ਵਾਧੇ ਲਈ ਚੇਤਾਵਨੀ ਦਿੱਤੀ ਗਈ ਸੀ। ਇਸ ਨੂੰ ਪੜ੍ਹ ਕੇ ਬ੍ਰਿਟਿਸ਼ ਲੋਕ ਹੈਰਾਨ ਹੋ ਗਏ। ਅੰਗਰੇਜ਼ੀ ਭਾਸ਼ਾ ਵਿੱਚ ਛਪਣ ਵਾਲ਼ਾ ਇਹ ਪਹਿਲਾ ਬਿਆਨ ਸੀ ਜਿਸ ਵਿੱਚ ਸਿਫਲਿਸ ਰੋਗ ਦਾ ਸਾਫ਼-ਸਾਫ਼ ਨਾਂ ਲਿਆ ਗਿਆ ਸੀ। ਚੇਤਾਵਨੀ ਦੇ ਫਲਸਰੂਪ ਹੀ ਏਸਕਿਵਥ-ਸਰਕਾਰ ਨੇ ਸੈਕਸ-ਰੋਗਾਂ ਸਬੰਧੀ “ਸਿਡੇਨਹਮ ਰਾਇਲ ਕਮਿਸ਼ਨ” ਦੀ ਸਥਾਪਨਾ ਕੀਤੀ ਸੀ।

ਇਸ ਕਮਿਸ਼ਨ ਨੇ ਜੰਗ ਦੌਰਾਨ ਆਪਣੀ ਰਿਪੋਰਟ ਪੇਸ਼ ਕੀਤੀ। ਉਹਨੇ ਔਸਲਰ ਦੀਆਂ ਗੱਲਾਂ ਦੀ ਪੁਸ਼ਟੀ ਕੀਤੀ। ਬ੍ਰਿਟੇਨ ਦੇ ਦਸ ਫੀਸਦੀ ਸ਼ਹਿਰੀ ਲੋਕ ਸਿਫਲਿਸ ਰੋਗ ਨਾਲ਼ ਪੀੜਿਤ ਸਨ। ਗਨੌਰੀਆ ਨਾਲ਼ ਪੀੜਿਤਾਂ ਦੀ ਸੰਖਿਆ ਹੋਰ ਵੀ ਜ਼ਿਆਦਾ ਸੀ। ਬ੍ਰਿਟੇਨ ਦੇ ਲਗਭਗ 63,000 ਨਿਵਾਸੀਆਂ ਦੀ ਹਰ ਸਾਲ ਸਿਫਲਿਸ ਨਾਲ਼ ਮੌਤ ਹੁੰਦੀ ਸੀ। ਤਪਦਿਕ ਨਾਲ਼ ਮਰਨ ਵਾਲ਼ਿਆਂ ਦੇ ਮੁਕਾਬਲੇ ਸਿਫਲਿਸ ਨਾਲ਼ ਮਰਨ ਵਾਲ਼ਿਆਂ ਦੀ ਸੰਖਿਆ ਕਿਤੇ ਜ਼ਿਆਦਾ ਸੀ। ਅੱਜ ਵੀ ਹਾਲਤ ਲਗਭਗ ਉਵੇਂ ਦੀ ਹੀ ਹੈ।

ਸੈਕਸ ਰੋਗਾਂ ਵਿਰੁੱਧ ਵਿਗਿਆਨਕ ਘੋਲ ਦੇ ਕ੍ਰਮਵਾਰ ਵਿਕਾਸ ਦਾ ਅਧਿਐਨ ਕਰਨ ਵਾਲ਼ਾ ਵਿਅਕਤੀ ਇਸ ਗੱਲ ’ਤੇ ਹੈਰਾਨ ਹੋਏ ਬਿਨਾਂ ਨਹੀਂ ਰਹਿ ਸਕਦਾ ਕਿ ਥੋੜ੍ਹੇ ਹੀ ਦਿਨ ਪਹਿਲਾਂ ਤੱਕ ਸੈਕਸ ਰੋਗਾਂ ਬਾਰੇ ਆਮ ਲੋਕ ਬਿਲਕੁੱਲ ਕੁੱਝ ਨਹੀਂ ਜਾਣਦੇ ਸਨ। ਸੈਕਸ ਰੋਗਾਂ ਵਿਰੁੱਧ ਵਿਗਿਆਨਕ ਉਪਾਵਾਂ ਨੂੰ ਅਪਣਾਉਣ ਵਿੱਚ ਸਮਾਜ ਨੇ ਕਿਉਂ ਇੰਨੀ ਦੇਰ ਕੀਤੀ ? ਅੱਜ ਦੇ ਮਾਹਿਰ ਇਸ ਦਾ ਸਾਰਾ ਦੋਸ਼ ਸਮਾਜਿਕ ਪਾਖੰਡ, ਧਰਮ ਜਾਂ ਥੋਥੀ ਵੱਡਪਣ ਭਾਵਨਾ ’ਤੇ ਮੜ੍ਹਦੇ ਹਨ। ਸੱਚਾਈ ਇਹ ਹੈ ਕਿ ਸੈਕਸ ਰੋਗ ਸਬੰਧੀ ਸਾਰੀਆਂ ਗੱਲਾਂ ਲੋਕਾਂ ਨੂੰ ਇਲਾਜ ਦੇ ਵਿਗਿਆਨਕ ਵਿਕਾਸ ਦੇ ਬਹੁਤ ਦਿਨ ਬਾਅਦ ਤੱਕ ਨਹੀਂ ਪਤਾ ਸਨ। ਇਸ ਗੱਲ ਵਿੱਚ ਵਿਸ਼ਵਾਸ ਥੋੜ੍ਹਾ ਘੱਟ ਹੁੰਦਾ ਹੈ ਕਿ ਮਨੁੱਖ ਜਾਤੀ ਨੂੰ ਇਹ ਪਤਾ ਲੱਗੇ ਬਹੁਤ ਥੋੜ੍ਹੇ ਦਿਨ ਹੋਏ ਹਨ ਕਿ ਮਨੁੱਖ ਦਾ ਜਨਮ ਸੈਕਸ-ਭੋਗ ਨਾਲ ਹੁੰਦਾ ਹੈ; ਪਰ ਇਹ ਗੱਲ ਬਿਲਕੁੱਲ ਸੱਚੀ ਹੈ।

ਯੂਨਾਨੀ ਸੱਭਿਅਤਾ ਦੇ ਵਿਕਾਸ ਤੋਂ ਪਹਿਲਾਂ ਇਸਤਰੀ ਦੇ ਗਰਭ ਧਾਰਨ ਕਰਨ ਦਾ ਸਿਹਰਾ ਰੱਬ ਦੀ ਮਾਇਆ ਨੂੰ ਦਿੱਤਾ ਜਾਂਦਾ ਸੀ। ਪਰ ਯੂਨਾਨੀ ਦਾਰਸ਼ਨਿਕਾਂ — ਜਿਨ੍ਹਾਂ ਦੀ ਬੁੱਧੀ ਅਤੇ ਯੋਗਤਾ ਨੂੰ ਬਾਅਦ ਦੇ ਇਤਿਹਾਸਕਾਰਾਂ ਨੇ ਬਹੁਤ ਵਧਾ-ਚੜ੍ਹਾ ਕੇ ਅੰਗਿਆ

ਹੈ — ਦੀ ਪਹੁੰਚ ਸਿਰਫ਼ ਇੱਥੋਂ ਤੱਕ ਹੋਈ ਸੀ ਕਿ ਇਸਤਰੀ ਦੇ ਗਰਭ ਧਾਰਨ ਕਰਨ ਦਾ ਸਿਹਰਾ ਰੱਬ ਦੀ ਮਾਇਆ ਨੂੰ ਨਾ ਹੋ ਕੇ ਇਸਤਰੀ ਨੂੰ ਹੈ। ਹਿਪੋਕਰੇਟੀਜ਼ ਨੇ ਆਪਣੀ ਬੇਹੱਦ ਪ੍ਰਸਿੱਧ ਰਚਨਾ ਮਨੁੱਖ ਦੀ ਪ੍ਰਕਿਰਤੀ (ਜੋ ਈਸਾ ਤੋਂ ਲਗਭਗ 400 ਸਾਲ ਪਹਿਲਾਂ ਲਿਖੀ ਗਈ ਸੀ) ਵਿੱਚ ਕਲਪਨਾ ਕੀਤੀ ਸੀ ਕਿ ਪੁਰਸ਼ ਅਤੇ ਇਸਤਰੀ ਵਿੱਚ "ਬੀਜ" ਮੌਜੂਦ ਰਹਿੰਦੇ ਹਨ — ਭਾਵੇਂ ਗਰਭ ਧਾਰਨ ਕਰਨ ਅਤੇ ਇਸਤਰੀ ਦੀ ਮਾਂਹਵਾਰੀ ਬਾਰੇ ਉਹ ਅਸਪੱਸ਼ਟ ਰਿਹਾ। ਅਰਸਤੂ ਨੇ ਮਨੁੱਖਾਂ ਅਤੇ ਪਸ਼ੂਆਂ ਦੀ ਕਿਰਿਆ ਦੀ ਤੁਲਨਾ ਕੀਤੀ। ਪਰ ਮੱਧਯੁੱਗ ਵਿੱਚ ਅਜਿਹੀਆਂ ਗੱਲਾਂ ਨੂੰ ਅਧਰਮੀ ਕਿਹਾ ਜਾਂਦਾ ਸੀ। ਉਸ ਦੌਰ ਵਿੱਚ ਮਨੁੱਖ ਨੂੰ ਹੋਰ ਸਾਰੇ ਜੀਵਾਂ ਤੋਂ ਉੱਤਮ ਮੰਨਿਆ ਜਾਂਦਾ ਸੀ।

ਪੱਛਮੀ ਵਿਗਿਆਨ ਦੇ ਵਿਕਾਸ ਦੇ ਬਹੁਤ ਪਹਿਲਾਂ ਹੀ ਚੀਨੀਆਂ ਨੇ ਇਸ ਦਿਸ਼ਾ ਵਿੱਚ ਬਹੁਤ ਤਰੱਕੀ ਕੀਤੀ। ਉਹਨਾਂ ਨੇ ਪੁਰਸ਼ ਅਤੇ ਨਾਰੀ ਦੇ "ਤੱਤਾਂ" 'ਤੇ ਕਾਫ਼ੀ ਸੋਚ-ਵਿਚਾਰ ਕੀਤਾ। ਉਹ ਇਸ ਨਤੀਜੇ 'ਤੇ ਪਹੁੰਚੇ ਕਿ ਆਪਣੇ ਆਪ ਨਾ ਤਾਂ ਪੁਰਸ਼ ਨਾ ਇਸਤਰੀ, ਬੱਚੇ ਨੂੰ ਜਨਮ ਦੇ ਸਕਦੇ ਹਨ। ਉਹਨਾਂ ਕੋਲ ਅਜਿਹੇ ਸ਼ਬਦ ਵੀ ਸਨ ਜਿਨ੍ਹਾਂ ਤੋਂ ਅਸੀਂ "ਬੱਚੇਦਾਨੀ" ਅਤੇ "ਵੀਰਜ" ਦਾ ਅਰਥ ਕੱਢ ਸਕਦੇ ਹਾਂ। ਉਹ ਜਾਣਦੇ ਸਨ ਕਿ ਇਸਤਰੀ ਦੀ ਮਾਂਹਵਾਰੀ ਅਤੇ ਇਸਤਰੀ ਦਾ ਗਰਭਵਤੀ ਹੋਣਾ ਦੋ ਵੱਖ-ਵੱਖ ਚੀਜਾਂ ਹਨ।

ਮੱਧ ਯੁੱਗ ਦੇ ਪੂਰੇ ਦੌਰ ਵਿੱਚ ਜੀਵਨ ਦੇ ਇਸ ਅਧਾਰ ਤੱਤ ਤੋਂ ਮਨੁੱਖ ਇੱਕਦਮ ਅਣਜਾਣ ਰਹੇ। ਸੈਕਸ ਬਾਰੇ ਸਿਰਫ਼ ਸੱਚ ਜਾਣਨ ਅਤੇ ਖੋਜਣ ਦੀ ਥਾਂ ਅੰਧਵਿਸ਼ਵਾਸ, ਟੂਣਿਆਂ-ਟੋਟਕਿਆਂ ਜੰਤਰਾਂ-ਮੰਤਰਾਂ ਅਤੇ ਝਾੜਫੂਕ ਨੇ ਲੈ ਲਈ ਸੀ। ਅਸੀਂ ਯਾਦ ਰੱਖੀਏ ਕਿ ਉਸ ਦੌਰ ਵਿੱਚ ਕਲਪਨਾ ਤੱਕ ਨਹੀਂ ਕੀਤੀ ਜਾ ਸਕੀ ਸੀ ਕਿ ਬੱਚੇ ਦਾ ਜਨਮ ਸਰੀਰਕ ਕਿਰਿਆ ਨਾਲ ਸਬੰਧਤ ਹੈ।

16ਵੀਂ ਸਦੀ ਵਿੱਚ ਲੀਬਨਹੁਕ ਨੇ ਮਾਈਕ੍ਰੋਸਕੋਪ ਬਣਾਈ। ਪਰੰਤੂ ਇੱਕ ਸੌ ਸਾਲ ਬਾਅਦ ਹੀ ਉਹ ਸਾਮਾਨ ਇਕੱਠਾ ਕੀਤਾ ਜਾ ਸਕਿਆ ਜਿਸ ਨਾਲ਼ ਛੋਟੀਆਂ ਚੀਜ਼ਾਂ ਵੱਡੀਆਂ ਦਿਖਾਈ ਪੈਂਦੀਆਂ ਹਨ। ਓਦੋਂ ਲੀਬੇਨਹੁਕ ਦੇ ਚੇਲੇ ਹੈਮ ਨੇ ਸ਼ੁਕਰਾਣੂਆਂ ਦਾ ਪਤਾ ਲਗਾਇਆ। ਇਸੇ ਦੌਰਾਨ ਲੀਬੇਨਹੁਕ ਦੇ ਇੱਕ ਦੂਸਰੇ ਚੇਲੇ ਗਰਾਫ ਨੂੰ ਅੰਡਕੋਸ਼ਾਂ ਦਾ ਪਤਾ ਲੱਗਿਆ। ਗਰਭਧਾਰਨ ਦੇ ਸਿਲਸਿਲੇ ਵਿੱਚ ਹੁਣ ਇੱਕ ਸਹੀ ਸਿਧਾਂਤ ਦੀ ਪੇਸ਼ਕਾਰੀ ਸੰਭਵ ਹੋ ਸਕੀ। ਫਿਰ ਵੀ, ਸ਼ੁਕਰਾਣੂਆਂ ਦੇ ਗਤੀਸ਼ੀਲ ਹੋਣ ਦਾ ਪਤਾ ਸੌ ਸਾਲ ਬਾਅਦ ਹੀ ਲੱਗਿਆ। ਇਸ ਦਾ ਪਤਾ ਲਗਾਉਣ ਵਾਲ਼ਾ ਸੀ ਸਪਾਲੰਜਨੀ। ਪਿਛਲੀ ਸਦੀ ਵਿੱਚ ਹੀ ਹਰਟਵਿਗ ਨੇ ਉਹ ਇਤਿਹਾਸਕ ਪ੍ਰਯੋਗ ਕੀਤਾ ਸੀ ਜਿਸ ਵਿੱਚ ਅੰਡਕੋਸ਼ਾਂ ਵਿੱਚ ਸ਼ੁਕਰਾਣੂਆਂ ਦਾ ਪ੍ਰਵੇਸ਼ ਦੇਖਿਆ ਗਿਆ। ਪੂਰਵ ਇਤਿਹਾਸਕ ਦੌਰ ਤੋਂ 1875 ਤੱਕ ਗਰਭਧਾਰਨ ਦੇ ਗਿਆਨ ਬਾਰੇ ਮਨੁੱਖ ਜਾਤੀ ਨਿਰੇ ਹਨ੍ਹੇਰੇ ਵਿੱਚ ਸੀ।

ਇਸ ਗੱਲ ਨੂੰ ਜ਼ੋਰ ਦੇ ਕੇ ਦੱਸਣ ਦੀ ਜ਼ਰੂਰਤ ਹੈ ਕਿ 1875 ਤੋਂ ਹੀ ਸਾਨੂੰ ਇਹ ਪਤਾ ਲੱਗਿਆ ਕਿ ਕਿਸ ਤਰ੍ਹਾਂ ਮਨੁੱਖ ਅਤੇ ਦੂਸਰੇ ਜੀਵਾਂ ਦਾ ਜਨਮ ਹੁੰਦਾ ਹੈ। ਇੰਦਰੀਆਂ ਬਾਰੇ ਗਿਆਨ ਪ੍ਰਾਪਤ ਕਰਨ ਵਿੱਚ ਮਨੁੱਖ ਜਾਤੀ ਨੂੰ ਕਿੰਨੇ ਟੇਢੇ-ਮੇਢੇ ਰਸੇਤ ਤੋਂ ਹੋ ਕੇ

ਲੰਘਣਾ ਪਿਆ ਹੈ, ਹੁਣ ਇਹ ਅਸੀਂ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਸੈਕਸ-ਰੋਗਾਂ ਨਾਲ਼ ਅਸੀਂ ਸਫ਼ਲਤਾਪੂਰਵਕ ਨਹੀਂ ਲੜ ਸਕੇ, ਤਾਂ ਇਸ ਦਾ ਕਾਰਨ ਇਸ ਸੀ ਕਿ ਇੰਦਰੀਆਂ ਬਾਰੇ ਸਾਡਾ ਗਿਆਨ ਹੀ ਅਧੂਰਾ ਸੀ; ਅਸੀਂ ਅਨੋਖੇ ਅੰਧਵਿਸ਼ਵਾਸਾਂ ਅਤੇ ਕੋਰੀਆਂ ਕਲਪਨਾਵਾਂ ਦੇ ਸ਼ਿਕਾਰ ਬਣੇ ਹੋਏ ਸੀ।

ਸੰਖੇਪ ਵਿੱਚ, ਇੰਦਰੀ ਰੋਗਾਂ ਵਿਰੁੱਧ ਘੋਲ ਲਗਭਗ ਤਿੰਨ ਸੌ ਸਾਲ ਪਹਿਲਾਂ ਸ਼ੁਰੂ ਹੋਇਆ। ਸ਼ੁਰੂ ਵਿੱਚ ਇਹ ਘੋਲ ਵਿਗਿਆਨਕ ਅਧਾਰ 'ਤੇ ਨਹੀਂ ਚਲਾਇਆ ਗਿਆ ਸੀ। ਜਿਵੇਂ-ਜਿਵੇਂ ਸਿਫਲਿਸ ਦੇ ਭਿਆਨਕ ਗਲਤ ਸਿੱਟਿਆ ਦਾ ਪਤਾ ਲੱਗਣ ਲੱਗਾ ਉਵੇਂ-ਉਵੇਂ ਇਸਦੇ ਨਿਵਾਰਨ ਦੇ ਉਪਾਅ ਖੋਜੇ ਜਾਣ ਲੱਗੇ। ਥੋੜ੍ਹੇ ਦਿਨਾਂ ਬਾਅਦ ਹੀ ਪਤਾ ਲੱਗਿਆ ਕਿ ਇਸ ਨੂੰ ਜ਼ਿਆਦਾ ਤੋਂ ਜ਼ਿਆਦਾ ਲੋਕਾਂ ਵਿੱਚ ਫੈਲਾਉਣ ਦਾ ਦਾਰੋਮਦਾਰ ਵੇਸ਼ਵਾਵਾਂ 'ਤੇ ਹੈ। ਵਿਭਚਾਰ ਦੇ ਬਜ਼ਾਰ ਦੀ ਬਦਨਾਮੀ ਬੜੀ ਤੇਜ਼ੀ ਨਾਲ਼ ਵਧੀ, ਭਾਵੇਂ ਕਈ ਸਾਲਾਂ ਤੱਕ ਵੇਸ਼ਵਾਘਰ ਸਮਾਜ ਲਈ ਜ਼ਰੂਰੀ ਮੰਨੇ ਜਾਂਦੇ ਸਨ। ਵਿਭਚਾਰ 'ਤੇ ਪਹਿਲਾਂ-ਪਹਿਲ ਹਮਲਾ ਬੋਲਿਆ ਇਲਾਜ ਨੇ; ਫਿਰ ਧਰਮ ਨੇ; ਅਤੇ ਫਿਰ ਕਾਨੂੰਨ ਨੇ।

ਪਰੰਤੂ ਦੋ ਸੌ ਸਾਲ ਤੱਕ ਅਨੈਤਿਕਤਾ ਵਿਰੁੱਧ ਘੋਲ ਬਹੁਤ ਹੀ ਢਿੱਲਾ ਢਾਲਾ ਅਤੇ ਅਸਫ਼ਲ ਰਿਹਾ।

ਫਿਰ ਆਇਆ "ਸਰਕਾਰੀ ਨਿਗਰਾਨੀ" ਦਾ ਯੁੱਗ। 'ਵਰਜਿਤ ਮੁਹੱਲਿਆ' ਦੀ ਸਥਾਪਨਾ ਹੋਈ ਅਤੇ ਕਿਸੇ ਹੱਦ ਤੱਕ ਉੱਥੇ ਡਾਕਟਰੀ ਕੰਟਰੋਲ ਲਾਗੂ ਕੀਤਾ ਗਿਆ। ਇਸੇ ਸਮੇਂ ਸੌਦਾਗਰੀ ਵਿੱਚ ਵਾਧਾ ਹੋਇਆ ਅਤੇ ਵਿਭਚਾਰ 'ਤੇ ਇਸ ਦਾ ਕਾਫ਼ੀ ਅਸਰ ਪਿਆ। ਇਸਤਰੀਆਂ ਦੀ ਵੀ ਸੌਦੇਬਾਜ਼ੀ ਸ਼ੁਰੂ ਹੋ ਗਈ। ਬੜੇ ਨਿਯਮਿਤ ਢੰਗ ਨਾਲ਼ ਵਿਭਚਾਰ ਲਈ ਇਸਤਰੀਆਂ ਤਿਆਰ ਕੀਤੀਆਂ ਜਾਣ ਲੱਗੀਆਂ। ਵਿਭਚਾਰ ਦੇ ਠੇਕੇ ਚਲਾਉਣ ਵਾਲ਼ੇ ਮਨ-ਮਰਜ਼ੀ ਦਾ ਮੁਨਾਫ਼ਾ ਕਮਾਉਣ ਲੱਗੇ। ਇਸ ਵਪਾਰ ਦੀ ਰੋਕਥਾਮ ਦੀ ਕੋਸ਼ਿਸ਼ ਕਾਨੂੰਨ ਨੇ ਕੀਤੀ। ਪਰ ਇਸ ਨਾਲ਼ ਮੁਨਾਫਾ ਇੰਨਾ ਹੋਣ ਲੱਗਿਆ ਸੀ ਕਿ ਕਾਨੂੰਨ ਨੂੰ ਉਸ ਦੇ ਸਾਹਮਣੇ ਸਿਰ ਝੁਕਾਉਣਾ ਪਿਆ।

ਯਾਨੀ, ਵਿਭਚਾਰ ਦੇ "ਖ਼ਾਤਮੇ ਦੀ ਲਹਿਰ" ਸ਼ੁਰੂ ਹੋਈ। ਨਵੇਂ-ਨਵੇਂ ਕਾਨੂੰਨ ਪਾਸ ਹੋਏ। ਜ਼ਿਆਦਾਤਰ ਦੇਸ਼ਾਂ ਵਿੱਚ ਇਸ ਕੰਮ ਲਈ ਪੁਲਿਸ ਦੇ ਖ਼ਾਸ ਦਸਤੇ ਨਿਯੁੱਕਤ ਕੀਤੇ ਗਏ। ਡਾਕਟਰਾਂ ਨੇ ਸੈਕਸ-ਰੋਗਾਂ ਵਿਰੁੱਧ ਦੁਗਣੇ ਜ਼ੋਰ ਨਾਲ਼ ਪ੍ਰਚਾਰ ਸ਼ੁਰੂ ਕਰ ਦਿੱਤਾ। ਗਿਰਜ਼ਿਆ ਵਿੱਚ ਵਿਭਚਾਰ ਵਿਰੁੱਧ ਧੂੰਆਂਧਰ ਭਾਸ਼ਣ ਦਿੱਤੇ ਜਾਣ ਲੱਗੇ। ਉਦੇਸ਼ ਸੀ ਵਿਭਚਾਰ ਦਾ ਖ਼ਾਤਮਾ ਕਰਨਾ; ਪਰ ਬੇਸਮਝੀ ਮੂਰਖਤਾ ਨੇ ਇਸ ਲਹਿਰ ਨੂੰ ਅਸਫ਼ਲ ਬਣਾ ਦਿੱਤਾ। 1938 ਤੱਕ ਮੈਗਜ਼ੀਨਾਂ ਅਤੇ ਅਖ਼ਬਾਰਾਂ ਵਿੱਚ ਸਿਫਲਿਸ ਅਤੇ ਗਨੋਰੀਆ ਦਾ ਜ਼ਿਕਰ ਕਰਨਾ ਹੀ ਅਸੱਭਿਅਤਾਪੂਰਨ ਮੰਨਿਆ ਜਾਂਦਾ ਸੀ।

ਪਹਿਲੇ ਮਹਾਂਯੁੱਧ ਦੇ ਬਾਅਦ ਇਹ ਲਹਿਰ ਆਪਣੀ ਹੀ ਕਮਜ਼ੋਰੀ ਕਰਕੇ ਠੰਡੀ ਪੈ ਗਈ। ਵਿਭਚਾਰ ਅਤੇ ਸੈਕਸ-ਰੋਗਾਂ ਦਾ ਹੁਣ ਹਰ ਦੇਸ਼ ਵਿੱਚ ਦਿਨ-ਦੂਣਾ ਰਾਤ-ਚੌਗੁਣਾ ਵਾਧਾ ਹੋਣ ਲੱਗਿਆ। ਯਾਨੀ, ਇਸ ਗੱਲ ਦਾ ਦ੍ਰਿੜ ਯਤਨ ਸ਼ੁਰੂ ਹੋਇਆ ਕਿ ਇਹਨਾਂ

ਵਿਰੁੱਧ ਘੋਲ ਨੂੰ ਵਿਗਿਆਨ 'ਤੇ ਅਧਾਰਿਤ ਕੀਤਾ ਜਾਵੇ। ਡਾਕਟਰੀ ਅਖ਼ਬਾਰਾਂ ਅਤੇ ਸਮਾਜਿਕ ਮੈਗਜ਼ੀਨਾਂ ਵਿੱਚ ਇਹਨਾਂ ਰੋਗਾਂ ਨਾਲ਼ ਪੀੜਿਤਾਂ ਦੀਆਂ ਸੈਂਕੜੇ ਰਿਪੋਰਟਾਂ ਨਿਕਲਣ ਲੱਗੀਆਂ। ਪਰ ਜੜ੍ਹਵਾਦੀ ਉਜੱਡ ਵਿਗਿਆਨ ਦੇ ਕੂੜੇ-ਕਰਕਟ ਹੇਠਾਂ ਅਨੈਤਿਕਤਾ ਦੀ ਵਿਆਪਕ ਸਮੱਸਿਆ ਅਤੇ ਪਿਆਰ, ਵਿਆਹ ਅਤੇ ਪਰਿਵਾਰ ਸਬੰਧੀ ਸਾਰੇ ਸਵਾਲ ਦਬ ਗਏ। ਵਿਭਚਾਰ-ਵਿਰੋਧੀ ਸਾਰੇ ਕੰਮਾਂ 'ਤੇ ਮਨੋਵਿਸ਼ਲੇਸ਼ਣ ਦਾ ਰੰਗ ਚੜ ਗਿਆ। ਪਾਪ ਨੂੰ ਉੱਚਿਤ ਠਹਿਰਾਉਣ ਵਾਲ਼ੇ ਨਵੇਂ ਸਿਧਾਤਾਂ ਦੀ ਰਚਨਾ ਵੀ ਕੀਤੀ ਜਾਣ ਲੱਗੀ। ਕਿਸੇ-ਕਿਸੇ ਸਿਧਾਂਤ ਨੂੰ ਤਾਂ ਡਾਕਟਰੀ ਹਮਾਇਤ ਵੀ ਪ੍ਰਾਪਤ ਹੋ ਗਈ। ਫਿਰ ਵੀ, ਇਸ ਸਵਾਲ ਦਾ ਕੋਈ ਉੱਤਰ ਨਾ ਮਿਲ ਸਕਿਆ ਕਿ ਇਸਤਰੀਆਂ ਅਨੈਤਿਕ ਕਿਸ ਕਾਰਨ ਹੋ ਜਾਂਦੀਆਂ ਹਨ।

ਦੂਸਰੇ ਦੇਸ਼ਾਂ ਵਿੱਚ ਵਿਭਚਾਰ ਬਾਰੇ ਭੱਦੀਆਂ ਤੋਂ ਭੱਦੀਆਂ ਗੱਲਾਂ ਬੜੀ ਗੰਭੀਰਤਾ ਨਾਲ਼ ਕਹੀਆਂ ਗਈਆਂ ਹਨ। ਹੇਠਾਂ ਅਸੀਂ ਕੁੱਝ ਉਦਾਹਰਣਾਂ ਪੇਸ਼ ਕਰਦੇ ਹਾਂ। ਉਹਨਾਂ ਨੂੰ ਤੁਸੀਂ ਸੁਣਿਆਂ ਵੀ ਹੋਵੇਗਾ।

1. ਵੇਸ਼ਵਾਵਾਂ ਬੜੇ ਨੀਚ ਕਿਰਦਾਰ ਵਾਲੀਆਂ ਇਸਤਰੀਆਂ ਹੁੰਦੀਆਂ ਹਨ। ਇਸ ਲਈ ਅਸੀਂ ਓਦੋਂ ਤੱਕ ਕੋਈ ਕਾਮਯਾਬੀ ਹਾਸਲ ਨਹੀਂ ਕਰ ਸਕਦੇ ਜਦੋਂ ਤੱਕ ਵਿਗਿਆਨਕ ਢੰਗ ਨਾਲ਼ ਅਸੀਂ ਤੰਦਰੁਸਤ ਪੁਰਸ਼ ਅਤੇ ਤੰਦਰੁਸਤ ਨਾਰੀ ਨੂੰ ਜਨਮ ਨਹੀਂ ਦਿੰਦੇ; ਜਾਂ ਜਦੋਂ ਤੱਕ ਧਾਰਮਿਕ ਮੁੜ ਉੱਥਾਨ ਮਨੁੱਖ ਜਾਤੀ ਦਾ ਉਦਾਰ ਨਹੀਂ ਕਰਦਾ।

2. ਪੁਰਸ਼ ਦਾ ਸੁਭਾਅ ਹੀ ਹੁੰਦਾ ਹੈ ਕਿ ਸੈਕਸ-ਤ੍ਰਿਪਤੀ ਲਈ ਉਹ ਇੱਕ ਤੋਂ ਵੱਧ ਇਸਤਰੀਆਂ ਦੀ ਮੰਗ ਕਰੇ। ਇਸ ਲਈ ਵਿਭਚਾਰ ਦਾ ਅੰਤ ਕਰ ਸਕਣਾ ਅਸੰਭਵ ਹੈ।

3. ਵਿਭਚਾਰ ਨੂੰ ਫੈਲਾਉਣ ਦੀ ਜ਼ਿੰਮੇਵਾਰੀ ਪੁਰਸ਼ਾਂ 'ਤੇ ਹੀ ਹੈ ਇਸ ਲਈ ਵਿਭਚਾਰ ਦਾ ਅੰਤ ਓਦੋਂ ਹੋ ਸਕਦਾ ਹੈ ਜਦੋਂ ਪੁਰਸ਼ ਸੌਂਹ ਖਾ ਲੈਣ ਕਿ ਕਦੇ ਵਿਭਚਾਰ ਦੀ ਹਮਾਇਤ ਨਹੀਂ ਕਰਨਗੇ।

4. ਬਹੁਤ ਸਾਰੀਆਂ ਬਦਚਲਣ ਇਸਤਰੀਆਂ ਪਹਿਲਾਂ ਬੜੀਆਂ ਚਰਿੱਤਰਵਾਨ ਲੜਕੀਆਂ ਸਨ। ਭੈੜੇ ਸਮਾਜਿਕ ਪ੍ਰਭਾਵਾਂ ਨੇ ਉਹਨਾਂ ਨੂੰ ਵਿਗਾੜ ਦਿੱਤਾ। ਯਾਣੀ, ਵਿਭਚਾਰ ਦੀ ਦਵਾਈ ਸਾਡੇ ਘਰਾਂ ਅਤੇ ਮੰਦਰਾਂ ਵਿੱਚ ਮੌਜੂਦ ਹੈ।

5. ਵਿਭਚਾਰ ਅਨੰਤ ਦੌਰ ਤੱਕ ਕਾਇਮ ਰਹੇਗਾ ਕਿਉਂਕਿ ਅਜਿਹੀਆਂ ਇਸਤਰੀਆਂ ਅਨੰਤ ਦੌਰ ਤੱਕ ਕਾਇਮ ਰਹਿਣਗੀਆਂ, ਜੋ ਜ਼ਿੰਦਗੀ ਦੀ ਮੌਜ ਦੀਆਂ ਲਹਿਰਾਂ ਵਿੱਚ ਸਦਾ ਤੈਰਦੀਆਂ ਰਹਿਣਾ ਚਾਹੁੰਦੀਆਂ ਹਨ।

6. ਸਾਰੀਆਂ ਵਿਭਚਾਰੀ ਇਸਤਰੀਆਂ ਮਿੱਲਾਂ-ਫੈਕਟਰੀਆਂ ਵਿੱਚ ਕੰਮ ਕਰਨ ਵਾਲ਼ੀਆਂ ਹੁੰਦੀਆਂ ਹਨ। ਇਸ ਲਈ ਵਿਭਚਾਰ ਦੇ ਖਾਤਮੇ ਦਾ ਇੱਕੋ-ਇੱਕ ਉਪਾਅ ਇਹੀ ਹੈ ਕਿ ਮਿੱਲਾਂ-ਫੈਕਟਰੀਆਂ ਵਿੱਚੋਂ ਇਸਤਰੀਆਂ ਦੀ ਭਰਤੀ ਬੰਦ ਕਰ ਦਿੱਤੀ ਜਾਵੇ।

7. ਵਿਭਚਾਰ ਵੱਲ ਆਮ ਕਰਕੇ ਉਹ ਲੜਕੀਆਂ ਝੁਕਦੀਆਂ ਹਨ ਜੋ ਅਣਵਿਆਹੀਆਂ ਮਾਵਾਂ ਬਣਨ ਦਾ ਅਪਮਾਨ ਸਹਿ ਚੁੱਕੀਆਂ ਹੁੰਦੀਆਂ ਹਨ।

8. ਅਨੈਤਿਕ ਇਸਤਰੀ ਦੀ ਚੇਤਨਾ ਵਿੱਚ ਜ਼ਰੂਰ ਹੀ ਇੱਕ ਨਾ ਇੱਕ ਪ੍ਰਕਾਰ ਦਾ

ਵਿਕਾਰ ਹੁੰਦਾ ਹੈ। ਇਸ ਲਈ ਕੁੱਝ ਵਿਭਚਾਰੀ ਇਸਤਰੀਆਂ ਨੂੰ ਤਾਂ ਜ਼ਰੂਰ ਹੀ ਮਨੋਵਿਸ਼ਲੇਸ਼ਣ ਦੀ ਸਹਾਇਤਾ ਨਾਲ਼ ਸੁਧਾਰਿਆ ਜਾ ਸਕਦਾ ਹੈ।

ਇਹਨਾਂ ਆਪਾ-ਵਿਰੋਧੀ, ਅੱਧੀਆਂ-ਝੂਠੀਆਂ, ਅੱਧੀਆਂ-ਸੱਚੀਆਂ ਗੱਲਾਂ ਤੋਂ ਅਸੀਂ ਕੀ ਲਾਭ ਲੈ ਸਕਦੇ ਹਾਂ ? ਕੁੱਝ ਨਹੀਂ। ਕੋਈ ਹੈਰਾਨੀ ਨਹੀਂ ਕਿ ਅਨੈਤਿਕਤਾ ਵਿਰੁੱਧ ਕਾਨੂੰਨ ਬਣਾਉਣ ਵਾਲੀਆਂ ਸੰਸਥਾਵਾਂ ਆਪਣਾ ਸਿਰ ਟਕਰਾ ਕੇ ਹਾਰ ਗਈਆਂ। ਕੋਈ ਵੀ ਕਾਨੂੰਨ ਲਾਗੂ ਨਹੀਂ ਕੀਤਾ ਜਾ ਸਕਿਆ ਕਿਉਂਕਿ ਹਰ ਕਾਨੂੰਨ ਦਾ ਡੱਟ ਕੇ ਵਿਰੋਧ ਕੀਤਾ ਗਿਆ।

ਕੁੱਝ ਹੀ ਸਾਲ ਪਹਿਲਾਂ ਪੌਲ ਦਿ ਕ੍ਰੀਫ਼ ਨਾਮੀ ਸੱਜਣ ਨੇ ਪੁਰਸ਼ਾਂ ਦੀ ਇੱਕ ਮੈਗਜ਼ੀਨ ਵਿੱਚ ਲੇਖ ਲਿਖ ਕੇ ਵਿਭਚਾਰ ਵੱਲ ਨਵਾਂ ਨਜ਼ਰੀਆ ਪੇਸ਼ ਕੀਤਾ ਸੀ। ਇਸ ਲੇਖ ਵਿੱਚ ਇੱਕ ਅਜਿਹੇ ਰਸਾਇਣ ਦੀ ਮੌਜੂਦਗੀ ਦੀ ਗੱਲ ਕਹੀ ਗਈ ਸੀ ਜਿਸ ਦੇ ਇਸਤੇਮਾਲ ਨਾਲ਼ ਇਸਤਰੀਆਂ ਗਰਭ ਅਤੇ ਸੈਕਸ-ਰੋਗਾਂ, ਦੋਵਾਂ ਦਾ ਹੀ ਨਿਰੋਧ ਕਰ ਸਕਣ; ਅਰਥਾਤ ਇਹ ਦਵਾਈ ਇਸਤਰੀਆਂ ਲਈ ਮਾਂ ਬਣਨ ਦੇ ਸੁੱਖ-ਭੋਗ ਨੂੰ ਤਾਂ ਸੰਭਵ ਬਣਾ ਦੇਵੇਗੀ ਪਰ ਮਾਂ ਬਣਨ ਦੇ ਦੁਖਦਾਈ ਨਤੀਜਿਆਂ ਦਾ ਡਰ ਨਹੀਂ ਰਹੇਗਾ। ਨਾ ਤਾਂ ਬੱਚਾ ਪੈਦਾ ਹੋਵੇਗਾ ਅਤੇ ਨਾ ਕਿਸੇ ਸੈਕਸ-ਰੋਗ ਦੇ ਹੋਣ ਦਾ ਡਰ ਰਹੇਗਾ।

ਇਹ ਦਵਾਈ ਕੁੱਝ ਹੋਰ ਨਹੀਂ ਸ਼੍ਰੀ ਕ੍ਰੀਫ਼ ਸਾਹਿਬ ਦੀ ਕਲਪਨਾ ਦੀ ਉਪਜ ਸੀ। ਪਰੰਤੂ ਉੱਪਰ ਪੇਸ਼ ਕੀਤੀਆਂ ਗਈਆਂ ਗੱਲਾਂ ਅਸੰਭਵ ਨਹੀਂ ਹਨ। ਅਜਿਹੀ ਦਵਾ ਲਈ ਕਾਫ਼ੀ ਡਾਕਟਰੀ ਖੋਜ ਜਾਰੀ ਹੈ ਜੋ ਗਰਭ ਨਿਰੋਧਕ ਵੀ ਹੋਵੇ ਅਤੇ ਜਿਸ ਨਾਲ਼ ਸੈਕਸ-ਰੋਗਾਂ ਦੇ ਵਿਨਾਸ਼ ਵਿੱਚ ਵੀ ਮਦਦ ਮਿਲੇ (ਜਦੋਂ ਕਿ ਅਜੇ ਤੱਕ ਅਜਿਹੀ ਕੋਈ ਦਵਾਈ ਮੌਜੂਦ ਨਹੀਂ) ਕਈ ਵਿਗਿਆਨਕ ਮੰਨਦੇ ਹਨ ਕਿ ਅਜਿਹੀ ਦਵਾਈ ਦੀ ਖੋਜ ਅਨੈਤਿਕਤਾ ਦੀ ਸਮੱਸਿਆ ਨੂੰ ਹੱਲ ਕਰ ਦੇਵੇਗੀ।

ਕੀ ਅਸੀਂ ਇਸ ਨਾਲ਼ ਸਹਿਮਤ ਹੋ ਸਕਦੇ ਹਾਂ ?

ਜਵਾਬ ਦੇਣ ਲਈ ਗੰਭੀਰ ਚਿੰਤਨ ਦੀ ਜ਼ਰੂਰਤ ਨਹੀਂ। ਸੈਕਸ-ਰੋਗਾਂ ਦਾ ਡਰ ਅਤੇ ਗਰਭਵਤੀ ਕਰ ਦਿੱਤੇ ਜਾਣ ਦਾ ਡਰ ਅਜਿਹੀਆਂ ਦੋ ਚੀਜ਼ਾਂ ਹਨ ਜੋ ਸੁਭਾਵਿਕ ਰੂਪ ਨਾਲ਼ ਵਿਭਚਾਰ ਦੀ ਰੋਕ-ਥਾਮ ਕਰ ਰਹੇ ਹਨ। ਇਹਨਾਂ ਦੋਵਾਂ ਡਰਾਂ ਕਾਰਨ ਜ਼ਿਆਦਾਤਰ ਲੜਕੀਆਂ ਅਤੇ ਪੁਰਸ਼ ਵਿਭਚਾਰ ਤੋਂ ਬਚਣ ਦਾ ਯਤਨ ਕਰਦੇ ਹਨ। ਇਹਨਾਂ ਡਰਾਂ ਦਾ ਖਾਤਮਾ ਅਨੈਤਿਕਤਾ ਨੂੰ ਬਹੁਤ ਜ਼ਿਆਦਾ ਵਧਾ ਦੇਵੇਗਾ। ਅੱਜ ਪਾਪ ਉਸੇ ਮਾਤਰਾ ਵਿੱਚ ਵੱਧ ਰਿਹਾ ਹੈ ਜਿਸ ਮਾਤਰਾ ਵਿੱਚ ਸੈਕਸ-ਰੋਗਾਂ ਤੋਂ ਬਚਣ ਅਤੇ ਗਰਭ ਧਾਰਨ ਤੋਂ ਬਚਣ ਦੇ ਤਰੀਕਿਆਂ ਦਾ ਗਿਆਨ ਆਮ ਲੋਕਾਂ ਵਿੱਚ ਫੈਲ ਰਿਹਾ ਹੈ। ਇਹ ਸੰਭਾਵਨਾ ਸੋਵੀਅਤ ਰੂਸ ਨੂੰ ਛੱਡ, ਲਗਭਗ ਹਰ ਜਗ੍ਹਾ ਮੌਜੂਦ ਹੈ। ਸੋਵੀਅਤ ਰੂਸ ਵਿੱਚ ਵਿਗਿਆਨ ਦਾ ਉਦੇਸ਼ ਸਿਰਫ਼ ਬਿਮਾਰਾਂ ਅਤੇ ਨਜ਼ਾਇਜ ਪੈਦਾਇਸ਼ ਦੇ ਬੱਚਿਆਂ ਦੇ ਅੰਕੜੇ ਇਕੱਠੇ ਕਰਨਾ ਹੀ ਨਹੀਂ ਸੀ। ਉਸ ਦਾ ਉਦੇਸ਼ ਕਿਤੇ ਜ਼ਿਆਦਾ ਨੈਤਿਕਤਾਪੂਰਨ ਸੀ। ਉਸ ਦਾ ਉਦੇਸ਼ ਸੀ : ਮਨੁੱਖ ਜਾਤੀ ਨੂੰ ਸੁਧਾਰਨਾ।

# ਇਸਤਰੀਆਂ ਦੀ ਖ਼ਰੀਦੋ-ਫਰੋਖ਼ਤ ਵਿਰੁੱਧ ਘੋਲ਼

ਇਸਤਰੀਆਂ ਵਿਭਚਾਰ ਨੂੰ ਆਪਣੀ ਜੀਵਕਾ ਰੋਜ਼ੀ ਦਾ ਕਿਉਂ ਬਣਾਉਂਦੀਆਂ ਹਨ ?

ਸੋਵੀਅਤ ਸਵਾਲਨਾਮੇ ਵਿੱਚ ਦਿੱਤੇ ਗਏ ਜਵਾਬ ਇੱਕੋ ਜਿਹੇ ਸਨ। ਥੋੜ੍ਹੇ ਜਾਂ ਬਹੁਤ ਸਮੇਂ ਲਈ ਆਪਣੀ ਰੋਜੀ ਦਾ ਅਧਾਰ ਇਸਤਰੀਆਂ ਵਿਭਚਾਰ ਨੂੰ ਕੰਗਾਲੀ ਅਤੇ ਆਰਥਿਕ ਔਕੜਾਂ ਕਾਰਨ ਬਣਾਉਂਦੀਆਂ ਹਨ। ਪਰ, ਇਹ ਜਵਾਬ ਸਿਰਫ਼ ਅੱਧਾ ਸੀ।

ਬਿਨਾਂ ਸ਼ੱਕ, ਰੂਸ ਦੀਆਂ ਜ਼ਿਆਦਾਤਰ ਇਸਤਰੀਆਂ ਨੇ ਗਰੀਬੀ ਦੀ ਸਮੱਸਿਆ ਦਾ ਹੱਲ ਅਨੈਤਿਕਤਾ ਨੂੰ ਨਹੀਂ ਮੰਨਿਆ। ਕਿਉਂ ? ਕੀ ਉਹ ਉਨ੍ਹਾਂ ਇਸਤਰੀਆਂ ਤੋਂ "ਜ਼ਿਆਦਾ ਚੰਗੀ ਹਾਲਤ" ਵਿੱਚ ਸਨ ਜਿਨ੍ਹਾਂ ਨੇ ਵਿਭਚਾਰ ਨੂੰ ਹੱਲ ਮੰਨਿਆ ਸੀ ?

ਬਿਲਕੁੱਲ ਨਹੀਂ। ਰੂਸੀ ਇਸਤਰੀਆਂ ਨੇ ਇਸ ਦਾ ਜਵਾਬ ਬੜੇ ਜ਼ੋਰਦਾਰ ਸ਼ਬਦਾਂ ਵਿੱਚ ਦਿੱਤਾ। ਵਿਭਚਾਰ ਦੇ ਵਪਾਰ ਦੀਆਂ ਸਿਰਫ਼ ਉਹ ਇਸਤਰੀਆਂ ਸ਼ਿਕਾਰ ਬਣੀਆਂ ਜਿਨ੍ਹਾਂ ਨੂੰ ਦੂਸਰੇ ਲੋਕਾਂ ਨੇ ਜਾਣ ਬੁੱਝ ਕੇ ਥਿੜਕਾਇਆ ਸੀ। ਕਿੰਨ੍ਹਾਂ ਲੋਕਾਂ ਨੇ ? ਉਹਨਾਂ ਲੋਕਾਂ ਨੇ ਨਹੀਂ ਜਿਨ੍ਹਾਂ ਨੇ ਪਹਿਲਾਂ-ਪਹਿਲਾਂ ਉਹਨਾਂ ਦੇ ਸਰੀਰ ਦਾ ਸੌਦਾ ਕੀਤਾ ਸੀ, ਸਗੋਂ ਉਹਨਾਂ ਪੁਰਸ਼-ਇਸਤਰੀਆਂ ਨੇ ਜੋ ਵੇਸ਼ਵਾਗਮਨੀ ਦੇ ਵਪਾਰ ਤੋਂ ਲੰਬੇ-ਚੌੜੇ ਮੁਨਾਫੇ ਕਮਾ ਰਹੇ ਸਨ; ਉਹ ਲੋਕ ਜੋ ਵਿਭਚਾਰ ਦੇ ਠੇਕੇ ਚਲਾਉਂਦੇ ਸਨ।

ਕੁੱਝ ਅਜਿਹੇ ਪਾਠਕ ਵੀ ਹੋ ਸਕਦੇ ਹਨ ਜੋ ਕਹਿਣਗੇ ਕਿ ਇਹਨਾਂ ਦੋਵਾਂ ਗੱਲਾਂ ਦਾ ਸਬੰਧ ਤਾਂ ਸਿਰਫ਼ ਰੂਸੀ ਇਸਤਰੀਆਂ ਨਾਲ ਹੈ। ਮੈਂ ਉਹਨਾਂ ਨੂੰ ਬੇਨਤੀ ਕਰੂੰਗਾ ਕਿ ਉਹ ਫਲੇਕਸਨਰ ਅਤੇ ਕੂਪਰ ਦੋਵੇਂ ਦੀਆਂ ਹੀ ਕਿਤਾਬਾਂ ਪੜ੍ਹਣ। ਰੂਸ ਵਿੱਚ ਸੰਨ 1923 ਵਿੱਚ ਇਹ ਦੋਵੇਂ ਹੀ ਗੱਲਾਂ ਜਿਵੇਂ ਲਾਗੂ ਹੁੰਦੀਆਂ ਸਨ, ਉਸੇ ਤਰ੍ਹਾਂ ਅੱਜ ਬਾਕੀ ਸਾਰੀ ਦੁਨੀਆਂ ਵਿੱਚ ਉਹ ਲਗਭਗ ਜਿਵੇਂ ਦੀਆਂ ਜਿਵੇਂ ਲਾਗੂ ਹੁੰਦੀਆਂ ਹਨ। ਵਿਭਚਾਰ ਇਸ ਲਈ ਕਾਇਮ ਹੈ ਕਿਉਂਕਿ ਅਥਾਹ ਭੁੱਖੀਆਂ-ਨੰਗੀਆਂ ਲੜਕੀਆਂ ਮੌਜੂਦ ਹਨ, ਇਸ ਲਈ ਕਿ ਵਿਭਚਾਰ ਦਾ ਵਪਾਰ ਕਰਨ ਨਾਲ਼ ਕਰਾਰਾ ਮੁਨਾਫਾ ਹੱਥ ਲੱਗਦਾ ਹੈ.

ਇਸਤਰੀਆਂ ਦਾ ਇਸ ਮੁਨਾਫੇ ਵਿੱਚ ਜ਼ਿਆਦਾ ਹਿੱਸਾ ਨਹੀਂ ਹੁੰਦਾ। ਪੁਰਸ਼ ਸਮੁਦਾਇ ਜਿਵੇਂ ਸੋਚਦਾ ਹੈ ਉਸ ਦੇ ਉਲਟ, ਅਜਿਹੀਆਂ ਇਸਤਰੀਆਂ ਦੀ ਸਾਲਾਨਾ ਆਮਦਨੀ ਬਹੁਤ ਘੱਟ ਹੁੰਦੀ ਹੈ। ਉਹਨਾਂ ਨੇ ਜੀਵਨ ਦੇ ਹਾਲਤ ਬੜੇ ਸ਼ਰਮਨਾਕ ਹੁੰਦੇ ਹਨ। ਰੂਸੀ ਇਸਤਰੀਆਂ ਵਿੱਚ ਗਿਣੀਆਂ-ਚੁਣੀਆਂ ਹੀ ਅਜਿਹੀਆਂ ਸਨ ਜਿਨ੍ਹਾਂ ਨੇ ਵਿਭਚਾਰ ਨੂੰ ਆਪਣਾ ਧੰਦਾ

ਬਣਾਉਣ ਦੀ ਗਰਜ ਨਾਲ਼ ਇਹ ਕੰਮ ਚੁਣਿਆ ਸੀ। ਹਜ਼ਾਰਾਂ ਨੇ ਦੱਸਿਆ ਕਿ ਇਹ ਜਾਣ ਸਕਣ ਤੋਂ ਪਹਿਲਾਂ ਹੀ ਉਹ ਅਨੈਤਿਕ ਬਣ ਰਹੀਆਂ ਹਨ, ਉਹ ਅਨੈਤਿਕ ਬਣ ਚੁੱਕੀਆਂ ਸਨ। ਉਹਨਾਂ ਨੂੰ ਕਦੇ-ਕਦੇ ਹੀ ਜ਼ਬਰਦਸਤੀ ਇਸ ਕੰਮ ਵਿੱਚ ਘਸੀਟਿਆ ਗਿਆ ਸੀ। ਜਾਂ ਤਾਂ ਉਹ ਇਕਦਮ ਕੰਗਾਲ ਸਨ, ਜਾਂ ਬਹੁਤ ਸਖ਼ਤ ਮਿਹਨਤ ਲਈ ਉਹਨਾਂ ਨੂੰ ਬਹੁਤ ਘੱਟ ਪੈਸਾ ਮਿਲਦਾ ਸੀ। ਜਾਂ ਫਿਰ ਉਹ ਖਾਲੀ ਬੈਠੀਆਂ ਮੱਖੀਆਂ ਮਾਰਿਆ ਕਰਦੀਆਂ ਸਨ। ਹੁਣ ਕੋਈ ਠੇਕੇਦਾਰ ਸਾਹਮਣੇ ਆਉਂਦਾ। ਉਹ (ਪੁਰਸ਼ ਜਾਂ ਇਸਤਰੀ) ਅਜਿਹੀ ਲੜਕੀ ਲਈ ਵਕਤ ਅਤੇ ਰਕਮ ਤੈਅ ਕਰ ਜਾਂਦਾ। ਇਹ ਰਕਮ ਆਮ ਤੌਰ 'ਤੇ ਬਹੁਤ ਜ਼ਿਆਦਾ ਨਾ ਹੁੰਦੀ ਸੀ। ਸੋਵੀਅਤ ਮਾਹਿਰਾਂ ਨੂੰ ਪਤਾ ਲੱਗਿਆ ਕਿ ਜ਼ਿਆਦਾਤਰ ਲੜਕੀਆਂ ਆਮ ਕਰਕੇ ਇੰਨੀਆਂ ਗਰੀਬ ਹੁੰਦੀਆਂ ਕਿ ਥੋੜ੍ਹੀ ਰਕਮ ਦਾ ਲਾਲਚ ਵੀ ਉਹਨਾਂ ਨੂੰ ਪਾਪ ਵੱਲ ਤੇਜ਼ੀ ਨਾਲ਼ ਘਸੀਟ ਲੈ ਜਾਂਦਾ। ਅਮਰੀਕਾ ਦੀ ਹਾਲਤ ਦੇ ਬਾਰੇ ਕੂਪਰ ਦਾ ਅਧਿਐਨ ਵੀ ਇਹੀ ਦੱਸਦਾ ਹੈ। ਉਹਨਾਂ ਦਾ ਕਹਿਣਾ ਹੈ, ਜੰਗ ਤੋਂ ਪਹਿਲਾਂ ਦੇ ਦਿਨਾਂ ਵਿੱਚ ਜ਼ਿਆਦਾਤਰ ਲੜਕੀਆਂ ਬਹੁਤ ਥੋੜ੍ਹੀ ਰਕਮ 'ਤੇ ਹੀ ਪੂਰੇ ਹਫ਼ਤੇ ਲਈ ਤਿਆਰ ਹੋ ਜਾਂਦੀਆਂ ਸਨ।

ਇਸ ਸਭ ਤੋਂ ਇਹੀ ਸਿੱਧ ਹੁੰਦਾ ਹੈ ਕਿ ਵਿਭਚਾਰ ਦੀ ਜੜ੍ਹ ਕੰਗਾਲੀ ਹੈ।

ਜਿਨ੍ਹੀਂ ਦਿਨੀਂ ਸਵਾਲਨਾਮਾ ਘੁਮਾਇਆ ਜਾ ਰਿਹਾ ਸੀ ਉਹਨੀਂ ਦਿਨੀਂ ਸੋਵੀਅਤ ਸਰਕਾਰ ਨੇ ਉਦਯੋਗਾਂ ਅਤੇ ਖੇਤੀ-ਬਾੜੀ ਦੀ ਮੁੜ ਜਥੇਬੰਦੀ ਸ਼ੁਰੂ ਕੀਤੀ ਹੀ ਸੀ। ਉਹਨੀਂ ਦਿਨੀਂ ਇਸਤਰੀਆਂ ਨੂੰ ਕੰਮ ਵੀ ਘੱਟ ਮਿਲਦੇ ਸਨ ਅਤੇ ਮਜ਼ਦੂਰੀ ਵੀ ਘੱਟ ਮਿਲਦੀ ਸੀ। ਸਵਾਲਨਾਮੇ ਵਿੱਚ ਇਸਤਰੀਆਂ ਨੂੰ ਨਾ ਤਾਂ ਸਬਜ਼ਬਾਗ ਦਿਖਾਏ ਗਏ ਅਤੇ ਨਾ ਉਹਨਾਂ ਨੂੰ ਬੇਹਤਰ ਕੰਮ ਦੇਣ ਦਾ ਵਾਇਦਾ ਕੀਤਾ ਗਿਆ ਸੀ। ਫਿਰ ਵੀ ਜ਼ਿਆਦਾਤਰ ਇਸਤਰੀਆਂ ਨੇ ਕਿਹਾ ਕਿ ਜੇਕਰ ਚੰਗਾ ਕੰਮ ਮਿਲਣ ਦੀ ਉਹਨਾਂ ਨੂੰ ਥੋੜ੍ਹੀ ਜਿਹੀ ਵੀ ਉਮੀਦ ਹੋਈ ਤਾਂ ਆਪਣਾ ਨੈਤਿਕ ਸੁਧਾਰ ਕਰ ਸਕਣ ਦੀ ਉਹਨਾਂ ਨੂੰ ਉਮੀਦ ਬੱਝ ਜਾਵੇਗੀ। ਆਪਣੇ ਪਤਣ ਦੇ ਆਰਥਿਕ ਕਾਰਨਾਂ ਤੋਂ ਉਹ ਭਲੀ-ਭਾਂਤੀ ਜਾਣੂੰ ਸਨ। ਬਹੁਤੀਆਂ ਨੇ ਕਿਹਾ ਕਿ ਅਸੀਂ ਆਪਣੇ ਬੱਚਿਆਂ ਨੂੰ ਪਾਲ ਰਹੀਆਂ ਹਾਂ। ਉਹਨਾਂ ਨੇ ਕਿਹਾ ਅਸੀਂ ਇਹੀ ਚਾਹੁੰਦੀਆਂ ਹਾਂ ਕਿ ਬੱਚੇ ਦੇ ਵੱਡੇ ਹੋਣ ਤੋਂ ਪਹਿਲਾਂ ਹੀ ਅਸੀਂ ਇਸ ਧੰਦੇ ਨੂੰ ਛੱਡ ਦੇਈਏ ਤਾਂ ਕਿ ਉਹਨੂੰ ਇਹ ਸੁਣ ਕੇ ਸ਼ਰਮਿੰਦਾ ਨਾ ਹੋਣਾ ਪਵੇ ਕਿ ਤੂੰ ਫਲਾਣੀ ਬਦਚਲਣ ਇਸਤਰੀ ਦਾ ਪੁੱਤਰ ਹੈਂ।

ਇਸ ਸਵਾਲਨਾਮੇ ਨੇ ਇੱਕ ਹੋਰ ਤੱਥ ਪੇਸ਼ ਕੀਤਾ ਜਿਸ ਨੂੰ ਸਾਰੇ ਮਨੋਵਿਗਿਆਨਕ, ਸਮਾਜਿਕ ਕਾਰਕੁੰਨ ਅਤੇ ਕੁਲੀਨ ਲੋਕ ਜਾਣਦੇ ਹਨ। ਹਾਂ, ਚੰਗੇ ਘਰਾਣਿਆਂ ਦੀਆਂ ਇਸਤਰੀਆਂ ਇਸ ਨੂੰ ਨਹੀਂ ਮੰਨਦੀਆਂ। ਬਹੁਤ ਥੋੜ੍ਹੀਆਂ ਹੀ ਲੜਕੀਆਂ ਅਜਿਹੀਆਂ ਹੁੰਦੀਆਂ ਹਨ ਜੋ ਆਪਣੀ ਜ਼ਰੂਰਤ ਤੋਂ ਜ਼ਿਆਦਾ ਤੇਜ਼ ਕਾਮ ਇੱਛਾ ਨੂੰ ਬੁਝਾਉਣ ਲਈ ਵਿਭਚਾਰ ਦਾ ਸਹਾਰਾ ਲੈਂਦੀਆਂ ਹਨ। ਰੂਸੀ ਇਸਤਰੀਆਂ ਨੇ ਪ੍ਰਵਾਨ ਕੀਤਾ ਕਿ ਇਸ ਤਰ੍ਹਾਂ ਦੇ ਜੀਵਨ ਨਾਲ਼ ਸੈਕਸ-ਭੋਗ ਵਾਸਤੇ ਨਫ਼ਰਤ ਹੀ ਪੈਦਾ ਹੁੰਦੀ ਹੈ। ਇਸ ਵਿੱਚ ਮਾਨਸਿਕ ਸੰਤੋਖ ਨਹੀਂ ਮਿਲਦਾ।

ਇਸ ਅਤੇ ਦੂਸਰੇ ਤੱਥਾਂ ਦੇ ਅਧਾਰ 'ਤੇ ਸੋਵੀਅਤ ਵਿਗਿਆਨਕ ਇਸ ਨਤੀਜੇ 'ਤੇ

ਪਹੁੰਚੇ ਕਿ ਜ਼ਿਆਦਾਤਰ ਵੇਸ਼ਵਾਵਾਂ ਸਾਧਾਰਨ ਸੁਭਾਅ ਦੀਆਂ ਹੁੰਦੀਆਂ ਹਨ। ਉਹਨਾਂ ਦੀ ਮਾਨਸਿਕ ਅਸਥਿਰਤਾ ਦੂਸਰੀਆਂ ਸਾਧਾਰਨ ਇਸਤਰੀਆਂ ਦੇ ਮੁਕਾਬਲੇ ਖਾਸ ਜ਼ਿਆਦਾ ਨਹੀਂ ਹੁੰਦੀ। ਜੇ ਚਰਿਤਣਵਾਨਤਾ ਨੂੰ ਛੱਡ ਉਹ ਵਿਭਚਾਰ ਵੱਲ ਝੁੱਕਦੀਆਂ ਹਨ ਤਾਂ ਇਸ ਦਾ ਕਾਰਨ ਉਹਨਾਂ ਦਾ ਸੁਭਾਅ ਨਹੀਂ, ਆਰਥਿਕ ਔਕੜਾਂ ਹਨ। ਸਾਡੇ ਦੇਸ਼ਾਂ ਵਿੱਚ ਆਮ ਤੌਰ 'ਤੇ ਲੋਕ ਇਹ ਸੋਚਦੇ ਹਨ ਕਿ ਬਦਚਲਣ ਇਸਤਰੀਆਂ ਨੂੰ ਫਿਰ ਤੋਂ ਸਮਾਜ ਦੇ ਲਾਇਕ ਬਣਾਉਣ ਦਾ ਇੱਕੋ-ਇੱਕ ਹੱਲ ਇਹੀ ਹੈ ਕਿ ਉਹਨਾਂ ਨੂੰ ਕਿਸੇ ਅਜਿਹੀ ਜਗ੍ਹਾ 'ਤੇ ਰੱਖਿਆ ਜਾਵੇ ਜਿੱਥੇ ਉਹਨਾਂ ਦੀ ਪੂਰੀ ਮਾਨਸਿਕ ਦੇਖਭਾਲ ਕੀਤੀ ਜਾ ਸਕੇ। ਇਹੀ ਗੱਲ ਗੈਰ-ਵਿਗਿਆਨਕ ਅਤੇ ਬਨਾਵਟੀ ਹੈ। ਇਸ ਦੇ ਫਲਸਰੂਪ ਇੱਕ ਤੋਂ ਇੱਕ ਹਾਸੋਹੀਣੀਆਂ ਯੋਜਨਾਵਾਂ ਬਣਨੀਆਂ ਸ਼ੁਰੂ ਹੋ ਜਾਂਦੀਆਂ ਹਨ। ਇਸਤਰੀਆਂ ਦੇ "ਸੁਧਾਰ-ਆਸ਼ਰਮ" ਕਾਇਮ ਹੁੰਦੇ ਹਨ; ਉਹਨਾਂ ਨੂੰ 'ਸਹੀ ਰਾਹ 'ਤੇ ਲਿਆਉਣ ਲਈ' ਇੱਕ ਤੋਂ ਇੱਕ ਢਕਵੰਜ ਤਿਆਰ ਕੀਤੇ ਜਾਂਦੇ ਹਨ। ਅੱਖਾਂ ਬੰਦ ਕਰ ਲਈਆਂ ਜਾਂਦੀਆਂ ਹਨ ਤਾਂ ਸਿਰਫ਼ ਕੰਗਾਲੀ ਵੱਲੋਂ। ਰੂਸ ਦੀਆਂ ਇਸਤਰੀਆਂ ਨੇ ਇਸ ਗੱਲ 'ਤੇ ਖਾਸ ਜ਼ੋਰ ਦਿੱਤਾ। ਉਹਨਾਂ ਨੇ ਕਿਹਾ : ਸਾਨੂੰ ਚੰਗਾ ਕੰਮ ਦਿਓ, ਅਸੀਂ ਖੁਦ ਨੂੰ ਸੁਧਾਰ ਲਵਾਂਗੀਆਂ।"

ਵਿਭਚਾਰ-ਵਪਾਰ ਦੇ ਬਾਰੇ ਉਹਨਾਂ ਦੇ ਜਵਾਬ ਦਿਲਚਸਪ ਸਨ। ਉਹਨਾਂ ਨੇ ਇਸ ਧਾਰਨਾ ਨੂੰ ਖ਼ਤਮ ਕਰ ਦਿੱਤਾ ਕਿ ਵਿਭਚਾਰ ਦੇ ਅੱਡੇ ਚਲਾਉਣ ਵਾਲ਼ੇ ਲੋਕ ਬੜੇ ਚਤੁਰ ਅਤੇ ਅਮੀਰ ਹੁੰਦੇ ਹਨ ਅਤੇ ਉਹਨਾਂ ਦੇ ਦਲ ਦੇ ਦਲ ਹੁੰਦੇ ਹਨ। ਉਹਨਾਂ ਨੇ ਰਹੱਸ ਵਿੱਚ ਛੁਪੇ ਠੇਕੇਦਾਰ ਨੂੰ ਆਪਣੇ ਅਸਲੀ ਰੂਪ ਵਿੱਚ ਖੜ੍ਹਾ ਕਰ ਦਿੱਤਾ। ਵਿਭਚਾਰ ਤੋਂ ਮੁਨਾਫਾ ਕਮਾਉਣ ਵਾਲ਼ੇ ਲੋਕ "ਸਾਧਾਰਨ ਆਦਮੀ" ਹੀ ਹੁੰਦੇ ਹਨ। ਰੂਸ ਦੀ ਉਹਨਾਂ ਦਿਨਾਂ ਦੀ ਹਾਲਤ ਨੂੰ ਆਪਣੀ ਅੱਜ ਦੀ ਹਾਲਤ 'ਤੇ ਲਾਗੂ ਕਰਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਵਿਭਚਾਰ ਤੋਂ ਮੁਨਾਫੇ ਆਉਣ ਵਾਲ਼ੇ ਜ਼ਿਆਦਾਤਰ ਲੋਕ ਹਨ — ਮੋਟਰ-ਡਰਾਈਵਰ, ਹੋਟਲਾਂ ਵਿੱਚ ਕੰਮ ਕਰਨ ਵਾਲੇ, ਗੁੰਡਾ-ਗਰਦੀ ਮਚਾਉਣ ਵਾਲ਼ੇ, ਨਸ਼ੇੜੀ ਆਦਿ। ਮੌਜ-ਮਸਤੀ ਦੀ ਥਾਂ ਵੀ ਇਹਨਾਂ ਲੋਕਾਂ ਦੇ ਅੱਡੇ ਹੁੰਦੇ ਹਨ। ਇਹਨਾਂ ਵਿੱਚ ਸਭ ਤੋਂ ਮੋਹਰੀ ਹੁੰਦੇ ਹਨ ਸਸਤੇ ਹੋਟਲਾਂ, ਧਰਮਸ਼ਾਲਾਵਾਂ ਅਤੇ ਮੁਸਾਫਰਾਂ ਦੇ ਠਹਿਰਣ ਦੀਆਂ ਥਾਵਾਂ ਦੇ ਮਾਲਕ।

ਇਹਨਾਂ ਤੱਥਾਂ ਅਤੇ ਸਿੱਟਿਆ 'ਤੇ ਪਹੁੰਚ ਕੇ ਸੋਵੀਅਤ ਹਾਕਮਾਂ ਨੇ ਆਪਣੇ ਦੇਸ਼ 'ਚੋਂ ਭ੍ਰਿਸ਼ਟਾਚਾਰ ਨੂੰ ਹਟਾਉਣ ਲਈ ਜੋ ਘੋਲ ਸ਼ੁਰੂ ਕੀਤਾ ਉਹ ਹੋਰ ਦੇਸ਼ਾਂ ਵਿੱਚ ਚਲਾਏ ਗਏ ਅੰਦੋਲਨਾਂ ਤੋਂ ਇਕਦਮ ਵੱਖਰਾ ਸੀ ਅਤੇ ਇੱਕ ਨਵੇਂ ਦ੍ਰਿਸ਼ਟੀਕੋਣ 'ਤੇ ਅਧਾਰਿਤ ਸੀ।

ਅਸੀਂ ਉਹਨੂੰ ਸੰਖੇਪ ਵਿੱਚ ਦੱਸਦੇ ਹਾਂ :

ਇਹ ਤੈਅ ਕਰ ਲੈਣ 'ਤੇ ਕਿ ਵਿਭਚਾਰ ਵਿਰੁੱਧ ਘੋਲ਼ ਚਲਾਇਆ ਜਾਵੇ, ਸੋਵੀਅਤ ਅਧਿਕਾਰੀਆਂ ਨੇ ਇਹ ਵੀ ਤੈਅ ਕੀਤਾ ਕਿ ਇਸ ਘੋਲ਼ ਨੂੰ ਵੇਸ਼ਵਾ-ਵਿਰੋਧੀ ਲਹਿਰ ਦਾ ਰੂਪ ਨਾ ਦਿੱਤਾ ਜਾਵੇ। ਜਥੇਬੰਦ ਵਿਭਚਾਰ ਨੂੰ ਸੋਵੀਅਤ ਰੂਸ ਵਿੱਚ ਇੱਕ ਸਮਾਜਿਕ ਦੋਸ਼ ਮੰਨਿਆ ਗਿਆ। ਉੱਥੇ ਮੰਨਿਆ ਗਿਆ ਕਿ ਇਸ ਦਾ ਕਾਰਨ ਇਸਤਰੀਆਂ ਦੀ ਗਰੀਬੀ ਅਤੇ ਇਸ ਦੇ ਵਪਾਰ ਤੋਂ ਆਉਣ ਵਾਲ਼ੀ ਰਕਮ ਹੈ।

ਇਸ ਨੀਤੀ ਦਾ ਅਧਾਰ ਕੀ ਸੀ ਇਹ ਗੋਰਕੀ ਦੇ ਹੇਠ ਲਿਖੇ ਵਾਕਾਂ ਤੋਂ ਸਪੱਸ਼ਟ ਹੈ : "ਸ਼ਾਇਦ ਦੁਨੀਆਂ ਵਿੱਚ ਜਦੋਂ ਕੋਈ ਵੀ ਗੁਲਾਮ ਨਹੀਂ ਰਹਿ ਜਾਵੇਗਾ, ਕੋਈ ਵੀ ਗਰੀਬ ਨਹੀਂ ਰਹਿ ਜਾਵੇਗਾ, ਤਾਂ ਇਨਸਾਨ ਆਦਰਸ਼ ਰੂਪ ਨਾਲ਼ ਚੰਗਾ ਬਣ ਜਾਵੇਗਾ। ਪਰ ਜੇਕਰ ਅਸੀਂ ਚਾਹੁੰਦੇ ਹਾਂ ਕਿ ਦੁਨੀਆਂ ਵਿੱਚ ਕੋਈ ਵੀ ਗਰੀਬ ਅਤੇ ਕੋਈ ਵੀ ਗੁਲਾਮ ਨਾ ਰਹਿ ਜਾਵੇ, ਤਾਂ ਸਾਨੂੰ ਉਹਨਾਂ ਲੋਕਾਂ ਵਿਰੁੱਧ ਸਖ਼ਤੀ ਨਾਲ਼ ਲੜਨਾ ਪਵੇਗਾ ਜੋ ਗੁਲਾਮਾਂ ਦੀ ਕਿਰਤ 'ਤੇ ਮੌਜ ਉਡਾਉਣ ਦੇ ਆਦੀ ਹਨ।"

ਸੰਨ 1925 ਵਿੱਚ ਸੋਵੀਅਤ ਸਰਕਾਰ ਨੇ ਆਪਣੇ ਸਿਧਾਤਾਂ ਨੂੰ ਅਮਲੀ ਰੂਪ ਦਿੱਤਾ। ਉਹਨੇ "ਵੇਸ਼ਵਾਗਮਨੀ ਵਿਰੁੱਧ ਘੋਲ਼ ਦਾ ਪ੍ਰੋਗਰਾਮ" ਨਾਮਕ ਕਾਨੂੰਨ ਪਾਸ ਕੀਤਾ। ਇਸ ਕਾਨੂੰਨ ਦੀ ਭੂਮਿਕਾ ਵਿੱਚ ਸਖ਼ਤ ਚੇਤਾਵਨੀ ਦਿੱਤੀ ਗਈ ਸੀ। ਇਸ ਵਿੱਚ ਦੱਸਿਆ ਗਿਆ ਸੀ ਕਿ ਵਿਭਚਾਰ ਅਤੇ ਸੈਕਸ-ਰੋਗ ਬੜੀ ਤੇਜ਼ੀ ਨਾਲ਼ ਵੱਧ ਰਹੇ ਹਨ। ਦੇਸ਼ ਦੀਆਂ ਸਾਰੀਆਂ ਹਾਕਮ ਸੰਸਥਾਵਾਂ ਟਰੇਡ ਯੂਨੀਅਨ, ਸਰਕਾਰੀ ਸੰਸਥਾਵਾਂ ਅਤੇ ਜਨਤਕ ਜਥੇਬੰਦੀਆਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਫੌਰਨ ਹੀ ਹੇਠ ਲਿਖੇ ਉਪਾਵਾਂ ਨੂੰ ਅਮਲ ਵਿੱਚ ਲਿਆਉਣ :

1. ਮਜ਼ਦੂਰ ਜਥੇਬੰਦੀਆਂ ਦੀ ਮਦਦ ਨਾਲ਼ ਮਜ਼ਦੂਰਾਂ ਦੀ ਹਥਿਆਰਬੰਦ ਸੁਰੱਖਿਆ ਫ਼ੌਜ ਮਜ਼ਦੂਰ ਇਸਤਰੀਆਂ ਦੀ ਛਾਂਟੀ ਹਰ ਹਾਲਤ ਵਿੱਚ ਬੰਦ ਕਰਨ। ਕਿਸੇ ਵੀ ਹਾਲਤ ਵਿੱਚ ਆਤਮ-ਨਿਰਭਰ, ਅਣਵਿਆਹੀਆਂ ਇਸਤਰੀਆਂ, ਗਰਭਵਤੀ ਇਸਤਰੀਆਂ, ਛੋਟੇ ਬੱਚਿਆਂ ਵਾਲ਼ੀਆਂ ਇਸਤਰੀਆਂ ਅਤੇ ਘਰ ਤੋਂ ਦੂਰ ਰਹਿਣ ਵਾਲੀਆਂ ਲੜਕੀਆਂ ਨੂੰ ਕੰਮ ਤੋਂ ਅਲੱਗ ਨਾ ਕੀਤਾ ਜਾਵੇ।

2. ਉਸ ਸਮੇਂ ਫੈਲੀ ਹੋਈ ਬੇਰੁਜ਼ਗਾਰੀ ਦੇ ਅੰਸ਼ਕ ਹੱਲ ਦੇ ਰੂਪ ਵਿੱਚ ਸਥਾਨਿਕ ਹਾਕਮ ਸੰਸਥਾਵਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਸਹਿਕਾਰੀ ਫ਼ੈਕਟਰੀਆਂ ਅਤੇ ਖੇਤਾਂ ਨੂੰ ਜਥੇਬੰਦ ਕਰਨ ਤਾਂ ਕਿ ਬੇਸਹਾਰਾ ਭੁੱਖੀਆਂ-ਨੰਗੀਆਂ ਇਸਤਰੀਆਂ ਨੂੰ ਕੰਮ 'ਤੇ ਲਾਇਆ ਜਾ ਸਕੇ।

3. ਇਸਤਰੀਆਂ ਨੂੰ ਸਕੂਲਾਂ ਅਤੇ ਪ੍ਰੇਖਣ-ਕੇਂਦਰਾਂ ਵਿੱਚ ਭਰਤੀ ਹੋਣ ਲਈ ਵਧਾਵਾ ਦਿੱਤਾ ਜਾਵੇ ਅਤੇ ਮਜ਼ਦੂਰ ਜਥੇਬੰਦੀਆਂ ਇਸ ਭਾਵਨਾਂ ਵਿਰੁੱਧ ਕਾਰਗਰ ਘੋਲ਼ ਚਲਾਉਣ ਕਿ ਇਸਤਰੀਆਂ ਨੂੰ ਮਿੱਲਾਂ-ਫੈਕਟਰੀਆਂ ਆਦਿ ਵਿੱਚ ਕੰਮ ਨਹੀਂ ਕਰਨਾ ਚਾਹੀਦਾ।

4. ਉਹਨਾਂ ਇਸਤਰੀਆਂ ਨੂੰ, ਜਿਨ੍ਹਾਂ ਦੇ ਰਹਿਣ ਦੀ "ਕੋਈ ਨਿਸ਼ਚਿਤ ਥਾਂ ਨਹੀਂ ਹੈ", ਅਤੇ ਉਹਨਾਂ ਲੜਕੀਆਂ ਨੂੰ ਜੋ ਪਿੰਡਾਂ ਤੋਂ ਸ਼ਹਿਰਾਂ ਵਿੱਚ ਆਈਆਂ ਹਨ, ਵਸਾਉਣ ਲਈ ਆਵਾਸ ਅਧਿਕਾਰੀ ਸਹਿਕਾਰੀ ਮਕਾਨਾਂ ਦਾ ਪ੍ਰਬੰਧ ਕਰਨ।

5. ਬੇਘਰੇ ਬੱਚਿਆਂ ਅਤੇ ਜਵਾਨ ਕੁੜੀਆਂ ਦੀ ਸੁਰੱਖਿਆ ਦੇ ਨਿਯਮ ਸਖ਼ਤੀ ਨਾਲ਼ ਲਾਗੂ ਕੀਤੇ ਜਾਣ।

6. ਸੈਕਸ-ਰੋਗਾਂ ਅਤੇ ਵੇਸ਼ਵਾਗਮਨੀ ਦੇ ਖ਼ਤਰੇ ਵਿਰੁੱਧ ਆਮ ਲੋਕਾਂ ਨੂੰ ਜਗਾਉਣ ਲਈ ਅਗਿਆਨ 'ਤੇ ਹਮਲਾ ਬੋਲਿਆ ਜਾਵੇ। ਆਮ ਲੋਕਾਂ ਵਿੱਚ ਇਹ ਭਾਵਨਾ ਜਗਾਈ

ਜਾਵੇ ਕਿ ਆਪਣੇ ਨਵੇਂ ਲੋਕਤੰਤਰ ਨਾਲ਼ ਅਸੀਂ ਇਨ੍ਹਾਂ ਖਰਾਬੀਆਂ ਨੂੰ ਕੱਢ ਸੁੱਟੀਏ।

ਇਹ ਸਭ ਆਰੰਭਿਕ ਹੁਕਮ ਸਨ। ਇਹਨਾਂ ਦਾ ਉਦੇਸ਼ ਦੇਸ਼ ਦੀਆਂ ਗਰੀਬ ਇਸਤਰੀਆਂ ਅਤੇ ਲੜਕੀਆਂ ਦੀ ਹਾਲਤ ਨੂੰ ਚੰਗਾ ਬਣਾਉਣਾ ਸੀ। ਪਰੰਤੂ ਸੋਵੀਅਤ ਅਧਿਕਾਰੀ ਚੰਗੀ ਤਰ੍ਹਾਂ ਜਾਣਦੇ ਸਨ ਕਿ ਵਿਭਚਾਰ ਦੀ ਕਾਈ ਸਮਾਜ ਦੇ ਹਰ ਪੱਧਰ ’ਤੇ ਚਿੰਬੜੀ ਹੋਈ ਹੈ। ਸਿਰਫ਼ ਆਰਥਿਕ ਬੋਝ ਨੂੰ ਹੌਲ਼ਾ ਕਰਨ ਨਾਲ਼ ਇਸ ਕਾਈ ਨੂੰ ਇਸ ਪੀੜ੍ਹੀ ਦੇ ਲੋਕਾਂ ਤੋਂ ਦੂਰ ਨਹੀਂ ਕੀਤਾ ਜਾ ਸਕਦਾ — ਸ਼ਾਇਦ ਅਗਲੀ ਪੀੜ੍ਹੀ ਦੇ ਲੋਕਾਂ ਤੋਂ ਵੀ ਨਹੀਂ। ਸਿੱਟੇ ਵਜੋਂ ਵਿਭਚਾਰ ’ਤੇ ਸਿੱਧਾ ਹਮਲਾ ਬੋਲਿਆ ਗਿਆ।

ਯਾਣੀ, ਕੇਂਦਰੀ ਅਧਿਕਾਰੀਆਂ ਨੇ ਤਿੰਨ ਹੋਰ ਰਾਜਕੀ ਐਲਾਨ ਜਾਰੀ ਕੀਤੇ :

ਪਹਿਲਾ : ਜ਼ਾਰਸ਼ਾਹੀ ਕਾਨੂੰਨ ਦੇ ਤਹਿਤ ਅਨੈਤਿਕ ਇਸਤਰੀਆਂ ਵਿਰੁੱਧ ਕਾਰਵਾਈ ਕਰਨ ਦੇ ਅਦਾਲਤਾਂ ਅਤੇ ਪੁਲਿਸ ਦੇ ਹੱਥਾਂ ਵਿੱਚ ਜੋ ਹੱਕ ਸਨ, ਉਹ ਰੱਦ ਕਰ ਦਿੱਤੇ ਗਏ।

ਦੂਜਾ : ਵਿਭਚਾਰ ਤੋਂ ਛੁਪਿਆ ਜਾਂ ਖੁੱਲ੍ਹਾ ਮੁਨਾਫਾ ਕਮਾਉਣ ਵਾਲਿਆਂ ਨੂੰ ਖ਼ਤਮ ਕਰਨ ਲਈ ਸਖ਼ਤ ਘੋਲ਼ ਵਿੱਢ ਦਿੱਤਾ ਗਿਆ. ਇਸ ਸਬੰਧ ਵਿੱਚ ਸਥਾਨਿਕ ਲੋਕ-ਸਰਕਾਰਾਂ ਨੂੰ ਹੁਕਮ ਦਿੱਤਾ ਗਿਆ ਕਿ ਉਹ ਓਨੀ ਹੀ ਸਖ਼ਤੀ ਦਾ ਰੁਖ ਅਪਣਾਉਣ ਜਿੰਨਾ ਵਿਭਚਾਰ ਦੇ ਠੇਕੇਦਾਰਾਂ ਦਾ ਹੈ।

ਤੀਸਰਾ : ਸੈਕਸ ਰੋਗਾਂ ਤੋਂ ਪੀੜਤ ਸਾਰੇ ਲੋਕਾਂ ਨੂੰ ਡਾਕਟਰੀ ਅਤੇ ਦਵਾ-ਦਾਰੂ ਸਬੰਧੀ ਮਦਦ ਮੁਫ਼ਤ ਦਿੱਤੀ ਜਾਵੇ।

ਸਿਹਤ ਰੱਖਿਆ ਸਬੰਧੀ ਸੰਸਥਾਵਾਂ ਦੀ ਨਿਗਰਾਨੀ ਵਿੱਚ ਇਹਨਾਂ ਨਿਯਮਾਂ ਨੂੰ ਲਾਗੂ ਕਰਨ ਲਈ ਅਧਿਕਾਰੀਆਂ ਦੇ ਦਲ ਨਿਯੁਕਤ ਕੀਤੇ ਗਏ। ਪਰ ਸ਼ੁਰੂ ਦੇ ਮਹੀਨਿਆਂ ਤੋਂ ਹੀ ਰੁਕਾਵਟਾਂ ਸਾਹਮਣੇ ਆਉਣ ਲੱਗੀਆਂ। ਆਰਥਿਕ ਬੰਦੋਬਸਤ ਦੇ ਲਾਭ ਤਾਂ ਦਿਖਾਈ ਦੇਣ ਲੱਗੇ, ਪਰ ਜਥੇਬੰਦ ਵਿਭਚਾਰ ਵਿਰੁੱਧ ਅਮਲੀ ਘੋਲ਼ ਦਾ ਕੋਈ ਨਤੀਜਾ ਨਹੀਂ ਨਿਕਲਿਆ। ਜ਼ਾਰਸ਼ਾਹੀ ਪੁਲਿਸ ਦੇ ਹੱਥ ਕੰਡਿਆਂ ਨੂੰ ਮਜ਼ਦੂਰਾਂ ਦੀ ਨਾਗਰਿਕ ਫ਼ੌਜ (ਮਿਲਿਸ਼ੀਆਂ) ਦੇ ਕੁੱਝ ਹਿੱਸੇ ਵੀ ਜਿਵੇਂ ਦੇ ਤਿਵੇਂ ਅਪਣਾ ਰਹੇ ਸਨ, ਕਿਉਂਕਿ ਅਨੈਤਿਕਤਾ ਵੱਲ ਨਵੇਂ ਰਵੱਈਏ ਨੂੰ ਇਹ ਲੋਕ ਪੂਰੀ ਤਰ੍ਹਾਂ ਸਮਝ ਨਹੀਂ ਸਕੇ ਸਨ। ਇਸ ਲਈ ਫਰਵਰੀ 1923 ਵਿੱਚ ਕਾਨੂੰਨ ਸਬੰਧੀ ਲੋਕ-ਕਮੇਟੀ ਨੇ ਅਪਰਾਧ-ਕਾਨੂੰਨਾਂ ਵਿੱਚ ਕਈ ਸੁਧਾਰ ਕੀਤੇ। ਹੇਠਾਂ ਦੀਆਂ ਦੋ ਧਰਾਵਾਂ ਦੇਖੋ :

“ਧਾਰਾ 170 : ਜੋ ਕੋਈ ਵੀ ਵਿਅਕਤੀਗਤ ਲਾਭ ਜਾਂ ਦੂਸਰੇ ਕਾਰਨਾਂ ਕਰਕੇ, ਸਰੀਰਕ ਜਾਂ ਨੈਤਿਕ ਦਬਾਅ ਕਰਕੇ, ਵੇਸ਼ਵਾਗਮਨੀ ਦੇ ਵਾਧੇ ਵਿੱਚ ਮਦਦ ਕਰੇਗਾ ਉਹਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਕੈਦ ਦੀ ਸਜ਼ਾ ਮਿਲੇਗੀ।”

“ਧਾਰਾ 171 : ਉਹ ਲੋਕ ਜੋ ਵੇਸ਼ਵਾਗਮਨੀ ਤੋਂ ਮੁਨਾਫਾ ਕਮਾਉਂਦੇ ਹਨ ਉਹਨਾਂ ਨੂੰ ਪਹਿਲੇ ਅਪਰਾਧ ਲਈ ਘੱਟ ਤੋਂ ਘੱਟ ਤਿੰਨ ਸਾਲ ਦੀ ਕੈਦ ਦੀ ਸਜ਼ਾ ਮਿਲੇਗੀ ਅਤੇ ਉਹਨਾਂ ਦੀ ਸਾਰੀ ਨਿੱਜੀ ਸੰਪਤੀ ਜ਼ਬਤ ਕਰ ਲਈ ਜਾਵੇਗੀ। ਜੇਕਰ ਅਪਰਾਧੀ ਦੀ ਦੇਖਰੇਖ ਜਾਂ ਨੌਕਰੀ ਵਿੱਚ ਕੋਈ ਵੇਸ਼ਵਾ ਮਿਲੇਗੀ ਅਤੇ ਉਸ ਦੀ ਉਮਰ 21 ਸਾਲ ਤੋਂ ਘੱਟ ਹੋਵੇਗੀ ਤਾਂ

ਅਪਰਾਧੀ ਨੂੰ ਘੱਟ ਤੋਂ ਘੱਟ ਪੰਜ ਸਾਲ ਦੀ ਕੈਦ ਦੀ ਸਜ਼ਾ ਮਿਲੇਗੀ।"

ਪਹਿਲਾਂ ਇੰਨ੍ਹਾਂ ਕਾਨੂੰਨਾਂ ਨੂੰ ਲਾਗੂ ਕਰਨ ਦੀ ਜ਼ਿੰਮੇਵਾਰੀ ਸਿਹਤ ਵਿਭਾਗ 'ਤੇ ਸੀ। ਜਨਵਰੀ 1924 ਵਿੱਚ ਇਹ ਜ਼ਿੰਮੇਵਾਰੀ ਘਰੇਲੂ ਮਾਮਲਿਆਂ ਦੀ ਲੋਕ-ਕਮਿਸਾਰੀਏਤ ਨੂੰ ਸੌਂਪ ਦਿੱਤੀ ਗਈ।

ਇੱਕ ਹੋਰ ਐਲਾਨ ਪ੍ਰਕਾਸ਼ਤ ਹੋਇਆ ਅਤੇ ਉਹ ਵੀ ਕਾਨੂੰਨ ਬਣ ਗਿਆ। ਇਸ ਦਾ ਨਾਂ ਸੀ : "ਵੇਸ਼ਵਾਗਮਨੀ ਵਿਰੁੱਧ ਘੋਲ਼ ਵਿੱਚ ਨਾਗਰਿਕ ਫ਼ੌਜ (ਮਿਲਿਸ਼ੀਆਂ) ਦੇ ਕੰਮ ਦਾ ਐਲਾਨ।" ਇਹ ਕਾਨੂੰਨ ਇਤਿਹਾਸ ਵਿੱਚ ਸਦਾ ਯਾਦ ਰੱਖਿਆ ਜਾਵੇਗਾ। ਇਹ ਪਹਿਲਾ ਕਾਨੂੰਨ ਸੀ ਜੋ ਜਥੇਬੰਦ ਵਿਭਚਾਰ ਦੀਆਂ ਸਮਾਜਿਕ ਬੁਨਿਆਦਾਂ ਨੂੰ ਖ਼ਤਮ ਕਰਨ ਵਿੱਚ ਕਾਮਯਾਬ ਹੋਇਆ। ਦੂਸਰੇ ਦੇਸ਼ਾਂ ਲਈ ਇਹ ਆਦਰਸ਼ ਕਾਨੂੰਨ ਹੈ। ਇਹ ਨੂੰ ਦੋ ਹਿੱਸਿਆ ਵਿੱਚ ਵੰਡਿਆ ਜਾ ਸਕਦਾ ਹੈ।

1. ਫ਼ੌਜ ਦੇ ਕੰਮਾਂ ਨੂੰ ਸਾਫ਼-ਸਾਫ਼ ਗਿਣਾਇਆ ਗਿਆ। ਇਸ ਦਾ ਕੰਮ ਸੀ ਵਿਭਚਾਰ ਦੇ ਅੱਡਿਆ ਦਾ ਪਤਾ ਲਗਾਉਣਾ। ਇਹ ਅੱਡੇ ਵੀ ਵਿਭਚਾਰ ਨਾਲ਼ ਪੈਦਾ ਹੋਣ ਵਾਲ਼ੇ ਮੁਨਾਫੇ ਨੂੰ ਕਾਇਮ ਰੱਖ ਰਹੇ ਸਨ। ਤਾਕੀਦ ਕਰ ਦਿੱਤੀ ਗਈ ਕਿ ਜੋ ਵੀ ਅਜਿਹੇ ਅੱਡਿਆ ਨੂੰ ਚਲਾਏਗਾ, ਕਿਰਾਏ 'ਤੇ ਦੇਵੇਗਾ, 'ਜਾਂ ਮਾਲਿਕ ਹੋਵੇਗਾ' ਜਾਂ ਜੋ ਇਸ ਦੇ ਲਈ ਗਾਹਕ ਜਾਂ ਇਸਤਰੀਆਂ ਲਿਆਏਗਾ ਉਹ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ ਅਤੇ ਅਪਰਾਧ ਕਾਨੂੰਨ ਦੀਆਂ ਧਾਰਾਵਾਂ ਮੁਤਾਬਿਕ ਉਹਨੂੰ ਸਜ਼ਾ ਦਿੱਤੀ ਜਾਵੇਗੀ। ਇਹ ਤਾਕੀਦ ਕੀਤੀ ਗਈ ਕਿ ਅਜਿਹੇ ਮਕਾਨ ਮਾਲਕਾਂ, ਮਕਾਨ ਮਾਲਕਣਾਂ, ਗਾਹਕ ਲਿਆਉਣ ਵਾਲਿਆਂ ਆਦਿ ਨੂੰ ਇਨਸਾਨਾਂ ਦਾ ਵਪਾਰ ਰਨ ਵਾਲਾ ਮੰਨਿਆ ਜਾਵੇਗਾ। ਉਹਨਾਂ ਨਾਲ਼ ਸਖ਼ਤੀ ਦਾ ਸਲੂਕ ਕੀਤਾ ਜਾਵੇਗਾ। ਫ਼ੌਜ ਨੂੰ ਹੁਕਮ ਦਿੱਤਾ ਗਿਆ ਕਿ ਉਹ ਮੌਜ ਮਸਤੀ ਦੀਆਂ ਥਾਵਾਂ ਅਤੇ ਖਾਣਪੀਣ ਘਰਾਂ 'ਤੇ ਖਾਸ ਨਿਗਰਾਨੀ ਰੱਖਣ — ਖਾਸ ਤੌਰ 'ਤੇ ਜਦੋਂ ਮੰਨੇ-ਪ੍ਰਮੰਨੇ ਅੱਡਿਆ 'ਤੇ ਛਾਪਾ ਮਾਰਿਆ ਜਾ ਚੁੱਕਿਆ ਹੋਵੇ। ਹਰ ਹਾਲਤ ਵਿੱਚ ਅਜਿਹੀਆਂ ਥਾਵਾਂ ਦੇ ਮਾਲਕਾਂ ਦਾ ਪਤਾ ਲਗਾਇਆ ਜਾਵੇ, ਉਹਨਾਂ ਦਾ ਅਪਰਾਧ ਦੱਸਿਆ ਜਾਵੇ ਅਤੇ ਉਹਨਾਂ ਨੂੰ ਸਜ਼ਾ ਦਿੱਤੀ ਜਾਵੇ। ਭਾਵੇਂ ਉਹ ਲੱਖ ਕਹਿਣ ਕਿ ਸਾਨੂੰ ਨਹੀਂ ਪਤਾ ਸੀ ਕਿ ਸਾਡੀਆਂ ਥਾਵਾਂ 'ਤੇ ਅਜਿਹਾ ਕੰਮ ਜਾਰੀ ਹੈ। ਅਜਿਹੀਆਂ ਸਾਰੀਆਂ ਥਾਵਾਂ ਨੂੰ ਜਿਨ੍ਹਾਂ ਦੇ ਵਿਭਚਾਰ ਦੇ ਅੱਡੇ ਹੋਣ ਦਾ ਸ਼ੱਕ ਹੈ ਓਦੋਂ ਤੱਕ ਲਈ ਬੰਦ ਕਰ ਦਿੱਤਾ ਜਾਵੇ ਜਦੋਂ ਤੱਕ ਇਨ੍ਹਾਂ ਅੱਡਿਆਂ ਦੇ ਮਾਲਕਾਂ ਅਤੇ ਵਿਭਚਾਰ ਚਲਾਉਣ ਵਾਲਿਆਂ ਨਾਲ਼ ਪੂਰੀ ਤਰ੍ਹਾਂ ਨਿੱਬੜ ਨਾ ਲਿਆ ਜਾਵੇ। (ਸਾਡੇ ਦੇਸ਼ਾਂ ਵਿੱਚ ਅਜਿਹੇ ਸਖ਼ਤ ਪਰ ਜ਼ਰੂਰੀ, ਕਾਨੂੰਨਾਂ ਨੂੰ ਲਾਗੂ ਕਰਨ ਦੀ ਗੱਲ ਤਾਂ ਕਦੇ ਸੋਚੀ ਵੀ ਨਹੀਂ ਗਈ। ਵੇਸ਼ਵਾਅੱਡਾ ਇੱਕ ਅਜਿਹੀ ਜਗ੍ਹਾ ਹੁੰਦਾ ਹੈ ਜਿੱਥੇ ਖਰੀ ਰਕਮ ਹੱਥ ਆਉਂਦੀ ਹੈ। ਪੁਲਿਸ ਨੇ ਲੱਖ ਛਾਪੇ ਮਾਰੇ ਹੋਣ ਪਰ ਮਕਾਨ ਮਾਲਕ ਗੁਪਤ ਹੀ ਰਹਿੰਦਾ ਹੈ। ਅਜਿਹੇ ਮਾਮਲਿਆਂ ਦੀ ਲਪੇਟ ਵਿੱਚ ਉਸ ਦਾ ਨਾਮ ਤੱਕ ਨਹੀਂ ਆਉਂਦਾ)।

2. ਫ਼ੌਜ ਅਤੇ ਲੋਕਾਂ ਨੂੰ ਚੇਤਾਵਨੀ ਦਿੱਤੀ ਗਈ ਕਿ ਅਨੈਤਿਕ ਇਸਤਰੀਆਂ ਵਿਰੁੱਧ ਕੋਈ ਸਖ਼ਤੀ ਦਾ ਵਰਤਾਓ ਨਾ ਕੀਤਾ ਜਾਵੇ। ਹੈਰਾਨੀ ਵਿੱਚ ਪਾਉਣ ਵਾਲ਼ੀ ਇੱਕ

ਅਜਿਹੀ ਵੀ ਧਾਰਾ ਸੀ ਜਿਸ ਵਿੱਚ ਕਿਹਾ ਗਿਆ ਕਿ ਵੇਸ਼ਵਾਵਾਂ ਨੂੰ ਗ੍ਰਿਫ਼ਤਾਰ ਨਾ ਕੀਤਾ ਜਾਵੇ। ਉਹਨਾਂ ਨੂੰ ਅਦਾਲਤਾਂ ਵਿੱਚ ਲਿਆਇਆ ਜਾ ਸਕਦਾ ਸੀ ਤਾਂ ਠੇਕੇਦਾਰਾਂ ਵਿਰੁੱਧ ਸਿਰਫ਼ ਗਵਾਹੀ ਦੇਣ ਲਈ।(ਇੱਕ ਅਸਾਧਾਰਨ ਕਾਨੂੰਨ ਦੁਆਰਾ ਬਹੁਤ ਛੋਟੀ ਉਮਰ ਦੀਆਂ ਲੜਕੀਆਂ ਨੂੰ 'ਮਜ਼ਦੂਰਾਂ ਅਤੇ ਕਿਸਾਨਾਂ ਦੀ ਨਿਗਰਾਨੀ ਦੀਆਂ ਜਥੇਬੰਦੀਆਂ ਨਾਮਕ ਜਾਂਚ-ਪੜਤਾਲ ਦੀ ਸੰਸਥਾ ਦੇ ਸਾਹਮਣੇ ਲਿਆਉਣ ਦੀ ਇਜਾਜ਼ਤ ਦਿੱਤੀ ਗਈ ਸੀ।) ਵਿਭਚਾਰ ਦੇ ਅੱਡਿਆਂ 'ਤੇ ਛਾਪਾ ਮਾਰ ਕੇ ਕਿਵੇਂ ਦਾ ਵਰਤਾਓ ਕੀਤਾ ਜਾਵੇ, ਇਹਨੂੰ ਵੀ ਕਾਨੂੰਨ ਵਿੱਚ ਸਾਫ਼-ਸਾਫ਼ ਦੱਸਿਆ ਗਿਆ ਸੀ। ਛਾਪਾ ਮਾਰਨ ਵਾਲਿਆਂ ਨੂੰ ਹੁਕਮ ਦਿੱਤਾ ਗਿਆ ਸੀ ਕਿ ਉੱਥੋਂ ਦੀਆਂ ਇਸਤਰੀਆਂ ਨੂੰ ਉਹ ਸਮਾਜਿਕ ਰੂਪ ਵਿੱਚ ਬਰਾਬਰ ਸਮਝਣ। ਉਹਨਾਂ ਨੂੰ ਉਹਨਾਂ ਮੱਕਾਰ ਠੇਕੇਦਾਰਾਂ ਦੇ ਸ਼ਿਕੰਜਿਆਂ ਵਿੱਚ ਫਸੀਆਂ ਬੇਬੱਸ ਇਸਤਰੀਆਂ ਸਮਝਣ। ਭਾਵੇਂ ਕੋਈ ਇਸਤਰੀ ਫ਼ੌਜ ਵੱਲ ਸਖ਼ਤ ਵਤੀਰਾ ਕਿਉਂ ਨਾ ਅਪਣਾਏ, ਉਸ ਨਾਲ਼ ਆਦਰਯੋਗ ਭਾਸ਼ਾ ਵਿੱਚ ਹੀ ਗੱਲਬਾਤ ਕੀਤੀ ਜਾਵੇ ਅਤੇ ਉਸਦਾ ਕੋਈ ਅਪਮਾਨ ਨਾ ਕੀਤਾ ਜਾਵੇ। ਅਫ਼ਸਰਾਂ ਨੂੰ ਕਿਸੇ ਅਨੈਤਿਕ ਇਸਤਰੀ ਦਾ ਨਾਮ ਅਤੇ ਪਤਾ ਲੈਣ ਦਾ ਹੱਕ ਨਹੀਂ ਦਿੱਤਾ ਗਿਆ ਸੀ। ਸਪੱਸ਼ਟ ਹੈ ਸਾਡੇ ਦੇਸ਼ਾਂ ਦੇ ਕਿਸੇ ਵੀ ਪੁਲਿਸ ਅਫ਼ਸਰ ਨੂੰ ਇਹ ਨਿਯਮ ਬੜੇ ਹੀ ਅਜੀਬ ਅਤੇ ਬੇਤੁਕੇ ਲੱਗਣਗੇ ਇੱਥੇ ਤਾਂ ਵੇਸ਼ਵਾਵਾਂ ਨੂੰ ਇਨਸਾਨ ਤੋਂ ਹੇਠਲੇ ਦਰਜ਼ੇ ਦੀ ਚੀਜ਼ ਸਮਝਣਾ ਆਮ ਗੱਲ ਹੈ ਪਰ ਨਵੇਂ ਕਾਨੂੰਨਾਂ ਦਾ ਅਸਰ ਉੱਥੇ ਤੁਰੰਤ ਦੇਖਣ ਵਿੱਚ ਆਇਆ। ਪਹਿਲਾਂ ਫ਼ੌਜ, ਫਿਰ ਇਸ ਘੋਲ਼ ਨਾਲ਼ ਸਬੰਧਤ ਟਰੇਡ ਯੂਨੀਅਨਾਂ ਵਰਗੀਆਂ ਜਥੇਬੰਦੀਆਂ ਅਤੇ ਫਿਰ ਹੌਲ਼ੀ ਹੌਲ਼ੀ ਆਮ ਲੋਕ ਸਮਝਣ ਲੱਗੇ ਕਿ ਜ਼ਿੰਦਗੀ ਦੀਆਂ ਹਾਲਤਾਂ ਦੇ ਦਬਾਅ ਅਤੇ ਮੁਨਾਫਾ ਕਮਾਉਣ ਵਾਲ਼ੇ ਠੇਕੇਦਾਰਾਂ ਦੇ ਵਸ ਪੈ ਕੇ ਹੀ ਇਸਤਰੀਆਂ ਵਿਭਚਾਰ ਨੂੰ ਆਪਣੀ ਰੋਜੀ ਦਾ ਸਾਧਨ ਬਣਾਉਣ 'ਤੇ ਮਜਬੂਰ ਹੁੰਦੀਆਂ ਹਨ।

ਨਤੀਜੇ ਕੀ ਨਿਕਲੇ ?

ਠੇਕੇਦਾਰਾਂ ਅਤੇ ਵੇਸ਼ਵਾਘਰਾਂ ਦੇ ਮਾਲਕਾਂ ਦੀ ਅਦਾਲਤਾਂ ਵਿੱਚ ਭੀੜ ਲੱਗਣ ਲੱਗੀ। ਉੱਥੋਂ ਉਹ ਜੇਲ੍ਹਾ ਵਿੱਚ ਪਹੁੰਚਾਏ ਜਾਣ ਲੱਗੇ। ਜਿਵੇਂ ਕਿ ਉਮੀਦ ਸੀ ਹੀ, ਇਨ੍ਹਾਂ ਲੋਕਾਂ ਨੇ ਵਿਰੋਧੀ ਸੰਘਰਸ਼ ਛੇੜ ਦਿੱਤਾ। ਸੋਵੀਅਤ ਅਖ਼ਬਾਰ 'ਸੰਪਾਦਕਾਂ ਦੇ ਨਾਮ ਖ਼ਤਾਂ' ਨਾਲ਼ ਭਰਨ ਲੱਗੇ। ਆਮ ਤੌਰ 'ਤੇ ਇਨ੍ਹਾਂ ਖ਼ਤਾਂ ਵਿੱਚ ਨੈਤਿਕਤਾ ਸਬੰਧੀ ਲੰਬੀਆਂ ਚੌੜੀਆਂ ਗੱਲਾਂ ਕੀਤੀਆਂ ਜਾਂਦੀਆਂ। ਇਹਨਾਂ ਵਿੱਚ ਕਿਹਾ ਜਾਂਦਾ ਕਿ ਸੋਵੀਅਤ ਸਰਕਾਰ ਵੇਸ਼ਵਾਵਾਂ ਨੂੰ ਪਨਾਹ ਦੇ ਕੇ ਅਤੇ ਭੋਲੇ-ਭਾਲੇ ਮਕਾਨ-ਮਾਲਕਾਂ ਨੂੰ ਸਜ਼ਾ ਦੇ ਕੇ ਘੋਰ ਪਾਪ ਕਰ ਰਹੀ ਹੈ। ਪਰਦੇ ਪਿੱਛੇ ਲੁਕੇ ਲੋਕਾਂ ਨੂੰ ਜਿਵੇਂ-ਜਿਵੇਂ ਫ਼ੌਜ ਫੜ-ਫੜ ਕੇ ਸਾਹਮਣੇ ਲਿਆਉਣ ਲੱਗੀ ਉਵੇਂ ਉਵੇਂ ਉਹਨਾਂ ਦਾ ਚੀਕ ਚਿਹਾੜਾ ਹੋਰ ਵੀ ਵੱਧਣ ਲੱਗਾ। ਉਹਨਾਂ ਦੇ ਵਿਰੋਧ ਦਾ ਓਹੀ ਰੂਪ ਸੀ ਜਿਸ ਤੋਂ ਦੂਸਰੇ ਦੇਸ਼ਾਂ ਦੇ ਪੁਲਿਸ ਅਫ਼ਸਰ ਚੰਗੀ ਤਰ੍ਹਾਂ ਜਾਣੂੰ ਹਨ : ਅਰਥਾਤ 'ਧਾਰਮਿਕ' ਅਤੇ 'ਕਾਨੂੰਨੀ' ਲੱਫ਼ਾਜੀ ਦੀ ਆਤਿਸ਼ਬਾਜੀ ਦਾਗ ਕੇ ਵਿਭਚਾਰ-ਵਿਰੋਧੀ ਲਹਿਰ ਨੂੰ ਕਮਜ਼ੋਰ ਕਰਨਾ। ਪਰੰਤੂ ਸੋਵੀਅਤ ਅਧਿਕਾਰੀਆਂ ਨੇ ਇਸ ਚੀਕ-ਚਿਹਾੜੇ ਦਾ ਜਵਾਬ ਫ਼ੌਜ ਵੱਲ ਵੀ ਸਖ਼ਤ ਕਾਰਵਾਈ ਨਾਲ਼ ਦਿੱਤਾ।

ਹੁਣ ਤੱਕ ਬਚੇ ਠੇਕੇਦਾਰਾਂ ਨੇ ਰੌਲ਼ਾ ਪਾਨਾ ਸ਼ੁਰੂ ਕਰ ਦਿੱਤਾ ਕਿ ਸੋਵੀਅਤ ਸਰਕਾਰ ਹੋਟਲਾਂ ਦੇ ਮਾਲਕਾਂ ਅਤੇ ਦੂਸਰੇ ਸੰਪਤੀਸ਼ਾਲੀ ਲੋਕਾਂ ਨੂੰ ਸਜ਼ਾ ਦੇ ਕੇ ਘੋਰ ਅਨਿਆਂ ਕਰ ਰਹੀ ਹੈ। ਇਸ ਦਾ ਜਵਾਬ ਘਰੇਲੂ ਮਾਮਲਿਆਂ ਦੇ ਕਮਿਸਾਰ ਨੇ ਸਖ਼ਤ ਸ਼ਬਦਾਂ ਵਿੱਚ ਦਿੱਤਾ। ਉਹਨਾਂ ਨੇ ਕਿਹਾ ਕਿ ਜਥੇਬੰਦ ਵਿਭਚਾਰ ਵਰਗੇ ਭਿਆਨਕ ਅਪਰਾਧ ਨੂੰ ਹੱਲਾਸ਼ੇਰੀ ਦੇਣ ਵਾਲ਼ੇ ਕਿਸੇ ਵੀ ਵਿਅਕਤੀ ਨੂੰ ਸਮਾਜ ਮਾਫ਼ ਨਹੀਂ ਕਰ ਸਕਦਾ। ਠੇਕੇਦਾਰਾਂ ਦੀ ਇੱਕ ਦਲੀਲ ਇਹ ਵੀ ਸੀ ਕਿ ਵੇਸ਼ਵਾਵਾਂ ਨੂੰ ਆਪਣਾ ਧੰਦਾ ਜਾਰੀ ਰੱਖਣ ਦਾ "ਹੱਕ" ਹੈ। ਅਧਿਕਾਰੀਆਂ ਨੇ ਸਵਾਲਨਾਮੇ ਦਾ ਜ਼ਿਕਰ ਕਰਦੇ ਹੋਏ ਇਸ ਦਲੀਲ ਦਾ ਜਵਾਬ ਦਿੱਤਾ। ਉਹਨਾਂ ਨੇ ਕਿਹਾ, ਇਸਤਰੀਆਂ ਨੇ ਵਿਭਚਾਰ ਨੂੰ ਮਜਬੂਰੀ ਦੀ ਹਾਲਤ ਵਿੱਚ ਅਪਣਾਇਆ ਹੈ ਅਤੇ ਸਮਾਜ ਦਾ ਇਹ ਕਰਤੱਵ ਹੈ ਕਿ ਉਹ ਉਹਨਾਂ ਨੂੰ ਚੰਗੇ ਕੰਮ ਦੇ ਕੇ ਵਿਭਚਾਰ ਤੋਂ ਮੁਕਤ ਕਰੇ।

ਸੰਨ 1926 ਦੇ ਖ਼ਤਮ ਹੁੰਦੇ-ਹੁੰਦੇ ਇੱਕ ਹੋਰ ਸਮੱਸਿਆ ਆਈ। ਮਾਸਕੋ ਤੋਂ ਪ੍ਰਕਾਸ਼ਤ ਹੋਣ ਵਾਲ਼ੇ ਅਖ਼ਬਾਰ 'ਇਜ਼ਵੇਸੀਤਆ' ਦੇ ਸੰਪਾਦਕੀ ਨੇ ਇਸ ਸਮੱਸਿਆ ਨੂੰ ਲੋਕਾਂ ਸਾਹਮਣੇ ਪੇਸ਼ ਕੀਤਾ। ਸਮੱਸਿਆ ਸੀ ਗਾਹਕਾਂ ਦੀ। ਨੈਤਿਕ ਸੁਧਾਰ ਦੀਆਂ ਯੋਜਨਾਵਾਂ ਵਿੱਚ ਸੋਵੀਅਤ ਰੂਸ ਨੇ ਇੱਕ ਨਵਾਂ ਕਦਮ ਚੁੱਕਿਆ। ਵੇਸ਼ਵਾਗਮਨੀ ਵਿਰੁੱਧ ਘੋਲ਼ ਹੁਣ ਤੱਕ ਉਹਨਾਂ ਕਾਨੂੰਨਾਂ ਦੇ ਜ਼ੋਰ 'ਤੇ ਹੀ ਚਲਾਇਆ ਗਿਆ ਸੀ ਜਿਨ੍ਹਾਂ ਦਾ ਅਸੀਂ ਉਪਰ ਜ਼ਿਕਰ ਕੀਤਾ ਹੈ। ਹੁਣ ਇਕਦਮ ਨੈਤਿਕ ਮਸਲਾ ਪੇਸ਼ ਹੋਇਆ। ਉਹਨਾਂ ਵੇਸ਼ਵਾਵਾਂ ਦੇ 'ਗਾਹਕਾਂ' 'ਤੇ ਹਮਲਾ ਸ਼ੁਰੂ ਹੋਇਆ।

'ਇਜ਼ਵੇਸੀਤਆ' ਵਿੱਚ ਵਿਭਚਾਰ ਤੋਂ ਮੁਨਾਫਾ ਕਮਾਉਣ ਵਾਲ਼ਿਆਂ ਦੇ ਸਫ਼ਲਤਾਪੂਰਵਕ ਦਮਨ ਦੀਆਂ ਖ਼ਬਰਾਂ ਛੱਪ ਚੁੱਕੀਆਂ ਸਨ। ਸੰਪਾਦਕੀ ਵਿੱਚ ਕਿਹਾ ਗਿਆ ਕਿ ਵੇਸ਼ਵਾਗਮਨੀ ਦਾ ਖਾਤਮਾ ਹੋਰ ਵੀ ਸਹਿਜ ਬਣਾਇਆ ਜਾ ਸਕਦਾ ਹੈ। ਜੇਕਰ ਸਾਰੀਆਂ ਇਸਤਰੀਆਂ ਲਈ ਚੰਗੇ ਕੰਮ ਦਾ ਪ੍ਰਬੰਧ ਹੋ ਜਾਵੇ। ਪਰ ਇਸ ਦੌਰ ਵਿੱਚ ਪੂਰੀ ਤਰ੍ਹਾਂ ਇਹ ਜ਼ਰੂਰੀ ਹੈ ਕਿ ਪੁਰਸ਼ ਸਮੁਦਾਇ ਵੀ ਨਵਾਂ ਨੈਤਿਕ ਦ੍ਰਿਸ਼ਟੀਕੋਣ ਅਪਣਾਏ। ਸੰਪਾਦਕੀ ਦੇ ਸ਼ਬਦ ਇਹ ਸਨ : "ਜੇ ਕਿਸੇ ਵਿਅਕਤੀ ਲਈ ਇਸਤਰੀਆਂ ਦੇ ਠੇਕੇ ਚਲਾਉਣਾ ਅਪਰਾਧ ਹੈ ਤਾਂ ਇਸਤਰੀਆਂ ਦੇ ਸਰੀਰ ਨੂੰ ਕੁੱਝ ਸਮੇਂ ਲਈ ਖਰੀਦਣਾ ਅਤੇ ਉਹਨਾਂ ਦੇ ਆਤਮ-ਸਨਮਾਨ ਨੂੰ ਭੰਗ ਕਰਨਾ ਵੀ ਓਨਾਂ ਹੀ ਵੱਡਾ ਅਪਰਾਧ ਹੈ।"

ਵਿਭਚਾਰ ਦੇ ਇਤਿਹਾਸ ਦਾ ਅਸੀਂ ਪਹਿਲਾਂ ਹੀ ਵੇਰਵਾ ਦੇ ਚੁੱਕੇ ਹਾਂ। ਉਸ ਤੋਂ ਸਪੱਸ਼ਟ ਹੋ ਗਿਆ ਹੈ ਕਿ ਜਗੀਰਦਾਰੀ ਦੇ ਪਤਨ ਦੇ ਬਾਅਦ ਜਦੋਂ ਵਿਆਹ ਅਤੇ ਪਿਆਰ ਵੱਲ ਲੋਕਾਂ ਦਾ ਨਜ਼ਰੀਆ ਬਦਲਿਆ ਉਦੋਂ ਸਮਾਜਿਕ ਪੱਧਰ 'ਤੇ ਇਹ ਸਮੱਸਿਆ ਸਾਹਮਣੇ ਆਈ। ਪਰ, ਹੁਣ ਪਹਿਲੀ ਵਾਰ ਲੱਖਾਂ-ਕਰੋੜਾਂ ਆਦਮੀਆਂ ਦਰਮਿਆਨ ਇਹ ਸਮੱਸਿਆ ਖੁੱਲ੍ਹਮ-ਖੁੱਲ੍ਹਾ ਰੱਖੀ ਗਈ।

ਸੋਵੀਅਤ ਨਾਗਰਿਕਾਂ ਦੇ ਸਾਹਮਣੇ ਉਹ ਤੱਥ ਪੇਸ਼ ਕੀਤੇ ਗਏ ਜਿਨ੍ਹਾਂ ਤੋਂ ਉਹ ਅੱਖਾਂ ਨਹੀਂ ਚੁਰਾ ਸਕਦੇ ਸਨ। ਰੂਸ ਵਿੱਚ ਅਜਿਹਾ ਸਮਾਜਿਕ ਢਾਂਚਾ ਕਾਇਮ ਕੀਤਾ ਗਿਆ ਸੀ ਜਿਸ ਵਿੱਚ ਇਸਤਰੀਆਂ ਨੂੰ ਪੁਰਸ਼ਾਂ ਦੇ ਹੀ ਬਰਾਬਰ ਕਾਨੂੰਨੀ, ਰਾਜਨੀਤਕ ਅਤੇ ਸਮਾਜਿਕ

ਹੱਕ ਹਾਸਲ ਸਨ। ਪਿਆਰ ਅਤੇ ਵਿਆਹ ਦੁਆਰਾ ਸੈਕਸ-ਸੁੱਖ ਭੋਗ ਸਕਣ ਦੇ ਰਸਤੇ ਵਿੱਚ ਜੋ ਵੀ ਰੁਕਾਵਟਾਂ ਸਨ, ਤੋੜੀਆਂ ਜਾ ਰਹੀਆਂ ਸਨ। ਹੁਣ ਕਿਵੇਂ ਕਿਸੇ ਦੀ ਆਤਮਾ ਇਸਤਰੀਆਂ ਦੀ ਸੌਦੇਬਾਜੀ ਦੀ ਗਵਾਹੀ ਦੇ ਸਕਦੀ ਸੀ ? ਪੁਰਸ਼ ਕਿਵੇਂ ਇਸਤਰੀਆਂ ਦੀ ਇੱਜਤ ਲੁੱਟਣ ਅਤੇ ਆਪਣੇ ਮੂੰਹ 'ਤੇ ਕਾਲਖ਼ ਮਲਵਾਉਣ ਨੂੰ ਤਿਆਰ ਹੋ ਸਕਦੇ ਹਨ ?

ਸਮੱਸਿਆ ਦਾ ਪਹਿਲਾਂ ਹੀ ਅੰਦਾਜ਼ਾ ਲਾਇਆ ਜਾ ਚੁੱਕਿਆ ਸੀ। 'ਇਜ਼ਵੇਸੀਤਆ' ਦੇ ਵਿੱਚ ਜਿਹੜੀ ਗੱਲ ਕਹੀ ਜਾ ਚੁੱਕੀ ਸੀ ਉਸੇ ਨੂੰ ਪ੍ਰੋਫੈਸਰ ਇਲਸਤਰਾਤੋਵ ਨੇ 'ਸੈਕਸ ਰੋਗਾਂ ਵਿਰੁੱਧ ਘੋਲ਼ ਦੀ ਦੂਸਰੀ ਕਾਂਗਰਸ' ਵਿੱਚੋਂ ਹੋਰ ਵੀ ਜ਼ੋਰਦਾਰ ਸ਼ਬਦਾਂ ਵਿੱਚ ਉਠਾਇਆ। ਉਹਨਾਂ ਨੇ ਕਿਹਾ ਕਿ ਇਸਤਰੀਆਂ ਦੇ ਆਰਥਿਕ ਲੋਟੂਆਂ ਵਿਰੁੱਧ ਘੋਲ਼ ਵਿੱਚ ਫ਼ੌਜ ਦੀ ਪਹਿਲਾਂ ਕਦੇ ਨਾ ਦੇਖੀ ਸਫ਼ਲਤਾ ਨੇ ਇਸ ਗੱਲ ਦੀ ਜ਼ਰੂਰਤ ਪੈਦਾ ਕਰ ਦਿੱਤੀ ਹੈ ਕਿ ਜੋ ਲੋਕ ਅਜੇ ਵੀ ਵਿਭਚਾਰ ਨੂੰ ਹੱਲਾਸ਼ੇਰੀ ਦਿੰਦੇ ਹਨ ਉਹਨਾਂ 'ਤੇ ਸਮਾਜਿਕ ਦਬਾਅ ਪਾਇਆ ਜਾਵੇ।

ਉਹਨਾਂ ਨੇ ਕਿਹਾ : "ਅਸੀਂ ਇਸ ਨੂੰ ਸਿਰਫ਼ ਨੈਤਿਕ ਦਾਇਰੇ ਦੀ ਚੀਜ਼ ਨਹੀਂ ਸਮਝਦੇ। ਅਸੀਂ ਇਸ ਨੂੰ ਅਤਿਅੰਤ ਮਹੱਤਵਪੂਰਨ ਸਿਆਸੀ ਸਵਾਲ ਮੰਨਦੇ ਹਾਂ। ਸੋਵੀਅਤ ਸੰਘ ਅਜਿਹਾ ਰਾਜ ਹੈ ਜਿਸ ਦੀ ਬੁਨਿਆਦ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦਾ ਅੰਤ ਹੈ। ਕੋਈ ਵੀ ਮਨੁੱਖ ਜੋ ਇਸਤਰੀਆਂ ਦੀ ਇਸ ਘ੍ਰਿਣਤ ਲੁੱਟ ਨੂੰ ਕਾਇਮ ਰੱਖਦਾ ਹੈ ਸਾਡੇ ਦੇਸ਼ ਦਾ ਨਾਗਰਿਕ ਕਹਾਉਣ ਦਾ ਹੱਕਦਾਰ ਨਹੀਂ ਹੈ।"

ਬੇਸ਼ੱਕ, ਪ੍ਰੋਫੈਸਰ ਇਲਸਤਰਾਤੋਵ ਦੀ ਗੱਲ ਸਾਨੂੰ "ਉਪਦੇਸ਼-ਵਾਕ" ਵਰਗੀ ਲੱਗਦੀ ਹੈ। ਪਰ ਇੱਥੇ ਵੀ ਸੋਵੀਅਤ ਅਧਿਕਾਰੀਆਂ ਨੇ ਆਪਣੀ ਪੁਰਾਣੀ ਰੀਤੀ 'ਤੇ ਅਮਲ ਕੀਤਾ : ਇੱਕ ਸਿਧਾਂਤਕ ਵਿਚਾਰ ਨੂੰ ਉਹਨਾਂ ਨੇ ਵਿਗਿਆਨਕ ਪ੍ਰੋਗਰਾਮ ਦਾ ਰੂਪ ਦੇ ਦਿੱਤਾ। ਘਰੇਲੂ ਮਾਮਲਿਆਂ ਦੇ ਅਧਿਕਾਰੀਆਂ ਨੇ ਇਸ ਮਸਲੇ ਨੂੰ ਇੱਕ ਸਵਾਲ ਦੇ ਹੀ ਰੂਪ ਵਿੱਚ ਨਹੀਂ ਰਹਿਣ ਦਿੱਤਾ; ਉਹਨਾਂ ਨੇ ਇਹਨੂੰ ਫ਼ੌਜ ਦੇ ਸਪੁਰਦ ਕਰ ਦਿੱਤਾ।

ਇੱਕ ਹੈਰਾਨੀਜਨਕ ਕਾਨੂੰਨ ਪਾਸ ਹੋਇਆ। ਹੁਣ ਤੋਂ ਜਦੋਂ ਵੀ ਅਫ਼ਸਰ ਲੋਕ ਕਿਸੇ ਵਿਭਚਾਰ ਦੇ ਅੱਡੇ 'ਤੇ ਛਾਪਾ ਮਾਰਦੇ, ਉਹ ਉੱਥੇ ਮੌਜੂਦ ਸਾਰੇ ਲੋਕਾਂ ਦੇ ਨਾਮ, ਪਤੇ ਅਤੇ ਨੌਕਰੀ ਕਰਨ ਵਾਲ਼ੀ ਥਾਂ ਨੂੰ ਦਰਜ਼ ਕਰ ਲੈਂਦੇ — ਭਾਵੇਂ ਇਹ ਅੱਡਾ ਮਕਾਨ, ਅਹਾਤੇ ਜਾਂ ਸਿਰਫ਼ ਹਨ੍ਹੇਰੀ ਗਲੀ ਦਾ ਕੋਈ ਕੋਨਾ ਹੋਵੇ। "ਗਾਹਕਾਂ" ਨੂੰ ਗ੍ਰਿਫ਼ਤਾਰ ਨਾ ਕੀਤਾ ਜਾਂਦਾ। ਹਾਂ, ਦੂਸਰੇ ਦਿਨ ਬਾਜ਼ਾਰ ਵਿੱਚ ਇੱਕ ਤੈਅ ਥਾਂ 'ਤੇ ਇੱਕ ਲੰਬੇ ਤਖ਼ਤੇ 'ਤੇ ਇਹਨਾਂ ਲੋਕਾਂ ਦੇ ਨਾਮ ਅਤੇ ਪਤੇ ਟੰਗ ਦਿੱਤੇ ਜਾਂਦੇ। ਇਹ ਤਖ਼ਤਾ ਕਈ ਦਿਨਾਂ ਤੱਕ ਉੱਥੇ ਟੰਗਿਆ ਰਹਿੰਦਾ ਸੀ। ਇਹਨਾਂ ਲੋਕਾਂ ਦੇ ਨਾਵਾਂ ਅਤੇ ਪਤਿਆਂ ਦੇ ਉੱਪਰ ਤਖ਼ਤੇ 'ਤੇ ਵੱਡੇ-ਵੱਡੇ ਅੱਖਰਾਂ ਵਿੱਚ ਲਿਖਿਆ ਸੀ : "ਇਸਤਰੀਆਂ ਦੇ ਸਰੀਰ ਨੂੰ ਖਰੀਦਣ ਵਾਲ਼ੇ"। ਨਾਵਾਂ ਦੀ ਸੂਚੀ ਸਾਰੀਆਂ ਵੱਡੀਆਂ-ਵੱਡੀਆਂ ਬਿਲਡਿੰਗਾਂ ਅਤੇ ਮਿੱਲਾਂ-ਫੈਕਟਰੀਆਂ ਦੇ ਬਾਹਰ ਲਟਕਦੀ ਰਹਿੰਦੀ ਸੀ।

ਇਸ ਨਿਯਮ ਦਾ ਕੀ ਅਸਰ ਹੋਇਆ ਇਸ ਦੀ ਆਸਾਨੀ ਨਾਲ਼ ਕਲਪਣਾ ਕੀਤੀ

ਜਾ ਸਕਦੀ ਹੈ। ਸਾਡੇ ਦੇਸ਼ਾਂ ਵਿੱਚ ਇੱਕ ਦੂਸਰਾ ਹੀ ਲੁਕਵਾਂ ਨਿਯਮ-ਜਿਹਾ ਮੌਜੂਦ ਹੈ। ਪੁਲਿਸ ਨੂੰ ਅਜਿਹੇ ਲੋਕਾਂ ਨਾਲ਼ ਬੜੀ ਇੱਜ਼ਤ ਨਾਲ਼ ਪੇਸ਼ ਆਉਣਾ ਪੈਂਦਾ ਹੈ ਅਤੇ ਉਹਨਾਂ ਦੇ ਨਾਵਾਂ ਨੂੰ ਗੁਪਤ ਰੱਖਣਾ ਪੈਂਦਾ ਹੈ ਜੋ "ਵੱਡੇ ਆਦਮੀ" ਹੁੰਦੇ ਹੋਏ ਵਿਭਚਾਰ ਦੇ ਸੰਚਾਲਕ ਵੀ ਹੁੰਦੇ ਹਨ। ਪੁਲਿਸ ਨੂੰ ਧਿਆਨ ਰੱਖਣਾ ਪੈਂਦਾ ਹੈ ਕਿ ਇਹਨਾਂ ਲੋਕਾਂ ਦੀ ਇੱਜ਼ਤ ਨੂੰ ਦਾਗ ਨਾ ਲੱਗੇ ਸਕੇ। ਸੋਵੀਅਤ ਰੂਸ ਦੇ ਨਿਯਮ ਨੇ ਇਸ ਪਾਖੰਡ ਨੂੰ ਤੋੜ ਕੇ ਆਤਮ-ਸਨਮਾਨ 'ਤੇ ਦਾਗ ਲੱਗਣ ਦੇ ਡਰ ਨੂੰ ਹੀ ਵਿਭਚਾਰ ਵਿਰੁੱਧ ਸ਼ਕਤੀਸ਼ਾਲੀ ਹਥਿਆਰ ਬਣਾ ਲਿਆ। ਉਹਨੇ ਇਸ "ਨਿੱਜੀ ਆਤਮ-ਸਨਮਾਨ" ਨੂੰ ਲੋਕਾਂ ਸਾਹਮਣੇ ਜਾਂਚ-ਪੜਤਾਲ ਲਈ ਪੇਸ਼ ਕਰ ਦਿੱਤਾ। ਪਾਪ ਦੀ ਸਜ਼ਾ ਦੇਣ ਜਾਂ ਪਾਪੀ ਜੀਵਨ ਵਿਰੁੱਧ ਲੰਬੇ-ਲੰਬੇ ਭਾਸ਼ਣ ਦੇਣ ਦੀ ਬਜਾਏ, ਸੋਵੀਅਤ ਅਧਿਕਾਰੀਆਂ ਨੇ ਪੁਰਸ਼ ਦੁਆਰਾ ਲੁਕੇ-ਛਿਪੇ ਵਿਭਚਾਰ ਦੀ ਗੁੰਜਾਇਸ਼ ਨੂੰ ਹੀ ਖ਼ਤਮ ਕਰ ਦਿੱਤਾ।

ਪਹਿਲਾਂ ਕਦੇ ਇੰਨੀ ਹਿੰਮਤ ਭਰਿਆ ਕਦਮ ਨਹੀਂ ਚੁੱਕਿਆ ਗਿਆ ਸੀ। ਜਿਨ੍ਹਾਂ ਮਨੋਵਿਗਿਆਨਕਾਂ ਨੇ 'ਪਾਖੰਡ ਨੂੰ ਖ਼ਤਮ ਕਰਨ' ਦਾ ਇਹ ਉਪਾਅ ਸੋਚਿਆ ਸੀ, ਸਹੀ ਮੌਕੇ ਦੀ ਉਡੀਕ ਵੀ ਕੀਤੀ ਸੀ। ਉਹਨਾਂ ਨੇ ਇਸ ਉਪਾਅ ਨੂੰ ਓਦੋਂ ਲਾਗੂ ਕੀਤਾ ਜਦੋਂ ਹੋਰ ਕਾਨੂੰਨਾਂ ਦੁਆਰਾ ਜਥੇਬੰਦ ਵਿਭਚਾਰ ਦੇ ਆਰਥਿਕ ਅਤੇ ਦੂਸਰੇ ਰੂਪਾਂ ਨੂੰ ਖ਼ਤਮ ਕਰ ਦਿੱਤਾ ਗਿਆ ਸੀ।

ਧਿਆਨ ਦੇਣ ਦੀ ਇੱਕ ਹੋਰ ਖ਼ਾਸ ਗੱਲ ਇਹ ਹੈ ਕਿ ਕਿਸੇ 'ਤੇ ਕੋਈ ਨੈਤਿਕ ਰੋਕ ਨਹੀਂ ਲਗਾਈ ਗਈ ਸੀ। ਭੋਗ ਲਾਲਸਾ ਦੀ ਤ੍ਰਿਪਤੀ ਲਈ ਪੁਰਸ਼ਾਂ ਨੂੰ ਇਸਤਰੀਆਂ ਦਾ ਸਰੀਰ ਖਰੀਦਣ ਤੋਂ ਨਾ ਤਾਂ ਮਨ੍ਹਾਂ ਕੀਤਾ ਗਿਆ, ਨਾ ਸਜ਼ਾ ਦੀ ਯੋਜਨਾ ਬਣਾਈ ਗਈ ਸੀ। ਉਹਨਾਂ ਨੂੰ ਸਿਰਫ਼ ਇੰਨਾ ਕਿਹਾ ਗਿਆ ਸੀ ਕਿ ਨਵਾਂ ਸੋਵੀਅਤ ਰਾਜ ਅਜਿਹੀ ਚੀਜ਼ ਨੂੰ ਅਨੈਤਿਕ ਮੰਨਦਾ ਹੈ ਕਿਉਂਕਿ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਦਾ ਅਤਿਅੰਤ ਹੀ ਘ੍ਰਿਣਤ ਰੂਪ ਹੈ। ਸਮਾਜ ਵਿੱਚ ਚੰਗੇ ਭੋਗ ਵੀ ਸਨ। ਉਹ ਬਦਕਿਸਮਤ ਇਸਤਰੀਆਂ ਦੀ ਗਰੀਬੀ ਤੋਂ ਫਾਇਦਾ ਨਹੀਂ ਉਠਾਉਣਾ ਚਾਹੁੰਦੇ ਸਨ। ਉਹਨਾਂ ਨੂੰ ਇਹ ਜਾਣਨ ਦਾ ਹੱਕ ਸੀ ਕਿ ਉਹ ਕੋਣ ਲੋਕ ਹਨ ਜੋ ਨਿੱਜੀ ਮਤਲਬ ਲਈ ਅਜਿਹੀ ਲੁੱਟ ਨੂੰ ਜਾਰੀ ਰੱਖਣ 'ਤੇ ਤੁਲੇ ਹੋਏ ਹਨ।

ਉਸ ਸਮੇਂ ਮੌਜੂਦ ਹਾਲਤਾਂ ਦੇ ਚੇਤੰਨ ਵਿਸ਼ਲੇਸ਼ਣ ਦੇ ਬਿਨਾਂ ਇਸ ਨਿਯਮ ਦੀ ਬਹੁਤ ਕੁੱਝ ਤਾਕਤ ਖ਼ਤਮ ਹੋ ਗਈ ਹੁੰਦੀ। ਪਰ ਜਿਸ ਸਮੇਂ ਇਹਨੂੰ ਲਾਗੂ ਕੀਤਾ ਗਿਆ, ਸਾਰੇ ਦੇਸ਼ ਵਿੱਚ ਲੋਕਾਂ ਨੂੰ ਸਿੱਖਿਅਤ ਬਣਾਉਣ ਦੀ ਲਹਿਰ ਜਾਰੀ ਸੀ। ਇਸ ਸਬੰਧ ਵਿੱਚ ਸੋਵੀਅਤ ਰੂਸ ਦੇ ਨਾਟਕਘਰਾਂ ਨੇ ਜੋ ਕੰਮ ਕੀਤਾ, ਉਹ ਵੀ ਜ਼ਿਕਰਯੋਗ ਹੈ। ਅਨੈਤਿਕਤਾ ਦੇ ਅਪਰਾਧੀ 'ਤੇ ਮੁਕੱਦਮੇ ਦਾ ਇੱਕ ਨਾਟਕ ਤਿਆਰ ਕੀਤਾ ਗਿਆ। ਇਸ ਦਾ ਕਥਾਨਕ ਕੁੱਝ ਇਸ ਤਰ੍ਹਾਂ ਸੀ। ਫ਼ੌਜ ਵਿਭਚਾਰ ਦੇ ਇੱਕ ਅੱਡੇ 'ਤੇ ਛਾਪਾ ਮਾਰਦੀ ਹੈ। ਉੱਥੋਂ ਫੜ੍ਹ ਕੇ ਮਕਾਨ-ਮਾਲਕ, ਵੇਸ਼ਵਾ ਅਤੇ ਉਸ ਦੇ ਗਾਹਕ ਨੂੰ ਉਹ ਲੋਕਾਂ ਦੀ ਅਦਾਲਤ ਵਿੱਚ ਲਿਆਉਂਦੀ ਹੈ। ਸਾਰੇ ਸਬੂਤਾਂ ਦੇ ਅਧਾਰ 'ਤੇ ਮਕਾਨ-ਮਾਲਕ ਨੂੰ ਕੈਦ ਵਿੱਚ ਸੁੱਟ ਦਿੱਤਾ ਜਾਂਦਾ ਹੈ। ਇਸਤਰੀ ਨੂੰ ਬਰੀ ਕਰ ਦਿੱਤਾ ਜਾਂਦਾ ਹੈ। ਪਰ ਗਾਹਕ 'ਤੇ, ਆਪਣੀ ਅਤੇ ਇੱਕ ਦੂਸਰੀ ਇਸਤਰੀ ਦਾ

ਮਾਣ-ਸਤਿਕਾਰ ਭੰਗ ਕਰਨ ਅਤੇ ਦੇਸ਼ ਦੇ ਨੈਤਿਕ ਗੌਰਵ 'ਤੇ ਧੱਬਾ ਲਗਾਉਣ ਦਾ, ਆਰੋਪ ਲਗਾਇਆ ਜਾਂਦਾ ਹੈ।

ਜਿਵੇਂ ਕਿ ਸੁਭਾਵਿਕ ਸੀ, ਇਹ ਨਾਟਕ ਲੋਕਾਂ ਵਿੱਚ ਬਹੁਤ ਹਰਮਨ ਪਿਆਰਾ ਹੋਇਆ। ਜਿੱਥੇ ਵੀ ਇਹ ਨਾਟਕ ਹੁੰਦਾ, ਹਾਲ ਖਚਾਖਚ ਭਰਿਆ ਰਹਿੰਦਾ। ਬੜੀ ਸ਼ਾਂਤੀ ਨਾਲ਼ ਲੋਕ ਪਾਤਰਾਂ ਦੀ ਗੱਲਬਾਤ ਸੁਣਦੇ। ਨਾਟਕ ਦੀ ਸਰਲਤਾ ਨੇ ਉਸ ਵਿੱਚ ਹੋਰ ਵੀ ਜਾਨ ਪਾ ਦਿੱਤੀ ਸੀ। ਇਹ ਇੱਕ ਸਮੱਸਿਆ ਪ੍ਰਧਾਨ ਨਾਟਕ ਸੀ। ਇਸ ਵਿੱਚ ਫਾਲਤੂ ਦੀਆਂ ਉਲਝਣਾਂ ਜਾਂ ਟਾਲਮਟੋਲ ਦੀਆਂ ਗੱਲਾਂ ਨਾ ਮਾਤਰ ਨੂੰ ਵੀ ਨਹੀਂ ਸਨ। ਨੰਗਾ ਸੱਚ ਰੰਗਮੰਚ 'ਤੇ ਪੇਸ਼ ਕਰ ਦਿੱਤਾ ਗਿਆ ਸੀ।

ਪਾਤਰਾਂ ਦੀਆਂ ਗੱਲਾਂ ਵਿੱਚ ਸੱਚਾਈ ਦੇ ਨਾਲ਼ ਨਾਲ਼ ਕਾਨੂੰਨ ਦੀਆਂ ਗੱਲਾਂ ਵੀ ਹੁੰਦੀਆਂ ਸਨ। ਹਰੇਕ ਪੁਰਸ਼ ਇਸਤਰੀ ਅਤੇ ਨੌਜਵਾਨ ਜੋ ਇਸ ਨਾਟਕ ਨੂੰ ਦੇਖਦਾ, ਇਸ ਸਮੱਸਿਆ ਨਾਲ਼ ਸਬੰਧਤ ਸਾਰੇ ਨੈਤਿਕ ਸਵਾਲਾਂ ਨਾਲ਼ ਚੰਗੀ ਤਰ੍ਹਾਂ ਜਾਣੂੰ ਹੋ ਜਾਂਦਾ। ਉਹ ਨੂੰ ਪਤਾ ਲੱਗ ਜਾਂਦਾ ਕਿ ਅੱਗ ਕੀ ਹੋਣ ਵਾਲ਼ਾ ਹੈ। ਉਹ ਨੂੰ ਪਤਾ ਲੱਗ ਜਾਂਦਾ ਕਿ ਜੋ ਵੀ ਪੁਰਸ਼ ਉਸ ਰਾਤ ਦੇ ਬਾਅਦ ਕਿਸੇ ਵੇਸ਼ਵਾ ਨਾਲ਼ ਪਾਇਆ ਗਿਆ ਉਸ ਦਾ ਨਾਮ ਸਾਰਿਆਂ ਨੂੰ ਪਤਾ ਲੱਗ ਜਾਵੇਗਾ। ਉਹ ਨੂੰ ਯਾਦ ਰਹਿੰਦਾ ਕਿ ਉਸ ਦੇ ਰਿਸ਼ਤੇਦਾਰ ਅਤੇ ਉਸ ਦੇ ਨਾਲ਼ ਕੰਮ ਕਰਨ ਵਾਲ਼ੇ ਉਸ ਨੂੰ ਹਿਕਾਰਤ ਦੀਆਂ ਨਜ਼ਰਾਂ ਨਾਲ਼ ਦੇਖਣਗੇ ਜਦੋਂ ਉਸ ਦਾ ਨਾਮ 'ਇਸਤਰੀਆਂ ਦਾ ਸਰੀਰ ਖਰੀਦਣ ਵਾਲਿਆਂ' ਦੀ ਸੂਚੀ ਵਿੱਚ ਟੰਗਿਆ ਮਿਲੇਗਾ।

# ਈਸਾਈ ਧਰਮ ਅਤੇ ਡਾਕਟਰ

ਸੈਕਸ-ਰੋਗਾਂ ਵਿਰੁੱਧ ਘੋਲ ਬਾਰੇ ਅਜੇ ਤੱਕ ਅਸੀਂ ਕੁੱਝ ਵੀ ਨਹੀਂ ਕਿਹਾ। ਨਵੀਂ ਸੋਵੀਅਤ ਸਰਕਾਰ ਸਾਹਮਣੇ ਇਹ ਵੀ ਇੱਕ ਵੱਡੀ ਸਮੱਸਿਆ ਸੀ।

ਉਨ੍ਹੀਂ ਦਿਨੀਂ ਰੂਸ ਵਿੱਚ ਸਿਫਲਿਸ ਦਾ ਭਿਆਨਕ ਜ਼ੋਰ ਸੀ। ਵੋਲਗਾ-ਤੱਟ 'ਤੇ ਵਸੇ ਕੁੱਝ ਲੋਕ-ਸਮੂਹਾਂ ਵਿੱਚ ਤਾਂ ਇਲਾਜ ਨਾ ਹੋ ਸਕਣ ਕਰਕੇ ਸਰੀਰਕ ਕਰੂਪਤਾ ਤੱਕ ਆ ਗਈ ਸੀ। "ਬੰਧੇਜ ਰਹਿਤ ਪਿਆਰ" ਦੇ ਸੁੱਖ ਦਾ ਤਜ਼ਰਬਾ ਲੈਣ ਦੀ ਭਾਵਨਾ ਨੇ ਸਿਫਲਿਸ ਅਤੇ ਗਨੌਰੀਆ ਦੇ ਮਰੀਜਾਂ ਦੀ ਸੰਖਿਆ ਬੇਹੱਦ ਵਧਾ ਦਿੱਤੀ ਸੀ।

ਹਾਲਤ ਦੇ ਅਤਿਅੰਤ ਗੰਭੀਰ ਹੁੰਦੇ ਹੋਏ ਵੀ ਸੋਵੀਅਤ ਅਧਿਕਾਰੀਆਂ ਨੇ ਇਲਾਜ਼ 'ਤੇ ਹੀ ਧਿਆਨ ਕੇਂਦਰਿਤ ਕਰਨਾ ਕਾਫ਼ੀ ਨਾ ਸਮਝਿਆ। ਦੂਸਰੇ ਦੇਸ਼ਾਂ ਵਿੱਚ ਇਹ ਲਹਿਰ ਅਸਫ਼ਲ ਹੋਈ ਸੀ ਤਾਂ ਇਸ ਲਈ ਕਿ ਸਾਰੀ ਤਾਕਤ ਰੋਗ ਖਤਮ ਕਰਨ 'ਤੇ ਲਗਾਈ ਗਈ ਸੀ। ਦੂਸਰੀਆਂ ਗੰਭੀਰ ਸਮੱਸਿਆਵਾਂ ਵੱਲ ਧਿਆਨ ਨਹੀਂ ਦਿੱਤਾ ਗਿਆ ਸੀ। ਸੋਵੀਅਤ ਅਧਿਕਾਰੀ ਇਸ ਸਿੱਟੇ 'ਤੇ ਪਹੁੰਚੇ ਕਿ ਸੈਕਸ ਰੋਗਾਂ ਨੂੰ ਓਦੋਂ ਖਤਮ ਕੀਤਾ ਜਾ ਸਕਦਾ ਹੈ ਜਦੋਂ ਅਨੈਤਿਕਤਾ ਅਤੇ ਵੇਸ਼ਵਾਗਮਨੀ ਨੂੰ ਖ਼ਤਮ ਕਰ ਦਿੱਤਾ ਜਾਵੇ। ਅਨੈਤਿਕਤਾ ਨੂੰ ਉਹਨਾਂ ਨੇ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਮੰਨਿਆ। ਉਹਨਾਂ ਦਾ ਕਹਿਣਾ ਸੀ ਕਿ ਅਨੈਤਿਕਤਾ ਦੀ ਸਮੱਸਿਆ ਦੇ ਹੱਲ ਹੋ ਜਾਣ 'ਤੇ ਸਿਫਲਿਸ ਅਤੇ ਗਨੌਰੀਆਂ ਆਮ ਬਿਮਾਰੀਆਂ ਹੀ ਰਹਿ ਜਾਣਗੀਆਂ। ਉਹਨਾਂ ਵਿੱਚ ਸਮਾਜਿਕ ਸਮੱਸਿਆਵਾਂ ਦਾ ਲੱਗ-ਲਬੇੜ ਨਹੀਂ ਰਹੇਗਾ ਅਤੇ ਸੈਕਸ-ਰੋਗ ਵਿਰੋਧੀ ਲਹਿਰ ਵੀ ਸੋਕੜੇ ਦੇ ਰੋਗ, ਸ਼ਰਾਬਖ਼ੋਰੀ ਆਦਿ ਦੇ ਵਿਰੁੱਧ ਵੱਡੀ ਲਹਿਰ ਦਾ ਹਿੱਸਾ ਬਣ ਜਾਵੇਗੀ।

ਸੋਵੀਅਤ ਅਧਿਕਾਰੀਆਂ ਨੇ ਪਹਿਲਾ ਕਦਮ ਇਹ ਚੁੱਕਿਆ ਕਿ ਉਹਨਾਂ ਨੇ ਇਸ ਬਕਵਾਸ ਨੂੰ ਖ਼ਤਮ ਕਰ ਦਿੱਤਾ ਕਿ ਕਿਹੜੀਆਂ ਇਸਤਰੀਆਂ ਸੈਕਸ-ਰੋਗਾਂ ਨੂੰ ਫੈਲਾਉਣ ਵਿੱਚ ਜ਼ਿਆਦਾ ਖ਼ਤਰਨਾਕ ਹਨ। ਸੱਚਾਈ ਇਹ ਹੈ ਕਿ ਕੋਈ ਵੀ ਵਿਅਕਤੀ – ਪੁਰਸ਼ ਜਾਂ ਇਸਤਰੀ – ਜੋ ਕਿਸੇ ਸੈਕਸ ਰੋਗ ਤੋਂ ਪੀੜਿਤ ਹੈ ਬੜੀ ਆਸਾਨੀ ਨਾਲ਼ ਦੂਸਰਿਆਂ ਵਿੱਚ ਇਸ ਰੋਗ ਨੂੰ ਫੈਲਾ ਸਕਦਾ ਹੈ। ਮੌਜੂਦਾ ਅਤੇ ਅੱਗੇ ਆਉਣ ਵਾਲੀਆਂ ਪੀੜੀਆਂ ਲਈ ਇਹ ਰੋਗ ਕਿੰਨੇ ਖ਼ਤਰਨਾਕ ਹੋਣਗੇ ਇਹ ਜਾਣਦੇ ਹੋਏ ਸੋਵੀਅਤ ਅਧਿਕਾਰੀਆਂ ਨੇ ਆਪਣੇ ਅਪਰਾਧ-ਕਾਨੂੰਨਾਂ ਵਿੱਚ ਇੱਕ ਨਵਾਂ ਕਾਨੂੰਨ ਜੋੜਿਆ। ਇਸ ਕਾਨੂੰਨ ਅਨੁਸਾਰ ਇਹ ਗੰਭੀਰ ਅਪਰਾਧ ਮੰਨਿਆ ਗਿਆ ਕਿ ਕੋਈ ਪੁਰਸ਼ ਜੋ ਸੈਕਸ ਰੋਗਾਂ ਤੋਂ ਪੀੜਿਤ ਹੋਵੇ ਅਤੇ ਜਾਣਦਾ ਹੋਵੇ ਕਿ

ਇਹ ਰੋਗ ਦੂਸਰਿਆਂ ਨੂੰ ਲੱਗ ਜਾਵੇਗਾ, ਕਿਸੇ ਵੀ ਇਸਤਰੀ ਨਾਲ਼ ਭੋਗ-ਵਿਲਾਸ ਕਰੇ। ਇਸ ਤਰ੍ਹਾਂ ਇਹ ਗੱਲ ਮਰੀਜਾਂ ਦੀ ਈਮਾਨਦਾਰੀ 'ਤੇ ਨਹੀਂ ਛੱਡੀ ਗਈ ਕਿ ਉਹ ਇਸ ਰੋਗ ਨੂੰ ਦੂਸਰਿਆਂ ਵਿੱਚ ਨਾ ਫੈਲਾਉਣ। ਕਾਨੂੰਨ ਨੇ ਸਾਰੇ ਅਪਰਾਧੀਆਂ ਨੂੰ ਮਜਬੂਰ ਕਰ ਦਿੱਤਾ ਕਿ ਉਹ ਰਾਜ ਦੇ ਸਾਹਮਣੇ ਜਵਾਬਦੇਹੀ ਕਰਨ।

ਪਰ ਸੋਵੀਅਤ ਅਧਿਕਾਰੀ ਕਾਨੂੰਨ ਪਾਸ ਕਰਕੇ ਹੀ ਚੁੱਪ ਨਹੀਂ ਬੈਠ ਗਏ। ਉਹਨਾਂ ਨੇ ਸਾਰੇ ਦੇਸ਼ ਵਿੱਚ ਇਹਨਾਂ ਰੋਗਾਂ ਦੀ ਜਾਂਚ-ਪੜਤਾਲ ਅਤੇ ਇਲਾਜ ਕੇਂਦਰਾਂ ਦਾ ਪ੍ਰਬੰਧ ਕੀਤਾ।

ਯਾਦ ਰੱਖਣਾ ਚਾਹੀਦਾ ਹੈ ਕਿ ਅੱਜ ਤੋਂ ਕਿੰਨੇ ਹੀ ਸਾਲ ਪਹਿਲਾਂ ਜਦੋਂ ਇਹ ਕੇਂਦਰ ਖੁੱਲ੍ਹੇ ਸਨ, ਸਿਫਲਿਸ ਅਤੇ ਗਨੌਰੀਆਂ ਦੀ ਠੀਕ-ਠੀਕ ਜਾਂਚ-ਪੜਤਾਲ ਬਹੁਤ ਮੁਮਕਿਨ ਸੀ। ਇਲਾਜ ਬਹੁਤ ਪਿਛੜਿਆ ਹੋਇਆ ਸੀ। ਨਾਲ਼ ਹੀ ਸੋਵੀਅਤ ਰੂਸ ਆਰਥਿਕ ਸਮੱਸਿਆਵਾਂ ਦੇ ਜਾਲ ਵਿੱਚ ਉੱਲਝਿਆ ਹੋਇਆ ਸੀ। ਇਸ ਕਾਰਨ ਵਿਦੇਸ਼ਾਂ ਤੋਂ ਚੰਗੇ ਔਜ਼ਾਰ ਅਤੇ ਦਵਾਈ ਵਗੈਰਾ ਮੰਗਵਾ ਸਕਣਾ ਸੰਭਵ ਨਹੀਂ ਸੀ। ਫਿਰ ਵੀ ਸੈਕਸ ਰੋਗਾਂ ਤੋਂ ਪੀੜਿਤਾਂ ਦੇ ਇਲਾਜ ਵਿੱਚ ਇਹਨਾਂ ਕੇਂਦਰਾਂ ਨੂੰ ਜੋ ਸਫ਼ਲਤਾ ਮਿਲੀ ਉਸ ਨੂੰ ਦੇਖਦੇ ਹੋਏ ਸਾਡੇ ਦੇਸ਼ਾਂ ਦੀ ਹਾਲਤ ਅੱਜ ਬਹੁਤ ਸ਼ਰਮਨਾਕ ਹੈ।

ਕਾਰਨ ਲੱਭਣਾ ਜ਼ਿਆਦਾ ਮੁਸ਼ਕਿਨ ਨਹੀਂ ਹੈ।

ਇਹ ਹਸਪਤਾਲ ਵੀ ਵੇਸ਼ਵਾਗਮਨੀ ਅਤੇ ਵਿਭਚਾਰ ਵਿਰੁੱਧ ਲਹਿਰ ਦੇ ਅਨਿੱਖੜ ਅੰਗ ਬਣ ਗਏ ਸਨ।

ਇਹਨਾਂ ਹਸਪਤਾਲਾਂ ਵਿਚੱ ਵੀ ਉਵੇ ਦਾ ਹੀ ਪ੍ਰਬੰਧ ਸੀ ਜਿਵੇਂ ਦਾ ਤਪਦਿਕ ਰੋਗ ਦੇ ਹਸਪਤਾਲਾਂ ਵਿੱਚ ਹੁੰਦਾ ਹੈ; ਕੁੱਝ ਮਰੀਜ਼ ਆਪਣੇ ਘਰਾਂ ਵਿੱਚ ਰਹਿੰਦੇ ਹੋਏ ਇਲਾਜ ਕਰਾਉਂਦੇ ਸਨ ਅਤੇ ਕਈਆਂ ਨੂੰ ਹਸਪਤਾਲਾਂ ਵਿੱਚ ਭਰਤੀ ਕਰ ਲਿਆ ਜਾਂਦਾ ਸੀ। ਲਹਿਰ ਦੇ ਸ਼ੁਰੂਆਤੀ ਦੌਰ ਵਿੱਚ ਵੱਡ-ਵੱਡੇ ਹਸਪਤਾਲਾਂ ਨੇ ਆਪਣਾ ਧਿਆਨ ਵੇਸ਼ਵਾਵਾਂ 'ਤੇ ਕੇਂਦਰਿਤ ਕੀਤਾ। ਇਨ੍ਹਾਂ ਵੇਸ਼ਵਾਵਾਂ 'ਤੇ ਅਪਰਾਧ ਕਾਨੂੰਨ ਅੱਖਾਂ ਬੰਦ ਕਰਕੇ ਲਾਗੂ ਨਹੀਂ ਕੀਤਾ ਜਾਂਦਾ ਸੀ। ਸੈਕਸ ਰੋਗ ਤੋਂ ਪੀੜਿਤ ਵੇਸ਼ਵਾ ਨੂੰ ਵੇਸ਼ਵਾਗਮਨੀ ਜਾਰੀ ਰੱਖਣ ਦੇ ਜ਼ੁਰਮ ਵਿੱਚ ਅਦਾਲਤਾਂ ਅੱਖ ਬੰਦ ਕਰਕੇ ਸਜ਼ਾ ਨਹੀਂ ਸੁਣਾ ਦਿੰਦੀਆਂ ਸਨ। ਅਜਿਹੀਆਂ ਇਸਤਰੀਆਂ ਬਾਰੇ ਸਾਰੇ ਜਾਣਦੇ ਸਨ ਕਿ ਉਹ ਸਮਾਜਿਕ ਬੁਰਾਈਆਂ ਰਾਹੀਂ ਵਿਗਾੜੀਆਂ ਗਈਆਂ ਹਨ। ਇਸ ਲਈ ਅਦਾਲਤ ਵਿੱਚ ਪੇਸ਼ ਕੀਤੇ ਜਾਣ ਬਾਅਦ ਇਹਨਾਂ ਇਸਤਰੀਆਂ ਨੂੰ ਨਾਗਰਿਕਾਂ ਦੀ ਇੱਕ ਕਮੇਟੀ ਮਿਲਦੀ। ਇਹ ਕਮੇਟੀ ਉਹਨਾਂ ਨੂੰ ਸਮਝਾਉਂਦੀ ਕਿ ਆਪਣੇ ਰੋਗ ਦਾ ਇਲਾਜ ਕਰਾਉਣ ਲਈ ਉਹ ਹਸਪਤਾਲ ਵਿੱਚ ਭਰਤੀ ਹੋ ਜਾਣ।

ਇਹ ਸਭ ਸ਼ੁਰੂ ਹੋਇਆ ਹੀ ਸੀ ਕਿ ਇੱਕ ਨਵੀਂ ਸਮੱਸਿਆ ਖੜੀ ਹੋਈ। ਸਾਡੇ ਇੱਥੋਂ ਦੇ ਡਾਕਟਰ ਅਤੇ ਵਿਗਿਆਨਕ ਇਸ ਸਮੱਸਿਆ ਤੋਂ ਚੰਗੀ ਤਰ੍ਹਾਂ ਜਾਣੂੰ ਹਨ। ਅਖ਼ੀਰ ਅਜਿਹੀ ਇਸਤਰੀ ਦਾ ਇਲਾਜ ਕਰਨ ਨਾਲ਼ ਫਾਇਦਾ ਹੀ ਕੀ ਜੋ ਫਿਰ ਪੇਸ਼ਾ ਸ਼ੁਰੂ ਕਰ ਦੇਵੇ ਅਤੇ ਫਿਰ ਰੋਗੀ ਬਣ ਜਾਵੇ ?

ਇਸ ਸਮੱਸਿਆ ਦਾ ਹੱਲ ਵੀ ਸੋਵੀਅਤ-ਵਿਗਿਆਨਕਾਂ ਨੇ ਲੱਭ ਲਿਆ। ਜਿਨ੍ਹਾਂ ਹਸਪਤਾਲਾਂ ਵਿੱਚ ਇਸਤਰੀਆਂ ਦਾ ਇਲਾਜ ਹੁੰਦੀ ਸੀ, ਉਹਨਾਂ ਵਿੱਚ ਨਵੇਂ ਬਦਲਾਅ ਕੀਤੇ ਗਏ। ਨਵੀਆਂ-ਨਵੀਆਂ 'ਸੰਸਥਾਵਾਂ' ਖੜ੍ਹੀਆਂ ਕਰਨ ਦਾ ਦਿਖਾਵਾ ਨਹੀਂ ਕੀਤਾ ਗਿਆ। ਸੋਵੀਅਤ-ਅਧਿਕਾਰੀਆਂ ਨੇ ਇਹਨਾਂ ਹਸਪਤਾਲਾਂ ਨੂੰ ਹੀ ਟ੍ਰੇਨਿੰਗ ਸਕੂਲ ਅਤੇ ਕੰਮ ਧੰਦੇ ਦਾ ਕੇਂਦਰ ਬਣਾ ਦਿੱਤਾ।

ਇਹਨਾਂ ਹਸਪਤਾਲਾਂ ਦਾ ਪਹਿਲਾਂ ਕੰਮ ਇਹ ਸੀ : ਜੋ ਵੀ ਉੱਥੇ ਆਵੇ ਉਹਨਾਂ ਦਾ ਪੂਰਾ-ਪੂਰਾ ਇਲਾਜ ਹੋਵੇ। ਭਰਤੀ ਹੋਣ ਲਈ ਕਿਸੇ ਨੂੰ ਮਜਬੂਰ ਨਹੀਂ ਕੀਤਾ ਜਾਂਦਾ ਸੀ। ਨਾ ਤਾਂ ਦਰਵਾਜਿਆਂ 'ਤੇ ਪਹਿਰੇਦਾਰ ਬਿਠਾਏ ਜਾਂਦੇ ਸਨ, ਨਾ ਰਾਤ ਵਿੱਚ ਤਾਲੇ ਲਗਾਏ ਜਾਂਦੇ ਸਨ। ਖਾਸ ਗੱਲ ਇਹ ਸੀ ਕਿ ਹਰ ਮਰੀਜ ਨੂੰ ਸਮਾਜ ਲੀ ਲਾਭਦਾਇਕ ਇੱਕ ਨਾ ਇੱਕ ਧੰਦਾ ਸਿਖਾਇਆ ਜਾਂਦਾ ਸੀ। ਇਲਾਜ ਦੌਰਾਨ, ਮਰੀਜ ਕੰਮ-ਧੰਦਾ ਵੀ ਸਿਖਦੇ ਸਨ ਅਤੇ ਪੈਸੇ ਵੀ ਕਮਾਉਂਦੇ ਸਨ। ਇਸ ਦਾ ਅਸਰ ਉਹਨਾਂ ਦੇ ਦਿਮਾਗ 'ਤੇ ਕੀ ਪੈਂਦਾ ਸੀ ਇਹ ਸੋਚਣਾ ਮੁਸ਼ਕਿਲ ਨਹੀਂ ਹੈ। ਇਸਤਰੀਆਂ ਨੂੰ ਨਾ ਤਾਂ ਸਜ਼ਾ ਦਿੱਤੀ ਜਾਂਦੀ ਸੀ, ਨਾ ਲੰਮੇ-ਚੌੜੇ ਪ੍ਰਵਚਨ; ਨਾ ਹੀ ਚੇਤਨਾ-ਵਿਸ਼ਲੇਸ਼ਣ ਦਾ ਢੋਂਗ ਕੀਤਾ ਜਾਂਦਾ ਸੀ। ਇਸਤਰੀਆਂ ਕੰਮ-ਧੰਦਾ ਸਿੱਖਦੀਆਂ ਸਨ ਅਤੇ ਪੈਸੇ ਵੀ ਕਮਾਉਂਦੀਆਂ ਸਨ। ਬਹੁਤ ਸਾਰੇ ਮਰੀਜ, ਵੇਸ਼ਵਾਵਾਂ ਨਹੀਂ ਸਨ। ਉਹ ਅਜਿਹੀਆਂ ਲੜਕੀਆਂ ਸਨ ਜਿਨ੍ਹਾਂ ਨੂੰ ਜ਼ਾਰਸ਼ਾਹੀ ਜਮਾਨੇ ਵਿੱਚ ਚੰਗਾ ਕੰਮ ਨਾ ਸਿੱਖ ਸਕਣ ਦੀ ਵਜ੍ਹਾ ਨਾਲ਼ ਕੰਮ ਨਹੀਂ ਮਿਲ ਸਕਿਆ ਸੀ।

ਇਹਨਾਂ ਮਰੀਜਾਂ ਵਿੱਚ ਕਾਫ਼ੀ ਗਿਣਤੀ ਅਜਿਹੀਆਂ ਦੀ ਸੀ ਜੋ ਰੋਗ ਘੱਟ ਹੋ ਜਾਣ 'ਤੇ ਆਪਣੇ-ਆਪਣੇ ਘਰਾਂ ਵਿੱਚ ਜਾ ਕੇ ਸੌਂਦੀਆਂ ਸਨ। ਦਿਨ ਵੇਲੇ ਹਸਪਤਾਲ ਵਿੱਚ ਆ ਕੇ ਉਹ ਦਵਾਈ ਵਗੈਰ ਕਰਾਉਂਦੀਆਂ ਅਤੇ ਕੰਮ ਸਿਖਦੀਆਂ ਸਨ। ਹਸਪਤਾਲ ਵਿੱਚ 'ਚੰਗੀਆਂ' ਅਤੇ 'ਬੁਰੀਆਂ' ਇਸਤਰੀਆਂ ਨੂੰ ਅਲੱਗ ਅਲੱਗ ਨਹੀਂ ਵੰਡਿਆਂ ਗਿਆ ਸੀ। ਯਤਨ ਇਹ ਕੀਤਾ ਜਾਂਦਾ ਸੀ ਕਿ ਸੋਕੜੇ ਦੇ ਰੋਗ ਦੇ ਇਲਾਜ ਲਈ ਜੋ ਨਾਗਰਿਕ ਹਸਪਤਾਲ ਵਿੱਚ ਭਰਤੀ ਹੁੰਦੇ ਸਨ ਉਹਨਾਂ ਵਿੱਚ ਇਸਤਰੀਆਂ ਖੁਦ ਨੂੰ ਹੇਠਲੇ ਦਰਜ਼ੇ ਨਾ ਸਮਝਣ।

ਇਸ ਤਰ੍ਹਾਂ, ਇਹ ਹਸਪਤਾਲ ਜਥੇਬੰਦ ਵਿਭਚਾਰ ਵਿਰੁੱਧ ਘੋਲ ਦੇ ਕੇਂਦਰ ਬਣ ਗਏ। ਕੁੱਝ ਹੀ ਸਮੇਂ ਵਿੱਚ ਇਕੱਲੇ ਮਾਸਕੋ ਦੇ ਹਸਪਤਾਲਾਂ 'ਚੋਂ ਇੰਨਾ ਜ਼ਰੂਰਤ ਦਾ ਮਾਲ ਤਿਆਰ ਹੋਣ ਲੱਗਿਆ ਕਿ ਉਸ ਦੀ ਕੀਮਤ ਪੰਜਾਹ ਲੱਖ ਰੁਪਏ ਸਾਲਾਨਾ ਅੰਗੀ ਗਈ। ਇਹ ਹਸਪਤਾਲ ਬੜੇ ਹਰਮਨ ਪਿਆਰੀ ਥਾਂ ਬਣ ਗਏ। ਮਹਿਲਾ-ਕਾਰਕੁੰਨਾ ਦੇ ਦਲ ਵੇਸ਼ਵਾਵਾਂ ਦੇ ਮੁਹੱਲਿਆਂ ਵਿੱਚ ਜਾਂਦੇ ਅਤੇ ਵੇਸ਼ਵਾਵਾਂ ਨੂੰ ਇਹਨਾਂ ਹਸਪਤਾਲਾਂ ਵਿੱਚ ਭਰਤੀ ਹੋਣ ਲਈ ਕਹਿੰਦੇ। ਪਰ ਸ਼ੁਰੂ-ਸ਼ੁਰੂ ਵਿੱਚ ਵੇਸ਼ਵਾਵਾਂ ਨੂੰ ਡਰ ਲੱਗਿਆ ਰਹਿੰਦਾ ਕਿ ਕਿਤੇ ਇਹ ਹਸਪਤਾਲ ਕੈਦਖਾਨੇ ਨਾ ਬਣ ਜਾਣ। ਜਿਵੇਂ ਹੀ ਇਹ ਡਰ ਦੂਰ ਹੋਇਆ, ਵੇਸ਼ਵਾਵਾਂ ਵੱਡੀ ਗਿਣਤੀ ਵਿੱਚ ਹਸਪਤਾਲਾਂ ਵਿੱਚ ਭਰਤੀ ਹੋਣ ਲੱਗੀਆਂ। ਇਸ ਸਬੰਧ ਵਿੱਚ ਜਿੰਨਾਂ ਵੀ ਪ੍ਰਚਾਰ ਕੀਤਾ ਗਿਆ। ਉਹ ਸਵਾਲਨਾਮੇ ਦੇ ਜਵਾਬਾਂ 'ਤੇ ਅਧਾਰਿਤ ਹੋਣ ਕਾਰਨ ਸੱਚਾਈ ਨਾਲ਼ ਭਰਿਆ ਹੋਇਆ ਸੀ। ਇਸ ਲਈ ਇਸਦਾ ਅਸਰ ਬਹੁਤ ਜਲਦੀ ਹੁੰਦਾ ਸੀ।

ਕੁੱਝ ਹੀ ਦਿਨਾਂ ਬਾਅਦ, ਅਧਿਾਕਰੀਆਂ ਨੇ ਹਰ ਮਰੀਜ਼ ਨੂੰ ਹਸਪਤਾਲਾਂ ਵਿੱਚ ਘੱਟ ਤੋਂ ਘੱਟ ਦੋ ਸਾਲ ਹੋਰ ਰਹਿਣ ਦੀ ਇਜਾਜ਼ਤ ਦੇ ਦਿੱਤੀ — ਭਾਵੇਂ ਉਹ ਮਰੀਜ਼ ਪਹਿਲਾਂ ਇਲਾਜ ਕਿਉਂ ਨਾ ਕਰਾ ਚੁੱਕੀਆਂ ਹੋਣ। ਸਨਅਤੀ ਕੇਂਦਰਾਂ ਦੇ ਨਿਯਮ ਉੱਥੇ ਕੰਮ ਕਰਨ ਵਾਲੀਆਂ ਇਸਤਰੀਆਂ ਨੇ ਖੁਦ ਬਣਾਏ ਸਨ। ਨਿਯਮ ਤੋੜਣ ਦੇ ਜੁਰਮ ਦੀ ਸਭ ਤੋਂ ਵੱਡੀ ਸਜ਼ਾ ਸੀ — ਉਸ ਇਸਤਰੀ ਦਾ ਹਸਪਤਾਲ ਵਿੱਚੋਂ ਕੱਢ ਦਿੱਤਾ ਜਾਣਾ।

ਇਨ੍ਹਾਂ ਹਸਪਤਾਲਾਂ ਦਾ ਪਹਿਲਾ ਉਦੇਸ਼ ਸੀ ਰੋਗਾਂ ਨਾਲ਼ ਨਿਬੜਣਾ। ਕੀ ਉਹ ਇਸ ਵਿੱਚ ਸਫਲ ਹੋਏ ?

ਵੱਡੇ-ਵੱਡੇ ਗ੍ਰੰਥ ਲਿਖ ਕੇ ਲਿਖ ਕੇ ਵੀ ਜਿਸ ਗੱਲ ਨੂੰ ਦੱਸ ਸਕਣਾ ਮੁਸ਼ਕਿਲ ਹੈ ਉਹੀ ਇੱਕ ਛੋਟੀ-ਜਿਹੀ ਤੁਲਨਾ ਤੋਂ ਸਪੱਸ਼ਟ ਹੋ ਜਾਵੇਗੀ। ਸੋਵੀਅਤ ਹਸਪਤਾਲਾਂ ਦੀ ਤੁਲਨਾ ਕਰੋ ਅਮਰੀਕਾ ਦੇ ਹਸਪਤਾਲਾਂ ਨਾਲ। ਅਮਰੀਕਾ ਵਿੱਚ ਸੈਕਸ-ਰੋਗਾਂ ਨੂੰ ਖਤਮ ਕਰਨ ਲਈ ਸਾਲਾਂ ਤੋਂ ਯਤਨ ਜਾਰੀ ਹਨ। ਸੋਵੀਅਤ ਰੂਸ ਦੇ ਹਸਪਤਾਲਾਂ ਵਿੱਚ ਸਿਰਫ਼ ਸੈਕਸ-ਰੋਗਾਂ ਨੂੰ ਹੀ ਜਿੱਤਣ ਦਾ ਨਹੀਂ। ਅਨੈਤਿਕਤਾ ਦੀ ਵਿਆਪਕ ਸਮੱਸਿਆ ਨੂੰ ਹੱਲ ਕਰਨਾ ਦਾ ਯਤਨ ਕੀਤਾ ਗਿਆ ਸੀ।

ਅਮਰੀਕਾ ਦੇ ਸਿਹਤ-ਅਧਿਕਾਰੀਆਂ ਨੇ ਕਾਫ਼ੀ ਮਾਣ ਨਾਲ਼ ਦੱਸਿਆ ਕਿ 1935 ਤੋਂ 1940 ਦੇ ਪੰਜ ਸਾਲਾਂ ਵਿੱਚ ਸੈਕਸ-ਰੋਗ ਵਿਰੋਧੀ ਦਵਾਈਆਂ ਦੀ ਵਰਤੋਂ ਉੱਥੇ ਪਹਿਲਾਂ ਤੋਂ ਦੋਗੁਣਾਂ ਹੋ ਗਈ। ਪਰ ਦੋ ਸਾਲ ਬਾਅਦ ਜਦੋਂ ਸੈਕਸ-ਰੋਗ-ਵਿਰੋਧੀ ਲਹਿਰ ਹੋਰ ਤੇਜ਼ ਹੋਈ ਅਤੇ ਇਲਾਜ ਦੇ ਢੰਗਾਂ ਵਿੱਚ ਉੱਨਤੀ ਹੋਈ, ਤਾਂ ਸਿਫਲਿਸ ਅਤੇ ਗਨੌਰੀਆਂ ਦੇ ਮਰੀਜਾਂ ਦੀ ਸੰਖਿਆ ਹੋਰ ਵੀ ਵੱਧ ਗਈ।

ਸੋਵੀਅਤ ਰੂਸ ਵਿੱਚ ਲਹਿਰ 1926 ਵਿੱਚ ਸ਼ੁਰੂ ਹੋਈ ਸੀ। ਪੰਜ ਸਾਲ ਤੱਕ ਇਹ ਲਹਿਰ ਜਾਰੀ ਰਹੀ। ਇਸ ਲਹਿਰ ਦੀ ਸਫ਼ਲਤਾ ਦਾ ਸਭ ਤੋਂ ਵਧੀਆਂ ਸਬੂਤ ਇਹ ਹੈ ਕਿ 1931 ਵਿੱਚ ਮਰੀਜ਼ਾ ਦੀ ਕਮੀ ਕਾਰਨ ਹਸਪਤਾਲਾਂ ਦੇ ਦਰਵਾਜ਼ੇ ਬੰਦ ਹੋਣ ਲੱਗੇ। ਦੋ ਸਾਲ ਬਾਅਦ ਅੱਧੇ ਤੋਂ ਜ਼ਿਆਦਾ ਸੈਕਸ-ਰੋਗ-ਵਿਰੋਧੀ ਖਾਸ ਕੇਂਦਰਾਂ ਦਾ ਪਤਾ ਟਿਕਾਣਾ ਨਾ ਰਿਹਾ। 1938 ਤੱਕ ਲਾਲ ਫ਼ੌਜ ਅਤੇ ਲਾਲ ਜਹਾਜ਼ੀ ਬੇੜੇ ਤੋਂ ਸਿਫਲਿਸ ਅਤੇ ਗਨੌਰੀਆ ਇਕਦਮ ਖਤਮ ਕਰ ਦਿੱਤੇ ਗਏ। ਸੋਵੀਅਤ ਨਾਗਰਿਕਾਂ ਵਿੱਚੋਂ ਇਨ੍ਹਾਂ ਰੋਗਾਂ ਨੂੰ ਲਗਭਗ ਬਿਲਕੁੱਲ ਖਤਮ ਕਰ ਦਿੱਤਾ ਗਿਆ। ਹੁਣ ਉਹ ਇੱਕ ਮਾਮੂਲੀ ਸਮੱਸਿਆ ਰਹਿ ਗਏ ਸਨ। ਸੈਕਸ-ਰੋਗ-ਵਿਰੋਧੀ ਹਸਪਤਾਲ ਸਦਾ ਲਈ ਬੰਦ ਕਰ ਦਿੱਤੇ ਗਏ। ਵੇਸ਼ਵਾਗਮਨੀ ਦਾ ਨਾਂ-ਨਿਸ਼ਾਨ ਤੱਕ ਮਿਟ ਗਿਆ।

ਸੈਕਸ-ਰੋਗ-ਵਿਰੋਧੀ ਇਸ ਲਹਿਰ ਦੀ ਹੈਰਾਨੀਜਨਕ ਸਫ਼ਲਤਾ ਦਾ ਵਿਸਥਾਰੀ ਵਰਣਨ ਦੂਸਰੇ ਲੋਕਾਂ ਨੇ ਵੀ ਕੀਤਾ ਹੈ। 1945 ਵਿੱਚ ਬ੍ਰਿਟਿਸ਼ ਵਿਗਿਆਨਕਾਂ ਦੇ ਸੰਮੇਲਨ ਵਿੱਚ ਸੋਵੀਅਤ ਰੂਸ ਦਾ ਜ਼ਿਕਰ ਡਾ. ਜੇ. ਏ. ਸਕਾਟ ਨੇ ਆਪਣੇ ਭਾਸ਼ਣ ਵਿੱਚ ਕੀਤਾ ਸੀ। (ਬ੍ਰਿਟਿਸ਼ ਜਰਨਲ ਆਫ਼ ਵੇਨੇਰਲ ਡਿਜ਼ੀਜ਼ੇਜ਼ ਨਾਮਕ ਮੈਗਜ਼ੀਨ ਦੇ ਮਾਰਚ 1945 ਦੇ ਅੰਕ ਵਿੱਚ ਇਹ ਭਾਸ਼ਣ ਛਪਿਆ)। ਉਹਨਾਂ ਨੇ ਦੱਸਿਆ ਕਿ ਰੂਸ ਵਿੱਚ ਸੋਵੀਅਤ ਸੱਤ੍ਹਾਂ ਕਾਇਮ

ਹੋਣ ਤੋਂ ਪਹਿਲਾਂ ਸਿਰਫ਼ 13 ਮੈਡੀਕਲ ਸਕੂਲ ਸਨ, ਜਦੋ ਕਿ ਹੁਣ 70 ਹਨ। 1914 ਵਿੱਚ ਜ਼ਾਰ ਸਾਮਰਾਜ ਵਿੱਚ ਮੁਮਕਿਨ ਹੈ : ਸਿਫਲਿਸ ਦੇ ਮਰੀਜ਼ਾਂ ਦੀ ਸੰਖਿਆ ਸਾਰੀ ਦੁਨੀਆਂ ਵਿੱਚ ਸਭ ਤੋਂ ਜ਼ਿਆਦਾ ਸੀ। ਯਾਕੂਤ ਪ੍ਰਦੇਸ਼ ਵਿੱਚ ਤੀਹ ਫੀਸਦੀ ਆਬਾਦੀ ਇਹਨਾਂ ਰੋਗਾਂ ਤੋਂ ਪੀੜਿਤ ਸੀ। ਮਾਸਕੋ ਵਿੱਚ ਰੋਗੀਆਂ ਦੀ ਸੰਖਿਆ ਦਸ ਹਜ਼ਾਰ 'ਤੇ 338 ਸੀ। ਸਿਫਲਿਸ ਦੇ ਜਾਣੇ-ਪਛਾਣੇ ਰੂਪਾਂ ਦੇ ਇਲਾਵਾ ਰੂਸੀ ਡਾਕਟਰਾਂ ਨੂੰ ਉਸ ਦੇ ਨਵੇਂ ਨਵੇਂ ਰੂਪ ਵੀ ਦੇਖਣ ਨੂੰ ਮਿਲੇ। ਇਸ ਦਾ ਕਾਰਨ ਇਹ ਸੀ ਕਿ ਮੂਰਤੀਆਂ ਨੂੰ ਚੁੰਮਣ ਦਾ ਰਿਵਾਜ ਸਰਵਵਿਆਪਕ ਸੀ; ਲੋਕ ਇੱਕ-ਦੂਸਰੇ ਦੇ ਹੁੱਕੇ ਵੀ ਪੀਂਦੇ ਸਨ; ਲੋਕ ਆਪਣੀ ਜੂਠੀ ਰੋਟੀ ਬੱਚਿਆ ਨੂੰ ਖਵਾਉਣ ਤੋਂ ਨਹੀਂ ਝਿਜਕਦੇ ਸਨ। 1920 ਦੇ ਬਾਅਦ ਰੂਸੀ ਅਧਿਕਾਰੀਆਂ ਨੇ ਡਾਕਟਰ ਬ੍ਰੈਨਰ ਨੂੰ ਇਹਨਾਂ ਗੰਦੇ ਰਿਵਾਜਾਂ ਵਿਰੁੱਧ ਸਿੱਖਿਆ ਲਹਿਰ ਜਥੇਬੰਦ ਕਰਨ ਲਈ ਬੁਲਾਇਆ।

ਵੇਸ਼ਵਾਵਾਂ ਦੇ ਇਲਾਜ ਦੇ ਪ੍ਰਬੰਧ ਦੇ ਇਲਾਵਾ ਸਮੁੱਚੇ ਲੋਕਾਂ ਵਿੱਚੋਂ ਇਹਨਾਂ ਰੋਗਾਂ ਨੂੰ ਪੁੱਟ ਸੁੱਟਣ ਲਈ ਇੱਕ ਅਲੱਗ ਵਿਸ਼ਾਲ ਜਥੇਬੰਦੀ ਬਣਾਈ ਗਈ ਸੀ। ਡਾਕਟਰ ਸਕਾਟ ਅਨੁਸਾਰ ਸੈਕਸ ਰੋਗ ਵਿਰੋਧੀ ਅਜਿਹੇ ਹਸਪਤਾਲਾਂ ਦਾ ਪ੍ਰਬੰਧ ਕੀਤਾ ਗਿਆ ਸੀ ਜੋ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਪਹੁੰਚਦੇ ਰਹਿੰਦੇ ਸਨ। ਇਹ ਘੁੰਮਦੇ-ਫਿਰਦੇ ਹਸਪਤਾਲ ਸਨ ਇਹਨਾਂ ਦੀ ਵੱਡੀ ਮਹੱਤਵਪੂਰਨ ਭੂਮਿਕਾ ਸੀ। ਜਿਹੜੇ ਜ਼ਿਲ੍ਹੇ ਦਾ ਵੀ ਦੌਰਾ ਇਹ ਹਸਪਤਾਲ ਕਰਦੇ ਉਸ ਦੇ ਹਰ ਨਾਗਰਿਕ ਦੀ ਸਾਲ ਵਿੱਚ ਘੱਟੋ-ਘੱਟ ਇੱਕ ਵਾਰ ਜਾਂਚ ਜ਼ਰੂਰ ਹੋ ਜਾਂਦੀ। ਛੋਟੇ ਤੋਂ ਛੋਟੇ ਹਸਪਤਾਲਾਂ ਵਿੱਚ ਵੀ ਦੋ ਮਾਹਿਰ, ਦੋ ਡਾਕਟਰ (ਬਿਨਾਂ ਡਿਗਰੀ ਤੋਂ), ਇੱਕ ਜਾਂਚ ਪੜਤਾਲ ਕਰਨ ਵਾਲੀ ਇਸਤਰੀ ਇੱਕ ਕਲਰਕ ਅਤੇ ਦੋ ਅਰਦਲੀ ਰਹਿੰਦੇ ਸਨ। ਕਾਨੂੰਨ ਨੇ ਜ਼ਰੂਰੀ ਬਣਾ ਦਿੱਤਾ ਸੀ ਕਿ ਹਰ ਹਸਪਤਾਲ ਦੇ ਨਾਲ਼ ਘੱਟੋ-ਘੱਟ ਇੰਨੇ ਆਦਮੀ ਤਾਂ ਹੋਣੇ ਹੀ ਚਾਹੀਦੇ ਹਨ। ਜਾਂਚ-ਪੜਤਾਲ ਦੇ ਨਵੇਂ ਤੋਂ ਨਵੇਂ ਸਾਧਨ ਉਹਨਾਂ ਕੋਲ ਮੌਜੂਦ ਰਹਿੰਦੇ। ਸਿਫਲਿਸ ਅਤੇ ਗਨੌਰੀਆਂ ਦੇ ਇਲਾਜ ਦੀਆਂ ਨਵੀਆਂ ਤੋਂ ਨਵੀਆਂ ਦਵਾਈਆਂ ਨਾਲ਼ ਰਹਿੰਦੀਆਂ। ਪੁਰਸ਼ਾਂ ਅਤੇ ਇਸਤਰੀਆਂ ਦੇ ਇਲਾਜ ਲਈ ਅਲੱਗ ਅਲੱਗ ਥਾਵਾਂ ਅਤੇ ਅਲੱਗ ਅਲੱਗ ਸਮੇਂ ਦਾ ਪ੍ਰਬੰਧ ਸੀ। ਇਸ ਸਮੇਂ ਤਾਂ ਸੋਵੀਅਤ ਰੂਸ ਵਿੱਚ ਤਰ੍ਹਾਂ ਦੇ ਲਗਭਗ 2000 ਹਸਪਤਾਲ ਸਨ। ਬਾਅਦ ਵਿੱਚ ਇਹਨਾਂ ਦਲਾਂ ਨੇ ਛੂਆ-ਛੂਤ ਸਬੰਧੀ ਬਿਮਾਰੀਆਂ ਦੀ ਜਾਂਚ-ਪੜਤਾਲ ਅਤੇ ਇਲਾਜ ਦਾ ਭਾਰ ਸੰਭਾਲ ਲਿਆ।

ਸੋਵੀਅਤ ਸੰਘ ਦੇ ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਅਧਿਕਾਰੀਆਂ ਦੇ ਇਲਾਜ ਸਬੰਧੀ ਫਰਜ਼ ਦੇ ਇਲਾਵਾ, ਕੁੱਝ ਸਮਾਜਿਕ ਫਰਜ ਵੀ ਸਨ। ਉਹ ਸੈਕਸ-ਰੋਗਾਂ, ਵੇਸ਼ਵਾਗਮਨੀ ਅਤੇ ਸੈਕਸ ਰੋਗ ਸਬੰਧੀ ਦੂਸਰੀਆਂ ਸਮੱਸਿਆਵਾਂ 'ਤੇ ਭਾਸ਼ਣ ਅਤੇ ਅਧਿਐਨ ਦੇ ਪ੍ਰੋਗਰਾਮਾਂ ਦਾ ਵੀ ਆਯੋਜਨ ਕਰਦੇ। ਸਿਨੇਮਾ ਰਾਹੀਂ; ਇਸ਼ਤਿਹਾਰਾਂ ਰਾਹੀਂ ਅਤੇ ਪ੍ਰਦਰਸ਼ਨੀਆਂ ਰਾਹੀਂ ਲੋਕਾਂ ਦੀ ਸਹਿਮਤੀ ਹਾਸਿਲ ਕੀਤੀ ਜਾਂਦੀ। ਇਸ ਲਈ, ਜਦੋਂ ਆਮ ਲੋਕਾਂ ਦੀ ਸੈਕਸ-ਰੋਗਾਂ ਸਬੰਧੀ ਜਾਂਚ-ਪੜਤਾਲ ਸ਼ੁਰੂ ਹੋਈ ਤਾਂ ਲੋਕਾਂ ਨੇ ਤਾਂ ਵਿਰੋਧ ਕੀਤਾ ਅਤੇ ਨਾ ਰੁੱਖਾਪਣ ਅਪਣਾਇਆ। ਅਜਿਹੇ ਲੋਕਾਂ ਦੀ ਸੰਖਿਆ ਬਹੁਤ ਘੱਟ ਹੋ ਗਈ ਜਿਨ੍ਹਾਂ ਨੇ ਰੋਗੀ ਹੁੰਦੇ ਹੋਏ ਵੀ, ਇਲਾਜ ਵੱਲ ਲਾਪਰਵਾਹੀ ਦਾ ਵਤੀਰਾ ਅਪਨਾਇਆ ਹੋਵੇ। ਡਾਕਟਰ ਸਕਾਟ ਨੇ

ਦੱਸਿਆ ਕਿ ਸੋਵੀਅਤ-ਰੂਸ ਵਿੱਚ ਕਾਨੂੰਨ ਇਹ ਹੈ ਕਿ ਜੋ ਪੁਰਸ਼ ਜਾਂ ਇਸਤਰੀ ਆਪਣੀ ਇੱਛਾ ਨਾਲ਼, ਜਾਣਬੁੱਝ ਕੇ, ਇਹਨਾਂ ਰੋਗਾਂ ਨੂੰ ਫੈਲਾਉਣਗੇ ਉਹਨਾਂ ਨੂੰ ਛੇ ਮਹੀਨੇ ਤੋਂ ਤਿੰਨ ਸਾਲ ਤੱਕ ਦੀ ਸਜ਼ਾ ਦਿੱਤੀ ਜਾਵੇਗੀ। ਪਰ ਇਸ ਕਾਨੂੰਨ ਨੂੰ ਸ਼ਾਇਦ ਹੀ ਕਦੇ ਵਰਤਣ ਦੀ ਲੋੜ ਪਈ ਹੋਵੇ।

ਡਾ. ਸਕਾਟ ਅਨੁਸਾਰ ਸੋਵੀਅਤ ਰੂਸ ਦੇ ਮੌਜੂਦਾ ਸੈਕਸ-ਰੋਗ-ਵਿਰੋਧੀ ਹਸਪਤਾਲਾਂ ਵਿੱਚ ਆਰਸੇਨਿਕਲਸ ਅਤੇ ਸਲਫ਼ਾਨਮਾਈਡਸ ਦੋਵਾਂ ਦੀ ਵਰਤੋਂ ਹੁੰਦੀ ਸੀ। ਇਹ ਹਾਲਤ ਸੀ ਪੈਨਸੀਲੀਨ ਇਲਾਜ ਸ਼ੁਰੂ ਹੋਣ ਤੋਂ ਪਹਿਲਾਂ। ਪਰ ਸੋਵੀਅਤ ਮਾਹਿਰਾਂ ਨੇ ਜੋ ਅਤਿਅੰਤ ਸਫ਼ਲ ਦ੍ਰਵ ਤਿਆਰ ਕੀਤਾ ਉਹ ਸੀ ਗਲੂਕੋਸਟ੍ਰੇਪਟੋਸਾਈਡ ਭਾਵ ਸਲਫ਼ਾਨਮਾਈਡਸ ਅਤੇ ਗਲੂਕੋਜ ਦਾ ਮਿਸ਼ਰਣ।

ਯੁੱਧ ਸ਼ੁਰੂ ਹੋਣ ਤੋਂ ਪਹਿਲਾਂ 1941 ਵਿੱਚ, ਸਿਫਲਿਸ-ਵਿਰੋਧੀ ਲਹਿਰ ਨੇ ਇਸ ਰੋਗ ਦੇ ਆਰੰਭਿਕ ਰੂਪਾਂ ਨੂੰ ਲਗਭਗ ਖਤਮ ਕਰ ਦਿੱਤਾ ਸੀ। 1935 ਵਿੱਚ ਮਾਸਕੋ ਦੇ ਮੈਡੀਕਲ ਸਕੂਲਾਂ ਦੇ ਵਿਦਿਆਰਥੀਆਂ ਸਾਹਮਣੇ ਇਸ ਰੋਗ ਦੇ ਪ੍ਰਦਰਸ਼ਨ ਵਾਸਤੇ ਰੋਗੀਆਂ ਨੂੰ ਲੱਭਣਾ ਹੀ ਮੁਸ਼ਕਿਲ ਸੀ। ਇਸ ਰੋਗ ਦੇ ਪੁਰਾਣੇ ਮਰੀਜ਼ਾਂ ਵਿੱਚ ਰੋਗ ਦੇ ਲੱਛਣ ਤੀਹ ਸਾਲ ਬਾਅਦ ਵੀ ਉਭਰ ਆਉਂਦੇ ਹਨ। ਇਸ ਲਈ, ਅਜਿਹੀ ਸਿਫਲਿਸ ਦਾ ਇਲਾਜ ਅੱਜ ਵੀ ਜਾਰੀ ਹੈ।

ਡਾ. ਸਕਾਟ ਦੇ ਭਾਸ਼ਣ 'ਤੇ ਆਪਣਾ ਮਤ ਪ੍ਰਗਟ ਕਰਦੇ ਹੋਏ ਡਾ. ਆਰ. ਫਾਰਗਨ ਨੇ ਕਿਹਾ ਹੈ ਕਿ "ਰੂਸ ਦੀਆਂ ਫੈਕਟਰੀਆਂ ਵਿੱਚ ਸਿਹਤ ਸਿੱਖਿਆ ਦਾ ਜੋ ਕੰਮ ਕੀਤਾ ਗਿਆ ਹੈ ਉਸ ਨਾਲ਼ ਅਸੀਂ ਇੰਗਲੈਂਡ ਦੀ ਹਾਲਤ ਦੀ ਤੁਲਨਾ ਕਰੀਏ ਤਾਂ ਉਹ ਸਾਡੇ ਲਈ ਚਣੌਤੀ ਹੈ। ਇਸ ਵਿੱਚ ਸ਼ੱਕ ਨਹੀਂ ਕਿ ਇੰਗਲੈਂਡ ਵਿੱਚ ਸਿਹਤ ਅਤੇ ਕਿਰਤ ਮੰਤਰੀ ਫੈਕਟਰੀਆਂ ਵਿੱਚ ਸਿਹਤ ਸਿੱਖਿਆ ਨੂੰ ਹੱਲ੍ਹਾਸ਼ੇਰੀ ਦਿੰਦੇ ਰਹੇ ਹਨ। ਪਰ ਸੋਵੀਅਤ ਰੂਸ ਦੀ ਸਿਹਤ ਯੋਜਨਾ ਨਾਲ਼ ਤੁਲਨਾ ਕਰਨ 'ਤੇ ਇਹ ਸਭ ਬਹੁਤ ਨਾਕਾਫ਼ੀ ਰਿਹਾ ਹੈ।" ਉਹਨਾਂ ਨੇ ਸਰਕਾਰਾਂ ਦੇ ਰਵੱਈਏ ਵਿੱਚ ਅੰਤਰ ਦੱਸਿਆ। "ਅੱਜ ਤੋਂ ਕੁੱਝ ਸਾਲ ਪਹਿਲਾਂ ਇੰਗਲੈਂਡ ਦੀਆਂ ਫੈਕਟਰੀਆਂ ਵਿੱਚ ਇੱਕ ਇਸ਼ਤਿਹਾਰ ਘੁੰਮਾਇਆ ਜਾ ਰਿਹਾ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਜਿਹੜੇ ਪੁਰਸ਼ ਜਾਂ ਇਸਤਰੀ ਨੂੰ ਸੈਕਸ-ਰੋਗ ਦਾ ਸ਼ੱਕ ਹੋਵੇ ਉਹ ਕਿਸੇ ਡਾਕਟਰ ਨੂੰ ਮਿਲੇ ਜਾਂ ਕਿਸੇ ਹਸਪਤਾਲ ਵਿੱਚ ਭਰਤੀ ਹੋ ਜਾਵੇ। ਪਰ ਸਰਕਾਰ ਦੇ ਕਿਰਤ-ਵਿਭਾਗ ਨੇ ਵੀ ਇਸ ਦਾ ਵਿਰੋਧ ਕੀਤਾ।

ਇੱਕ ਦੂਸਰੇ ਮਾਹਿਰ ਡਾ. ਨਬਾਰੋ ਨੇ ਰੂਸ ਦੇ ਪਿੰਡਾਂ ਵਿੱਚ ਸੈਕਸ-ਰੋਗ-ਵਿਰੋਧੀ ਲਹਿਰ ਦਾ ਜ਼ਿਕਰ ਕੀਤਾ ਹੈ ਅਤੇ ਕਿਹਾ ਹੈ : "ਇੰਨੇ ਵੱਡੇ ਦੇਸ਼ ਵਿੱਚ ਜਦੋਂ ਅਜਿਹੀ ਸਫ਼ਲਤਾ ਪ੍ਰਾਪਤ ਹੋ ਸਕਦੀ ਹੈ ਤਾਂ ਗ੍ਰੇਟ-ਬ੍ਰਿਟੇਨ ਵਰਗੇ ਦੇਸ਼ ਲਈ ਤਾਂ ਇਹ ਬੱਚਿਆ ਦੀ ਖੇਡ ਹੋਣੀ ਚਾਹੀਦੀ ਹੈ — ਬਸ਼ਰਤੇ ਕਿ ਇਰਾਦਾ ਪੱਕਾ ਹੋਵੇ। ਪਰ, ਲੱਗਦਾ ਹੈ ਸਾਡੇ ਇੱਥੇ ਤਾਂ ਅਜਿਹੇ ਇਰਾਦੇ ਦੀ ਹੀ ਕਮੀ ਹੈ।"

ਨਿਸ਼ਚੇ ਹੀ ਤੱਥਾਂ ਨੂੰ ਲੁਕਾਇਆ ਨਹੀਂ ਜਾ ਸਕਦਾ। ਪੂੰਜੀਵਾਦੀ ਦੇਸ਼ਾਂ ਦੇ

ਵਿਗਿਆਨਕ ਅਤੇ ਸਿਹਤ-ਅਧਿਕਾਰੀ ਸੈਕਸ-ਰੋਗਾਂ 'ਤੇ ਕਾਬੂ ਪਾਉਣ ਲਈ ਖੋਜਾਂ ਅਤੇ ਇਲਾਜ ਸਬੰਧੀ ਹਰ ਸਹੂਲਤ ਦਾ ਲਾਭ ਲੈ ਰਹੇ ਹਨ। ਉਹ ਸਿਫਲਿਸ ਅਤੇ ਗਨੋਰੀਆ ਦੇ ਇੱਕ ਹਫ਼ਤੇ ਅਤੇ ਇੱਕ ਦਿਨ ਵਾਲ਼ੇ ਇਲਾਜਾਂ ਨੂੰ ਲੱਭਣ ਵਿੱਚ ਰੁੱਝੇ ਹਨ। ਪਰ ਇਕੱਲੀ ਫ਼ੌਜ ਵਿੱਚ ਵੱਡੇ ਸਖ਼ਤ ਉਪਾਵਾਂ ਨੂੰ ਲਾਗੂ ਕਰਕੇ — ਜਿਨ੍ਹਾਂ ਨੂੰ ਆਮ ਨਾਗਰਿਕਾਂ 'ਤੇ ਲਾਗੂ ਨਹੀਂ ਕੀਤਾ ਜਾ ਸਕਦਾ — ਉਹ ਅਸਲੀ ਸਫ਼ਲਤਾ ਪਾ ਸਕੇ। ਪਰ ਅੱਗੇ ਕੀ ਹੋਣ ਵਾਲ਼ਾ ਹੈ ?

ਸਾਡੇ ਦੇਸ਼ਾਂ ਦੇ ਵਿਗਿਆਨਕ ਉਸੇ ਤੰਦਰੁਸਤ ਨਜ਼ਰੀਏ ਵੱਲ ਹੁਣ ਹੌਲ਼ੀ-ਹੌਲ਼ੀ ਝੁਕਦੇ ਆ ਰਹੇ ਹਨ ਜੋ ਅਮਰੀਕਾ ਪਬਲਿਕ ਹੈਲਥ ਸਰਵਿਸ ਦੇ ਅਧਿਕਾਰੀ ਡਾ. ਰੋਗਰ ਈ. ਹਿਯਰਿੰਗ ਨੇ 1943 ਵਿੱਚ ਨਿਊਯਾਰਕ ਦੇ "ਟਊਬਰਕੁਲੋਸਿਸ ਐਂਡ ਹੈਲਥ ਐਸੋਸ਼ੀਏਸ਼ਨ' ਦੇ ਸਾਹਮਣੇ ਪ੍ਰਗਟ ਕੀਤਾ ਸੀ। ਉਹਨਾਂ ਨੇ ਕਿਹਾ ਸੀ :

"ਸੈਕਸ-ਰੋਗਾਂ 'ਤੇ ਕਾਬੂ ਪਾਉਣ ਲਈ ਰਹੱਸਮਈ ਸ਼ਕਤੀਆਂ ਦੀ ਮਦਦ ਦੀ ਜ਼ਰੂਰਤ ਨਹੀਂ ਹੁੰਦੀ। ਜ਼ਰੂਰਤ ਹੁੰਦੀ ਹੈ ਸਮੱਸਿਆ ਨੂੰ ਸਮਝਣ ਦੀ, ਬਿਮਾਰੀਆਂ ਬਾਰੇ ਕੁੱਝ ਜ਼ਰੂਰੀ ਗੱਲਾਂ ਨੂੰ ਸਮਝਣ ਦੀ, ਮਨੁੱਖੀ ਸੁਭਾਅ ਨੂੰ ਸਮਝਣ ਦੀ ਅਤੇ ਇਸ ਵਿਸ਼ਵਾਸ ਦੀ ਕਿ ਹਾਂ ਕੁੱਝ ਕੀਤਾ ਜਾ ਸਕਦਾ ਹੈ ਅਤੇ ਕੀਤਾ ਜਾਣਾ ਚਾਹੀਦਾ ਹੈ।" ਉਹਨਾਂ ਨੇ ਕਿਹਾ : ਇਹ ਬਿਮਾਰੀਆਂ ਛੂਤ ਦੀਆਂ ਹੁੰਦੀਆਂ ਹਨ, ਇਹਨਾਂ ਦਾ ਲੱਗ ਜਾਣਾ ਕੋਈ ਬੇਇੱਜਤੀ ਵਾਲੀ ਗੱਲ ਨਹੀਂ।" ਉਹਨਾਂ ਨੇ ਹੋਰ ਅੱਗੇ ਕਿਹਾ : ਵੇਸ਼ਵਾ "ਅਪਰਾਧੀ ਨਹੀਂ ਹੈ, ਉਹ ਤਾਂ ਇੱਕ ਸਮਾਜਿਕ ਸਮੱਸਿਆ ਹੈ... ਅਸਲੀ ਅਪਰਾਧੀ ਤਾਂ ਵੇਸ਼ਵਾਵਾਂ ਦੇ ਲੋਟੂ ਹਨ।"

ਉਪਰੋਕਤ ਗੱਲਾਂ ਸੈਕਸ-ਰੋਗਾਂ ਨੂੰ ਖਤਮ ਕਰਨ ਦਾ ਪ੍ਰੋਗਰਾਮ ਨਹੀਂ ਕਹੀਆਂ ਜਾ ਸਕਦੀਆਂ। ਪਰ ਕੁੱਝ ਬੁਨਿਆਦੀ ਗੱਲਾਂ ਇਹਨਾਂ ਵਿੱਚ ਜ਼ਰੂਰ ਕਹੀਆਂ ਗਈਆਂ ਹਨ। "ਇੱਕ ਦਿਨ ਵਿੱਚ ਸਿਫਲਿਸ ਦੇ ਯਕੀਨੇ ਇਲਾਜ" ਨੂੰ ਜੋ ਬੇਲੋੜਾ ਮਹੱਤਵ ਦਿੱਤਾ ਜਾ ਰਿਹਾ ਸੀ, ਤਾਂ ਹਿਅਰਿੰਗ ਨੇ ਉਸ ਵੱਲ ਲੋਕਾਂ ਦਾ ਧਿਆਨ ਖਿੱਚਿਆ (ਇੱਕ ਮੈਗਜ਼ੀਨ ਵਿੱਚ ਪਾਲ ਦ ਕਰੁਕ ਸਾਹਿਬ ਨੇ ਆਪਣੇ ਇੱਕ ਲੇਖ ਵਿੱਚ ਅਜਿਹੇ ਇਲਾਜ ਦੀ ਕਲਪਨਾ ਕੀਤੀ ਸੀ) ਡਾ. ਹਿਅਰਿੰਗ ਨੇ ਕਿਹਾ ਕਿ ਇੱਕ ਪਾਸੇ ਤਾਂ ਗੈਰ-ਵਿਗਿਆਨਕ ਵਿਚਾਰ ਅਤੇ ਦੂਸਰੇ ਪਾਸੇ ਸਿਫਲਿਸ ਦੇ ਇਲਾਜ ਵਿੱਚ ਉਨਤੀ, ਦੋਵੇਂ ਹੀ, "ਉਸ ਡਰ ਨੂੰ ਹਟਾਈ ਜਾ ਰਹੇ ਹਨ ਜੋ ਆਮ ਤੌਰ 'ਤੇ ਸੈਕਸ-ਰੋਗਾਂ ਨੂੰ ਰੋਕਣ ਵਿੱਚ ਮਦਦਗਾਰ ਹੁੰਦਾ ਹੈ।" 1944 ਵਿੱਚ ਅਮਰੀਕਾ ਦੇ ਲੋਕ ਸਿਹਤ ਵਿਭਾਗ ਨੇ ਦੱਸਿਆ ਕਿ ਅਮਰੀਕਾ ਵਿੱਚ ਗਨੋਰੀਆ ਦੇ ਮਰੀਜ਼ਾਂ ਵਿੱਚ 11 ਫੀਸਦੀ ਵਾਧਾ ਦੇਖਿਆ ਗਿਆ ਹੈ। ਇਸ ਦਾ ਕਾਰਨ ਮੁਮਕਿਨ ਹੈ : ਸਲਫਾਡ੍ਰਗਜ਼ ਦੁਆਰਾ ਤੁਰੰਤ ਇਲਾਜ ਦਾ ਧੂੰਆਂਧਾਰ ਪ੍ਰਚਾਰ ਸੀ। ਦੇਖਿਆ ਗਿਆ ਕਿ ਇਲਾਜ ਸਬੰਧੀ ਖੋਜ ਨਾਲ਼ ਜਿਵੇਂ-ਜਿਵੇਂ ਇਲਾਜਾਂ ਦੇ ਢੰਗਾਂ ਵਿੱਚ ਉਨਤੀ ਹੋਈ ਹੈ ਉਵੇਂ-ਉਵੇਂ ਨੈਤਿਕ ਸੰਜਮ ਵੀ ਢਿੱਲੇ ਪੈਂਦੇ ਗਏ ਹਨ। ਕਾਰਨ ਇਹ ਹੈ ਕਿ ਰੋਗਾਂ ਤੋਂ ਪੀੜਿਤ ਹੋਣ ਦਾ ਡਰ ਘੱਟ ਹੁੰਦਾ ਗਿਆ। ਇਸ ਲਈ ਅਕਸਰ ਦੇਖਿਆ ਗਿਆ ਹੈ ਕਿ ਇਲਾਜ ਵਿੱਚ ਉਨਤੀ ਦੇ ਬਾਵਜੂਦ ਰੋਗਾਂ ਵਿੱਚ ਵਾਧਾ ਹੁੰਦਾ ਹੈ। ਇੱਕ ਵੱਡੇ ਪੈਮਾਨੇ 'ਤੇ ਅਜਿਹੀ ਦਵਾਈ ਖੋਜਣ ਦੇ ਯਤਨ ਜਾਰੀ ਹਨ ਜਿਨ੍ਹਾਂ ਦੀ ਵਰਤੋਂ ਕਰ ਲੈਣ ਤੋਂ ਹੀ ਸਿਫਲਿਸ ਜਾਂ ਗਨੋਰੀਆ ਦਾ ਡਰ ਜਾਂਦਾ ਰਹੇਗਾ।

ਵੇਸ਼ਵਾਗਮਨੀ ਅਤੇ ਸੈਕਸ ਭੋਗ 'ਤੇ ਇਸ ਦਾ ਕੀ ਅਸਰ ਪਵੇਗਾ ਇਹ ਸੋਚਣਾ ਮੁਸ਼ਕਿਲ ਨਹੀਂ। ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਸਾਡੇ ਇੱਥੋਂ ਦੇ ਵੱਡੇ-ਵੱਡੇ ਡਾਕਟਰ, ਜੋ ਲੋਕਾਂ ਦੀ ਸਿਹਤ ਦੀ ਰੱਖਿਆ ਦਾ ਦਾਅਵਾ ਕਰਦੇ ਹਨ, ਵੇਸ਼ਵਾਗਮਨੀ ਨੂੰ ਸਿਰਫ਼ ਇਸ ਲਈ ਬੁਰਾ ਕਹਿੰਦੇ ਹਨ ਕਿ ਉਸ ਨਾਲ਼ ਸੈਕਸ ਰੋਗ ਵੱਧਦੇ ਅਤੇ ਫੈਲਦੇ ਹਨ। ਕੁੱਝ ਡਾਕਟਰ ਤਾਂ ਅਨੈਤਿਕਤਾ ਅਤੇ ਵਿਭਚਾਰ ਦੀ ਵਿਆਪਕ ਸਮੱਸਿਆ ਬਾਰੇ ਸੋਚਣ-ਵਿਚਾਰਨ ਦਾ ਕਸ਼ਟ ਕਰਨਾ ਵੀ ਉੱਚਿਤ ਨਹੀਂ ਸਮਝਦੇ। ਉਹ ਕਹਿੰਦੇ ਹਨ, ਵਿਗਿਆਨ ਦਾ ਇਸ ਸਮੱਸਿਆ ਨਾਲ਼ ਕੀ ਲੈਣਾ ਦੇਣਾ ?

ਜ਼ਾਰ ਦੇ ਸਮੇਂ ਰੂਸ ਵਿੱਚ ਵਿਭਚਾਰ ਅਤੇ ਸਾਡੇ ਦੇਸ਼ਾਂ ਵਿੱਚ ਵਿਭਚਾਰ ਵਿੱਚ ਅੰਤਰ ਹੈ ਤਾਂ ਸਿਰਫ਼ ਇੰਨਾ ਕਿ ਜ਼ਾਰ ਸਰਕਾਰ ਦੇ ਤਹਿਤ ਵਿਭਚਾਰ ਦੇ ਵਾਧੇ ਨੂੰ ਖੁੱਲ੍ਹਮ-ਖੁੱਲ੍ਹਾ ਮੰਨਿਆ ਜਾਂਦਾ ਸੀ ਅਤੇ ਉਸ ਨੂੰ ਰੋਕਣ 'ਤੇ ਸਖ਼ਤ ਪਾਬੰਦੀ ਲਗਾਈ ਜਾਂਦੀ ਸੀ, ਜਦੋਂ ਕਿ ਸਾਡੇ ਦੇਸ਼ਾਂ ਵਿੱਚ ਇਹ ਦਿਖਾਵਾ ਕੀਤਾ ਜਾਂਦਾ ਹੈ ਕਿ ਇੱਥੇ ਜਥੇਬੰਦ ਵਿਭਚਾਰ ਸਮਾਜ ਦੇ ਸਭ ਤੋਂ ਹੇਠਲੇ ਅੰਗਾਂ ਵਿੱਚ ਹਨ। ਅੱਜ ਅਸੀਂ "ਵਿਗਿਆਨਕ" ਹੋ ਗਏ ਹਾਂ, ਪਰ ਸਿਰਫ਼ ਇੰਨਾ ਕਿ ਬਿਨਾਂ ਨੱਕ-ਮੂੰਹ ਬਣਾਏ ਅਸੀਂ ਸਿਫਲਿਸ ਅਤੇ ਗਨੋਰੀਆ ਬਾਰੇ ਗੱਲਾਂ ਸੁਣ ਅਤੇ ਪੜ੍ਹ ਲੈਂਦੇ ਹਾਂ। ਪਰ ਅਨੈਤਿਕਤਾ ਦੀ ਸਮੱਸਿਆ 'ਤੇ ਵਿਚਾਰ ਕਰਦੇ ਸਮੇਂ ਅਸੀਂ ਇਸ ਹੱਦ ਤੋਂ ਅੱਗੇ ਨਹੀਂ ਵੱਧਣਾ ਚਾਹੁੰਦੇ। ਸਾਡੇ ਇੱਥੋਂ ਦੇ ਵੱਡੇ-ਵੱਡੇ ਡਾਕਟਰ ਸਮਝਦਾਰ ਹੋਣ ਦਾ ਦਾਅਵਾ ਕਰਦੇ ਹਨ। ਉਹ ਗੱਲਾਂ ਵੀ ਬੜੀਆਂ ਗੰਭੀਰ ਕਹਿੰਦੇ ਸੁਣਦੇ ਹਨ। ਪਰ ਅਸਲ ਵਿੱਚ ਉਹਨਾਂ ਜੋ ਕੁੱਝ ਕੀਤਾ ਹੈ ਉਹ ਇਹ ਹੈ ਕਿ ਸਮਾਜਿਕ ਢੋਂਗ 'ਤੇ ਡਾਕਟਰੀ ਗੱਲਾਂ ਦਾ ਮੁਲੰਮਾ ਚੜ੍ਹਾ ਦਿੱਤਾ ਹੈ। ਉਹ ਦਾਦਾ ਅਤੇ ਪੜਦਾਦਾ ਦੇ ਜ਼ਮਾਨੇ ਦੀ ਵਿਭਚਾਰ ਵਿਰੋਧੀ ਲਹਿਰ ਨੂੰ ਹੀ ਜਿਓਂ ਦਾ ਤਿਓਂ ਦੁਹਰਾ ਰਹੇ ਹਨ। ਫਰਕ ਸਿਰਫ਼ ਏਨਾ ਹੈ ਕਿ ਦਾਦਾ ਅਤੇ ਪੜਦਾਦਾ ਕਹਿੰਦੇ ਸਨ : ਪੁੱਤਰ ! ਸੰਜਮੀ ਬਣੋ, ਸਦਾਚਾਰੀ ਬਣੋ। ਇਹ ਲੋਕ ਕਹਿੰਦੇ ਹਨ —'ਭਾਈਓ ! ਸਲਫਾ-ਡ੍ਰਗ ਅਤੇ ਪੈਨਸੀਲੀਨ ਦੀ ਵਰਤੋਂ ਕਰੋ।' ਡਾਕਟਰਾਂ ਦਰਮਿਆਨ ਜੋ ਗੁਮਰਾਹੀ ਫੈਲੀ ਹੋਈ ਹੈ ਉਸ ਨਾਲ਼ ਹੋਰ ਕੋਈ ਨਤੀਜਾ ਨਹੀਂ ਕੱਢਿਆ ਜਾ ਸਕਦਾ। ਅੰਤ ਇਸ ਬਹਿਸ ਦਾ ਹੋਰ ਮਤਲਬ ਹੀ ਕੀ ਹੈ ਕਿ ਜਾਣੇ-ਪਛਾਣੇ -ਵੇਸ਼ਵਾਅੱਡਿਆਂ ਜਾਂ ਗੈਰ-ਕਾਨੂੰਨੀ ਥਾਵਾਂ 'ਤੇ ਕੇਂਦਰਿਤ ਰੱਖਣ 'ਤੇ — ਜਿਨ੍ਹਾਂ ਨੂੰ ਪੁਲਿਸ ਬਰਦਾਸਤ ਕਰਦੀ ਹੈ — ਵਿਭਚਾਰ ਨੂੰ "ਸੀਮਤ" ਰੱਖਿਆ ਜਾ ਸਕਦਾ ਹੈ। ਇਸ ਦਾ ਉਦੇਸ਼ ਇਸ ਸੜੀ ਗਲੀ ਦਲੀਲ ਨੂੰ ਪੇਸ਼ ਕਰਨ ਦੇ ਇਲਾਵਾ ਹੋਰ ਕੁੱਝ ਨਹੀਂ ਹੈ ਕਿ ਸੈਕਸ-ਰੋਗ ਲੱਗਣਾ ਥੋੜ੍ਹਾ ਮੁਸ਼ਕਿਲ ਬਣਾ ਦਿੱਤਾ ਜਾਵੇ।

ਇਤਿਹਾਸ ਦੱਸਦਾ ਹੈ ਕਿ ਬਹੁਤ ਪਹਿਲਾਂ ਹੀ ਜ਼ਾਰਸ਼ਾਹੀ ਰੂਸ ਵਿੱਚ, ਇਹ ਬਹਿਸ ਆਪਣੀ ਅੰਤਲੀ ਹੱਦ ਤੱਕ ਪਹੁੰਚ ਚੁੱਕੀ ਸੀ। ਆਓ, ਅਸੀਂ ਬੁਨਿਆਦੀ ਗੱਲਾਂ ਨੂੰ ਹੀ ਫੜੀਏ। ਸੈਕਸ-ਰੋਗ ਫੈਲਦੇ ਕਿਵੇਂ ਹਨ ? ਸੈਕਸ ਭੋਗ ਨਾਲ਼। ਪੁਰਸ਼ ਅਤੇ ਇਸਤਰੀਆਂ ਇਹਨਾਂ ਰੋਗਾਂ ਵਾਹਕ ਹੁੰਦੇ ਹਨ। ਮੰਨੀ ਹੋਈ ਗੱਲ ਹੈ, ਪੁਰਸ਼ ਅਤੇ ਇਸਤਰੀਆਂ ਦੀ ਹੋਂਦ ਮਿਟਾਈ ਨਹੀਂ ਜਾ ਸਕਦੀ। ਉਹਨਾਂ ਨੂੰ ਨਾ ਤਾਂ ਹਸਪਤਾਲਾਂ ਵਿੱਚ ਬੰਦ ਕੀਤਾ ਜਾ ਸਕਦਾ ਹੈ, ਨਾ ਕੈਦ ਕੀਤਾ ਜਾ ਸਕਦਾ ਹੈ। ਵਜ੍ਹਾ ਸਾਫ਼ ਹੈ। ਅਸੀਂ ਇੰਨੇ ਹਸਪਤਾਲ ਨਾ ਤਾਂ ਬਣਾ ਸਕਦੇ

ਹਾਂ, ਨਾ ਚਲਾ ਸਕਦੇ ਹਾਂ ਜਿਨ੍ਹਾਂ ਵਿੱਚ ਅਥਾਹ ਮਰੀਜ਼ਾਂ ਨੂੰ ਰੱਖਿਆ ਜਾ ਸਕੇ। ਨਾ ਹੀ ਇਹ ਮੁਮਕਿਨ ਹੈ ਕਿ ਸੈਕਸ-ਰੋਗਾਂ ਤੋਂ ਪੀੜਿਤ ਲੋਕਾਂ ਨੂੰ ਦੂਸਰਿਆਂ ਨਾਲ਼ ਮਿਲਣ-ਜੁਲਣ ਨਾ ਦਿੱਤਾ ਜਾਵੇ। ਸਮੱਸਿਆ ਸਾਨੂੰ ਇੱਕ ਤਰ੍ਹਾਂ ਦੀ ਘੁੰਮਣਘੇਰੀ ਵਿੱਚ ਪਾ ਦਿੰਦੀ ਹੈ।

ਇਸ ਨਿਰਾਸ਼ਵਾਦੀ ਹਾਲਤ ਤੋਂ ਹੀ ਇਸ ਵਿਚਾਰਧਾਰਾ ਨੂੰ ਹੱਲਾਸ਼ੇਰੀ ਮਿਲੀ ਕਿ ਵਿਭਚਾਰ ਅਤੇ ਸੈਕਸ-ਰੋਗ ਅਨੰਤ ਕਾਲ ਤੱਕ ਕਾਇਮ ਰਹਿਣਗੇ। ਪਰ, ਆਪਣੇ ਯੁੱਗ ਦੀਆਂ ਵਿਕਸਿਤ ਸੱਭਿਅਤਾ ਨੂੰ ਦੇਖ ਕੇ ਅਸੀਂ ਮੰਨਣ ਨੂੰ ਤਿਆਰ ਨਹੀਂ ਹੁੰਦੇ ਕਿ ਸਿਫਲਿਸ ਅਤੇ ਗਨੌਰੀਆ ਵਰਗੀਆਂ ਬਲਾਵਾਂ ਹਮੇਸ਼ਾ ਸਾਡੇ ਨਾਲ਼ ਰਹਿਣਗੀਆਂ। ਇਸ ਲਈ, ਡਾਕਟਰਾਂ ਨੇ ਸਾਵਧਾਨ ਹੋਣ ਦੀ ਝੰਡੀ ਦਿਖਾਈ ਨਹੀਂ ਕਿ ਅਸੀਂ ਘੁੰਮਣਘੇਰੀ ਵਿੱਚ ਇੱਕ ਵਾਰ ਫਿਰ ਚੱਕਰ ਲਗਾਉਣਾ ਸ਼ੁਰੂ ਕਰ ਦਿੱਤਾ।

# ਮਹੀਨੇ ਵਿੱਚ ਪੰਜ ਕਰੋੜ ਵਾਰ

ਇਸ ਤੋਂ ਪਹਿਲਾਂ ਕਿ ਵਿਭਚਾਰ ਵਿਰੁੱਧ ਸੋਵੀਅਤ ਰੂਸ ਦੇ ਘੋਲ ਦਾ ਅਸੀਂ ਵਿਸਥਾਰ ਨਾਲ਼ ਵਰਣਨ ਕਰੀਏ, ਇਹ ਚੰਗਾ ਹੋਵੇਗਾ ਕਿ ਅਮਰੀਕਾ ਵਿੱਚ ਸੈਕਸ-ਰੋਗਾਂ ਵਿਰੁੱਧ ਸੰਘਰਸ਼ਾਂ ਦੀ ਗੱਲ ਪੂਰੀ ਕਰ ਲਈ ਜਾਵੇ। ਪਰਲ ਹਾਰਬਰ ਦੀ ਘਟਨਾ ਦੇ ਬਾਅਦ ਅਮਰੀਕਾ ਵਿੱਚ ਕਈ ਵਾਰ ਅਲੱਗ ਅਲੱਗ ਥਾਵਾਂ ਵਿੱਚ ਪੂਰੀ ਤਿਆਰੀ ਨਾਲ਼ ਸੈਕਸ-ਰੋਗ-ਵਿਰੋਧੀ ਲਹਿਰਾਂ ਚਲਾਈਆਂ ਗਈਆਂ ਹਨ। ਸੋਵੀਅਤ ਰੂਸ ਵਿੱਚ ਚਲਾਈਆਂ ਗਈਆਂ ਲਹਿਰਾਂ ਨਾਲ਼ੋਂ ਇਹ ਕਈ ਗੱਲਾਂ ਵਿੱਚ ਵੱਖਰੀਆਂ ਹਨ। ਪਰ ਵੱਖਰਤਾ ਦੀ ਸਭ ਤੋਂ ਖਾਸ ਚੀਜ਼ ਇਹ ਹੈ : ਅਮਰੀਕੀ ਲਹਿਰਾਂ ਵਿੱਚ ਜ਼ਿਆਦਾ ਧਿਆਨ ਇਲਾਜ ਸਬੰਧੀ ਸਮੱਸਿਆਵਾਂ 'ਤੇ ਦਿੱਤਾ ਗਿਆ; ਸੋਵੀਅਤ ਰੂਸ ਵਿੱਚ ਜ਼ਿਆਦਾ ਜ਼ੋਰ ਦਿੱਤਾ ਗਿਆ ਰੋਗਾਂ ਦੇ ਸਮਾਜਿਕ ਕਾਰਨਾਂ ਨੂੰ ਖਤਮ ਕਰਨ ਉੱਤੇ।

ਸ਼ੁਰੂ-ਸ਼ੁਰੂ ਦੀਆਂ ਲਹਿਰਾਂ ਵਿੱਚ ਸਭ ਤੋਂ ਮੁੱਖ 'ਸੈਕਰਾਮੇਂਟੋ ਸਿਟੀ ਹੈਲਥ ਡਿਪਾਰਟਮੈਂਟ' ਦੀ ਲਹਿਰ ਹੈ। ਇਹ ਅਗਸਤ 1941 ਵਿੱਚ ਸ਼ੁਰੂ ਹੋਈ। ਸੈਕਸ-ਰੋਗੀਆਂ ਦੀ ਸੰਖਿਆ ਵਿੱਚ ਵਾਧੇ ਦਾ ਮੂਲ ਕਾਰਨ ਉਨ੍ਹੀਂ ਦਿਨੀਂ ਵੇਸ਼ਵਾਵਾਂ ਅਤੇ ਵਿਕਟਰੀ ਗਰਲ ਨੂੰ ਸਮਝਿਆ ਜਾਂਦਾ ਸੀ। ਡਾਕਟਰਾਂ ਅਤੇ ਪੁਲਿਸ ਨੇ ਇਸ ਦੇ ਵਿਰੁੱਧ ਜਿਵੇਂ ਦੀਆਂ ਕਾਰਵਾਈਆਂ ਕਰਨ ਦਾ ਸੁਝਾਅ ਦਿੱਤਾ ਸੀ, ਕਾਨੂੰਨ ਨੇ ਉਸ ਨੂੰ ਮੁਸ਼ਕਿਲ ਬਣਾ ਦਿੱਤਾ ਸੀ। ਇਸ ਲਈ ਉਪਰੋਕਤ ਸਿਹਤ ਵਿਭਾਗ ਨੇ ਹੱਲ ਦਾ ਇੱਕ ਨਵਾਂ ਉਪਾਅ ਸੋਚਿਆ। ਸੈਕਸ-ਰੋਗਾਂ ਸਬੰਧੀ ਇੱਕ ਪ੍ਰਯੋਗਸ਼ਾਲਾ ਖੋਲ੍ਹੀ ਗਈ। ਸਾਰੇ ਪੁਰਸ਼ ਨਾਗਰਿਕਾਂ ਅਤੇ ਫ਼ੌਜੀਆਂ ਨੂੰ ਕਿਹਾ ਗਿਆ ਕਿ ਉਹ ਠੀਕ-ਠੀਕ ਇਲਾਜ ਲਈ ਇਸ ਇਲਾਜ ਕੇਂਦਰ 'ਚ ਹਾਜ਼ਰ ਹੋ ਜਾਣ।

ਇਸ ਪ੍ਰਯੋਗਸ਼ਾਲਾ ਦਾ ਉਦੇਸ਼ ਬਹੁਤ ਸਿੱਧੇ-ਸਾਦੇ ਸ਼ਬਦਾਂ ਵਿੱਚ ਦੱਸਿਆ ਜਾ ਸਕਦਾ ਹੈ। ਇਹ ਕੇਂਦਰ ਸ਼ਾਮ ਨੂੰ ਸੱਤ ਵਜੇ ਤੋਂ ਸਵੇਰੇ ਤਿੰਨ ਵਜੇ ਤੱਕ ਖੁੱਲ੍ਹਾ ਰਹਿੰਦਾ ਸੀ। ਇਹ ਉਹ ਸਮਾਂ ਹੁੰਦਾ ਜਦੋਂ ਲੋਕਾਂ ਦੇ ਸੈਕਸ-ਰੋਗ ਹਾਸਲ ਕਰਨ ਦੀ ਸੰਭਾਵਨਾ ਜ਼ਿਆਦਾ ਹੁੰਦੀ ਸੀ। ਇੱਕ ਕੰਪਾਉਂਡਰ ਪ੍ਰਯੋਗਸ਼ਾਲਾ ਵਿੱਚ ਅਜਿਹੀਆਂ ਦਵਾਈਆਂ ਲੈ ਤਿਆਰ ਰਹਿੰਦਾ ਜਿਨ੍ਹਾਂ ਦੀ ਵਰਤੋਂ ਨਾਲ਼ ਸਿਫਲਿਸ ਅਤੇ ਗਨੌਰੀਆਂ ਹੋਣ ਦਾ ਡਰ ਜਾਂਦਾ ਰਹਿੰਦਾ। ਪ੍ਰਯੋਗਸ਼ਾਲਾ ਝੱਟ ਬਿਮਾਰੀ ਫੱਟ ਇਲਾਜ ਲਈ ਬੜੇ ਕੰਮ ਦੀ ਸੀ। ਇਹ ਇੱਕ ਮਕਾਨ ਦੇ ਹੇਠਲੇ ਹਿੱਸੇ ਵਿੱਚ ਸਥਿਤ ਸੀ। ਇਸ ਦਾ ਇੱਕ ਦਰਵਾਜ਼ਾ ਸੜਕ ਵੱਲ ਸੀ। ਇਸ ਦਰਵਾਜ਼ੇ 'ਤੇ ਲਿਖਿਆ ਸੀ "ਸੈਕਸ-ਰੋਗਾਂ ਦੇ ਇਲਾਜ ਦਾ ਕੇਂਦਰ"। ਇੱਥੇ ਇੱਕ ਹਰੀ ਬੱਤੀ ਜਗਿਆਂ ਕਰਦੀ ਸੀ। ਅੰਦਰ ਬਹੁਤ ਮਾਮੂਲੀ ਜਿਹਾ ਸਮਾਨ ਹੁੰਦਾ। ਦਿਨ ਵੇਲੇ ਕਿਰਤ ਵਿਭਾਗ ਦੇ ਮਾਹਿਰ ਹੋਰ

ਸਮਾਨ ਲੈ ਆਉਂਦੇ ਸਨ। ਇਸ ਲਈ ਦਿਨ ਵੇਲੇ ਇਲਾਜ ਦਾ ਜ਼ਿਆਦਾ ਵਧੀਆਂ ਪ੍ਰਬੰਧ ਹੁੰਦਾ ਸੀ।

"ਪ੍ਰਚਾਰ" ਦੇ ਦੋ ਤਰੀਕੇ ਅਪਣਾਏ ਗਏ। ਪਹਿਲਾ ਤਾਂ ਇਹ : ਸਾਰੀਆਂ ਜਾਣੀ–ਪਛਾਣੀਆਂ ਵੇਸ਼ਵਾਵਾਂ ਅਤੇ ਅਵਾਰਾ ਇਸਤਰੀਆਂ ਨੂੰ ਕਿਹਾ ਗਿਆ ਕਿ ਜੇ ਤੁਸੀਂ ਨਹੀਂ ਚਾਹੁੰਦੀਆਂ ਕਿ ਤੁਹਾਡੇ ਸੰਪਰਕ ਵਿੱਚ ਆਉਣ ਨਾਲ਼ ਲੋਕਾਂ ਨੂੰ ਸੈਕਸ–ਰੋਗ ਲੱਗਣ ਅਤੇ ਪੁਲਿਸ ਤੁਹਾਨੂੰ ਭਜਾਉਣੇ 'ਤੇ ਉਤਾਰੂ ਹੋ ਜਾਵੇ ਤਾਂ ਆਪਣੇ ਕੰਮ ਆਉਣ ਵਾਲ਼ੇ ਸਾਰੇ ਲੋਕਾਂ ਨੂੰ ਤੁਸੀਂ ਫੌਰਨ ਇਸ ਜਗ੍ਹਾ ਭੇਜ ਦਿਆ ਕਰੋ। ਦਵਾਈ ਲਗਵਾ ਕੇ ਰੋਗ ਤੋਂ ਉਹਨਾਂ ਦੀ ਬੱਚਤ ਹੋ ਜਾਏਗੀ। ਪ੍ਰਚਾਰ ਦਾ ਦੂਸਰਾ ਤਰੀਕਾ ਘੱਟ ਸਿੱਧਾ–ਸਾਦਾ ਸੀ। ਸਾਰੇ ਨਾਚਘਰਾਂ, ਸ਼ਰਾਬਖਾਨਿਆਂ ਵਿੱਚ ਸੈਂਕੜੇ ਇਸ਼ਤਿਹਾਰ ਲਗਵਾ ਦਿੱਤੇ ਗਏ ਸਨ। ਇਹਨਾਂ ਇਸ਼ਤਿਹਾਰਾਂ ਵਿੱਚ ਹੇਠ ਲਿਖੀ ਇਬਾਰਤ ਹੁੰਦੀ ਸੀ :

ਸੈਕਸ–ਰੋਗਾਂ ਤੋਂ ਬਚਿਆਂ ਜਾ ਸਕਦਾ ਹੈ

**ਰੋਗ-ਨਿਰੋਧਕ ਮੁਫ਼ਤ ਉਪਲਬੱਧ**

15 ਮਿੰਟਾਂ ਦੇ ਅੰਦਰ–ਅੰਦਰ

ਪਹੁੰਚੋ

ਸਿਹਤ ਵਿਭਾਗ ਦੇ ਮੁਫ਼ਤ ਇਲਾਜ ਕੇਂਦਰ ਵਿੱਚ

(ਇੱਥੇ ਪਤਾ ਹੁੰਦਾ ਸੀ)

**ਕੰਪਾਉਂਡਰ ਡਿਊਟੀ 'ਤੇ ਮਿਲੇਗਾ**

ਇਲਾਜ ਕੇਂਦਰ ਸ਼ੁਰੂ ਹੁੰਦੇ ਹੀ ਆਰੰਭਿਕ ਚਾਰ ਮਹੀਨਿਆਂ ਵਿੱਚ ਹੀ ਲਗਭਗ ਚਾਰ ਹਜ਼ਾਰ ਵਿਅਕਤੀ ਇਲਾਜ ਲਈ ਇੱਥੇ ਪਹੁੰਚੇ ਸਨ। ਇਹਨਾਂ ਵਿੱਚ ਨਾਗਰਿਕਾਂ ਅਤੇ ਫ਼ੌਜੀਆਂ ਦੀ ਸੰਖਿਆ ਬਰਾਬਰ–ਬਰਾਬਰ ਸੀ। ਰੋਗ ਲੱਗਣ ਦੇ ਖ਼ਤਰੇ ਅਤੇ ਇਲਾਜ਼ ਲਈ ਪਹੁੰਚਣ ਦੇ ਵਿੱਚਲੇ ਸਮੇਂ ਨੂੰ ਲੋਕ ਆਮ ਤੌਰ 'ਤੇ 15 ਮਿੰਟ ਦੱਸਦੇ ਸਨ। ਕਿਉਂਕਿ ਇਲਾਜ ਕਰਾਉਣ ਵਾਲਿਆਂ ਬਾਰੇ ਸੂਚਨਾ ਗੁਪਤ ਰੱਖੀ ਜਾਂਦੀ ਸੀ, ਇਸ ਲਈ ਉਹਨਾਂ ਦੇ ਨਾਵਾਂ ਦੀ ਸੂਚੀ ਨਹੀਂ ਰੱਖੀ ਗਈ। ਇਸ ਤਰ੍ਹਾਂ ਇਸ ਗੱਲ ਦਾ ਵੀ ਕੋਈ ਸਬੂਤ ਨਹੀਂ ਕਿ ਇਹ ਦਵਾਈਆਂ ਅਸਲ ਵਿੱਚ ਸਿਫਲਿਸ ਅਤੇ ਗਨੌਰੀਆ ਤੋਂ ਬਚਾਅ ਵਿੱਚ ਕਾਮਯਾਬ ਹੋਈਆਂ ਜਾਂ ਨਹੀਂ। ਅੰਦਾਜ਼ਾ ਲਗਾਇਆ ਗਿਆ ਕਿ ਉਹ ਕਾਮਯਾਬ ਹੁੰਦੀਆਂ ਹੋਣਗੀਆਂ। ਪਰ, ਕਿਉਂਕਿ ਕਿਸੇ ਤਰ੍ਹਾਂ ਦੇ ਅੰਕੜੇ ਨਹੀਂ ਰੱਖੇ ਗਏ ਅਤੇ ਜਾਂਚ ਕਰ ਸਕਣ ਦੀ ਗੁੰਜਾਇਸ਼ ਮੌਜੂਦ ਨਹੀਂ ਰਹੀ, ਇਸ ਲਈ ਇਸ ਪੂਰੀ ਯੋਜਨਾ ਨੂੰ ਇੱਕ ਅਵਿਗਿਆਨਕ ਰੂਪ ਦੇ ਦਿੱਤਾ ਗਿਆ। (ਲੋਕਾਂ ਦੇ 'ਕੇਂਦਰ' 'ਤੇ ਪਹੁੰਚਣ 'ਤੇ ਕੰਪਾਉਂਡਰ ਉਹਨਾਂ ਤੋਂ ਸਵਾਲ ਪੁੱਛਦਾ ਕਿ ਤੁਸੀਂ ਰੋਗ ਕਿਸੇ ਵੇਸ਼ਵਾ ਤੋਂ, ਜਾਂ ਕਿਸੇ ਅਵਾਰਾ ਕੁੜੀ ਤੋਂ, ਜਾਂ ਕਿਸੇ ਬਦਚਲਣ ਕੁੜੀ ਤੋਂ ਹਾਸਲ ਕੀਤਾ ਹੈ ? ਇਸ ਸਵਾਲ ਦੇ ਜਵਾਬ ਨੂੰ ਹੀ ਸਿਹਤ–ਵਿਭਾਗ ਦੀ ਫ਼ਾਈਲ ਵਿੱਚ ਦਰਜ਼ ਕੀਤਾ ਜਾਂਦਾ ਸੀ।) ਸੈਕ੍ਰਾਮੈਂਟੋ ਨਗਰ ਦੇ ਹਸਪਤਾਲ ਦੇ ਡਾ. ਰਸੇਲ ਫ਼ਰਾਂਜ਼ ਨੇ ਅਗਸਤ 1942 ਦੇ **ਵੇਨਰਲ ਡਿਜ਼ੀਜ਼ ਇੰਨਫਾਰਮੇਸ਼ਨ** ਵਿੱਚ ਕਿਹਾ : "ਇਸ ਗੱਲ ਦੀ ਦੁਬਾਰਾ ਜਾਂਚ ਪੜਤਾਲ ਦੀ ਜ਼ਰੂਰਤ

ਹੈ ਕਿ ਇੱਕ ਵੱਡੇ ਪੈਮਾਨੇ ’ਤੇ ਨਾਗਰਿਕਾਂ ਵਿੱਚ ਸਫ਼ਲ ਸੈਕਸ-ਰੋਗ-ਵਿਰੋਧੀ ਦਵਾਈ ਦੀ ਵਰਤੋਂ ਮੁਮਕਿਨ ਹੈ ਜਾਂ ਨਹੀਂ।”

ਹੋਰ ਨਗਰਾਂ ਵਿੱਚ ਵੀ ਅਜਿਹੇ ਪ੍ਰਯੋਗ ਕੀਤੇ ਗਏ। ਉਹਨਾਂ ਦਾ ਵਰਣਨ ਕਰਨਾ ਪਹਿਲਾਂ ਕਹੀਆਂ ਗਈਆਂ ਗੱਲਾਂ ਨੂੰ ਦੁਹਰਾਉਣਾ ਹੀ ਹੋਵੇਗਾ।

ਹਾਲਤ ਵਿੱਚ ਬਦਲਾਵ ਹੋਇਆ 1944 ਵਿੱਚ। ਪੇਂਸੀਲਿਨ ਵੱਡੇ ਪੈਮਾਨੇ ’ਤੇ ਤਿਆਰ ਕੀਤੀ ਜਾਣ ਲੱਗੀ। ਸਿਫਲਿਸ ਅਤੇ ਗਨੌਰੀਆ ਦੇ ਇਲਾਜ ਵਿੱਚ ਉਸ ਤੋਂ ਹੈਰਾਨੀਜਨਕ ਸਫ਼ਲਤਾ ਮਿਲੀ। ਹੁਣ ਇਸ ਗੱਲ ਦੀ ਉਮੀਦ ਪੈਦਾ ਹੋਈ ਕਿ ਸੈਕਸ-ਰੋਗਾਂ ਨੂੰ ਨਾ ਸਿਰਫ਼ ਰੋਕਿਆ ਜਾ ਸਕਦਾ ਹੈ ਸਗੋਂ ਪੂਰੀ ਤਰ੍ਹਾ ਜਿੱਤਿਆ ਜਾ ਸਕਦਾ ਹੈ। ਫ਼ੌਜ ਅਤੇ ਜਲਸੈਨਾ ਨੂੰ ਇਸ ਗੱਲ ਦੀਆਂ ਅਥਾਹ ਸਹੂਲਤਾਂ ਸਨ ਕਿ ਹਜ਼ਾਰਾਂ ਆਦਮੀਆਂ ’ਤੇ ਬੜੀ ਸਾਵਧਾਨੀ ਨਾਲ਼ ਕਈ ਪ੍ਰਯੋਗ ਕੀਤੇ ਜਾ ਸਕਣ। ਨਾਲ਼ ਹੀ, ਸੈਕਸ-ਰੋਗਾਂ ਦੀ ਜਾਂਚ ਦੇ ਢੰਗਾਂ ਨੂੰ ਵੀ ਸੁਧਾਰਿਆਂ ਗਿਆ। ਇਸ ਤਰ੍ਹਾਂ ਇੱਕ ਵਿਆਪਕ ਪੈਮਾਨੇ ’ਤੇ ਡਾਕਟਰੀ ਅਤੇ ਸਮਾਜਿਕ ਲਹਿਰ ਚਲਾਉਣੀ ਸੰਭਵ ਹੋ ਸਕੀ।

ਪਹਿਲੀ ਲਹਿਰ ਸ਼ੁਰੂ ਹੋਈ ਅਲਾਬਾਮਾ ਵਿੱਚ 1943 ਵਿੱਚ। ਵਿਲਕੌਕਸ ਕਾਉਂਟੀ ਦਾ ਅਮੀਰ ਭੂਮੀਪਤੀ ਸਿਨੇਟਰ ਬਰੂਸ ਹੇਂਡਰਸਨ ਇੱਕ ਕਾਨੂੰਨ ਪਾਸ ਕਰਾਉਣ ਵਿੱਚ ਸਫ਼ਲ ਹੋਇਆ। ਇਸ ਕਾਨੂੰਨ ਅਨੁਸਾਰ 14 ਤੋਂ 50 ਸਾਲ ਤੱਕ ਦੇ ਸਾਰੇ ਨਾਗਰਿਕਾਂ ਨੂੰ ਆਪਣੇ ਖ਼ੂਨ ਦੀ ਜਾਂਚ ਕਰਵਾਉਣਾ ਜ਼ਰੂਰੀ ਹੋ ਗਿਆ ਤਾਂ ਕਿ ਇਹ ਜਾਣਿਆ ਜਾ ਸਕੇ ਕਿ ਉਹਨਾਂ ਨੂੰ ਸਿਫਲਿਸ ਹੈ ਜਾਂ ਨਹੀਂ। ਇੱਕ ਦੂਸਰੇ ਕਾਨੂੰਨ ਨਾਲ਼ ਇਹ ਜ਼ਰੂਰੀ ਹੋ ਗਿਆ ਕਿ ਜਿੰਨ੍ਹਾਂ ਲੋਕਾਂ ਵਿੱਚ ਰੋਗ ਪਾਇਆ ਜਾਵੇ ਉਹ ਆਪਣੇ ਡਾਕਟਰ ਤੋਂ ਜਾਂ ਸਰਕਾਰੀ ਡਾਕਟਰ ਤੋਂ ਇਲਾਜ ਕਰਵਾਉਣ। ਸਰਕਾਰੀ ਡਾਕਟਰ ਮੁਫ਼ਤ ਇਲਾਜ ਕਰਦਾ ਸੀ। ਜੋ ਲੋਕ ਖ਼ੂਨ ਦੀ ਜਾਂਚ ਕਰਾਉਣ ਤੋਂ ਇਨਕਾਰ ਕਰਦੇ ਜਾਂ ਟਾਲ-ਮਟੋਲ ਕਰਦੇ ਉਹਨਾਂ ’ਤੇ 100 ਡਾਲਰ ਦੇ ਜ਼ੁਰਮਾਨੇ ਦਾ ਪ੍ਰਬੰਧ ਸੀ। ਇਹੀ ਸਜ਼ਾ ਉਹਨਾਂ ਲੋਕਾਂ ਲਈ ਸੀ ਜੋ ਰੋਗ ਤੋਂ ਪੀੜਿਤ ਹੋਣ ’ਤੇ ਵੀ ਇਲਾਜ ਨਾ ਕਰਵਾਉਂਦੇ। ਇੱਕ ਸਿਰਫਿਰੇ ਸੀਨੇਟਰ ਨੇ ਇਹ ਕਾਨੂੰਨ ਬੜੀ ਲਾਪਰਵਾਹੀ ਨਾਲ਼ ਪਾਸ ਕਰਵਾ ਦਿੱਤੇ ਸਨ। ਉਸ ਸਮੇਂ ਸੁਪਨੇ ਵਿੱਚ ਵੀ ਖਿਆਲ ਨਾ ਕੀਤਾ ਜਾ ਸਕਦਾ ਸੀ ਕਿ ਇਹ ਕਾਨੂੰਨ ਅੰਤ ਵਿੱਚ ਕਿੰਨੀ ਵੱਡੀ ਲਹਿਰ ਦਾ ਰੂਪ ਧਾਰਨ ਕਰ ਲੈਣਗੇ।

ਸੀਨੇਟਰ ਹੇਂਡਰਸਨ ਦਾ ਮਕਸਦ ਸਾਫ਼ ਜ਼ਾਹਿਰ ਹੈ।ਆਪਣੇ ਖੇਤਰ ਤੋਂ ਉਹ ਸੈਕਸ-ਰੋਗਾਂ ਨੂੰ ਪੁੱਟ ਸੁੱਟਣਾ ਚਾਹੁੰਦਾ ਸੀ। ਇਸ ਨਾਲ਼ ਉਸ ਨੂੰ ਲਾਭ ਹੀ ਲਾਭ ਸੀ। ਹਰ ਸਾਲ ਨੀਗਰੋ ਮਜ਼ਦੂਰਾਂ ਦੇ ਖ਼ੂਨ ਦੀ ਜਾਂਚ ਕੀਤੇ ਜਾਣ ਨਾਲ਼ ਇਲਾਜ ’ਤੇ ਪਹਿਲਾਂ ਜਿੰਨਾ ਖਰਚ ਹੁੰਦਾ ਸੀ, ਹੁਣ ਉਹਨਾਂ ਨਾ ਰਹਿ ਗਿਆ। ਹੁਣ ਖਰਚ ਵਿੱਚ 75 ਫੀਸਦੀ ਕਮੀ ਹੋ ਗਈ। ਹੇਂਡਰਸਨ ਨੇ ਦੇਖਿਆ ਕਿ ਇਸ ਉਪਾਅ ਨਾਲ਼ ਖਰਚੇ ਵਿੱਚ ਬੱਚਤ ਕੀਤੀ ਜਾ ਸਕਦੀ ਹੈ।

ਪੂਰੇ ਸਾਲ ਵਿੱਚ ਖ਼ੂਨ ਦੀ ਜਾਂਚ ਲਈ ਸਿਰਫ਼ 75 ਹਜ਼ਾਰ ਡਾਲਰ ਰਾਜ ਵੱਲੋਂ ਮੰਜ਼ੂਰ ਕੀਤੇ ਗਏ।ਪ੍ਰਯੋਗ ਲਈ ਬਰਮਿੰਘਮ ਦਾ ਖੇਤਰ ਚੁਣਿਆ ਗਿਆ।ਉੱਥੋਂ ਦੀ ਆਬਾਦੀ ਲਗਭਗ ਪੰਜ ਲੱਖ ਹੈ।ਆਬਾਦੀ ਦਾ 40 ਫੀਸਦੀ ਹਿੱਸਾ ਨੀਗਰੋ ਲੋਕਾਂ ਦਾ ਹੈ ਜੋ ਹਰ ਤਰ੍ਹਾਂ

ਦੀ ਲੁੱਟ ਤੋਂ ਪੀੜਿਤ ਰਹਿੰਦੇ ਹਨ। ਉਹਨਾਂ 'ਤੇ ਚੌਣ-ਕਰ ਤਾਂ ਲਗਾਇਆ ਹੀ ਜਾਂਦਾ ਹੈ, ਉਹਨਾਂ ਦੀ ਸਿੱਖਿਆ ਅਤੇ ਰਹਿਣ-ਸਹਿਣ ਦਾ ਪੱਧਰ ਵੀ ਬਹੁਤ ਨੀਂਵਾ ਹੈ। ਫਿਰ ਵੀ, ਸੈਕਸ ਰੋਗ ਵਿਰੋਧੀ ਇਹ ਲਹਿਰ ਕਾਲ਼ੀ ਅਤੇ ਗੋਰੀ ਦੋਵਾਂ ਜਾਤੀਆਂ ਲਈ ਚਲਾਈ ਗਈ ਸੀ।

ਪ੍ਰਚਾਰ ਦੇ ਬੜੇ ਸਨਸਨੀਖੇਜ ਤਰੀਕੇ ਅਪਣਾਏ ਗਏ। ਸਾਰੀਆਂ ਖਾਸ-ਖਾਸ ਸੜਕਾਂ 'ਤੇ ਵੱਡੇ-ਵੱਡੇ ਇਸ਼ਤਿਹਾਰ ਲਗਵਾ ਦਿੱਤੇ ਗਏ। ਇਹਨਾਂ 'ਤੇ ਲਿਖਿਆ ਹੁੰਦਾ : "ਇਨਸਾਨ ਨੂੰ ਅਪਾਹਜ ਬਣਾ ਦੇਣ ਵਾਲੇ ਰੋਗ ਗਨੌਰੀਆ ਦਾ ਪੈਨਸੀਲਿਨ ਨਾਲ਼ ਸਿਰਫ਼ ਚਾਰ ਘੰਟੇ ਵਿੱਚ ਇਲਾਜ਼!" "ਪੈਨਸੀਲਿਨ ਨਾਲ਼ ਸਿਫਲਿਸ ਦਾ ਇਲਾਜ ਸਿਰਫ਼ ਨੌਂ ਦਿਨ ਵਿੱਚ!" ਪ੍ਰਚਾਰ ਦੇ ਹਰੇਕ ਸਾਧਨ ਨੂੰ ਮੈਦਾਨ ਵਿੱਚ ਉਤਾਰ ਦਿੱਤਾ ਗਿਆ। ਸੜਕਾਂ 'ਤੇ ਪ੍ਰਚਾਰ ਕਰਨ ਵਾਲ਼ੀਆਂ ਮੋਟਰ-ਗੱਡੀਆਂ ਘੁੰਮਣ ਲੱਗੀਆਂ। ਹਰ ਅੱਧੇ ਘੰਟੇ ਬਾਅਦ ਰੇਡਿਓ ਤੋਂ ਵੀ ਪ੍ਰਚਾਰ ਹੋਣ ਲੱਗਿਆ। ਅਮਰੀਕੀ ਲੋਕ-ਸਿਹਤ ਵਿਭਾਗ ਨੇ ਵੱਡੀ ਤਤਪਰਤਾ ਨਾਲ਼ ਸਹਿਯੋਗ ਦਿੱਤਾ। ਕਿੰਨੇ ਹੀ ਪ੍ਰਸਿੱਧ ਸਿਹਤ ਅਫ਼ਸਰਾਂ ਨੇ ਵੀ ਹੱਥ ਵੰਡਾਇਆ। ਲਹਿਰ ਨੂੰ ਫੈਲਾਉਣ ਲਈ ਲਗਭਗ ਇੱਕ ਹਜ਼ਾਰ ਪੁਰਸ਼ਾਂ, ਇਸਤਰੀਆਂ ਅਤੇ ਲੜਕੀਆਂ ਨੇ ਸਵੈ-ਇੱਛਾ ਨਾਲ਼ ਕੰਮ ਕੀਤਾ। ਇਨ੍ਹਾਂ ਸਵੈ-ਇੱਛਾ ਵਿੱਚ ਕੁੱਝ ਵਪਾਰਿਕ ਜਥੇਬੰਦੀਆਂ, ਕੁੱਝ ਮਜ਼ਦੂਰ ਜਥੇਬੰਦੀਆਂ, ਕਈ ਮਹਿਲਾ ਕਲੱਬਾਂ — ਇੱਥੋਂ ਤੱਕ ਕਿ ਕਈ ਗਿਰਜਾਘਰਾਂ — ਦੇ ਲੋਕ ਵੀ ਸ਼ਾਮਿਲ ਸਨ।

ਦੇਖਣ ਵਾਲ਼ੇ ਦੰਦਾਂ ਹੇਠ ਉਂਗਲੀ ਦਬਾਉਂਦੇ। ਉਹ ਬਰਮਿੰਘਮ ਇੱਥੋਂ ਦੇ ਨਾਗਰਿਕ ਕਈ ਸਾਲ ਪਹਿਲਾਂ ਸਿਫਲਿਸ ਅਤੇ ਗਨੌਰੀਆ ਦਾ ਨਾ ਸੁਣ ਕੇ "ਸ਼ਿਵ-ਸ਼ਿਵ" ਕਰਨ ਲੱਗਦੇ ਸਨ, ਹੁਣ ਸੈਕਸ-ਰੋਗ ਵਿਰੋਧੀ ਲਹਿਰ ਦੀ ਬੜੇ ਉਤਸ਼ਾਹ ਨਾਲ਼ ਹਮਾਇਤ ਕਰ ਰਹੇ ਸਨ। ਅਖ਼ਬਾਰਾਂ ਨੇ ਤਾਂ ਇੱਕ ਨਵਾਂ ਨਾਅਰਾ ਫੜ ਲਿਆ ਸੀ : "ਆਪਣੇ ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ਼ ਖ਼ੂਨ-ਜਾਂਚ ਕੇਂਦਰਾਂ ਵਿੱਚ ਮੁਲਾਕਾਤ ਕਰੋ!"

ਲਹਿਰ ਮਈ ਮਹੀਨੇ ਦੇ ਮੱਧ ਵਿੱਚ ਸ਼ੁਰੂ ਹੋਈ ਅਤੇ ਪੂਰੇ ਜੂਨ ਜਾਰੀ ਰਹੀ। ਇਸ ਤਰ੍ਹਾਂ ਦੀ ਹੋਰ ਇੰਨੀ ਵੱਡੀ ਲੋਕ-ਲਹਿਰ, ਬਿਨਾਂ ਸ਼ੱਕ, ਹੁਣ ਤੱਕ ਦੁਨੀਆਂ ਵਿੱਚ ਕਿਤੇ ਨਹੀਂ ਹੋਈ ਸੀ। ਇਸ ਤੋਂ ਪਹਿਲਾਂ ਕਦੇ ਵੀ ਇੰਨੇ ਵੱਡੇ ਪੈਮਾਨੇ 'ਤੇ ਸੈਕਸ ਰੋਗਾਂ ਦੀ ਜਾਂਚ ਦਾ ਆਯੋਜਨ ਨਹੀਂ ਕੀਤਾ ਗਿਆ ਸੀ। ਹਿਲਮਨ ਮਿਉਂਸੀਪਲ ਹਸਪਤਾਲ ਵਿੱਚ ਇੱਕ ਖਾਸ ਪ੍ਰਯੋਗਸ਼ਾਲਾ ਖੋਲ੍ਹੀ ਗਈ। ਦੁਨੀਆਂ ਦੀ ਇਹ ਸਭ ਤੋਂ ਵੱਡੀ ਪ੍ਰਯੋਗਸ਼ਾਲਾ ਮਿਉਂਸੀਪਲ ਹਸਪਤਾਲ ਦੇ ਉਸ ਕਮਰੇ ਵਿੱਚ ਜਿੱਥੇ ਪਹਿਲਾਂ ਮੁਰਦੇ ਰੱਖੇ ਜਾਂਦੇ ਸਨ, ਖੋਲ੍ਹੀ ਗਈ ਸੀ।

ਇਸ ਪ੍ਰਯੋਗਸ਼ਾਲਾ ਦਾ ਨਾਂ ਥੋੜ੍ਹੇ ਹੀ ਦਿਨਾਂ ਬਾਅਦ 'ਜਾਓ ਪਰਤੋ' ਪੈ ਗਿਆ। ਕਾਰਨ ਇਹ ਸੀ ਕਿ ਇਸ ਵਿੱਚ ਕੰਮ ਕਰਨ ਵਾਲ਼ੇ ਨਾਗਰਿਕ ਅਤੇ ਫ਼ੌਜੀ ਮਾਹਿਰ ਇੱਕ ਦਿਨ ਵਿੱਚ ਦਸ ਹਜ਼ਾਰ ਲੋਕਾਂ ਦੇ ਖ਼ੂਨ ਦੀ ਜਾਂਚ ਕਰਦੇ ਸਨ। 42 ਦਿਨਾਂ ਵਿੱਚ 300.000 ਲੋਕਾਂ ਦੇ ਖ਼ੂਨ ਦੀ ਜਾਂਚ ਕੀਤੀ ਗਈ। ਖ਼ੂਨ ਦੀ ਜਾਂਚ ਦੇ ਕੇਂਦਰ ਥਾਂ-ਥਾਂ ਸਨ। ਉੱਥੋਂ ਖ਼ੂਨ ਦੇ ਨਮੂਨਿਆਂ ਦੀਆਂ ਸ਼ੀਸ਼ੀਆਂ ਗੱਡੀਆਂ ਵਿੱਚ ਭਰ ਕੇ ਪ੍ਰਯੋਗਸ਼ਾਲਾ ਵਿੱਚ ਪਹੁੰਚਾਈਆਂ ਜਾਂਦੀਆਂ ਸਨ। ਖ਼ੂਨ ਦੀ ਜਾਂਚ ਮੱਝਿਨੀ ਮਾਈਕ੍ਰੋਸਕੋਪ ਦੇ ਢੰਗ ਨਾਲ਼ ਕੀਤੀ ਜਾਂਦੀ ਸੀ। ਇਸ ਨਾਲ਼ ਸੌ ਫੀਸਦੀ ਸਹੀ ਹੀ ਜਾਂਚ ਨਹੀਂ ਹੁੰਦੀ ਸੀ; ਇਸ ਨਾਲ਼ ਜਾਂਚ ਜਲਦੀ ਵੀ ਹੁੰਦੀ

ਸੀ। ਕਾਰਨ ਇਹ ਸੀ ਕਿ ਸਵੈਸੇਵਕਾਵਾਂ ਨੂੰ ਇੱਕ ਦਿਨ ਵਿੱਚ 20,000 ਟਿਊਬਾਂ, 12,000 ਕੱਚ ਦੀਆਂ ਪੱਟੀਆਂ ਧੋਣੀਆਂ ਪੈਂਦੀਆਂ ਸਨ। ਕਲਰਕਾਂ ਅਤੇ ਖ਼ੂਨ ਦੇ ਨਮੂਨੇ ਲੈਣ ਵਾਲਿਆਂ ’ਤੇ ਕੰਮ ਦਾ ਬੇਹੱਦ ਬੋਝ ਰਹਿੰਦਾ ਸੀ। ਖ਼ੂਨ ਜਾਂਚ ਦੇ ਕੇਂਦਰਾਂ ਦੀ ਹਾਲਤ ਚੋਣ-ਕੇਂਦਰਾਂ ਵਰਗੀ ਹੁੰਦੀ। ਇੱਕ ਕਲਰਕ ਤਾਂ ਹਰ ਨਾਗਰਿਕ ਦਾ ਨਾਂ, ਪਤਾ, ਉਮਰ ਅਤੇ ਟੈਲੀਫੋਨ ਨੰਬਰ ਲਿਖਦਾ ਅਤੇ ਉਸ ਨੂੰ ਕੱਚ ਦੀ ਟਿਊਬ ਅਤੇ ਉਸੇ ਨੰਬਰ ਦਾਇੱਕ ਚਿੱਟਾ ਕਾਰਡ ਦਿੰਦਾ। ਟਿਊਬ ਖ਼ੂਨ ਦੀ ਜਾਂਚ ਲਈ ਹੁੰਦੀ ਸੀ ਅਤੇ ਕਾਰਡ ਇਸ ਗੱਲ ਦਾ ਸਬੂਤ ਕਿ ਇਸ ਨਾਗਰਿਕ ਦੇ ਖ਼ੂਨ ਦੀ ਜਾਂਚ ਕੀਤੀ ਜਾ ਚੁੱਕੀ ਹੈ। ਦੂਸਰੇ ਕਲਰਕ ਰੰਗੀਨ ਪਰਚੀਆਂ ’ਤੇ ਇਹੀ ਪਤਾ ਅਤੇ ਨੰਬਰ ਲਿਖ ਲੈਂਦੇ। ਇਹ ਪਰਚੀਆਂ ਇੱਕ ਕੇਂਦਰੀ ਦਫ਼ਤਰ ਵਿੱਚ ਭੇਜ ਦਿੱਤੀਆਂ ਜਾਂਦੀਆਂ। ਜਿਨ੍ਹਾਂ ਲੋਕਾਂ ਦੇ ਖ਼ੂਨ ਵਿੱਚ ਰੋਗ ਦੇ ਕੀਟਾਣੂ ਮਿਲਦੇ ਉਹਨਾਂ ਦਾ ਪਤਾ ਲਗਾਉਣ ਵਿੱਚ ਇਨ੍ਹਾਂ ਪਰਚੀਆਂ ਤੋਂ ਮਦਦ ਮਿਲਦੀ ਸੀ। ਰੋਗ ਤੋਂ ਪੀੜਿਤ ਲੋਕਾਂ ਦੀ ਜਾਂਚ ਜਾਂ ਤਾਂ ਉਹਨਾਂ ਦੇ ਨਿੱਜੀ ਡਾਕਟਰ ਕਰਦੇ ਜਾਂ ਉਹਨਾਂ ਨੂੰ ਹਸਪਤਾਲ ਜਾਣਾ ਪੈਂਦਾ। ਰਾਸ਼ਨ ਕਾਰਡਾਂ ਦੇ ਪਤਿਆਂ ਦੇ ਅਧਾਰ ’ਤੇ ਪੂਰੀ ਅਬਾਦੀ ਦੀ ਜਾਂਚ ਹੋ ਜਾਂਦੀ। ਮੁਸ਼ਕਿਲ ਨਾਲ਼ ਬਹੁਤ ਥੋੜ੍ਹੇ ਲੋਕ ਬਾਕੀ ਰਹਿ ਜਾਂਦੇ। ਜਾਣਬੁੱਝ ਕੇ ਟਾਲ ਜਾਣ ਵਾਲੇ ਲੋਕ ਸਿਰਫ ਕੋਈ ਕੋਈ ਹੀ ਹੁੰਦੇ।

ਖ਼ੂਨ ਜਾਂਚ ਦੇ 48 ਘੰਟਿਆਂ ਦੇ ਅੰਦਰ ਹੀ ਪ੍ਰਯੋਗਸ਼ਾਲਾਂ ਤੋਂ ਰਿਪੋਰਟ ਕੇਂਦਰੀ-ਦਫ਼ਤਰ ਪਹੁੰਚ ਜਾਂਦੀ ਸੀ। ਜੇ ਰਿਪੋਰਟ ਦੱਸਦੀ ਕਿ ਖ਼ੂਨ ਸਾਫ਼ ਹੈ ਤਾਂ ਮਾਮਲੇ ਨੂੰ ਅੱਗੇ ਨਾ ਵਧਾਇਆ ਜਾਂਦਾ। ਜਿਨ੍ਹਾਂ ਲੋਕਾਂ ਨੂੰ ਤਿੰਨ ਦਿਨ ਦੇ ਅੰਦਰ ਅੰਦਰ ਸਿਹਤ ਵਿਭਾਗ ਤੋਂ ਕੋਈ ਖਬਰ ਨਾ ਮਿਲਦੀ ਉਹ ਸਮਝ ਲੈਂਦੇ ਕਿ ਉਹਨਾਂ ਦੇ ਖ਼ੂਨ ਵਿੱਚ ਕੋਈ ਗੜਬੜੀ ਨਹੀਂ ਹੈ। ਪਰ ਜਦੋਂ ਪ੍ਰਯੋਗਸ਼ਾਲਾ ਤੋਂ ਕਿਸੇ ਬਾਰੇ ਰਿਪੋਰਟ ਮਿਲਦੀ ਕਿ ਉਸ ਦੇ ਖ਼ੂਨ ਵਿੱਚ ਖਰਾਬੀ ਹੈ ਤਾਂ ਖਾਸ ਪੜਤਾਲ ਕਰਨ ਵਾਲ਼ੇ ਲੋਕ ਇਨ੍ਹਾਂ ਮਰੀਜ਼ਾਂ ਦੀ ਤਲਾਸ਼ ਵਿੱਚ ਨਿਕਲ ਪੈਂਦੇ। ਇਹਨ੍ਹਾਂ ਮਰੀਜ਼ਾਂ ਨੂੰ ਇੱਕ ਡਾਕਟਰ ਤੋਂ ਆਪਣੇ ਖ਼ੂਨ ਦੀ ਜਾਂਚ ਦੁਬਾਰਾ ਕਰਵਾਉਣੀ ਪੈਂਦੀ।

ਜਾਂਚ ਲਈ ਉਮਰ ਦੇ ਹਿਸਾਬ ਨਾਲ਼ ਲਗਭਗ 290,000 ਲੋਕ ਲਹਿਰ ਦੇ ਤਹਿਤ ਆਏ। ਕੁੱਲ ਮਿਲਾ ਕੇ 3,000,000 ਲੋਕਾਂ ਦੇ ਖ਼ੂਨ ਦੀ ਜਾਂਚ ਹੋਈ। ਇਨ੍ਹਾਂ ਵਿੱਚ ਅਜਿਹੇ ਲੋਕ ਵੀ ਸ਼ਾਮਿਲ ਸਨ, ਜਿਨ੍ਹਾਂ ’ਤੇ ਸ਼ੱਕ ਸੀ ਉਹਨਾਂ ਦੀ ਜਾਂਚ ਹੋ ਚੁੱਕੀ ਹੈ ਜਾਂ ਨਹੀਂ; ਅਜਿਹੇ ਲੋਕ ਵੀ ਜਿਨ੍ਹਾਂ ਦੇ ਖ਼ੂਨ ਦੀ ਦੁਬਾਰਾ ਜਾਂਚ ਹੋਈ। 90 ਫੀਸਦੀ ਤੋਂ ਜ਼ਿਆਦਾ ਲੋਕ ਆਪਣੇ ਆਪ ਜਾਂਚ ਕਰਵਾਉਣ ਲਈ ਹਾਜ਼ਰ ਹੋਏ ਸਨ।

ਇਸ ਜਾਂਚ ਦੇ ਸਿੱਟਿਆਂ ਤੋਂ, ਡਾਕਟਰਾਂ ਨੇ ਸਿਫਲਿਸ ਦੇ ਮਰੀਜ਼ਾਂ ਦੇ ਜੋ ਅੰਕੜੇ ਦੱਸੇ ਸਨ, ਉਹਨਾਂ ਦੀ ਪੁਸ਼ਟੀ ਹੋਈ। 290,000 ਲੋਕਾਂ ਵਿੱਚੋਂ ਲਗਭਗ 40,000 ਲੋਕ ਭਾਵ 13.7 ਫੀਸਦੀ ਲੋਕ ਸਿਫਲਿਸ ਤੋਂ ਪੀੜਿਤ ਸਨ।

ਇਹ ਹਾਲਤ ਸੀ ਯੁੱਧ ਸਮੇਂ ਵਿੱਚ। ਬਾਅਦ ਦੇ ਕੁੱਝ ਹੀ ਸਾਲਾਂ ਵਿੱਚ ਮਹੱਤਵਪੂਰਨ ਬਦਲਾਅ ਹੋਏ। ਪੈਨਸਿਲੀਨ ਅਤੇ ਦੂਸਰੀਆਂ ਦਵਾਈਆਂ ਨਾਲ਼ ਸੈਕਸ ਰੋਗਾਂ ਦੇ ਇਲਾਜ ਵਿੱਚ ਵੱਡੀ ਉੱਨਤੀ ਹੋਈ। "ਤੁਰੰਤ-ਫੁਰੰਤ ਇਲਾਜ" ਦੇ ਦਰਜਨਾਂ 'ਕੇਂਦਰ' ਅਮਰੀਕਾ ਵਿੱਚ ਕਾਇਮ ਹੋਏ। ਸੈਕਸ-ਰੋਗਾਂ ਦੇ 'ਖਾਤਮੇ' ਬਾਰੇ ਕਈ ਅਧਿਕਾਰੀਆਂ ਨੇ ਬੜੇ ਉਤਸ਼ਾਹ

ਨਾਲ਼ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਪਰ ਯੁੱਧ ਬੰਦ ਹੋਣ ਬਾਅਦ ਜਿਵੇਂ ਕਿ ਇਹਨਾਂ ਉਮੀਦਾਂ 'ਤੇ ਪਾਣੀ ਫਿਰ ਗਿਆ ਹੋਵੇ। ਨਵੀਆਂ ਦਵਾਈਆਂ ਦੇ ਬਾਵਜੂਦ ਕਨੇਡਾ ਅਤੇ ਅਮਰੀਕਾ ਵਿੱਚ ਸੈਕਸ-ਰੋਗਾਂ ਵਿੱਚ ਵੀ ਵਾਧਾ ਹੋਇਆ। ਕਈ ਲੋਕਾਂ ਦਾ ਕਹਿਣਾ ਹੈ ਕਿ ਸੈਕਸ-ਰੋਗਾਂ ਦੇ ਵਾਧੇ ਦਾ ਮੁੱਖ ਕਾਰਨ ਉਹ ਦਵਾਈਆਂ ਹੀ ਸਨ ਜਿਨ੍ਹਾਂ ਨਾਲ਼ "ਬੜੀ ਜਲਦੀ ਅਤੇ ਆਸਾਨੀ ਨਾਲ" ਇਲਾਜ ਹੋ ਜਾਂਦਾ ਸੀ। ਧਿਆਨ ਦੇਣ ਦੀ ਗੱਲ ਇਹ ਹੈ ਕਿ ਕਨੇਡਾ ਅਤੇ ਅਮਰੀਕਾ ਦੋ ਅਜਿਹੇ ਦੇਸ਼ ਸਨ ਜਿਨ੍ਹਾਂ ਵਿੱਚ ਪੈਨਸਿਲੀਨ ਦੀ ਵਰਤੋਂ ਕਈ ਸਾਲ ਤੱਕ ਧੂੰਆਂਧਾਰ ਢੰਗ ਨਾਲ਼ ਹੋਈ। ਸੈਕਸ-ਰੋਗਾਂ ਤੋਂ ਬਚਾਅ ਦਾ ਸਾਰਾ ਸਮਾਨ ਲੱਖਾਂ ਫ਼ੌਜੀਆਂ ਵਿੱਚ ਵੰਡਣ ਦੇ ਬਾਅਦ ਅਮਰੀਕਾ ਅਤੇ ਕਨੇਡਾ ਦੋਵਾਂ ਦੀਆਂ ਫ਼ੌਜਾਂ ਨੂੰ 1945 ਵਿੱਚ ਪ੍ਰਵਾਨ ਕਰਨਾ ਪਿਆ ਕਿ ਸੈਕਸ ਰੋਗਾਂ ਦੀ ਦਰ ਹੋਰ ਵੀ ਵਧ ਰਹੀ ਹੈ।

ਦਸੰਬਰ 1945 ਵਿੱਚ ਮੈਂ ਸਰਜਨ ਜਨਰਲ ਦੇ ਵਾਸ਼ਿੰਗਟਨ ਸਥਿਤ ਦਫ਼ਤਰ ਦੇ ਸੈਕਸ-ਰੋਗ ਵਿਭਾਗ ਦੇ ਪ੍ਰਮੁੱਖ ਅਧਿਕਾਰੀ, ਲੈਫਟੀਨੈਂਟ-ਕਰਨਲ ਥਾਮਸ ਸਟਰਨਬਰਗ ਨਾਲ਼ ਟੈਲੀਫੋਨ 'ਤੇ ਗੱਲਬਾਤ ਕੀਤੀ। ਉਹਨਾਂ ਨੇ ਮੈਨੂੰ ਜੋ ਗੱਲਾਂ ਕਹੀਆਂ ਉਹ ਇਹ ਹਨ :

"ਪਿੱਛਲੇ ਸਾਲ ਦੇ ਮੁਕਾਬਲੇ ਇਸ ਸਾਲ ਨਵੰਬਰ ਵਿੱਚ ਸੈਕਸ-ਰੋਗਾਂ ਦੀ ਦਰ ਦੋਗੁਣੀ ਹੋ ਗਈ ਹੈ। ਪਹਿਲਾਂ, ਇੱਕ ਹਜ਼ਾਰ ਲੋਕਾਂ ਦੇ ਪਿੱਛੇ ਲਗਭਗ 30 ਵਿਅਕਤੀ ਸੈਕਸ-ਰੋਗਾਂ ਨਾਲ਼ ਪੀੜਿਤ ਹੁੰਦੇ ਸਨ, ਹੁਣ ਉਹਨਾਂ ਦੀ ਦਰ ਇੱਕ ਹਜ਼ਾਰ ਦੇ ਪਿੱਛੇ 60 ਹੈ। 1944 ਵਿੱਚ ਮਰੀਜਾਂ ਦੀ ਸੰਖਿਆ ਔਸਤਨ ਇੱਕ ਹਜ਼ਾਰ ਦੇ ਪਿੱਛੇ 33 ਸੀ। ਸਾਡੀ ਫ਼ੌਜ ਵਿੱਚ ਹਰ ਥਾਂ ਸੈਕਸ-ਰੋਗੀਆਂ ਦੀ ਸੰਖਿਆ ਵਿੱਚ ਵਾਧਾ ਹੋਇਆ ਹੈ। ਪਰ, ਵਾਧੇ ਦੀ ਦਰ ਵੱਖ-ਵੱਖ ਥਾਵਾਂ 'ਤੇ ਵੱਖ-ਵੱਖ ਹੈ। ਫਿਲੀਪੀਨ ਅਤੇ ਦੱਖਣੀ ਪੈਸੀਫਿਕ ਵਿੱਚ ਇਹ ਦਰ ਇੱਕ ਹਜ਼ਾਰ ਦੇ ਪਿੱਛੇ ਕ੍ਰਮਵਾਰ : 80 ਅਤੇ 100 ਹੈ। ਸਭ ਤੋਂ ਜ਼ਿਆਦਾ ਵਾਧਾ ਯੂਰਪ ਵਿੱਚ ਪਾਇਆ ਗਿਆ ਹੈ — ਖਾਸ ਤੌਰ 'ਤੇ ਜੇਤੂ ਦਿਨ ਦੇ ਬਾਅਦ। ਯੁੱਧ ਬੰਦ ਹੋਣ ਤੋਂ ਪਹਿਲਾਂ ਉੱਥੇ ਇੱਕ ਹਜ਼ਾਰ ਦੇ ਪਿੱਛੇ 40 ਦੀ ਦਰ ਸੀ। ਹੁਣ ਇਹ ਦਰ ਇੱਕ ਹਜ਼ਾਰ ਦੇ ਪਿੱਛੇ 170 ਹੈ। ਇਸ ਤਰ੍ਹਾਂ ਸੈਕਸ-ਰੋਗੀਆਂ ਦੀ ਸੰਖਿਆ 325 ਫੀਸਦੀ ਵਾਧਾ ਹੋਇਆ ਹੈ।"

ਮੈਂ ਪੁੱਛਿਆ : "ਇੰਨੇ ਜ਼ਿਆਦਾ ਵਾਧੇ ਦਾ ਕਾਰਨ ਕੀ ਹੈ ?"

ਉਹਨਾਂ ਨੇ ਕਿਹਾ : "ਇਹ ਕੋਈ ਹੈਰਾਨੀ ਦੀ ਗੱਲ ਨਹੀਂ ਹੈ। ਸਾਰੀਆਂ ਲੜਾਈਆਂ ਦੇ ਬਾਅਦ ਇਹੀ ਹੋਇਆ ਹੈ। ਲੜਾਈ ਦੇ ਬਾਅਦ ਆਮ ਤੌਰ 'ਤੇ ਢਿੱਲ ਆ ਜਾਂਦੀ ਹੈ। ਫ਼ੌਜੀਆਂ ਦੇ ਕੋਲ ਹੁਣ ਸਮੇਂ ਦੀ ਕਮੀ ਨਹੀਂ ਰਹਿੰਦੀ। ਸਮੰਦਰ ਪਾਰ ਉਹ ਉਡੀਕ ਕਰਿਆ ਕਰਦੇ ਹਨ ਕਿ ਕਦੋਂ ਉਹਾਂ ਦੇ ਦੇਸ਼ ਲਈ ਜਹਾਜ਼ ਰਵਾਨਾ ਹੋਣ ਅਤੇ ਕਦੋਂ ਉਹ ਘਰ ਜਾਣ.... ਬੈਠੇ-ਬੈਠੇ ਉਹ ਅੱਕਣ ਲੱਗਦੇ ਹਨ ਅਤੇ ਓਦੋਂ ਮਨੋਰੰਜਨ ਦੇ ਦੂਸਰੇ ਸਾਧਨਾਂ ਦੀ ਤਲਾਸ਼ ਕਰਦੇ ਹਨ। ਸ਼ਹਿਰਾਂ ਵਿੱਚ ਉਹਨਾਂ ਨੂੰ ਜ਼ਿਆਦਾ ਛੁੱਟੀ ਮਿਲਦੀ ਹੈ ਅਤੇ ਇੱਥੇ ਰੋਗ ਫੜਨ ਦੀ ਉਹਨਾਂ ਲਈ ਜ਼ਿਆਦਾ ਸੰਭਾਵਨਾ ਰਹਿੰਦੀ ਹੈ।"

"ਪਰ ਕਰਨਲ ਸਾਹਿਬ", ਮੈਂ ਪੁੱਛਿਆ, "ਸਭ ਤੋਂ ਮਹੱਤਵਪੂਰਨ ਕਾਰਨ ਤੁਸੀਂ

ਕਿਸ ਨੂੰ ਠਹਿਰਾਉਗੇ ?"

"ਜਵਾਬ ਸਪੱਸ਼ਟ ਹੈ। ਸਭ ਤੋਂ ਮਹੱਤਵਪੂਰਨ ਕਾਰਨ ਸੈਕਸ-ਭੋਗ ਹੈ", ਉਹਨਾਂ ਨੇ ਕਿਹਾ।

ਮੇਜਰ ਜਾਰਜਸ ਲੇਕਲਰਕ ਕਨੇਡਾ ਦੀ ਫ਼ੌਜ ਵਿੱਚ ਇਸੇ ਅਹੁਦੇ 'ਤੇ ਨਿਯੁਕਤ ਸਨ। ਉਹਨਾਂ ਨੇ ਕਨੇਡਾ ਦੀਆਂ ਫ਼ੌਜਾ ਵਿੱਚ ਸੈਕਸ-ਰੋਗਾਂ ਦਾ ਇਸੇ ਤਰ੍ਹਾਂ ਵਾਧਾ ਦੱਸਿਆ। ਕਈ ਅਮਰੀਕੀਆਂ ਅਤੇ ਕਨੇਡਾ ਦੇ ਨਾਗਰਿਕ ਅਧਿਕਾਰੀਆਂ ਤੋਂ ਮੈਂ ਪੁੱਛਗਿਛ ਕੀਤੀ। ਉਹਨਾਂ ਨੇ ਮੰਗ ਕੀਤੀ ਕਿ ਉਹਨਾਂ ਦੇ ਜਵਾਬ ਅਖ਼ਬਾਰਾਂ ਵਿੱਚ ਨਾ ਛਾਪੇ ਜਾਣ। ਪਰ ਉਹਨਾਂ ਦੇ ਸਾਰੇ ਜਵਾਬ ਮਿਲਦੇ-ਜੁਲਦੇ ਸਨ। ਯੁੱਧ ਖ਼ਤਮ ਹੋਣ ਦੇ ਬਾਅਦ ਤੋਂ ਸੈਕਸ-ਰੋਗਾਂ ਵਿੱਚ ਭਿਆਨਕ ਵਾਧਾ ਦੇਖਿਆ ਗਿਆ ਅਤੇ ਖ਼ਤਰਾ ਇਹ ਹੈ ਕਿ ਸੈਕਸ-ਰੋਗ ਇਵੇਂ ਬੁਰੀ ਤਰ੍ਹਾਂ ਫੈਲਣਗੇ ਜਿਵੇਂ ਕਦੇ ਦੇਖੇ ਸੁਣੇ ਨਹੀਂ ਗਏ ਸਨ। ਫ਼ੌਜੀ ਤਾਂ ਅਜਿਹਾ ਰਵੱਈਆ ਅਪਣਾ ਰਹੇ ਹਨ ਜਿਵੇਂ ਕਿ ਉਹ ਸਮੁੱਚੀ ਪੁਰਾਣੀ ਸਿੱਖਿਆ ਨੂੰ ਭੁੱਲ ਗਏ ਹੋਣ। ਰੋਗਾਂ ਦੀ ਜਾਂਚ-ਪੜਤਾਲ ਕਰਾਉਣ ਅਤੇ ਇਲਾਜ ਕਰਾਉਣ ਵਿੱਚ ਹੁਣ ਉਹ ਦਿਲਚਸਪੀ ਨਹੀਂ ਲੈਂਦੇ। ਹਾਲਤ ਇੰਨੀ ਨਾਜ਼ੁਕ ਹੋ ਗਈ ਹੈ ਕਿ ਨਿਊਯਾਰਕ ਸਟੇਟ ਮੈਡੀਕਲ ਜਰਨਲ ਨੂੰ ਨਵੰਬਰ ਵਿੱਚ ਚੇਤਾਵਨੀ ਦੇਣੀ ਪਈ ਕਿ ਫੌਜ ਤੋਂ ਪਰਤਣ ਵਾਲਿਆਂ ਦੇ ਪਰਿਵਾਰ ਉਹਨਾਂ ਤੋਂ ਸਾਵਧਾਨ ਰਹਿਣ। ਜਰਨਲ ਨੇ ਕਿਹਾ : ਇਹ ਫੌਜੀ ਆਪਣੇ ਨਾਲ਼ ਸਿਫਲਿਸ ਅਤੇ ਗਨੌਰੀਆ ਵੀ ਲਿਆ ਰਹੇ ਹਨ।

ਕਨੇਡਾ ਦੀ ਹੈੱਲਥ ਲੀਗ (ਸਿਹਤ ਜਥੇਬੰਦੀ) ਦੇ ਬੇਹੱਦ ਪ੍ਰਸਿੱਧ ਡਾਇਰੈਕਟਰ ਡਾਕਟਰ ਗੌਰਡਨ ਬੇਟਸ ਕਈ ਸਾਲਾਂ ਤੱਕ ਸੈਕਸ-ਰੋਗ ਵਿਰੋਧੀ ਲਹਿਰ ਦੇ ਵੀ ਮੋਹਰੀ ਰਹੇ ਹਨ। ਉਹਨਾਂ ਨੇ ਕਿਹਾ :

"ਇਹ ਜਾਣੀ-ਪਛਾਣੀ ਗੱਲ ਹੈ ਕਿ ਬਹੁਤ ਸਾਰੇ ਲੋਕ — ਜਿਨ੍ਹਾਂ ਨੂੰ ਬੁੱਧੀਮਾਨੀ ਤੋਂ ਕੰਮ ਲੈਣਾ ਚਾਹੀਦਾ ਸੀ — ਸੋਚਣ ਲੱਗੇ ਹਨ ਕਿ ਸੈਕਸ-ਰੋਗਾਂ ਬਾਰੇ ਮੋਟੀਆਂ ਗੱਲ੍ਹਾਂ ਦੱਸ ਦੇਣਾ ਅਤੇ ਜਾਂਚ-ਪੜਤਾਲ ਅਤੇ ਇਲਾਜ ਦੀ ਸਹੂਲਤ ਦੇਣਾ ਹੀ ਸੈਕਸ-ਰੋਗਾਂ ਦੀ ਰੋਕਥਾਮ ਲਈ ਕਾਫ਼ੀ ਹੈ। ਕੁੱਝ ਹੋਰ ਲੋਕ ਹਰ ਜੋ ਇਸ ਗੱਲ 'ਤੇ ਅੜੇ ਹਨ ਕਿ ਸੈਕਸ-ਰੋਗਾਂ ਬਾਰੇ ਸਾਰੀਆਂ ਮੂਲ ਗੱਲਾਂ ਦਸੀਆਂ ਜਾਣ, ਜਿਵੇਂ ਕਿ ਇਸ ਸਿੱਖਿਆ ਤੋਂ ਹੀ ਸਿਫਲਿਸ ਅਤੇ ਗਨੌਰੀਆ ਦੀ ਰੋਕਥਾਮ ਹੋ ਜਾਵੇਗੀ। ਇਹ ਸਾਫ਼ ਜ਼ਾਹਿਰ ਹੈ ਕਿ ਜੇਕਰ ਆਦੇਸ਼ਾਂ ਦੇ ਦਮ 'ਤੇ ਹੀ ਸੈਕਸ-ਰੋਗਾਂ ਦੀ ਰੋਕਥਾਮ ਕੀਤੀ ਗਈ ਤਾਂ ਸਿੱਖਿਆ ਅਤੇ ਬੇਹਤਰ ਇਲਾਜ ਨਾਲ਼ **ਸਿਰਫ਼ ਇੰਨਾ ਫਾਇਦਾ ਹੋਵੇਗਾ ਕਿ ਕਿਸੇ ਖਾਸ ਵਿਅਕਤੀ ਦੇ ਰੋਗ ਦੀ ਮਿਆਦ ਘੱਟ ਹੋ ਜਾਵੇ। ਪਰ ਨੈਤਿਕ ਅਤੇ ਸਮਾਜਿਕ ਰੋਕਥਾਮ ਨੂੰ ਭੁਲਾ ਦੇਣ ਦਾ ਸਿੱਟਾ ਇਹ ਹੋਵੇਗਾ ਕਿ ਰੋਗ ਹਾਸਲ ਕਰਨ ਦੀ ਦਰ ਵਧ ਸਕਦੀ ਹੈ, ਇਸ ਤਰ੍ਹਾਂ ਰੋਗੀਆਂ ਦੀ ਸੰਖਿਆ ਵਧ ਜਾਵੇਗੀ।"**

ਡਾ. ਬੇਟਸ ਨੇ ਹੋਰ ਵੀ ਸਫ਼ਾਈ ਨਾਲ਼ ਕਿਹਾ : "ਨੈਤਿਕਤਾ ਦੇ ਅਧਾਰ 'ਤੇ ਸੈਕਸ-ਰੋਗਾਂ ਦੀ ਰੋਕਥਾਮ ਦੀ ਗੱਲ ਕਰਨਾ ਤਾਂ ਜਿਵੇਂ ਚਲਣ ਦੇ ਵਿਰੁੱਧ ਗੱਲ ਹੋ ਗਈ ਹੈ। ਪਰ ਅਜਿਹੀ ਨੈਤਿਕਤਾ ਬਿਨਾਂ ਸੈਕਸ-ਰੋਗਾਂ ਦੀ ਰੋਕਥਾਮ ਕਰ ਸਕਣਾ ਅਸੰਭਵ ਹੈ ਜੋ ਸਾਡੇ

ਵਰਤੋਂ-ਵਿਵਹਾਰ ਅਤੇ ਸਾਡੀਆਂ ਸਮਾਜਿਕ ਹਾਲਤਾਂ, ਦੋਵਾਂ ਨੂੰ ਹੀ, ਪ੍ਰਭਾਵਿਤ ਕਰਨ।"

ਜ਼ਰੂਰ ਹੀ ਇਹ ਨਜ਼ਰੀਆ ਫ਼ੌਜੀ ਡਾਕਟਰਾਂ ਦੇ ਨਜ਼ਰੀਏ ਦਾ ਵਿਰੋਧੀ ਹੈ।ਅਮਰੀਕੀ ਫ਼ੌਜ ਵਿੱਚ ਸੈਕਸ-ਰੋਗ ਵਿਰੋਧੀ ਲਹਿਰ ਦੇ ਬਾਬਤ ਅਸੀਂ ਲਾਰੀਮੋਰ ਅਤੇ ਸਟਰਨਬਰਗ ਦੀ ਰਿਪੋਰਟ ਦਾ ਪਹਿਲਾਂ ਹਵਾਲਾ ਦੇ ਆਏ ਹਾਂ। ਹੈਰਾਨੀ ਹੈ ਕਿ ਇਹਨਾਂ ਅਧਿਕਾਰੀਆਂ ਨੇ ਨੈਤਿਕ ਦਲੀਲਾਂ ਨੂੰ ਬੇਮਤਲਬ ਦੱਸ ਕੇ ਟਾਲ ਦਿੱਤਾ। ਸੈਕਸ-ਰੋਗਾਂ ਦੇ ਵਿਰੁੱਧ ਫੌਜ ਦੇ ਸੰਘਰਸ਼ ਦਾ ਉਦੇਸ਼ ਸਿਰਫ ਇੰਨਾ ਸੀ : ਰੋਗ ਜ਼ਿਆਦਾ ਲੋਕਾਂ ਨੂੰ ਨਾ ਲੱਗ ਜਾਣ। ਡਾ. ਲਾਰੀਮੋਰ ਅਤੇ ਸਟਰਨਬਰਗ ਅਨੁਸਾਰ ਫੌਜੀ ਲਹਿਰ ਦੀ ਸਫਲਤਾ ਸਿਰਫ਼ ਇੱਕ ਫੈਸਲਾਕੁੰਨ ਗੱਲ ਤੋਂ ਜਾਂਚੀ ਜਾ ਸਕਦੀ ਹੈ : ਫੌਜ ਵਿੱਚ ਕਿੰਨੇ "ਪ੍ਰੋਫੀਲੈਕਿਟਕਾਂ"[1] ਦੀ ਵਰਤੋਂ ਕੀਤੀ ਗਈ ? (ਇਹ 'ਸਫਲਤਾ' ਅਹਿਸੀ ਸੀ ਜੋ ਯੁੱਧ ਖਤਮ ਹੁੰਦੇ ਹੀ ਖਤਮ ਹੋ ਗਈ ਅਤੇ ਸੈਕਸ-ਰੋਗਾਂ ਵਿੱਚ ਫਿਰ ਭਿਆਨਕ ਵਾਧਾ ਸ਼ੁਰੂ ਹੋ ਗਿਆ)।

ਅਨੈਤਿਕਤਾ ਦੀ ਸਮੱਸਿਆ ਨੂੰ ਕਿਉਂਕਿ ਅਸੀਂ ਇਲਾਜ ਤੱਕ ਹੀ ਸੀਮਤ ਨਹੀਂ ਰੱਖ ਰਹੇ ਹਾਂ, ਇਸ ਲਈ ਇਹਨਾਂ "ਪ੍ਰੋਫੀਲੈਕਿਟਕਾਂ" ਬਾਰੇ ਸਾਨੂੰ ਜ਼ਰੂਰੀ ਰਾਏ ਕਾਇਮ ਕਰ ਲੈਣੀ ਹੋਵੇਗੀ।

ਸੈਕਸ ਰੋਗਾਂ ਵਿਰੁੱਧ ਆਪਣੇ ਘੋਲ ਦੀ ਸਫਲਤਾ ਨੂੰ ਵੱਖ-ਵੱਖ ਥਾਵਾਂ 'ਤੇ ਅਤੇ ਵੱਖ-ਵੱਖ ਸਮੇਂ ਫੌਜ ਨੇ ਕਿਵੇਂ ਜਾਂਚਿਆਂ ?

ਉਸ ਨੇ ਪਤਾ ਲਗਾਇਆ ਕਿ ਮੁਫਤ ਦਿੱਤੇ ਗਏ "ਪ੍ਰੋਫੀਲੈਕਿਟਕਾਂ" ਵਿੱਚੋਂ ਕਿੰਨੇ "ਪ੍ਰੋਫੀਲੈਕਿਟਕ" ਲੋਕਾਂ ਨੇ ਲਏ ਹਨ।

ਇਹ ਸੰਖਿਆ ਇਸ ਗੱਲ ਨੂੰ ਵੀ ਸੂਚਿਤ ਕਰਨ ਵਾਲ਼ੀ ਹੈ ਕਿ ਇਨ੍ਹਾਂ ਦਵਾਈਆਂ ਦੀ ਮਦਦ ਨਾਲ਼ ਫੌਜੀਆਂ ਨੇ ਲਗਭਗ ਕਿੰਨੀ ਵਾਰ ਸੈਕਸ-ਭੋਗ ਕੀਤਾ।

ਇਸ ਸੰਖਿਆ ਨੂੰ ਸੁਣ ਕੇ ਬਹੁਤ ਸਾਰੇ ਲੋਕ ਹੈਰਾਨ ਹੋਣਗੇ। ਤੁਹਾਨੂੰ ਵਿਸ਼ਵਾਸ ਨਹੀਂ ਹੋਵੇਗਾ। 1945 ਦੇ ਆਰੰਭ ਵਿੱਚ ਅਮਰੀਕੀ ਫੌਜ ਵਿੱਚ **ਹਰ ਮਹੀਨੇ ਪੰਜ ਕਰੋੜ "ਪ੍ਰੋਫੀਲੈਕਿਟਕਾਂ" ਦੀ ਖਪਤ ਸੀ।**

ਇਹ ਹੈ ਫੌਜੀ ਲਹਿਰ ਦੀ ਸਫਲਤਾ ਦੀ ਅਸਲੀਅਤ। ਪਾਦਰੀਆਂ ਅਤੇ ਨੀਤੀਵਾਨਾਂ ਨਾਲ਼ ਨਫ਼ਰਤ ਕਰਨ ਵਾਲ਼ੇ ਵੀ ਇਹ ਦੇਖ ਕੇ ਇੱਕ ਵਾਰ ਹੈਰਾਨ ਹੋ ਜਾਣਗੇ ਕਿ ਅਮਰੀਕੀ ਫੌਜ ਦੇ ਅੱਸੀ ਲੱਖ ਜਵਾਨ ਇੱਕ ਮਹੀਨੇ ਵਿੱਚ ਪੰਜ ਕਰੋੜ ਪ੍ਰੋਫੀਲੈਕਿਟਕਾਂ ਦੀ ਵਰਤੋਂ ਕਰਦੇ ਹਨ।

ਇਤਿਹਾਸ ਵਿੱਚ ਕਦੇ ਵੀ ਕਿਸੇ ਕੌਮ ਨੇ ਇੰਨੇ ਵੱਡੇ ਪੱਧਰ 'ਤੇ ਨਿਮਰਥਕ ਸੈਕਸ-ਭੋਗ ਦਾ ਘਮੰਡ ਨਹੀਂ ਕੀਤਾ ਸੀ।

ਥੋੜ੍ਹਾ ਸੋਚੋ ਤਾਂ — ਮਹੀਨੇ ਵਿੱਚ ਪੰਜ ਕਰੋੜ ਵਾਰ।

1945 ਤੋਂ 1952 ਤੱਕ ਜੋ ਕੁੱਝ ਹੋਇਆ ਹੈ ਉਹ ਇਨ੍ਹਾਂ ਗੱਲਾਂ ਦੀ ਪੁਸ਼ਟੀ ਕਰਦਾ ਹੈ। ਉਹ ਨੂੰ ਲੈ ਕੇ ਅਧਿਆਏ ਲਿਖੇ ਜਾ ਸਕਦੇ ਸਨ। ਪਰ ਸੰਖੇਪ ਵਿੱਚ ਉਹ ਨੂੰ ਇਸ

1. ਸੈਕਸ ਰੋਗਾਂ ਤੋਂ ਬਚਾਅ ਦੇ ਸਮਾਨ ਦੀ।

ਤਰ੍ਹਾਂ ਦੱਸਿਆ ਜਾ ਸਕਦਾ ਹੈ :

ਇੱਕ ਅਮਰੀਕੀ ਫੌਜ ਵਿੱਚ — ਖਾਸ ਤੌਰ 'ਤੇ ਸਮੁੰਦਰ ਪਾਰ ਗਏ ਫੌਜੀ ਦਸਤਿਆਂ ਵਿੱਚ — ਸੈਕਸ-ਰੋਗਾਂ ਦੀ ਦਰ ਪਹਿਲਾਂ ਵਾਂਗ ਹੀ ਉੱਚੀ ਹੈ।

ਦੂਜਾ, ਪੰਜ ਸਾਲ ਤੱਕ ਲਗਾਤਾਰ ਅਮਰੀਕੀ ਨਾਗਰਿਕਾਂ ਦੀ ਜਾਂਚ-ਪੜਤਾਲ ਅਤੇ ਇਲਾਜ ਜਾਰੀ ਰਹਿਣ। ਪਰ ਸੈਕਸ-ਰੋਗਾਂ ਨੇ ਘਟਣ ਦਾ ਨਾਮ ਨਾ ਲਿਆ। 23 ਮਾਰਚ 1952 ਦੀ ਅਮਰੀਕੀ ਮੈਡੀਕਲ ਐਸੋਸ਼ੀਏਸ਼ਨ ਦੀ ਰਿਪੋਰਟ ਤੋਂ ਇਹੀ ਸਿੱਧ ਹੁੰਦਾ ਹੈ। ਇਸ ਰਿਪੋਰਟ ਵਿੱਚ ਜਾਰਜੀਆਂ ਸਥਿਤ ਅਟਲਾਂਟਾ ਨਗਰ ਵਿੱਚ ਪੰਜ ਸਾਲ ਤੱਕ ਸੈਕਸ-ਰੋਗਾਂ ਵਿਰੁੱਧ ਸੰਘਰਸ਼ ਦਾ ਵਰਣਨ ਹੈ। ਦੋ ਲੱਖ ਪੰਜਾਹ ਹਜ਼ਾਰ ਤੋਂ ਵੀ ਜ਼ਿਆਦਾ ਨਾਗਰਿਕਾਂ ਦੀ ਜਾਂਚ ਕੀਤੀ ਗਈ ਸੀ। ਜਿੰਨੇ ਲੋਕਾਂ ਨੂੰ ਵੀ ਸੈਕਸ-ਰੋਗਾਂ ਤੋਂ ਪੀੜਿਤ ਪਾਇਆ ਗਿਆ, ਉਹਨਾਂ ਦਾ ਫੌਰਨ ਅਤੇ ਮੁਫਤ ਇਲਾਜ ਕੀਤਾ ਗਿਆ। ਪਰ, ਲਹਿਰ ਦੇ ਅੰਤ ਵਿੱਚ ਡਾਕਟਰ ਦੇਖਦੇ ਇਹ ਹਨ ਕਿ ਇੱਕ ਹਜ਼ਾਰ ਦੇ ਪਿੱਛੇ 100 ਲੋਕ ਸਿਫਲਿਸ ਦੇ ਰੋਗੀ ਹਨ।

ਇਸ ਰਿਪੋਰਟ ਵਿੱਚ ਗਨੌਰੀਆ ਦਾ ਨਾਂ ਨਹੀਂ ਲਿਆ ਗਿਆ ਸੀ। ਮੈਨੂੰ ਸੂਚਨਾ ਮਿਲੀ ਹੈ ਕਿ ਗਨੌਰੀਆ ਦੇ ਰੋਗੀਆਂ ਦੀ ਸੰਖਿਆ ਤਾਂ ਹੋਰ ਵੀ ਜ਼ਿਆਦਾ ਹੈ।

ਸਪੱਸ਼ਟ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਅਮਰੀਕੀ ਖੁਦ ਨੂੰ "ਸੱਭਿਆ ਨੈਤਿਕਤਾ" ਦਾ ਠੇਕੇਦਾਰ ਦੱਸਦੇ ਹਨ। ਪਰ ਸੈਕਸ ਰੋਗਾਂ ਦਾ ਅੱਜ ਉੱਥੇ ਅਜਿਹਾ ਵਾਧਾ ਹੋ ਰਿਹਾ ਹੈ ਜਿਵੇਂ ਸ਼ਾਇਦ ਦੁਨੀਆਂ ਦੇ ਕਿਸੇ ਸੱਭਿਆ ਦੇਸ਼ ਵਿੱਚ ਪਹਿਲਾਂ ਨਹੀਂ ਦੇਖਿਆ ਗਿਆ ਸੀ।

# ਪਾਪ ਵਿਰੁੱਧ ਪੰਜ ਸਾਲਾਂ ਯੋਜਨਾ

ਅਨੈਤਿਕਤਾ ਵਿਰੁੱਧ ਸੋਵੀਅਤ ਘੋਲ ਦਾ ਅਧਿਐਨ ਅਸੀਂ ਫਿਰ ਸ਼ੁਰੂ ਕਰਦੇ ਹਾਂ। 1929 ਦੀਆਂ ਗਰਮੀਆਂ ਵਿੱਚ ਇਹ ਘੋਲ ਆਪਣੀ ਪੂਰੀ ਤੇਜ਼ੀ ’ਤੇ ਪਹੁੰਚ ਗਿਆ। ਵਿਗਿਆਨਕ ਰੂਪ ’ਚ ਜਥੇਬੰਦ ਯੋਜਨਾ ਅਨੁਸਾਰ ਸਰਕਾਰ ਦੇ ਵੱਡੇ-ਵੱਡੇ ਅੱਠ ਮੰਤਰੀ-ਵਿਭਾਗ ਇਸ ਕੰਮ ਨੂੰ ਲੈ ਕੇ ਅੱਗੇ ਵਧੇ।

ਕਿਰਤ ਦੇ ਕਮਿਸਾਰ ਨੂੰ ਸਾਰੀਆਂ ਇਕੱਲੀਆਂ ਇਸਤਰੀਆਂ ਅਤੇ ਹਸਪਤਾਲਾਂ ਵਿੱਚੋਂ ਪਾਸ ਗ੍ਰੈਜੁਏਟਾਂ ਨੂੰ ਕੰਮ ਦੇਣ ਦੀ ਜ਼ਿੰਮੇਵਾਰੀ ਸੰਭਾਲਣੀ ਪਈ। ਸਮਾਜਿਕ ਸੁਰੱਖਿਆ ਦੇ ਕਮਿਸਾਰੀਅਤ ਨੇ ਇਸਤਰੀਆਂ ਦੇ ਟ੍ਰੇਨਿੰਗ ਕੇਂਦਰਾਂ ਅਤੇ ਕਾਰਖਾਨਿਆਂ ਨੂੰ ਕੌਮਵਿਆਪੀ ਪੱਧਰ ’ਤੇ ਫੈਲਾਉਣ ਦਾ ਕੰਮ ਸੰਭਾਲਿਆ। ਉਹਨਾਂ ਸਾਰੀਆਂ ਇਸਤਰੀਆਂ ਦੇ ਰਹਿਣ ਲਈ, ਜਿਨ੍ਹਾਂ ਦੇ ਅਨੈਤਿਕ ਪ੍ਰਭਾਵਾਂ ਦੇ ਜਾਲ ਵਿੱਚ ਫਸਣ ਦੀ ਸੰਭਾਵਨਾ ਸੀ, ਚੰਗੇ ਮਕਾਨਾਂ ਦਾ ਪ੍ਰਬੰਧ ਕੀਤਾ ਗਿਆ।

ਲੋਕ ਸਿਹਤ ਦੇ ਕਮਿਸਾਰੀਏਤ ਨੇ ਹਸਪਤਾਲਾਂ ਨੂੰ ਹੋਰ ਵਧਾਇਆ, ਸੈਕਸ ਮਾਹਿਰਾਂ ਨੂੰ ਤੇਜ਼ੀ ਨਾਲ਼ ਸਿੱਖਿਅਤ ਕਰਨਾ ਸ਼ੁਰੂ ਕੀਤਾ, ਠੁਕਰਾਈਆਂ ਹੋਈਆਂ ਮਾਵਾਂ ਦੀ ਮਦਦ ਲਈ ਵਿਰਾਟ ਯੋਜਨਾਂ ਤਿਆਰ ਕੀਤੀ ਅਤੇ ਮਾਵਾਂ ਅਤੇ ਬੱਚਿਆਂ ਦੀ ਸੁਰੱਖਿਆ ਦੇ ਕੇਂਦਰ ਖੋਲ੍ਹੇ।

ਨਿਆਂ ਦੇ ਕਮਿਸਾਰੀਏਤ ਨੇ ਜਥੇਬੰਦ ਵਿਭਚਾਰ ਦੀ ਰਹਿੰਦ-ਖੂੰਹਦ ’ਤੇ ਆਖਰੀ ਹਮਲਾ ਕੀਤਾ। ਪਿੱਛਲੇ ਦਿਨੀਂ ਨਿਆਂ ਦੇ ਕਮਿਸਾਰੀਏਤ ਨੇ ਫੌਜ ਨੂੰ ਮੁੜ ਜਥੇਬੰਦ ਕੀਤਾ ਸੀ ਅਤੇ ਸਮਾਜ ਲਈ ਆਦਰ ਦੀ ਬਾਵਨਾ ਨਾਲ਼ ਭਰਿਆ ਅਤਿਅੰਤ ਕੁਸ਼ਲ ਪੁਲਿਸ-ਦਲ ਵੀ ਤਿਆਰ ਕਰ ਲਿਆ ਸੀ। 1929 ਤੋਂ ਪਹਿਲਾਂ ਦੇ ਪੰਜ ਸਾਲਾਂ ਵਿੱਚ ਵਿਭਚਾਰ ਦੇ ਕੁੱਝ ਸੰਚਾਲਕ, ਜੋ ਫੜੇ ਨਹੀਂ ਜਾ ਸਕੇ ਸਨ, ਇੱਧਰ-ਉਧਰ ਲੁੱਕ-ਛਿਪ ਗਏ ਸਨ। ਉਹਨਾਂ ਨੇ ਮਾਨਸਿਕ ਰੂਪ ਨਾਲ਼ ਵਿਗੜੀਆਂ ਕੁੜੀਆਂ ਅਤੇ ਇਸਤਰੀਆਂ ਨੂੰ ਆਪਣੇ ਜਾਲ ਵਿੱਚ ਫਸਾਉਣਾ ਸ਼ੁਰੂ ਕੀਤਾ ਸੀ। ਨਿਆਂ-ਵਿਭਾਗ ਦਾ ਸਾਥ ਦਿੰਦੇ ਹੋਏ ਘਰੇਲੂ ਮਾਮਲਿਆਂ ਦੇ ਕਮਿਸਾਰੀਏਤ ਨੇ ਲੁਕੇ ਵਿਭਚਾਰ ਦੇ ਅੱਡਿਆਂ ਨੂੰ ਲੱਭਣ ਲਈ ਨਵੇਂ ਜਾਸੂਸ ਤਿਆਰ ਕੀਤੇ। ਇਨ੍ਹਾਂ ਵਿਭਚਾਰ ਦੇ ਅੱਡਿਆਂ ਨੂੰ ਚਲਾਉਣ ਵਾਲਿਆਂ ਲਈ ਵੱਡੀ ਸਜ਼ਾ ਦਾ ਪ੍ਰਬੰਧ ਸੀ। ਠੇਕੇਦਾਰਾਂ ਨੂੰ ਖ਼ਤਮ ਕਰਨ ਦੇ ਕੰਮ ਵਿੱਚ ਇਹ ਸਾਰੇ ਲੋਕ ਮਦਦ ਦੇਣ ਲੱਗੇ। ਲੋਕ ਨਿਰੀਖਣ ਦੇ ਕਮਿਸਾਰੀਏਤ ਨੇ ਲੋਕਾਂ ਵਿੱਚ ਇਹ ਚੇਤਨਾ ਭਰਨ ਵਿੱਚ ਕੋਈ ਵੀ ਕਸਰ ਨਹੀਂ ਛੱਡੀ ਕਿ ਇਸ ਸੰਘਰਸ਼ ਵਿੱਚ ਭਾਗ ਲੈਣਾ ਹਰ ਇਨਸਾਨ ਦੀ ਵਿਅਕਤੀਗਤ ਜ਼ਿੰਮੇਵਾਰੀ ਹੈ, ਉਸ ਦਾ

ਸਮਾਜਿਕ ਕਰੱਤਵ ਹੈ। ਨੌਜਵਾਨਾਂ ਵਿੱਚ ਵਿਭਚਾਰ ਦੀ ਭਾਵਨਾ ਭਰਨ ਵਾਲੇ ਲੋਕਾਂ ਵਿਰੁੱਧ ਆਲੋਚਨਾ ਨੂੰ ਹੋਰ ਵੀ ਤਿੱਖਾ ਬਣਾਇਆ ਗਿਆ।

ਅੰਤ ਵਿੱਚ, ਵਪਾਰ ਅਤੇ ਵਿੱਤ ਦੇ ਕਮਿਸਾਰੀਏਤ ਨੂੰ ਕਿਹਾ ਗਿਆ ਕਿ ਉਹ ਸਾਰੀਆਂ ਜਥੇਬੰਦੀਆਂ, ਸੰਸਥਾਵਾਂ, ਹਸਪਤਾਲਾਂ, ਕਾਰਖਾਨਿਆਂ ਅਤੇ "ਰੱਖਿਆ ਦੇ ਕੇਂਦਰਾਂ" ਨੂੰ ਪੈਸੇ ਦੀ ਜਿੰਨੀ ਮਦਦ ਪਹੁੰਚਾ ਸਕੋ, ਪਹੁੰਚਾਓ।

ਇਸ ਤਰ੍ਹਾਂ ਵੇਸ਼ਵਾਗਮਨੀ ਵਿਰੁੱਧ ਜੋ ਸੰਘਰਸ਼ ਸ਼ੁਰੂ ਹੋਇਆ ਉਸ ਵਿੱਚ ਨਵੇਂ ਬਦਲਾਅ ਹੋਏ। ਹੁਣ ਇਸ ਸੰਘਰਸ਼ ਨੇ ਵਿਭਚਾਰ ਅਤੇ ਅਨੈਤਿਕਤਾ ਵਿਰੁੱਧ ਕੌਮ ਵਿਆਪੀ ਸੰਘਰਸ਼ ਦਾ ਰੂਪ ਧਾਰਨ ਕਰ ਲਿਆ।

ਵਿਭਚਾਰ ਵਿਰੁੱਧ ਵਿਗਿਆਨਕ ਹਮਲਾ ਹੁਣ ਦਿਨੋ-ਦਿਨ ਮਹੱਤਵਪੂਰਨ ਰੂਪ ਧਾਰਨ ਕਰਨ ਲੱਗਿਆ। ਬੇਰੁਜ਼ਗਾਰੀ ਦੇ ਖਤਮ ਹੋਣ ਦੇ ਨਾਲ਼ ਨਾਲ਼ ਗਰੀਬ ਇਸਤਰੀਆਂ ਦਾ ਸੰਖਿਆ ਵੀ ਨਾ ਦੇ ਬਰਾਬਰ ਰਹਿ ਗਈ। ਵੇਸ਼ਵਾਗਮਨੀ ਦਾ ਆਰਥਿਕ ਪੱਖ ਹੁਣ ਸਿੱਧਾ-ਸਾਦਾ ਨਹੀਂ ਰਹਿ ਗਿਆ ਸੀ ਹੁਣ ਇਹ ਨਹੀਂ ਕਿਹਾ ਜਾ ਸਕਦਾ ਸੀ ਕਿ ਗਰੀਬੀ ਦੇ ਕਾਰਨ ਇਸਤਰੀਆਂ ਵਿਭਚਾਰ ਨੂੰ ਆਪਣੀ ਰੋਜੀ ਦਾ ਸਾਧਨ ਬਣਾ ਲੈਣ। ਹਾਂ, ਕੁੱਝ ਇਸਤਰੀਆਂ ਅਜਿਹੀਆਂ ਇਸਤਰੀਆਂ ਸਨ ਜੋ ਗਰੀਬੀ ਵਿੱਚ ਜੀਵਨ ਬਿਤਾਉਂਦੇ ਬਿਤਾਉਂਦੇ ਸੋਚ ਬੈਠੀਆਂ ਸਨ ਕਿ ਵਿਭਚਾਰ ਦੇ ਇਲਾਵਾ ਉਹ ਕਿਸੇ ਹੋਰ ਕਾਬਿਲ ਹਨ ਹੀ ਨਹੀਂ। ਸਮੱਸਿਆ ਸੀ ਉਹਨਾਂ ਨੂੰ ਕਿਵੇਂ ਸੁਧਾਰਿਆ ਜਾਵੇ। ਸ਼ੁਭਾਵਿਕ ਸੀ ਕਿ ਜਦੋਂ ਤੱਕ ਅਜਿਹੀਆਂ ਥੋੜ੍ਹੀਆਂ ਇਸਤਰੀਆਂ ਵੀ ਸਮਾਜ ਵਿੱਚ ਰਹਿਣਗੀਆਂ ਓਦੋਂ ਤੱਕ ਅਜਿਹੇ ਪੁਰਸ਼ ਵੀ ਰਹਿਣਗੇ ਜੋ ਉਹਨਾਂ ਕੋਲ ਭੋਗ-ਲਾਲਸਾ ਦੀ ਤ੍ਰਿਪਤੀ ਲਈ ਜਾਣ। ਇਹ ਵੀ ਸੰਭਵ ਸੀ ਕਿ ਇਹ ਇਸਤਰੀਆਂ ਆਪਣਾ ਇੱਕ ਛੋਟਾ ਜਿਹਾ ਗਿਰੋਹ ਬਣਾ ਲੈਣ ਅਤੇ ਨਵੀਂ ਉਮਰ ਦੀਆਂ ਅਤੇ ਡਾਂਵਾਡੋਲ ਲੜਕੀਆਂ ਨੂੰ ਆਪਣੇ ਜਾਲ ਵਿੱਚ ਫਸਾਉਣਾ ਸ਼ੁਰੂ ਕਰ ਦੇਣ।

ਮੁਮਕਿਨ ਹੈ : "ਵੇਸ਼ਵਾਗਿਮਨੀ ਦੇ" ਇਸ "ਅਖਾੜੇ" ਨਾਲ਼ ਨਿਪਟਣ ਦਾ ਸਭ ਤੋਂ ਸੌਖਾ ਤਰੀਕਾ ਇਹ ਹੁੰਦਾ ਕਿ ਅਜਿਹੀਆਂ ਸਾਰੀਆਂ ਇਸਤਰੀਆਂ ਨੂੰ ਗ੍ਰਿਫਤਾਰ ਕਰ ਲਿਆ ਜਾਂਦਾ। ਉਹਨਾਂ ਨੂੰ ਸੁਧਾਰ ਤੋਂ ਪਰਾਂ ਐਲਾਨ ਕਰਕੇ ਕਿਸੇ ਸੰਸਥਾ ਦੇ ਹਵਾਲੇ ਕਰ ਦਿੱਤਾ ਜਾਂਦਾ। ਪਰ ਸੋਵੀਅਤ ਅਧਿਕਾਰੀਆਂ ਨੇ ਇਸ ਰਸਤੇ ਨੂੰ ਅਪਣਾਉਣ ਤੋਂ ਸਾਫ ਮਨ੍ਹਾਂ ਕਰ ਦਿੱਤਾ। ਅੰਤ ਤੱਕ ਉਹ ਇਸੇ ਵਿਗਿਆਨਕ ਨੈਤਿਕ ਸਿਧਾਂਤ 'ਤੇ ਅੜੇ ਰਹੇ ਕਿ ਵੇਸ਼ਵਾ ਕਿਸੇ ਖਾਸ ਆਰਥਿਕ ਅਤੇ ਸਮਾਜਿਕ ਹਾਲਤਾਂ ਦੀ ਪੈਦਾਵਾਰ ਹੈ; ਕਿ ਉਹ ਵੀ ਇਨਸਾਨ ਹੈ; ਕਿ ਉਹ ਸਮਾਜ ਵਿੱਚ ਇੱਕ 'ਗੁਲਾਮ ਅਤੇ ਲੁੱਟ ਦੀ ਸ਼ਿਕਾਰ ਇਸਤਰੀ ਹੈ, ਜਿਸ ਨੂੰ ਨਵੀਆਂ, ਲਾਭਦਾਇਕ ਅਤੇ ਬਲਵਾਨ ਸਮਾਜਿਕ ਸ਼ਕਤੀਆਂ ਦੀ ਸਹਾਇਤਾ ਨਾਲ ਹੀ ਸੁਧਾਰਿਆ ਜਾ ਸਕਦਾ ਹੈ। ਹਸਪਤਾਲ ਕਾਰਖਾਨਿਆਂ ਦੀ ਸਹਾਇਤਾ ਕਰਨ ਵਾਲ਼ੀ ਨਾਗਰਿਕ ਪਾਰਟੀ ਨਾਲ਼ ਸਲਾਹ-ਮਸ਼ਵਰਾ ਕਰਨ ਬਾਅਦ ਸੋਵੀਅਤ ਮਨੋਵਿਗਿਆਨਕਾਂ ਨੇ ਇਹਨਾਂ ਕੇਂਦਰਾਂ ਵਿੱਚ ਹੋਰ ਵੀ ਬਦਲਾਅ ਕਰਨ ਦਾ ਫੈਸਲਾ ਲਿਆ।

ਹਾਲਤ ਵਿੱਚ ਕਿਸੇ ਬੁਨਿਆਦੀ ਬਦਲਾਅ ਕਾਰਨ ਹੀ ਅਜਿਹਾ ਕਦਮ ਚੁੱਕਿਆ

ਗਿਆ। 1924 ਵਿੱਚ ਇਹਨਾਂ ਹਸਪਤਾਲਾਂ ਵਿੱਚ ਰਹਿਣ ਵਾਲੀਆਂ ਇੱਕ-ਚੌਥਾਈ ਇਸਤਰੀਆਂ ਪੇਸ਼ੇਵਰ ਵੇਸ਼ਵਾਵਾਂ ਸਨ, ਬਾਕੀ ਗੈਰ-ਪੇਸ਼ੇਵਰ, 1934 ਵਿੱਚ ਇਲਾਜ ਦੇ ਬਾਅਦ ਗੈਰ-ਪੇਸ਼ੇਵਰਾਂ ਦੀ ਸੰਖਿਆ ਘੱਟ ਕੇ 25 ਫੀਸਦੀ ਅਤੇ ਪੇਸ਼ੇਵਰਾਂ ਦੀ 75 ਫੀਸਦੀ ਰਹਿ ਗਈ। ਬਹੁਤ ਸਾਰੇ ਹਸਪਤਾਲ ਬੰਦ ਹੋ ਗਏ ਸਨ। ਬਾਕੀ ਬਚੇ ਮਰੀਜਾਂ ਵਿੱਚ ਜ਼ਿਆਦਾ ਸੰਖਿਆ ਉਹਨਾਂ ਦੀ ਸੀ, ਜਿਨ੍ਹਾਂ ਨੇ ਰੋਗ ਇਲਾਜ ਤੋਂ ਪਰ੍ਹਾਂ ਸਨ। ਬਹੁਤ ਸਾਰੀਆਂ ਅਜਿਹੀਆਂ ਸਨ, ਜਿਨ੍ਹਾਂ ਵਿੱਚ ਮਾਨਸਿਕ ਵਿਕਾਰ ਦੇ ਚਿੰਨ੍ਹ ਸਪੱਸ਼ਟ ਦਿਖਾਈ ਦਿੰਦੇ ਸਨ। ਮਨੋਵਿਗਿਆਨਕਾਂ ਦਾ ਕਹਿਣਾ ਸੀ ਕਿ ਇਹ ਲੰਬੇ ਸਮੇਂ ਤੱਕ ਕੰਗਾਲੀ ਵਿੱਚ ਜੀਵਨ ਬਿਤਾਉਣ ਦਾ ਨਤੀਜਾ ਸੀ। ਉਹ ਬੜੀ ਲਗਨ ਨਾਲ਼ ਅਜਿਹੇ ਮਰੀਜਾਂ ਦਾ ਇਲਾਜ ਕਰਨ ਵਿੱਚ ਰੁੱਝ ਗਏ। ਸਾਡੇ ਦੇਸ਼ਾਂ ਦੇ ਮਾਹਿਰ ਜੋ ਤਰੀਕੇ ਅਪਣਾਉਂਦੇ ਹਨ ਉਸ ਨਾਲੋਂ ਇਹ ਤਰੀਕੇ ਵੱਖਰੇ ਸਨ। ਸੋਵੀਅਤ ਵਿਗਿਆਨਕਾਂ ਨੇ ਕਿਸੇ ਇਸਤਰੀ ਦੇ ਮਨੋਵਿਕਾਰਾਂ ’ਤੇ ਹੀ ਆਪਣਾ ਧਿਆਨ ਕੇਂਦਰਿਤ ਨਹੀਂ ਕੀਤਾ, ਉਹਨਾਂ ਨੇ ਉਸ ਦੇ ਨੇੜੇ ਤੇੜੇ ਦੇ ਸਮਾਜਿਕ ਆਰਥਿਕ ਵਾਤਾਵਰਣ ਵਿੱਚ ਸੁਧਾਰ ਕਰਨਾ ਸ਼ੁਰੂ ਕੀਤਾ ਤਾਂ ਕਿ ਉਹ ਤੰਦਰੁਸਤ ਨੈਤਿਕ ਜੀਵਨ ਬਿਤਾ ਸਕੇ।

ਉਹਨਾਂ ਦੇ ਤਰੀਕੇ ਅਤਿਅੰਤ ਸੌਖੇ ਅਤੇ ਤਰਕ ਸੰਗਤ ਸਨ। 1934 ਵਿੱਚ ਹਸਪਤਾਲ ਕਾਰਖਾਨੇ ਖੁੱਲ੍ਹੇ-ਕੇਂਦਰ ਨਹੀਂ ਰਹਿ ਗਏ। ਹੁਣ ਵੀ ਇਸਤਰੀਆਂ ਨੂੰ ਇਹਨਾਂ ਵਿੱਚ ਭਰਤੀ ਹੋਣ ਲਈ ਮਜਬੂਰ ਨਹੀਂ ਕੀਤਾ ਜਾਂਦਾ ਸੀ; ਪਰ ਇੱਕ ਵਾਰ ਇਲਾਜ ਕਰਾਉਣ ਲਈ ਰਾਜੀ ਹੋ ਜਾਣ ’ਤੇ ਉਹਨਾਂ ਨੂੰ ਉੱਥੇ ਦੋ ਸਾਲ ਤੱਕ ਜ਼ਰੂਰ ਰਹਿਣਾ ਪੈਂਦਾ ਸੀ। ਹਸਪਤਾਲਾਂ ਦੀ ਰੁਟੀਨ ਇਕਦਮ ਬਦਲ ਗਈ ਸੀ।

ਪਹਿਲਾਂ ਇਨ੍ਹਾਂ ਹਸਪਤਾਲਾਂ ਵਿੱਚ ਰੁਟੀਨ ਪਿੰਡ ਦੇ ਸਿਹਤ-ਕੇਂਦਰਾਂ ਦੀ ਰੁਟੀਨ ਨਾਲ਼ ਮਿਲਦੀ ਜੁਲਦੀ ਸੀ — ਤੜਕੇ ਉਠਣਾ, ਸਮੇਂ ’ਤੇ ਖਾਣਾ, ਆਰਾਮ ਦੇ ਬੱਝਵੇਂ ਘੰਟੇ, ਦਿਨ ਵਿੱਚ ਮਾਮੂਲੀ ਕੰਮ, ਨਿਸ਼ਚਿਤ ਸਮੇਂ ’ਤੇ ਇਲਾਜ, ਮਨੋਰੰਜਨ ਅਤੇ ਪੜ੍ਹਾਈ ਲਿਖਾਈ, ਰਾਤ ਨੂੰ ਜਲਦੀ ਸੌਣਾ। ਜ਼ਿਆਦਾਤਰ ਇਸਤਰੀਆਂ ਅਤੇ ਲੜਕੀਆਂ ਦੀ ਇਹ ਰੁਟੀਨ ਸੀ। ਪਰ ਪੁਰਾਣੀਆਂ ਪੇਸ਼ੇਵਰ ਵੇਸ਼ਵਾਵਾਂ ’ਤੇ ਇਸ ਦਾ ਉਲਟਾ ਅਸਰ ਪੈਂਦਾ। ਸਾਲਾਂ ਤੋਂ ਉਹਨਾਂ ਦੀ ਆਦਤ ਹੋ ਗਈ ਸੀ ਆਪਣੀ ਰੁਟੀਨ ਰਾਤ ਸ਼ੁਰੂ ਹੋਣ ’ਤੇ ਆਰੰਭ ਕਰਨ ਦੀ। ਰਾਤ ਨੂੰ ਜਲਦੀ ਸੌਣਾ ਉਹਨਾਂ ਨੂੰ ਬੜਾ ਮੁਸ਼ਕਿਲ ਲੱਗਦਾ ਸੀ। ਉਹ ਬਿਸਤਰੇ ’ਤੇ ਪਈਆਂ ਪਈਆਂ ਪਾਸੇ ਬਦਲਦੀਆਂ। ਹੌਲ਼ੀ ਹੌਲੀ ਉਹਨਾਂ ਦੇ ਦਿਲ ਵਿੱਚ ਹਸਪਤਾਲ ਨਾਲ਼ ਨਫ਼ਰਤ ਪੈਦਾ ਹੋਣ ਲੱਗਦੀ। ਰਾਤ ਨੂੰ ਸੜਕਾ ’ਤੇ ਇੱਧਰ ਉਧਰ ਭਟਕਣ ਦੀ ਉਹਨਾਂ ਦੀ ਪੁਰਾਣੀ ਆਦਤ ਫਿਰ ਰੰਗ ਦਿਖਾਉਣ ਲੱਗੀ।

ਯਾਣੀ, ਰੁਟੀਨ ਨੂੰ ਬਦਲਣ ਲਈ ਘੜੀ ਦੀ ਸੂਈ ਉਲਟੀ ਘੁਮਾ ਦਿੱਤੀ ਗਈ। ਹੁਣ ਹਸਪਤਾਲ ਕਾਰਖਾਨੇ ਦੀ ਰੁਟੀਨ ਸ਼ਾਮ ਤੋਂ ਸ਼ੁਰੂ ਹੁੰਦੀ ਅਤੇ ਸਵੇਰੇ ਤੜਕੇ ਖਤਮ ਹੁੰਦੀ। ਸੌਂ ਕੇ ਉੱਠਣ ਦਾ ਸਮਾਂ ਦੁਪਹਿਰ ਦਾ ਹੋ ਗਿਆ ਸੀ। ਬਾਅਦ ਦੇ ਕੰਮ ਇਸੇ ਹਿਸਾਬ ਨਾਲ਼ ਹੁੰਦੇ। ਨਤੀਜਾ ਇਹ ਕਿ ਹਸਪਤਾਲ ਵਿੱਚ ਭਰਤੀ ਹੋਣ ’ਤੇ ਵੇਸ਼ਵਾ ਦੇਖਦੀ ਕਿ ਉਸ ਦੇ ਕੰਮ

ਦੇ ਘੰਟਿਆਂ ਵਿੱਚ ਕੋਈ ਬਦਲਾਅ ਨਹੀਂ ਹੋਇਆ ਹੈ। ਰਾਤ ਨੂੰ ਜਦੋਂ ਵੇਸ਼ਵਾਵਾਂ ਦੀ ਇੱਛਾ ਮਰਦਾਂ ਨੂੰ ਤਲਾਸ਼ ਕਰਨ ਦੀ ਹੁੰਦੀ, ਓਦੋਂ ਉਹਨਾਂ ਨੂੰ ਲਾਭਦਾਇਕ ਕੰਮਾਂ ਵਿੱਚ ਲਗਾਇਆ ਜਾਂਦਾ। ਇਸ ਨਾਲ਼ ਉਹਨਾਂ ਦੇ ਇਲਾਜ਼ ਵਿੱਚ ਬੜੀ ਸਹਾਇਤਾ ਮਿਲਦੀ।

ਮਨੋਵਿਗਿਆਨ ਦਾ ਉਪਰੋਕਤ ਸਿਧਾਂਤ ਬਿਲਕੁੱਲ ਸਪੱਸ਼ਟ ਹੈ। ਪੁਰਾਣੀਆਂ ਵੇਸ਼ਵਾਵਾਂ ਵਿੱਚ ਦੋ ਖਾਸ ਮਨੋਵ੍ਰਿਤੀਆਂ ਸਨ। ਇੱਕ ਸ਼ਕਤੀਸ਼ਾਲੀ ਮਾਨਸਿਕ ਪ੍ਰਤੀਕ੍ਰਿਆ ਦੇ ਫਲਸਰੂਪ ਤਾਂ ਉਹਨਾਂ ਵਿੱਚ ਰਾਤ ਨੂੰ ਜ਼ਿਆਦਾ ਕੰਮ ਕਰਨ ਦੀ ਆਦਤ ਹੁੰਦੀ ਹੈ। ਦੂਸਰੀ ਦੇ ਫਲਸਰੂਪ ਚੰਗੇ ਕੰਮ ਵੱਲ ਝੁਕਾਅ ਹੋਣ ਦੀ ਬਜਾਏ ਉਹਨੰ ਵਿੱਚ ਕੰਮ ਤੋਂ ਬਚਣ ਦੀ ਆਦਤ ਹੁੰਦੀ। ਇਨ੍ਹਾਂ ਦੋਵਾਂ ਆਦਤਾਂ ਨੂੰ ਇਕਦਮ ਛੁਡਾ ਦੇਣਾ ਅਸੰਭਵ ਸੀ; ਮਰੀਜਾਂ ਵਿੱਚ ਨਿਰਾਸ਼ਾ ਹੀ ਵੱਧਦੀ। ਇਸ ਲਈ ਵੱਖ-ਵੱਖ ਮਰੀਜਾਂ ਲਈ ਵੱਖ-ਵੱਖ ਪ੍ਰਬੰਧ ਕੀਤਾ ਗਿਆ। ਪਹਿਲਾ ਕੰਮ ਸੀ ਉਹਨਾਂ ਦੇ ਪੁਰਾਣੇ ਕੰਮਾਂ ਨੂੰ ਬਦਲਣਾ।

ਹਸਪਤਾਲਾਂ ਵਿੱਚ ਜਲਦੀ ਹੀ ਹੋਰ ਕਈ ਮੌਲਿਕ ਸੁਧਾਰ ਕੀਤੇ ਗਏ। ਉਦਯੋਗ ਦੇ ਕਮਿਸਾਰੀਏਤ ਨੇ ਕਾਰਖਾਨਿਆਂ ਦੀ ਮੁੜ ਉਸਾਰੀ ਦੀ ਯੋਜਨਾ ਬਣਾਈ। ਮਾਨਸਿਕ-ਇਲਾਜ ਸਬੰਧੀ ਪ੍ਰਯੋਗ ਲਈ ਕੀਵ ਨਗਰ ਦੇ ਹਸਪਤਾਲ ਨੂੰ ਇੱਕ ਛੋਟਾ, ਪਰ ਮਹੱਤਵਪੂਰਨ, ਕੰਮ ਸੌਂਪਿਆ ਗਿਆ. ਇਹ ਕੰਮ ਸੀ ਇਲੈਕਟਰੋ-ਮੈਡੀਕਲ ਮਸ਼ੀਨਾਂ ਨੂੰ ਬਣਾਉਣਾ. ਇਨ੍ਹਾਂ ਮਸ਼ੀਨਾਂ ਦੀ ਸੋਵੀਅਤ ਡਾਕਟਰਾਂ ਨੂੰ ਬਹੁਤ ਲੋੜ ਸੀ। ਇਸਤਰੀਆਂ ’ਤੇ ਇਸ ਤਰ੍ਹਾਂ ਦੇ ਕੰਮ ਦਾ ਬਹੁਤ ਚੰਗਾ ਅਸਰ ਪਿਆ। ਪਹਿਲਾਂ ਉਹਨਾਂ ਤੋਂ ਕੱਪੜੇ ਜਾਂ ਆਮ ਵਰਤੋਂ ਦੀਆਂ ਚੀਜ਼ਾਂ ਬਣਵਾਈਆਂ ਜਾਂਦੀਆਂ ਸਨ। ਅਜਿਹੇ ਕੰਮਾਂ ਵਿੱਚ ਉਹਨਾਂ ਦਾ ਮਨ ਨਾ ਲੱਗਦਾ ਸੀ। ਪਰ ਉਹਨਾਂ ਨੂੰ ਹੁਣ ਜੋ ਕੰਮ ਮਿਲਿਆ ਸੀ ਉਹ ਖਿੱਚਵਾ ਅਤੇ ਕੌਮ ਲਈ ਬੇਹੱਦ ਲਾਭਦਾਇਕ ਸੀ। ਇਸ ਲਈ ਇਸਤਰੀਆਂ ਨੇ ਬੜੀ ਲਗਨ ਨਾਲ਼ ਕੰਮ ਕਰਨਾ ਸ਼ੁਰੂ ਕੀਤਾ। ਇਹਨਾਂ ਇਸਤਰੀਆਂ ਦੇ ਵਿਅਕਤੀਤਵ ਵਿੱਚ ਹੈਰਾਨੀਜਨਕ ਸੁਧਾਰ ਹੋਇਆ ਜਿਨ੍ਹਾਂ ਬਾਰੇ ਸੋਚਿਆ ਜਾਂਦਾ ਸੀ ਕਿ ਉਹਨਾਂ ਦਾ ਦਿਮਾਗ ਠੀਕ ਨਹੀਂ ਹੈ, ਖਾਸ ਤੌਰ ’ਤੇ ਓਦੋਂ ਜਦੋਂ ਨਵੇਂ ਕੰਮ ਦਾ ਮਹੱਤਵ ਉਹਨਾਂ ਦੀ ਸਮਝ ਵਿੱਚ ਆ ਗਿਆ। ਉਹ ਸਾਫ਼-ਸਾਫ਼ ਜਾਣਨ ਲੱਗੀਆਂ ਕਿ ਜਿਹੜੇ ਸਮਾਨ ਨੂੰ ਉਹ ਆਪਣੇ ਹੱਥਾਂ ਨਾਲ਼ ਤਿਆਰ ਕਰ ਰਹੀਆਂ ਹਨ ਉਸ ਦੀ ਲੋੜ ਉਹਨਾਂ ਵਰਗੇ ਨਾਗਰਿਕਾਂ ਦੀ ਜ਼ਿੰਦਗੀ ਬਚਾਉਣ ਲਈ ਹੈ। ਹੁਣ ਉਹਨਾਂ ਦੀ ਸਮਝ ਵਿੱਚ ਆ ਗਿਆ ਕਿ ਉਹਨਾਂ ਦੇ ਮੱਥੇ ਜ਼ਬਰਦਸਤੀ ਕੰਮ ਨਹੀਂ ਥੋਪਿਆ ਜਾ ਰਿਹਾ ਸੀ। ਹੁਣ ਉਹ ਕੌਮ ਦੇ ਹਿੱਤ ਲਈ ਕੰਮ ਕਰ ਰਹੀਆਂ ਸਨ।

ਇਹ ਪ੍ਰਯੋਗ ਹੈਰਾਨੀਜਨਕ ਰੂਪ ਨਾਲ਼ ਸਫ਼ਲ ਹੋਇਆ। ਦੂਸਰੇ ਸ਼ਹਿਰਾਂ ਵਿੱਚ ਵੀ ਅਜਿਹਾ ਹੀ ਪ੍ਰਬੰਧ ਕੀਤਾ ਗਿਆ. ਕਮਜ਼ੋਰ ਸਿਹਤ ਵਾਲੀਆਂ ਇਸਤਰੀਆਂ ਲਈ ਮਾਸਕੋ ਦੇ ਨੇੜੇ ਇੱਕ ਖੇਤੀ ਕੇਂਦਰ ਖੋਲ੍ਹਿਆਂ ਗਿਆ। ਇਸ ਕੇਂਦਰ ਦਾ ਖਾਸ ਕੰਮ ਤਰ੍ਹਾਂ-ਤਰ੍ਹਾਂ ਦੀਆਂ ਫਸਲਾਂ ਉਗਾਉਣਾ ਅਤੇ ਜਾਨਵਰਾਂ ਦੀ ਨਸਲ ਸੁਧਾਰਨਾਂ ਸੀ। ਖੇਤੀਬਾੜੀ ਦੇ ਵਿਸਥਾਰ ਲਈ ਸੋਵੀਅਤ ਰੂਸ ਨੂੰ ਇਨ੍ਹਾਂ ਚੀਜ਼ਾਂ ਦੀ ਜ਼ਰੂਰਤ ਸੀ। ਇਸ ਕੇਂਦਰ ਵਿੱਚ ਵੀ ਇਸਤਰੀਆਂ ਦੀ ਸਮਾਜਿਕ ਜ਼ਿੰਮੇਵਾਰੀ ਅਤੇ ਫਰਜ ’ਤੇ ਜ਼ੋਰ ਦਿੱਤਾ ਗਿਆ।

ਇਹਨਾਂ ਪ੍ਰਯੋਗਾਂ ਦੌਰਾਨ ਇਸਤਰੀਆਂ ਕੁਸ਼ਲ-ਕਾਰੀਗਰ ਬਣ ਜਾਂਦੀਆਂ। ਇਸ ਤਰ੍ਹਾਂ ਕੌਮ ਦੇ ਆਰਥਿਕ ਜੀਵਨ ਵਿੱਚ ਉਹਨਾਂ ਲਈ ਵੀ ਮਹੱਤਵਪੂਰਨ ਥਾਂ ਬਣ ਜਾਂਦੀ ਸੀ। ਪਹਿਲਾਂ ਦੀ ਨਿਰਾਸ਼ਾਂ ਵਿੱਚ ਡੁੱਬੀਆਂ ਇਸਤਰੀਆਂ ਜਿਸ ਉਤਸ਼ਾਹ ਨਾਲ਼ ਇਹਨਾਂ ਕੰਮਾਂ 'ਤੇ ਟੁੱਟ ਪੈਂਦੀਆਂ, ਉਸ ਨੂੰ ਦੇਖ ਕੇ ਨਿਊਟਰਲ ਤੋਂ ਨਿਊਟਰਲ ਮਨੋਵਿਗਿਆਨਕ ਵੀ ਉਤਸ਼ਾਹ ਨਾਲ਼ ਝੂਮ ਪੈਂਦੇ। ਮਜ਼ਦੂਰਾਂ ਅਤੇ ਕਿਸਾਨਾਂ ਦੀਆਂ ਕਮੇਟੀਆਂ ਨਾਲ਼ ਉਹਨਾਂ ਨੇ ਇਸ ਹਾਲਤ ਬਾਰੇ ਚਰਚਾ ਕੀਤੀ। ਇਹਨਾਂ ਕਾਨਫ਼ਰੰਸਾਂ ਵਿੱਚ ਤੈਅ ਹੋਇਆ ਕਿ ਮੁੜਬਹਾਲੀ ਦਾ ਕੰਮ ਹੋਰ ਤੇਜ਼ੀ ਨਾਲ਼ ਵਧਾਇਆ ਜਾਵੇ।

ਇਸੇ ਉਦੇਸ਼ ਨਾਲ਼ ਇਲਾਜ ਸਬੰਧੀ ਅਧਿਕਾਰੀਆਂ ਨੇ ਆਪਣੇ ਯਤਨਾਂ ਨੂੰ ਦੋਗੁਣੀ ਤੇਜ਼ੀ ਨਾਲ਼ ਵਧਾ ਦਿੱਤਾ। ਉਹਨਾਂ ਦਾ ਉਦੇਸ਼ ਨਾ ਕੇਵਲ ਸੈਕਸ-ਰੋਗਾਂ ਨੂੰ ਦੂਰ ਕਰਨਾ ਸੀ, ਸਗੋਂ ਇਸਤਰੀਆਂ ਦੀ ਸਰੀਰਕ ਤੰਦਰੁਸਤੀ ਨੂੰ ਵੀ ਠੀਕ ਕਰਨਾ ਸੀ। ਹਰ ਹਸਪਤਾਲ ਦੇ ਨਾਲ਼ ਇੱਕ ਸਰਜਨ ਦੀ ਨਿਯੁਕਤ ਕਰ ਦਿੱਤਾ ਗਿਆ। ਸਿਫਲਿਸ ਨਾਲ਼ ਜਿਨ੍ਹਾਂ ਇਸਤਰੀਆਂ ਦੇ ਨੱਕ ਅਤੇ ਤਾਲੂਏ ਖਰਾਬ ਹੋ ਜਾਂਦੇ ਸਨ, ਸਰਜਨ ਉਹਨਾਂ ਦੀ ਚੀਰ-ਫਾੜ ਕਰਕੇ ਫਿਰ ਤੋਂ ਠੀਕ ਕਰ ਦਿੰਦੇ ਤਾਂ ਕਿ ਇਹ ਇਸਤਰੀਆਂ ਸਮਾਜ ਵਿੱਚ ਦੁਬਾਰਾ ਇਜ਼ਤਦਾਰ ਥਾਂ ਪ੍ਰਾਪਤ ਕਰ ਸਕਣ। ਖਾਸ ਡਾਕਟਰ ਉਹਨਾਂ ਇਸਤਰੀਆਂ ਦੀ ਸਹਾਇਤਾ ਲਈ ਰਹਿੰਦੇ ਜਿਨ੍ਹਾਂ ਨੂੰ ਸਾਧਾਰਨ ਵਿਵਹਾਰਿਕ ਜੀਵਨ ਬਿਤਾਉਣ ਅਤੇ ਔਲਾਦ ਨੂੰ ਜਨਮ ਦੇਣ ਯੋਗ ਫਿਰ ਤੋਂ ਬਣਾਇਆ ਜਾ ਸਕਦਾ ਸੀ। ਨਾਲ਼ ਹੀ, ਵੱਡੀ ਪੱਧਰ 'ਤੇ ਸੱਭਿਆਚਾਰਕ ਕੰਮ ਵੀ ਸ਼ੁਰੂ ਕੀਤਾ ਗਿਆ. ਇਨ੍ਹਾਂ ਸੰਸਥਾਵਾਂ ਵਿੱਚ ਦੇਸ਼ ਦੇ ਚੰਗੇ ਤੋਂ ਚੰਗੇ ਕਲਾਕਾਰ ਅਤੇ ਅਭਿਨੇਤਾ ਆ ਕੇ ਆਪਣੀ ਕਲਾ ਦਿਖਾਉਂਦੇ। ਮਰੀਜ਼ਾਂ ਲਈ, ਮਰੀਜ਼ਾਂ ਦੁਆਰਾ ਅਖ਼ਬਾਰ ਪ੍ਰਕਾਸ਼ਿਤ ਕੀਤੇ ਜਾਂਦੇ ਸਨ।

ਹਸਪਤਾਲ ਦੇਸ਼ ਦੇ ਸਾਧਾਰਨ ਜੀਵਨ ਤੋਂ ਅਲੱਗ ਨਹੀਂ ਸਨ। ਨਾ ਹੀ ਮਰੀਜ਼ਾਂ ਨੂੰ ਰਾਏ ਦਿੱਤੀ ਜਾਂਦੀ ਕਿ ਤੁਸੀਂ ਆਪਣੇ ਅਤੀਤ ਨੂੰ ਭੁੱਲ ਜਾਓ। ਉਲਟਾ ਲੰਮੇਂ ਸਮੇਂ ਤੋਂ ਚਲੀ ਆਉਣ ਵਾਲੀ ਅਤੇ ਬਹੁਤ ਹੀ ਟਿਕਾਊ ਸਮਾਜਿਕ ਕੁਰੀਤੀ ਵਿਰੁੱਧ ਘੋਲ ਵਿੱਚ ਹਰੇਕ ਇਸਤਰੀ ਦੀ ਨਿੱਜੀ ਜ਼ਿੰਮੇਵਾਰੀ ਦਾ ਮਹੱਤਵ ਉਹ ਨੂੰ ਚੰਗੀ ਤਰ੍ਹਾਂ ਸਮਝਾਇਆ ਜਾਂਦਾ; ਇਹ ਇੱਕ ਅਜਿਹਾ ਘੋਲ ਸੀ ਜਿਸ ਨੂੰ ਹਰ ਇੱਕ ਦੇਸ਼ ਵਿੱਚ ਹੁਣ ਤੱਕ ਅਸਫਲਤਾ ਹੀ ਮਿਲੀ ਸੀ। ਉਸ ਨੂੰ ਦੱਸਿਆ ਜਾਂਦਾ ਕਿ ਆਪਣੇ ਦੂਸ਼ਿਤ ਅਤੀਤ 'ਤੇ ਉਸ ਦੀ ਨਿੱਜੀ ਜਿੱਤ ਇੱਕ ਬਹੁਤ ਹੀ ਵੱਡੇ ਸਮਾਜਿਕ ਪ੍ਰਯੋਗ ਲਈ ਵੱਡੇ ਮਹੱਤਵ ਦੀ ਚੀਜ਼ ਹੋਵੇਗੀ। ਉਸ ਨੂੰ ਦੱਸਿਆ ਜਾਂਦਾ ਸੀ ਕਿ ਮਨੁੱਖ ਜਾਤੀ ਨੂੰ ਸੁਧਾਰਨ ਦੇ ਘੋਲ ਵਿੱਚ ਉਸ ਦੀ ਥਾਂ ਸਭ ਤੋਂ ਅੱਗੇ ਦੀਆਂ ਸਫ਼ਾਂ ਵਿੱਚ ਹੈ।

ਹਸਪਤਾਲਾਂ ਵਿੱਚ ਤਾਂ ਸਫ਼ਲਤਾ ਦੇ ਚਿੰਨ੍ਹ ਸਾਫ਼ ਨਜ਼ਰ ਆਉਣ ਲੱਗੇ ਸਨ। ਪਰ, ਕਈ ਸੋਵੀਅਤ ਮਾਹਿਰ ਅਜਿਹੇ ਵੀ ਸਨ, ਜਿਨ੍ਹਾਂ ਨੂੰ ਸ਼ੱਕ ਸੀ ਕਿ ਇਹ "ਪੁਰਾਣੀਆਂ ਬਦਮਾਸ਼" ਬਿਨਾਂ ਵਿਭਚਾਰ ਦੀ ਖੱਡ ਵਿੱਚ ਦੁਬਾਰਾ ਖਿਸਕੇ ਸਮਾਜ ਵਿੱਚ ਫਿਰ ਤੋਂ ਦਾਖਲ ਹੋਣ ਦੇ ਲਾਇਕ ਹੋ ਜਾਣਗੀਆਂ।

ਖ਼ੁਦ ਇਸਤਰੀਆਂ ਵੀ ਇਸ ਖਤਰੇ ਨੂੰ ਘੱਟ ਕਰਕੇ ਨਹੀਂ ਅੰਗ ਰਹੀਆਂ ਸਨ। ਅੰਤ ਵਿੱਚ ਸਮਾਜਿਕ ਮੁੜ ਵਸੇਬੇ ਦੀ ਇੱਕ ਯੋਜਨਾ ਤਿਆਰ ਕੀਤੀ ਗਈ। ਇਹ ਯੋਜਨਾ, ਸੰਖੇਪ ਵਿੱਚ ਇਸ ਤਰ੍ਹਾਂ ਸੀ :

1. ਮਰੀਜ਼ ਨੂੰ ਓਦੋਂ ਛੁੱਟੀ ਦਿੱਤੀ ਜਾਂਦੀ ਜਦੋਂ ਸਮਾਜ ਦੇ ਇੱਕ ਹਿੱਸੇ ਵਿੱਚ ਉਸ ਦੇ ਰਹਿਣ ਦਾ ਪੂਰਾ-ਪੂਰਾ ਬੰਦੋਬਸਤ ਕਰ ਲਿਆ ਜਾਂਦਾ। ਇੱਥੇ ਉਸ ਦਾ ਅਤੀਤ ਇੱਕ ਗੁਪਤ ਨਿਧੀ ਰਹਿੰਦਾ। ਜੇਕਰ ਇਸ ਅਤੀਤ ਬਾਰੇ ਕਿਸੇ ਨੂੰ ਪਤਾ ਹੁੰਦਾ ਸੀ ਤਾਂ ਸਿਰਫ਼ ਉਹਨਾਂ ਗਿਣੇ-ਚੁਣੇ ਲੋਕਾਂ ਨੂੰ ਜਿਨ੍ਹਾਂ ਨਾਲ਼ ਹਸਪਤਾਲ ਵਿੱਚ ਰਹਿੰਦੇ ਹੋਏ ਅਖੀਰਲੇ ਕੁੱਝ ਮਹੀਨਿਆਂ ਵਿੱਚ ਮਰੀਜ ਨੇ ਪੱਤਰ-ਵਿਹਾਰ ਕੀਤਾ ਸੀ। ਸਮਾਜਿਕ ਕੰਮ ਦੇ ਇਹ ਵਲੰਟੀਅਰ ਪਹਿਲਾਂ ਤੋਂ ਹੀ ਇੱਕ ਅਜਿਹੀ ਨੌਕਰੀ ਦੀ ਜਗ੍ਹਾ ਤਜ਼ਵੀਜ ਕਰ ਰਹਿੰਦੇ ਸਨ ਜਿਸ ਲਈ ਇਸਤਰੀ-ਰੋਗੀ ਨੂੰ ਖਾਸ ਸਿੱਖਿਆ ਮਿਲ ਚੁੱਕੀ ਹੁੰਦੀ। ਇਹ ਲੋਕ ਉਸ ਦੇ ਰਹਿਣ ਲਈ ਇੱਕ ਇਜਤਦਾਰ ਪਰਿਵਾਰ ਵਿੱਚ ਪ੍ਰਬੰਧ ਕਰ ਦਿੰਦੇ। ਇਸ ਇਸਤਰੀ ਦੇ ਕਿਸੇ ਨਵੇਂ ਪਰਿਵਾਰ ਵਿੱਚ ਆਉਣ ਦੀ ਹਰ ਬਰੀਕੀ ’ਤੇ ਬੜਾ ਧਿਆਨ ਦਿੱਤਾ ਜਾਂਦਾ ਤਾਂ ਕਿ ਉਸ ਦੇ ਪਿਛਲੇ ਜੀਵਨ ਬਾਰੇ ਕਿਸੇ ਨੂੰ ਸ਼ੱਕ ਨਾ ਹੋ ਸਕੇ।

2. ਗਿਣੇ-ਚੁਣੇ ਦੇਖ ਭਾਲ ਕਰਨ ਵਾਲਿਆਂ ਦਾ ਦਲ ਹਰ ਇਸਤਰੀ ਨੂੰ ਲੰਮੇਂ ਸਮੇਂ ਦੀ ਸਹਾਇਤਾ ਦੀ ਗਾਰੰਟੀ ਕਰਦਾ। ਸਾਡੇ ਦੇਸ਼ਾਂ ਵਿੱਚ ਵੀ ਜਾਂਚ ਪੜਤਾਲ ਦਾ ਸਮਾਂ ਦੇਣ ਦਾ ਪ੍ਰਬੰਧ ਹੈ। ਪਰ ਉਸ ਤੋਂ ਇਹ ਦੇਖਭਾਲ ਬੁਨਿਆਦੀ ਤੌਰ ’ਤੇ ਭਿੰਨ ਸੀ। ਇਸ ਦੇਖਭਾਲ ਦਾ ਅਧਾਰ ਸੀ ਬਰਾਬਰ ਦੇ ਲੋਕਾਂ ਨਾਲ਼ ਵਿਅਕਤੀਗਤ ਦੋਸਤੀ। ਜ਼ਿਆਦਾ ਮਹੱਤਵ ਇਸ ਗੱਲ ਨੂੰ ਦਿੱਤਾ ਜਾਂਦਾ ਸੀ ਕਿ ਪੁਰਾਣੀ ਮਰੀਜ਼ ਆਪਣੇ ਨਵੇਂ ਕੰਮ ਧੰਦੇ ਵਿੱਚ ਸਫਲਤਾ ਪ੍ਰਾਪਤ ਕਰੇ। ਘੱਟ ਤੋਂ ਘੱਟ ਇੱਕ ਦੇਖਭਾਲ ਕਰਨ ਵਾਲਾ ਇਸ ਇਸਤਰੀ ਦੇ ਨਾਲ਼ ਨਾਲ਼ ਕੰਮ ਕਰਦਾ ਸੀ।

3. ਹਰ ਜ਼ਿਲ੍ਹੇ ਦੇ ਦੇਖਭਾਲ ਕਰਨ ਵਾਲਿਆਂ ਦੇ ਵੱਖ-ਵੱਖ ਦਲ ਮਿਲ ਕੇ ਸਹਾਇਤਾ ਕਮੇਟੀਆਂ ਬਣਾਉਂਦੇ ਸਨ, ਡਾਕਟਰਾਂ, ਮਨੋਵਿਗਿਆਨੀਆਂ ਅਤੇ ਫੈਕਟਰੀ ਮੈਨੇਜਰਾਂ ਨਾਲ਼ ਸਲਾਹ-ਮਸ਼ਵਰੇ ਲਈ ਇਹਨਾਂ ਕਮੇਟੀਆਂ ਦੀਆਂ ਮਹੀਨੇ ਵਿੱਚ ਤਿੰਨ ਵਾਰ ਬੈਠਕਾਂ ਹੁੰਦੀਆਂ ਸਨ। ਕਿਸੇ ਵੀ ਮਰੀਜ਼ ਦੇ ਮਾਮਲੇ ਵਿੱਚ ਥੋੜ੍ਹੀ ਵੀ ਗੜਬੜ ਨਜ਼ਰ ਆਈ ਨਹੀਂ ਕਿ ਕੁਸ਼ਲ ਅਤੇ ਅਨੁਭਵੀ ਸਹਾਇਕਾਂ ਤੋਂ ਫੌਰਨ ਮਦਦ ਲਈ ਜਾ ਸਕਦੀ ਸੀ। ਜਿਵੇਂ ਜਿਵੇਂ ਸਮਾਂ ਬੀਤਿਆਂ, ਪੂਰੀ ਤਰ੍ਹਾਂ ਸੁਧਰੀਆਂ ਮਰੀਜ਼ ਇਸਤਰੀਆਂ ਇਨ੍ਹਾਂ ਕਮੇਟੀਆਂ ਦੇ ਕੰਮ ਨੂੰ ਹੋਰ ਵੀ ਚੰਗਾ ਬਣਾਉਣ ਲਈ ਉਹਨਾਂ ਵਿੱਚ ਸ਼ਾਮਿਲ ਹੋਣ ਲੱਗੀਆਂ।

4. ਵਿਆਹ, ਧੰਦੇ, ਤਨਖਾਹ, ਕਿਰਾਏ ਵਗੈਰਾ ਦੀ ਕਿਸੇ ਤਰ੍ਹਾਂ ਔਕੜ ਵਿੱਚ ਉਲੱਝ ਜਾਣ ’ਤੇ ਉਹਨਾਂ ਦੀ ਜ਼ਿਆਦਾ ਹਿਫ਼ਾਜਤ ਲਈ ਕਮੇਟੀਆਂ ਨੇ ਖਾਸ ਕਾਨੂੰਨੀ ਮਦਦ ਦਾ ਵੀ ਪ੍ਰਬੰਧ ਕਰ ਦਿੱਤਾ ਸੀ।

5. ਪੁਰਾਣੀਆਂ ਮਰੀਜਾਂ ਨੂੰ ਇਸ ਗੱਲ ਲਈ ਪ੍ਰੋਤਸ਼ਾਹਿਤ ਕੀਤਾ ਜਾਂਦਾ ਕਿ ਜਿਨ੍ਹਾਂ ਇਸਤਰੀਆਂ ਦਾ ਹੁਣ ਵੀ ਹਸਪਤਾਲਾਂ ਵਿੱਚ ਇਲਾਜ ਹੋ ਰਿਹਾ ਹੈ ਉਹਨਾਂ ਨਾਲ਼

ਨਿੱਜੀ ਪੱਤਰ ਵਿਹਾਰ ਕਰਨ। ਇਸ ਦਾ ਉਦੇਸ਼ ਇਹ ਸੀ ਕਿ ਸਮਾਜ ਵਿੱਚ ਫਿਰ ਤੋਂ ਦਾਖਲ ਹੋਣ ਦੀ ਹਸਪਤਾਲ ਦੇ ਮਰੀਜਾਂ ਦੀ ਇੱਛਾ ਵਧੇ ਅਤੇ ਉਹ ਜਲਦੀ ਹੀ ਸਮਾਜ ਵਿੱਚ ਫਿਰ ਤੋਂ ਵਾਪਸ ਆ ਸਕਣ।

ਹੁਣ ਅਸੀਂ ਸੋਵੀਅਤ ਸੰਘ ਵਿੱਚ ਵੇਸ਼ਵਾਗਮਨੀ ਵਿਰੁੱਧ ਪੰਦਰਾਂ ਸਾਲਾਂ ਦੇ ਵਿਗਿਆਨਕ ਸੰਘਰਸ਼ ਦੇ ਦਾਅ-ਪੇਚਾਂ ਨੂੰ ਦੇਖ ਚੁੱਕੇ ਹਾਂ।

ਉਹ ਸੰਘਰਸ਼ ਕਦੋਂ ਦਾ ਬੰਦ ਹੋ ਚੁੱਕਾ ਹੈ। ਹੁਣ ਤਾਂ ਉਹ ਸਿਰਫ਼ ਇੱਕ ਯਾਦ ਹੀ ਬਣ ਰਹਿ ਗਿਆ ਹੈ। ਇਹ ਲੜਾਈ ਵੀ ਉਹਨਾਂ ਲੜਾਈਆਂ ਵਾਂਗ ਖਤਮ ਹੋਈ ਜਿਨ੍ਹਾਂ ਦੀ ਯਾਦ ਸਦਾ ਲਈ ਸਾਡੇ ਦਿਲਾਂ ਵਿੱਚ ਵਸ ਗਈ ਹੈ, ਭਾਵ ਸਤਾਲਿਨਗ੍ਰਾਦ ਦੀ ਲੜਾਈ, ਕੀਵ ਦੀ ਲੜਾਈ, ਸੇਵਾਸਤੋਪੋਲ ਦੀ ਲੜਾਈ ਵਾਂਗ.... ਜੋ ਦੁਸ਼ਮਣ ਨੂੰ ਪੂਰੀ ਤਰ੍ਹਾਂ ਹਰਾ ਕੇ ਖਤਮ ਹੋਈ। ਸੋਵੀਅਤ ਸਮਾਜਵਾਦੀ ਲੋਕਤੰਤਰ ਸੰਘ ਦੇ ਨਗਰਾਂ ਅਤੇ ਪਿੰਡਾਂ ਤੋਂ, ਜਿਵੇਂ ਕਿ ਸਾਰੇ ਵਿਦੇਸ਼ੀ ਪ੍ਰੇਖਕਾਂ ਨੇ ਪ੍ਰਵਾਨਿਆਂ ਹੈ, ਵੇਸ਼ਵਾਗਮਨੀ ਨੂੰ ਪੂਰੀ ਤਰ੍ਹਾਂ ਕੱਢ ਕੇ ਬਾਹਰ ਕਰ ਦਿੱਤਾ ਗਿਆ।

1917 ਦੇ ਜ਼ਾਰਸ਼ਾਹੀ ਪੁਲਿਸ ਦੇ ਅਧੂਰੇ ਅੰਕੜਿਆਂ ਨੂੰ ਹੀ ਦੇਖਣ ਤੋਂ ਪਤਾ ਲੱਗਦਾ ਹੈ ਕਿ ਤਤਕਾਲੀਨ ਸੇਂਟ ਪੀਟਰਜਬਰਗ ਵਿੱਚ ਘੱਟ ਤੋਂ ਘੱਟ 60,000 ਵੇਸ਼ਵਾਵਾਂ ਸਨ। ਇਹਨਾਂ ਤੋਂ ਬਿਨਾਂ, ਕਿੰਨੀਆਂ ਹੀ ਹਜ਼ਾਰ ਇਸਤਰੀਆਂ ਹੋਰ ਅਜਿਹੀਆਂ ਸਨ ਜਿਨ੍ਹਾਂ ਦੇ ਨਾਮ ਸਰਕਾਰੀ ਕਾਗਜਾਂ ਵਿੱਚ ਦਰਜ ਨਹੀਂ, ਪਰ ਜਿਹੜੀਆਂ ਇਸੇ ਤਰ੍ਹਾਂ ਧੰਦਿਆਂ ਵਿੱਚ ਲੱਗੀਆਂ ਸਨ।

ਲਹਿਰ ਦੇ ਪਹਿਲੇ ਦੌਰ ਦੇ ਪੰਜ ਸਾਲ ਦੇ ਬਾਅਦ ਹੀ, 1928 ਵਿੱਚ, ਗੈਰ-ਪੇਸ਼ੇਵਰ ਵੇਸ਼ਵਾਗਮਨੀ ਪੂਰੀ ਤਰ੍ਹਾਂ ਖਤਮ ਹੋ ਗਈ। 25,000 ਤੋਂ ਉਪਰ ਪੇਸ਼ੇਵਰ ਵਿਭਚਾਰੀ ਇਸਤਰੀਆਂ ਹਸਪਤਾਲਾਂ ਤੋਂ ਨਿਕਲ ਕੇ ਇੱਜਤ ਪ੍ਰਾਪਤ ਨਾਗਰਿਕ ਬਣ ਗਈਆਂ ਸਨ। ਲਗਭਗ 3 ਹਜ਼ਾਰ ਪੇਸ਼ੇਵਰ ਵੇਸ਼ਵਾਵਾਂ ਹੁਣ ਵੀ ਮੌਜੂਦ ਸਨ।

**ਬ੍ਰਿਟਿਸ਼ ਜਰਨਲ ਆਫ਼ ਵੇਨੇਰਲ ਡਿਜ਼ੀਜ਼ੇਜ਼** ਦੀ ਮਾਰਚ 1945 ਦੀ ਡਾ. ਜੇ. ਏ. ਸਕਾਟ ਦੀ ਰਿਪੋਰਟ ਅਨੁਸਾਰ 1930 ਤੱਕ ਮਾਸਕੋ ਵਿੱਚ ਵੇਸ਼ਵਾਵਾਂ ਦੀ ਸੰਖਿਆ ਘੱਟ ਕੇ ਲਗਭਗ 800 ਰਹਿ ਗਈ। ਇਹੀ ਹਾਲਤ ਦੂਸਰੇ ਸੋਵੀਅਤ ਨਗਰਾਂ ਦੀ ਵੀ ਸੀ। ਇਹ ਹੀ ਸਨ ਉਹ ਇਸਤਰੀਆਂ ਜਿਨ੍ਹਾਂ ਦੇ ਸੁਧਾਰ ਦੇ ਆਖਰੀ ਹਿੱਤ ਵਿੱਚ ਕੌਮ ਵਿਆਪੀ ਪੈਮਾਨੇ 'ਤੇ ਸੰਘਰਸ਼ ਦੀ ਜਥੇਬੰਦੀ ਸ਼ੁਰੂ ਕੀਤੀ ਗਈ ਸੀ।

ਨਤੀਜਾ ਕੀ ਰਿਹਾ ?

80 ਪ੍ਰਤੀਸ਼ਤ ਤੋਂ ਕੁੱਝ ਘੱਟ ਇਸਤਰੀਆਂ ਹਸਪਤਾਲ ਤੋਂ ਨਿਕਲ ਕੇ ਸਨਅਤ ਅਤੇ ਖੇਤਾਂ ਵਿੱਚ ਕੰਮ ਕਰਨ ਲਈ ਪਹੁੰਚ ਗਈਆਂ।

40 ਪ੍ਰਤੀਸ਼ਤ ਤੋਂ ਵੱਧ "ਸ਼ਾਕ ਬ੍ਰਿਗ੍ਰੇਡਾਂ ਵਿੱਚ ਕੰਮ ਕਰਨ ਵਾਲ਼ੀਆਂ" ਬਣ ਗਈਆਂ ਜਾਂ ਕੌਮ ਲਈ ਇੱਜਤ ਵਾਲਾਂ ਕੰਮ ਕਰਕੇ ਉਹਨਾਂ ਨੇ ਨਾ ਕਮਾਇਆ। ਜ਼ਿਆਦਾਤਰ ਨੇ ਵਿਆਹ ਕਰ ਲਿਆ ਅਤੇ ਮਾਵਾਂ ਬਣ ਗਈਆਂ।

ਸਿਰਫ਼ 19 ਪ੍ਰਤੀਸ਼ਤ ਤੋਂ ਘੱਟ ਅਜਿਹੀਆਂ ਨਿਕਲੀਆਂ ਜਿਹੜੀਆਂ ਆਪਣੇ ਆਪ ਨੂੰ ਸਾਧਾਰਨ ਜੀਵਨ ਦੇ ਅਨੁਕੂਲ ਨਹੀਂ ਬਣਾ ਸਕੀਆਂ। ਟ੍ਰੇਨਿੰਗ ਲਈ ਉਹਨਾਂ ਨੂੰ ਫਿਰ ਹਸਪਤਾਲ ਪਰਤਣਾ ਪਿਆ। ਬਾਕੀ ਅਜਿਹੀਆਂ ਸਨ ਜਿਨ੍ਹਾਂ ਨੂੰ ਬਿਮਾਰੀ ਅਤੇ ਬੀਤੇ ਜੀਵਨ ਦੀਆਂ ਔਕੜਾਂ ਨੇ ਇਸ ਲਾਇਕ ਰੱਖਿਆ ਹੀ ਨਹੀਂ ਕਿ ਨਵੇਂ ਸਮਾਜ ਵਿੱਚ ਉਹ ਸਥਾਨ ਬਣਾ ਸਕਣ।

ਇਸ ਤਰ੍ਹਾਂ ਵਿਭਚਾਰ ਵਿਰੁੱਧ ਸੰਘਰਸ਼ — ਜੋ ਹੁਣ "ਗੁਲਾਮਾਂ ਅਤੇ ਪੀੜਿਤਾਂ" ਦਾ ਘੋਲ ਬਣ ਗਿਆ ਸੀ — ਸੋਵੀਅਤ ਜੀਵਨ ਤੋਂ ਯੁੱਗਾਂ ਪੁਰਾਣੇ ਵਿਭਚਾਰ ਦੇ ਵਪਾਰ ਨੂੰ ਸਦਾ ਲਈ ਮਿਟਾ ਦੇਣ ਵਿੱਚ ਸਫ਼ਲ ਰਿਹਾ। ਇਸ ਸੰਘਰਸ਼ ਨੇ ਸੈਕਸ-ਰੋਗਾਂ ਦਾ ਵੀ ਖਾਤਮਾ ਕਰ ਦਿੱਤਾ। ਰੂਸੀਆਂ ਦੀ ਨਵੀਂ ਪੀੜ੍ਹੀ ਨੇ ਵੇਸ਼ਵਾ ਨੂੰ ਦੇਖਿਆ ਤੱਕ ਨਹੀਂ ਹੈ।

ਪਰ ਸੋਵੀਅਤ ਭੂਮੀ 'ਤੇ ਜਿੱਥੇ-ਜਿੱਥੇ ਨਾਜ਼ੀਆਂ ਨੇ ਕਬਜਾਂ ਕੀਤਾ, ਉੱਥੇ ਉੱਥੇ ਹਾਲਤ ਨੇ ਫਿਰ ਪਲਟਾ ਖਾਧਾ। ਇਸ ਵਾਰ ਹਾਲਤ ਹੋਰ ਵੀ ਬੁਰੀ ਹੋਈ। 1944 ਵਿੱਚ ਦੁਸ਼ਮਣ ਨੂੰ ਉਖਾੜ ਭਜਾਉਣ ਬਾਅਦ ਦੇਖਿਆ ਗਿਆ ਕਿ ਇਸ ਤਰ੍ਹਾਂ ਦਾ ਛੂਤ ਦਾ ਰੋਗ ਨਾਜ਼ੀਆਂ ਦੇ ਕਬਜ਼ੇ ਵਾਲੇ ਖੇਤਰਾਂ ਵਿੱਚ ਫੈਲਿਆਂ ਹੋਇਆ ਹੈ। ਦਸ ਹਜ਼ਾਰ ਸੋਵੀਅਤ ਕੁੜੀਆਂ ਅਤੇ ਇਸਤਰੀਆਂ ਦੀ ਇੱਜਤ ਨਾਜ਼ੀ ਫੌਜੀਆਂ ਨੇ ਮਿੱਟੀ ਵਿੱਚ ਮਿਲਾ ਦਿੱਤੀ ਸੀ। ਇਹਨਾਂ ਵਿੱਚੋਂ ਜ਼ਿਆਦਾਤਰ ਕੁੜੀਆਂ ਅਤੇ ਇਸਤਰੀਆਂ ਨੂੰ ਸਿਫਲਿਸ ਜਾਂ ਗਨੌਰੀਆ ਦਾ ਵਰਦਾਨ ਮਿਲਿਆ। ਅਜੇ ਵੀ ਪੂਰੇ ਅੰਕੜੇ ਇਕੱਠੇ ਨਹੀਂ ਹੋ ਸਕੇ ਹਨ। ਇਲਾਜ ਦਾ ਜੋ ਪ੍ਰਬੰਧ ਕੀਤਾ ਗਿਆ ਉਹ ਅਜੇ ਵੀ ਫੌਰੀ ਜ਼ਰੂਰਤ ਦੇ ਅਧਾਰ 'ਤੇ ਹੈ। ਪਰ ਯੁਕ੍ਰੇਨੀ ਸੋਵੀਅਤ ਸਮਾਜਵਾਦੀ ਲੋਕਤੰਤਰ ਨੂੰ ਦੇਖ ਕੇ ਅਸੀਂ ਸਮੱਸਿਆ ਦੀ ਸੱਚੀ ਤਸਵੀਰ ਦਾ ਅੰਦਾਜ਼ਾ ਲਗਾ ਸਕਦੇ ਹਾਂ। ਮੁਮਕਿਨ ਹੈ : ਯੁਕ੍ਰੇਨ ਨੂੰ ਸਭ ਤੋਂ ਜ਼ਿਆਦਾ ਨੁਕਸਾਨ ਝੱਲਣਾ ਪਿਆ ਸੀ। ਲੋਕ-ਸਿਹਤ ਨੂੰ ਉੱਥੇ ਕਿਵੇਂ ਦਾ ਧੱਕਾ ਲੱਗਿਆ ਅਤੇ ਰੋਗੀਆਂ ਦੀ ਹਾਲਤ ਨੂੰ ਸੁਧਾਰਨ ਲਈ ਉੱਥੇ ਹੁਣ ਕੀ ਕੁੱਝ ਕੀਤਾ ਜਾ ਰਿਹਾ ਸੀ ਇਸ ਦੀ ਸੂਚਨਾ ਸਿੱਧੇ ਯੁਕ੍ਰੇਨ ਨੇ ਲੋਕ-ਸਿਹਤ ਕਮਿਸਾਰ ਇਲਾਰੀਯੋਨ ਕੋਨੋਨੇਂਕੋ ਨੇ ਹੀ ਦਿੱਤੀ।

ਨਾਜ਼ੀ ਹਮਲੇ ਤੋਂ ਪਹਿਲਾਂ ਯੁਕਰੇਨ ਨੂੰ ਆਪੇ ਗੱਠਵੇਂ ਲੋਕ-ਸਿਹਤ ਪ੍ਰਬੰਧ 'ਤੇ ਮਾਣ ਸੀ। ਇਸ ਲੋਕਤੰਤਰ ਵਿੱਚ 9 ਮੈਡੀਕਲ ਅਤੇ ਦੋ ਫਾਰਮੇਸੀ ਕਾਲਜ ਸਨ। ਇਹਨਾਂ ਕਾਲਜਾਂ ਵਿੱਚ ਹਰ ਸਾਲ 3,500 ਵਿਦਿਆਰਥੀ ਸਿੱਖਿਆ ਪ੍ਰਾਪਤ ਕਰਦੇ ਸਨ। ਇਨ੍ਹਾਂ ਤੋਂ ਇਲਾਵਾ 199 'ਮੈਡੀਕਲ ਸਕੂਲ' ਸਨ ਜਿਨ੍ਹਾਂ ਵਿੱਚ ਹਰ ਸਾਲ 20,000 ਇਲਾਜ-ਮਾਹਿਰ ਸਿੱਖਿਅਤ ਹੁੰਦੇ ਸਨ। ਇਹ ਮਾਹਿਰ ਸਾਡੇ ਦੇਸ਼ ਦੇ ਟਰੇਂਡ ਮੈਡੀਕਲ ਟੈਕਨੀਸ਼ਿਅਨਾਂ ਨਾਲ਼ ਮਿਲਦੇ ਜੁਲਦੇ ਹਨ। ਸੋਵੀਅਤ ਰੂਸ ਵਿੱਚ ਇਹਨਾਂ ਮਾਹਿਰਾਂ ਨੂੰ ਲੋਕਾਂ ਦੀ ਸੇਵਾ ਵਿੱਚ ਸਰਗਰਮ ਭਾਗ ਲੈਣਾ ਪੈਂਦਾ। ਉਹਨਾਂ ਨੂੰ ਲਗਭਗ ਉਹ ਹੀ ਹੱਕ ਪ੍ਰਾਪਤ ਹੁੰਦੇ ਜੋ ਸਾਡੇ ਇੱਥੋਂ ਦੇ ਡਾਕਟਰਾਂ ਅਤੇ ਰਜ਼ਿਸਟਰਡ ਨਰਸਾਂ ਨੂੰ ਪ੍ਰਾਪਤ ਹੁੰਦੇ ਹਨ।

1941 ਵਿੱਚ, ਯੁਕਰੇਨ ਵਿੱਚ 1,932 ਹਸਪਤਾਲ ਸਨ ਜਿਨ੍ਹਾਂ ਵਿੱਚ 1,29,000 ਮਰੀਜਾਂ ਦੇ ਰਹਿਣ ਦਾ ਪ੍ਰਬੰਧ ਸੀ। 2,445 ਪੇਂਡੂ ਇਲਾਜ ਕੇਂਦਰ ਸਨ। ਦਵਾਖਾਨੇ ਅਤੇ

ਹਸਪਤਾਲਾਂ ਦੀ ਗਿਣਤੀ 6,000 ਅਤੇ ਛੋਟੇ ਦਵਾਈ ਅਤੇ ਹਸਪਤਾਲਾਂ ਦੀ ਗਿਣਤੀ 10,000 ਸੀ। ਮਜ਼ਦੂਰ ਜਥੇਬੰਦੀਆਂ ਅਤੇ ਸਮੂਹਿਕ ਫਾਰਮਾਂ ਦੇ ਆਪਣੇ 400 ਸਿਹਤ ਕੇਂਦਰ ਅਤੇ 173 ਆਰਾਮਘਰ ਸਨ ਜਿਨ੍ਹਾਂ ਵਿੱਚ ਹਰ ਸਾਲ ਦਸ ਲੱਖ ਤੋਂ ਜ਼ਿਆਦਾ ਨੌਜਵਾਨ ਅਤੇ ਬੱਚੇ ਸਿਹਤ ਲਾਭ ਹਾਸਲ ਕਰਦੇ ਸਨ।

ਸੈਕਸ ਰੋਗਾਂ ਨੂੰ ਕੁਚਲਣ ਵਿੱਚ ਇਸ ਵਿਰਾਟ ਸਿਹਤ ਜਥੇਬੰਦੀ ਨੂੰ ਜ਼ਿਕਰਯੋਗ ਸਫਲਤਾ ਮਿਲੀ ਸੀ। 1941 ਤੱਕ 90 ਫੀਸਦੀ ਸਿਫਲਿਸ ਨੂੰ ਮਿਟਾ ਦਿੱਤਾ ਗਿਆ ਸੀ। ਬਾਕੀ ਸਿਫਲਿਸ ਅਜਿਹੇ ਮਰੀਜਾਂ ਨੂੰ ਸੀ ਜਿਨ੍ਹਾਂ ਦਾ ਰੋਗ ਬਹੁਤ ਪੁਰਾਣਾ ਹੋ ਚੁੱਕਿਆ ਸੀ। ਕੈਂਕ੍ਰਾਯਡ (ਇੱਕ ਰੋਗ) ਬਿਲਕੁੱਲ ਮਿਟਾ ਦਿੱਤਾ ਗਿਆ ਸੀ। ਗਨੌਰੀਆ ਖਤਮ ਕੀਤਾ ਜਾ ਰਿਹਾ ਸੀ। ਨਾਲ਼ ਹੀ ਸੋਕੜੇ ਦੇ ਰੋਗੀਆਂ ਦੀ ਗਿਣਤੀ ਤੇਜ਼ੀ ਨਾਲ਼ ਘਟ ਰਹੀ ਸੀ।

ਇਸ ਸਫਲਤਾ ਵਿੱਚ ਇਸਤਰੀਆਂ ਦੇ ਹਸਪਤਾਲਾਂ ਨੇ ਬਹੁਤ ਮਹੱਤਵਪੂਰਨ ਸਹਾਇਤਾ ਦਿੱਤੀ ਸੀ। ਇਹਨਾਂ ਵਿੱਚ 31,000 ਮਰੀਜਾਂ ਦੇ ਰਹਿਣ ਦਾ ਪ੍ਰਬੰਧ ਸੀ। ਜੱਚਾਵਾਂ ਦੇ 1,647 ਖਾਸ ਸਿਹਤ ਕੇਂਦਰ ਵੀ ਸਨ।

ਨਾਜ਼ੀ ਕਬਜ਼ੇ ਨੇ ਲੋਕ ਸਿਹਤ ਦੇ ਇਸ ਸੁੰਦਰ ਤਾਣੇ-ਬਾਣੇ ਨੂੰ ਲੀਰੋ ਲੀਰ ਕਰ ਦਿੱਤਾ। ਹਸਪਤਾਲਾਂ, ਕਾਲਜਾਂ ਅਤੇ ਦਵਾਈਆਂ ਦੀਆਂ ਸੰਸਥਾਵਾਂ ਨੂੰ ਜਾਣਬੁੱਝ ਕੇ ਮਿੱਟੀ ਵਿੱਚ ਮਿਲਾਇਆ ਗਿਆ ਸੀ। ਜੋ ਬਾਕੀ ਬਚੇ ਸਨ ਉਹਨਾਂ ਵਿੱਚ ਆਮ ਲੋਕਾਂ ਨੂੰ ਵੜਨ ਦੀ ਇਜ਼ਾਜਤ ਨਹੀਂ ਸੀ। ਆਮ ਤੌਰ 'ਤੇ ਜਰਮਨ ਫੌਜ ਇਹਨਾਂ ਹਸਪਤਾਲਾਂ ਨੂੰ ਆਪਣੀ ਅੱਯਾਸ਼ੀ ਦੇ ਕੇਂਦਰ ਬਣਾ ਰਹੀ ਸੀ। ਇਹਨਾਂ ਹਸਪਤਾਲਾਂ ਦੇ ਜਰਮਨ ਫੌਜੀਆਂ ਅਤੇ ਅਫ਼ਸਰਾਂ ਦੇ ਅੱਯਾਸ਼ੀ ਦੇ ਅੱਡੇ ਬਣ ਜਾਣ 'ਤੇ ਸੈਕਸ-ਰੋਗ ਇੰਨੀ ਬੁਰੀ ਤਰ੍ਹਾਂ ਫੈਲੇ ਜਿਸ ਦਾ ਕੋਈ ਟਿਕਾਣਾ ਨਹੀਂ। ਰੋਗਾਂ ਦੇ ਵਾਧੇ ਦਾ ਸਹੀ-ਸਹੀ ਅੰਦਾਜਾ ਲਗਾਇਆ ਜਾ ਸਕਦਾ ਹੈ, ਇਸ ਵਿੱਚ ਵੀ ਸ਼ੱਕ ਹੈ, ਕਿਉਂਕਿ ਦਸ ਲੱਖ ਬੱਚਿਆਂ ਅਤੇ ਨੌਜਵਾਨਾਂ ਨੂੰ ਜ਼ਬਰਦਸਤੀ ਯੁਕਰੇਨ ਤੋਂ ਬਾਹਰ ਕੱਢ ਦਿੱਤਾ ਗਿਆ ਸੀ। ਕੁੱਝ ਲੋਕਾਂ ਦਾ ਬਾਅਦ ਵਿੱਚ ਵਾਪਸੀ ਦਾ ਤਾਂਤਾ ਲੱਗਿਆ ਰਿਹਾ ਜਿਸ ਨਾਲ਼ ਠੀਕ ਅੰਕੜੇ ਰੱਖ ਸਕਣਾ ਅਸੰਭਵ ਹੋ ਗਿਆ।

ਪਰ ਨਾਜ਼ੀ ਜਾਬਰਾਂ ਦੇ ਉਖਾੜ ਦਿੱਤੇ ਜਾਣ ਬਾਅਦ ਹਾਲਤ ਵਿੱਚ ਤੇਜ਼ੀ ਨਾਲ਼ ਬਦਲਾਅ ਹੋਏ। ਮੈਂ ਖੁਦ ਯੁਕਰੇਨ ਅਤੇ ਰੂਸੀ ਲੋਕਤੰਤਰ ਦੇ ਕਿੰਨੇ ਹੀ ਜ਼ਿਲ੍ਹਿਆਂ ਦਾ ਦੌਰਾ ਕੀਤਾ। ਇਹ ਜ਼ਿਲ੍ਹੇ ਹਿਟਲਰੀ ਦਰਿੰਦਿਆਂ ਨੇ ਆਪਣੇ ਪੈਰਾਂ ਹੇਠ ਰੋਲ ਦਿੱਤੇ ਸਨ। ਪਰ ਯੁੱਧ ਦੇ ਬਾਅਦ ਸਰਕਾਰ ਅਤੇ ਲੋਕਾਂ ਨੇ ਜਿਸ ਹੈਰਾਨੀਜਨਕ ਤੇਜ਼ੀ ਨਾਲ਼ ਉੱਥੋਂ ਦੀ ਹਾਲਤ ਨੂੰ ਸੰਭਾਲਿਆ ਉਸ ਦੇ ਬਾਰੇ ਰੂਸ ਜਾਣ ਵਾਲ਼ੇ ਹਜ਼ਾਰਾਂ ਵਿਦੇਸ਼ੀ ਯਾਤਰੀਆਂ ਨੇ ਵਿਸਥਾਰ ਨਾਲ਼ ਲਿਖਿਆ ਹੈ। ਮੈਂ ਤਾਂ ਹਾਲਤ ਵਿੱਚ ਇੰਨੀ ਜਲਦੀ ਸੁਧਾਰ ਦੇਖ ਕੇ ਦੰਗ ਰਹਿ ਗਿਆ ਸੀ। ਉਹਨਾਂ ਵਿਸ਼ਾਲ ਖੇਤਰਾਂ ਵਿੱਚ ਵੀ ਜਿੱਥੇ ਜਰਮਨੀ ਨੇ ਆਪਣੀ ਭਾਜੜ ਦੇ ਸਮੇਂ ਲਗਭਗ ਹਰ ਫੈਕਟਰੀ, ਹਰ ਰੇਲਵੇ, ਹਰ ਹਸਪਤਾਲ ਅਤੇ ਹਰ ਖੇਤ ਨੂੰ ਸਾੜ ਕੇ ਸੁਆਹ ਕਰ ਦਿੱਤਾ ਸੀ, ਹੁਣ ਫਿਰ ਉੱਚੀ ਸੱਭਿਅਤਾ ਦੇ ਦਰਸ਼ਨ ਹੋ ਰਹੇ ਸਨ। ਇਹਨਾਂ ਖੇਤਰਾਂ ਵਿੱਚ 1950 ਵਿੱਚ ਲਗਭਗ ਹਰ ਫੈਕਟਰੀ, ਰੇਲਵੇ ਅਤੇ ਹਸਪਤਾਲ ਨਵੇਂ ਦਿਖਾਈ ਦੇ ਰਹੇ ਸਨ।

ਮੇਰੀ ਪਤਨੀ ਲੋਕ-ਸਿਹਤ ਮਾਹਿਰ ਹੈ ਅਤੇ ਮੈਨੂੰ ਵੀ ਡਾਕਟਰੀ ਮਾਮਲਿਆਂ ਵਿੱਚ ਕਾਫੀ ਜਾਣਕਾਰੀ ਹੈ। ਨਿੱਜੀ ਅਧਿਐਨ ਦੇ ਬਾਅਦ ਅਸੀਂ ਦੋਵੇਂ ਦਾਅਵੇ ਦੇ ਨਾਲ਼ ਕਹਿੰਦੇ ਹਾਂ ਕਿ ਯੁਕਰੇਨ ਅਤੇ ਦੂਸਰੇ ਸੋਵੀਅਤ ਲੋਕਤੰਤਰਾਂ ਵਿੱਚ — ਜਿੰਨ੍ਹਾਂ ਨੂੰ ਨਾਜ਼ੀਆਂ ਨੇ ਬਰਬਾਦ ਕਰ ਦਿੱਤਾ ਸੀ — ਰੋਗਾਂ ਤੋਂ ਬਚਾਅ ਅਤੇ ਇਲਾਜ ਦਾ ਬੇਹੱਦ ਸਫਲ ਅਤੇ ਸਰਵਜਨਕ ਪ੍ਰਬੰਧ ਕਰ ਦਿੱਤਾ ਗਿਆ। ਅਸੀਂ ਕਿੰਨੇ ਹੀ ਹਸਪਤਾਲਾਂ ਦਾ ਦੌਰਾ ਕੀਤਾ। ਅਸੀਂ ਪਿੰਡਾਂ ਦੇ ਛੋਟੇ-ਛੋਟੇ ਹਸਪਤਾਲਾਂ ਵਿੱਚ ਵੀ ਗਏ। ਸ਼ਹਿਰਾਂ ਦੇ ਵੱਡੇ ਸਿਹਤ-ਕੇਂਦਰਾਂ ਨੂੰ ਵੀ ਅਸੀਂ ਦੇਖਿਆ। ਇਨ੍ਹਾਂ ਵਿੱਚ ਇੱਕ ਵੀ ਹਸਪਤਾਲ ਅਜਿਹਾ ਨਹੀਂ ਸੀ ਜਿੱਥੇ ਸੈਕਸ ਰੋਗਾਂ ਨੂੰ ਆਮ ਰੋਗਾਂ ਵਿੱਚ ਗਿਣਿਆ ਜਾਂਦਾ ਹੋਵੇ। ਅਕਸਰ ਡਾਕਟਰਾਂ ਨੇ ਇਹੀ ਕਿਹਾ ਹੈ ਕਿ ਸਿਫਲਿਸ ਅਤੇ ਗਨੌਂਰੀਆ ਦੇ ਮਰੀਜ਼ ਇੰਨੇ ਗਿਣੇ-ਚੁਣੇ ਹਨ ਕਿ ਇਹਨਾਂ ਰੋਗਾਂ ਨੂੰ ਅਸੀਂ ਖਤਮ ਹੋਇਆ ਮੰਨਦੇ ਹਾਂ। ਉਹਨਾਂ ਨੇ ਦੱਸਿਆ ਕਿ ਇਹ ਮਰੀਜ ਵੀ ਇਸ ਯੁੱਧ ਦੀ ਹੀ ਦੇਣ ਹਨ। ਜੇ ਨਾਜ਼ੀ ਕਬਜ਼ੇ ਦੇ ਦੌਰ ਤੋਂ ਨਾ ਗੁਜ਼ਰਨਾ ਪਿਆ ਹੁੰਦਾ ਤਾਂ ਸਾਡੇ ਹਸਪਤਾਲਾਂ ਵਿੱਚ ਸਿਫਲਿਸ ਅਤੇ ਗਨੌਂਰੀਆ ਦੇ ਮਰੀਜ ਲੱਭਣ ’ਤੇ ਵੀ ਮਿਲਣੇ ਮੁਸ਼ਕਿਲ ਹੋ ਜਾਂਦੇ।

ਬ੍ਰਿਟੇਨ ਦੇ ਪ੍ਰਮੁੱਖ ਡਾਕਟਰਾਂ ਦੇ ਇੱਕ ਦਲ ਨੇ 1951 ਵਿੱਚ ਸੋਵੀਅਤ ਸੰਘ ਦਾ ਦੌਰਾ ਕੀਤਾ ਸੀ। ਉਹਨਾਂ ਨੇ ਉਪਰ ਕਹੀਆਂ ਗੱਲਾਂ ਦੀ ਪੁਸ਼ਟੀ ਕੀਤੀ। ਸੋਵੀਅਤ ਸੰਘ ਵਿੱਚ ਉਹਨਾਂ ਨੇ ਜੋ ਕੁੱਝ ਦੇਖਿਆ, ਉਸ ਦੀ ਰਿਪੋਰਟ ਉਹਨਾਂ ਨੇ **ਬ੍ਰਿਟਿਸ਼ ਮੈਡੀਕਲ ਜਰਨਲ** ਵਿੱਚ ਛਾਪੀ। ਉਹਨਾਂ ਨੇ ਦੱਸਿਆ ਕਿ ਸੋਵੀਅਤ ਸੰਘ ਤੋਂ ਵੇਸ਼ਵਾਗਮਨੀ ਖਤਮ ਹੋ ਗਈ ਹੈ। ਉਹਨਾਂ ਨੇ ਕਿਹਾ, ਸੈਕਸ-ਰੋਗਾਂ ਬਾਰੇ ਵੀ ਹਾਲਤ ਇਹ ਹੈ ਕਿ ਇਹਨਾਂ ਰੋਗਾਂ ਦਾ ਕੁੱਝ ਹੀ ਦਿਨਾਂ ਵਿੱਚ ਬਿਲਕੁੱਲ ਸਫਾਇਆ ਹੋ ਜਾਵੇਗਾ।

# ਜੀਵ ਹੱਤਿਆ : ਪਰ ਚੁੱਪਚਾਪ

ਸਮਾਜਿਕ ਪ੍ਰਗਤੀ ਦੇ ਰੂਪ ਵਿੱਚ ਵਿਭਚਾਰ ਅਤੇ ਬਿਮਾਰੀ ’ਤੇ ਸੋਵੀਅਤ ਰੂਸ ਦੀ ਜਿੱਤ ਨੂੰ ਇੱਕ ਗੌਰਵਪੂਰਨ, ਪਰ ਅਲੱਗ ਚੀਜ਼ ਸਮਝਣਾ ਇਕਦਮ ਗਲਤ ਹੋਵੇਗਾ। ਬੇਸ਼ੱਕ, ਸੋਵੀਅਤ ਰੂਸ ਦਾ ਯਤਨ ਬੇਹੱਦ ਸਫਲ ਹੋਇਆ ਸੀ। ਪਰ ਜੋ ਕੁੱਝ ਉਪਰ ਕਿਹਾ ਜਾ ਚੁੱਕਿਆ ਹੈ, ਉਹ ਓਦੋਂ ਤੱਕ ਬੇਅਰਥ ਹੋਵੇਗਾ ਜਦੋਂ ਤੱਕ ਅਸੀਂ ਸੋਵੀਅਤ ਨੈਤਿਕਤਾ ਦੇ ਵਿਆਪਕ ਢਾਂਚੇ ਦੇ ਤਹਿਤ ਇਹਨਾਂ ਚੀਜ਼ਾਂ ਨੂੰ ਨਹੀਂ ਦੇਖਦੇ, ਭਾਵ ਜਦੋਂ ਤੱਕ ਅਸੀਂ ਇਨ੍ਹਾਂ ਨੂੰ “ਵਿਗਿਆਨਕ ਅਧਾਰ ’ਤੇ ਮਨੁੱਖ ਜਾਤੀ ਦੇ ਸੁਧਾਰ” ਦੇ ਢਾਂਚੇ ਦੇ ਤਹਿਤ ਨਹੀਂ ਦੇਖਦੇ। ਸੋਵੀਅਤ ਰੂਸ ਵਿੱਚ ਸੁਧਾਰ ਦੇ ਇਹ ਕੰਮ ਬੜੇ ਉਤਸ਼ਾਹ ਨਾਲ਼ ਸ਼ੁਰੂ ਹੋਇਆ ਸੀ।

ਅਸੀਂ ਦੇਖ ਚੁੱਕੇ ਹਾਂ ਕਿ ਇਨਕਲਾਬ ਦੇ ਥੋੜ੍ਹੇ ਹੀ ਦਿਨਾਂ ਬਾਅਦ ਸੋਵੀਅਤ ਇਸਤਰੀਆਂ ਨੂੰ ਜਿਹੜਾ ਸਵਾਲਨਾਮਾ ਦਿੱਤਾ ਗਿਆ ਸੀ ਉਹਨੇ ਵਿਗਿਆਨਕਾਂ ਅਤੇ ਰਾਜਨੀਤੀਵਾਨਾਂ, ਦੋਵਾਂ ਦੇ ਹੀ ਸਾਹਮਣੇ ਸਪਸ਼ਟ ਕਰ ਦਿੱਤਾ ਸੀ ਕਿ ਵਿਭਚਾਰ ਦਾ ਬੁਨਿਆਦੀ ਕਾਰਨ ਆਰਥਿਕ ਹੈ। ਇਹ ਕਾਰਨ ਹੈ ਕੰਗਾਲੀ ਅਤੇ ਬੇਰੁਜ਼ਗਾਰੀ। ਪਰ, ਇਹ ਮਾਹਿਰ ਭਲੀ-ਭਾਂਤਿ ਜਾਣਦੇ ਸਨ ਕਿ ਬੇਰੁਜ਼ਗਾਰੀ ਨੂੰ ਹਟਾਉਂਦੇ ਹੀ ਜਥੇਬੰਦ ਵਿਭਚਾਰ ਵਿਰੁੱਧ ਘੋਲ ਆਪਣੇ ਆਪ ਹੀ ਸਫਲ ਨਹੀਂ ਹੋ ਜਾਵੇਗਾ। 1929 ਦੇ ਬਾਅਦ ਸੋਵੀਅਤ ਦੇਸ਼ ਵਿੱਚ ਬੇਰੁਜ਼ਗਾਰੀ ਨੂੰ ਖਤਮ ਕਰ ਦਿੱਤਾ ਗਿਆ ਸੀ। ਪਰ ਉਪਰ ਕਹੀ ਗਈ ਗੱਲ ਦਾ ਉਲਟਾ ਵੀ ਸੱਚ ਹੈ, ਭਾਵ ਇਹ ਕਿ ਜੇਕਰ ਕੰਮ ਕਰਨ ਦੀ ਇਛੁੱਕ ਹਰੇਕ ਇਸਤਰੀ ਨੂੰ ਸਥਾਈ ਕੰਮ ਦੇਣ ਦੀ ਆਰਥਿਕ ਯੋਜਨਾ ਸਫਲ ਨਾ ਹੋਈ ਹੁੰਦੀ ਤਾਂ ਜਥੇਬੰਦ ਵਿਭਚਾਰ ਵਿਰੁੱਧ ਘੋਲ ਵੀ ਅਸਫਲ ਹੋ ਗਿਆ ਹੁੰਦਾ. ਇਤਿਹਾਸਕ ਪੰਜ ਸਾਲਾ ਯੋਜਨਾਵਾਂ ਅਤੇ ਉਹਨਾਂ ਦੇ ਤਹਿਤ ਵਿਸ਼ਾਲ ਸਨਅਤੀ ਉਨਤੀ ਦਾ ਸਿੱਟਾ ਇਹ ਨਹੀਂ ਨਿਕਲਿਆ ਕਿ ਯੁੱਧ ਵਿੱਚ ਲਾਲ ਫੌਜ ਦੀਆਂ ਜਿੱਤਾਂ ਦੀ ਨੀਂਹ ਪਈ; ਉਹਨਾਂ ਨਾਲ਼ ਹਰੇਕ ਸੋਵੀਅਤ ਨਾਗਰਿਕ ਦੀ ਜਿੰਦਗੀ ’ਤੇ ਵੀ ਡੂੰਘਾ ਅਸਰ ਪਿਆ।

ਪਰ, ਹੁਣ ਸ਼ਾਇਦ ਕੁੱਝ ਲੋਕ ਇੱਕ ਮਹੱਤਵਪੂਰਨ ਸਵਾਲ ਕਰਨ। ਜਦੋਂ ਵੇਸ਼ਵਾਵਾਂ ਨੇ ਧੰਦਾ ਛੱਡ ਕੇ ਇਮਾਨਦਾਰੀ ਦਾ ਕੰਮ ਕਰਨਾ ਅਪਣਾ ਲਿਆ ਤਾਂ ਸੋਵੀਅਤ ਨੈਤਿਕਤਾ ਦੀ ਕੀ ਹਾਲਤ ਹੋਈ ? ਜ਼ਿਆਦਾ ਸਪੱਸ਼ਟ ਰੂਪ ਨਾਲ਼ ਕਿਹਾ ਜਾਵੇ ਤਾਂ : ਸੋਵੀਅਤ ਰੂਸ ਵਿੱਚ ਪੁਰਸ਼ਾਂ ਅਤੇ ਇਸਤਰੀਆਂ ਅਤੇ ਨੌਜਵਾਨਾਂ ਦੇ ਯੌਨ ਸਬੰਧਾਂ ਦੀ ਕੀ ਹਾਲਤ ਹੋਈ ? ਕੀ ਵਿਭਚਾਰ ਅਤੇ ਸੈਕਸ-ਰੋਗਾਂ ਦੇ ਖਾਤਮੇ ਨਾਲ਼ ਇਜਤ ਪ੍ਰਾਪਤ ਨਾਗਰਿਕਾਂ ਦੀ ਨੈਤਿਕਤਾ ਵਿੱਚ ਢਿੱਲ ਨਹੀਂ ਆਈ ?

ਅਸੀਂ ਇਸ ਨੂੰ ਹੋਰ ਵੀ ਸਪੱਸ਼ਟ ਰੂਪ ਵਿੱਚ ਪੇਸ਼ ਕਰ ਸਕਦੇ ਹਾਂ। ਕੀ ਵੇਸ਼ਵਾਵਾਂ ਦੀਆਂ ਅਨੈਤਿਕ ਸਰਗਰਮੀਆਂ ਨੂੰ ਸੋਵੀਅਤ ਰੂਸ ਦੀਆਂ ਆਮ ਇਸਤਰੀਆਂ ਨੇ ਬੰਧੇਜਰਹਿਤ ਪਿਆਰ ਦੇ ਉਸੇ ਸਿਧਾਂਤ — ਜਿਸ ਦਾ ਲੈਨਿਨ ਅਤੇ ਗੋਰਕੀ ਨੇ ਬੜੀ ਸਖਤੀ ਨਾਲ਼ ਵਿਰੋਧ ਕੀਤਾ ਸੀ — ਦੇ ਅਧਾਰ 'ਤੇ ਨਹੀਂ ਅਪਣਾ ਲਿਆ ?

ਨਹੀਂ; ਅਜਿਹਾ ਕੁੱਝ ਨਹੀਂ ਹੋਇਆ। ਜੋ ਕੁੱਝ ਹੋਇਆ ਉਹ ਨੂੰ ਸਾਫ਼-ਸਾਫ਼ ਸ਼ਬਦਾਂ ਵਿੱਚ ਦੱਸਿਆ ਜਾ ਸਕਦਾ ਹੈ। ਵੇਸ਼ਵਾਗਮਨੀ ਨੂੰ ਖਤਮ ਕਰ ਹੀ ਦਿੱਤਾ ਗਿਆ ਸੀ, 'ਬੰਧੇਜ ਰਹਿਤ ਪਿਆਰ' ਅਤੇ ਅਨੁਚਿਤ ਯੌਨ ਸਬੰਧ ਵਰਗੇ ਵੇਸ਼ਵਾਗਮਨੀ ਦੇ ਦੂਸਰੇ ਰੂਪਾਂ ਨੂੰ ਵੀ ਖਤਮ ਕਰ ਦਿੱਤਾ ਗਿਆ ਜਿਵੇਂ ਕਿ ਵਿਗਿਆਨਕਾਂ ਨੇ ਆਪਣੀਆਂ ਭੱਵਿਖਬਾਣੀਆਂ ਦੁਆਰਾ ਦੱਸਿਆ ਸੀ : ਸਮਾਜਿਕ ਆਰਥਿਕ ਸੁਧਾਰ ਦੀਆਂ ਯੋਜਨਾਵਾਂ ਦੁਆਰਾ ਇਹਨਾਂ ਯੋਜਨਾਵਾਂ ਦੇ ਫਲਸਰੂਪ ਹੀ ਬਹੁਗਿਣਤੀ ਨਾਗਰਿਕਾਂ ਲਈ ਸੰਭਵ ਹੋ ਸਕਿਆ ਕਿ ਪਿਆਰ 'ਤੇ ਅਧਾਰਿਤ ਵਿਆਹ ਸਬੰਧ ਦੁਆਰਾ ਉਹ ਵੱਧ ਤੋਂ ਵੱਧ ਸੰਤੋਸ਼ ਪ੍ਰਾਪਤ ਕਰ ਸਕਣ।

ਇੱਕੋ ਸਾਹ ਵਿੱਚ ਇਹ ਕਹਿ ਦੇਣਾ ਕਿ ਪਿਆਰ ਅਤੇ ਵਿਆਹ ਵਿਗਿਆਨਕ ਅਤੇ ਆਰਥਿਕ ਯੋਜਨਾ 'ਤੇ ਅਧਾਰਿਤ ਹਨ, ਬਹੁਤ ਸਾਰੇ ਲੋਕਾਂ ਨੂੰ ਮੂਰਖਤਾਪੂਰਨ ਲੱਗਦਾ ਹੈ। ਇਸ ਸਮੱਸਿਆ ਨਾਲ਼ ਸਬੰਧਤ ਦਾਰਸ਼ਨਿਕ ਤਰਕਾਂ 'ਤੇ ਅਧਿਆਏ ਦੇ ਅਧਿਆਏ ਲਿਖੇ ਜਾ ਸਕਦੇ ਹਨ। ਇਹ ਜਾਣੀ-ਪਛਾਣੀ ਗੱਲ ਹੈ ਕਿ ਆਕਰਸ਼ਕ ਵਿਸ਼ੇ 'ਤੇ ਬਹਿਸ ਨਾਲ਼ ਸੋਵੀਅਤ ਅਖ਼ਬਾਰਾਂ ਅਤੇ ਮੈਗਜ਼ੀਨਾਂ ਦੇ ਪੰਨਿਆਂ ਦੇ ਪੰਨੇ ਰੰਗੇ ਗਏ ਸਨ। ਇਸ ਬਹਿਸ ਨੂੰ ਦੋ ਇਕਦਮ ਵਿਰੋਧੀ ਨਜ਼ੀਰਏ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ।

ਇੱਕ ਪਾਸੇ ਅਜਿਹੇ ਲੋਕ ਸਨ ਜਿਨ੍ਹਾਂ ਦਾ ਕਹਿਣਾ ਸੀ ਕਿ ਮਨੁੱਖੀ ਤਜ਼ਰਬਿਆਂ ਦੇ ਕੌੜੇ ਸੱਚਾਂ ਨੂੰ ਦੇਖਦੇ ਹੋਏ ਜਿੱਥੋਂ ਤੱਕ ਸੈਕਸ-ਭੋਗ ਦਾ ਸਵਾਲ ਹੈ, "ਮਨੁੱਖ ਦੇ ਸੁਭਾਅ ਨੂੰ ਸੁਧਾਰਨਾ" ਅਸੰਭਵ ਹੈ। ਉਹਨਾਂ ਦਾ ਕਹਿਣਾ ਸੀ ਕਿ ਵੇਸ਼ਵਾਗਮਨੀ ਅਤੇ ਵਿਭਚਾਰ ਨੂੰ ਉਪਰੀ ਤੌਰ 'ਤੇ ਮਿਟਾ ਦਿੱਤਾ ਤਾਂ ਵੀ ਪੁਰਸ਼ ਅਤੇ ਇਸਤਰੀਆਂ ਅਨੈਤਿਕ ਜੀਵਨ ਬਿਤਾਉਣਾ ਜਾਰੀ ਰੱਖਣਗੇ।

ਦੂਸਰੇ ਪਾਸੇ ਵਿਗਿਆਨਕ ਅਤੇ ਰਾਜਨੀਤਕ ਮਾਹਿਰ ਸਨ ਜਿਨ੍ਹਾਂ ਦਾ ਦਾਅਵਾ ਸੀ, ਹੁਣ ਤੱਕ ਮਨੁੱਖ ਜਾਤੀ ਨੂੰ ਇਤਿਹਾਸ ਵਿੱਚ ਕਦੇ ਵੀ ਅਜਿਹਾ ਵਿਵਹਾਰਿਕ ਮੌਕਾ ਮਿਲਿਆ ਹੀ ਨਹੀਂ ਸੀ ਜਦੋਂ ਮਨੁੱਖ ਸੱਚਮੁੱਚ ਨੈਤਿਕ ਜੀਵਨ ਬਿਤਾ ਸਕੇ ਅਤੇ ਪਿਆਰ ਕਰ ਸਕੇ। ਉਹਨਾਂ ਦੀ ਮੰਗ ਵੀ ਕਿ ਸੋਵੀਅਤ ਹਕੂਮਤ-ਪ੍ਰਬੰਧ ਸੋਵੀਅਤ ਰੂਸ ਦੇ 18 ਕਰੋੜ ਨਰ-ਨਾਰੀਆਂ ਨੂੰ ਇਸ ਤਰ੍ਹਾਂ ਦਾ ਜੀਵਨ ਬਿਤਾਉਣ ਦਾ ਮੌਕਾ ਦੇਣ।

ਬਹਿਸ ਵਿੱਚ ਜਿੱਤ ਬਾਅਦ ਵਾਲਿਆਂ ਦੀ ਹੋਈ। ਆਪਣੇ ਸਾਰੇ ਮਹੱਤਵਪੂਰਨ ਸਮਾਜਿਕ ਪ੍ਰਯੋਗਾਂ ਵਿੱਚ ਸੋਵੀਅਤ ਰੂਸ ਨੇ ਸਭ ਤੋਂ ਮਹੱਤਵਪੂਰਨ ਪ੍ਰਯੋਗ – ਨੈਤਿਕਤਾ ਦੀ ਯੋਜਨਾ – ਸ਼ੁਰੂ ਕੀਤਾ।

ਸੋਵੀਅਤ ਰੂਸ ਦੇ ਉਦੇਸ਼ ਨੂੰ ਬਾਹਰ ਦੀ ਦੁਨੀਆਂ ਨੇ 20 ਸਾਲ ਤੱਕ ਜਾਂ ਤਾਂ ਸਮਝਿਆ ਹੀ ਨਹੀਂ, ਜਾਂ ਜਾਣਬੁੱਝ ਕੇ ਸਮਝਣ ਤੋਂ ਇਨਕਾਰ ਕਰਦੀ ਰਹੀ। ਇਸ ਦਾ ਸਬੂਤ

ਉਹ ਵਿਰੋਧੀ ਲਹਿਰ ਸੀ ਜੋ ਯੋਜਨਾਪੂਰਨ ਨੈਤਿਕਤਾ ਵੱਲ ਪਹਿਲਾ ਕਦਮ ਚੁੱਕਦੇ ਹੀ ਖੜ੍ਹੀ ਹੋਈ ਸੀ। ਅਸਲ ਵਿੱਚ, ਪਹਿਲੀ ਨਜ਼ਰ ਵਿੱਚ ਤਾਂ ਇਹ ਪਤਾ ਲੱਗਦਾ ਸੀ ਕਿ ਇਹ ਕਦਮ ਠੀਕ ਉਲਟ ਦਿਸ਼ਾ ਵਿੱਚ, ਭਾਵ ਨੈਤਿਕਤਾ ਖਤਮ ਕਰਨ ਦੀ ਹਾਲਤ ਵਿੱਚ, ਬੜੀ ਵੱਡੀ ਛਾਲ ਹੈ। ਇੱਕ ਸੋਵੀਅਤ ਕਾਨੂੰਨ ਦੇ ਦੁਆਰਾ ਭਰੂਣ ਹੱਤਿਆਂ ਨੂੰ ਕਾਨੂੰਨੀ ਬਣਾ ਦਿੱਤਾ ਗਿਆ ਅਤੇ ਇਸਤਰੀਆਂ ਨੂੰ ਇਸ ਦਾ ਹੱਕ ਦੇ ਦਿੱਤਾ ਗਿਆ।

ਭਰੂਣ ਹੱਤਿਆ — ਜਨਮ ਤੋਂ ਪਹਿਲਾਂ ਹੀ ਨਵ-ਬੱਚੇ ਦੀ ਹੱਤਿਆ — ਸੱਭਿਅਕ ਜਗਤ ਦੇ ਭੌਤਿਕ ਅਤੇ ਧਾਰਮਿਕ ਦੋਵਾਂ ਹੀ ਸਿਧਾਤਾਂ ਦੇ ਵਿਰੁੱਧ ਹੈ। ਸਭ ਜਗ੍ਹਾ ਭਰੂਣ-ਹੱਤਿਆ ਨੂੰ ਯੋਗ ਹੀ ਹੱਤਿਆ ਦਾ ਅਪਰਾਧ ਮੰਨਿਆ ਜਾਂਦਾ ਹੈ — ਅਣਜੰਮੇਂ ਬੱਚੇ ਦੀ ਹੱਤਿਆ, ਜਿਸ ਦੇ ਰਾਹੀਂ ਮਾਤਾ ਅਤੇ ਪਿਤਾ ਮਾਤਰੀਤਵ ਅਤੇ ਪਿੱਤਰੀਤਵ ਦੀਆਂ ਜ਼ਿੰਮੇਵਾਰੀਆਂ ਤੋਂ ਬਚ ਸਕਣ। ਸੋਵੀਅਤ ਰੂਸ ਦੇ ਅਲੋਚਕ ਅਤੇ ਕਿੰਨੇ ਹੀ ਮਿੱਤਰ ਵੀ, ਜਿਸ ਗੱਲ ਨੂੰ ਨਹੀਂ ਸਮਝ ਸਕੇ ਉਹ ਇਹ ਸੀ ਕਿ : ਸੋਵੀਅਤ ਰਾਜਨੀਤੀਵਾਨ ਅਤੇ ਵਿਗਿਆਨਕ ਇਹ ਮੰਨਦੇ ਸਨ ਕਿ ਭਰੂਣ-ਹੱਤਿਆ ਇੱਕ ਤਰ੍ਹਾਂ ਦੀ ਹੱਤਿਆ ਹੈ ਅਤੇ ਨੈਤਿਕਤਾ ਦੇ ਵਿਰੁੱਧ ਹੈ, ਵਿਅਕਤੀ ਦੇ ਅਤੇ ਕੌਮ ਦੇ ਹਿੱਤ ਦੇ ਵਿਰੁੱਧ ਹੈ।

ਤਾਂ ਫਿਰ ਇਸ ਅਨੈਤਿਕ ਪ੍ਰਥਾ ਨੂੰ ਸੋਵੀਅਤ ਰੂਸ ਵਿੱਚ ਕਾਨੂੰਨੀ ਕਿਵੇਂ ਬਣਾ ਦਿੱਤਾ ਗਿਆ ?

ਉਲਝਣਾਂ ਵਿੱਚ ਪਾਉਣ ਵਾਲੀ ਸਿਧਾਂਤਕ ਬਹਿਸ ਵਿੱਚ ਪੈਣ ਨਾਲ਼ ਕੋਈ ਫਾਇਦਾ ਨਹੀਂ ਹੋਵੇਗਾ। ਭਰੂਣ-ਹੱਤਿਆ ਨਾਮਕ ਸਮਾਜਿਕ ਸਮੱਸਿਆ ਵਿੱਚ ਰਹੱਸ ਦੀ ਕੋਈ ਗੱਲ ਨਹੀਂ — ਭਾਵੇਂ ਇਸ ਦੇ ਪੱਖ ਵਿੱਚ ਅਤੇ ਵਿਪੱਖ ਵਿੱਚ ਸਾਡੇ ਦੇਸ਼ਾਂ ਵਿੱਚ ਅਣਗਿਣਤ ਵਿਗਿਆਨਕ ਅਤੇ ਧਾਰਮਿਕ ਲੇਖ ਲਿਖੇ ਜਾ ਚੁੱਕੇ ਹਨ। ਸੋਵੀਅਤ ਰੂਸ ਵਿੱਚ ਭਰੂਣ ਹੱਤਿਆ ਨੂੰ ਸਮਾਜਿਕ ਅਪਰਾਧ ਮੰਨਿਆ ਜਾਂਦਾ ਹੈ। ਉੱਥੇ ਇਹ ਮੰਨਿਆ ਸੀ ਕਿ ਵੇਸ਼ਵਾਗਮਨੀ ਵਾਂਗ ਉਸ ਦੀਆਂ ਵੀ ਜੜ੍ਹਾਂ ਆਮ ਲੋਕਾਂ ਦੀ ਕੰਗਾਲੀ ਵਿੱਚ ਹਨ।

ਇੱਥੇ ਫਿਰ ਅਸੀਂ ਸਾਧਾਰਨ ਤੁਲਨਾ ਦੁਆਰਾ ਤਰਕ-ਵਿਤਰਕਾਂ ਦੇ ਗਰਦ-ਗੁਬਾਰ ਨੂੰ ਸਾਫ਼ ਕਰ ਸਕਦੇ ਹਾਂ। ਰੂਸੀ ਇਨਕਲਾਬ ਦੇ ਸਮੇਂ ਸੰਸਾਰ ਦੀ ਹਾਲਤ ਕਿਵੇਂ ਦੀ ਸੀ ਇਸ ਨੂੰ ਯਾਦ ਕਰੋ। ਉਨ੍ਹੀਂ ਦਿਨੀਂ ਸਾਰੇ ਸੱਭਿਅਕ ਦੇਸ਼ਾਂ ਵਿੱਚ — ਅਤੇ ਰੂਸ ਵਿੱਚ ਵੀ ਭਰੂਣ-ਹੱਤਿਆ ਲਈ ਕਾਨੂੰਨ ਵਿੱਚ ਸਖਤ ਸਜ਼ਾ ਦਾ ਪ੍ਰਬੰਧ ਸੀ। ਪਰ ਸਾਰੇ ਦੇਸ਼ਾਂ ਵਿੱਚ ਭਰੂਣ-ਹੱਤਿਆ ਦਾ ਅਜਿਹਾ ਬੋਲਬਾਲਾ ਸੀ ਜਿਸ ਦੇ ਬਾਰੇ ਸੁਣ ਕੇ ਰੋਂਗਟੇ ਖੜੇ ਹੋ ਜਾਂਦੇ ਹਨ। ਆਮ ਤੌਰ ’ਤੇ ਅਣਜੰਮੇ ਬੱਚੇ ਨੂੰ ਪੇਟ ਵਿੱਚੋਂ ਕੱਢ ਕੇ ਬਾਹਰ ਕਰਨ ਦਾ ਕੰਮ ਡਾਕਟਰ ਨਹੀਂ, ਸਗੋਂ ਅਜਿਹੇ ਹੱਤਿਆਰੇ ਕਰਦੇ ਸਨ ਜਿਨ੍ਹਾਂ ਨੂੰ ਸ਼ਾਇਦ ਹੀ ਕਦੇ ਕਾਨੂੰਨ ਦੇ ਸਾਹਮਣੇ ਲਿਆਇਆ ਜਾਂਦਾ ਹੋਵੇ। ਉਦਾਹਰਣ ਲਈ, ਜਰਮਨੀ ਦੇ ਸਰਕਾਰੀ ਅੰਕੜਿਆਂ ਨੂੰ ਦੇਖੋ। ਇਹ ਅੰਕੜੇ ਦੱਸਦੇ ਹਨ ਕਿ ਗੈਰ-ਕਾਨੂੰਨੀ ਚੀਰ-ਫਾੜ ਨਾਲ਼ ਹਰ ਸਾਲ ਲਗਭਗ 10,000 ਇਸਤਰੀਆਂ ਦੀ ਹੱਤਿਆ ਹੁੰਦੀ ਸੀ। ਇਸ ਤੋਂ ਕਈ ਗੁਣਾ ਜ਼ਿਆਦਾ ਇਸਤਰੀਆਂ ਹਮੇਸ਼ਾ ਲਈ ਜਖਮੀ ਹੋ ਜਾਂਦੀਆਂ ਸਨ ਜਾਂ ਸਦਾ ਲਈ ਰੋਗੀ ਬਣ ਜਾਂਦੀਆਂ ਸਨ। ਇਹ ਸੰਖਿਆ ਭਰੂਣ-ਹੱਤਿਆ

ਦੀ ਪੂਰੀ ਸੰਖਿਆ ਦਾ ਇੱਕ ਛੋਟਾ ਅੰਸ਼ ਵੀ ਨਹੀਂ ਸੀ। ਉੱਤਰੀ ਅਮਰੀਕਾ ਵਿੱਚ, ਅਧੂਰੇ ਅੰਕੜਿਆਂ ਦੇ ਅਧਾਰ 'ਤੇ, ਅਨੁਮਾਨ ਲਗਾਇਆ ਗਿਆ ਕਿ ਹਰ ਸਾਲ ਕਿੰਨੇ ਹੀ ਲੱਖ ਭਰੂਣ-ਹੱਤਿਆ ਕੀਤੀਆਂ ਜਾਂਦੀਆਂ ਸਨ ਜ਼ਾਰਸ਼ਾਹੀ ਰੂਸ ਵਿੱਚ ਹਰ ਸਾਲ 25,000 ਇਸਤਰੀਆਂ ਦੀ ਮੌਤ ਭਰੂਣ ਹੱਤਿਆ ਨਾਲ਼ ਹੁੰਦੀ ਸੀ।

ਇਹ ਹਾਲਤ ਸੀ ਓਦੋਂ ਜਦੋਂ ਹਰ ਦੇਸ਼ ਵਿੱਚ ਭਰੂਣ-ਹੱਤਿਆ ਦੇ ਵਿਰੁੱਧ ਸਖ਼ਤ ਕਾਨੂੰਨ ਮੌਜੂਦ ਸਨ।

ਹੁਣ, ਅੱਜ ਵੀ ਹਾਲਤ 'ਤੇ ਨਜ਼ਰ ਮਾਰੋ। ਸੋਵੀਅਤ ਰੂਸ ਵਿੱਚ ਇਸ ਪ੍ਰਯੋਗ ਦੇ ਸ਼ੁਰੂ ਹੋਣ ਦੇ 20 ਸਾਲ ਬਾਅਦ, ਹਰ ਇੱਕ ਦੇਸ਼ ਵਿੱਚ ਅਤੇ ਸੋਵੀਅਤ ਰੂਸ ਵਿੱਚ ਵੀ ਭਰੂਣ-ਹੱਤਿਆ ਵਿਰੋਧੀ ਕਾਨੂੰਨ ਮੌਜੂਦ ਹਨ। ਹੁਣ ਭਰੂਣ-ਹੱਤਿਆ ਨੂੰ ਸੋਵੀਅਤ ਰੂਸ ਵਿੱਚ ਕਾਨੂੰਨੀ ਮਾਨਤਾ ਪ੍ਰਾਪਤ ਨਹੀਂ ਹੈ। ਪਿਛਲੇ ਕੁੱਝ ਸਾਲਾਂ ਵਿੱਚ ਗਰਭਪਾਤ ਦੇ ਉਦੇਸ਼ ਨਾਲ਼ ਚੀਰ-ਫਾੜ ਕਰਨਾ ਅਪਰਾਧ ਐਲਾਨਿਆ ਗਿਆ ਹੈ। 1944 ਵਿੱਚ ਭਰੂਣ-ਹੱਤਿਆ ਵਿਰੁੱਧ ਕਾਨੂੰਨ ਹੋਰ ਵੀ ਜ਼ਿਆਦਾ ਸਖ਼ਤ ਕਰ ਦਿੱਤਾ ਗਿਆ।

ਤਾਂ ਕੀ ਪ੍ਰਯੋਗ ਅਸਫ਼ਲ ਹੋਇਆ ਸੀ ? ਨਹੀਂ; ਨਤੀਜਾ ਅਸਫ਼ਲਤਾ ਦਾ ਬਿਲਕੁੱਲ ਉਲਟਾ ਹੋਇਆ ਸੀ। ਵੇਸ਼ਵਾਗਮਨੀ ਵਾਂਗ ਭਰੂਣ-ਹੱਤਿਆ ਦਾ ਵੀ ਸੋਵੀਅਤ ਰੂਸ 'ਚੋਂ ਨਾਮ-ਨਿਸ਼ਾਨ ਮਿਟਾ ਦਿੱਤਾ ਗਿਆ।

ਪਰ ਦੂਸਰੇ ਸਾਰੇ ਦੇਸ਼ਾਂ ਵਿੱਚ ਬਿਨਾਂ ਕਿਸੇ ਡਾਕਟਰੀ ਸਹਾਇਤਾ ਦੇ ਭਰੂਣ-ਹੱਤਿਆ ਲਈ ਚੀਰ-ਫਾੜ ਦੀ ਸੰਖਿਆ ਧਾਰਮਿਕ ਅਤੇ ਕਾਨੂੰਨੀ ਵਿਰੋਧ ਦੇ ਬਾਵਜੂਦ ਵੱਧਦੀ ਜਾ ਰਹੀ ਹੈ। ਸਿੱਟੇ ਵਜੋਂ, ਇਹਨਾਂ ਕਾਰਨਾਂ ਨਾਲ਼ ਮਰਨ ਵਾਲਿਆਂ ਅਤੇ ਜਖ਼ਮੀ ਹੋਣ ਵਾਲੀਆਂ ਇਸਤਰੀਆਂ ਦੀ ਸੰਖਿਆ ਵੀ ਅਥਾਹ ਵੱਧਦੀ ਜਾ ਰਹੀ ਹੈ।

ਸਾਡੇ ਇੱਥੇ ਹਾਲਤ ਕੀ ਹੈ ?

ਕਿੰਨੇ ਹੀ ਡਾਕਟਰਾਂ ਨੇ ਹੁਣੇ ਹੀ ਛਾਣਬੀਣ ਕੀਤੀ। ਨਿਊਯਾਰਕ ਦੀ ਇਲਾਜ ਅਕਾਦਮੀ ਦੀ 'ਭਰੂਣ-ਹੱਤਿਆ' ਸਬੰਧੀ ਸਮੱਸਿਆਵਾਂ ਦੀ ਕੰਨਫਰੰਸ਼ (ਜੂਨ 1942) ਵਿੱਚ ਮਨੋਵਿਗਿਆਨਕ ਏ. ਏ. ਬਰਿਲ ਨੇ ਕਿਹਾ :

"ਭਰੂਣ-ਹੱਤਿਆ ਉਹਨਾਂ ਸਮਾਜਿਕ ਸਮੱਸਿਆਵਾਂ ਵਿੱਚੋਂ ਇੱਕ ਹੈ ਜਿਨ੍ਹਾਂ ਨੂੰ ਮੁਮਕਿਨ ਹੈ : ਹੱਲ ਨਹੀਂ ਕੀਤਾ ਜਾ ਸਕਦਾ। ਕਾਰਨ ਇਹ ਕਿ ਅਸੀਂ ਇਸ ਦੇ ਫਿਲੇਟਿਕ ਪ੍ਰਭਾਵਾਂ ਬਾਰੇ ਜ਼ਿਆਦਾ ਕੁੱਝ ਨਹੀਂ ਜਾਣਦੇ।"

"ਫਿਲੇਟਿਕ" ਦਾ ਅਰਥ ਕੀ ਹੈ ? ਇਸ ਦਾ ਅਰਥ ਹੈ "ਉਹ ਬਦਲਾਅ ਜੋ ਵਿਕਾਸਕ੍ਰਮ ਦੌਰਾਨ ਹੋਏ ਹਨ।"

ਬਾਅਦ ਵਿੱਚ ਆਪਣੀ ਰਿਪੋਰਟ ਵਿੱਚ ਡਾਕਟਰ ਬਰਿਨ ਨੇ ਹੋਰ ਸਪੱਸ਼ਟ ਰੂਪ ਵਿੱਚ ਗੱਲ ਕਹੀ ਹੈ। ਉਹਨਾਂ ਦਾ ਕਹਿਣਾ ਹੈ : "ਭਰੂਣ-ਹੱਤਿਆਵਾਂ ਸੱਭਿਆਚਾਰਕ ਦੋਸ਼ਾਂ ਦੀਆਂ ਨਿਸ਼ਾਨੀਆਂ ਹਨ। ਸਾਰੰਸ਼ ਇਹ ਕਿ ਮਨੁੱਖ ਨੂੰ ਆਪਣਾ ਪ੍ਰਤੀਰੂਪ ਤਿਆਰ ਕਰਨ ਲਈ ਪ੍ਰਕਿਰਤੀ ਮਜਬੂਰ ਕਰਦੀ ਹੈ ਅਤੇ ਸੱਭਿਅਤਾ ਆਪਣੇ ਹਿੱਤਾਂ ਨੂੰ ਦੇਖਦੇ ਹੋਏ ਉਸ ਨੂੰ

ਰੋਕਣ ਦਾ ਯਤਨ ਕਰਦੀ ਹੈ ਜਾਂ ਕਿਸੇ ਖਾਸ ਹਾਲਤ ਵਿੱਚ ਅਜਿਹਾ ਕਰਨ ਦੀ ਇਜਾਜ਼ਤ ਦਿੰਦੀ ਹੈ।"

ਡਾਕਟਰ ਬਰਿਲ ਜਿਸ ਸਿੱਟੇ 'ਤੇ ਪਹੁੰਚੇ ਹਨ ਉਸ ਨੂੰ ਮੰਨਣ ਤੋਂ ਪਹਿਲਾਂ ਇਸ ਨੂੰ ਪੜ੍ਹਨਾ ਚਾਹੀਦਾ ਹੈ : "ਆਓ, ਅਸੀਂ ਭਰੂਣ-ਹੱਤਿਆ ਨੂੰ ਖ਼ਤਮ ਕਰੀਏ। ਉਪਾਅ ਇਹ ਹੈ ਕਿ ਹਰ ਇਮਾਨਦਾਰ ਡਾਕਟਰ ਗਰਭਪਾਤ ਦੇ ਕੰਮ ਨੂੰ ਜਿੱਥੇ ਜ਼ਰੂਰੀ ਸਮਝੇ ਆਪ ਸੰਭਾਲੇ।"

ਨੈਤਿਕਤਾ ਦਾ ਕੰਮ ਮੁਹੱਲੇ-ਗੁਆਂਢ ਦੇ ਹਕੀਮ ਦੇ ਹਵਾਲੇ ਕਰ ਦਿੱਤਾ ਜਾਵੇ। ਇਸਤਰੀਆਂ ਅਤੇ ਉਹਨਾਂ ਦੇ ਅਣਜੰਮੇਂ ਬੱਚੇ ਜੀਵਿਤ ਰਹਿਣਗੇ ਜਾਂ ਨਹੀਂ ਇਸ ਦਾ ਫੈਸਲਾ ਡਾਕਟਰ ਦੀ ਬੈਠਕ ਵਿੱਚ ਹੋਵੇ! ਹਰ ਡਾਕਟਰ ਮੈਜਿਸਟਰੇਟ ਅਤੇ ਜਲਾਦ ਦੋਵਾਂ ਦੀ ਕੰਮ ਸੰਭਾਲੇ।"

ਮਨੋਵਿਗਿਆਨਕ ਸਾਹਿਬ ਕਿਸ ਹੱਦ ਤੱਕ ਬੇਰੋਕ ਭਰੂਣ-ਹੱਤਿਆ ਦੀ ਵਕਾਲਤ ਕਰ ਰਹੇ ਸਨ ਅਤੇ ਕਿਸ ਹੱਦ ਤੱਕ ਉਹ ਅਸਲੀਅਤ ਨੂੰ ਛੁਪਾ ਰਹੇ ਸਨ ?

**ਅਮਰੀਕਨ ਜਨਰਲ ਆਫ਼ ਆਬਸਟੇਟ੍ਰਿਕਸ ਐਂਡ ਜਿਨੇਕੋਲੋਜੀ** ਵਿੱਚ ਡਾਕਟਰ ਔਲਸਨ, ਲਹਮਨ, ਮਿਤਸ ਅਤੇ ਮਿਚੇਲ ਦੇ ਹੁਣੇ ਹੀ ਭਰੂਣ-ਹੱਤਿਆਵਾਂ ਦੇ ਸਬੰਧ ਵਿੱਚ ਅਧਿਕਾਰਕ ਰਿਪੋਰਟ ਪੇਸ਼ ਕੀਤੀ ਹੈ। ਇਸ ਪੱਤਰ ਵਿੱਚ ਉਹਨਾਂ ਨੇ ਤੱਥਾਂ ਨੂੰ ਪੇਸ਼ ਕੀਤਾ ਜਿਨ੍ਹਾਂ ਨੂੰ ਨਾ ਤਾਂ ਆਮ ਅਖ਼ਬਾਰ ਅਤੇ ਨਾ ਸਾਡੇ ਸਿਹਤ ਅਧਿਕਾਰੀ ਹੀ ਚਾਨਣ ਵਿੱਚ ਲਿਆਉਣ ਦੀ ਹਿੰਮਤ ਕਰਦੇ ਹਨ। ਇਨ੍ਹਾਂ ਲੋਕਾਂ ਨੇ ਜਿਨ੍ਹਾਂ ਬਹੁਤ ਸਾਰੀਆਂ ਭਰੂਣ-ਹੱਤਿਆਵਾਂ ਦਾ ਅਧਿਐਨ ਕੀਤਾ ਉਹਨਾਂ ਵਿੱਚੋਂ ਲਗਭਗ ਤੀਹ ਪ੍ਰਤੀਸ਼ਤ ਅਜਿਹੀਆਂ ਸਨ ਜਿਨ੍ਹਾਂ ਨੂੰ ਸਥਾਨਿਕ ਡਾਕਟਰਾਂ ਨੇ ਖੁਦ ਆਪਣੇ ਹੱਥ ਨਾਲ਼ ਕੀਤਾ ਸੀ ਪੈਂਤੀ ਪ੍ਰਤੀਸ਼ਤ ਤੋਂ ਵੱਧ ਹੱਤਿਆਵਾਂ ਦਾਈਆਂ ਦੇ ਹੱਥਾਂ ਦੀ ਕਰਾਮਾਤ ਸਨ। ਭਰੂਣ-ਹੱਤਿਆਵਾਂ ਦੇ ਸਬੰਧ ਵਿੱਚ ਜਿਨ੍ਹਾਂ ਇਸਤਰੀਆਂ ਦੀ ਚੀਰਫਾੜ ਹੋਈ ਸੀ ਉਹਨਾਂ ਵਿੱਚੋਂ, ਔਸਤਨ, ਸਿਰਫ਼ ਅੱਧੀਆਂ ਅਣਵਿਆਹੀਆਂ, ਤਲਾਕਸ਼ੁਦਾ ਜਾਂ ਵਿਧਵਾਵਾਂ ਸਨ।

ਇਹਨਾਂ ਬੇਹੱਦ ਪ੍ਰਸਿੱਧ ਡਾਕਟਰਾਂ ਦਾ ਕਹਿਣਾ ਹੈ : "ਪਿਛਲੇ ਕਈ ਸਾਲਾਂ ਵਿੱਚ ਭਰੂਣ-ਹੱਤਿਆਵਾਂ ਦੀ ਸੰਖਿਆ ਜਿਸ ਤੇਜ਼ੀ ਨਾਲ਼ ਵਧੀ ਹੈ ਉਸ ਤੋਂ ਇਹੀ ਪਤਾ ਲਗਦਾ ਹੈ ਕਿ ਭਰੂਣ-ਹੱਤਿਆ ਦੀ ਸਮੱਸਿਆ ਵੱਧਦੀ ਜਾ ਰਹੀ ਹੈ।"

ਸ਼ਾਇਦ ਉਹ ਅਸਲੀਅਤ ਨੂੰ ਵਧਾ-ਚੜ੍ਹਾ ਕੇ ਪੇਸ਼ ਕਰ ਰਹੇ ਹਨ ?

ਨਹੀਂ, ਉਹਨਾਂ ਨੇ ਅੰਕੜੇ ਪੇਸ਼ ਕੀਤੇ ਹਨ। 1941 ਵਿੱਚ ਅਮਰੀਕਾ ਵਿੱਚ ਘੱਟ ਤੋਂ ਘੱਟ 6,.80,000 ਭਰੂਣ-ਹੱਤਿਆਵਾਂ ਹੋਈਆਂ। ਬਚਾਅ ਦੇ ਨਵੇਂ ਤੋਂ ਨਵੇਂ ਢੰਗਾਂ ਦੇ ਬਾਵਜੂਦ, ਅਮਰੀਕਾ ਵਿੱਚ ਹਰ ਸਾਲ ਇਸ ਤਰ੍ਹਾਂ ਦੀਆਂ ਚੀਰਫਾੜਾਂ ਨਾਲ਼ 8,000 ਇਸਤਰੀਆਂ ਦੀ ਮੌਤ ਹੁੰਦੀ ਹੈ।

ਭਰੂਣ-ਹੱਤਿਆਵਾਂ ਦੀ ਸੰਖਿਆ ਵਿੱਚ ਵਾਧੇ ਦਾ ਕਾਰਨ ਇਹਨਾਂ ਡਾਕਟਰਾਂ ਨੇ ਕਿਸੇ ਰਹੱਸਪੂਰਨ "ਫਿਲੇਟਿਕ ਪ੍ਰਭਾਵਾਂ" ਨੂੰ ਨਹੀਂ ਦੱਸਿਆ। ਉਹਨਾਂ ਦੇ ਅਨੁਸਾਰ, ਇਸ ਵਾਧੇ ਦੇ ਅਸਲੀ ਸਮਾਜਿਕ ਕਾਰਨ ਇਹ ਹਨ :— "ਗੈਰ-ਕਾਨੂੰਨੀ ਸੰਤਾਨ ਹੋਣ 'ਤੇ ਸ਼ਰਮ

ਦਾ ਭੂਤ ਸਵਾਰ ਹੋ ਜਾਣਾ, ਮਾਂ ਅਤੇ ਪਿਤਾ ਦੀਆਂ ਜ਼ਿੰਮੇਵਾਰੀਆਂ ਤੋਂ ਜਾਨ ਬਚਾਉਣ ਦੀ ਕੋਸ਼ਿਸ਼ ਕਰਨਾ, ਪਿਛਲੇ ਦਸ ਸਾਲਾਂ ਦੇ ਆਰਥਿਕ ਸੰਕਟ ਨਾਲ਼ ਉਤਪੰਨ ਗਰੀਬੀ ਅਤੇ ਕੰਗਾਲੀ, ਪਰਿਵਾਰ ਨੂੰ ਵਧਣ ਤੋਂ ਰੋਕ ਕੇ ਰਹਿਣ-ਸਹਿਣ ਦੇ ਪੱਧਰ ਨੂੰ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰਨਾ... ਆਮ ਤੌਰ 'ਤੇ ਆਦਰਸ਼ਵਾਦ ਦੀ ਥਾਂ 'ਤੇ ਇੱਕ ਦੂਸਰੀ ਦਾਰਸ਼ਨਿਕਤਾ ਦਾ ਮੌਜੂਦ ਹੋਣਾ ਜੋ ਖਾਸ ਕਰਕੇ : ਪਹਿਲੇ ਮਹਾਂਯੁੱਧ ਦੇ ਬਾਅਦ ਪ੍ਰਗਟ ਹੋਈ।"

ਉਹਨਾਂ ਨੇ ਇਸ ਸਮੱਸਿਆ ਨੂੰ "ਫੌਰੀ ਮਹੱਤਵ" ਦੀ ਸਮੱਸਿਆ ਦੱਸਿਆ ਹੈ। ਇਸ ਤੋਂ ਮਨ੍ਹਾਂ ਕੌਣ ਕਰਦਾ ਹੈ? ਅਮਰੀਕਾ ਵਿੱਚ ਹਰ ਸਾਲ 6 ਲੱਖ 80 ਹਜ਼ਾਰ ਅਣਜੰਮੇ ਬੱਚਿਆ ਦੀ ਹੱਤਿਆ ਹੁੰਦੀ ਹੈ। ਇਸ ਪੁਸਤਕ ਨੂੰ ਪੜ੍ਹਣ ਵਿੱਚ ਤੁਹਾਡੇ ਜੋ ਪਲ ਬੀਤ ਰਹੇ ਹਨ ਉਹਨਾਂ ਵਿੱਚੋਂ ਹਰ ਇੱਕ ਪਲ ਵਿੱਚ ਇਸ ਪ੍ਰਾਇਦੀਪ 'ਤੇ ਕਿਤੇ ਨਾ ਕਿਤੇ ਅਣਜੰਮੇ ਬੱਚੇ ਦੀ ਹੱਤਿਆ ਹੋ ਰਹੀ ਹੈ।

ਦੂਸਰੇ "ਜਮਹੂਰੀ" ਦੇਸ਼ਾਂ ਵਿੱਚ ਵੀ ਅੰਕੜੇ ਕੁੱਝ ਇਸ ਤਰ੍ਹਾਂ ਦੇ ਹਨ — ਕਿਤੇ ਥੋੜ੍ਹੇ ਜ਼ਿਆਦਾ, ਕਿਤੇ ਥੋੜ੍ਹੇ ਘੱਟ। ਇੱਕ ਪਾਸੇ ਸਾਡੇ ਅਨੈਤਿਕ ਸਮਾਜ ਵਿੱਚ ਇਸ ਨੈਤਿਕ ਯੁੱਧ ਦੇ ਸਿੱਟੇ ਵਜੋਂ ਲੱਖਾਂ ਬੱਚਿਆਂ ਦੀ ਜੀਵ ਹੱਤਿਆ ਹੋ ਰਹੀ ਹੈ ਦੂਸਰੇ ਪਾਸੇ ਲੋਕ ਹਨ੍ਹੇਰੇ ਵਿੱਚ ਹਨ। ਜਥੇਬੰਦ ਮਜ਼ਦੂਰ ਜਮਾਤ ਨੂੰ ਖਾਮੋਸ਼ ਰੱਖਿਆ ਜਾਂਦਾ ਹੈ, ਇਲਾਜ ਅਤੇ ਕਾਨੂੰਨ ਦੇ ਮਾਹਿਰ ਸੱਚਾਈ ਨੂੰ ਲੁਕਾਉਂਦੇ ਹਨ ਅਤੇ ਧਰਮ ਦੇ ਠੇਕੇਦਾਰ ਚੁੱਪ ਧਾਰਦੇ ਹਨ।

ਅਤੇ ਉੱਤੋਂ ਏ. ਏ. ਬਰਿਲ ਵਰਗੇ ਡਾਕਟਰਾਂ ਦਾ ਕਹਿਣਾ ਇਹ ਹੈ ਕਿ "ਮੁਮਕਿਨ ਹੈ : ਭਰੂਣ-ਹੱਤਿਆਵਾਂ ਦੀ ਸਮੱਸਿਆ ਨਹੀਂ ਸੁਲਝਾਈ ਜਾ ਸਕਦੀ ਕਿਉਂਕਿ ਵਿਕਾਸਕ੍ਰਮ ਵਿੱਚ ਹੋਣ ਬਦਲਾਵਾਂ ਦਾ ਸਹੀ ਗਿਆਨ ਨਹੀਂ ਹੈ।"

ਅਜਿਹੇ ਲੋਕਾਂ ਨੂੰ ਇੱਕ ਵਾਰ ਸੋਵੀਅਤ ਰੂਸ ਜਾਣਾ ਚਾਹੀਦਾ ਹੈ। ਉੱਥੇ, ਪਤਾ ਲੱਗਦਾ ਹੈ, "ਫਿਲੈਟਿਕ ਪ੍ਰਭਾਵਾਂ" ਅਤੇ "ਸੱਭਿਆਚਾਰਕ ਦੋਸ਼ਾਂ" ਦੇ ਮਾਮਲੇ ਵਿਚੱ ਵਿਗਿਆਨ ਨੇ ਜ਼ਬਰਦਸਤ ਉਨਤੀ ਕੀਤੀ ਹੈ। ਅਸੀਂ ਦੇਖੀਏ ਕਿ ਇਹ ਉਨਤੀ ਹੈ ਕੀ।

ਇਨਕਲਾਬ ਦੇ ਥੋੜ੍ਹੇ ਦਿਨਾਂ ਬਾਅਦ, ਸੋਵੀਅਤ ਵਿਗਿਆਨਕਾਂ ਨੇ, ਜੋ ਭਰੂਣ-ਹੱਤਿਆ ਦੀ ਸਮੱਸਿਆ ਦੇ ਫੌਰੀ ਮਹੱਤਵ ਤੋਂ ਜਾਣੂੰ ਸਨ, ਸੋਵੀਅਤ ਰੂਸ ਦੇ ਅਧਿਕਾਰੀਆਂ ਨੂੰ ਦੱਸਿਆ ਕਿ ਨਾ ਤਾਂ ਰੋਕਥਾਮ ਕਾਨੂੰਨਾਂ ਦੇ ਹੀ ਰਾਹੀਂ ਅਤੇ ਨਾ ਸਾਰੇ ਡਾਕਟਰਾਂ ਦਾ ਮਨਮਾਨੇ ਤੌਰ 'ਤੇ ਹੱਤਿਆ ਕਰਨ ਦੀ ਖੁੱਲ੍ਹ ਦੇ ਕੇ ਹੀ ਭਰੂਣ-ਹੱਤਿਆਵਾਂ ਨੂੰ ਰੋਕਿਆ ਜਾ ਸਕਦਾ ਹੈ। ਉਹਨਾਂ ਦਾ ਦਾਅਵਾ ਸੀ ਕਿ ਭਰੂਣ-ਹੱਤਿਆ ਦੀ ਜੜ੍ਹ ਆਰਥਿਕ ਅਤੇ ਨੈਤਿਕ ਸਮੱਸਿਆ ਵਿੱਚ ਹੈ। ਉਹਨਾਂ ਦਾ ਕਹਿਣਾ ਸੀ : ਖੁੱਲ੍ਹੇ ਆਮ ਹੀ ਇਸ ਨੂੰ ਖਤਮ ਕੀਤਾ ਜਾ ਸਕਦਾ ਹੈ, ਭਾਵ ਓਦੋਂ ਤੱਕ ਸਾਰੀ ਕੌਮ ਇਸ ਦੇ ਕਾਰਨਾਂ ਨੂੰ ਦੂਰ ਕਰਨ ਲਈ ਘੋਲ ਵਿੱਚ ਜੁੱਟ ਜਾਵੇ ਅਤੇ ਇੱਕ ਵਿਰਾਟ ਪੱਧਰ 'ਤੇ ਨੈਤਿਕ ਸ਼ਕਤੀਆਂ ਨੂੰ ਸੁਚਾਰੂ ਰੂਪ ਨਾਲ਼ ਜਥੇਬੰਦ ਕੀਤਾ ਜਾਵੇ।

ਉਹਨਾਂ ਨੇ ਕੁੱਝ ਸਮੇਂ ਲਈ ਭਰੂਣ-ਹੱਤਿਆ ਨੂੰ ਕਾਨੂੰਨੀ ਐਲਾਨ ਦਿੱਤਾ। ਇਸ ਕਾਨੂੰਨ 'ਤੇ ਸਮਾਜ ਦਾ ਸਖ਼ਤ ਕੰਟਰੋਲ ਸੀ। **ਇਸ ਕਾਨੂੰਨ ਦਾ ਉਦੇਸ਼ ਸੀ, ਭਰੂਣ-ਹੱਤਿਆਵਾਂ**

ਨੂੰ ਖ਼ਤਮ ਕਰਨਾ।

ਗੱਲ ਆਪਾਵਿਰੋਧੀ ਲੱਗਦੀ ਹੈ। ਪਰ ਇਹ ਸਾਧਾਰਨ ਸੂਝਬੂਝ ਦੀ ਗੱਲ ਸੀ। ਇਸ ਕਾਨੂੰਨ ਦੇ ਪਰਿਣਾਮ ਸਰੂਪ ਰੂਸ ਵਿੱਚ ਜੋ ਕੁੱਝ ਹੋਇਆ ਉਹ ਇਹ ਹੈ :

ਖਾਸ ਇਲਾਜ ਕੇਂਦਰ ਕਾਇਮ ਕੀਤੇ ਗਏ। ਇਹਨਾਂ ਵਿੱਚ ਨਾ ਸਿਰਫ਼ ਇਲਾਜ ਸਬੰਧੀ ਸਹੂਲਤਾਂ ਸਨ, ਸਗੋਂ ਸਲਾਹ-ਮਸ਼ਵਰੇ ਦੇ ਬੋਰਡ ਵੀ ਕਾਇਮ ਕੀਤੇ ਗਏ ਸਨ। ਗਰਭਵਤੀ ਇਸਤਰੀਆਂ ਅਤੇ ਲੜਕੀਆਂ, ਜੋ ਬੱਚਿਆਂ ਨੂੰ ਜਨਮ ਨਹੀਂ ਦੇਣਾ ਚਾਹੁੰਦੀਆਂ ਸਨ, ਇਹਨਾਂ ਇਲਾਜ ਕੇਂਦਰਾਂ ਵਿੱਚ ਸਲਾਹ-ਮਸ਼ਵਰੇ ਲਈ ਬੁਲਾਈਆਂ ਜਾਂਦੀਆਂ ਸਨ। ਸੋਵੀਅਤ-ਵਿਰੋਧੀ ਵਿਚਾਰਕਾਂ ਨੇ ਇਹਨਾਂ ਇਲਾਜ ਕੇਂਦਰਾਂ ਦੀ ਬੜੀ ਖਿੱਲੀ ਉਡਾਉਣ ਦੀ ਕੋਸ਼ਿਸ਼ ਕੀਤੀ। ਕੁੱਝ ਧਰਮ ਦੇ ਠੇਕੇਦਾਰ ਤਾਂ ਹੁਣ ਵੀ ਇਹਨਾਂ ਝੂਠੀਆਂ ਗੱਲਾਂ ਵਿੱਚ ਵਿਸ਼ਵਾਸ ਕਰਦੇ ਹਨ। ਪਰ ਇਹਨਾਂ ਕੇਂਦਰਾਂ ਦਾ ਕੰਮ "ਬੇਹੱਦ ਗੁਪਤ ਰੂਪ ਨਾਲ਼" ਹੱਤਿਆ ਕਰਵਾਉਣਾ ਨਹੀਂ ਸੀ। ਇਹਨਾਂ ਦਾ ਮੁੱਖ ਉਦੇਸ਼ ਸੀ : ਚੀਰਫਾੜ ਕਰਵਾਉਣ ਤੋਂ ਇਸਤਰੀਆਂ ਨੂੰ ਰੋਕਣਾ।

ਉਹਨਾਂ ਸ਼ੁਰੂਆਤੀ ਦਿਨਾਂ ਵਿੱਚ ਜਦੋਂ ਸੋਵੀਅਤ ਰੂਸ ਵਿੱਚ ਭਿਆਨਕ ਗਰੀਬੀ ਅਤੇ ਕੰਗਾਲੀ ਫੈਲੀ ਹੋਈ ਸੀ, ਸਲਾਹ-ਮਸ਼ਵਰਾ ਦੇਣ ਵਾਲ਼ੇ 100 ਵਿੱਚੋਂ 50 ਇਸਤਰੀਆਂ ਨੂੰ ਇਸ ਸਮਝਣ ਵਿੱਚ ਹੁੰਦੇ ਕਿ ਉਹਨਾਂ ਦਾ ਮਾਵਾਂ ਬਣ ਜਾਣਾ ਚੰਗਾ ਹੋਵੇਗਾ.

ਇਸਦਾ ਸਿੱਧਾ-ਸਾਦਾ ਅਤੇ ਖੁਲਾਸਾ ਮਤਲਬ ਇਹ ਹੈ ਕਿ ਸਲਾਹ-ਮਸ਼ਵਰੇ ਦੀ ਪ੍ਰਣਾਲੀ ਸ਼ੁਰੂ ਕਰਦੇ ਹੀ ਰੂਸ ਵਿੱਚ ਗਰਭ-ਹੱਤਿਆਵਾਂ ਦੀ ਸੰਖਿਆ ਅੱਧੀ ਹੋ ਗਈ। ਇਸ ਗੱਲ ਨੂੰ ਸਮਝਣ ਵਿੱਚ ਦਿੱਕਤ ਦੀ ਗੁੰਜਾਇਸ਼ ਨਹੀਂ। ਚੀਰਫਾੜ ਕਰਾਉਣ ਨੂੰ ਉਤਸੁਕ ਇਸਤਰੀਆਂ ਵਿੱਚੋਂ ਜ਼ਿਆਦਾਤਰ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਦੇ ਦਿਲ ਵਿੱਚ ਦਹਿਸ਼ਤ ਸਮਾਈ ਰਹਿੰਦੀ ਹੈ। ਸ਼ਾਇਦ ਹੀ ਕਦੇ ਕੋਈ ਅਜਿਹਾ ਜ਼ਿੰਮੇਵਾਰ ਅਤੇ ਸਮਝਦਾਰ ਸਲਾਹਕਾਰ ਮਿਲਦਾ ਹੈ ਜਿਸ ਤੋਂ ਉਹ ਚੰਗੀ ਰਾਏ ਲੈ ਸਕਣ। ਗਰਭਪਾਤ ਬਾਰੇ ਜਿੰਨੀਆਂ ਵੀ ਗੱਲਾਂ ਉਹਨਾਂ ਨੂੰ ਪਤਾ ਹੁੰਦੀਆਂ ਹਨ ਉਹ ਕਦੇ ਕਿਸੇ ਤੋਂ ਅਤੇ ਕਦੇ ਕਿਸੇ ਤੋਂ ਸੁਣੀਆਂ ਹੋਈਆਂ ਹੁੰਦੀਆਂ ਹਨ। ਉਹਨਾਂ ਦੀ ਇੱਕ ਹੀ ਖਾਹਿਸ਼ ਹੁੰਦੀ ਹੈ — ਗਰਭਵਤੀ ਹੋਣ ਬਾਰੇ ਪਤਾ ਲੱਗਣ ਤੋਂ ਪਹਿਲਾਂ ਹੀ ਉਹ ਇਸ ਝਗੜੇ ਨਾਲ਼ ਨਿਪਟ ਜਾਣ।

ਸਾਡੇ ਦੇਸ਼ ਵਿੱਚ ਅਜਿਹੀਆਂ ਇਸਤਰੀਆਂ ਦੀ ਗਿਣਤੀ ਕਿੰਨੀ ਹੈ ਜੋ ਦੂਸਰਿਆਂ ਨਾਲ਼ ਸਲਾਹ-ਮਸ਼ਵਰੇ ਤੋਂ ਬਾਅਦ ਆਪਣੇ ਇਰਾਦੇ ਨੂੰ ਬਦਲ ਦੇਣ — ਬਸ਼ਰਤੇ ਕਿ ਉਹਨਾਂ ਨੂੰ ਪਤਾ ਲੱਗ ਜਾਵੇ ਕਿ ਉਹਨਾਂ ਦੇ ਫੜੇ ਜਾਣ ਦਾ ਕੋਈ ਖਤਰਾ ਨਹੀਂ; ਕਿ ਬੱਚੇ ਦੇ ਜਨਮ ਦੇ ਬਾਅਦ ਹੀ ਉਹਨਾਂ ਨੂੰ ਨੌਕਰੀ ਮਿਲ ਜਾਵੇਗੀ ?

ਰੂਸ ਵਿੱਚ, ਠੀਕ-ਠੀਕ ਕਿਹਾ ਜਾਵੇ ਤਾਂ, 15 ਪ੍ਰਤੀਸ਼ਤ ਇਸਤਰੀਆਂ ਨੇ ਆਪਣੇ ਇਰਾਦਿਆਂ ਨੂੰ ਬਦਲ ਦਿੱਤਾ। ਜੋ ਬਾਕੀ ਬਚੀਆਂ ਉਹਨਾਂ ਨੂੰ ਚੀਰਫਾੜ ਕਰਾਉਣ ਦੀ ਇਜਾਜ਼ਤ ਦੇ ਦਿੱਤੀ ਗਈ। ਕਿਉਂ ? ਇਸ ਲਈ ਕਿ ਜੇ ਉਨ੍ਹਾਂ ਨੂੰ ਇਜਾਜ਼ਤ ਨਾ ਦਿੱਤੀ ਗਈ ਹੁੰਦੀ ਤਾਂ ਉਹ ਚੰਦਰੀਆਂ ਦਾਈਆਂ ਕੋਲ ਪਹੁੰਚਦੀਆਂ ਅਤੇ ਮਨਮਾਨੀ ਕਰਾਉਂਦੀਆਂ। ਪਰ ਉਹਨਾਂ ਦਾ ਅਪਰੇਸ਼ਨ ਬੜੇ ਹੀ ਚਲਾਕ ਡਾਕਟਰ ਵਧੀਆਂ ਤੋਂ ਵਧੀਆਂ ਔਜ਼ਾਰਾਂ ਨਾਲ਼

ਕਰਦੇ ਸਨ। ਇਸ ਤੋਂ ਸਿੱਧ ਹੋ ਜਾਂਦਾ ਹੈ ਕਿ ਗਰਭਵਤੀ ਇਸਤਰੀ ਦਾ ਅਪਰੇਸ਼ਨ ਨਿਪੁੰਨ ਡਾਕਟਰਾਂ ਦੁਆਰਾ ਕੀਤਾ ਜਾਣਾ ਖਤਰਨਾਕ ਨਹੀਂ ਹੈ। ਇਸੇ ਕਰਕੇ ਸੋਵੀਅਤ ਰੂਸ ਵਿੱਚ ਇਹਨਾਂ ਕਾਰਨਾਂ ਕਰਕੇ ਮਰਨ ਵਾਲਿਆਂ ਦੀ ਸੰਖਿਆ ਸਿਰਫ਼ ਨਾ ਦੇ ਬਰਾਬਰ ਰਹਿ ਗਈ। ਗੈਰ-ਕਾਨੂੰਨੀ ਢੰਗ ਦੇ ਅਪਰੇਸ਼ਨਾਂ ਜਾਂ ਕੱਚੇ ਪਿੱਲੇ ਡਾਕਟਰਾਂ ਦੇ ਅਪਰੇਸ਼ਨ ਦੇ ਸਿੱਟੇ ਵਜੋਂ ਮਰਨ ਵਾਲਿਆਂ ਦੀ ਗਿਣਤੀ ਪਹਿਲਾਂ ਬੇਹੱਦ ਸੀ। ਸੋਵੀਅਤ ਡਾਕਟਰਾਂ ਨੇ ਅੰਦਾਜ਼ਾ ਲਗਾਇਆ ਕਿ ਬਾਰ੍ਹਾਂ ਸਾਲਾਂ ਵਿੱਚ ਉਹਨਾਂ ਨੇ ਘੱਟ ਤੋਂ ਘੱਟ ਤਿੰਨ ਲੱਖ ਇਸਤਰੀਆਂ ਦੀ ਜਾਨ ਬਚਾਈ ਹੋਵੇਗੀ। ਇਸ ਅਰਸੇ ਵਿੱਚ ਇਹਨਾਂ ਗਿਣੀਆਂ ਚੁਣੀਆਂ ਇਸਤਰੀਆਂ ਦੀ ਹੀ —ਗੈਰ ਕਾਨੂੰਨੀ ਭਰੂਣ-ਹੱਤਿਆਵਾਂ ਨਾਲ਼ ਮੌਤ ਹੋਈ। ਗਰਭਵਤੀ ਇਸਤਰੀਆਂ ਦੀ ਦੇਖਭਾਲ ਦਾ ਰਾਜ ਵੱਲੋਂ ਮੁਫਤ ਅਤੇ ਵਧੀਆਂ ਪ੍ਰਬੰਧ ਸੀ ਇਸ ਲਈ ਗੈਰ-ਕਾਨੂੰਨੀ ਭਰੂਣ-ਹੱਤਿਆਵਾਂ ਲਈ ਰੁਪਏ ਖਰਚ ਕਰਨਾ ਅਤੇ ਮੌਤ ਦਾ ਖਤਰਾ ਚੁੱਕਣਾ ਬੇਲੋੜਾ ਹੋ ਗਿਆ। ਇੱਕ ਪਾਸੇ ਰਾਜ ਵੱਲੋਂ ਇੱਥੇ ਇਹ ਕਾਨੂੰਨ ਬਣਿਆ ਕਿ ਜਾਇਜ਼ ਹਸਪਤਾਲਾਂ ਵਿੱਚ ਗਰਭਪਾਤ ਕਰਵਾਉਣਾ ਕਾਨੂੰਨੀ ਹੈ, ਉੱਥੇ ਦੂਸਰੇ ਪਾਸੇ ਇੱਕ ਕਾਨੂੰਨ ਪਾਸ ਕਰਕੇ ਦੂਸਰੇ ਲੋਕਾਂ ਨਾਲ਼ ਭਰੂਣ-ਹੱਤਿਆ ਕਰਾਉਣ ਲਈ ਸਖ਼ਤ ਤੋਂ ਸਖ਼ਤ ਸਜ਼ਾ ਦਾ ਪ੍ਰਬੰਧ ਕੀਤਾ ਗਿਆ।

ਇਸ ਦੌਰਾਨ ਲਹਿਰ ਨੇ ਇੱਕ ਨਵੀਂ ਦਿਸ਼ਾ ਫੜ ਲਈ। ਸਵਾਲ ਸੀ, ਇਸਤਰੀਆਂ ਕਿਉਂ ਅਪਰੇਸ਼ਨ ਕਰਵਾਉਣਾ ਚਾਹੁੰਦੀਆਂ ਹਨ ? ਕੀ ਇਸ ਲਈ ਕਿ ਉਹਨਾਂ 'ਤੇ ਸੁਧਾਰ ਦਾ ਕੋਈ ਅਸਰ ਨਹੀਂ ਹੋ ਸਕਦਾ ? ਅਜਿਹਾ ਕਹਿਣਾ ਹਾਸੋਹੀਣਾ ਹੈ। ਉਹ ਅਪਰੇਸ਼ਨ ਦੀ ਮੰਗ ਇਸ ਲਈ ਕਰਦੀਆਂ ਹਨ ਕਿ ਜ਼ਿਆਦਾਤਰ ਇਸਤਰੀਆਂ ਬੱਚੇ ਦਾ ਪਾਲਣ-ਪੋਸ਼ਣ ਕਰਨ ਦੀ ਹਾਲਤ ਵਿੱਚ ਨਹੀਂ ਹੁੰਦੀਆਂ। ਲੱਖਾਂ ਕਰੋੜਾਂ ਇਸਤਰੀਆਂ ਤੋਂ ਪੁੱਛਗਿਛ ਕਰਨ ਲੈਣ ਦੇ ਬਾਅਦ ਸੋਵੀਅਤ ਵਿਗਿਆਨਕ ਇਸ ਨਤੀਜੇ 'ਤੇ ਪਹੁੰਚੇ ਕਿ ਮੌਜੂਦਾ ਸਮਾਜ ਵਿੱਚ ਮਾਤਰੀਤਵ ਦੀ ਬੜੀ ਪ੍ਰਸ਼ੰਸ਼ਾ ਕੀਤੀ ਜਾਂਦੀ ਹੈ, ਉਸ ਨੂੰ ਬੜੀ ਇੱਜ਼ਤ ਦੀ ਗੱਲ ਦੱਸਿਆ ਜਾਂਦਾ ਹੈ — ਪਰ ਸਿਰਫ਼ ਸਿਧਾਂਤ ਰੂਪ ਵਿੱਚ। ਅਮਲ ਵਿੱਚ ਬਹੁਗਿਣਤੀ ਇਸਤਰੀਆਂ ਲਈ ਇਹ ਵੱਡਾ ਜ਼ੁਰਮ ਜਿਹਾ ਬਣ ਜਾਂਦਾ ਹੈ।

ਗਰਭਵਤੀ ਇਸਤਰੀ ਨੌਕਰੀ ਤੋਂ ਹੱਥ ਧੋ ਬੈਠਦੀ ਹੈ। ਅਣਵਿਆਹੀ ਕੁੜੀ ਲਈ ਗਰਭਵਤੀ ਹੋ ਜਾਣਾ ਬੜਾ ਵੱਡਾ ਸ਼ਰਾਪ ਬਣ ਜਾਂਦਾ ਹੈ। ਜ਼ਿਆਦਾਤਰ ਇਸਤਰੀਆਂ ਦੀ ਪਰਿਵਾਰਕ ਹਾਲਤ ਇਹ ਹੁੰਦੀ ਹੈ ਕਿ ਨਵਾਂ ਬੱਚਾ ਜੰਮਿਆਂ ਨਹੀਂ ਕਿ ਉਹਨਾਂ 'ਤੇ, ਉਹਨਾਂ ਦੇ ਪਤੀਆਂ 'ਤੇ ਅਤੇ ਉਹਨਾਂ ਦੇ ਦੂਸਰੇ ਬੱਚਿਆਂ 'ਤੇ ਆਰਥਿਕ ਮੁਸ਼ਕਿਲਾਂ ਦਾ ਬੋਝ ਵੱਧ ਜਾਂਦਾ ਹੈ। ਬੱਚਾ ਹੋਣ 'ਤੇ ਪਹਿਲਾਂ ਇਸਤਰੀ ਦੀ ਚੰਗੀ ਤਰ੍ਹਾਂ ਦੇਖਭਾਲ ਨਾ ਹੋਈ ਜਾਂ ਉਹਨਾਂ ਦਾ ਚੰਗੀ ਤਰ੍ਹਾਂ ਇਲਾਜ ਨਾ ਹੋਇਆ ਤਾਂ ਉਹ ਸਦਾ ਲਈ ਬਿਮਾਰੀਆਂ ਦਾ ਸ਼ਿਕਾਰ ਬਣ ਜਾਂਦੀ ਹੈ।

ਸੋਵੀਅਤ ਰੂਸ ਵਿੱਚ ਇਸ ਹਾਲਤ ਦਾ ਅੰਤ ਕਰਨ ਲਈ ਇਨਕਲਾਬੀ ਕਦਮ ਚੁੱਕੇ ਗਏ। ਮਾਂ ਦੀ ਪੂਜਾ ਸਿਧਾਂਤ ਦੀ ਹੀ ਚੀਜ਼ ਨਹੀਂ ਰਹਿ ਗਈ। ਉਸ ਨੂੰ ਅਮਲੀ ਰੂਪ ਦਿੱਤਾ ਗਿਆ।

ਸਮਾਜਿਕ ਅਤੇ ਇਲਾਜ ਸਬੰਧੀ ਮਾਹਿਰਾਂ ਨੇ ਸੋਵੀਅਤ ਰੂਸ ਵਿੱਚ ਚੁੱਕੇ ਗਏ ਕਦਮਾਂ ਦਾ ਕਈ ਪੁਸਤਕਾਂ ਵਿੱਚ ਵਿਸਥਾਰ ਨਾਲ਼ ਵੇਰਵਾ ਦਿੱਤਾ ਹੈ। ਸੰਖੇਪ ਵਿੱਚ, ਉੱਥੇ ਅਜਿਹੇ ਕਾਨੂੰਨ ਅਤੇ ਨਿਯਮ ਬਣਾਏ ਗਏ ਜਿਨ੍ਹਾਂ ਨਾਲ਼ ਹਰੇਕ ਇਸਤਰੀ ਦੀ — ਭਾਵੇਂ ਉਹ ਵਿਆਹੀ ਹੋਵੇ ਜਾਂ ਅਣਵਿਆਹੀ-ਗਰਭਵਤੀ ਹੋਣ ਦੀ ਹਾਲਤ ਵਿੱਚ ਮੁਫਤ ਡਾਕਟਰੀ ਦੇਖਭਾਲ ਦੀ ਗਾਰੰਟੀ ਹੋਵੇ। ਉਸ ਲਈ, ਪੂਰੀ ਤਨਖਾਹ ਦੇ ਨਾਲ਼ ਛੇ ਤੋਂ ਬਾਰ੍ਹਾਂ ਹਫਤਿਆਂ ਦੀ ਛੁੱਟੀ ਦਾ ਪ੍ਰਬੰਧ ਕੀਤਾ ਗਿਆ। ਤੰਦਰੁਸਤ ਹੋਣ ’ਤੇ ਉਹ ਇਸਤਰੀ ਫਿਰ ਆਪਣੇ ਕੰਮ ’ਤੇ ਵਾਪਸ ਆ ਸਕਦੀ ਸੀ। ਜਿੱਥੇ ਵੀ ਮਾਂ ਕੰਮ ਕਰਦੀ ਹੋਵੇ ਉੱਥੇ ਦੋ ਮਹੀਨੇ ਤੋਂ ਪੰਜ ਸਾਲ ਤੱਕ ਦੀ ਉਮਰ ਦੇ ਬੱਚਿਆਂ ਦੀਆਂ ਮਾਵਾਂ ਨੂੰ ਦੁੱਧ ਪਿਲਾਉਣ ਲਈ ਦਿਨ ਵਿੱਚ ਕੰਮ ਤੋਂ ਕਈ ਘੰਟਿਆਂ ਦੀ ਛੁੱਟੀ ਦਿੱਤੀ ਜਾਣ ਦਾ ਪ੍ਰਬੰਧ ਕੀਤਾ ਗਿਆ। ਬੱਚੇ ਨੂੰ ਚੰਗੀ ਤਰ੍ਹਾਂ ਰੱਖਣ ਲਈ ਰੁਪਏ-ਪੈਸਿਆਂ ਅਤੇ ਕੱਪੜਿਆਂ ਦੀ ਮਦਦ ਦਾ ਪ੍ਰਬੰਧ ਕੀਤਾ ਗਿਆ।

ਇਹਨਾਂ ਸਭ ਗੱਲਾਂ ਦੇ ਨਾਲ਼ ਨਾਲ਼ ਸਿੱਖਿਆ ਦਾ ਜ਼ੋਰ-ਸ਼ੋਰ ਨਾਲ਼ ਪ੍ਰਚਾਰ ਸ਼ੁਰੂ ਕੀਤਾ ਗਿਆ। ਸਿੱਖਿਆ ਦਾ ਉਦੇਸ਼ ਨਾਗਰਿਕਾਂ ਦੇ ਦਿਲ ਵਿੱਚ ਇਹ ਬਿਠਾਉਣਾ ਸੀ ਕਿ ਮਾਂ ਬਣਨ ਵਿਰੁੱਧ ਸਮਾਜਿਕ ਆਰਥਿਕ ਸਜ਼ਾਵਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ; ਪ੍ਰਚਾਰ ਦਾ ਉਦੇਸ਼ ਉਹਨਾਂ ਨੂੰ ਇਹ ਸਮਝਾਉਣਾ ਸੀ ਕਿ ਹੁਣ ਹਰ ਇਸਤਰੀ ਮਾਂ ਦੀ ਉੱਚੀ ਨੈਤਿਕ ਜ਼ਿੰਮੇਵਾਰੀ ਨੂੰ ਪੂਰਾ ਕਰ ਸਕੇਗੀ, ਕਿ ਹੁਣ ਉਹ ਮਾਂ ਬਣਨ ਦੇ ਨਾਲ਼ ਨਾਲ਼ ਨਵੇਂ ਸਮਾਜ ਦੀ ਕਿਰਿਆਸ਼ੀਲ ਨਾਗਰਿਕ ਹੋਣ ਦਾ ਮਾਣ ਵੀ ਕਾਇਮ ਰੱਖ ਸਕੇਗੀ।

ਨੈਤਿਕਤਾ ਵਿੱਚ ਇਹ ਇੱਕ ਨਵਾਂ ਪ੍ਰਯੋਗ ਸੀ। ਇਹ ਮਨੁੱਖੀ ਸੁਭਾਅ ਨੂੰ ਸੁਧਾਰਨ ਦਾ ਪ੍ਰਯੋਗ ਸੀ। ਇਹ ਪ੍ਰਯੋਗ ਉਸ ਦੇਸ਼ ਵਿਚ ਸ਼ੁਰੂ ਹੋਇਆ ਸੀ ਜਿੱਥੇ ਹਰ ਸਾਲ ਮਰਨ ਵਾਲੇ ਬੱਚਿਆਂ ਦੀ ਗਿਣਤੀ ਅਥਾਹ ਸੀ, ਲਗਭਗ ਓਨੀ ਹੀ ਜਿੰਨੀ ਅੱਜ ਕੱਲ੍ਹ ਕਿਊਬੇਕ ਅਤੇ ਭਾਰਤ ਵਿੱਚ ਹੈ। ਪਰ, ਹੁਣ ਰੂਸ ਵਿੱਚ ਹਰ ਸਾਲ ਮਰਨ ਵਾਲੇ ਬੱਚਿਆਂ ਅਤੇ ਮਾਵਾਂ ਦੀ ਗਿਣਤੀ ਦੁਨੀਆਂ ਵਿੱਚ ਸਭ ਤੋਂ ਘੱਟ ਹੈ। ਸੋਵੀਅਤ ਰੂਸ ਵਿੱਚ ਹਰ ਸਾਲ ਲਗਭਗ ਸੱਠ ਲੱਖ ਬੱਚੇ ਜਨਮ ਲੈਂਦੇ ਹਨ। ਇਹਨਾਂ ਵਿੱਚ ਅਣਵਿਆਹੀਆਂ ਮਾਵਾਂ ਤੋਂ ਜਨਮ ਲੈਣ ਵਾਲ਼ੇ ਬੱਚਿਆਂ ਦੀ ਗਿਣਤੀ ਨਾ ਦੇ ਬਰਾਬਰ ਹੈ। ਭਰੂਣ-ਹੱਤਿਆਵਾਂ ਨੂੰ ਕਾਨੂੰਨੀ ਤੌਰ ’ਤੇ ਤਾਂ ਬੰਦ ਕਰ ਹੀ ਦਿੱਤਾ ਗਿਆ ਹੈ, ਮਹੱਤਵ ਦੀ ਗੱਲ ਇਹ ਹੈ ਕਿ ਭਰੂਣ-ਹੱਤਿਆਵਾਂ ਸੱਚਮੁੱਚ ਬੰਦ ਹੋ ਗਈਆਂ ਹਨ।

ਇਸ ਇਤਿਹਾਸਕ ਪ੍ਰਯੋਗ ਨੇ ਯੌਨ ਵਿਹਾਰ ਸਬੰਧੀ ਨੈਤਿਕਤਾ ਦੀ ਨਵੀਂ ਵਿਚਾਰਧਾਰਾ ਤਿਆਰ ਕਰਨ ਵਿੱਚ ਕਿਹੜੀ ਭੂਮਿਕਾ ਅਦਾ ਕੀਤੀ ? ਹੁਣ ਅਸੀਂ ਇਹ ਦੇਖਾਂਗੇ। ਇਸ ਦਾ ਸਬੰਧ ਵਿਆਹ ਅਤੇ ਪਰਿਵਾਰ ਨਾਲ ਹੈ।

ਮਾਤਰੀਤਵ ਦੇ ਰਸਤੇ ਆਉਣ ਵਾਲੀਆਂ ਆਰਥਿਕ ਮੁਸ਼ਕਿਲਾਂ ਨੂੰ ਹਟਾ ਦੇਣ ਨਾਲ਼ ਨੈਤਿਕਤਾ ’ਤੇ ਜਿਹੜਾ ਅਸਰ ਪਿਆ ਉਹ ਫੌਰੀ ਸੀ ਅਤੇ ਆਸਾਨੀ ਨਾਲ ਸਮਝ ਵਿੱਚ ਆਉਣ ਵਾਲਾ ਸੀ। ਵੇਸ਼ਵਾਗਮਨੀ ਦੀਆਂ ਜੜ੍ਹਾਂ ਸਾਰੀ ਕੌਮ ਤੋਂ ਖਤਮ ਕੀਤੀਆਂ ਜਾ ਰਹੀਆਂ ਸਨ। ਇਸੇ ਸਮੇਂ ਵਿੱਚ ਮਾਤਰੀਤਵ ਸਬੰਧੀ ਨਵੇਂ ਨਿਯਮ ਬਣੇ। ਇਹਨਾਂ ਨਿਯਮਾਂ ਨੇ

ਇਸਤਰੀਆਂ ਦੀ ਲੁੱਟ ਦੇ ਵੱਖ-ਵੱਖ ਰੂਪਾਂ ਨੂੰ ਖਤਮ ਕਰਨ ਦੇ ਘੋਲ ਨੂੰ ਸਫਲਤਾ ਦੀ ਮੰਜ਼ਿਲ ’ਤੇ ਪਹੁੰਚਾ ਦਿੱਤਾ। ਇਸਤਰੀਆਂ ਨੂੰ ਬਰਾਬਰ ਹੱਕ ਇੱਕ ਠੋਸ ਸੱਚ ਬਣ ਗਿਆ। ਸਿੱਟੇ ਵਜੋਂ ਵਿਆਹਾਂ ਦੀ ਸੰਖਿਆ ਵਿੱਚ ਇੱਕੋਂ ਦਮ ਵਾਧਾ ਹੋਇਆ। ਵਿਆਹ ਦੇ ਵਿਰੁੱਧ ਆਰਥਿਕ ਰੋਕਾਂ ਲਾਪਤਾ ਹੋ ਗਈਆਂ। ਪਹਿਲੀ ਵਾਰ ਇਹ ਸੱਚਾਈ ਸਾਹਮਣੇ ਆਈ ਕਿ “ਦੋ ਇਨਸਾਨ ਓਨੇ ਹੀ ਖਰਚੇ ਵਿੱਚ ਗੁਜ਼ਾਰਾ ਕਰ ਸਕਦੇ ਹਨ ਜਿੰਨੇ ਵਿੱਚ ਇੱਕ।” ਨਵੇਂ ਪ੍ਰੇਮੀਆਂ ਨੇ ਵੀ ਇਹ ਦੇਖਿਆ ਕਿ ਵਿਆਹ ਕਰ ਲੈਣਾ ਅਤੇ ਬਾਲ-ਬੱਚਿਆਂ ਦੇ ਨਾਲ਼ ਜ਼ਿੰਦਗੀ ਬਿਤਾਉਣਾ ਸਹਿਲ ਵੀ ਹੈ ਅਤੇ ਵਧੀਆਂ ਵੀ। ਵਿਦਿਆਰਥੀਆਂ ਤੱਕ ਨੂੰ ਤਨਖਾਹਾਂ ਮਿਲਦੀਆਂ ਸਨ। ਦੂਸਰੇ ਕਿਰਤੀਆਂ ਵਾਂਗ ਉਨ੍ਹਾਂ ਨੂੰ ਵੀ ਸਮਾਜਿਕ ਸੁਰੱਖਿਆ ਹਾਸਲ ਸੀ। ਨਵੀਂ ਪੀੜ੍ਹੀ ’ਤੇ ਇਸ ਦਾ ਬੜਾ ਵਧੀਆਂ ਅਸਰ ਪਿਆ। ਅੱਧ ਬੁੱਢੇ ਹੋ ਜਾਣ ’ਤੇ ਵਿਆਹ ਲਈ ਹੱਥ-ਪੈਰ ਮਾਰਨ ਦਾ ਖਤਰਾ ਜਾਂਦਾ ਰਿਹਾ। ਨੌਜਵਾਨਾਂ ਨੂੰ ਜੀਵਨ ਉਸਾਰੀ ਦੇ ਸਭ ਤੋਂ ਮਹੱਤਵਪੂਰਨ ਦੌਰ ਵਿੱਚ ਵਿਆਹੁਤਾ ਪਿਆਰ ਅਤੇ ਪਿਤਾ ਦਾ ਉਹ ਬਹੁਕੀਮਤੀ ਤਜ਼ਰਬਾ ਮਿਲਿਆ ਜੋ ਬਹੁਤ ਹੀ ਸੰਤੋਖਜਨਕ ਸੀ। ਇਸ ਪ੍ਰਯੋਗ ਦਾ ਜੋ ਸਿੱਟਾ ਨਿਕਲਿਆ ਉਸ ਨਾਲ਼ ਸੋਵੀਅਤ ਵਿਗਿਆਨਕਾਂ ਦੀ ਇਹ ਗੱਲ ਸੱਚੀ ਸਾਬਤ ਹੋਈ ਕਿ ਅਨੈਤਿਕਤਾ ਅਤੇ ਯੌਨ ਵਿਭਚਾਰ “ਮਨੁੱਖ ਦੀ ਤਾਮਸਿਕ ਪ੍ਰਵਿਰਤੀ” ਵਿੱਚ ਜੰਮੇ ਹੋਏ ਨਹੀਂ ਹਨ। ਇਹ ਸੱਚ ਸਾਬਤ ਹੋਇਆ ਕਿ ਨੈਤਿਕ ਅਤੇ ਤੰਦਰੁਸਤ ਜੀਵਨ ਦੇ ਬਦਲੇ ਇਹ ਬੜੀਆਂ ਘੋਟੀਆਂ ਚੀਜ਼ਾਂ ਹਨ। ਉਹਨਾਂ ਦਾ ਕਹਿਣਾ ਸੀ ਕਿ ਅਨੈਤਿਕ ਸਮਾਜਿਕ ਅਤੇ ਆਰਥਿਕ ਢਾਂਚਾ ਵਿਭਚਾਰ ਨੂੰ ਲੋਕਾਂ ’ਤੇ ਲੱਦਦਾ ਹੈ ਅਤੇ ਵਿਆਹ ਅਤੇ ਮਾਤਰੀਤਵ ਪਿਤਰੀਤਵ ਨੂੰ ਇੱਕ ਬੋਝ ਬਣਾ ਦਿੰਦੀ ਹੈ। ਇਸਤਰੀਆਂ ਅਤੇ ਪੁਰਸ਼ਾਂ, ਦੋਵਾਂ ’ਤੇ ਹੀ, ਇਹ ਗੱਲ ਲਾਗੂ ਹੁੰਦੀ ਸੀ। ਸੋਵੀਅਤ ਰੂਸ ਵਿੱਚ 20 ਸਾਲਾਂ ਦੇ ਅੰਦਰ ਹੀ ਇਸਤਰੀਆਂ ਅਤੇ ਪੁਰਸ਼ਾਂ ਦੀ ਨੈਤਿਕਤਾ ਦੇ ਮਾਨਦੰਡਾਂ ਦਾ ਫਰਕ ਗਾਇਬ ਹੋ ਗਿਆ। ਪੁਰਸ਼ਾਂ ਦੀ ਸਮਝ ਵਿੱਚ ਆ ਗਿਆ ਕਿ ਵਿਆਹ ਅਤੇ ਮਾਤਰੀਤਵ ਦੇ ਰਸਤੇ ਦੀਆਂ ਰੁਕਾਵਟਾਂ ਦੇ ਦੂਰ ਹੋਣ ਅਤੇ ਇਸਤਰੀਆਂ ਦੀ ਪੂਰਨ ਆਰਥਿਕ ਅਤੇ ਸਮਾਜਿਕ ਅਜ਼ਾਦੀ ਦੇ ਨਾਲ਼ ਹੀ ਉਹਨਾਂ ਦੀ ਵੀ ਅਨੈਤਿਕ ਪ੍ਰਭਾਵਾਂ ਤੋਂ ਮੁਕਤੀ ਹੋ ਰਹੀ ਹੈ।

ਸੋਵੀਅਤ ਰੂਸ ਵਿੱਚ ਤਲਾਕ ਸਬੰਧੀ ਕਾਨੂੰਨ ਵੀ ਇਸੇ ਪ੍ਰਕਿਰਿਆ ਦਾ ਇੱਕ ਅਨਿੱਖੜ ਅੰਗ ਸਨ। ਜਿਨ੍ਹਾਂ ਕਾਨੂੰਨਾਂ ਦਾ ਸਾਡੇ ਦੇਸ਼ ਵਿੱਚ ਇੰਨੇ ਜ਼ੋਰ-ਸ਼ੋਰ ਨਾਲ਼ ਵਿਰੋਧ ਕੀਤਾ ਜਾਂਦਾ ਹੈ ਉਹਨਾਂ ਦਾ ਉਦੇਸ਼ ਸੋਵੀਅਤ ਰੂਸ ਵਿੱਚ ਠੀਕ ਉਸ ਦਾ ਉਲਟਾ ਸੀ ਜੋ ਇਹਨਾਂ ਕਾਨੂੰਨਾਂ ਦੇ ਵਿਦੇਸ਼ੀ ਆਲੋਚਕ ਦੱਸਦੇ ਹਨ।

ਸੋਵੀਅਤ ਰੂਸ ਵਿੱਚ ਤਲਾਕ ਦਾ ਉਦੇਸ਼, ਅਸਲ ਵਿੱਚ, ਵਿਆਹ ਅਤੇ ਪਰਿਵਾਰ ਨੂੰ ਮਜਬੂਤ ਬਣਾਉਣਾ ਸੀ। ਇਹ ਨੀਤੀ ਪਿਆਰ ਅਤੇ ਵਿਆਹ ਦੇ ਉਸ ਇਤਿਹਾਸਕ ਵਿਸ਼ਲੇਸ਼ਣ ’ਤੇ ਅਧਾਰਿਤ ਸੀ ਜਿਸ ਦਾ ਅਸੀਂ ਪਹਿਲਾਂ ਵੇਰਵਾ ਦੇ ਚੁੱਕੇ ਹਾਂ। ਜਿਵੇਂ ਕਿ ਸਾਰੇ ਜਾਣਦੇ ਹਨ, ਸ਼ੁਰੂ-ਸ਼ੁਰੂ ਵਿੱਚ ਸੋਵੀਅਤ ਰੂਸ ਵਿੱਚ ਤਲਾਕ ਸਬੰਧੀ ਨਿਯਮ ਬੜੇ ਹੀ ਨਰਮ ਸਨ; ਵਿਆਹੁਤਾ ਪੱਖਾਂ ਵਿੱਚੋਂ ਇੱਕ ਪੱਖ ਰਜਿਸ਼ਟਰੇਸ਼ਨ ਦਫ਼ਤਰ ਦੁਆਰਾ ਦੂਸਰੇ ਪੱਖ ਨੂੰ ਸੂਚਨਾ ਦੇ ਦੇਵੇ ਕਿ ਵਿਆਹ ਸਬੰਧ ਖਤਮ ਹੋ ਗਿਆ ਹੈ; ਬਸ, ਇਸ ਦੇ ਇਲਾਵਾ ਹੋਰ ਕੋਈ

ਅਦਾਲਤੀ ਕਾਰਵਾਈ ਨਹੀਂ ਹੁੰਦੀ ਸੀ। ਜੇਕਰ ਕੋਈ ਬੱਚਾ ਮੌਜੂਦ ਹੋਇਆ ਤਾਂ ਉਸ ਦੀ ਦੇਖਭਾਲ ਦਾ ਪ੍ਰਬੰਧ ਕਰ ਦਿੱਤਾ ਜਾਂਦਾ ਸੀਅਤੇ ਇਸ ਕੰਮ ਵਿੱਚ ਲਗਭਗ ਓਨਾਂ ਹੀ ਖਰਚਾ ਹੁੰਦਾ ਸੀ ਜਿੰਨਾ ਕਿਸੇ ਨਾਟਕਘਰ ਵਿੱਚ ਵੜਨ ਲਈ ਟਿਕਟ ਵਿੱਚ। ਪਿਆਰ 'ਤੇ ਅਧਾਰਿਤ ਨਾ ਹੋਣ ਵਾਲੇ ਵਿਆਹ ਸਬੰਧਾਂ ਨੂੰ ਭੰਗ ਕਰਨ ਲਈ ਤਲਾਕ ਨੂੰ ਇੱਕ ਨੈਤਿਕ ਹੱਕ, ਮੰਨਦੇ ਹੋਏ ਸੋਵੀਅਤ ਕਾਨੂੰਨ-ਨਿਰਮਾਤਾਵਾਂ ਨੇ ਇਸ ਤਰਕ ਨੂੰ ਚਰਮ ਸੀਮਾ ਤੱਕ ਪਹੁੰਚਾ ਦਿੱਤਾ। ਉਹਨਾਂ ਨੇ ਪਿਆਰ ਨੂੰ ਹੀ ਵਿਆਹ ਦਾ ਇੱਕੋ-ਇੱਕ ਅਧਾਰ ਐਲਾਨਿਆ। ਉਹਨਾਂ ਨੇ ਸਾਰੀਆਂ ਮੁਸ਼ਕਿਲਾਂ ਨੂੰ ਰਸਤੇ ਤੋਂ ਹਟਾ ਦਿੱਤਾ। ਤਲਾਕ ਦੇ ਰਸਤੇ ਵਿੱਚ ਜੋ ਵੀ ਕਾਨੂੰਨੀ ਅਤੇ ਆਰਥਿਕ ਮੁਸ਼ਕਿਲਾਂ ਸਨ, ਉਹਨਾਂ ਨੂੰ ਦੂਰ ਕਰ ਦਿੱਤਾ। ਇਸ ਤਰਕ ਦੇ ਹੇਠਾਂ ਇੱਕ ਡੂੰਘੀ ਸੱਚਾਈ ਲੁਕੀ ਹੋਈ ਸੀ। ਉਹ ਜਾਣਦੇ ਹਨ ਕਿ ਵਿਆਹੁਤਾ ਸਬੰਧਾਂ ਤੋਂ ਅਲੱਗ ਜਦੋਂ ਇਸਤਰੀ ਜਾਂ ਪੁਰਸ਼ ਯੌਨ ਸਬੰਧਾਂ ਵਿੱਚ ਬੱਝਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਇਸ ਦਾ ਮਤਲਬ ਇਹ ਹੁੰਦਾ ਹੈ ਕਿ ਉਹਨਾਂ ਦਾ ਵਿਆਹ ਸਬੰਧ ਪਿਆਰ 'ਤੇ ਅਧਾਰਿਤ ਨਹੀਂ ਹੈ। ਅਨੈਤਿਕ ਯੌਨ ਸਬੰਧਾਂ ਦੇ ਸਭ ਤੋਂ ਭੱਦੇ ਰੂਪ ਵਿਭਚਾਰ ਅਤੇ ਵੇਸ਼ਵਾਗਮਨੀ ਹੁੰਦੇ ਹਨ।

ਕਹਿਣ ਦਾ ਮਤਲਬ ਇਹ ਕਿ ਸੋਵੀਅਤ ਰੂਸ ਵਿੱਚ ਤਲਾਕ ਨੂੰ ਪਿਆਰ-ਰਹਿਤ ਵਿਆਹਾਂ ਨੂੰ ਰੋਕਣ-ਭਾਵ ਅਨੈਤਿਕ ਵਿਆਹਾਂ ਨੂੰ ਰੋਕਣ — ਦਾ ਤਰੀਕਾ ਬਣਾਇਆ ਗਿਆ। ਜ਼ਾਰਸ਼ਾਹੀ ਜ਼ਮਾਨੇ ਦੀ ਹੀ ਵਸੀਅਤ ਇਹ ਅਨੈਤਿਕ ਵਿਆਹ ਸਨ। ਬੇਰੋਕ ਤਲਾਕ ਨੇ ਇਹਨਾਂ ਨੂੰ ਖ਼ਤਮ ਕਰਨ ਦਾ ਕੰਮ ਕੀਤਾ। ਬੇਰੋਕ ਤਲਾਕ ਨੇ ਪਿਆਰ 'ਤੇ ਅਧਾਰਿਤ ਵਿਆਹ ਸਬੰਧਾਂ ਨੂੰ ਹੱਲਾਸ਼ੇਰੀ ਦਿੱਤੀ।

ਜ਼ਾਹਿਰ ਹੈ ਕਿ ਇਸ ਤਰਕ ਦੀਆਂ ਆਪਣੀਆਂ ਗੰਭੀਰ ਸੀਮਾਵਾਂ ਹਨ ਅਤੇ ਬਹੁਤ ਸਾਰੇ ਲੋਕ ਇਸ ਦੀਆਂ ਧੱਜੀਆਂ ਉਡਾਉਣ 'ਤੇ ਉਤਾਰੂ ਹੋ ਜਾਣਗੇ। ਕਾਰਨ ਇਹ ਕਿ ਅਸੀਂ ਆਸਾਨੀ ਨਾਲ਼ ਅੰਦਾਜ਼ਾਂ ਲਗਾ ਸਕਦੇ ਹਾਂ ਕਿ ਸੌਖੇ ਤਲਾਕ ਕਾਨੂੰਨਾਂ ਨੂੰ ਸਾਡੇ ਦੇਸ਼ ਵਿੱਚ ਇੱਕ ਇੱਕ ਕਰਕੇ ਅਤੇ ਪੂਰੀ ਤਰ੍ਹਾਂ ਲਾਗੂ ਕਰ ਦਿੱਤਾ ਗਿਆ ਤਾਂ ਕਿਹੋ-ਜਿਹਾ ਨਜ਼ਾਰਾ ਦੇਖਣ ਵਿੱਚ ਆਏਗਾ। ਨਜ਼ਾਰਾ ਇਹ ਦੇਖਣ ਵਿੱਚ ਆਏਗਾ ਕਿ ਕੁੱਝ ਅਰਸੇ ਲਈ ਤਾਂ ਵਿਆਹ-ਪ੍ਰਥਾ ਦੀਆਂ ਜੜ੍ਹਾਂ ਹੀ ਪੁੱਟ ਦਿੱਤੀਆਂ ਜਾਣਗੀਆਂ। ਕਾਰਨ ਇਹ ਇੱਕ ਕੌੜਾ ਸੱਚ ਹੈ ਕਿ ਸਾਡੇ ਦੇਸ਼ ਵਿੱਚ ਅਜੇ ਵੀ ਬਹੁਤ ਸਾਰੇ ਵਿਆਹ ਸਬੰਧ ਕਾਇਮ ਹਨ ਤਾਂ ਸਿਰਫ਼ ਇਸ ਲਈ ਕਿ ਤਲਾਕ ਲੈਣ ਵਿੱਚ ਕਈ ਕਾਨੂੰਨੀ ਅਤੇ ਆਰਥਿਕ ਮੁਸ਼ਕਿਲਾਂ ਅੱਗੇ ਆਉਂਦੀਆਂ ਹਨ।

ਰੂਸ ਵਿੱਚ ਇਨਕਲਾਬ ਦੇ ਬਾਅਦ ਕਈ ਸਾਲਾਂ ਤੱਕ ਇਹੀ ਹੋਇਆ ਵੀ। ਪਰ, ਪਿਛਲੇ ਦਸ ਸਾਲਾਂ ਵਿੱਚ ਸੋਵੀਅਤ ਰੂਸ ਵਿੱਚ ਤਲਾਕ ਦੀ ਦਰ ਬਹੁਤ ਤੇਜ਼ੀ ਨਾਲ਼ ਘੱਟ ਹੋਈ ਹੈ। ਹੁਣ ਜ਼ਰਾ ਦੂਸਰੇ ਦੇਸ਼ਾਂ ਨਾਲ਼ ਮੁਕਾਬਲਾ ਕਰੋ : ਤਲਾਕਾਂ ਦੀ ਸੰਖਿਆ ਵਿੱਚ ਦੂਸਰੇ ਵਿੱਚ ਬੇਹੱਦ ਵਾਧਾ ਹੋਇਆ ਹੈ। ਤਲਾਕ ਦੇ ਕਾਨੂੰਨਾਂ ਦੀ ਸਖ਼ਤੀ ਘੱਟ ਕਰਨ ਦਾ ਦਬਾਅ ਵੱਧ ਰਿਹਾ ਹੈ। ਇਸ ਨਾਲ਼ ਤਲਾਕਾਂ ਦੇ ਵਾਧੇ ਵਿੱਚ ਹੋਰ ਵੀ ਮਦਦ ਮਿਲੀ ਹੈ ਅਤੇ ਇਹ ਓਦੋਂ ਕਿ ਪਾਦਰੀ ਅਤੇ ਪੁਰੋਹਿਤ ਤਲਾਕਾਂ ਦਾ ਵਿਰੋਧ ਕਰਨ ਵਿੱਚ ਅੱਡੀ ਚੋਟੀ ਦਾ ਪਸੀਨਾ ਇੱਕ

ਕਰੀ ਜਾ ਰਹੇ ਹਨ। ਸੋਵੀਅਤ ਰੂਸ ਵਿੱਚ ਅੱਜ ਤਲਾਕ ਦੇ ਹਾਮੀਆਂ ਦੀ ਸੰਖਿਆ ਓਨੀ ਨਹੀਂ ਜਿੰਨੀ ਪਹਿਲਾਂ ਸੀ। ਵਿਆਹ ਪ੍ਰਥਾ ਨੇ ਹੋਰ ਜ਼ਿਆਦਾ ਮਜਬੂਤੀ ਫੜੀ ਹੈ। ਇਸ ਦਾ ਕਾਰਨ ਇੱਕ ਨਵੀਂ ਸਮਾਜਿਕ ਨੈਤਿਕਤਾ ਦੀ ਤਾਕਤ ਹੈ। ਇਸ ਨੈਤਿਕਤਾ ਦਾ ਇੱਕ ਲੱਛਣ ਇਹ ਹੈ ਕਿ ਜੋ ਲੋਕ ਵਾਰ-ਵਾਰ ਵਿਆਹ ਕਰਨ ਲਈ ਭੱਜਦੇ ਹਨ ਉਹਨਾਂ ਨੂੰ ਬਹੁਤਿਆਂ ਦੀ ਖਰੀ-ਖੋਟੀ ਸੁਣਨੀ ਪੈਂਦੀ ਹੈ। ਪਿਆਰ ਦੀ ਨੈਤਿਕਤਾ 'ਤੇ ਉੱਥੇ ਕਾਫ਼ੀ ਜ਼ੋਰ ਦਿੱਤਾ ਜਾਂਦਾ ਹੈ। ਉੱਥੇ ਸੱਚੇ ਪਿਆਰ ਦੀ ਸਥਿਰਤਾ 'ਤੇ ਜ਼ੋਰ ਦਿੱਤਾ ਜਾਂਦਾ ਹੈ। ਜ਼ੋਰ ਇਸ ਸਰੀਰਿਕ ਮਾਨਸਿਕ ਤੱਥ 'ਤੇ ਦਿੱਤਾ ਜਾਂਦਾ ਹੈ ਕਿ ਆਪਣੇ ਉੱਚਤਮ ਰੂਪ ਵਿੱਚ ਯੌਨ ਸਬੰਧ "ਖਾਸ ਤੌਰ 'ਤੇ ਦੋ ਵਿਅਕਤੀਆਂ ਲਈ" ਹੁੰਦਾ ਹੈ। ਇਹ ਸਬੰਧ ਪਰਸਪਰ ਪਿਆਰ 'ਤੇ ਅਧਾਰਿਤ ਵਿਆਹੁਤਾ ਜੀਵਨ ਵਿੱਚ ਹੀ ਆਪਣੇ ਉੱਚਤਮ ਨਿਖਾਰ 'ਤੇ ਪਹੁੰਚ ਸਕਦਾ ਹੈ — ਓਦੋਂ ਹੋਰ ਵੀ ਜਦੋਂ ਘਰ ਬੱਚਿਆਂ ਨਾਲ਼ ਗੁਲਜ਼ਾਰ ਹੋਵੇ।

1944 ਦੀਆਂ ਗਰਮੀਆਂ ਵਿੱਚ ਮਾਸਕੋ ਵਿੱਚ ਵਿਆਹ ਅਤੇ ਮਾਤਰੀਤਵ ਸਬੰਧੀ ਕੁੱਝ ਕਾਨੂੰਨ ਪਾਸ ਕੀਤੇ ਗਏ। ਇਨ੍ਹਾਂ ਕਾਨੂੰਨਾਂ ਦੇ ਸਬੰਧ ਵਿੱਚ ਦੁਨੀਆਂ ਦੇ ਦੂਸਰੇ ਜਮਹੂਰੀ ਦੇਸ਼ਾਂ ਵਿੱਚ ਪਿਛਲੇ ਕੁੱਝ ਦਿਨਾਂ ਤੋਂ ਬਹੁਤ ਦਿਲਚਸਪੀ ਵੱਧ ਗਈ ਹੈ। ਇਹਨਾਂ ਨਵੇਂ ਕਾਨੂੰਨਾਂ ਦੀ ਕਿੰਨੇ ਹੀ ਲੋਕਾਂ ਨੇ ਚਰਚਾ ਕੀਤੀ ਹੈ। ਸੋਵੀਅਤ ਰੂਸ ਦੇ ਕੁੱਝ "ਮਿੱਤਰਾਂ" ਦੀ ਇਹ ਜਾਣ ਕੇ ਚਿੰਤਾ ਬਹੁਤ ਵੱਧ ਗਈ ਕਿ ਹੁਣ ਉੱਥੇ ਤਲਾਕ ਲਿਫਾਫਾ - ਪੋਸਟਕਾਰਡ ਵਾਂਗ ਨਹੀਂ 'ਖਰੀਦਿਆਂ' ਜਾ ਸਕਦਾ। ਪਰ ਜ਼ਿਆਦਾਤਰ ਚਰਚਾਵਾਂ ਵਿੱਚ ਸੰਤੋਖ ਹੀ ਜ਼ਾਹਿਰ ਕੀਤਾ ਗਿਆ ਹੈ। ਵਿਰੋਧੀ ਨੇ ਲੇਖਕਾਂ ਨੇ ਸਤਾਲਿਨ ਵੱਲ ਉਂਗਲ ਕਰਦੇ ਹੋਏ ਸਾਨੂੰ ਸੂਚਿਤ ਕੀਤਾ ਹੈ, "ਰੂਸ ਵਿੱਚ ਵੀ ਜ਼ਿੰਦਗੀ ਦਾ ਢੰਗ ਹੁਣ ਸਾਡੀ ਜ਼ਿੰਦਗੀ ਵਰਗਾ ਹੋ ਰਿਹਾ ਹੈ।"

ਹੈ ਨਾ ਬਦਮਾਸ਼ੀ!

ਵੇਸ਼ਵਾਗਮਨੀ ਐਤ ਵਿਭਚਾਰ ਦਾ ਸਾਡੇ ਦੇਸ਼ਾਂ ਵਿੱਚ ਵਾਧਾ ਹੋ ਰਿਹਾ ਹੈ। ਯੌਨ ਰੋਗਾਂ ਦੀ ਰੋਗਥਾਮ ਦੀਆਂ ਕੋਸ਼ਿਸ਼ਾਂ ਅਸਫਲ ਹੋ ਰਹੀਆਂ ਹਨ। ਸ਼ਰਾਬਖੋਰੀ ਦਿਨ ਦੋਗੁਣੀ ਰਾਤ ਚੌਗੁਣੀ ਵੱਧ ਰਹੀ ਹੈ। ਭਰੂਣ-ਹੱਤਿਆਵਾਂ ਦੀ ਦਰ ਵੱਧਦੀ ਜਾ ਰਹੀ ਹੈ। ਤਲਾਕਾਂ ਵਿੱਚ ਵੀ ਇਸ ਤਰ੍ਹਾਂ ਵਾਧਾ ਜਾਰੀ ਹੈ.... ਉਸ 'ਤੇ ਇਹਨਾਂ ਚਰਚਾਕਾਰਾਂ ਦੀ ਅੱਤ ਤਾਂ ਦੇਖੋ। ਕਹਿੰਦੇ ਹਨ, ਰੂਸ ਵਿੱਚ ਵੀ ਹੁਣ ਸਾਡੇ ਵਰਗੀ ਹਾਲਤ ਹੋ ਰਹੀ ਹੈ! ਮਤਲਬ ਇਹ ਹੈ ਕਿ ਰੂਸੀ ਵੀ ਅਨੈਤਿਕਤਾ ਵਿੱਚ ਸਾਡੀ ਨਕਲ ਕਰ ਰਹੇ ਹਨ!

ਸੱਚੀ ਗੱਲ ਇਹ ਹੈ ਕਿ ਸੋਵੀਅਤ ਰੂਸ ਦੇ ਇਹ ਵਿਆਹ, ਮਾਤਰੀਤਵ, ਤਲਾਕ ਅਤੇ ਗਰਭਪਾਤ ਸਬੰਧੀ ਸਾਰੇ ਕਾਨੂੰਨ ਨੈਤਿਕਤਾ ਦੀ ਉਸੇ ਵਿਗਿਆਨਕ ਪ੍ਰਗਤੀ ਦਾ ਹੋਰ ਜ਼ਿਆਦਾ ਵਿਕਾਸ ਹਨ ਜਿਸ ਦਾ ਵਰਣਨ ਅਸੀਂ ਇਸ ਕਿਤਾਬ ਵਿੱਚ ਕਰਦੇ ਆਏ ਹਾਂ।

ਵਿਆਹ ਸੋਵੀਅਤ ਰੂਸ ਵਿੱਚ ਪਿਆਰ ਦੀ ਨੈਤਿਕ ਬੁਨਿਆਦ 'ਤੇ ਬੜੀ ਮਜ਼ਬੂਤੀ ਨਾਲ਼ ਅਧਾਰਿਤ ਹੋ ਗਿਆ ਹੈ। ਸੋਵੀਅਤ ਰੂਸ ਵਿੱਚ ਕੁੱਝ ਸਾਲ ਪਹਿਲਾਂ ਗਰਭਪਾਤ ਵਿਰੁੱਧ ਕਾਨੂੰਨ ਫਿਰ ਜਾਰੀ ਕਰ ਦਿੱਤੇ ਗਏ ਸਨ, **ਪਰ ਓਦੋਂ ਜਦੋਂ ਭਰੂਣ-ਹੱਤਿਆਵਾਂ ਦੀ ਪੂਰੀ ਰੋਕਥਾਮ ਕਰ ਲਈ ਗਈ ਸੀ।** ਉਸੇ ਤਰ੍ਹਾਂ ਹੁਣ ਤਲਾਕ ਕਾਨੂੰਨਾਂ ਨੂੰ ਸਖਤ ਕਰਨਾ ਸੰਭਵ ਅਤੇ

ਜ਼ਰੂਰੀ ਹੋ ਗਿਆ ਹੈ ਕਿਉਂਕਿ ਮੁਫ਼ਤ ਅਤੇ ਸੌਖੇ ਤਲਾਕ ਦੀ ਜੋ ਪਹਿਲਾਂ ਜ਼ਰੂਰਤ ਸੀ, ਉਹ ਹੁਣ ਨਹੀਂ ਰਹੀ। ਇਸ ਦਾ ਪਹਿਲਾ ਕਾਰਨ ਇਹ ਹੈ ਕਿ ਵਿਆਹਾਂ ਦੀ ਅਸਫਲਤਾ ਦੇ ਆਰਥਿਕ, ਨੈਤਿਕ ਅਤੇ ਸਮਾਜਿਕ ਕਾਰਨਾਂ ਨੂੰ ਦੂਰ ਕਰ ਦਿੱਤਾ ਗਿਆ ਹੈ; ਦੂਸਰਾ ਇਹ ਕਿ ਇਸ ਹਾਲਤ ਦੀ ਦੇਸ਼ ਦੇ ਵਿਧਾਨ ਵਿੱਚ, ਖੁੱਲਮਖੁੱਲ੍ਹੀ ਮਾਨਤਾ ਦੀ ਜ਼ਰੂਰਤ ਹੈ। ਇਹ ਹੀ ਹਨ ਉਹ ਸਾਧਾਰਨ ਅਤੇ ਤਾਰਕਿਕ ਕਾਰਨ ਜਿਨ੍ਹਾਂ ਦੇ ਕਾਰਨ ਆਪਣੇ ਤਲਾਕ ਕਾਨੂੰਨਾਂ ਵਿੱਚ ਸੋਵੀਅਤ ਰੂਸ ਨੇ ਰੱਦੋਬਦਲ ਕੀਤੀ ਹੈ। ਉਹਨਾਂ ਨੇ ਸ਼ੁਰੂ-ਸ਼ੁਰੂ ਵਿੱਚ ਤਲਾਕ ਕਾਨੂੰਨਾਂ ਦੀ ਸਖਤੀ ਨੂੰ ਘੱਟ ਨਹੀਂ ਕੀਤਾ ਸੀ, ਕਿਉਂਕਿ ਜਿਵੇਂ ਸਾਨੂੰ ਦੱਸਿਆ ਗਿਆ ਸੀ, ਸਮਾਜਵਾਦ ਦਾ ਇਹੀ ਤਕਾਜ਼ਾ ਸੀ। ਇਹ ਕਾਨੂੰਨ ਅਸਥਾਈ ਕਾਨੂੰਨ ਸਨ ਅਤੇ ਇਹਨਾਂ ਦਾ ਉਦੇਸ਼ ਸੀ ਤਲਾਕਾਂ ਨੂੰ ਖਤਮ ਕਰ ਦੇਣ ਜਾਂ ਤਲਾਕਾਂ ਦੀ ਸੰਖਿਆ ਨੂੰ ਬੇਹੱਦ ਘੱਟ ਕਰ ਦੇਣ ਲਈ ਰਸਤਾ ਤਿਆਰ ਕਰਨਾ।

18 ਦਸੰਬਰ 1917 ਨੂੰ ਸੋਵੀਅਤ ਅਧਿਕਾਰੀਆਂ ਨੇ ਦੋ ਅਜਿਹੇ ਕਾਨੂੰਨ ਪਾਸ ਕੀਤੇ, ਜਿਨ੍ਹਾਂ ਨੂੰ ਲੈ ਕੇ ਦੁਨੀਆਂ ਵਿੱਚ ਬੜੀ ਹਾਏ-ਤੌਬਾ ਮੱਚ ਗਈ। ਇਹ ਕਾਨੂੰਨ ਸਨ : ਪਹਿਲਾ, ਸਿਵਿਲ ਮੈਰਿਜਾਂ, ਬੱਚਿਆਂ ਅਤੇ ਔਲਾਦ ਦੇ ਰਜਿਸਟ੍ਰੇਸ਼ਨ, ਵਿਆਹਾਂ ਅਤੇ ਮੌਤ ਸਬੰਧੀ ਕਾਨੂੰਨ; ਦੂਸਰਾ, ਵਿਆਹ ਅਤੇ ਤਲਾਕ ਸਬੰਧੀ ਕਾਨੂੰਨ। ਇਹਨਾਂ ਇਨਕਲਾਬੀ ਕਾਨੂੰਨਾਂ ਦਾ ਬੜੇ ਜ਼ੋਰ-ਸ਼ੋਰ ਨਾਲ਼ ਵਿਰੋਧ ਕੀਤਾ ਗਿਆ। ਇਹਨਾਂ ਦੇ ਵਿਰੋਧ ਵਿੱਚ ਲੰਬੇ ਲੰਬੇ ਲੇਖ ਲਿਖੇ ਗਏ ਅਤੇ ਲੱਛੇਦਾਰ ਉਪਦੇਸ਼ ਦਿੱਤੇ ਗਏ। ਹੁਣ, ਜਦੋਂ ਕਿ ਨਵੀਆਂ ਘਟਨਾਵਾਂ ਅਤੇ ਨਵੇਂ ਕਾਨੂੰਨਾਂ ਨੇ ਇਨ੍ਹਾਂ ਦੋਵਾਂ ਇਤਿਹਾਸਕ ਕਾਨੂੰਨਾਂ ਨੂੰ ਬਹੁਤ ਪਿੱਛੇ ਛੱਡ ਦਿੱਤਾ ਹੈ, ਇਹ ਜਾਣ ਦੇ ਸੱਚਮੁੱਚ ਹੈਰਾਨੀ ਹੁੰਦੀ ਹੈ ਕਿ ਲੋਕਾਂ ਦੀ ਇਹਨਾਂ ਬਾਰੇ ਜਾਣਕਾਰੀ ਕਿੰਨੀ ਘੱਟ ਹੈ।

ਇੱਥੇ ਪਲ ਭਰ ਰੁਕ ਕੇ ਅਸੀਂ ਕੁੱਝ ਤੱਥਾਂ ਦੀ ਛਾਣਬੀਣ ਕਰਾਂਗੇ। ਇਹ ਤੱਥ ਸੋਵੀਅਤ ਸੰਘ ਦੀ ਬੇਹੱਦ ਪ੍ਰਸਿੱਧ ਇਸਤਰੀ ਵਕੀਲ ਜੇਨੀਆਂ ਬੇਲੋਸੋਵਾ ਤੋਂ ਸਾਨੂੰ ਮਿਲੇ ਸਨ। ਇੱਥੋਂ ਤੱਕ ਤੱਥਾਂ 'ਤੇ ਵਿਸ਼ਵਾਸ ਕਰਨ ਜਾਂ ਨਾ ਕਰਨ ਦੀ ਗੱਲ ਹੈ, ਜਾਗਰੂਕ ਪਾਠਕ ਆਪਣੀ ਸਮਝਦਾਰੀ ਤੋਂ ਕੰਮ ਲੈਣਗੇ।

ਬੇਲੋਸੋਵਾ ਕਹਿੰਦੇ ਹਨ : "ਸੋਵੀਅਤ ਰੂਸ ਦੇ ਪਹਿਲਾਂ-ਪਹਿਲ ਦੇ ਵਿਆਹ ਕਾਨੂੰਨਾਂ ਦਾ ਮਹੱਤਵ ਇਸ ਗੱਲ ਵਿੱਚ ਹੈ ਕਿ ਇਨ੍ਹਾਂ ਨੇ ਇਸਤਰੀਆਂ ਨੂੰ ਕਾਨੂੰਨੀ ਅਜ਼ਾਦੀ ਦਿੱਤੀ। ਇਸਤਰੀਆਂ ਨੂੰ ਪੁਰਸ਼ਾਂ ਦੇ ਬਰਾਬਰ ਹੱਕ ਦਿੱਤੇ। ਇਨ੍ਹਾਂ ਹੱਕਾਂ ਨੂੰ ਇਹਨਾਂ ਕਾਨੂੰਨਾਂ ਨੇ ਨਾ-ਬਰਾਬਰੀ ਦੇ ਆਖਰੀ ਗੜ੍ਹ- ਪਰਿਵਾਰ ਵਿੱਚ ਪਹੁੰਚਾਇਆ। ਪਰਿਵਾਰਾਂ ਵਿੱਚ ਯੁੱਗਾਂ ਪੁਰਾਣੇ ਰੀਤੀ-ਰਿਵਾਜ ਅਤੇ ਢੰਗ ਤਰੀਕਿਆਂ ਨੇ ਇਸਤਰੀਆਂ ਦੀ ਗੁਲਾਮੀ ਨੂੰ ਇੱਕ ਆਮ ਜਿਹੀ ਗੱਲ ਬਣਾਇਆ ਹੋਇਆ ਸੀ। ਇਹ ਗੁਲਾਮੀ ਇੱਕ ਸੁਭਾਵਿਕ ਚੀਜ਼ ਮੰਨੀ ਜਾਂਦੀ ਸੀ। ਪਰਿਵਾਰਾਂ ਵਿੱਚ ਇਸਤਰੀ ਦੀ ਗੁਲਾਮੀ ਨੂੰ ਆਮ ਕਰਕੇ ਖਾਨਦਾਨ ਦੀ ਇੱਜ਼ਤ ਦੇ ਨਾਂ 'ਤੇ ਉਸ ਤੋਂ ਲੁਕਾਇਆ ਜਾਂਦਾ ਸੀ।"

1917 ਵਿੱਚ ਪਾਸ ਕੀਤੇ ਗਏ ਵਿਆਹ-ਕਾਨੂੰਨ ਜ਼ਾਰਸ਼ਾਹੀ ਦੇ ਵਿਆਹ ਸਬੰਧਾਂ

ਨੂੰ ਨਵੇਂ ਸੋਵੀਅਤ ਰਾਜ ਲਈ ਜ਼ਾਇਜ ਨਹੀਂ ਠਹਿਰਾ ਸਕਦੇ ਸਨ। ਹੋਰ ਕਾਰਨਾਂ ਦੇ ਇਲਾਵਾ ਇੱਕ ਸਿੱਧਾ-ਸਾਦਾ ਕਾਰਨ ਇਹ ਵੀ ਸੀ ਕਿ ਜ਼ਾਰਸ਼ਾਹੀ ਰੂਸ ਵਿੱਚ ਵਿਆਹ-ਸਬੰਧ ਅਜਿਹੀਆਂ ਹਾਲਤਾਂ ਵਿੱਚ ਹੁੰਦੇ ਸਨ ਜਦੋਂ ਵਿਆਹ ਵਰਗੇ ਮਹੱਤਵਪੂਰਨ ਸਵਾਲ 'ਤੇ ਅਜ਼ਾਦ ਰੂਪ ਨਾਲ਼ ਆਪਣਾ ਮਤ ਪ੍ਰਗਟਾਉਣ ਦੀ ਜ਼ਿਆਦਾਤਰ ਇਸਤਰੀਆਂ ਨੂੰ ਨਾ ਤਾਂ ਖੁੱਲ੍ਹ ਸੀ, ਨਾ ਅਜ਼ਾਦੀ ਸੀ, ਨਾ ਇਸ ਦੀ ਕੋਈ ਗੁੰਜ਼ਾਇਸ਼ ਹੀ। ਸੋਵੀਅਤ ਸਿਧਾਂਤ ਪਰਿਵਾਰ ਦੇ ਉਹਨਾਂ ਅਧਾਰਾਂ ਨੂੰ ਸਹੀ ਨਹੀਂ ਠਹਿਰਾਉਂਦੇ ਸਨ ਜੋ ਜ਼ਾਰਸ਼ਾਹੀ ਰੂਸ ਦੀ ਵਿਰਾਸਤ ਸਨ। ਹੋਰ ਕਾਰਨਾਂ ਦੇ ਇਲਾਵਾਂ, ਇੱਕ ਸਿੱਧਾ-ਸਾਦਾ ਕਾਰਨ ਇਹੀ ਸੀ ਕਿ ਇਨਕਲਾਬ ਤੋਂ ਪਹਿਲਾਂ ਦੇ ਸਾਰੇ ਵਿਆਹ-ਸਬੰਧ ਸੱਚੇ ਪਿਆਰ ਅਤੇ ਇੱਕ ਦੂਸਰੇ ਦੀ ਇੱਜ਼ਤ ਦੀ ਭਾਵਨਾਂ 'ਤੇ ਅਧਾਰਿਤ ਨਹੀਂ ਸਨ; ਉਲਟਾ, ਉਹ ਅਧਾਰਿਤ ਸਨ ਇਹਨਾਂ ਵਿਚਾਰਾਂ 'ਤੇ ਕਿ ਫਲਾਣੇ ਨਾਲ਼ ਵਿਆਹ ਕਰਨ 'ਤੇ ਕਿੰਨੀ ਰਕਮ ਹੱਥ ਆਵੇਗੀ, ਕਿਸ-ਕਿਸ ਰਿਸ਼ਤੇਦਾਰ ਨੂੰ ਕੀ-ਕੀ ਮਿਲੇਗਾ, ਆਦਿ।"

"ਅਕਤੂਬਰ ਇਨਕਲਾਬ ਦਾ ਟੀਚਾ ਸੀ ਮਨੁੱਖ ਅਤੇ ਮਨੁੱਖ ਦੀ ਨਾ-ਬਰਾਬਰੀ ਅਤੇ ਲੁੱਟ ਨੂੰ ਖਤਮ ਕਰਨਾ। ਯਾਣੀ, ਪਰਿਵਾਰ ਵਰਗਾ ਮਨੁੱਖੀ ਸਬੰਧਾਂ ਦਾ ਮਹੱਤਵਪੂਰਨ ਖੇਤਰ ਅਣਛੂਹਿਆ ਨਹੀਂ ਰਹਿ ਸਕਦਾ ਸੀ। ਦਸੰਬਰ 1917 ਦੇ ਸੋਵੀਅਤ ਵਿਆਹ-ਕਾਨੂੰਨਾਂ ਨੇ ਪਰਿਵਾਰ ਲਈ ਇੱਕ ਨਵਾਂ ਸਿਧਾਂਤ ਕਾਇਮ ਕੀਤਾ — ਆਪਣੇ ਮਨਪਸੰਦ ਸਾਥੀ ਨਾਲ਼ ਪਰਿਵਾਰ ਦੀ ਨੀਂਹ ਰੱਖਣ ਦਾ ਸਿਧਾਂਤ। ਇਨ੍ਹਾਂ ਕਾਨੂੰਨਾਂ ਨੇ ਸਾਫ਼ ਜ਼ਾਹਿਰ ਕਰ ਦਿੱਤਾ ਕਿ ਸੋਵੀਅਤ ਪਰਿਵਾਰ ਹੁਣ ਇੱਕ ਦੂਸਰੇ ਲਈ ਪਿਆਰ, ਇੱਕ ਦੂਜੇ ਦੀ ਇੱਜ਼ਤ ਅਤੇ ਪੁਰਸ਼ ਅਤੇ ਇਸਤਰੀ ਦੀ ਬਰਾਬਰੀ 'ਤੇ ਅਧਾਰਿਤ ਹੋਣਗੇ।"

"ਨਾਲ਼ ਹੀ, ਪਹਿਲਾ ਸੋਵੀਅਤ ਕਾਨੂੰਨ ਨੂੰ ਤਲਾਕ ਸਬੰਧੀ ਰੁਕਾਵਟਾਂ ਨੂੰ ਸਦਾ ਲਈ ਦੂਰ ਕਰਨਾ ਸੀ। ਜ਼ਾਰਸ਼ਾਹੀ ਰੂਸ ਵਿੱਚ ਪਾਦਰੀਆਂ ਦੇ ਦਖ਼ਲ ਨਾਲ਼ ਹੀ ਤਲਾਕ ਮਿਲਦਾ ਸੀ। ਪਰ ਓਦੋਂ ਵੀ ਉੱਪਰ ਦੱਸੇ ਗਏ ਸਾਰੇ ਬੰਧਨ ਜਾਰੀ ਰਹਿੰਦੇ ਸਨ।"

ਜਿੰਨ੍ਹਾਂ ਬੰਧਨਾਂ ਦਾ ਜ਼ਿਕਰ ਇਸ ਸੋਵੀਅਤ ਇਸਤਰੀਆਂ ਨੇ ਕੀਤਾ ਹੈ, ਉਹ ਸਾਰੇ ਰੂਸ ਤੋਂ ਬਾਹਰ ਬਹੁਗਿਣਤੀ ਦੇਸ਼ਾਂ ਵਿੱਚ ਅੱਜ ਵੀ ਜਾਰੀ ਹਨ। ਸੰਖੇਪ ਵਿੱਚ, ਸਾਡੇ ਸਾਰੇ ਕਾਨੂੰਨਾਂ ਵਾਂਗ ਜ਼ਾਰਸ਼ਾਹੀ ਤਲਾਕ ਕਾਨੂੰਨ ਦੀ ਮੰਗ ਸੀ ਕਿ ਇਸ ਗੱਲ ਦੇ ਗਵਾਹ ਪੇਸ਼ ਕੀਤੇ ਜਾਣ ਕਿ ਪੁਰਸ਼ ਜਾਂ ਇਸਤਰੀ ਨੇ ਵਿਭਚਾਰ ਕੀਤਾ ਹੈ। ਬੇਲੋਗੋਣਾ ਨੇ ਤਾਲਸਤਾਏ ਦੇ ਨਾਵਲ **ਅੰਨਾ ਕਰੇਨਿਨਾ** ਅਤੇ **ਦਿ ਲਿਵਿੰਗ ਕੌਰਪਸ (ਜ਼ਿੰਦਾ ਲਾਸ਼)** ਦੇ ਉਦਾਹਰਣ ਦੇ ਕੇ ਦੱਸਿਆ ਕਿ ਕਿਵੇਂ "ਕਾਨੂੰਨ ਦੀ ਕੁਹਾੜੀ ਨੇ ਭਾਵਨਾਵਾਂ ਨੂੰ ਕੁਚਲ ਕੇ ਰੱਖ ਦਿੱਤਾ ਸੀ।"

1917 ਦੇ ਤਲਾਕ ਕਾਨੂੰਨ ਦਾ ਕਹਿਣਾ ਹੈ ਕਿ : "ਵਿਆਹ ਬੰਧਨ ਵਿੱਚ ਬੱਝੇ ਹੋਏ ਇੱਕ ਜਾਂ ਦੋਵਾਂ ਪੱਖਾਂ ਦੀ ਮੰਗ 'ਤੇ ਵਿਆਹ ਰੱਦ ਕੀਤਾ ਜਾ ਸਕਦਾ ਹੈ" (ਪੈਰਾਗ੍ਰਾਫ਼-1)। ਦੂਸਰੀ ਧਾਰਾ ਵੀ ਇੰਨੀ ਹੀ ਮਹੱਤਵਪੂਰਨ ਹੈ। ਉਸ ਵਿੱਚ ਕਿਹਾ ਗਿਆ ਹੈ ਕਿ ਰਜਿਸਟ੍ਰਾਰ ਦਫ਼ਤਰ ਵਿੱਚ ਦਰਖਾਸਤ ਦੇ ਕੇ ਵਿਆਹ ਨੂੰ ਰੱਦ ਕੀਤਾ ਜਾ ਸਕਦਾ ਹੈ (ਭਾਵ ਤਲਾਕ ਹਾਸਲ ਕੀਤਾ ਜਾ ਸਕਦਾ ਹੈ) ਇਸ ਧਾਰਾ ਅਨੁਸਾਰ ਅਦਾਲਤ ਵਿੱਚ ਜਾਣ ਦੀ ਲੋੜ ਨਹੀਂ।

ਜੇਨਿਆ ਬੇਲੋਸੋਵਾ ਕਹਿੰਦੇ ਹਨ : "ਬੇਸ਼ੱਕ, ਸਮਾਜ ਦੇ ਨੈਤਿਕ ਰੂਪ ਤੋਂ ਡਾਂਵਾਡੋਲ

ਇਨਸਾਨਾਂ ਨੇ ਕਾਨੂੰਨ ਦੇ ਇਸ ਪੱਖ ਦਾ ਗਲਤ ਫਾਇਦਾ ਲਿਆ ਅਤੇ, ਭਾਵੇਂ ਅਖੌਤੀ ਬੰਧੇਜਰਹਿਤ ਪਿਆਰ ਦੇ ਕੁੱਝ ਹਮਾਇਤੀਆਂ ਨੇ ਸੋਵੀਅਤ ਵਿਆਹ ਕਾਨੂੰਨਾਂ ਦੇ ਜਮਹੂਰੀ ਸਿਧਾਂਤਾਂ ਨੂੰ ਤੋੜ-ਮਰੋੜ ਕੇ ਇਹ ਸਾਬਤ ਕਰ ਦੇਣ ਦੀ ਕੋਸ਼ਿਸ਼ ਕੀਤੀ ਕਿ ਪਰਿਵਾਰਕ ਜੀਵਨ ਇੱਕ ਬੇਅਰਥ ਚੀਜ਼ ਹੈ — ਉਸ ਨਾਲ਼ ਨਿੱਜੀ ਅਜ਼ਾਦੀ ਵਿੱਚ ਬੇੜੀਆਂ ਪੈ ਜਾਂਦੀਆਂ ਹਨ — ਫਿਰ ਵੀ 1917 ਦਾ ਨਵਾਂ ਕਾਨੂੰਨ ਬਹੁਤ ਹੀ ਜ਼ਰੂਰੀ ਸੀ। ਉਸ ਨੇ ਸਮਾਜਿਕ ਜੀਵਨ ’ਤੇ ਡੂੰਘਾ ਅਸਰ ਪਾਇਆ।

"ਇਸ ਕਾਨੂੰਨ ਨੇ ਇਸ ਗੱਲ ਦੀ ਸੰਭਾਵਨਾ ਸਦਾ ਲਈ ਖਤਮ ਕਰ ਦਿੱਤੀ ਕਿ ਵਿਆਹ ਨੂੰ ਇਸਤਰੀਆਂ ਨੂੰ ਗੁਲਾਮ ਬਣਾਉਣ ਅਤੇ ਪਰਿਵਾਰ ਵਿੱਚ ਨਾ-ਬਰਾਬਰੀ ਕਾਇਮ ਕਰਨ ਦਾ ਸਾਧਨ ਬਣਾਇਆ ਜਾਵੇ।"

ਅਸੀਂ ਉਹਨਾਂ ਅਮਲੀ ਉਪਾਵਾਂ ਦਾ ਜ਼ਿਕਰ ਪਹਿਲਾਂ ਵੀ ਕਰ ਚੁੱਕੇ ਹਾਂ ਜਿਨ੍ਹਾਂ ਰਾਹੀਂ ਸੋਵੀਅਤ ਇਸਤਰੀਆਂ ਨੂੰ ਆਰਥਿਕ ਅਤੇ ਸਮਾਜਿਕ ਅਜ਼ਾਦੀ ਦਾ ਹੱਕੀ ਬਣਾਇਆ ਗਿਆ। ਬੇਲੋਸੋਵਾ ਨੇ ਉਦਾਹਰਣ ਦੇ ਕੇ ਦੱਸਿਆ ਕਿ ਸੋਵੀਅਤ ਰੂਸ ਵਿੱਚ ਇਸਤਰੀਆਂ ਵਿਦਿਆਰਥੀਆਂ ਦੀ ਸੰਖਿਆ ਅੱਜ ਕਿੰਨੀ ਵਧੀ ਹੈ। ਦੂਸਰੇ ਧੰਦਿਆਂ ਵਿੱਚ ਵੀ ਇਸਤਰੀਆਂ ਵੱਡੀ ਸੰਖਿਆ ਵਿੱਚ ਲੱਗੀਆਂ ਹੋਈਆਂ ਹਨ। ਬੇਲੋਸੋਵਾ ਨੇ ਇਹ ਲੋਕਤੰਤਰਾਂ ’ਤੇ ਸ਼ੁਰੂ ਸ਼ੁਰੂ ਦੇ ਤਲਾਕ ਕਾਨੂੰਨਾਂ ਨੇ ਬਹੁਤ ਜ਼ਬਰਦਸਤ ਅਸਰ ਪਾਇਆ।

"ਹੁਣ ਤਾਂ ਇਸਤਰੀਆਂ ਲੋਕ ਕਮਿਸਾਰ ਤੱਕ ਦੇ ਅਹੁਦੇ ’ਤੇ ਬਿਰਾਜਮਾਨ ਹਨ। ਇਸਤਰੀਆਂ ਸਮੂਹਿਕ ਖੇਤਾਂ ਦੀਆਂ ਪ੍ਰਧਾਨ ਹਨ। ਇਹ ਹਾਲਤ ਉੱਥੋਂ ਦੀ ਹੈ, ਜਿੱਥੇ ਕੁੱਝ ਸਾਲ ਪਹਿਲਾਂ ਪੁਰਸ਼ ਆਪਣੀਆਂ ਇਸਤਰੀਆਂ ਦਾ ਕਤਲ ਸਿਰਫ਼ ਇਸ ਗੱਲ ’ਤੇ ਕਰ ਦੇਣ ਨੂੰ ਤਿਆਰ ਰਹਿੰਦੇ ਸਨ ਕਿ ਇਸਤਰੀਆਂ ਹਰ ਵੇਲੇ ਚਿਹਰੇ ’ਤੇ ਬੁਰਕਾ ਪਾਈ ਰੱਖਣ ਤੋਂ ਇਨਕਾਰ ਕਰਦੀਆਂ ਹਨ।"

ਸੋਵੀਅਤ ਸ਼ਾਸਨ ਦੇ ਸ਼ੁਰੂਆਤੀ ਦਿਨਾਂ ਵਿੱਚ ਜ਼ਿੰਦਗੀ ਦੀਆਂ ਔਕੜਾਂ ਅਥਾਹ ਸਨ। ਬੇਲੋਸੋਵਾ ਕਹਿੰਦੇ ਹਨ, "ਇਹਨਾਂ ਹਾਲਤਾਂ ਵਿੱਚ ਸੋਵੀਅਤ ਇਸਤਰੀ ਦੇ ਸਾਹਮਣੇ ਦੋ ਹੀ ਰਸਤੇ ਸਨ : ਜਾਂ ਤਾਂ ਚੁੱਲ੍ਹੇ-ਚੱਕੀ ਦੀ ਜ਼ਿੰਦਗੀ ਵਿੱਚ ਜਾ ਡਿੱਗਣ ਜਾਂ ਗਿਆਨ ਪ੍ਰਾਪਤ ਕਰਨ ਅਤੇ ਕਿਸੇ ਹੁਨਰ ਨੂੰ ਸਿੱਖਣ ਦੀ ਕੋਸ਼ਿਸ਼ ਕਰਕੇ ਅੱਗੇ ਵਧਣ, ਆਪਣੇ ਦੇਸ਼ ਲਈ ਉਪਯੋਗੀ ਨਾਗਰਿਕ ਬਣਨ ਅਤੇ ਪ੍ਰਗਤੀਸ਼ੀਲ ਵਿਚਾਰਾਂ ਲਈ ਆਪਣੇ ਘੋਲ ਨੂੰ ਜਾਰੀ ਰੱਖਣ। ਇਹ ਇੱਕ ਅਜਿਹਾ ਘੋਲ ਸੀ ਜੋ ਕਿਸੇ ਵਿਅਕਤੀ ਵਿਸ਼ੇਸ਼ ਦੇ ਹਿੱਤ ਵਿੱਚ ਨਹੀਂ ਸਗੋਂ ਸਮੁੱਚੀ ਮਨੁੱਖ ਜਾਤੀ ਦੇ ਹਿੱਤ ਵਿੱਚ ਸੀ.... ਇਸੇ ਇੱਕ ਰਸਤੇ ’ਤੇ ਚੱਲ ਕੇ ਉਹ ਪੁਰਸ਼ ਦੀ ਸੱਚੀ ਸਹਿਯੋਗੀ ਅਤੇ ਮਿੱਤਰ ਬਣ ਸਕਦੀ ਸੀ। ...ਇਸਤਰੀ ਨੇ ਪਰਿਵਾਰ ਵਿੱਚ ਨਵੀਂ ਇੱਜ਼ਤਦਾਰ ਥਾਂ, ਸਮਾਜ ਵਿੱਚ ਨਵੀਂ ਇੱਜ਼ਤਦਾਰ ਥਾਂ ਜਿੱਤਣ ਨਾਲ਼ ਹੀ ਜਿੱਤਿਆ।"

ਸਪੱਸ਼ਟ ਹੈ ਕਿ ਕੋਈ ਵੀ ਕਾਨੂੰਨ — ਉਹ ਕਿੰਨਾ ਹੀ ਇਨਕਲਾਬੀ ਕਿਉਂ ਨਾ ਹੋਵੇ — ਪਾਸ ਕਰ ਦੇਣ ’ਤੇ ਹੀ ਸਮਾਜਿਕ ਸਬੰਧ ਨਹੀਂ ਬਦਲ ਜਾਂਦੇ। ਸੋਵੀਅਤ ਇਸਤਰੀਆਂ ਨੂੰ ਪਤਾ ਲੱਗਦੇ ਦੇਰ ਨਾ ਲੱਗੀ ਕਿ ਉਹਨਾਂ ਨੂੰ ਜੋ ਨਵੇਂ ਹੱਕ ਮਿਲੇ ਹਨ ਉਹਨਾਂ ਨੂੰ ਜੀਵਨ

ਦੀਆਂ ਸਮੱਸਿਆਵਾਂ ਕੋਹਾਂ ਦੂਰ ਧੱਕੀ ਰੱਖਦੀਆਂ ਹਨ। ਯੁੱਗਾਂ ਪੁਰਾਣੀਆਂ ਆਦਤਾਂ ਅਤੇ ਰੀਤੀ-ਰਿਵਾਜਾਂ ਦੇ ਵਸ 'ਚ ਬਹੁਗਿਣਤੀ ਲੋਕ ਇਹੀ ਸਮਝਦੇ ਕਿ ਵਿਆਹ ਬਾਰੇ ਪੁਰਾਣੀਆਂ ਧਾਰਨਾਵਾਂ ਜਾਇਜ਼ ਅਤੇ ਲਾਭਦਾਇਕ ਸਨ। ਨਵੇਂ ਕਾਨੂੰਨਾਂ ਨੇ ਇਸਤਰੀਆਂ ਦੀ ਸਮਾਜਿਕ ਅਤੇ ਨੈਤਿਕ ਉੱਨਤੀ ਤੱਕ ਸੱਚਮੁੱਚ ਪਹੁੰਚਣ ਦੀਆਂ ਇਛੁੱਕ ਇਸਤਰੀਆਂ ਨੂੰ ਬਹੁਤ ਜ਼ਬਰਦਸਤ ਘੋਲ ਕਰਨਾ ਪਿਆ। ਦਾਦੀਆਂ ਅਤੇ ਨਾਨੀਆਂ ਨੇ ਉਹਨਾਂ ਦਾ ਪੂਰੀ ਤਾਕਤ ਨਾਲ਼ ਵਿਰੋਧ ਕੀਤਾ। ਉਹਨਾਂ ਦਾ ਵਿਰੋਧ ਅਜਿਹੇ ਪੁਰਸ਼ਾਂ ਨੇ ਵੀ ਕੀਤਾ ਜੋ ਇਸਤਰੀਆਂ ਦੀ ਅਜ਼ਾਦੀ ਦੇ ਕੱਟੜ ਵਿਰੋਧੀ ਸਨ ਅਤੇ ਉਸ ਨੂੰ ਅਸੰਭਵ ਬਣਾਉਣ 'ਤੇ ਕਮਰ ਕੱਸੇ ਹੋਏ ਸਨ।

ਸੋਵੀਅਤ ਇਸਤਰੀਆਂ ਦਾ ਕੀ ਹਾਲ ਹੋਇਆ ? ਬੇਲੋਸੋਵਾ ਦੀਆਂ ਇਸ ਵਿਸ਼ੇ ਵਿੱਚ ਟਿੱਪਣੀਆਂ ਬਹੁਤ ਹੀ ਦਿਲਚਸਪ ਹਨ। ਸ਼ੁਰੂ-ਸ਼ੁਰੂ ਦੇ ਸਾਲਾਂ ਦੀ ਹਾਲਤ ਬਾਰੇ ਉਹ ਕਹਿੰਦੇ ਹਨ : "ਇਸਤਰੀ ਨੂੰ ਆਪਣੀ ਸਮਰੱਥਾ 'ਤੇ ਪੂਰਾ ਭਰੋਸਾ ਕਰਨਾ ਪਿਆ। ਉਹ ਨੂੰ ਬਹੁਤ ਮੁਸ਼ਕਿਲਾਂ ਨਾਲ਼ ਟੱਕਰ ਲੈਣ ਦਾ ਦ੍ਰਿੜ ਸੰਕਲਪ ਕਰਨਾ ਪਿਆ। ਇੱਕ ਦੇ ਬਾਅਦ ਇੱਕ ਰੁਕਾਵਟਾਂ ਦੇ ਪਹਾੜ ਉਹ ਨੂੰ ਪਾਰ ਕਰਨੇ ਪਏ। ਇਸ ਦੌਰਾਨ ਇਸਤਰੀਆਂ ਨੂੰ ਮਾਨਸਿਕ ਪ੍ਰੇਸ਼ਾਨੀਆਂ ਵੀ ਕਾਫ਼ੀ ਸਹਾਰਣੀਆਂ ਪਈਆਂ ਕਿਉਂਕਿ ਸਹਾਰੇ ਲਈ ਉਹਨਾਂ ਦੇ ਸਾਹਮਣੇ ਕੋਈ ਇਤਿਹਾਸਕ ਮਿਸਾਲ ਮੌਜੂਦ ਨਹੀਂ ਸੀ।"

"ਨਵੀਆਂ ਇਸਤਰੀਆਂ ਦੀ ਅਜੇ ਤੱਕ ਕੋਈ ਮਿਸਾਲ ਸਾਹਮਣੇ ਨਹੀਂ ਆਈ ਸੀ। ਅਜਿਹੀਆਂ ਇਸਤਰੀਆਂ ਦੀ ਮਿਸਾਲ ਨਹੀਂ ਆਈ ਸੀ ਜਿਨ੍ਹਾਂ ਵਿੱਚ ਪੁਰਸ਼ ਦੇ ਬਰਾਬਰ ਦਰਜ਼ੇ ਤੱਕ ਚੁੱਕਣ ਵਾਲੀ ਵਿਅਕਤੀਗਤ ਅਤੇ ਸਮਾਜਿਕ ਅਜ਼ਾਦੀ ਦੀ ਭਾਵਨਾ ਮੌਜੂਦ ਹੋਵੇ, ਨਾਲ ਹੀ ਜਿੰਨ੍ਹਾਂ ਵਿੱਚ ਇਸਤਰੀ ਸੁਲਭ ਗੁਣ — ਇਸਤਰੀਤਵ, ਕੋਮਲਤਾ ਅਤੇ ਮਾਤਰੀਤਵ ਦੀ ਨਮਰਤਾ — ਵੀ ਮੌਜੂਦ ਹੋਵੇ। ਮਨੁੱਖੀ ਇਤਿਹਾਸ ਹੁਣ ਤੱਕ ਨਾਰੀ-ਕਿਰਦਾਰ ਦੇ ਸਿਰਫ਼ ਇੱਕ ਅੰਗ ਦੇ ਵਿਕਾਸ ਦੇ ਦ੍ਰਿਸ਼ਟਾਂਤ ਪੇਸ਼ ਕਰ ਸਕਿਆ ਸੀ। ਉਹ ਸਰਬੰਗੀ ਅਤੇ ਸਰਵਮੁੱਖੀ ਵਿਕਾਸ ਵਾਲ਼ੀ ਇਸਤਰੀ ਦਾ ਉਦਾਹਰਣ ਨਾ ਤਾਂ ਪੇਸ਼ ਕਰ ਸਕਿਆ ਸੀ, ਨਾ ਕਰ ਸਕਦਾ ਸੀ। ਅਤੀਤ ਨਹੀਂ, ਭਵਿੱਖ ਹੀ ਉਹਨਾਂ ਦੇ ਉਦਾਹਰਣ ਪੇਸ਼ ਕਰੇਗਾ।"

ਕਾਨੂੰਨਾਂ ਦੇ ਗਿਆਨ ਵਿੱਚ ਹੱਥੀ-ਵਰਤੀ ਇਸ ਇਸਤਰੀ ਨੇ ਨਵੇਂ ਕਾਨੂੰਨਾਂ ਦੇ ਸ਼ੁਰੂ ਦੇ ਦੌਰ ਦੀ ਬਹੁਤ ਹੀ ਸੱਚੀ ਤਸਵੀਰ ਪੇਸ ਕੀਤੀ ਹੈ — ਅਰਥਾਤ ਉਸ ਸਬੰਧ ਵਿਚ ਜਿਸ ਨੂੰ ਸਾਡੇ ਦੇਸ਼ਾਂ ਵਿੱਚ ਬਹੁਤ ਸਾਰੇ ਲੋਕ "ਰਬੜ ਦੀ ਮੋਹਰ ਵਾਲਾ ਤਲਾਕ" ਕਹਿੰਦੇ ਹਨ।

"ਨਵੀਂ ਇਸਤਰੀ ਦੀ ਹਾਲਤ ਤੈਅ ਕਰਨ ਲਈ ਸੋਵੀਅਤ ਸਮਾਜ ਨੂੰ ਖ਼ੁਦ ਹੀ ਖੋਜ ਵਿੱਚ ਜੁੱਟਣਾ ਪਿਆ। ਇਹ ਖੋਜ ਉਸ ਨੇ ਹਵਾਈ ਸਿਧਾਂਤਾਂ ਦੇ ਅਧਾਰ 'ਤੇ ਨਹੀਂ ਸਗੋਂ ਜੀਵਨ ਦੇ ਤਜ਼ਰਬਿਆਂ ਦੇ ਅਧਾਰ 'ਤੇ ਕੀਤੀ ਸੀ। ਕਦੇ-ਕਦੇ ਇਸਤਰੀ ਅਤੇ ਪੁਰਸ਼ ਦੀਆਂ ਪੀੜਾਂ ਦੇ ਨਾਲ਼ ਨਾਲ਼ ਗਲਤੀਆਂ ਵੀ ਮਿਲੀਆਂ ਜੁੜੀਆਂ ਰਹੀਆਂ। ਪਰਿਵਾਰ ਵਿੱਚ ਕਲੇਸ਼ ਅਤੇ ਈਰਖਾ ਵੀ ਵਧੇ। ਇਹਨਾਂ ਗੱਲਾਂ ਨੇ ਇਸ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਸੀ।"

ਪੰਜ ਸਾਲਾਂ ਯੋਜਨਾਵਾਂ ਦੇ ਮਾਣਮੱਤੇ ਦੌਰ ਵਿੱਚ ਵੀ ਬੜਾ ਮਹੱਤਵਪੂਰਨ ਬਦਲਾਅ

ਹੋਇਆ। ਦਸ ਹਜ਼ਾਰ ਇਸਤਰੀਆਂ ਨੇ ਬੜੀ ਤੇਜ਼ੀ ਨਾਲ਼ ਆਪਣੇ ਆਰਥਿਕ ਅਤੇ ਸੱਭਿਆਚਾਰਕ ਪੱਧਰ ਨੂੰ ਉੱਚਾ ਚੁੱਕਿਆ। ਉਹਨਾਂ ਨੇ ਉਦਯੋਗ-ਧੰਦਿਆਂ ਵਿੱਚ ਕੰਮ ਸ਼ੁਰੂ ਕੀਤਾ। ਵਿਗਿਆਨ, ਇੰਜੀਨੀਅਰਿੰਗ ਅਤੇ ਕਲਾ-ਕੌਸ਼ਲ ਦੇ ਕੰਮਾਂ ਵੱਲ ਉਹਨਾਂ ਨੇ ਹੱਥ ਵਧਾਇਆ ਪਰ ਇਸੇ ਦੌਰਾਨ ਉਹਨਾਂ ਨੂੰ ਕੁਰਬਾਨੀਆਂ ਵੀ ਸਭ ਤੋਂ ਜ਼ਿਆਦਾ ਕਰਨੀਆਂ ਪਈਆਂ।

"ਇੱਕ ਸਭ ਤੋਂ ਵੱਡੀ ਕੁਰਬਾਨੀ", ਬੇਲੋਸੋਵਾ ਨੇ ਦੱਸਿਆ ਹੈ, "ਇਹ ਸੀ ਕਿ ਸੋਵੀਅਤ ਇਸਤਰੀ ਨੂੰ ਹੁਣ ਆਪਣੇ ਪਰਿਵਾਰ ਅਤੇ ਬੱਚਿਆ ਵੱਲ ਧਿਆਨ ਦੇਣ ਦਾ ਸਮਾਂ ਘੱਟ ਮਿਲਦਾ ਸੀ। ਇਹਨਾਂ ਕਾਰਨਾਂ ਕਰਕੇ ਉਸ ਨੂੰ ਆਪਣੇ ਪਤੀ ਦੀ ਦੇਖ ਰੇਖ ਅਤੇ ਘਰ-ਗ੍ਰਹਿਸਥੀ ਦੀ ਦੇਖਭਾਲ ਲਈ ਬਹੁਤ ਘੱਟ ਸਮਾਂ ਮਿਲਦਾ ਸੀ। ਕਹਿਣ ਦੀ ਜ਼ਰੂਰਤ ਨਹੀਂ ਕਿ ਆਪਣੇ ਕੱਪੜੇ ਲੱਤੇ ਸੰਭਾਲਣ, ਵਾਲਾਂ ਨੂੰ ਸੰਵਾਰਨ ਅਤੇ ਵੇਸ਼-ਭੂਸ਼ਾ ਨੂੰ ਸੰਭਾਲਣ ਦਾ ਸਮਾਂ ਕੱਢਣਾ ਉਸ ਦੇ ਲਈ ਅਸੰਭਵ ਜਿਹਾ ਹੋ ਗਿਆ ਸੀ।"

ਪੁੱਛਿਆ ਜਾ ਸਕਦਾ ਹੈ ਕਿ 1930-39 ਵਿੱਚ ਸੋਵੀਅਤ ਰੂਸ ਦਾ ਦੌਰਾ ਕਰਨ ਵਾਲੇ ਸੋਵੀਅਤ ਜੀਵਨ- ਪ੍ਰਣਾਲੀ ਦੇ ਕਿੰਨੇ ਆਲੋਚਕਾਂ ਨੇ ਉੱਥੋਂ ਦੀਆਂ ਇਸਤਰੀਆਂ ਅਤੇ ਨਵ-ਵਿਆਹੁਤਾ ਦੇ ਅਸੁੰਦਰਤਾ ਦੇ ਕਾਰਨਾਂ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ? ਪੁੱਛਿਆ ਜਾ ਸਕਦਾ ਹੈ : ਇਹਨਾਂ ਆਲੋਚਕਾ ਵਿੱਚੋਂ ਕੌਣ ਹੈ ਉਹ ਜਿੰਨ੍ਹੇ ਜਾਣਨ ਦੀ ਕੋਸ਼ਿਸ਼ ਕੀਤੀ ਕਿ ਸੋਵੀਅਤ ਇਸਤਰੀ ਨੇ ਵਾਲ਼ਾਂ ਨੂੰ ਸੰਵਾਰਨਾਂ ਨਹੂੰਆਂ ਨੂੰ ਰੰਗਣਾ ਅਤੇ ਨਵੇਂ-ਨਵੇਂ ਫੈਸ਼ਨ ਦੀਆਂ ਜੁੱਤੀਆਂ ਪਾਉਣਾ ਇਸ ਲਈ ਛੱਡ ਦਿੱਤਾ ਸੀ ਕਿ ਉਹ "ਸਮੁੱਚੀ ਮਨੁੱਖ ਜਾਤੀ ਦੇ ਹਿੱਤ ਵਿੱਚ ਘੋਲ" ਨੂੰ ਜਿੱਤਣਾ ਚਾਹੁੰਦੀ ਸੀ।

ਜੇਨਿਆ ਬੇਲੋਸੋਵਾ ਕਹਿੰਦੇ ਹਨ : "ਸੋਵੀਅਤ ਇਸਤਰੀ ਨੇ ਜਿੰਦਗੀ ਦੀਆਂ ਬਹੁਤ ਸਾਰੀਆਂ ਜ਼ਰੂਰਤਾਂ ਨੂੰ ਤਿਆਗ ਦਿੱਤਾ। ਸਜ-ਧਜ ਕੇ ਕੱਪੜਿਆਂ ਦੀ ਇਸਤਰੀ ਸੁਲਭ ਇੱਛਾ ਵਿੱਚ ਉਸ ਨੇ ਜ਼ਿਆਦਾ ਤੋਂ ਜ਼ਿਆਦਾ ਕਮੀ ਕੀਤੀ। ਆਪਣੇ ਸਮੇਂ ਨੂੰ ਵੀ ਉਸ ਨੇ ਜ਼ਿਆਦਾ ਤੋਂ ਜ਼ਿਆਦਾ ਕਿਰਸ ਨਾਲ਼ ਖਰਚ ਕੀਤਾ। ਇਸ ਤਰ੍ਹਾਂ **ਉਹਨੇ ਹਜ਼ਾਰਾਂ ਸਾਲਾਂ ਦੀ ਕਮੀ ਨੂੰ ਪੂਰਾ ਕੀਤਾ ਅਤੇ ਸੱਚੀ ਸਮਾਨਤਾ ਦੇ ਰਸਤੇ 'ਤੇ ਜ਼ਿਆਦਾ ਅੱਗੇ ਵੱਧ ਸਕੀ।"**

ਅੱਖਾਂ ਫਾੜ-ਫਾੜ ਕੇ ਦੇਖ ਆਉਣ ਬਾਅਦ ਸਾਡੇ ਦੇਸ਼ਾਂ ਦੇ ਆਲੋਚਕ ਸੋਵੀਅਤ ਇਸਤਰੀਆਂ ਬਾਰੇ ਇਹ ਥੋਥਾ ਵਿਚਾਰ ਪੇਸ਼ ਕਰਦੇ ਹਨ ਕਿ "ਸੋਵੀਅਤ ਇਸਤਰੀਆਂ ਨੂੰ ਪਤਾ ਨਹੀਂ ਕਿ ਉਹਨਾਂ ਨੇ ਕੀ ਗੁਆ ਲਿਆ ਹੈ!"

ਬੇਲੋਸੋਵਾ ਦਾ ਜਵਾਬ ਹੈ : "ਇਹ ਚੰਗੀ ਤਰ੍ਹਾਂ ਜਾਣ ਲੈਣਾ ਚਾਹੀਦਾ ਹੈ ਕਿ ਹਰੇਕ ਸੋਵੀਅਤ ਇਸਤਰੀ ਨੂੰ ਇਨ੍ਹਾਂ ਅਸਥਾਈ, ਪਰ ਜ਼ਰੂਰੀ ਕਮੀਆਂ ਬਾਰੇ ਚੰਗੀ ਤਰ੍ਹਾਂ ਪਤਾ ਸੀ। ਸਥਾਈ ਪਰਿਵਾਰਕ ਜੀਵਨ ਲਈ ਉਸ ਦੀ ਲਾਲਸਾ ਕਦੇ ਘੱਟ ਨਾ ਹੋਈ। ਮਾਤਰੀਤਵ ਦੇ ਸੁੱਖ ਦੇਣ ਵਾਲੇ ਤਜ਼ਰਬੇ ਪਿਆਰ ਦੀ ਭਾਵਨਾ, ਆਪਣੇ ਪਤੀ ਦੀ ਸੱਚੀ ਸਹਿਯੋਗੀ ਬਣਨ ਦੀ ਭਾਵਨਾ ਅਤੇ ਜੀਵਨ ਅਤੇ ਨਾਰੀਤਵ ਦੇ ਸੁੱਖਾਂ ਲਈ ਉਸ ਦੀ ਲਾਲਸਾ ਵਿੱਚ ਕਦੇ ਵੀ ਕਮੀ ਨਹੀਂ ਹੋਈ।"

ਫਿਰ ਵੀ ਕੁੱਝ ਅਰਸੇ ਤੱਕ ਇੱਕ ਦੂਸਰੀ ਧਾਰਾ ਵੀ ਬਲਵਾਨ ਰਹੀ। ਕੁੱਝ ਇਸਤਰੀਆਂ ਦੂਸਰੀ ਹੱਦ ਤੱਕ ਪਹੁੰਚ ਗਈਆਂ। ਪੁਰਸ਼ ਤੋਂ ਬਰਾਬਰੀ ਹਾਸਲ ਕਰਨ ਦਾ ਅਰਥ ਉਹਨਾਂ ਨੇ ਇਹ ਲਗਾਇਆ ਕਿ ਪੁਰਸ਼ ਹੀ ਬਣ ਜਾਣ ਦੀ ਕੋਸ਼ਿਸ਼ ਕੀਤੀ ਜਾਵੇ। ਉਹਨਾਂ ਨੇ ਪੁਰਸ਼ਾਂ ਦੇ ਕੱਪੜੇ ਪਾਉਣਾ ਅਤੇ ਉਹਨਾਂ ਦੇ ਹੀ ਤੌਰ-ਤਰੀਕੀਆਂ ਦੀ ਨਕਲ ਕਰਨਾ ਸ਼ੁਰੂ ਕਰ ਦਿੱਤਾ। ਇਨ੍ਹਾਂ ਇਸਤਰੀਆਂ ਦਾ ਸਾਰਿਆਂ ਨੇ ਮਖੌਲ ਉਡਾਇਆ। ਇਨਕਲਾਬੀ ਯੁੱਗ ਦੇ ਸ਼ੁਰੂ ਸ਼ੁਰੂ ਦੇ ਔਖੇ ਦੌਰ ਵਿੱਚ ਇਹਨਾਂ ਲਈ ਇੱਕ ਖਾਸ ਨਾਮ ਚੁਣ ਲਿਆ ਗਿਆ ਸੀ। ਉਹਨਾਂ ਨੂੰ ਮਜ਼ਾਕ ਵਿੱਚ "ਫੌਜੀ ਕਮਿਊਨਿਜ਼ਮ ਦੇ ਨਮੂਨੇ" ਕਿਹਾ ਜਾਣ ਲੱਗਿਆ ਸੀ। ਮੁਮਕਿਨ ਹੈ, ਇਹ ਇਸਤਰੀਆਂ ਸਮਾਜ ਵਿੱਚ ਸਭ ਤੋਂ ਨਿਰਾਲੀਆਂ ਹੀ ਦਿਖਾਈ ਦਿੰਦੀਆਂ — ਖਾਸ ਕਰਕੇ ਵਿਦੇਸ਼ੋਂ ਆਉਣ ਵਾਲਿਆਂ ਨੂੰ। ਪਰ ਇਹਨਾਂ ਇਸਤਰੀਆਂ ਦੀ ਸੰਖਿਆ ਬੇਹੱਦ ਘੱਟ ਸੀ।

ਪੰਜ ਸਾਲਾਂ ਯੋਜਨਾਵਾਂ ਦੀ ਸਫਲਤਾ ਦੇ ਦੌਰ ਵਿੱਚ ਰਹਿਣ-ਸਹਿਣ ਦੇ ਪੂਰੇ ਪੱਧਰ ਵਿੱਚ ਹੈਰਾਨੀਜਨਕ ਉੱਨਤੀ ਹੋਈ। ਸਿੱਟੇ ਵਜੋਂ, ਇਸਤਰੀਆਂ ਦੀ ਹਾਲਤ ਵਿੱਚ ਬੁਨਿਆਦੀ ਬਦਲਾਅ ਹੋਇਆ। ਹੁਣ ਉਹਨਾਂ ਸਾਹਮਣੇ ਇਹ ਸਮੱਸਿਆ ਨਹੀਂ ਰਹਿ ਗਈ ਸੀ ਕਿ ਅਸੀਂ ਘਰ ਦਾ ਕੰਮ ਸੰਭਾਲੀਏ ਜਾਂ ਨੌਕਰੀ ਕਰੀਏ। ਹੁਣ ਉਹਨਾਂ ਸਾਹਮਣੇ ਸਮੱਸਿਆ ਨਾ ਰਹਿ ਗਈ ਕਿ ਅਸੀਂ ਘਰੇਲੂ ਜੀਵਨ ਦੇ ਸੁੱਖਾਂ ਵੱਲ ਝੁੱਕੀਏ ਜਾ ਲੋਕਹਿੱਤ ਦਾ ਕੋਈ ਸਮਾਜਿਕ ਕੰਮ ਸੰਭਾਲੀਏ।

ਬੇਲੋਸੋਵਾ ਕਹਿੰਦੇ ਹਨ : "ਸੋਵੀਅਤ ਇਸਤਰੀ ਨੇ ਮਜਬੂਰ ਕਰ ਦਿੱਤਾ ਸੀ ਕਿ ਆਮ ਲੋਕ ਉਹਨੂੰ ਇੰਜੀਨੀਅਰ, ਪਾਇਲਟ, ਡਾਕਟਰ, ਵਿਗਿਆਨਕ, ਸਮੂਹਿਕ ਖੇਤਾਂ ਦੀ ਪ੍ਰਧਾਨ ਅਤੇ ਸਤਾਖਾਨੋਵਾਈਟ ਕਾਰੀਗਰ ਦੇ ਰੂਪ ਵਿੱਚ ਪ੍ਰਵਾਨ ਕਰਨ। ਹੁਣ ਉਹ ਆਪਣੇ ਅਤੇ ਬੱਚਿਆਂ ਦੇ ਸੁਖੀ-ਜੀਵਨ ਦਾ ਚੰਗੀ ਤਰ੍ਹਾਂ ਪ੍ਰਬੰਧ ਕਰ ਸਕਦੀ ਸੀ। ਇਸ ਰੂਪ ਵਿੱਚ **ਪਰਿਵਾਰ ਵਿੱਚ ਉਸਦੀ ਵੀ ਉਹੀ ਥਾਂ ਹੋ ਗਈ ਜੋ ਪੁਰਸ਼** ਦੀ ਹੁੰਦੀ ਹੈ ਅਤੇ ਓਦੋਂ ਸੋਵੀਅਤ ਪਰਿਵਾਰ ਦੇ ਉੱਨਤ ਹੋਣ ਦਾ ਯੁੱਗ ਸ਼ੁਰੂ ਹੋਇਆ।

ਇਸ ਨਵੇਂ ਯੁੱਗ ਦੀ ਮੁੱਖ ਵਿਸ਼ੇਸ਼ਤਾ ਬੇਲੋਸੋਵਾ ਇਹ ਦੱਸਦੀ ਹੈ :

"ਅੱਜ ਨਾ ਤਾਂ ਰੁਪਏ-ਪੈਸੇ ਦਾ ਸਵਾਲ, ਨਾ ਕਾਨੂੰਨੀ ਜਾਂ ਅਸਲੀ ਨਾ-ਬਰਾਬਰੀ ਹੀ ਕਿਸੇ ਇਸਤਰੀ ਨੂੰ ਮਜਬੂਰ ਕਰ ਸਕਦੀ ਹੈ ਕਿ ਉਹ ਇਸ ਨਾਲ਼ ਵਿਆਹ ਕਰੇ ਅਤੇ ਉਸ ਨਾਲ ਨਾ ਕਰੇ। ਉਹ ਹੁਣ ਸੋਵੀਅਤ ਸਮਾਜ ਦੀ ਇੱਜ਼ਤ ਪ੍ਰਾਪਤ ਮੈਂਬਰ ਹੈ। ਆਪਣਾ ਘਰ ਵਸਾਉਣ ਅਤੇ ਪਰਿਵਾਰਕ ਸੁੱਖ ਦਾ ਸਾਜ ਸਜਾਉਣ ਵਿੱਚ ਉਹ ਕਿਸੇ ਅਧੀਨ ਜਾਂ ਪਰਾਏ ਵੱਸ ਨਹੀਂ ਹੈ। ਉਹ ਪੂਰੀ ਤਰਾਂ ਅਜ਼ਾਦ ਅਤੇ ਮੁਕਤ ਹੈ। ਇਸਤਰੀ ਵੱਲ ਪੁਰਸ਼ ਦੇ ਨਜ਼ਰੀਏ ਵਿੱਚ ਵੀ ਬਦਲਾਅ ਆਇਆ ਹੈ। ਇਸਤਰੀ ਵੱਲ ਨਫਰਤ ਦੀ ਭਾਵਨਾ ਦਾ ਅਤੇ ਪੈਰ-ਪੈਰ 'ਤੇ ਆਪਣਾ ਵੱਡਪਣ ਜਤਾਉਣ ਦੀ ਚੇਸ਼ਟਾ ਦਾ — ਜੋ ਪੁਰਾਣੇ ਰੂਸ ਦੀ ਵਿਰਾਸਤ ਸੀ — ਹੁਣ ਪੂਰੀ ਤਰ੍ਹਾਂ ਅਲੋਪ ਹੋ ਚੁੱਕਿਆ ਹੈ। ਇੱਕ ਨਵੇਂ ਹੀ ਅਧਾਰ 'ਤੇ ਸੋਵੀਅਤ ਪੁਰਸ਼ਾਂ ਅਤੇ ਇਸਤਰੀਆਂ ਦੇ ਸੁਖੀ ਪਰਿਵਾਰਕ ਜੀਵਨ ਦੀ ਉਸਾਰੀ ਹੋ ਰਹੀ ਹੈ।"

ਜੇਕਰ ਇਸਤਰੀ ਨੂੰ ਦਾਸਤਾ ਤੋਂ ਮੁਕਤ ਨਾ ਕੀਤਾ ਜਾਂਦਾ ਅਤੇ ਬਰਾਬਰੀ ਦੇ ਪੱਧਰ

’ਤੇ ਖੜ੍ਹਾ ਨਾ ਕੀਤਾ ਜਾਂਦਾ ਤਾਂ ਇਸ ਵਰਗੇ ਪਰਿਵਾਰ ਦੀ ਉਸਾਰੀ ਅਸੰਭਵ ਸੀ। “ਅੱਜ” ਜੇਨਿਆ ਬੋਲੋਸੋਵਾ ਕਹਿੰਦੇ ਹਨ, “ਉਹ ਸਾਰੇ ਕਾਨੂੰਨੀ ਅਤੇ ਦੂਸਰੇ ਸਾਧਨ ਮੁਹੱਈਆ ਕਰ ਦਿੱਤੇ ਗਏ ਹਨ ਜਿਨ੍ਹਾਂ ਨਾਲ਼ ਪੁਰਸ਼ ਅਤੇ ਇਸਤਰੀ ਦਰਮਿਆਨ ਇੱਕ ਦੂਸਰੇ ਲਈ ਪਿਆਰ, ਮਿੱਤਰਤਾ ਇੱਜ਼ਤ, ਇੱਕੋ ਜਿਹੇ ਵਿਚਾਰਾਂ ਅਤੇ ਹਿੱਤਾਂ ’ਤੇ ਅਧਾਰਿਤ ਪਰਿਵਾਰ ਦੀ ਨੀਂਹ ਧਰਨੀ ਸੰਭਵ ਹੋ ਗਈ ਹੈ।”

ਪਰਿਵਾਰਕ ਜੀਵਨ ਦੀ ਉਸਾਰੀ ਵਿੱਚ ਇਸ ਇਨਕਲਾਬੀ ਪ੍ਰਗਤੀ ਦੇ ਨਤੀਜੇ ਵਜੋਂ 1917 ਦੇ ਕਾਨੂੰਨ ਪੁਰਾਣੇ ਪੈ ਗਏ। ਪਰਿਵਾਰਕ ਜੀਵਨ ਦੀਆਂ ਮੁੱਢਲੀਆਂ ਸਮੱਸਿਆਵਾਂ ਨੂੰ ਇਹ ਕਾਨੂੰਨ ਸੁਲਝਾ ਚੁੱਕੇ ਸਨ। ਰੂਸ ਹੀ ਨਹੀਂ, ਸਾਡੇ ਦੇਸ਼ਾਂ ਵਿੱਚ ਵੀ, ਪਹਿਲੇ ਮਹਾਂਯੁੱਧ ਤੋਂ ਪਹਿਲੇ ਦੌਰ ਵਿੱਚ ਪਰਿਵਾਰਕ ਜੀਵਨ ਵਿੱਚ ਖੜੋਤ ਆ ਗਈ ਸੀ। ਇਸ ਖੜੋਤ ਦੇ ਕਾਰਨਾਂ ਨੂੰ ਦੂਰ ਕਰਨ ਦੇ ਬਾਅਦ ਸੋਵੀਅਤ ਲੋਕਾਂ ਨੇ ਦੂਸਰੀਆਂ ਗੰਭੀਰ ਸਮੱਸਿਆਵਾਂ ਨੂੰ ਸੁਲਝਾਉਣਾ ਸ਼ੁਰੂ ਕੀਤਾ। ਪਹਿਲੇ ਮਹਾਂਯੁੱਧ ਤੋਂ ਪਹਿਲੇ ਦੌਰ ਦੀ ਖੜੋਤ ਨੇ ਪਰਿਵਾਰਕ ਸਬੰਧਾਂ ਨੂੰ ਲੀਰੋ-ਲੀਰ ਕਰ ਦਿੱਤਾ ਸੀ। ਇਹ ਖੜੋਤ ਇਸ ਮਹਾਂਦੀਪ ’ਤੇ ਤਾਂ ਹੋਰ ਵੀ ਭਿਆਨਕ ਰੂਪ ਧਾਰਨ ਕਰਦੀ ਜਾ ਰਹੀ ਹੈ।

ਸੋਵੀਅਤ ਪੁਰਸ਼ਾਂ ਅਤੇ ਇਸਤਰੀਆਂ ਨੇ ਭਵਿੱਖ ਵੱਲ ਦੇਖਣਾ ਸ਼ੁਰੂ ਕੀਤਾ। ਉਹਨਾਂ ਨੇ ਆਪਣੇ ਬੱਚਿਆਂ ਦੀ ਸਿੱਖਿਆ ਅਤੇ ਉੱਨਤੀ ਵੱਲ ਦੇਖਣਾ ਸ਼ੁਰੂ ਕੀਤਾ। ਸੋਵੀਅਤ ਸਰਕਾਰ ਦੀ ਵਾਰ-ਵਾਰ ਇਹ ਕਹਿ ਕੇ ਆਲੋਚਨਾ ਕੀਤੀ ਗਈ ਹੈ ਕਿ ਉਹਨੇ ਪਰਿਵਾਰਕ ਜੀਵਨ ਨੂੰ ਖ਼ਤਮ ਕਰਨਾ ਚਾਹਿਆ ਹੈ। ਨਵੇਂ ਸੋਵੀਅਤ ਵਿਆਹ ਅਤੇ ਪਰਿਵਾਰਕ ਕਾਨੂੰਨਾਂ ਨੇ ਪਿਛਲੇ ਵੀਹ ਸਾਲਾਂ ਵਿੱਚ ਪਰਿਵਾਰ ਨੂੰ ਨਵੇਂ ਅਤੇ ਉੱਚੇ ਧਰਾਤਲ ’ਤੇ ਪਹੁੰਚਾ ਦਿੱਤਾ ਹੈ। ਇਸ ਉੱਨਤ ਧਰਾਤਲ ’ਤੇ ਪਹੁੰਚਣਾ ਓਦੋਂ ਹੀ ਸੰਭਵ ਹੋ ਸਕਿਆ ਜਦੋਂ ਪੁਰਸ਼ ਅਤੇ ਇਸਤਰੀ ਦੇ ਸਬੰਧ ਵਿੱਚ — ਪਤੀ ਅਤੇ ਪਤਨੀ ਦੇ ਸਬੰਧ ਵਿੱਚ — ਇਨਕਲਾਬੀ ਬਦਲਾਅ ਹੋਏ।

8 ਜੁਲਾਈ 1944 ਨੂੰ ਸੋਵੀਅਤ ਰੂਸ ਵਿੱਚ ਜੋ ਕਾਨੂੰਨ ਬਣੇ ਉਹਨਾਂ ਨੂੰ ਲੈ ਕੇ ਸਾਡੇ ਦੇਸ਼ ਦੇ ਅਖ਼ਬਾਰਾਂ ਨੇ ਮਨਚਾਹੀਆਂ ਗੱਲਾਂ ਕਹਿ ਦਿੱਤੀਆਂ। ਹੈਰਾਨੀ ਦੀ ਗੱਲ ਇਹ ਹੈ ਕਿ ਪੁਰਾਣੇ ਕਾਨੂੰਨਾਂ ਦਾ ਨਾਮ ਨਹੀਂ ਲਿਆ ਗਿਆ। ਨਵੇਂ ਕਾਨੂੰਨਾਂ ਨੂੰ ਪੁਰਾਣੀ ਨੀਤੀ ਵਿੱਚ ਇੱਕਦਮ ਤਬਦੀਲੀ ਦਾ ਗਵਾਹ ਦੱਸਿਆ ਗਿਆ। ਪੁਰਾਣੀ ਨੀਤੀ ਤਾਂ ਜਿਵੇਂ ਕਿ ਅਸਮਾਨ ਤੋਂ ਟਪਕ ਪਈ ਹੋਵੇ!

ਗੱਲ ਇਹ ਹੈ ਕਿ ਸੋਵੀਅਤ ਸੰਘ ਦੇ ਸਭ ਤੋਂ ਵੱਡੇ ਗਣਤੰਤਰ ਵਿੱਚ (ਜਿਹਨੂੰ ਰੂਸੀ ਗਣਤੰਤਰ ਕਹਿੰਦੇ ਹਨ) 1927 ਵਿੱਚ ਬੜੇ ਮਹੱਤਵਪੂਰਨ ਕਾਨੂੰਨੀ ਬਦਲਾਅ ਹੋਏ ਸਨ। ਉਸ ਸਾਲ ਦੇ ਨਵੇਂ ਵਿਆਹ ਕਾਨੂੰਨ ਧਿਆਨ ਦੇਣ ਯੋਗ ਹਨ।

ਇਹਨਾਂ ਕਾਨੂੰਨਾਂ ਨੇ ਉਸ ਵਰਗੇ ਸਬੰਧਾਂ ਨੂੰ ਕਾਨੂੰਨੀ ਮਾਨਤਾ ਦਿੱਤੀ ਸੀ ਜੋ ਸਾਡੇ ਦੇਸ਼ਾਂ ਵਿੱਚ ਵੀ ਕਾਨੂੰਨੀ ਮੰਨੇ ਜਾਂਦੇ ਹਨ, ਜਿਨ੍ਹਾਂ ਨੂੰ ਕਾਮਨ ਲਾਅ ਮੈਰਿਜ (ਪ੍ਰਚਲਿਤ ਧਰਮ ਵਿਆਹ) ਕਹਿੰਦੇ ਹਨ। 1927 ਤੋਂ ਪਹਿਲਾਂ ਸੋਵੀਅਤ ਸੰਘ ਵਿੱਚ ਜਿੰਨ੍ਹਾਂ ਵਿਆਹਾਂ ਨੂੰ ਮਾਨਤਾ ਦਿੱਤੀ ਜਾਂਦੀ ਸੀ ਉਹ ਸਨ ਸਰਕਾਰੀ ਰਜਿਸਟਰਾਰਾਂ ਰਾਹੀਂ ਕਰਾਏ ਗਏ ਵਿਆਹ।

1927 ਵਿੱਚ ਕਾਮਨ ਲਾਅ ਵਿਆਹਾਂ ਨੂੰ ਇੱਕ ਹੱਦ ਤੱਕ ਕਾਨੂੰਨੀ ਮਾਨਤਾ ਦੇ ਦਿੱਤੀ ਗਈ।

ਇਸ ਦਾ ਇਹ ਮਤਲਬ ਨਹੀਂ ਕਿ ਧਰਮ-ਵਿਆਹਾਂ ਨੂੰ ਵੀ ਰਜ਼ਿਸਟਰਡ ਵਿਆਹਾਂ ਦੇ ਪੱਧਰ 'ਤੇ ਲਿਆ ਖੜਾ ਕੀਤਾ ਗਿਆ। ਵਿਆਹ ਦਾ ਰਜ਼ਿਸਟ੍ਰੇਸ਼ਨ, ਵਿਆਹ ਸਬੰਧ ਦਾ ਅਜੇ ਵੀ ਅਕੱਟ ਸਬੂਤ ਮੰਨਿਆ ਜਾਂਦਾ ਸੀ। ਪਰ ਸਨਅਤੀ ਅਤੇ ਸਮਾਜਿਕ ਤਬਦੀਲੀ ਦੇ ਦੌਰ ਵਿੱਚ (ਜਿਸ ਦੀਆਂ ਮੁਸ਼ਕਿਲਾਂ ਦਾ ਅਸੀਂ ਪਹਿਲਾਂ ਵੀ ਜ਼ਿਕਰ ਕਰ ਚੁੱਕੇ ਹਾਂ) ਇਸਤਰੀਆਂ ਅਤੇ ਬੱਚਿਆਂ ਦੀ ਹਾਲਤ ਨੂੰ ਹੋਰ ਵੀ ਮਜ਼ਬੂਤ ਬਣਾਉਣ ਦੀ ਜ਼ਰੂਰਤ ਪਈ। ਇਸ ਲਈ ਕਾਨੂੰਨ ਦੀਆਂ ਨਵੀਆਂ ਧਾਰਾਵਾਂ ਵਿੱਚ ਕਿਹਾ ਗਿਆ ਕਿ ਪ੍ਰੱਚਲਿਤ ਧਰਮ-ਵਿਆਹਾਂ ਦੇ ਤਹਿਤ ਵਿਆਹੁਤਾ ਪੁਰਸ਼ ਅਤੇ ਇਸਤਰੀ ਨੂੰ ਵੀ ਰਜਿਸਟਰਡ ਵਿਆਹ ਦੀਆਂ ਜ਼ਿੰਮੇਵਾਰੀਆਂ ਨੂੰ ਮੰਨਣਾ ਪਵੇਗਾ। ਇਸ ਸਬੂਤ ਦੀਆਂ ਅਮਲੀ ਜ਼ਰੂਰਤਾਂ ਇਹ ਮੰਨੀਆਂ ਜਾਂਦੀਆਂ ਸਨ :

- ਦੋਵੇਂ ਪੱਖ ਨਾਲ਼ ਨਾਲ਼ ਰਹੇ ਹਨ।
- ਉਹ ਪਤੀ ਅਤੇ ਪਤਨੀ ਮੰਨੇ ਜਾਂਦੇ ਰਹੇ ਹਨ।
- ਉਹਨਾਂ ਦੀ ਆਪਣੀ ਸਾਂਝੀ ਗ੍ਰਹਿਸਤੀ ਰਹੀ ਹੈ।
- ਉਹ ਹੁਣ ਵੀ ਇੱਕ ਦੂਸਰੇ 'ਤੇ ਨਿਰਭਰ ਹਨ, ਜਾਂ ਕਿਸੇ ਸਮੇਂ ਸਨ ਅਤੇ ਉਹਨਾਂ ਨੇ ਆਪਣੇ ਬੱਚਿਆਂ ਨੂੰ ਇਕੱਠੇ ਪਾਇਆ ਹੈ।

ਬੇਸ਼ੱਕ, ਇਸ ਕਾਨੂੰਨ ਦਾ ਉਦੇਸ਼ ਉਹਨਾਂ ਇਸਤਰੀਆਂ ਦੀ ਹਾਲਤ ਮਜ਼ਬੂਤ ਕਰਨਾ ਸੀ ਜਿਨ੍ਹਾਂ ਨੂੰ ਖ਼ਤਰਾ ਸੀ ਕਿ ਉਹਨਾਂ ਦੇ ਪਤੀ ਰਜਿਸਟਰਡ ਵਿਆਹ ਦੀਆਂ ਜ਼ਿੰਮੇਵਾਰੀਆਂ ਤੋਂ ਬਚਣ ਲਈ ਉਹਨਾਂ ਨੂੰ ਛੱਡ ਭੱਜ ਜਾਣਗੇ। ਇਹ ਜਾਣੀ-ਪਛਾਣੀ ਗੱਲ ਹੈ ਕਿ ਇਸ ਸਹੂਲਤ ਦੇ ਬਾਵਜੂਦ ਕਿ ਬਹੁਤ ਘੱਟ ਖਰਚ 'ਤੇ ਬੜੀ ਆਸਾਨੀ ਨਾਲ਼ ਤਲਾਕ ਹਾਸਲ ਕੀਤਾ ਜਾ ਸਕਦਾ ਸੀ। ਜਿਵੇਂ-ਜਿਵੇਂ ਸਮਾਂ ਬੀਤਿਆਂ ਉਹਨਾਂ ਲੋਕਾਂ ਵਿਰੁੱਧ ਲੋਕਮਤ ਵੱਧਣ ਲੱਗਿਆ ਜੋ ਬਿਨਾਂ ਕਿਸੇ ਕਾਰਨ ਦੇ ਹੀ ਤਲਾਕ ਲਈ ਦੌੜ ਪੈਂਦੇ ਸਨ। ਜਿਨ੍ਹਾਂ ਲੋਕਾਂ ਨੇ ਦੁਬਾਰਾ ਤਲਾਕ ਵੱਲ ਕਦਮ ਵਧਾਏ ਉਹਨਾਂ ਵਿਰੁੱਧ ਉਹਨਾਂ ਦੇ ਮਿੱਤਰ ਅਤੇ ਬੜੇ-ਬੁੱਢੇ ਅਨੁਸ਼ਾਸਨ ਦੀਆਂ ਕਾਰਵਾਈਆਂ ਤੱਕ ਕਰਨ ਲੱਗੇ। ਯਾਣੀ, ਉਨ੍ਹੀਂ ਦਿਨੀਂ ਮੌਜੂਦ ਵਾਤਾਵਰਣ ਵਿੱਚ ਗੈਰ-ਜ਼ਿੰਮੇਵਾਰ ਲੋਕਾਂ ਵਿੱਚ ਅਯੋਗ ਸਬੰਧਾਂ ਦੀ ਪ੍ਰਵਿਰਤੀ ਵੀ ਮੌਜੂਦ ਸੀ।

ਇਹ ਬੜੇ ਮਹੱਤਵ ਦੀ ਗੱਲ ਹੈ ਕਿ 1927 ਦੇ ਕਾਨੂੰਨ ਵਿੱਚ ਪਤੀ ਅਤੇ ਪਤਨੀ ਦੀ ਵਿਅਕਤੀਗਤ ਸੰਪਤੀ 'ਤੇ ਖਾਸ ਧਿਆਨ ਦਿੱਤਾ ਗਿਆ। ਜ਼ਿਆਦਾਤਰ ਲੋਕਾਂ ਦੀ ਸਮਝ ਵਿੱਚ ਹੁਣ ਆਇਆ ਕਿ ਸੋਵੀਅਤ ਹਕੂਮਤ ਦਾ ਉਦੇਸ਼ ਵਿਅਕਤੀਗਤ ਸੰਪਤੀ ਨੂੰ ਖਤਮ ਕਰਨਾ ਨਾ ਤਾਂ ਸੀ ਨਾ ਹੈ। ਉਸ ਦਾ ਉਦੇਸ਼ ਸੀ : ਸਾਰੇ ਉਦਯੋਗ ਧੰਦਿਆਂ ਤੋਂ ਨਿੱਜੀ ਮਲਕੀਅਤ ਨੂੰ ਖਤਮ ਕਰਨਾ ਤਾਂ ਕਿ ਦੂਸਰਿਆਂ ਦੀ ਮਿਹਨਤ-ਮਜ਼ਦੂਰੀ ਨੂੰ ਮੁਨਾਫਾ ਵਸੂਲਣ ਦਾ ਸਾਧਨ ਨਾ ਬਣਾਇਆ ਜਾ ਸਕੇ। ਸੋਵੀਅਤ ਸਰਕਾਰ ਦਾ ਉਦੇਸ਼ ਸੀ ਬੁਰਜੂਆ ਸੰਪਤੀ ਨੂੰ ਖਤਮ ਕਰਨਾ। ਪ੍ਰੱਚਲਿਤ ਧਰਮ-ਵਿਆਹਾਂ ਦੇ ਸਬੰਧ ਵਿੱਚ ਜੋ ਕਾਨੂੰਨ ਬਣਿਆ ਉਸ ਵਿੱਚ ਇਸ ਗੱਲ ਦਾ ਪ੍ਰਬੰਧ ਕੀਤਾ ਗਿਆ ਕਿ ਸੰਪਤੀ 'ਤੇ ਪਤੀ ਅਤੇ ਪਤਨੀ, ਦੋਵਾਂ ਦਾ ਹੱਕ ਹੋਵੇਗਾ। ਕਾਨੂੰਨ ਵਿੱਚ ਕਿਹਾ ਗਿਆ ਕਿ ਪਤੀ ਅਤੇ ਪਤਨੀ ਵਿੱਚ ਸਬੰਧ-ਟੁੱਟ ਜਾਣ ਤਾਂ

ਸੰਪਤੀ ਦੀ ਬਰਾਬਰ ਬਰਾਬਰ ਵੰਡ ਅਦਾਲਤਾਂ ਰਾਹੀਂ ਕਰਾਈ ਜਾਵੇ। ਅਦਾਲਤਾਂ ਰਾਹੀਂ ਹੀ ਬੱਚਿਆਂ ਦੇ ਪਾਲਣ-ਪੋਸ਼ਣ ਦਾ ਪ੍ਰਬੰਧ ਕਰਾਇਆ ਜਾਵੇ।

ਅੱਗੇ, ਕਾਨੂੰਨ ਵਿੱਚ ਇਹ ਵੀ ਕਿਹਾ ਗਿਆ ਕਿ ਪਤੀ ਅਤੇ ਪਤਨੀ ਦੋਵਾਂ ਵਿੱਚੋਂ ਜੇ ਇੱਕ ਕੰਮ ਕਰ ਸਕਣ ਵਿੱਚ ਅਸਮਰਥ ਹੋਵੇ ਤਾਂ ਦੂਸਰਾ, ਜੋ ਕੰਮ ਕਰਨ ਵਿਚ ਸਮਰਥ ਹੋਵੇ, ਉਸ ਦੀ ਮਦਦ ਕਰੇਗਾ, ਭਾਵੇਂ ਦੋਵਾਂ ਵਿੱਚ ਸਬੰਧ ਟੁੱਟ ਕਿਉਂ ਨਾ ਗਏ ਹੋਣ।

ਮਾਸਕੋ ਦੇ ਕਾਨੂੰਨ ਪੰਡਿਤ ਜੇ. ਬ੍ਰਾਂਦੋਵ ਨੇ ਦੱਸਿਆ ਹੈ ਕਿ ਸਿਰਫ਼ ਇਨ੍ਹਾਂ ਦੋ ਗੱਲਾਂ ਵਿੱਚ 1927 ਦੇ ਕਾਨੂੰਨ ਨੇ ਪ੍ਰੱਚਲਿਤ ਧਰਮ-ਵਿਆਹਾਂ ਨੂੰ ਰਜਿਸਟਰਡ ਵਿਆਹ ਦੀ ਸਮਾਨਤਾ ਦਿੱਤੀ ਸੀ। 1927 ਦੇ ਕਾਨੂੰਨ ਨੇ ਜਾਇਦਾਦ ਦੇ ਉਤਰਾਧਿਕਾਰ ਦੇ ਹੱਕ ਅਤੇ ਰਜਿਸਟਰਡ ਵਿਆਹਾਂ ਵਿੱਚ ਦਿੱਤੇ ਗਏ ਉੱਤਰਾਧਿਕਾਰ ਦੇ ਦੂਸਰੇ ਹੱਕਾਂ ਨੂੰ ਪ੍ਰੱਚਲਿਤ ਧਰਮ-ਵਿਆਹਾਂ ਦੇ ਹੱਕਾਂ ਵਿੱਚ ਸ਼ਾਮਿਲ ਨਹੀਂ ਕੀਤਾ। ਜੇ ਇਸ ਸਬੰਧ ਵਿੱਚ ਕੋਈ ਬਦਲਾਅ ਕੀਤਾ ਜਾ ਸਕਦਾ ਸੀ ਤਾਂ ਮੁੱਖ ਅਦਾਲਤ ਦੁਆਰਾ।

ਬ੍ਰਾਂਦੋਵ ਕਹਿੰਦੇ ਹਨ, "ਇਹ ਯਾਦ ਰੱਖਣਾ ਚਾਹੀਦਾ ਹੈ ਕਿ ਸੋਵੀਅਤ ਰੂਸ ਵਿੱਚ — ਜਿਸ ਵਿੱਚ 60 ਤੋਂ ਜ਼ਿਆਦਾ ਕੌਮੀ ਇਕਾਈਆਂ ਮੌਜੂਦ ਹਨ — ਕੁੱਝ ਸੰਘ ਕਾਨੂੰਨ ਵਿਆਹ ਅਤੇ ਦੂਸਰੇ ਰੀਤੀ-ਰਿਵਾਜਾਂ ਨਾਲ਼ ਸਬੰਧਤ ਸਾਰੇ ਸਵਾਲਾਂ ਨੂੰ ਸ਼ਾਮਿਲ ਨਹੀਂ ਕਰ ਸਕਦੇ ਸਨ। ਇਸ ਲਈ ਇਨ੍ਹਾਂ ਮਾਮਲਿਆਂ ਵਿੱਚ ਕਾਨੂੰਨ ਬਣਾਉਣ ਦਾ ਹੱਕ ਸੰਘ ਦੇ ਵੱਖ-ਵੱਖ ਗਣਤੰਤਰਾਂ ਨੂੰ ਹੈ। ਸੋਲ੍ਹਾਂ ਵੱਖ-ਵੱਖ ਗਣਰਾਜਾਂ ਦੇ ਆਪਣੇ ਆਪਣੇ ਕਾਨੂੰਨ ਹਨ। ਇਨ੍ਹਾਂ ਕਾਨੂੰਨਾਂ ਦੇ ਨਾਲ਼-ਨਾਲ਼ ਸਮੁੱਚੇ ਸੋਵੀਅਤ ਗਣਰਾਜ ਸੰਘ ਦੇ ਕੁੱਝ ਕਾਨੂੰਨ ਹਨ ਜੋ ਵੱਖ-ਵੱਖ ਗਣਰਾਜਾਂ 'ਤੇ ਵੀ ਲਾਗੂ ਹੁੰਦੇ ਹਨ।"

ਬ੍ਰਾਂਦੋਵ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਪ੍ਰੱਚਲਿਤ ਧਰਮ-ਵਿਆਹ ਸਬੰਧੀ 1927 ਦਾ ਕਾਨੂੰਨ ਯੁਕਰੇਨੀ ਗਣਰਾਜਾਂ ਵਿੱਚ ਸਿਰਫ਼ ਰਜਿਸਟਰਡ ਵਿਆਹਾਂ ਨੂੰ ਮਾਨਤਾ ਦਿੱਤੀ ਗਈ ਸੀ। ਬ੍ਰਾਂਦੋਵ ਨੇ ਇਹ ਵੀ ਦੱਸਿਆ ਹੈ ਕਿ ਨਾ ਸਿਰਫ 1944 ਦੇ ਸਮੇਂ ਤੋਂ ਸਗੋਂ ਉਸ ਤੋਂ 17 ਸਾਲ ਪਹਿਲਾਂ ਤੋਂ ਹੀ ਸੋਵੀਅਤ ਸੰਘ ਵਿੱਚ ਪ੍ਰੱਚਲਿਤ ਧਰਮ-ਵਿਆਹਾਂ ਅਤੇ ਰਜਿਸਟਰਡ ਵਿਆਹਾਂ ਵਿੱਚ ਅੰਤਰ ਮੰਨਿਆਂ ਜਾਂਦਾ ਸੀ।

ਇਸ ਸਬੰਧ ਵਿੱਚ, 1944 ਵਿੱਚ ਜਿਹੜਾ ਵੱਡਾ ਬਦਲਾਅ ਹੋਇਆ ਅਤੇ ਜਿਸ ਨੂੰ ਆਲੋਚਕ ਅੱਖੋਂ ਓਹਲੇ ਕਰ ਗਏ ਹਨ ਉਹ ਇਹ ਕਿ ਪ੍ਰੱਚਲਿਤ ਧਰਮ-ਵਿਆਹਾਂ ਦੀ ਉੱਥੇ ਹੁਣ ਕੋਈ ਕਾਨੂੰਨੀ ਮਾਨਤਾ ਨਹੀਂ ਰਹੀ। ਇਸ ਤਬਦੀਲੀ ਦਾ ਕਾਰਨ ਬੜਾ ਸਾਧਾਰਣ ਹੈ। ਸੋਵੀਅਤ ਸੰਘ ਵਿੱਚ ਵਿਆਹ ਅਤੇ ਪਰਿਵਾਰ ਦੀ ਹਾਲਤ ਇੰਨੀ ਉੱਨਤ ਹੋ ਚੁੱਕੀ ਹੈ ਕਿ ਇਸਤਰੀਆਂ ਅਤੇ ਬੱਚਿਆਂ ਦੀ ਸੁਰੱਖਿਆ ਲਈ ਜੇਕਰ ਕਿਸੇ ਸਬੰਧ ਨੂੰ ਮਾਨਤਾ ਦਿੱਤੀ ਜਾਂਦੀ ਹੈ ਤਾਂ ਸਮਾਜਿਕ ਅਤੇ ਕਾਨੂੰਨੀ ਰੂਪ ਤੋਂ ਹਮਾਇਤ ਪ੍ਰਾਪਤ ਵਿਆਹ ਸਬੰਧ ਨੂੰ।

ਇਸ ਬਾਰੇ ਮੈਨੂੰ ਹੋਰ ਅਧਿਕਾਰਕ ਸੂਚਨਾ ਸੋਵੀਅਤ ਸੰਘ ਦੀ ਵਿਗਿਆਨ ਅਕਾਦਮੀ ਦੇ ਕਾਨੂੰਨੀ ਸੰਸਥਾ ਦੇ ਮੈਂਬਰ ਅਤੇ ਨਾਗਰਿਕ ਕਾਨੂੰਨ 'ਤੇ ਕਈ ਪਾਠ-ਪੁਸਤਕਾਂ ਦੇ ਰਚਣਹਾਰੇ ਪ੍ਰੋਫ਼ੈਸਰ ਜੀ. ਸਵੇਰਦਲੋਵ ਤੋਂ ਮਾਰਚ 1945 ਵਿੱਚ ਮਿਲੀ।

ਉਹਨਾਂ ਨੇ ਦੱਸਿਆਂ ਕਿ "ਸੋਵੀਅਤ ਸੰਘ ਵਿੱਚ ਧਰਮ ਵਿਆਹ ਦਾ ਬੜਾ ਸਿੱਖਿਆਦਾਈ ਇਤਿਹਾਸ ਹੈ। 1918 ਵਿੱਚ ਅਮਿਯਮਿਤ ਵਿਆਹ ਸਬੰਧਾਂ ਨੂੰ ਮਾਨਤਾ ਨਹੀਂ ਦਿੱਤੀ ਗਈ ਸੀ। ਕਾਰਨ ਬੜਾ ਸਾਧਾਰਨ ਸੀ : ਉਹਨਾਂ ਨੂੰ ਮਾਨਤਾ ਦੇਣ ਨਾਲ਼ ਪਰਿਾਵਰ ਦੇ ਮੂਲ ਅਧਾਰ ਖੋਖਲੇ ਪੈ ਜਾਂਦੇ...। ਸੋਵੀਅਤ ਰਾਜ ਨੇ ਆਪਣੇ ਸ਼ੁਰੂਆਤੀ ਦੌਰ ਤੋਂ ਹੀ ਪਰਿਵਾਰ ਅਤੇ ਪਰਿਵਾਰ ਨੂੰ ਪੱਕੀ ਪੈਂਗੀ ਬਣਾਉਣ ਵਾਲ਼ੇ ਉਪਾਆਂ 'ਤੇ ਖਾਸ ਧਿਆਨ ਦਿੱਤਾ ਹੈ... ਤਾਂਕਿ ਸ਼ਕਤੀਸ਼ਾਲੀ ਅਤੇ ਤੰਦਰੁਸਤ ਪਰਿਵਾਰ ਦੀ ਉਸਾਰੀ ਸੰਭਵ ਹੋ ਸਕੇ।"

ਜੇ ਇਹ ਸੱਚ ਹੈ ਤਾਂ ਫਿਰ ਅੱਠ ਸਾਲ ਤੱਕ ਮਾਨਤਾ ਨਾ ਦੇਣ ਬਾਅਦ 1926 ਵਿਚ ਧਰਮ-ਵਿਆਹਾਂ ਨੂੰ ਕਿਉਂ ਕਾਨੂੰਨੀ ਬਣਾ ਦਿੱਤਾ ਗਿਆ ?

"ਇਸ ਲਈ", ਪ੍ਰੋਫੈਸਰ ਸਵੇਰਦਲੋਵ ਜਵਾਬ ਦਿੰਦੇ ਹਨ, "ਕਿ ਸੋਵੀਅਤ ਰਾਜ ਅਤੇ ਸੋਵੀਅਤ ਅਰਥਚਾਰੇ ਦੇ ਵਿਕਾਸ ਦੀਆਂ ਆਰੰਭਿਕ ਮੰਜ਼ਿਲਾਂ ਵਿੱਚ ਧਰਮ-ਵਿਆਹਾਂ ਨੂੰ ਕਾਨੂੰਨੀ ਮਾਨਤਾ ਨਾ ਦੇਣ ਨਾਲ਼ ਇਸਤਰੀਆਂ ਦੇ ਹਿੱਤ ਖਤਰੇ ਵਿੱਚ ਪੈ ਜਾਂਦੇ। ਆਮ ਲੋਕਾਂ ਦਾ ਆਰਥਿਕ ਅਤੇ ਸੱਭਿਆਚਾਰਕ ਪੱਧਰ ਅਜੇ ਉੱਚਾ ਨਹੀਂ ਸੀ। ਮੁੜਵਸੇਵੇ ਦੇ ਦੌਰ ਦੀਆਂ ਆਰਥਿਕ ਮੁਸ਼ਕਿਲਾਂ ਨੇ ਬੇਰੁਜ਼ਗਾਰੀ ਅਤੇ ਕੰਗਾਲੀ ਦਾ ਰੂਪ ਧਾਰਨ ਕਰ ਰੱਖਿਆ ਸੀ। ਇਹਨਾਂ ਹਾਲਤਾਂ ਵਿੱਚ ਲਾਜ਼ਮੀ ਸੀ ਕਿ ਰੋਜੀ ਰੋਟੀ ਦੇ ਸਾਧਨਾਂ ਤੋਂ ਵਾਂਝੀਆਂ ਇਸਤਰੀਆਂ ਨੂੰ ਅਜਿਹੇ ਪੁਰਸ਼ਾਂ ਨਾਲ਼ ਵਿਆਹ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਜਿਨ੍ਹਾਂ ਕੋਲ ਖਾਣ ਪਹਿਨਣ ਲਈ ਕਾਫ਼ੀ ਸੀ।"

"ਧਰਮ-ਵਿਆਹਾਂ 'ਤੇ ਉੱਤਰਾਧਿਕਾਰ ਆਦਿ ਦੇ ਹੱਕ ਨਾ ਲਾਗੂ ਕਰਨ ਨਾਲ਼ ਨੁਕਸਾਨ ਸਭ ਤੋਂ ਪਹਿਲਾਂ ਅਤੇ ਸਭ ਤੋਂ ਜ਼ਿਆਦਾ ਇਸਤਰੀਆਂ ਦਾ ਹੁੰਦਾ। ਸੋਵੀਅਤ ਰਾਜ ਅਜਿਹੀ ਹਾਲਤ ਨੂੰ ਟਿਕਾਊ ਨਹੀਂ ਬਣਨ ਦੇ ਸਕਦਾ ਸੀ।"

ਪ੍ਰੋਫੈਸਰ ਸਵੇਰਦਲੋਵ ਨੇ ਅੱਗੇ ਕਿਹਾ, "ਬਾਅਦ ਵਿੱਚ ਵੱਡਾ ਬਦਲਾਅ ਹੋਇਆ। ਬੇਰੁਜ਼ਗਾਰੀ ਨੂੰ ਖਤਮ ਕਰ ਦਿੱਤਾ ਗਿਆ। ਇਸਤਰੀਆਂ ਲਈ ਅਜਿਹੀਆਂ ਹਾਲਤਾਂ ਤਿਆਰ ਕਰ ਦਿੱਤੀਆਂ ਗਈਆਂ ਜਿਨ੍ਹਾਂ ਦੇ ਤਹਿਤ ਉਹ ਨੌਕਰੀ ਜਾਂ ਪੜ੍ਹਾਈ, ਜੋ ਵੀ ਚਾਹੁਣ, ਕਰ ਸਕਦੀਆਂ ਸਨ। ਹਜ਼ਾਰਾਂ ਲੱਖਾਂ ਦੀ ਗਿਣਤੀ ਵਿੱਚ ਇਸਤਰੀਆਂ ਉਦਯੋਗ ਧੰਦਿਆਂ ਵਿਚ ਸ਼ਾਮਿਲ ਹੋ ਗਈਆਂ ਦੇਸ਼ ਦੇ ਆਰਥਿਕ, ਸੱਭਿਆਚਾਰਕ, ਸਮਾਜਿਕ ਅਤੇ ਰਾਜਨੀਤਕ ਜੀਵਨ ਵਿੱਚ ਇਸਤਰੀਆਂ ਦੀ ਬਹੁਤ ਮਹੱਤਵਪੂਰਨ ਥਾਂ ਹੋ ਗਈ। ਦੇਸ਼ ਵਿੱਚ ਜਰਮਨਾਂ ਦੇ ਹਮਲੇ ਤੋਂ ਪਹਿਲਾਂ 1 ਕਰੋੜ 10 ਲੱਖ ਇਸਤਰੀਆਂ ਉਦਯੋਗ ਧੰਦਿਆਂ ਅਤੇ ਦਫ਼ਤਰਾਂ ਵਿੱਚ ਕੰਮ ਕਰਦੀਆਂ ਸਨ। 1 ਕਰੋੜ 90 ਲੱਖ ਇਸਤਰੀਆਂ ਸਮੂਹਿਕ ਖੇਤਾਂ ਵਿੱਚ ਕੰਮ ਕਰਦੀਆਂ ਸਨ। ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਉਦਯੋਗ ਧੰਦਿਆਂ ਵਿੱਚ ਕੰਮ ਕਰਨ ਵਾਲਿਆਂ ਵਿੱਚ ਇਸਤਰੀਆਂ ਦੀ ਸੰਖਿਆ 45 ਪ੍ਰਤੀਸ਼ਤ ਸੀ।"

ਇਸਤਰੀਆਂ ਦੀ ਆਮਦਨ ਵਿੱਚ ਵੱਡਾ ਵਾਧਾ ਹੋਇਆ। ਮਾਵਾਂ ਲਈ ਰਾਜਸੀ ਸਹਾਇਤਾ ਵੀ ਵਧਾਈ ਗਈ। ਸਕੂਲਾਂ, ਕਰੈੱਚਾਂ ਕਿੰਡਰਗਾਰਟਨਾਂ ਆਦਿ ਦੀ ਸੰਖਿਆ ਕਈ ਗੁਣਾ ਜ਼ਿਆਦਾ ਹੋ ਗਈ। ਸੋਵੀਅਤ ਪਰਿਵਾਰਾਂ ਦੀ ਉੱਨਤੀ ਦੇ ਜਿੰਨੇ ਵੀ ਸਾਧਨ ਸਨ

ਉਹਨਾਂ ਸਾਰਿਆਂ ਵਿੱਚ ਵਾਧਾ ਹੋਇਆ। ਪ੍ਰੋਫੈਸਰ ਸਵੇਰਦਲੋਵ ਨੇ ਜੇਨਿਆ ਬੇਲੋਸੋਵਾ ਦੇ ਵਿਚਾਰਾਂ ਦੀ ਹਮਾਇਤ ਕੀਤੀ ਹੈ। "ਇਸ ਆਰਥਿਕ ਪਿੱਠਭੂਮੀ ਦੇ ਕਾਰਨ ਹੀ ਉਹ ਨਵੇਂ ਤੱਤ ਪੈਦਾ ਹੋਏ ਜਿਨ੍ਹਾਂ ਨੇ ਪੁਰਸ਼ ਅਤੇ ਇਸਤਰੀ, ਪਤੀ ਅਤੇ ਪਤਨੀ ਦੇ ਸਬੰਧਾਂ ਨੂੰ ਕੰਟਰੋਲ ਕੀਤਾ। ਇਸਤਰੀਆਂ ਦੇ ਹਿੱਤਾਂ ਦੀ ਰੱਖਿਆ ਲਈ ਵਿਆਹਾਂ ਨੂੰ ਕਾਨੂੰਨੀ ਮਾਨਤਾ ਅਤੇ ਕਾਨੂੰਨੀ ਸੁਰੱਖਿਆ ਦੇਣ ਦੀ ਹੁਣ ਜ਼ਰੂਰਤ ਨਾ ਰਹਿ ਗਈ ਸੀ। ਉਲਟਾ, ਇਹ ਸੋਚਣ ਦਾ ਹੁਣ ਹਰ ਇੱਕ ਨੂੰ ਹੱਕ ਸੀ ਕਿ ਜੇਕਰ ਕੋਈ ਇਸਤਰੀ ਕਿਸੇ ਪੁਰਸ਼ ਨਾ ਅਣਉੱਚਿਤ ਸਬੰਧ ਰੱਖਦੀ ਹੈ ਤਾਂ ਦੋਸ਼ ਇਸਤਰੀ ਦਾ ਹੈ। ਉਸ ਦਾ ਦੋਸ਼ ਇਹ ਹੈ ਕਿ ਵਿਆਹ ਅਤੇ ਪਰਿਵਾਰ ਲਈ ਉਸਦਾ ਰਵੱਈਆ ਗੈਰ-ਜ਼ਿੰਮੇਵਾਰੀ ਦਾ ਅਤੇ ਵਿਚਾਰਹੀਣ ਹੈ", ਉਹਨਾਂ ਨੇ ਕਿਹਾ।

ਅਸੀਂ ਇਹ ਸੋਚ ਕੇ ਹੈਰਾਨ ਰਹਿ ਜਾਂਦੇ ਹਾਂ ਕਿ ਵਿਆਹ ਸਬੰਧਾਂ ਨੂੰ ਦ੍ਰਿੜ ਕਰਨ ਅਤੇ ਮਨੁੱਖੀ ਪਰਿਵਾਰ ਨੂੰ ਸੁਰੱਖਿਅਤ ਬਣਾਉਣ ਵਰਗੀਆਂ ਗੰਭੀਰ ਸਮੱਸਿਆਵਾਂ ਨੂੰ ਕਾਨੂੰਨੀ ਪੰਡਤ ਸੁਲਝਾ ਸਕਦੇ ਹਨ। ਪਰ ਸਾਡੇ ਦੇਸ਼ਾਂ ਵਿੱਚ ਅੱਜ ਵਿਆਹ, ਤਲਾਕ ਆਦਿ ਵਿੱਚ ਕਾਨੂੰਨੀ ਬਦਲਾਵਾਂ ਲਈ ਬੜਾ ਸ਼ੋਰ-ਸ਼ਰਾਬਾ ਪਾਇਆ ਹੋਇਆ ਹੈ। ਮੰਨਣਾ ਪਵੇਗਾ ਕਿ ਜਿਨ੍ਹਾਂ ਬਦਲਾਵਾਂ ਦਾ ਸੁਝਾਅ ਸਾਡੇ ਦੇਸ਼ਾਂ ਵਿੱਚ ਦਿੱਤਾ ਗਿਆ ਹੈ ਉਹ ਤਲਾਕ-ਕਾਨੂੰਨ ਨੂੰ ਸੌਖਾ ਬਣਾਉਣ ਲਈ ਹਨ। ਸਪੱਸ਼ਟ ਸ਼ਬਦਾਂ ਵਿੱਚ, ਸਾਡੇ ਦੇਸ਼ਾਂ ਵਿੱਚ ਲਹਿਰ ਤਲਾਕ ਨੂੰ ਹੋਰ ਵੀ ਸੌਖਾ ਬਣਾਉਣ ਲਈ ਹੈ।

ਸੋਵੀਅਤ ਰੂਸ ਵਿੱਚ ਵਿਆਹ ਸਬੰਧੀ ਕਾਨੂੰਨੀ ਧਾਰਾਵਾਂ ਅਤੇ ਸਾਡੇ ਦੇਸ਼ਾਂ ਵਿੱਚ ਅਜਿਹੀਆਂ ਹੀ ਕਾਰਵਾਈਆਂ ਦਰਮਿਆਨ ਅੰਤਰ ਦੀ ਖਾਸ ਗੱਲ ਕੀ ਹੈ ? ਇਸ ਦਾ ਪਤਾ ਲਗਾਉਣਾ ਬਹੁਤਾ ਮੁਸ਼ਕਿਲ ਨਹੀਂ। ਸੋਵੀਅਤ ਰੂਸ ਵਿੱਚ ਪਿਛਲੀ ਦਿਨੀਂ ਹੋਏ ਕਈ ਕਾਨੂੰਨੀ ਬਦਲਾਵਾਂ ਦਾ ਉਦੇਸ਼ ਇਹ ਰਿਹਾ ਹੈ ਕਿ ਸੋਵੀਅਤ ਸਮਾਜ ਦੇ ਸਮਾਜਿਕ ਆਰਥਿਕ ਬਦਲਾਵਾਂ ਦੇ ਨਾਲ਼ ਨਾਲ਼ ਕਾਨੂੰਨੀ ਵਿਆਹ ਪੂਰੀ ਤਰ੍ਹਾਂ ਮੇਲ ਖਾਣ। ਸਾਡੇ ਦੇਸ਼ਾਂ ਵਿੱਚ ਵੀ ਵਿਆਹ ਕਾਨੂੰਨ ਦੇ "ਨਵੀਨੀਕਰਨ" ਦੀ ਮੰਗ ਕੀਤੀ ਜਾਂਦੀ ਹੈ। ਪਰ ਇਸ ਮੰਗ ਦਾ ਕਾਰਨ "ਅੱਗੇ ਵਧੇ" ਵਕੀਲ, ਜੱਜ, ਸਭਾਪਤੀ — ਇੱਥੋਂ ਤੱਕ ਕਿ ਪੁਰੋਹਿਤ ਲੋਕ — ਵੀ ਦੱਸਦੇ ਹਨ : "ਪਿਆਰ ਅਤੇ ਨੈਤਿਕਤਾ ਵੱਲ ਹੁਣ ਸਾਡਾ ਨਜ਼ਰੀਆ ਬਦਲ ਗਿਆ ਹੈ।"

ਪਰ ਇੱਕ ਅੰਤਰ ਹੋਰ ਵੀ ਹੈ। ਸੋਵੀਅਤ ਵਿਆਹ ਕਾਨੂੰਨਾਂ ਵਿੱਚ ਜੋ ਬਦਲਾਅ ਹੋਏ ਉਹਨਾਂ ਦਾ ਅਸਲੀ ਉਦੇਸ਼ ਸਭ ਤੋਂ ਪਹਿਲਾਂ ਇਸਤਰੀਆਂ ਦੀ ਹਾਲਤ ਨੂੰ ਮਜਬੂਤ ਬਣਾਉਣਾ ਰਿਹਾ ਹੈ। ਉਹਨਾਂ ਦਾ ਉਦੇਸ਼ ਇਹ ਸੀ ਕਿ ਵਿਆਹ ਸਬੰਧ ਨੂੰ ਵੀ — ਪੁਰਸ਼ਾਂ ਅਤੇ ਇਸਤਰੀਆਂ ਦੇ ਸਬੰਧ ਨੂੰ, ਆਪਣੇ ਬੱਚਿਆਂ ਨਾਲ਼ ਉਹਨਾਂ ਦੇ ਸਬੰਧ ਨੂੰ ਅਤੇ ਸਮੁੱਚੇ ਪਰਿਵਾਰਕ ਸਬੰਧ ਨੂੰ — ਮਜਬੂਤ ਬਣਾਇਆ ਜਾ ਸਕੇ। ਸਾਡੇ ਇੱਥੇ ਇਹਨਾਂ ਉਦੇਸ਼ਾਂ ਦੀ ਚਰਚਾ ਤੱਕ ਨਹੀਂ ਹੁੰਦੀ। ਉਲਟਾ, ਤਲਾਕ ਕਾਨੂੰਨਾਂ ਵਿੱਚ ਬਦਲਾਵਾਂ ਦਾ ਵਿਰੋਧ ਕਰਨ ਵਾਲ਼ੇ ਉਹ ਲੋਕ ਦਿਖਾਈ ਦਿੰਦੇ ਹਨ ਜੋ ਪਰਿਵਾਰ ਦੇ ਹੋਰ ਵੀ ਕਮਜ਼ੋਰ ਹੋ ਜਾਣ ਦੇ ਡਰ ਨਾਲ ਘਬਰਾ ਉੱਠੇ ਹਨ। ਸਾਡੇ ਇੱਥੋਂ ਦੇ 'ਅਨੁਭਵੀ' ਲੋਕ ਵਾਰ-ਵਾਰ ਵਿਆਹ ਸਬੰਧਾਂ ਦੇ ਪਤਣ ਅਤੇ ਤਲਾਕਾਂ ਦੇ ਵਾਧੇ ਦੀ ਦੁਹਾਈ ਦਿੰਦੇ ਹਨ। ਉਹ ਕਹਿੰਦੇ ਹਨ : ਪਰਿਵਾਰਕ ਜੀਵਨ ਦੇ

ਪਤਣ ਨੂੰ ਰੋਕਣ ਲਈ ਕਾਨੂੰਨ ਵਿੱਚ ਹੀ ਕੁੱਝ ਬਦਲਾਅ ਕੀਤੇ ਜਾਣ।

1944 ਦੇ ਸੋਵੀਅਤ ਵਿਆਹ ਅਤੇ ਪਰਿਵਾਰਕ ਕਾਨੂੰਨ ਦੀਆਂ ਮੁੱਖ ਗੱਲਾਂ ਨੂੰ ਦੇਖਣ ਨਾਲ਼ ਉਪਰੋਕਤ ਕਥਨ ਹੋਰ ਵੀ ਸਪੱਸ਼ਟ ਹੋ ਜਾਵੇਗਾ।

ਸਭ ਤੋਂ ਪਹਿਲੀ ਗੱਲ ਇਹ ਹੈ ਕਿ ਉੱਥੇ ਧਰਮ-ਵਿਆਹਾਂ ਨੂੰ ਕਾਨੂੰਨੀ ਤੌਰ 'ਤੇ ਚੁੱਕ ਦਿੱਤਾ ਗਿਆ। ਸੋਵੀਅਤ ਰੂਸ ਇਸ ਮਾਮਲੇ ਵਿੱਚ ਹੋਰ ਦੇਸ਼ਾਂ ਨਾਲ਼ੋਂ ਅੱਗੇ ਵਧਿਆ ਹੋਇਆ ਸੀ। ਇਸ ਦਾ ਕਾਰਨ ਇਹ ਨਹੀਂ ਹੈ ਕਿ ਉੱਥੇ ਕਾਨੂੰਨ ਪਾਸ ਕਰ ਦਿੱਤਾ ਗਿਆ ਸੀ। ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਧਰਮ-ਵਿਆਹਾਂ ਨੂੰ ਨਿਆਂ-ਸੰਗਤ ਠਹਿਰਾਉਣ ਵਾਲ਼ੇ ਆਰਥਿਕ ਅਤੇ ਸਮਾਜਿਕ ਕਾਰਨ ਸੋਵੀਅਤ ਰੂਸ ਵਿੱਚ ਹੁਣ ਮੌਜੂਦ ਨਹੀਂ ਸਨ।

ਦੂਸਰਾ ਇਹ ਕਿ ਸੋਵੀਅਤ ਰੂਸ ਵਿੱਚ ਵਿਆਹ-ਸਬੰਧ ਹੁਣ ਓਨਾ ਆਸਾਨ ਨਹੀਂ ਸੀ ਜਿੰਨਾ ਪਹਿਲਾਂ ਸੀ। ਭਾਵੀ ਪਤੀ ਅਤੇ ਪਤਨੀ ਨੂੰ ਰਜਿਸਟਰਾਰ ਸਾਹਮਣੇ ਹਾਜ਼ਰ ਹੋ ਕੇ ਇਹ ਐਲਾਨ ਕਰਨਾ ਪੈਂਦਾ ਕਿ ਉਹਨਾਂ ਦੇ ਵਿਆਹ ਵਿੱਚ ਕਿਸੇ ਤਰ੍ਹਾਂ ਦੀ ਕਾਨੂੰਨੀ ਰੁਕਾਵਟ ਮੌਜੂਦ ਨਹੀਂ ਹੈ। ਪੁਰਸ਼ ਅਤੇ ਇਸਤਰੀ ਐਲਾਨ ਕਰਦੇ ਕਿ ਇੱਕ-ਦੂਸਰੇ ਦੀ ਸਿਹਤ ਦੀ ਹਾਲਤ ਤੋਂ ਉਹ ਭਲੀ-ਭਾਂਤੀ ਜਾਣੂੰ ਹਨ। ਫਿਰ ਉਹ ਦੱਸਦੇ ਕਿ ਦੋਵਾਂ ਵਿੱਚੋਂ ਕਿਸੇ ਨੇ ਪਹਿਲਾਂ ਵਿਆਹ ਕੀਤਾ ਸੀ ਜਾਂ ਨਹੀਂ। ਇੱਥੇ ਰਜਿਸਟਰਾਰ ਬੜੀ ਚੌਕਸੀ ਤੋਂ ਕੰਮ ਲੈਂਦਾ। ਪਹਿਲੇ ਵਿਆਹ ਤੋਂ ਜੇ ਕਿਸੇ ਦੇ ਬੱਚੇ ਹੁੰਦੇ ਤਾਂ ਉਨ੍ਹਾਂ ਦੇ ਪਾਲਣ-ਪੋਸ਼ਣ ਸਬੰਧੀ ਤੱਥਾਂ ਦੀ ਜਾਂਚ ਕੀਤੀ ਜਾਂਦੀ। ਉਹਨਾਂ ਦੇ ਪਾਲਣ-ਪੋਸ਼ਣ ਦਾ ਉੱਚਿਤ ਪ੍ਰਬੰਧ ਨਾ ਹੋਇਆ ਤਾਂ ਵਿਆਹ ਨਹੀਂ ਹੋ ਸਕਦਾ ਸੀ। ਸੋਵੀਅਤ ਨਾਗਰਿਕ "ਸੌਂਹ" ਨੂੰ ਬੜਾ ਮਹੱਤਵਪੂਰਨ ਮੰਨਦੇ ਸਨ। ਇਸ ਲਈ ਗਲਤ-ਸੂਚਨਾ ਦਿੱਤੇ ਜਾਣ ਦੀ ਗੁੰਜਾਇਸ਼ ਨਹੀਂ ਹੁੰਦੀ। ਹੁਣ ਰਜਿਸਟਰਾਰ ਦਾ ਫਰਜ ਹੁੰਦਾ ਕਿ ਵਿਆਹ-ਇਛੁੱਕ ਪੁਰਸ਼ ਅਤੇ ਇਸਤਰੀ ਨੂੰ ਵਿਆਹ ਸਬੰਧੀ ਕਾਨੂੰਨ ਪੜ੍ਹ ਕੇ ਸੁਣਾਏ ਅਤੇ ਝੂਠੇ ਬਿਆਨ ਦੇਣ ਦੀਆਂ ਸਖ਼ਤ ਸਜ਼ਾਵਾਂ ਨਾਲ਼ ਉਹਨਾਂ ਨੂੰ ਚੰਗੀ ਤਰ੍ਹਾਂ ਜਾਣੂੰ ਕਰਾ ਦੇਣ। ਇੰਨਾ ਸਭ ਕੁੱਝ ਹੋ ਜਾਣ ਦੇ ਬਾਅਦ ਹੀ ਵਿਆਹ ਹੋ ਸਕਦਾ ਸੀ।

ਇੱਕ ਦਿਲਚਸਪ ਗੱਲ ਹੋਰ ਵੀ ਸੀ। ਨਵੇਂ ਸੋਵੀਅਤ ਕਾਨੂੰਨ ਵਿੱਚ ਇੱਕ ਅਜਿਹੀ ਧਾਰਾ ਸੀ ਜੋ ਦੂਸਰੇ ਦੇਸ਼ਾਂ ਵਿੱਚ ਮੌਜੂਦ ਧਾਰਮਿਕ ਰੋਕ ਨਾਲ਼ੋਂ ਬਹੁਤ ਵੱਖ ਨਹੀਂ। ਸੋਵੀਅਤ ਰੂਸ ਵਿੱਚ ਵਿਆਹ ਸਬੰਧੀ ਅਰਜ਼ੀ ਨੂੰ ਸਭ ਦੇ ਸਾਹਮਣੇ ਪੜ੍ਹ ਕੇ ਸੁਣਾਉਣ ਦਾ ਰਿਵਾਜ਼ ਨਹੀਂ ਸੀ। ਫਿਰ ਵੀ ਜੇਕਰ ਕੋਈ ਪੁਰਸ਼ ਜਾਂ ਇਸਤਰੀ ਇਸ ਵਿਆਹ ਸਬੰਧ ਬਾਰੇ ਸੁਣਨ ਅਤੇ ਇਸ ਨੂੰ ਰੋਕਣ ਬਾਰੇ ਜ਼ਰੂਰਤ ਮਹਿਸੂਸ ਕਰਨ ਤਾਂ ਉਹ ਰਜਿਸਟਰਾਰ ਸਾਹਮਣੇ ਹਾਜ਼ਰ ਹੋ ਕੇ ਵਿਆਹ ਨੂੰ ਓਦੋਂ ਤੱਕ ਰੁਕਵਾ ਸਕਦਾ ਸੀ ਜਦੋਂ ਤੱਕ ਕਿ ਉਸ ਦੇ ਸ਼ੱਕ ਦੂਰ ਨਾ ਹੋ ਜਾਣ।

ਅਮਰੀਕਾ, ਬ੍ਰਿਟੇਨ ਅਤੇ ਕਨੇਡਾ ਲਈ ਸੋਵੀਅਤ ਰੂਸ ਦਾ ਤਲਾਕ ਕਾਨੂੰਨ ਬੜਾ ਹੀ ਦਿਲਚਸਪ ਸਿੱਧ ਹੋਵੇਗਾ। ਇਨ੍ਹਾਂ ਦੇਸ਼ਾਂ ਨੂੰ ਇਹ ਜਾਣ ਕੇ ਘੱਟ ਹੈਰਾਨੀ ਨਹੀਂ ਹੋਵੇਗੀ ਕਿ "ਨਾਸਤਿਕ" ਦੇਸ਼ ਸੋਵੀਅਤ ਰੂਸ ਵਿੱਚ ਤੁਰੰਤ ਤਲਾਕਾਂ ਨੂੰ ਖ਼ਤਮ ਕਰ ਦਿੱਤਾ ਗਿਆ। ਉੱਥੇ ਵਿਆਹ ਸਬੰਧ ਨੂੰ ਭੰਗ ਕਰਨਾ ਸੌਖੀ ਚੀਜ਼ ਨਹੀਂ ਰਹਿ ਗਈ, ਇਸ ਦੇ ਰਾਹ ਵਿੱਚ ਇਕਦਮ ਨਵੀਆਂ ਰੁਕਾਵਟਾਂ ਖੜ੍ਹੀਆਂ ਕਰ ਦਿੱਤੀਆਂ ਗਈਆਂ।

ਸੋਵੀਅਤ ਰੂਸ ਹੀ ਇੱਕ ਅਜਿਹਾ ਦੇਸ਼ ਹੈ ਜਿੱਥੇ ਤਲਾਕ ਸੌਖਾ ਨਹੀਂ, ਮੁਸ਼ਕਿਲ ਹੁੰਦਾ ਜਾ ਰਿਹਾ ਹੈ।

8 ਜੁਲਾਈ 1944 ਤੋਂ ਪਹਿਲਾਂ — ਘੱਟ ਤੋਂ ਘੱਟ ਕਹਿਣ ਤੱਕ ਹੀ ਤਾਂ — ਇਹ ਸੰਭਵ ਸੀ ਹੀ ਕਿ ਰਜਿਸਟਰਾਰ ਕੋਲ ਅਰਜ਼ੀ ਦੇ ਕੇ ਹੋਰ ਥੋੜ੍ਹੀ ਫੀਸ ਜਮ੍ਹਾ ਕਰਕੇ ਤਲਾਕ ਹਾਸਲ ਕਰ ਲਿਆ ਜਾਵੇ। ਪੁਰਸ਼ ਜਾਂ ਇਸਤਰੀ, ਕੋਈ ਵੀ, ਇਹ ਕਰ ਸਕਦਾ ਸੀ। ਬਾਅਦ ਵਿੱਚ ਦੂਸਰੇ ਪੱਖ ਨੂੰ ਸੂਚਿਤ ਕਰ ਦਿੱਤਾ ਜਾਂਦਾ ਸੀ। ਕਈ ਸਾਲਾਂ ਤੱਕ ਇਹੀ ਤਰੀਕਾ ਜਾਰੀ ਰਿਹਾ। ਪਰ ਪਿਛਲੇ ਦਸ ਸਾਲਾਂ ਵਿੱਚ ਸੋਵੀਅਤ ਨਾਗਰਿਕਾਂ ਨੇ ਤਲਾਕ ਵੱਲ ਜ਼ਿਆਦਾ ਗੰਭੀਰ ਵਤੀਰਾ ਅਪਣਾਇਆ ਹੈ। ਬੱਚਿਆਂ ਦੇ ਪਾਲਣ-ਪੋਸ਼ਣ ਆਦਿ ਸਬੰਧੀ ਕਾਨੂੰਨਾਂ ਨੂੰ ਦੇਖ ਕੇ ਗੈਰ-ਜ਼ਿੰਮੇਵਾਰ ਲੋਕਾਂ ਨੂੰ ਤਲਾਕ ਲਈ ਦੌੜ ਪੈਣ ਤੋਂ ਪਹਿਲਾਂ ਚਾਰ ਵਾਰ ਸੋਚਣਾ ਪੈਂਦਾ ਸੀ ਕਿ ਉਹ ਕੀ ਕਰ ਰਹੇ ਹਨ। ਇਸ ਤੋਂ ਵੀ ਮਹੱਤਵ ਦੀ ਗੱਲ ਇਹ ਹੈ ਕਿ ਲੋਕਾਂ ਦਾ ਸੱਭਿਆਚਾਰ ਪੱਧਰ ਉੱਨਤ ਹੋਇਆ। ਇਸਤਰੀਆਂ ਦੀ ਹਾਲਤ ਵਿੱਚ ਮਾਰਕੇ ਦਾ ਸੁਧਾਰ ਹੋਇਆ। ਸਿੱਟੇ ਵਜੋਂ : ਤਲਾਕ ਦੀ ਦਰ ਵਿੱਚ ਲਗਾਤਾਰ ਕਮੀ ਹੁੰਦੀ ਗਈ।

ਨਵੇਂ ਤਲਾਕ ਕਾਨੂੰਨਾਂ ਨੇ ਸਾਰੇ ਪੁਰਾਣੇ ਨਿਯਮਾਂ ਨੂੰ ਰੱਦ ਕਰ ਦਿੱਤਾ। ਹੁਣ ਤਲਾਕ ਹਾਸਲ ਕਰਨ ਲਈ ਸੋਵੀਅਤ ਪੁਰਸ਼ ਅਤੇ ਇਸਤਰੀ ਦੋਵਾਂ ਨੂੰ ਪਹਿਲਾਂ ਅਦਾਲਤ ਵਿੱਚ ਅਰਜ਼ੀ ਦੇਣੀ ਪੈਂਦੀ। ਇਸ ਦਾ ਖਰਚ ਲਗਭਗ ਦੋ ਸੌ ਡਾਲਰ ਹੁੰਦਾ ਸੀ, ਨਾਲ ਹੀ ਅਰਜ਼ੀ ਦਾ ਇੱਕ ਨੋਟਿਸ ਅਖ਼ਬਾਰਾਂ ਵਿੱਚ ਛਾਪ ਦਿੱਤਾ ਜਾਂਦਾ ਸੀ, ਤਾਂ ਕਿ ਜੋ ਲੋਕ ਵੀ ਇਸ ਸਬੰਧ ਟੁੱਟਣ ਵਿੱਚ ਦਿਲਚਸਪੀ ਰੱਖਦੇ ਹੋਣ ਉਹਨਾਂ ਨੂੰ ਸੂਚਨਾ ਮਿਲ ਜਾਵੇ।

ਇਸ ਦੇ ਬਾਅਦ ਪੁਰਸ਼ ਅਤੇ ਇਸਤਰੀ ਨੂੰ ਲੋਕਾਂ ਦੀ ਅਦਾਲਤ ਵਿੱਚ ਹਾਜ਼ਰ ਹੋਣਾ ਪੈਂਦਾ। ਸਬੰਧ ਟੁੱਟਣ ਬਾਰੇ ਅਰਜ਼ੀ ਵਿੱਚ ਜੋ ਵੀ ਗੱਲਾਂ ਕਹੀਆਂ ਗਈਆਂ ਹੁੰਦੀਆਂ ਉਹਨਾਂ ਦਾ ਅਧਿਐਨ ਕੀਤਾ ਜਾਂਦਾ ਅਤੇ ਉਹਨਾਂ 'ਤੇ ਬਹਿਸ ਹੁੰਦੀ। ਜਿਸ ਗੱਲ ਨੂੰ ਜਾਣ ਕੇ ਸਾਡੇ ਕਾਨੂੰਨ ਮਾਹਿਰਾਂ ਨੂੰ ਹੈਰਾਨੀ ਹੋਈ ਉਹ ਇਹ ਸੀ ਕਿ ਸੋਵੀਅਤ ਤਲਾਕ ਕਾਨੂੰਨ ਵਿੱਚ ਤਲਾਕ ਦੇ ਇੱਕ ਵੀ ਕਾਰਨ ਦਾ ਜ਼ਿਕਰ ਨਹੀਂ ਕੀਤਾ ਗਿਆ। ਇਸ ਦਾ ਕੁੱਝ ਲੋਕਾਂ ਨੇ ਅਰਥ ਇਹ ਲਗਾਇਆ ਕਿ ਸੋਵੀਅਤ ਤਲਾਕ ਕਾਨੂੰਨ ਸਿਰਫ ਦਿਖਾਵੇ ਦੀ ਚੀਜ਼ ਹੈ; ਉਹਨਾਂ ਨੇ ਕਿਹਾ ਕਿ ਇਹ ਨੌਕਰਸ਼ਾਹੀ ਅਤੇ ਤਾਨਾਸ਼ਾਹੀ ਦਾ ਕਦਮ ਹੈ ਅਤੇ "ਹੁਣ ਸਤਾਲਿਨ ਨੇ ਤਲਾਕ ਨਾ ਮੰਜ਼ੂਰ ਕਰਨ ਦਾ ਹੁਕਮ ਦੇ ਦਿੱਤਾ ਹੈ।" ਪਰ ਇਹ ਗੱਲਾਂ ਝੂਠੀਆਂ ਸਾਬਤ ਹੋਈਆਂ। ਨਵੇਂ ਕਾਨੂੰਨ ਦੇ ਤਹਿਤ ਹਜ਼ਾਰਾਂ ਤਲਾਕ ਮੰਜ਼ੂਰ ਕੀਤੇ ਜਾ ਚੁੱਕੇ ਹਨ, ਹਾਲਾਂਕਿ 1944 ਤੋਂ ਪਹਿਲੇ ਪੱਧਰ ਦੇ ਮੁਕਾਬਲੇ ਤਲਾਕਾਂ ਦੀ ਸੰਖਿਆ ਬਹੁਤ ਘੱਟ ਹੋ ਗਈ ਹੈ।

ਸੋਵੀਅਤ ਤਲਾਕ ਕਾਨੂੰਨ ਵਿੱਚ "ਤਲਾਕ ਦੇ ਕਾਰਨ" ਦਾ ਜ਼ਿਕਰ ਕਿਉਂ ਨਹੀਂ ਹੈ, ਇਹ ਮਾਮੂਲੀ ਸਮਝਦਾਰੀ ਦੀ ਗੱਲ ਹੈ। ਆਖਿਰ ਕਾਨੂੰਨ ਪੰਡਿਤਾਂ ਨੂੰ ਇਹ ਹੱਕ ਕਿਵੇਂ ਦੇ ਦਿੱਤਾ ਜਾਂਦਾ ਕਿ ਉਹ ਸਦਾ ਲਈ ਅਜਿਹੇ ਕਾਨੂੰਨਾਂ ਦੀ ਸੂਚੀ ਪੇਸ਼ ਕਰ ਦੇਣ ਜਿਨ੍ਹਾਂ ਦੇ ਤਹਿਤ ਪਤੀ ਅਤੇ ਪਤਨੀ ਦਾ ਜੀਵਨ ਭਾਰ ਮੰਨ ਲਿਆ ਜਾਵੇ। ਵਿਆਹ-ਸਬੰਧਾਂ ਦੇ ਟੁੱਟਣ ਦੇ ਕਾਰਨ ਅਣਗਿਣਤ ਹੁੰਦੇ ਹਨ। ਜੋ ਕਾਰਨ ਕਿਸੇ ਇੱਕ ਵਿਆਹ ਸਬੰਧ ਦੇ ਟੁੱਟਣ ਲਈ

ਘਾਤਕ ਬਣ ਜਾਵੇ ਉਹੀ ਮੁਮਕਿਨ ਹੈ, ਕਿਸੇ ਦੂਸਰੇ ਵਿਆਹ ਸਬੰਧ ਦੇ ਟੁੱਟਣ ਵਿੱਚ ਬਿਲਕੁੱਲ ਮਹੱਤਵ ਦੀ ਚੀਜ਼ ਨਾ ਹੋਵੇ। ਸਬੰਧ-ਟੁੱਟਣ ਦੇ ਕਾਰਨਾਂ ਦੀ ਸੂਚੀ ਬਣਾਉਣ ਬੈਠਣਾ — ਜਿਵੇਂ ਕਿ ਉਹ ਟ੍ਰੈਫਿਕ ਨਿਯਮਾਂ ਦੇ ਉਲੰਘਣ ਦੇ ਕਾਰਨਾਂ ਦੀ ਸੂਚੀ ਹੋਵੇ — ਹਾਸੋਹੀਣੀ ਨਹੀਂ ਤਾਂ ਹੋਰ ਕੀ ਹੈ!

ਸੋਵੀਅਤ ਕਾਨੂੰਨ ਨੇ ਜਿਸ ਉੱਚਿਤ ਸਿਧਾਂਤ ਨੂੰ ਮਾਨਤਾ ਦਿੱਤੀ ਉਹ ਇਹ ਸੀ ਕਿ ਸਿਰਫ ਪਤੀ ਅਤੇ ਪਤਨੀ ਹੀ ਦੱਸ ਸਕਦੇ ਹਨ ਕਿ ਹੁਣ ਉਹਨਾਂ ਦੇ ਆਪਸੀ ਸਬੰਧ ਅਸਥਿਰਤਾ ਦੇ ਕਿਨਾਰੇ 'ਤੇ ਪਹੁੰਚ ਚੁੱਕੇ ਹਨ। ਇਸ ਦਾ ਇਹ ਮਤਲਬ ਨਹੀਂ ਕਿ ਉਹਨਾਂ ਨੂੰ ਇਹ ਫੈਸਲਾ ਕਰਨ ਦਾ ਹੱਕ ਸੀ ਕਿ ਸਬੰਧ-ਤੋੜਣ ਜਾਂ ਨਹੀਂ। ਹਾਲਤ ਦੀ ਪੂਰੀ ਜਾਂਚ ਤਾਂ ਲੋਕਾਂ ਦੀ ਅਦਾਲਤ ਹੀ ਕਰਦੀ। ਤਲਾਕ ਦੇ ਨਵੇਂ ਨਿਯਮਾਂ ਨੂੰ ਲਾਗੂ ਕਰਨ ਵਾਲਾ ਸਿਧਾਂਤ ਇਹ ਸੀ ਕਿ ਵਿਆਹ ਸਿਰਫ ਨਿੱਜੀ ਚੀਜ਼ ਨਹੀਂ ਹੈ। ਸਿਧਾਂਤ ਇਹ ਸੀ ਕਿ ਵਿਆਹ ਇੱਕ ਪਰਿਵਾਰਕ, ਇੱਕ ਵਿਆਪਕ-ਸਮਾਜਿਕ-ਜ਼ਿੰਮੇਵਾਰੀ ਹੈ। ਅਦਾਲਤ ਇਸ ਸਿਧਾਂਤ ਨੂੰ ਅਮਲ ਵਿਚੱ ਲਾਗੂ ਕਰਦੀ ਅਤੇ ਇਸ ਗੱਲ 'ਤੇ ਜ਼ੋਰ ਦਿੰਦੀ ਕਿ ਗਵਾਹ ਆਪਣਾ ਸਪੱਸ਼ਟ ਮੱਤ ਪ੍ਰਗਟ ਕਰਨ।

ਪਤੀ ਅਤੇ ਪਤਨੀ ਤੋਂ ਭਲੀ-ਭਾਂਤੀ ਜਾਣੂੰ ਦੂਸਰੇ ਵਿਅਕਤੀ ਜਦੋਂ ਤੱਕ ਸਪੱਸ਼ਟ ਰੂਪ ਨਾਲ਼ ਸਬੰਧ-ਟੁੱਟਣ ਦੇ ਪੱਖ ਵਿੱਚ ਆਪਣਾ ਮਤ ਨਾ ਦੇ ਦੇਣ ਓਦੋਂ ਤੱਕ ਸੋਵੀਅਤ ਰੂਸ ਵਿੱਚ ਤਲਾਕ ਦੀ ਮੰਜ਼ੂਰੀ ਨਹੀਂ ਹੋ ਸਕਦੀ। ਇਸ ਨਾਲ਼ ਦੋ ਲਾਭ ਹੁੰਦੇ ਹਨ। ਪਹਿਲਾ ਤਾਂ ਇਹ ਕਿ ਤਲਾਕ ਲਈ ਨਿਰਉਤਸ਼ਾਹਿਤ ਕੀਤਾ ਜਾ ਸਕਦਾ ਹੈ। ਪਤੀ ਅਤੇ ਪਤਨੀ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਆਪਣੀਆਂ ਸਮੱਸਿਆਵਾਂ ਸੁਲਝਾਉਣ ਲਈ ਹਰ ਮੁਮਕਿਨ ਯਤਨ ਕਰਨ ਦੀ ਉਹਨਾਂ ਨੂੰ ਅਪੀਲ ਕੀਤੀ ਜਾ ਸਕਦੀ ਹੈ। ਦੂਸਰਾਂ ਇਹ ਕਿ ਅਦਾਲਤ ਹਰ ਮਾਮਲੇ ਨੂੰ, ਉਹਨਾਂ ਮਾਮਲਿਆਂ ਦੀਆਂ ਜ਼ਰੂਰਤਾਂ ਦੇਖ ਕੇ ਹੀ ਨਿਬੇੜਦੀ।

ਉਦੇਸ਼ ਇਹ ਸੀ ਕਿ ਤਲਾਕ ਨੂੰ ਜਦੋਂ ਵੀ ਸੰਭਵ ਹੋਵੇ, ਰੋਕਿਆ ਜਾਵੇ। ਸਬੰਧ-ਟੁੱਟਣ ਤੋਂ ਪਹਿਲਾਂ ਸੋਵੀਅਤ ਪਤੀ ਅਤੇ ਪਤਨੀ ਨੂੰ ਅਦਾਲਤ ਨੂੰ ਪੂਰੀ ਤਰ੍ਹਾਂ ਵਿਸ਼ਵਾਸ ਦਿਵਾਉਣਾ ਪੈਂਦਾ ਕਿ ਦੋਨਾਂ ਵਿੱਚ ਸਮਝੌਤਾ ਅਤੇ ਮੇਲ ਹੋ ਸਕਣਾ ਹੁਣ ਅਸੰਭਵ ਹੈ। ਪੁਰਾਣੇ ਫੈਸਲੇ ਕੀ ਫੈਸਲੇ ਕੀ ਕਹਿੰਦੇ ਹਨ ਜਾਂ ਨਵੀਆਂ 'ਜ਼ਰੂਰਤਾਂ' ਕੀ ਹਨ, ਇਸ ਨਾਲ਼ ਕੋਈ ਵਾਸਤਾ ਨਹੀਂ ਸੀ। ਹਰ ਅਰਜ਼ੀ ਅਲੱਗ ਤੋਂ ਪੂਰੀ ਤਰ੍ਹਾਂ ਜਾਂਚੀ ਜਾਂਦੀ ਅਤੇ ਤਦ ਫੈਸਲਾ ਸੁਣਾਇਆ ਜਾਂਦਾ।

ਕੀ ਤਲਾਕ ਸਬੰਧੀ ਨਵੇਂ ਸਖ਼ਤ ਸੋਵੀਅਤ ਕਾਨੂੰਨ ਸਾਡੇ ਤਲਾਕ ਕਾਨੂੰਨਾਂ ਦੀ ਨਕਲ ਸਨ, ਜਿਵੇਂ ਕਿ ਕਈ ਲੇਖਕਾਂ ਦਾ ਦਾਅਵਾ ਹੈ? ਨਹੀਂ ਬਿਲਕੁੱਲ ਨਹੀਂ। ਸੋਵੀਅਤ ਕਾਨੂੰਨਾਂ ਦੇ ਆਲੋਚਕਾਂ ਨੇ ਜਿਹੜੀ ਚੀਜ਼ ਨੂੰ ਭੁਲਾ ਦਿੱਤਾ ਉਹ ਹੈ : ਨਵੇਂ ਸੋਵੀਅਤ ਕਾਨੂੰਨ ਦੀ ਅਸਲੀਅਤ। ਸੋਵੀਅਤ ਕਾਨੂੰਨ ਦਾ ਪ੍ਰਮੁੱਖ ਉਦੇਸ਼ ਸੀ — ਤਲਾਕ ਲਈ ਇਛੁੱਕ ਪਤੀ ਪਤਨੀ ਵਿੱਚ ਮੇਲ ਅਤੇ ਸੁਲਹ ਕਰਾਉਣਾ।

ਦੂਸਰੇ ਸ਼ਬਦਾਂ ਵਿੱਚ, ਨਵੀਆਂ ਤਲਾਕ ਅਦਾਲਤਾਂ ਗਰਭਪਾਤ ਸਬੰਧੀ ਪੁਰਾਣੇ ਹਸਪਤਾਲਾਂ ਵਿੱਚ ਸਥਿਤ 'ਸਲਾਹ-ਕਮੇਟੀਆਂ' ਵਾਂਗ ਸਨ ਜਿਨ੍ਹਾਂ ਦਾ ਉਦੇਸ਼ ਤਲਾਕ ਨੂੰ ਰੋਕਣਾ ਸੀ। ਪਰ ਕੀ ਸਾਡੇ ਤਲਾਕ ਕਾਨੂੰਨਾਂ ਦਾ ਵੀ ਇਹੀ ਉਦੇਸ਼ ਨਹੀਂ ਹੈ ? ਹੈ, ਪਰ ਸਿਰਫ਼ ਸਿਧਾਂਤ ਵਿੱਚ ਹੀ। ਅਸਲ ਵਿੱਚ ਸਾਡੇ ਤਲਾਕ ਨੂੰ ਸਿਰਫ਼ ਥੋੜ੍ਹਾ ਮੁਸ਼ਕਿਲ ਅਤੇ ਮਹਿੰਗਾ ਬਣਾਉਣ ਦਾ ਜ਼ਰੀਆ ਹੈ। ਮਹਿੰਗੇ ਹੋ ਜਾਣ ਨਾਲ਼ ਅਬਾਦੀ ਦਾ ਥੋੜ੍ਹਾ ਹਿੱਸਾ ਹੀ ਉਹਨਾਂ ਦਾ ਫਾਇਦਾ ਲੈ ਸਕਦਾ ਹੈ। (ਪੂੰਜੀਵਾਦੀ) ਜਮਹੂਰੀ ਦੇਸ਼ਾਂ ਵਿੱਚ ਕੋਈ ਕਾਨੂੰਨ ਇਹ ਨਹੀਂ ਕਹਿੰਦਾ ਕਿ ਤਲਾਕ ਲਈ ਅਰਜ਼ੀ ਦੇਣ ਤੋਂ ਪਹਿਲਾਂ ਦੂਸਰਿਆਂ ਨਾਲ਼ ਮਸ਼ਵਰਾਂ ਕਰੋ ਅਤੇ ਸੁਲਹ-ਸਮਝੌਤੇ ਦੀ ਕੋਸ਼ਿਸ਼ ਕਰੋ। ਮਨੋਵਿਗਿਆਨਕਾਂ, ਡਾਕਟਰਾਂ ਅਤੇ ਪਾਦਰੀਆਂ ਨੇ ਸਲਾਹ-ਮਸ਼ਵਰੇ ਲਈ 'ਵਿਆਹ ਸ਼ਫ਼ਾਖਾਨੇ' ਖੋਲ੍ਹੇ ਹਨ। ਪਰ ਇਹਨਾਂ ਹਸਪਤਾਲਾਂ ਨੂੰ ਕੋਈ ਕਾਨੂੰਨੀ ਹਮਾਇਤ ਪ੍ਰਾਪਤ ਨਹੀਂ। ਇਸ ਦੇ ਉਲਟ, ਨਵੇਂ ਸੋਵੀਅਤ ਕਾਨੂੰਨ ਦਾ ਕਹਿਣਾ ਸੀ ਕਿ ਤਲਾਕ ਲਈ ਇੱਛੁਕ ਪਤੀ ਪਤਨੀ ਲੋਕਾਂ ਦੀਆਂ ਅਦਾਲਤ ਵਿੱਚ ਆਪਣੀਆਂ ਦਲੀਲਾਂ ਪੇਸ਼ ਕਰਨ ਕਿ ਆਖਿਰ ਉਹ ਤਲਾਕ ਚਾਹੁੰਦੇ ਹੀ ਕਿਉਂ ਹਨ।

ਸੋਵੀਅਤ ਤਲਾਕ ਪੱਧਤੀ ਦਾ ਹੁਣੇ ਹੀ ਵਿੱਚ ਅਧਿਐਨ ਕਰਨ ਬਾਅਦ ਇਸ ਪੁਸਤਕ ਦੇ ਲੇਖਕ ਅਤੇ ਲੇਖਕ ਦੀ ਪਤਨੀ ਨੇ ਜੋ ਬਿਆਨ ਦਿੱਤਾ ਸੀ, ਉਸ ਦੇ ਇੱਕ ਅੰਸ਼ ਦਾ ਅਸੀਂ ਹਵਾਲਾ ਦੇ ਰਹੇ ਹਾਂ :

"ਕੁੱਝ ਸਾਲ ਪਹਿਲਾਂ ਜਦੋਂ ਜ਼ਾਰਸ਼ਾਹੀ ਢਾਂਚੇ ਦੀ ਵਿਰਾਸਤ ਦੇ ਰੂਪ ਵਿੱਚ ਕਈ ਅਣਉੱਚਿਤ ਵਿਆਹ ਸਬੰਧ ਮੌਜੂਦ ਸਨ ਓਦੋਂ ਸੋਵੀਅਤ ਸੰਘ ਵਿੱਚ ਤਲਾਕ ਹਾਸਲ ਕਰਨਾ ਸੌਖਾ ਸੀ। ਪਰ ਹੁਣ ਸੋਵੀਅਤ ਸੰਘ ਵਿੱਚ ਤਲਾਕ ਹਾਸਲ ਕਰਨਾ ਔਖਾ ਹੈ। ਇਹ ਕਹਿਣਾ ਅਣਉੱਚਿਤ ਨਹੀਂ ਹੋਵੇਗਾ ਕਿ ਕੁੱਝ ਮਾਮਲਿਆਂ ਵਿੱਚ ਕਨੇਡਾ ਦੇ ਮੁਕਾਬਲੇ ਵੀ ਸੋਵੀਅਤ ਸੰਘ ਵਿੱਚ ਤਲਾਕ ਹਾਸਲ ਕਰਨਾ ਮੁਸ਼ਕਿਲ ਹੈ। ਅਸੀਂ ਤਾਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਜੋ ਮੁਸ਼ਕਿਲ ਪੈਦਾ ਕੀਤੀ ਜਾਂਦੀ ਹੈ ਉਸ ਦਾ ਉਦੇਸ਼ ਤਲਾਕ ਵਿੱਚ ਦੇਰ ਕਰਨਾ ਹੈ। ਇੰਝ ਤਲਾਕ ਵਿਰੋਧੀ ਕੋਈ ਕਾਨੂੰਨ ਉੱਥੇ ਮੌਜੂਦ ਨਹੀਂ ਹੈ। ਅਸੀਂ ਜਿਹੜੀ ਅਸਲੀਅਤ ਨੂੰ ਦੇਖਿਆ ਉਹ ਇਸ ਪ੍ਰਕਾਰ ਹੈ :

"ਲੜਾਈ ਝਗੜੇ, 'ਅਸਮਰਥਤਾ', ਇੱਥੋਂ ਤੱਕ ਕਿ ਬੁਰਾ ਆਚਰਣ ਵੀ, ਖੁਦ ਵਿੱਚ, ਤਲਾਕ ਦੇ ਕਾਰਨ ਨਹੀਂ ਹਨ। ਕਾਨੂੰਨ ਦੀ ਕਿਸੇ ਧਾਰਾ ਨਾਲ਼ ਮਿਲਣ ਵਾਲੀਆਂ ਗੱਲਾਂ 'ਸਿੱਧ ਕਰਕੇ ਵੀ' ਪਤੀ ਅਤੇ ਪਤਨੀ ਤਲਾਕ ਹਾਸਲ ਨਹੀਂ ਕਰ ਸਕਦੇ। ਲੋਕਾਂ ਦੀ ਅਦਾਲਤ ਵਿੱਚ ਪਤੀ ਅਤੇ ਪਤਨੀ ਤੋਂ ਇਲਾਵਾ ਸਾਰੇ ਅਜਿਹੇ ਗਵਾਹਾਂ ਨੂੰ ਵੀ ਹਾਜ਼ਰ ਹੋਣਾ ਪੈਂਦਾ ਹੈ ਜੋ ਉਹਨਾਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਉਹਨਾਂ ਨੂੰ ਇਹ ਸਾਬਤ ਕਰਨਾ ਪੈਂਦਾ ਹੈ ਕਿ ਵਿਆਹ ਸਬੰਧ ਨੂੰ ਕਾਇਮ ਰੱਖਣ ਦਾ ਹਰ ਸੰਭਵ ਉਪਾਅ ਕੀਤਾ ਜਾ ਚੁੱਕਾ ਹੈ। ਉਹਨਾਂ ਨੂੰ ਇਹ ਵੀ ਸਾਬਤ ਕਰਨਾ ਪੈਂਦਾ ਹੈ ਕਿ ਜੇ ਇਹ ਵਿਆਹ ਸਬੰਧ ਕਾਇਮ ਰਿਹਾ ਤਾਂ ਇਹ ਅਨੈਤਿਕ ਗੱਲ ਹੋਵੇਗੀ, ਕਿ ਇਸ ਨਾਲ਼ ਬੱਚੇ ਅਤੇ ਉਹਨਾਂ ਦੇ ਮਾਤਾ-ਪਿਤਾ ਸਿਹਤਮੰਦ ਜੀਵਨ ਨਹੀਂ ਜੀ ਸਕਣਗੇ। ਅੰਤ ਵਿੱਚ, ਪਤੀ ਅਤੇ ਪਤਨੀ ਨੂੰ ਪੂਰੀ ਤਰ੍ਹਾਂ ਸਾਬਤ ਕਰਨਾ

ਪੈਂਦਾ ਹੈ ਕਿ ਤਲਾਕ ਦੇ ਸਿੱਟੇ ਵਜੋਂ ਬੱਚਿਆਂ ਦਾ ਜੀਵਨ ਵਿਗੜੇਗਾ ਨਹੀਂ, ਸੁਧਰੇਗਾ।"

"ਜਿਸ ਕਿਸੇ ਵੀ ਕੇਂਦਰ ਵਿੱਚ ਅਸੀਂ ਤਲਾਕ ਦੇ ਸਬੰਧ ਵਿੱਚ ਸਵਾਲ ਕੀਤਾ, ਸਾਨੂੰ ਇਹੀ ਜਵਾਬ ਮਿਲਿਆ ਕਿ ਯੁੱਧ ਦੇ ਬਾਅਦ ਦੇ ਸਾਲਾਂ ਵਿੱਚ ਸੋਵੀਅਤ ਰੂਸ ਵਿੱਚ ਤਲਾਕਾਂ ਦੀ ਸੰਖਿਆ ਬਹੁਤ ਤੇਜ਼ੀ ਨਾਲ਼ ਘਟੀ ਹੈ।"

ਇਸ ਸਬੰਧ ਵਿੱਚ ਹੋਰ ਟਿੱਪਣੀਆਂ ਜੋੜਨ ਦੀ ਜ਼ਰੂਰਤ ਨਹੀਂ। 25 ਅਕਤੂਬਰ 1945 ਨੂੰ ਅਟਲਾਂਟਿਕ ਨਗਰ ਦੇ ਅਖ਼ਬਾਰਾਂ ਵਿੱਚ ਪੇਨਸਿਲਵਾਨੀਆਂ ਸਟੇਟ ਕਾਲਜ ਦੇ ਵਿਆਹ-ਸਬੰਧੀ ਸਲਾਹ-ਵਿਭਾਗ ਦੇ ਨਿਰਦੇਸ਼ਕ ਡਾ. ਕਿਲਫਰਡ ਆਰ. ਏਡਮਜ਼ ਦੇ ਭਾਸ਼ਣ ਦੀਆਂ ਰਿਪੋਰਟਾਂ ਛਪੀਆਂ :

"1955 ਤੱਕ", ਇਹਨਾਂ ਨੇ ਐਲਾਨ ਕੀਤਾ, "ਅਮਰੀਕਾ ਵਿੱਚ ਹਰ ਦਸ ਵਿਆਹਾਂ ਵਿੱਚੋਂ ਚਾਰ ਵਿਆਹਾਂ ਦਾ ਅੰਤ ਤਲਾਕ ਹੋਵੇਗਾ....।" ਅੱਜ ਤੋਂ ਵੀਹ-ਤੀਹ ਸਾਲ ਬਾਅਦ ਅਣਵਿਆਹੀਆਂ ਇਸਤਰੀਆਂ ਦੀ ਪੀੜ੍ਹੀ ਦੇਖਣ ਵਿੱਚ ਆਵੇਗੀ, ਕਿਉਂਕਿ ਉਹਨਾਂ ਨਾਲ਼ ਵਿਆਹ ਕਰਨ ਲਈ ਪੁਰਸ਼ ਹੀ ਨਹੀਂ ਮਿਲਣਗੇ। "ਪਰ ਇਹ ਇਸਤਰੀਆਂ ਹੱਥ 'ਤੇ ਹੱਥ ਰੱਖੇ ਮੱਖੀਆਂ ਨਹੀਂ ਮਾਰਿਆਂ ਕਰਨਗੀਆਂ ਪਤੀ ਪ੍ਰਾਪਤ ਕਰਨ ਲਈ ਉਹ ਪਤਨੀਆਂ ਨਾਲ਼ ਟੱਕਰ ਲੈਣ ਲਈ ਕਮਰ ਕੱਸ ਕੇ ਸਾਹਮਣੇ ਆ ਡੱਟਣਗੀਆਂ।"

ਡਾ. ਏਡਮਜ਼ ਨੇ ਅੱਗੇ ਇਹ ਵੀ ਦੱਸਿਆ ਕਿ ਅਮਰੀਕਾ "ਦੁਨੀਆਂ ਦਾ ਇੱਕ ਅਜਿਹਾ ਦੇਸ਼ ਹੈ ਜਿੱਥੇ ਸਭ ਤੋਂ ਜ਼ਿਆਦਾ ਵਿਆਹ ਅਤੇ ਸਭ ਤੋਂ ਜ਼ਿਆਦਾ ਤਲਾਕ ਹੁੰਦੇ ਹਨ। ਇੱਥੇ ਹਫ਼ਤੇ ਵਿੱਚ 1000 ਤਲਾਕ ਹੁੰਦੇ ਹਨ। ਇਹ ਦਰ ਵਧਦੀ ਹੀ ਜਾ ਰਹੀ ਹੈ।" ਉਹਨਾਂ ਦੀ ਭਵਿੱਖਬਾਣੀ ਸੀ ਕਿ ਦਸ ਸਾਲ ਅੰਦਰ ਹੀ "ਨੌਜਵਾਨ ਅਤੇ ਮੁਟਿਆਰਾਂ ਵਿੱਚ ਬੁਰੀ ਤਰ੍ਹਾਂ ਦੁਰਾਚਾਰ ਫੈਲੇਗਾ ਅਤੇ ਨੈਤਿਕਤਾ ਇੱਥੇ ਹੇਠਲੇ ਪੱਧਰ 'ਤੇ ਪਹੁੰਚ ਜਾਵੇਗੀ।"

ਇੱਕ ਹਫ਼ਤੇ ਬਾਅਦ ਸ਼ਿਕਾਗੋ ਯੂਨੀਵਰਸਿਟੀ ਵਿੱਚ ਸਮਾਜਸ਼ਾਸਤਰ ਦੇ ਪ੍ਰੋਫ਼ੈਸਰ ਡਾ. ਅਰਨੈਸਟ ਡਬਲਿਊ. ਬਰਗੇਸ ਨੇ ਐਲਾਨ ਕੀਤਾ ਕਿ ਤੁਰੰਤ ਹੀ ਵਿਆਹ ਕਰਾਉਣ ਦੀ ਯੁੱਧ ਦੌਰ ਦੀ ਪ੍ਰਵਿਰਤੀ ਅੱਗੇ ਆਉਣ ਵਾਲ਼ੇ ਕੁੱਝ ਸਾਲਾਂ ਵਿੱਚ ਹੋਰ ਵੀ ਵੱਡਾ ਖਤਰਾ ਬਣ ਜਾਵੇਗੀ।

"ਵਿਆਹ ਹੁਣ ਥੋੜ੍ਹੇ ਸਮੇਂ ਦੀ ਹੀ ਜਾਣ-ਪਛਾਣ, ਮੇਲ-ਮੁਲਾਕਾਤ ਅਤੇ ਮਿੱਤਰਤਾ ਦੇ ਬਾਅਦ ਹੋ ਜਾਇਆ ਕਰਨਗੇ। ਲੜਾਈ ਦੇ ਦਿਨਾਂ ਵਿੱਚ ਵਿਆਹੁਤਾ ਜ਼ਿੰਦਗੀ ਦਾ ਸੁੱਖ ਜ਼ਬਰਦਸਤੀ ਟਾਲਦੇ ਜਾਣਾ ਪਿਆ ਸੀ। ਹੁਣ ਇਸੇ ਕਮੀ ਨੂੰ ਪੂਰਾ ਕਰਨ ਲਈ ਸਾਰੇ ਲੋਕ ਦੌੜ ਪੈਣਗੇ।"

ਉਹਨਾਂ ਨੇ ਕਿਹਾ : "ਲੜਾਈ ਦੇ ਦਿਨਾਂ ਵਿੱਚ ਅਣਵਿਆਹੇ ਰਹਿਣ ਦੇ ਕਾਰਨ ਜਿਨ੍ਹਾਂ ਲੋਕਾਂ ਦੀ ਉਮਰ ਕਾਫ਼ੀ ਜ਼ਿਆਦਾ ਹੋ ਚੁੱਕੀ ਹੈ, ਉਹ ਵੀ ਵਿਆਹ ਕਰਨਾ ਚਾਹੁੰਣਗੇ। ਜੇਕਰ ਪਿਛਲੇ ਯੁੱਧ ਦੇ ਬਾਅਦ ਦਾ ਰਵੱਈਆ ਜਾਰੀ ਰਿਹਾ ਤਾਂ ਇਹ ਲੋਕ ਆਮ ਤੌਰ 'ਤੇ ਨਵੀਂ ਉਮਰ ਦੀਆਂ ਲੜਕੀਆਂ ਨੂੰ ਹੀ ਚਾਹੁੰਣਗੇ। ਵਿਆਹ ਦੇ ਬਾਜ਼ਾਰ ਵਿੱਚ ਆਪਣੀ ਕੀਮਤ ਘਟਦੇ ਦੇਖ ਜ਼ਿਆਦਾ ਉਮਰ ਦੀਆਂ ਇਸਤਰੀਆਂ ਜਿੱਧਰ ਮੌਕਾ ਲੱਗਿਆ ਉਧਰ

ਹੱਥ ਮਾਰਨਗੀਆਂ। ਨਤੀਜਾ ਇਹ ਹੋਵੇਗਾ ਕਿ ਤਲਾਕ ਦੀ ਦਰ ਹੋਰ ਵੀ ਵਧੇਗੀ।"

ਯੁੱਧ ਤੋਂ ਪਹਿਲਾਂ ਤਲਾਕਾਂ ਦੀ ਦਰ 16 ਪ੍ਰਤੀਸ਼ਤ ਸੀ। ਡਾ. ਬਰਗੇਸ ਨੇ ਕਿਹਾ ਕਿ ਇਹ ਦਰ ਨੇੜਲੇ ਭਵਿੱਖ ਵਿੱਚ 25 ਪ੍ਰਤੀਸ਼ਤ ਹੋ ਜਾਵੇਗੀ। ਡਾ. ਏਡਮਜ਼ ਮੁਕਾਬਲੇ ਡਾ. ਬਰਗੇਸ ਦਾ ਅੰਦਾਜ਼ਾ ਹਲਕਾ ਹੈ। ਡਾ. ਏਡਮਜ਼ ਦਾ ਕਹਿਣਾ ਸੀ ਕਿ ਇਹ ਦਰ 40 ਪ੍ਰਤੀਸ਼ਤ ਹੋਵੇਗੀ।

ਦੋਵਾਂ ਦੇ ਅੰਦਾਜ਼ਿਆਂ ਦੀ ਪਰਖ ਹੋ ਗਈ ਹੈ। 'ਮੇਟ੍ਰੋਪੋਲਿਟਨ ਲਾਈਫ ਇੰਸ਼ੋਰੇਂਨਸ ਕੰਪਨੀ' ਦੇ "ਗਣਨਾ ਸਬੰਧੀ ਬੁਲੇਟਿਨ" (ਅੰਕ-30, ਨੰ-4) ਵਿੱਚ ਅਮਰੀਕਾ ਵਿੱਚ ਤਲਾਕਾਂ ਦੀ ਦਰ ਦਾ ਵਿਸ਼ਲੇਸ਼ਣ ਪੇਸ਼ ਕੀਤਾ ਗਿਆ ਹੈ। ਉਸ ਤੋਂ ਪਤਾ ਚਲਦਾ ਹੈ ਕਿ 1946 ਵਿੱਚ ਤਲਾਕਾਂ ਦੀ ਦਰ ਸੱਚਮੁੱਚ 39.97 ਪ੍ਰਤੀਸ਼ਤ ਤੱਕ ਪਹੁੰਚ ਗਈ ਸੀ। ਪਰ 1948 ਵਿੱਚ ਉਹ 25 ਪ੍ਰਤੀਸ਼ਤ ਨਾਲੋਂ ਕੁੱਝ ਘੱਟ ਹੋ ਗਈ।

ਇਸ ਤਰ੍ਹਾਂ ਦੇ ਵਿਆਹਾਂ ਤੋਂ ਜੰਮੇ ਬੱਚਿਆਂ ਵੱਲ ਬਹੁਤ ਘੱਟ ਧਿਆਨ ਦਿੱਤਾ ਜਾ ਰਿਹਾ ਹੈ। ਹਾਲਤ ਇਹ ਹੈ ਕਿ ਸਾਡੇ ਇੱਥੋਂ ਦੇ ਅਧਿਕਾਰੀਆਂ ਦੀ ਇੱਕ ਪੂਰੀ ਦੀ ਪੂਰੀ ਪੀੜ੍ਹੀ ਨੇ ਇਹ ਕਹਿੰਦੇ ਹੋਏ ਆਪਣੀ ਜ਼ਿੰਦਗੀ ਗੁਜ਼ਾਰ ਦਿੱਤੀ ਕਿ ਸੋਵੀਅਤ ਰੂਸ ਤਾਂ ਅਨੈਤਿਕ ਭੌਤਿਕਵਾਦੀਆਂ ਦਾ ਦੇਸ਼ ਹੈ। ਪਰ ਸਾਡੇ ਦੇਸ਼ਾਂ ਵਿੱਚ ਜਿਹੜੀ ਬੇਮਿਸਾਲ ਤੇਜ਼ੀ ਨਾਲ਼ ਪਰਿਵਾਰ ਖਿੰਡ ਰਹੇ ਹਨ ਅਤੇ 'ਇਤਿਹਾਸ ਵਿੱਚ ਨੈਤਿਕਤਾ ਦੇ ਹੇਠਲੇ ਪੱਧਰ' 'ਤੇ ਪਹੁੰਚਣ ਦਾ ਜੋ ਨਜ਼ਾਰਾ ਸਾਹਮਣੇ ਆ ਰਿਹਾ ਹੈ। ਉਸ ਨੂੰ ਰੋਕਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਜਾ ਰਹੀ ਹੈ। ਇਸ ਗੱਲ 'ਤੇ ਅੜੇ ਰਹਿ ਕੇ ਕਿ ਈਸਾਈ ਸੱਭਿਅਤਾ ਦਾ ਤਾਂ ਅਧਾਰ ਹੀ ਪਰਿਵਾਰਕ ਜੀਵਨ ਦੀ ਪਵਿੱਤਰਤਾ ਹੈ, ਅਸੀਂ ਚੁੱਪਚਾਪ ਖੜ੍ਹੇ ਰਹਿ ਕੇ ਅਨੈਤਿਕਤਾ ਅਤੇ ਤਲਾਕਾਂ ਦੇ ਹੜ੍ਹ ਦੀ ਉਡੀਕ ਕਰ ਰਹੇ ਹਾਂ। ਉੱਧਰ, ਸਮਾਜਵਾਦੀ ਰਾਜ ਵਿੱਚ ਪਰਿਵਾਰਕ ਜੀਵਨ ਨੂੰ ਨਵੇਂ ਅਤੇ ਉੱਨਤ ਪੱਧਰ 'ਤੇ ਪਹੁੰਚਾਉਣ ਦੀਆਂ ਵਿਗਿਆਨਕ ਯੋਜਨਾਵਾਂ ਨੂੰ ਹੈਰਾਨੀਜਨਕ ਸਫ਼ਲਤਾ ਮਿਲ ਰਹੀ ਹੈ।

ਅਜਿਹੇ ਅਲੋਚਕ ਕਿੰਨੇ ਹਨ ਜਿਨ੍ਹਾਂ ਨੇ ਮਾਤਰੀਤਵ ਸਬੰਧੀ ਸੋਵੀਅਤ ਕਾਨੂੰਨਾਂ ਦਾ ਦੂਸਰੇ ਦੇਸ਼ਾਂ ਵਿੱਚ ਪ੍ਰਚਲਿਤ ਅਜਿਹੇ ਹੀ ਕਾਨੂੰਨਾਂ ਨਾਲ਼ ਤੁਲਨਾਤਮਕ ਅਧਿਐਨ ਕੀਤਾ ਹੋਵੇ ? ਬਹੁਤ ਥੋੜ੍ਹੇ। ਕਈ ਆਲੋਚਕ ਅਜਿਹੇ ਹਨ ਜਿਨ੍ਹਾਂ ਨੇ ਨਵੇਂ ਕਾਨੂੰਨਾਂ ਬਾਰੇ ਸਿਰਫ਼ ਇਹ ਕਹਿ ਕੇ ਸੰਤੋਸ਼ ਕਰ ਲਿਆ ਕਿ ਇਹਨਾਂ ਨੇ "ਮਾਤਰੀਤਵ ਨੂੰ ਉੱਚਿਤ ਇੱਜ਼ਤ ਪ੍ਰਦਾਨ ਕੀਤੀ ਹੈ।" ਅਸੀਂ ਦੇਖ ਚੁੱਕੇ ਹਾਂ ਕਿ ਹੁਣ ਤੋਂ ਇੱਕ ਪੀੜ੍ਹੀ ਪਹਿਲਾਂ ਸੋਵੀਅਤ ਰੂਸ ਵਿੱਚ ਗਰਭਵਤੀ ਇਸਤਰੀਆਂ ਅਤੇ ਬੱਚਿਆਂ ਦੀ ਸੁਰੱਖਿਆ ਦੇ ਕੇਂਦਰ ਬੜੀ ਲਗਨ ਨਾਲ਼ ਖੋਲ੍ਹੇ ਗਏ ਸਨ। ਅਸੀਂ ਇਹ ਵੀ ਦੇਖ ਚੁੱਕੇ ਹਾਂ ਕਿ ਇਸਤਰੀਆਂ ਦੀ ਹਾਲਤ ਸੁਧਾਰਨ ਲਈ ਕਿਸ ਤਰ੍ਹਾਂ ਉੱਥੇ ਅਣਥੱਕ ਯਤਨ ਕੀਤਾ ਗਿਆ।

ਨਵੇਂ ਕਾਨੂੰਨ ਪਾਸ ਹੋਣ ਤੋਂ ਪਹਿਲਾਂ ਗਰਭਵਤੀ ਇਸਤਰੀਆਂ ਦੀ ਮਦਦ ਲਈ ਰਾਜ ਵੱਲੋਂ ਸਹਾਇਤਾ ਮਿਲਦੀ ਸੀ। ਸਿਰਫ਼ ਬੱਚਿਆਂ ਦੇ ਖਾਣੇ-ਖਰਚੇ ਲਈ ਸਾਲਾਨਾ ਲਗਭਗ 150,000,000 ਡਾਲਰ ਖਰਚ ਹੁੰਦੇ ਸਨ। ਇਹ ਦਾਨ ਨਹੀਂ ਸੀ। ਮਾਵਾਂ ਇਹ ਨੂੰ ਉਸੇ ਰੂਪ

ਵਿੱਚ ਪ੍ਰਵਾਨ ਕਰਦੀਆਂ ਸਨ, ਜਿਸ ਰੂਪ ਵਿੱਚ ਕਿ ਅਸੀਂ ਪਬਲਿਕ ਸਕੂਲਾਂ ਦੀ ਸਹਾਇਤਾਂ ਨੂੰ ਪ੍ਰਵਾਨ ਕਰਦੇ ਹਾਂ। ਵੱਡੇ-ਵੱਡੇ ਪਰਿਵਾਰਾਂ ਨੂੰ ਨਕਦ ਸਹਾਇਤਾ ਦਿੱਤੀ ਜਾਂਦੀ ਸੀ। ਸੱਤਵਾਂ ਬੱਚਾ ਪੈਦਾ ਹੋਣ 'ਤੇ ਸਾਲਾਨਾ 400 ਡਾਲਰ ਦੀ ਸਹਾਇਤਾ ਦਿੱਤੀ ਜਾਂਦੀ ਸੀ। ਸੱਤਵੇਂ ਬੱਚੇ ਦੇ ਬਾਅਦ ਪੈਦਾ ਹੋਣ ਵਾਲੇ ਹਰ ਬੱਚੇ 'ਤੇ 1000 ਡਾਲਰ ਦੀ ਸਹਾਇਤਾ ਦਿੱਤੀ ਜਾਂਦੀ ਸੀ। ਦਸ ਕਰੋੜ ਇਸਤਰੀਆਂ ਨੂੰ ਇਸ ਯੋਜਨਾ ਦੇ ਤਹਿਤ ਸਹਾਇਤਾ ਮਿਲਦੀ ਸੀ। ਤਾਂ ਕਿ ਜ਼ਿਆਦਾ ਵੱਡੇ ਪਰਿਵਾਰ ਦੇ ਬੱਚੇ ਅਤੇ ਮਾਤਾ ਪਿਤਾ ਨੂੰ ਰੁਕਾਵਟਾਂ ਦਾ ਸ਼ਿਕਾਰ ਨਾ ਬਣਨਾ ਪਵੇ।

ਨਵੇਂ ਕਾਨੂੰਨ ਦੇ ਪਾਸ ਹੋਣ ਬਾਅਦ ਦੇ ਪੰਜ ਸਾਲਾਂ ਸੋਵੀਅਤ ਮਾਵਾਂ ਨੂੰ ਲਗਭਗ 35 ਅਰਬ (ਸਾਢੇ ਤਿੰਨ ਬਿਲੀਅਨ) ਡਾਲਰਾਂ ਦੀ ਨਕਦ ਸਹਾਇਤਾ ਮਿਲੀ। ਜਿਹੜੇ ਸਾਲ ਮੈਂ ਰੂਸ ਦਾ ਦੌਰਾ ਕੀਤਾ ਸੀ। ਇਕੱਲੇ ਉਸ ਸਾਲ ਵਿੱਚ ਗਰਭਵਤੀ ਇਸਤਰੀਆਂ ਨੂੰ ਪੰਜਾਹ ਕਰੋੜ ਡਾਲਰਾਂ ਦੀ ਸਹਾਇਤਾ ਮਿਲੀ ਸੀ। ਵੱਡੇ ਪਰਿਵਾਰ ਵਾਲੀਆਂ ਮਾਵਾਂ ਨੂੰ ਆਪਣੇ ਬੱਚਿਆਂ ਦੀ ਸਹੂਲਤ ਲਈ ਪੰਦਰਾਂ ਹਜ਼ਾਰ ਜਾਂ ਉਸ ਤੋਂ ਵੀ ਜ਼ਿਆਦਾ ਡਾਲਰ ਮਿਲੇ।

ਨਵੇਂ ਕਾਨੂੰਨ ਹੋਰ ਵੀ ਜ਼ਿਆਦਾ ਤਰੱਕੀ ਦੇ ਗਵਾਹ ਹਨ। ਪਰ, ਪੁਰਾਣੇ ਨਿਯਮਾਂ ਵਿੱਚ ਅਤੇ ਇਹਨਾਂ ਵਿੱਚ ਕੋਈ ਗੰਭੀਰ ਫ਼ਰਕ ਨਹੀਂ। ਮਾਤਰੀਤਵ ਦੇ ਮਹੱਤਵ ਨੂੰ ਪ੍ਰਵਾਨ ਕਰਦੇ ਹੋਏ ਮਾਵਾਂ ਲਈ ਤਿੰਨ ਤਮਗਿਆਂ ਦਾ ਪ੍ਰਬੰਧ ਕੀਤਾ ਗਿਆ ਹੈ। ਇਹ ਤਮਗੇ ਹਨ : ਮਾਤਰੀਤਵ ਦਾ ਤਮਗਾ, ਮਾਤਰੀਤਵ ਦੇ ਮਾਣ ਦਾ ਤਮਗਾ, ਅਤੇ ਬਹਾਦਰ ਮਾਤਾ ਦਾ ਤਮਗਾ।

ਅਜੇ ਤੱਕ ਪੈਂਤੀ ਹਜ਼ਾਰ ਸੋਵੀਅਤ ਮਾਵਾਂ ਨੂੰ ਸਭ ਤੋਂ ਉੱਚਾ ਤਮਗਾਂ ਬਹਾਦਰ ਮਾਤਾ ਦਾ ਤਮਗਾ — ਮਿਲ ਚੁੱਕਾ ਹੈ। ਲਗਭਗ ਤੀਹ ਲੱਖ ਮਾਵਾਂ ਨੂੰ ਹੋਰ ਦੋਵੇਂ ਤਮਗੇ ਮਿਲੇ ਹਨ।

ਪਰ ਹੁਣ ਸਾਰੀਆਂ ਮਾਵਾਂ ਨੂੰ ਹੋਰ ਵੀ ਜ਼ਿਆਦਾ ਨਕਦ ਮਦਦ ਨਾਲ਼ ਫਾਇਦਾ ਪਹੁੰਚਾਇਆ ਜਾਵੇਗਾ। ਗਰਭਵਤੀ ਇਸਤਰੀਆਂ ਨੂੰ ਮੁਫਤ ਇਲਾਜ ਅਤੇ ਦੂਸਰੀਆਂ ਸਹੂਲਤਾਂ ਤਾਂ ਮਿਲਣਗੀਆਂ ਹੀ, ਹਰ ਮਾਂ ਨੂੰ ਤੀਸਰਾ ਬੱਚਾ ਪੈਦਾ ਹੋਣ 'ਤੇ ਹੁਣ ਅੱਸੀ ਡਾਲਰ ਦੀ ਨਕਦ ਮਦਦ ਮਿਲੇਗੀ। ਚੌਥਾ ਬੱਚਾ ਹੋਣ ਦੇ 250 ਡਾਲਰ ਨਕਦ ਅਤੇ ਲਗਭਗ ਸੋਲਾਂ ਡਾਲਰ ਮਹੀਨੇਬੱਧੀ ਮਿਲਣਗੇ। ਪੰਜਵਾਂ ਬੱਚਾ ਪੈਦਾ ਹੋਣ 'ਤੇ 340 ਡਾਲਰ ਨਕਦ ਅਤੇ 24 ਡਾਲਰ ਮਹੀਨੇਬੱਧੀ ਮਿਲਣਗੇ। ਇਸ ਤਰ੍ਹਾਂ ਗਿਆਰ੍ਹਵੇਂ ਬੱਚੇ ਤੱਕ ਨਕਦ ਅਤੇ ਮਹੀਨੇਬੱਧੀ ਮਦਦ ਵਧਦੀ ਜਾਵੇਗੀ ਅਤੇ ਗਿਆਰ੍ਹਵੇਂ ਬੱਚੇ 'ਤੇ 1000 ਡਾਲਰ ਨਕਦ ਅਤੇ 60 ਡਾਲਰ ਮਹੀਨੇਬੱਧੀ ਮਦਦ ਮਿਲੇਗੀ।

ਇੱਕ ਤਾਂ ਨੈਤਿਕ ਸਮੱਸਿਆਵਾਂ ਵੱਲ ਸਮਝਦਾਰੀ ਦੇ ਰਵੱਈਏ ਦੇ ਕਾਰਨ, ਦੂਸਰੇ, ਯੁੱਧ ਦੇ ਬਾਅਦ ਦੀਆਂ ਅਮਲੀ ਸਮੱਸਿਆਵਾਂ ਦੇ ਕਾਰਨ ਅਣਵਿਆਹੀਆਂ ਅਤੇ ਵਿਧਵਾ ਮਾਵਾਂ ਨੂੰ ਹੁਣ ਪਹਿਲਾਂ ਤੋਂ ਜ਼ਿਆਦਾ ਮਦਦ ਮਿਲਦੀ ਹੈ। ਮਹੀਨੇਬੱਧੀ ਨਕਦ ਮਦਦ ਦੇ ਰੂਪ ਵਿੱਚ ਉਹਨਾਂ ਨੂੰ ਰਾਜ ਵੱਲੋਂ ਆਪਣੇ ਆਪ ਮਦਦ ਮਿਲਦੀ ਰਹਿੰਦੀ ਹੈ। ਇਸ ਤਰ੍ਹਾਂ ਹਰ ਬੱਚੇ

’ਤੇ ਬਾਰਾਂ ਸਾਲ ਤੱਕ ਉਹਨਾਂ ਨੂੰ 20 ਤੋਂ ਲੈ ਕੇ 40 ਡਾਲਰ ਤੱਕ ਮਹੀਨੇਬੱਧੀ ਮਦਦ ਮਿਲਦੀ ਹੈ। ਕਿਰਤੀ ਮਾਵਾਂ ਦੇ ਬੱਚਿਆਂ ਲਈ ਆਗਨਵਾੜੀ ਦਾ ਪ੍ਰਬੰਧ ਹੈ। ਇੱਥੇ ਉਹ ਆਪਣੇ ਬੱਚਿਆਂ ਨੂੰ ਜਿੰਨੇ ਵੀ ਸਮੇਂ ਲਈ ਛੱਡਣਾ ਚਾਹਵੇ, ਛੱਡ ਸਕਦੀਆਂ ਹਨ। ਪਰ ਬੱਚੇ ਉਹਨਾਂ ਦੇ ਹੀ ਹੁੰਦੇ ਹਨ, ਉਹਨਾਂ ਤੋਂ ਲਏ ਨਹੀਂ ਜਾ ਸਕਦੇ।

ਪਰਿਵਾਰ ਲਈ ਅਜਿਹੀ ਜਿੰਮੇਵਾਰੀ ਦੀ ਮਿਸਾਲ ਦੂਸਰੇ ਦੇਸ਼ਾਂ ਵਿੱਚ ਵੇਖਣ ਨੂੰ ਨਹੀਂ ਮਿਲਦੀ। ਇਸ ਨੇ ਦੂਸਰੇ ਦੇਸ਼ਾਂ ਦੇ ਲੋਕਾਂ ਨੂੰ ਪ੍ਰਭਾਵਿਤ ਕੀਤਾ ਹੈ। ਅੱਜ ਬੇਹੱਦ ਪਿਛਾਖੜੀ ਜਮਾਤਾਂ ਵਿੱਚ ਵੀ ਅਜਿਹੇ ਡਾਕਟਰ, ਅਧਿਆਪਕ, ਵਕੀਲ ਅਤੇ ਵਿਦਿਆਰਥੀ ਮਿਲਣਗੇ ਜੋ ਬੇਝਿੱਜਕ, ਜਾਂ ਨਿੱਜੀ ਰੂਪ ’ਚ ਪ੍ਰਵਾਨ ਕਰਦੇ ਹਨ ਕਿ ਪਰਿਵਾਰਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਵਿੱਚ ਸੋਵੀਅਤ ਰੂਸ ਨੇ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਇਸ ਤਰ੍ਹਾਂ ਦੀ ਪ੍ਰਵਾਨਗੀ ਦੀ ਇੱਕ ਉਦਾਹਰਣ ਸ਼ਿਕਾਗੋ ਦੀ ਕੈਥੋਲਿਕ ਲੋਯੋਲਾ ਯੂਨੀਵਰਸਿਟੀ ਦੇ ਡਾਕਟਰ-ਪ੍ਰੋਫੈਸਰ ਡਾ. ਹਰਬਰਟ ਏ. ਰੈਟਨਰ ਦੇ ਇੱਕ ਭਾਸ਼ਣ ਵਿੱਚ ਕਹੀਆਂ ਗਈਆਂ ਗੱਲਾਂ ਹਨ। 24 ਜਨਵਰੀ 1951 ਨੂੰ ਡਾਕਟਰ ਰੈਟਨਰ ਨੇ ਕੈਥੋਲਿਕ ਗਿਲਡ ਆਫ਼ ਸੈਂਟ ਪਾਲ ਵੱਲੋਂ ਅਯੋਜਿਤ ਇੱਕ ਸਭਾ ਵਿੱਚ ਟੋਰਂਟੋ ਵਿੱਚ ਭਾਸ਼ਣ ਦਿੱਤਾ ਸੀ। ਹੈਰਾਨ ਹੋਏ ਕੈਥੋਲਿਕ ਸ੍ਰੋਤਿਆਂ ਨੂੰ ਉਹਨਾਂ ਨੇ ਕਿਹਾ : “ਸਮਾਜ ਦੇ ਮੂਲ ਨੁਕਤੇ — ਪਰਿਵਾਰ — ਨੂੰ ਜਥੇਬੰਦ ਕਰਨ ਵਿੱਚ ਰੂਸੀ ਲੋਕ ਪੱਛਮ ਤੋਂ ਕਿਤੇ ਅੱਗੇ ਵਧੇ ਹੋਏ ਹਨ।” ਉਹਨਾਂ ਨੇ ਦੱਸਿਆ ਕਿ ਸੋਵੀਅਤ ਪੁਰਸ਼ਾਂ ਦਾ ਨੈਤਿਕ ਪੱਧਰ ਬੜਾ ਉੱਚਾ ਹੈ, ਉੱਥੇ ਤਲਾਕਾਂ ਦੀ ਸੰਖਿਆ ਗਿਣੀ-ਚੁਣੀ ਹੈ, ਭਰੂਣ-ਹੱਤਿਆਵਾਂ ਦੀ ਸੰਖਿਆ ਨਹੀਂ ਦੇ ਬਰਾਬਰ ਹੈ ਅਤੇ ਪਰਿਵਾਰ ਸੱਚੇ ਪਿਆਰ ਦੀ ਭਾਵਨਾ ’ਤੇ ਅਧਾਰਿਤ ਹਨ। ਇਸ ਕੈਥੋਲਿਕ ਡਾਕਟਰ ਨੇ ਇਸ ਗੱਲ ਦੀ ਵੀ ਪ੍ਰਸ਼ੰਸਾ ਕੀਤੀ ਕਿ ਸੋਵੀਅਤ ਸਕੂਲਾਂ ਵਿੱਚ ਹੁਣ ‘ਸੈਕਸ-ਸਿੱਖਿਆ’ ਨਹੀਂ ਦਿੱਤੀ ਜਾਂਦੀ — ਕਿਉਂਕਿ ਇਹ ਸਿੱਖਿਆ ਹਾਨੀਕਾਰਕ ਸਾਬਤ ਹੋਈ। “ਬੱਚਿਆਂ ਨੂੰ ਸੈਕਸ-ਸਿੱਖਿਆ ਦੇਣ ਦਾ ਸਭ ਤੋਂ ਵਧੀਆਂ ਤਰੀਕਾ”, ਉਹਨਾਂ ਨੇ ਕਿਹਾ, “ਇਹ ਹੈ ਕਿ ਸੈਕਸ-ਭੋਗ ਅਤੇ ਵਿਆਹ ਲਈ ਅਸੀਂ ਖੁਦ ਸਹੀ ਨਜ਼ਰੀਆ ਅਪਨਾਈਏ।”

ਅਨੈਤਿਕਤਾ ਵਿਰੁੱਧ, ਨਵੇਂ ਮਨੁੱਖ ਦੀ ਸਿਰਜਣਾ ਦੀ ਯੋਜਨਾ ਦੇ ਤਹਿਤ ਇਹ ਹਨ ਸੋਵੀਅਤ ਰੂਸ ਦੀਆਂ ਇਤਿਹਾਸਕ ਸਫਲਤਾਵਾਂ :

1. ਸੋਵੀਅਤ ਰੂਸ ਵਿੱਚ ਪਹਿਲਾਂ ਭਰੂਣ-ਹੱਤਿਆ ਨੂੰ ਕਾਨੂੰਨੀ ਬਣਾਇਆ ਗਿਆ ਅਤੇ ਫਿਰ ਸਹਿਜ ਵਿਗਿਆਨਕ ਤਰੀਕਿਆਂ ਨਾਲ ਉਸ ਨੂੰ ਖਤਮ ਕਰ ਦਿੱਤਾ ਗਿਆ.

2. ਆਰਥਿਕ, ਸਮਾਜਿਕ ਅਤੇ ਨੈਤਿਕ ਤਰੱਕੀ ਦੇ ਬਾਅਦ ਭਰੂਣ-ਹੱਤਿਆ ਨਾ ਮਾਫੀਯੋਗ ਮੰਨੀ ਜਾਣ ਲੱਗੀ ਤਾਂ ਸੋਵੀਅਤ ਰੂਸ ਵਿੱਚ ਉਸ ਨੂੰ ਵਿਅਕਤੀ ਅਤੇ ਸਮਾਜ ਲਈ ਅਪਰਾਧ ਐਲਾਨਿਆ ਗਿਆ।

3. ਤਲਾਕ ਸੋਵੀਅਤ ਰੂਸ ਵਿੱਚ ਪਹਿਲਾਂ ਮੰਗ ਕਰਦੇ ਹੀ ਹਾਸਲ ਹੋ ਜਾਂਦਾ ਸੀ। ਪਰ ਵੀਹ ਸਾਲ ਦੇ ਅੰਦਰ ਹੀ ਤਲਾਕ ਦੀ ਦਰ ਨੂੰ ਹੇਠਲੇ ਪੱਧਰ ’ਤੇ ਲਿਆ ਦਿੱਤਾ ਗਿਆ।

4. ਤਲਾਕ ਦੀ ਬਿਮਾਰੀ ਨੂੰ ਖਤਮ ਕਰਨ ਲਈ ਸੋਵੀਅਤ ਰੂਸ ਵਿੱਚ ਸਮਝੌਤੇ

ਦੀਆਂ ਅਦਾਲਤਾਂ ਕਾਇਮ ਕੀਤੀਆਂ ਗਈਆਂ, ਜਿੰਨ੍ਹਾਂ ਦਾ ਉਦੇਸ਼ ਪਤੀ ਅਤੇ ਪਤਨੀ ਦਰਮਿਆਨ ਸਬੰਧਾਂ ਨੂੰ ਟੁੱਟਣ ਤੋਂ ਬਚਾਉਣਾ ਹੈ।

5. ਸੈਕਸ-ਰੋਗਾਂ ਨੂੰ ਖਤਮ ਕਰ ਦਿੱਤਾ ਗਿਆ ਹੈ.

6. ਵੇਸ਼ਵਾਗਮਨੀ ਉੱਥੇ ਦੇ ਸਮਾਜ ਲਈ ਇੱਕ ਹੈਰਾਨੀ ਦੀ ਚੀਜ਼ ਹੈ।

7. ਮਾਤਰੀਤਵ ਦੇ ਰਾਹ ਦੀਆਂ ਰੁਕਾਵਟਾਂ ਨੂੰ ਦੂਰ ਕਰ ਦਿੱਤਾ ਗਿਆ।

8. ਪੁਰਸ਼ਾਂ ਅਤੇ ਇਸਤਰੀਆਂ ਦਰਮਿਆਨ ਉੱਥੇ ਪੂਰੀ-ਪੂਰੀ ਅਤੇ ਸੱਚੀ ਬਰਾਬਰੀ ਕਾਇਮ ਕੀਤੀ ਗਈ ਹੈ।

9. ਹੁਣ ਉੱਥੇ ਪਿਆਰ ਅਤੇ ਵਿਆਹ ਨੂੰ ਅਨਿੱਖੜਵੇਂ ਰੂਪ 'ਚ ਜੋੜਨ ਦਾ ਯਤਨ ਜਾਰੀ ਹੈ। ਪਿਆਰ ਅਤੇ ਵਿਆਹ ਦੇ ਇਸ ਸਬੰਧ ਦਾ ਅਧਾਰ ਨੈਤਿਕਤਾ ਦੀ ਨਵੀਂ ਚੇਤਨਾ ਹੈ। ਹੁਣ ਕਿਸੇ ਤਰ੍ਹਾਂ ਦਾ ਜ਼ੋਰ-ਦਬਾਅ ਕਾਰਗਰ ਨਹੀਂ ਹੁੰਦਾ।

ਕਿੰਨੇ ਹੀ ਸਾਲ ਪਹਿਲਾਂ ਬੇਹੱਦ ਪ੍ਰਸਿੱਧ ਸਮਾਜਵਾਦੀ ਦਾਰਸ਼ਨਿਕ ਫ਼ਰੈਡਰਿਕ ਏਂਗਲਜ਼ ਨੇ ਆਪਣੇ ਗੂੜ੍ਹੇ ਮਿੱਤਰ ਕਾਰਲ ਮਾਰਕਸ ਅੱਗੇ ਆਉਣ ਵਾਲੇ ਯੁੱਗ ਬਾਰੇ ਇੱਕ ਭਵਿੱਖਬਾਣੀ ਕੀਤੀ ਸੀ। ਉਹ ਭਵਿੱਖਬਾਣੀ ਇਹ ਸੀ :

"ਅੱਗੇ ਆਉਣ ਵਾਲੇ ਦੌਰ ਵਿੱਚ ਇੱਕ ਨਵੀਂ ਮਨੁੱਖਤਾ ਦਾ ਜਨਮ ਹੋਵੇਗਾ। ਓਦੋਂ, ਪੁਰਸ਼ਾਂ ਦੀ ਇੱਕ ਅਜਿਹੀ ਪੀੜ੍ਹੀ ਆਵੇਗੀ ਜਿੰਨ੍ਹਾਂ ਨੂੰ ਕਦੇ ਇਹ ਹੀ ਨਹੀਂ ਪਤਾ ਹੋਵੇਗਾ ਕਿ ਧਨ ਨਾਲ਼ ਜਾਂ ਕਿਸੇ ਦੂਸਰੀ ਸ਼ਕਤੀ ਨਾਲ਼ ਇਸਤਰੀਆਂ ਦੀ ਇੱਜ਼ਤ ਨੂੰ ਖਰੀਦਿਆਂ ਜਾ ਸਕਦਾ ਹੈ। ਓਦੋਂ ਇਸਤਰੀਆਂ ਦੀ ਵੀ ਇੱਕ ਅਜਿਹੀ ਪੀੜ੍ਹੀ ਆਵੇਗੀ ਜਿੰਨ੍ਹਾਂ ਨੂੰ ਇਹ ਹੀ ਨਹੀਂ ਪਤਾ ਹੋਵੇਗਾ ਕਿ ਸੱਚੇ ਪਿਆਰ ਦੇ ਇਲਾਵਾ ਕਿਸੇ ਹੋਰ ਵਿਚਾਰ ਨਾਲ਼ ਵੀ ਖੁਦ ਨੂੰ ਕਿਸੇ ਪੁਰਸ਼ ਨੂੰ ਸਮਰਪਿਤ ਕੀਤਾ ਜਾ ਸਕਦਾ ਹੈ।"

# ਸ਼ਰਾਬਬੰਦੀ : ਸੰਗੀਨਾਂ ਦੇ ਜ਼ੋਰ ’ਤੇ

ਹੁਣ ਤੱਕ ਜਿੰਨੀਆਂ ਗੱਲਾਂ ’ਤੇ ਅਸੀਂ ਵਿਚਾਰ ਕੀਤਾ ਹੈ, ਸਾਰੀਆਂ ਦਾ ਸਿੱਧਾ ਸਬੰਧ ਯੌਨ-ਸਮੱਸਿਆਵਾਂ ਨਾਲ ਰਿਹਾ ਹੈ। ਅਨੈਤਿਕਤਾ ਦੇ ਕਈ ਹੋਰ ਪੱਖ ਵੀ ਹਨ। ਸ਼ੁਰੂ ਸ਼ੁਰੂ ਵਿੱਚ ਅਸੀਂ ਤੁਹਾਨੂੰ ਉਸ ‘ਪਾਪ ਰੂਪੀ ਵਿਵਹਾਰ’ ਤੱਕ ਸੀਮਤ ਰੱਖਿਆ ‘ਜਿਸ ਦਾ ਨਤੀਜਾ ਸਮਾਜ ਦੇ ਹਿੱਤ ’ਚ ਨਹੀਂ ਹੁੰਦਾ।’ ਹੁਣ ਤੱਕ ਜ਼ਿਆਦਾਤਰ ਪਾਠਕਾਂ ਨੂੰ ਇੱਕ ਕਮੀ ਰੜਕਣ ਲੱਗੀ ਹੋਵੇਗੀ; ਜਿਸ ਸਮੱਸਿਆ ਵੱਲ ਸਾਡਾ ਇਸ਼ਾਰਾ ਹੈ ਉਸ ਦਾ ਅਸੀਂ ਥੋੜ੍ਹਾ ਹੀ ਜ਼ਿਕਰ ਕੀਤਾ ਹੈ; ਵਿਸਥਾਰ ਨਾਲ਼ ਉਸ ’ਤੇ ਵਿਚਾਰ ਨਹੀਂ ਕੀਤਾ।

ਇਹ ਸਮੱਸਿਆ ਹੈ ਨਸ਼ੇਬਾਜ਼ੀ ਦੀ।

ਨਸ਼ੇਬਾਜ਼ੀ ਇੱਕ ਨੈਤਿਕ ਸਮੱਸਿਆ ਹੈ। ਸ਼ਰਾਬਖੋਰੀ ਅਨੈਤਿਕਤਾ ਦਾ ਇੱਕ ਅਜਿਹਾ ਪੱਖ ਹੈ ਜਿਸ ਨਾਲ਼, ਭਾਵੇਂ ਉਹਨੂੰ ਪਾਪ ਰੂਪੀ ਮੰਨਿਆ ਜਾਵੇ ਜਾਂ ਨਹੀਂ; ਭਿਆਨਕ ਸਮਾਜਿਕ ਅਹਿੱਤ ਹੁੰਦਾ ਹੈ। ਸ਼ਰਾਬਬੰਦੀ ਨੂੰ ਲੈ ਕੇ ਮੁੱਢ ਕਦੀਮੀ ਦੌਰ ਤੋਂ ਅੱਜ ਤੱਕ ਜੋ ਬਹਿਸਾਂ ਹੁੰਦੀਆਂ ਆਈਆਂ ਹਨ ਉਸ ਵਿੱਚ ਗੋਤਾ ਲਗਾਉਣ ਦੀ ਮੇਰੀ ਇੱਛਾ ਨਹੀਂ ਹੈ। ਮੇਰੇ ਵਿਚਾਰ ਵਿੱਚ ਸੋਵੀਅਤ ਰੂਸ ਵਿੱਚ ਇਸ ਦੇ ਪੱਖ ਅਤੇ ਵਿਪੱਖ ਦੀਆਂ ਦਲੀਲਾਂ ਨੂੰ ਵਿਗਿਆਨਕ ਅਤੇ ਅਮਲੀ ਤਰੀਕੇ ਨਾਲ਼ ਇੱਕ ਸਮਾਜਿਕ ਅਧਾਰ ’ਤੇ ਸਹੀ ਜਾਂ ਗਲਤ ਸਾਬਤ ਕੀਤਾ ਜਾ ਚੁੱਕਾ ਹੈ। ਉੱਥੇ ਸ਼ਰਾਬਬੰਦੀ ਦੀ ਸਮੱਸਿਆ ਉਸ ਰੂਪ ਵਿੱਚ ਮੌਜੂਦ ਨਹੀਂ ਜਿਸ ਰੂਪ ਵਿੱਚ ਅਸੀਂ ਲੋਕ ਜਾਣਦੇ ਹਾਂ। ਵੇਸ਼ਵਾਗਮਨੀ ਅਤੇ ਵਿਭਚਾਰ ਦੀ ਸਮੱਸਿਆ ਨਾਲ਼ ਇਸ ਨੂੰ ਵੀ ਹੱਲ ਕੀਤਾ ਜਾ ਚੁੱਕਿਆ ਹੈ।

ਤੁਸੀਂ ਪੁੱਛੋਗੇ : ਕੀ ਸ਼ਰਾਬਬੰਦੀ ਸੱਚਮੁੱਚ ਇੱਕ ਸਮੱਸਿਆ ਹੈ ?

ਸੋਵੀਅਤ ਰੂਸ ਵਿੱਚ ਅੱਜ ਤੋਂ ਵੀਹ ਸਾਲ ਪਹਿਲਾਂ ਅਤੇ ਸਾਡੇ ਦੇਸ਼ਾਂ ਵਿੱਚ ਹੁਣ, ਵਿਭਚਾਰ ਨੂੰ ਹੱਲਾਸ਼ੇਰੀ ਦੇਣ ਅਤੇ ਸੈਕਸ-ਰੋਗਾਂ ਨੂੰ ਫੈਲਾਉਣ ਵਿੱਚ ਸ਼ਰਾਬਬੰਦੀ ਦਾ ਜ਼ਬਰਦਸਤ ਹੱਥ ਰਿਹਾ ਹੈ। ਹਰੇਕ ਇਮਾਨਦਾਰ ਪਾਦਰੀ, ਪੁਲਿਸ ਅਫ਼ਸਰ, ਡਾਕਟਰ, ਪਬਲਿਕ ਹੈੱਲਥ ਅਫ਼ਸਰ, ਫ਼ੌਜੀ ਕਮਾਂਡਰ ਅਤੇ ਸਮਾਜਿਕ ਕਾਰਕੁੰਨ ਇਸ ਗੱਲ ਦੀ ਸੱਚਾਈ ਨੂੰ ਮੰਨਦਾ ਹੈ।

ਪਾਪ ਦਾ ਪਾਖੰਡ ਤਾਂ ਛੱਡੋ, ਸੱਚਾਈ ਇਹ ਹੈ ਕਿ ਬਹੁਗਿਣਤੀ ਪੁਰਸ਼, ਇਸਤਰੀ ਅਤੇ ਨੌਜਵਾਨ ਸ਼ਰਾਬ ਦੇ ਗਲਤ ਪ੍ਰਭਾਵਾਂ ਦੇ ਬੜੀ ਜਲਦੀ ਸ਼ਿਕਾਰ ਬਣ ਜਾਂਦੇ ਹਨ। ਇਹਨਾਂ ਪ੍ਰਭਾਵਾਂ ਦਾ ਨਤੀਜਾ ਇਹ ਹੁੰਦਾ ਹੈ ਕਿ ਅਨੈਤਿਕ ਕੰਮਾਂ ਨਾਲ਼ ਖੁਦ ਨੂੰ ਰੋਕ ਸਕਣ ਦੀ ਮਨੁੱਖ ਦੀ ਸੁਭਾਵਿਕ ਯੋਗਤਾ ਵਿੱਚ ਬੇਹੱਦ ਕਮੀ ਹੋ ਜਾਂਦੀ ਹੈ।

ਜ਼ਿਆਦਾ ਸਪੱਸ਼ਟ ਸ਼ਬਦਾਂ ਵਿੱਚ ਇੰਝ ਕਿਹਾ ਜਾ ਸਕਦਾ ਹੈ : ਸ਼ਾਇਦ ਹੀ ਕੋਈ ਫ਼ੌਜੀ ਜਾਂ ਜਲ ਸੈਨਿਕ ਅਜਿਹਾ ਹੋਵੇ ਜਿਹੜਾ ਸਾਧਾਰਣ, ਭਾਵ ਬਿਨਾਂ ਨਸ਼ੇ ਦੀ, ਹਾਲਤ ਵਿੱਚ ਵੇਸ਼ਵਾਵਾਂ ਕੋਲ ਜਾਂਦਾ ਹੋਵੇ। ਨੌਜਵਾਨ ਅਧਿਕਾਰੀਆਂ ਬਾਰੇ ਅਦਲਾਤਾਂ ਵਿੱਚ ਮੌਜੂਦ ਦਸਤਾਵੇਜ਼ਾਂ ਤੋਂ ਸਾਫ਼ ਪਤਾ ਲੱਗਦਾ ਹੈ ਕਿ ਬਹੁਤ ਥੋੜ੍ਹੀਆਂ ਹੀ ਲੜਕੀਆਂ ਅਜਿਹੀਆਂ ਹੁੰਦੀਆਂ ਹਨ ਜੋ ਬਿਨਾਂ ਸ਼ਰਾਬ ਪੀਤੇ ਹੋਏ ਵਿਭਚਾਰ ਵਿੱਚ ਹਿੱਸਾ ਲੈਂਦੀਆਂ ਹੋਣ। ਫ਼ੌਜ ਦੇ ਡਾਕਟਰਾਂ ਨੂੰ ਇਸ ਗੱਲ ਦਾ ਕੌੜਾ ਤਜ਼ਰਬਾ ਹੈ ਕਿ ਕੋਈ ਬੋਤਲਾਂ ਚੜ੍ਹਾ ਲੈਣ ਬਾਅਦ ਜ਼ਿਆਦਾਤਰ ਲੋਕਾਂ ਵਿੱਚ ਗਿਆਨ ਅਤੇ ਜ਼ਿੰਮੇਵਾਰੀ ਦੀ ਭਾਵਨਾ ਇਸ ਕਦਰ ਖਤਮ ਹੋ ਜਾਂਦੀ ਹੈ ਕਿ ਉਹ ਨਾ ਸਿਰਫ਼ ਕਿਸੇ ਵੀ ਬਦਸ਼ਕਲ ਇਸਤਰੀ ’ਤੇ ਟੁੱਟ ਪੈਣ ਨੂੰ ਤਿਆਰ ਰਹਿੰਦੇ ਹਨ ਸਗੋਂ ਉਹ ਸੈਕਸ-ਰੋਗਾਂ ਤੋਂ ਬਚਾਅ ਦੇ ਸਾਧਾਰਨ ਸਾਧਨ ਵਰਤਣਾ ਵੀ ਭੁੱਲ ਜਾਂਦੇ ਹਨ।

ਭੌਤਿਕ-ਵਿਗਿਆਨੀ ਅਤੇ ਮਨੋਵਿਗਿਆਨੀ ਦੋਵੇਂ ਹੀ ਇਸ ਗੱਲ ਨਾਲ਼ ਸਹਿਮਤ ਹਨ ਕਿ ਸ਼ਰਾਬ ਨਾਲ਼ ਸਮਝ ਬੂਝ ਬੜੀ ਜਲਦੀ ਗੁਆਚ ਜਾਂਦੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਹੁਤ ਸਾਰੇ ਇੱਜ਼ਤਦਾਰ ਵਿਅਕਤੀ ਵੀ ਸ਼ਰਾਬ ਪੀਂਦੇ ਪਿਆਉਂਦੇ ਹਨ। ਇਹ ਘੱਟ ਮਹੱਤਵ ਦੀ ਨੈਤਿਕ, ਸਮਾਜਿਕ ਸਮੱਸਿਆ ਨਹੀਂ ਹੈ। ਮੈਸਾਚੁਸੇਟਸ ਜਨਰਲ ਹਸਪਤਾਲ ਦੇ ਮੁੱਖ ਮਨੋਵਿਗਿਆਨਕ ਹਾਰਵਰਡ ਮੈਡੀਕਲ ਸਕੂਲ ਵਾਲ਼ੇ ਡਾ. ਸਟੇਨਲੇ ਕੌਬ ਨੇ ਸ਼ਰਾਬ ਦੇ ਇਲਾਜ ਸਬੰਧੀ ਉਸ ਪੱਖ ’ਤੇ ਬੜੀ ਚੰਗੀ ਤਰ੍ਹਾਂ ਚਾਨਣ ਪਾਇਆ ਹੈ ਜਿਸ ਦਾ ਵਿਭਚਾਰ ਜਾਂ ਅਪਰਾਧ ਨਾਲ਼ ਕੋਈ ਸਬੰਧ ਨਹੀਂ। ਇਹ ਦੱਸਦੇ ਹੋਏ ਕਿ ਇਸ ਮਹਾਂਦੀਪ ’ਤੇ ਅਜੇ ਵੀ ਸੱਠ ਲੱਖ ਲੋਕ ਮਾਨਸਿਕ ਪੀੜਾਂ ਦੇ ਸ਼ਿਕਾਰ ਹਨ, ਕਿ ਉਹ “ਪਾਗਲਪਨ ਦੇ ਕਿਨਾਰੇ ’ਤੇ ਖੜੇ ਹੋਏ ਹਨ”, ਡਾ. ਕੌਬ ਨੇ ਕਿਹਾ ਕਿ “ਇਹਨਾਂ ਵਿੱਚ 15 ਲੱਖ ਅਜਿਹੇ ਹਨ ਜਿਨ੍ਹਾਂ ਦੀ ਜ਼ਿੰਦਗੀ ਨਾ ਤਾਂ ਸ਼ਰਾਬ ਪੀਣ ਨਾਲ਼ ਚਲ ਸਕਦੀ ਹੈ ਅਤੇ ਨਾ ਸ਼ਰਾਬ ਦੇ ਬਿਨਾਂ।” ਲਗਭਗ ਇੰਨੇ ਹੀ ਲੋਕ, ਕਿਹਾ ਜਾ ਸਕਦਾ ਹੈ, ਨਸ਼ੇਬਾਜ਼ੀ ਦੇ ਖਾਸ ਮਰੀਜ਼ ਹਨ।

ਬੇਸ਼ੱਕ, ਇਹਨਾਂ ਵਿੱਚੋਂ ਜ਼ਿਆਦਾਤਰ ਨਾ ਤਾਂ ਵਿਭਚਾਰੀ ਹਨ ਅਤੇ ਨਾ ਸੈਕਸ-ਰੋਗਾਂ ਦੇ ਸ਼ਿਕਾਰ। ਫਿਰ ਵੀ, ਉਹ ਹੌਲ਼ੀ ਹੌਲ਼ੀ ਖੁਦ ਨੂੰ ਮਿਟਾ ਰਹੇ ਹਨ। ਉਹ ਆਪਣੀ ਸ਼ਕਤੀ ਦਾ ਨੁਕਸਾਨ ਕਰ ਰਹੇ ਹਨ। ਆਪਣੇ ਪਰਿਵਾਰਾਂ ਵਾਲਿਆਂ ਅਤੇ ਸਹਿਯੋਗੀਆਂ ਦੇ ਸੁੱਖ ਨੂੰ ਉਹ ਮਿੱਟੀ ਵਿੱਚ ਮਿਲਾ ਰਹੇ ਹਨ। ਆਪਣੀ ਮਿਸਾਲ ਨਾਲ ਉਹ ਸਮਾਜ ਨੂੰ ਨਿਘਾਰ ਵੱਲ ਧੱਕ ਰਹੇ ਹਨ। ਸਮਾਜਿਕ ਰੂਪ ਨਾਲ਼ ਉਹਨਾਂ ਦੀ ਸ਼ਰਾਬਖੋਰੀ ਨੂੰ ਇੱਕ ਅਨੈਤਿਕ ਕੰਮ ਹੀ ਮੰਨਿਆ ਜਾਣਾ ਚਾਹੀਦਾ ਹੈ।

ਸੋਵੀਅਤ ਰੂਸ ਵਿੱਚ ਹਾਲਤ ਕੀ ਹੈ ?

ਉੱਥੋਂ ਦੇ ਹਾਲਤ ਜਾਨਣ ਲਈ ਬੜੀ ਉਤਸੁਕਤਾ ਜ਼ਾਹਿਰ ਕੀਤੀ ਗਈ ਹੈ। ਸੋਵੀਅਤ ਰੂਸ ਵਿਚੱ ਸ਼ਰਾਬਖੋਰੀ ਦੀ ਸਮੱਸਿਆ ਬਾਰੇ ਜੋ ਕੁੱਝ ਸਾਨੂੰ ਪਤਾ ਹੁੰਦਾ ਹੈ ਉਹ ਹੈ ਪੱਤਰਕਾਰਾਂ ਦੀਆਂ ਰਿਪੋਰਟਾਂ ਵਿੱਚ ਕਹੀਆਂ ਗਈਆਂ ਸੰਖੇਪ ਗੱਲਾਂ ਤੋਂ। ਇਹ ਰਿਪੋਰਟਾਂ

ਆਪਾ ਵਿਰੋਧੀ ਹੁੰਦੀਆਂ ਹਨ। ਅੱਜ ਅਸੀਂ ਪੜ੍ਹਦੇ ਹਾਂ ਕਿ ਲਾਲ ਫੌਜ ਦਾ ਇੱਕ ਪ੍ਰਸਿੱਧ ਕਮਾਂਡਰ ਸ਼ਰਾਬ ਦਾ ਨਾਮ ਸੁਣਨਾ ਵੀ ਪਸੰਦ ਨਹੀਂ ਕਰਦਾ। ਸ਼ਰਾਬਬੰਦੀ ਅਤੇ ਸਦਾਚਾਰ ਦੇ ਉਪਦੇਸ਼ਕਾਂ ਦੀਆਂ ਬਾਛਾਂ ਖਿੜ ਜਾਂਦੀਆਂ ਹਨ। ਉਹ ਬੜੀ ਸਾਵਧਾਨੀ ਨਾਲ਼ ਇਸ ਗੱਲ ਨੂੰ ਨੋਟ ਕਰ ਲੈਂਦੇ ਹਨ। ਪਰ ਦੂਸਰੇ ਹੀ ਦਿਨ ਇਹ ਪੜ੍ਹ ਕੇ ਉਹਨਾਂ ਦੇ ਉਤਸ਼ਾਹ ਨੂੰ ਲਕਵਾ ਮਾਰ ਜਾਂਦਾ ਹੈ ਦੋ ਹੋਰ ਵੀ ਜ਼ਿਆਦਾ ਪ੍ਰਸਿੱਧ ਜਨਰਲਾਂ ਨੇ ਮਿੱਤਰ-ਕੌਮਾਂ ਦੀ ਸਫ਼ਲਤਾ ਦੀ ਖੁਸ਼ੀ ਵਿੱਚ ਸ਼ਰਾਬ ਪੀਤੀ ਅਤੇ ਇਹ ਕਿ ਸਰਕਾਰੀ ਖਾਣੇ ਦੇ ਮੌਕਿਆਂ 'ਤੇ ਵੋਦਕਾ ਅਤੇ ਸ਼ਰਾਬ ਪੀਤੀ ਜਾਂਦੀ ਹੈ। ਯਾਣੀ, ਸਾਡੇ ਇੱਥੋਂ ਦੇ ਮਾਹਿਰਾਂ ਨੇ ਇਹ ਸਿੱਟਾ ਕੱਢਿਆ ਕਿ ਸ਼ਰਾਬਖੋਰੀ ਸੋਵੀਅਤ ਰੂਸ ਵਿੱਚ ਸਮਾਜਿਕ ਵਿਵਹਾਰ ਦਾ ਇੱਕ ਅਜਿਹਾ ਅੰਗ ਹੈ ਜਿਹਨੂੰ ਅਪਣਾਉਣਾ ਜਾਂ ਨਾ ਅਪਣਾਉਣਾ ਵੱਖ-ਵੱਖ ਇਨਸਾਨਾਂ ਦੀ ਮਰਜ਼ੀ 'ਤੇ ਨਿਰਭਰ ਹੈ। ਇੰਨਾ ਕਹਿ ਕੇ ਉਹ ਚੁੱਪ ਬੈਠ ਗਏ। ਫਿਰ ਉਹਨਾਂ ਨੇ ਪਤਾ ਲਗਾਉਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਸੋਵੀਅਤ ਰੂਸ ਵਿੱਚ ਸ਼ਰਾਬ ਦਾ ਕੀ ਹੋਇਆ।

ਹਾਲਤ ਇਹ ਹੈ :

ਵਿਭਚਾਰ, ਵੇਸ਼ਵਾਗਮਨੀ ਅਤੇ ਸੈਕਸ-ਰੋਗਾਂ ਵਿਰੁੱਧ ਘੋਲ ਦੌਰਾਨ ਸੋਵੀਅਤ ਵਿਗਿਆਨਕਾਂ ਨੂੰ ਇਹ ਪਤਾ ਚੱਲ ਗਿਆ ਕਿ ਜਦੋਂ ਤੱਕ ਸ਼ਰਾਬਖੋਰੀ ਦੀ ਸਮੱਸਿਆ ਨੂੰ ਵੀ ਹੱਲ ਨਹੀਂ ਕੀਤਾ ਜਾਂਦਾ ਓਦੋਂ ਤੱਕ ਵਿਭਚਾਰ ਦੀਆਂ ਸਮੱਸਿਆਵਾਂ ਨੂੰ ਹੱਲ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਇਹ ਕੰਮ ਸ਼ੁਰੂ ਵੀ ਕੀਤਾ ਅਤੇ ਉਸੇ ਲਗਨ ਅਤੇ ਸਮਝਦਾਰੀ ਨਾਲ਼ ਜਿਸ ਦੇ ਕਾਰਨ ਯੌਨ-ਸਬੰਧੀ ਅਨੈਤਿਕਤਾ 'ਤੇ ਜਿੱਤ ਪ੍ਰਾਪਤੀ ਵਿੱਚ ਉਹਨਾਂ ਨੂੰ ਸਫ਼ਲਤਾ ਮਿਲੀ ਸੀ। ਪ੍ਰਯੋਗਾਂ ਦੇ ਇਤਿਹਾਸ ਵਿੱਚ ਸ਼ਰਾਬਖੋਰੀ ਵਿਰੁੱਧ ਸੋਵੀਅਤ ਘੋਲ ਦੀ ਕਹਾਣੀ ਬੜੀ ਦਿਲਚਸਪ ਹੈ।

ਬੜੇ ਸਾਲ ਪਹਿਲਾਂ ਦੀ ਗੱਲ ਹੈ। ਇੱਕ ਹਜ਼ਾਰ ਸਾਲ ਤੋਂ ਪਹਿਲਾਂ ਜੋ ਯਾਤਰੀ ਰੂਸ ਆਉਂਦੇ-ਜਾਂਦੇ ਰਹੇ ਉਹਨਾਂ ਨੇ ਜ਼ਾਰਾਂ ਦੇ ਸਾਮਰਾਜ ਦੀ ਭਿਆਨਕ ਸ਼ਰਾਬਖੋਰੀ ਦਾ ਵਰਣਨ ਕੀਤਾ ਹੈ। ਮਨਚਾਹੀ ਸ਼ਰਾਬਖੋਰੀ ਅਤੇ ਮਨਚਾਹੀ ਉਦੰਡਤਾ, ਘਟੀਆਂ ਦਰਜ਼ੇ ਦਾ ਵਿਭਚਾਰ, ਅੱਗਜ਼ਨੀ, ਹੱਤਿਆ, ਲੁੱਟਮਾਰ — ਰੂਸੀ ਜੀਵਨ ਦੇ ਹਰ ਪੱਧਰ ਦੀਆਂ ਇਹ ਆਮ ਗੱਲਾਂ ਸਨ। ਕੀ ਮਹਿਲਾਂ ਵਿੱਚ ਰਹਿਣ ਵਾਲ਼ੇ ਸ਼ਹਿਨਸਾਹ ਅਤੇ ਕੀ ਝੁੱਗੀਆਂ ਵਿੱਚ ਵੱਸਣ ਵਾਲ਼ੇ ਕਿਸਾਨ – ਕੋਈ ਇਹਨਾਂ ਤੋਂ ਅਣਛੂਹਿਆ ਨਹੀਂ ਸੀ।

ਰੂਸੀ ਨਾਵਲਕਾਰ ਤੁਰਗਨੇਵ ਨੇ ਇਸੇ ਗੱਲ ਨੂੰ ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ : "ਆਮ ਤੌਰ 'ਤੇ ਰੂਸੀ ਨਾਗਰਿਕ ਨਸੇ ਵਿੱਚ ਰਹਿੰਦਾ ਹੈ; ਪਰ ਤਿਉਹਾਰ ਵਾਲੇ ਦਿਨ ਤਾਂ ਉਹ ਗਲੇ ਤੱਕ ਪੀਤੇ ਬਿਨਾਂ ਨਹੀਂ ਮੰਨਦਾ।"

ਅਤੇ, ਪੁਰਾਣੇ ਰੂਸੀ ਪੰਚਾਂਗ ਵਿੱਚ ਤਾਂ ਇੰਨੇ ਤਿਉਹਾਰ ਹਨ ਕਿ ਇਹ ਗਲ਼ੇ ਤੱਕ ਸ਼ਰਾਬਖੋਰੀ ਜਿਵੇਂ ਕਿ ਦੈਨਿਕ ਚੀਜ਼ ਬਣਾ ਦਿੱਤੀ ਗਈ ਹੋਵੇ। ਇਨਕਲਾਬ ਦੇ ਬਾਅਦ ਦੇ ਪੰਦਰਾਂ ਸਾਲਾਂ ਵਿੱਚ ਹਾਲਤ ਪੂਰੀ ਤਰ੍ਹਾਂ ਬਦਲ ਗਈ। ਬੇਹੱਦ ਪ੍ਰਸਿੱਧ ਅਮਰੀਕੀ ਡਾਕਟਰ ਕਿੰਗਸਬਰੀ ਅਤੇ ਨਿਊਜਹੋਮ ਨੇ ਇਹ ਦੇਖਿਆ ਅਤੇ ਲਿਖਿਆ ਕਿ ਕਾਲੇ ਸਮੁੰਦਰ ਤੋਂ

ਵੋਲਗਾ ਨਦੀ ਤੱਕ ਯਾਤਰਾ ਕਰਨ ਵਾਲਿਆਂ ਵਿੱਚ ਤਿਉਹਾਰ ਦੇ ਦਿਨ ਵੀ ਉਹਨਾਂ ਨੇ ਬਹੁਤ ਥੋੜ੍ਹਿਆਂ ਨੂੰ ਸ਼ਰਾਬ ਪੀਂਦੇ ਦੇਖਿਆ। ਨਸ਼ੇ ਵਿੱਚ ਰੱਜੇ ਤਾਂ ਉਹਨਾਂ ਨੇ ਕਿਸੇ ਨੂੰ ਦੇਖਿਆ ਹੀ ਨਹੀਂ। ਬੇਸ਼ੱਕ, ਤਿਉਹਾਰ ਦੇ ਦਿਨ ਸਟੀਮਰਾਂ 'ਤੇ ਅਤੇ ਦੂਸਰੀਆਂ ਥਾਵਾਂ 'ਤੇ (ਚੜ੍ਹਦੇ-ਉਤਰਨ ਵਾਲੀਆਂ ਥਾਵਾਂ 'ਤੇ) ਵੋਦਕਾ ਬਿਨਾਂ ਕਿਸੇ ਰੋਕ-ਟੋਕ ਦੇ ਵਿਕ ਰਹੀ ਸੀ।

ਇਹ ਇੱਕ ਆਪਾਵਿਰੋਧੀ ਗੱਲ ਲੱਗਦੀ ਹੈ। ਆਓ, ਅਸੀਂ ਹੁਣ ਤੱਥਾਂ ਦੀ ਜਾਂਚ ਕਰੀਏ ਜਿਹੜੇ ਇਸ ਵਿਰੋਧਤਾਈ ਨੂੰ ਸਮਝਣ ਵਿੱਚ ਮਦਦ ਦਿੰਦੇ ਹਨ। ਸਾਡੇ ਦੇਸ਼ਾਂ ਵਿੱਚ ਇਹਨਾਂ ਤੱਥਾਂ ਨੂੰ ਲੁਕਾਇਆ ਗਿਆ ਹੈ। ਕਾਰਨ ? ਕਾਰਨ ਇਹ ਕਿ ਇਹ ਤੱਥ ਇਸ ਗੱਲ ਦਾ ਠੋਸ ਸਬੂਤ ਪੇਸ਼ ਕਰਦੇ ਹਨ ਕਿ ਵਿਗਿਆਨਕ ਸਿਧਾਤਾਂ 'ਤੇ ਅਧਾਰਿਤ ਸ਼ਰਾਬਪੀਣ ਨੂੰ ਕਾਬੂ ਕਰਨ ਦੇ ਉਪਾਵਾਂ ਨਾਲ਼ ਇੱਕ ਵੱਡੇ ਪੱਧਰ 'ਤੇ ਸ਼ਰਾਬਖੋਰੀ ਨੂੰ ਖ਼ਤਮ ਕੀਤਾ ਜਾ ਸਕਦਾ ਹੈ; ਸ਼ਰਾਬਬੰਦੀ ਲਾਗੂ ਕਰਨ ਦੀ ਕੋਈ ਜ਼ਰੂਰਤ ਨਹੀਂ। ਸ਼ਰਾਬਬੰਦੀ ਲਈ ਲਹਿਰ ਸ਼ੁਰੂ ਕਰਨ ਵਾਲੇ ਸਾਡੇ ਦੇਸ਼ਾਂ ਦੇ ਲੋਕ ਸੋਵੀਅਤ ਰੂਸ ਦਾ ਨਾਮ ਨਹੀਂ ਲੈਂਦੇ। ਸ਼ਾਇਦ ਉਹਨਾਂ ਨੂੰ ਇਹ ਪਤਾ ਨਹੀਂ ਕਿ ਲਗਾਤਾਰ ਸੌ ਸਾਲ ਤੋਂ ਵੀ ਜ਼ਿਆਦਾ ਰੂਸ ਨੇ ਵਿਆਪਕ ਪੱਦਰ 'ਤੇ ਹਰ ਕੋਸ਼ਿਸ਼, ਹਰ ਸੁਝਾਅ ਅਪਣਾ ਕੇ ਦੇਖ ਲਿਆ ਤਾਂ ਕਿ ਸ਼ਰਾਬਖੋਰੀ ਨੂੰ ਰੋਕਿਆ ਜਾਵੇ... ਅੰਤ ਵਿੱਚ ਜਾ ਕੇ ਕਿਤੇ ਇਹ ਅਮਲੀ ਤਰੀਕਾ ਮਿਲਿਆ ਅਤੇ ਉਹਨੂੰ ਅਮਲ ਵਿੱਚ ਲਿਆਇਆ ਗਿਆ। ਦੂਸਰਿਆਂ ਤਰੀਕਿਆਂ ਤੋਂ ਜੇ ਇਹ ਭਿੰਨ ਹੈ ਤਾਂ ਇਸ ਗੱਲ ਵਿੱਚ ਕਿ ਇਹ ਤਰੀਕਾ ਕਾਮਯਾਬ ਹੋਇਆ।

ਸ਼ਰਾਬਖੋਰੀ ਨੂੰ ਰੋਕਣ ਦੇ ਜਥੇਬੰਦ ਤਰੀਕੇ ਸੰਨ 1819 ਤੋਂ ਸ਼ੁਰੂ ਹੁੰਦੇ ਹਨ। ਓਦੋਂ ਤੱਕ ਵੋਦਕਾ ਦੀ ਵਿਕਰੀ ਲਗਭਗ ਹਰ ਥਾਂ ਹੁੰਦੀ ਸੀ। ਓਦੋਂ ਤੱਕ ਲਗਭਗ ਹਰ ਕੋਈ ਇਸ ਦੀ ਵਿਕਰੀ ਕਰਦਾ ਸੀ। ਸ਼ਰਾਬਖੋਰੀ ਨੂੰ ਰੋਕਣ ਨੂੰ ਲਈ ਜੋ ਤਰੀਕੇ ਇੰਗਲੈਂਡ ਅਤੇ ਅਮਰੀਕਾ ਵਿੱਚ ਪੇਸ਼ ਕੀਤੇ ਗਏ ਸਨ, ਜ਼ਾਰ ਸਰਕਾਰ ਨੇ ਉਹਨਾਂ ਦਾ ਅਧਿਐਨ ਕੀਤਾ। ਓਦੋਂ ਉਹਨੇ ਸਰਕਾਰੀ ਕੰਟਰੋਲ ਵਿੱਚ ਸ਼ਰਾਬ ਦੀ ਇਜ਼ਾਰੇਦਾਰੀ ਕਾਇਮ ਕਰਨ ਦਾ ਫੈਸਲਾ ਕੀਤਾ। ਅੱਠ ਸਾਲ ਤੱਕ ਇਹੀ ਢਾਂਚਾ ਰਿਹਾ। ਸਰਕਾਰ ਲਈ ਇਹ ਢਾਂਚਾ ਬੜਾ ਲਾਭਦਾਇਕ ਸਿੱਧ ਹੋਇਆ। ਪਰ ਸ਼ਰਾਬ ਦੀ ਵਿਕਰੀ ਵਿੱਚ ਇਸ ਨਾਲ਼ ਕੋਈ ਫ਼ਰਕ ਨਹੀਂ ਆਇਆ। ਦੂਸਰੇ, ਇਸ ਢਾਂਚੇ 'ਤੇ ਸਖਤੀ ਨਾਲ਼ ਅਮਲ ਕਰਨਾ ਵੀ ਮੁਸ਼ਕਿਲ ਸੀ। ਹੌਲ਼ੀ ਹੌਲੀ ਇਸ ਵਿੱਚ ਸਿਉਂਕ ਲੱਗਣ ਲੱਗੀ। 1826 ਵਿੱਚ ਜ਼ਾਰ ਨੇ ਵਿਕਰੀ ਦਾ ਸਾਰਾ ਬੰਦੋਬਸਤ ਨਿੱਜੀ ਸੰਸਥਾਵਾਂ ਦੇ ਹੱਥ ਵਿੱਚ ਸੌਂਪ ਦਿੱਤਾ। ਨਾਲ ਹੀ, ਹਰ ਤਰ੍ਹਾਂ ਦੀ ਸ਼ਰਾਬ 'ਤੇ ਉਹਨੇ ਵਿਕਰੀ ਕਰ ਲਾਗੂ ਕਰ ਦਿੱਤਾ। ਇਹ ਅਸਲ ਵਿੱਚ ਉਸੇ ਅਜੋਕੇ ਪ੍ਰਬੰਧ ਦਾ ਢਾਂਚਾ ਸੀ ਜਿਸ ਦੇ ਤਹਿਤ ਸ਼ਰਾਬ 'ਤੇ ਟੈਕਸ ਤਾਂ ਲੱਗਿਆ ਰਹਿੰਦਾ ਹੈ, ਪਰ ਸ਼ਰਾਬ ਬਣਾਉਣ ਅਤੇ ਵੇਚਣ 'ਤੇ ਕੋਈ ਰੋਕ ਨਹੀਂ ਰਹਿੰਦੀ। ਬਹੁਤ ਸਾਰੇ ਦੇਸ਼ਾਂ ਵਿੱਚ ਅੱਜ ਇਹੀ ਪ੍ਰਬੰਧ ਮੌਜੂਦ ਹੈ। ਜ਼ਾਰ ਦਾ ਇਰਾਦਾਂ ਇਹ ਸੀ ਕਿ ਔਸਤ ਨਾਗਰਿਕ ਲਈ ਤਾਂ ਸ਼ਰਾਬ ਮਹਿੰਗੀ ਹੋ ਜਾਵੇ ਪਰ ਰਾਜ ਲਈ ਜ਼ਿਆਦਾ ਮੁਨਾਫਾ ਆਉਣ ਲੱਗੇ।

ਜ਼ਾਰਸ਼ਾਹੀ ਰੂਸ ਵਿੱਚ ਸ਼ਰਾਬ ਦਾ ਇਸ ਤਰ੍ਹਾਂ ਰਿਆਸਤੀ ਕੰਟਰੋਲ ਸਰਕਾਰ ਲਈ

ਬੜੇ ਹੀ ਮੁਨਾਫੇ ਵਾਲਾ ਸਾਬਿਤ ਹੋਇਆ। ਉਹਨਾਂ ਲੋਕਾਂ ਦੀਆਂ ਜੇਬਾਂ ਤੋਂ ਪੈਸਾ ਧੜਾਧੜ ਖਿੱਚਿਆ ਆਉਂਦਾ ਜੋ ਰੋਟੀ-ਦਾਲ ਦੇ ਖਰਚੇ ਵਿੱਚ ਤਾਂ ਕਮੀ ਕਰ ਸਕਦੇ ਸਨ, ਪਰ ਵੋਦਕਾਂ ਦੇ ਖਰਚੇ ਵਿੱਚ ਕਿਰਸ ਕਰਨ ਨੂੰ ਨਹੀਂ ਸਨ। ਟੈਕਸ ਦੀ ਵੱਧਦੀ ਹੋਈ ਦਰ ਵੀ ਸ਼ਰਾਬ ਦੀ ਖਪਤ ਵਿੱਚ ਕਮੀ ਲਿਆਉਣ ਵਿੱਚ ਕਾਮਯਾਬ ਨਾ ਹੋਈ।

ਕੋਈ ਤੀਹ ਸਾਲ ਤੱਕ ਸ਼ਰਾਬਖੋਰੀ ਬਰਾਬਰ ਵੱਧਦੀ ਹੀ ਗਈ। ਸਾਮਰਾਜ 'ਤੇ ਇਸਦਾ ਜੋ ਹਾਨੀਕਾਰਕ ਅਸਰ ਪੈਣਾ ਸੀ, ਉਹੀ ਪਿਆ। ਹਾਲਤ ਜਦੋਂ ਹੋਰ ਵੀ ਬੇਕਾਬੂ ਹੋਈ ਤਾਂ ਸਦਾਚਾਰ ਦਾ ਉਪਦੇਸ਼ ਦੇਣ ਲਈ ਪਾਦਰੀ ਗਿਰਜਿਆਂ 'ਚੋਂ ਨਿਕਲ ਪਏ। 19ਵੀਂ ਸਦੀ ਦੇ ਮੱਧਕਾਲ ਵਿੱਚ ਸ਼ੁਰੂ ਹੋਣ ਵਾਲੇ ਰਾਜਨੀਤਕ ਸੁਧਾਰਾਂ ਦੀ ਲਹਿਰ ਨੇ 1859 ਵਿੱਚ ਬੜਾ ਉੱਗਰ ਰੂਪ ਧਾਰ ਲਿਆ। ਪਾਦਰੀਆਂ ਦੇ ਸਮਝਾਉਣ ਨਾਲ਼ ਜ਼ਾਰ ਨੇ ਹੁਣ ਉਹਨਾਂ ਸਾਰੇ ਅੱਡਿਆਂ ਨੂੰ ਬੰਦ ਕਰਵਾ ਦਿੱਤਾ ਜਿੱਥੇ ਸ਼ਰਾਬ ਬਣਾਈ ਜਾਂਦੀ ਸੀ। ਜ਼ਾਰ ਦੀ ਪ੍ਰਜਾ ਕਿਸੇ ਤੋਂ ਪਿੱਛੇ ਨਹੀਂ ਸੀ। ਹਾਂ, ਕਈ ਰੂਸੀ ਜੋ "ਬੀਅਰ" (ਇੱਕ ਤਰ੍ਹਾਂ ਦੀ ਸ਼ਰਾਬ) ਪੀਣ ਦੇ ਆਦੀ ਸਨ, ਹੁਣ ਜ਼ਿਆਦਾ ਤਿੱਖੀ ਵੋਦਕਾ ਪੀਣ ਲੱਗੇ। ਅੰਦਰੂਨੀ ਬਦਲਾਅ ਉਹਨਾਂ ਵਿੱਚ ਨਹੀਂ ਆਇਆ।

ਤਿੰਨ ਸਾਲ ਬਾਅਦ ਸਰਕਾਰੀ ਕੰਟਰੋਲ ਉਸੇ ਦਿਸ਼ਾ ਵੱਲ ਮੁੜ ਗਿਆ ਜਿਸ ਤੋਂ ਅਸੀਂ ਸਾਰੇ ਲੋਕ ਜਾਣੂੰ ਹਾਂ। ਭਾਵ, ਸ਼ਰਾਬ ਦੀਆਂ ਛੋਟੀਆਂ-ਛੋਟੀਆਂ ਦੁਕਾਨਾਂ ਦੀ ਸੰਖਿਆ ਘਟਾ ਦਿੱਤੀ ਗਈ ਅਤੇ ਲਾਈਸੈਂਸ ਪ੍ਰਬੰਧ ਜਾਰੀ ਕਰ ਦਿੱਤਾ ਗਿਆ। ਇਹ ਕਦਮ ਜ਼ਾਰ ਨੇ ਨਸ਼ਾਬੰਦੀ ਲਹਿਰ ਨੂੰ ਜ਼ਿਆਦਾ ਤੇਜ਼ ਹੁੰਦਾ ਦੇਖ ਕੇ ਚੁੱਕਿਆ ਸੀ।

ਬਾਅਦ ਵਾਲੇ ਤੀਹ ਸਾਲਾਂ ਵਿੱਚ ਹਾਲਤ ਵਿੱਚ ਬਦਲਾਅ ਹੋਇਆ। ਬਦਲਾਅ ਇਹ ਹੋਇਆ ਕਿ ਰਾਜ ਅਤੇ ਸ਼ਰਾਬ ਬਣਾਉਣ ਵਾਲਿਆਂ ਨੇ ਸ਼ਰਾਬ ਦੀਆਂ ਦੁਕਾਨਾਂ ਦੀ ਸੰਖਿਆ 250,000 ਤੋਂ ਘਟਾ ਕੇ 115,000 ਤੋਂ ਵੀ ਘੱਟ ਕਰ ਦਿੱਤੀ। ਪਰ, ਇੰਨੀਂ ਦਿਨੀਂ ਵੋਦਕਾ ਦੀ ਵਿਕਰੀ ਵਿੱਚ ਖ਼ੂਬ ਵਾਧਾ ਹੋਇਆ।

ਸੰਨ 1886 ਦੀ ਇੱਕ ਖਾਸ ਘਟਨਾ ਇਹ ਵੀ ਹੈ ਕਿ ਡਾ. ਪੀਟਰ ਸੇਮਯੋਨੋਵਿਚ ਏਲੇਕਿਸਯੇਫ ਨੇ ਅਮਰੀਕਾ ਦਾ ਦੌਰਾ ਕੀਤਾ। ਇਹ ਡਾਕਟਰ ਬੇਹੱਦ ਪ੍ਰਸਿੱਧ ਲੇਖਕ ਅਤੇ ਦਾਰਸ਼ਨਿਕ ਕਾਊਂਟ ਲੇਵ ਤੋਲਸਤੋਏ ਦੇ ਗੂੜੇ ਮਿੱਤਰ ਵੀ ਸਨ। ਅਮਰੀਕਾ ਵਿੱਚ ਇਹਨਾਂ ਦੀ ਪਛਾਣ ਵੱਡੇ ਪੱਧਰ 'ਤੇ ਜਾਰੀ ਨਸ਼ਾ-ਵਿਰੋਧੀ ਸਰਗਰਮੀਆਂ ਨਾਲ਼ ਕਰਾਈ ਗਈ। ਜਦੋਂ ਉਹ ਪਰਤੇ ਤਾਂ ਬੜੇ ਹੀ ਉਤਸ਼ਾਹਿਤ ਸਨ। ਉਹਨਾਂ ਦਾ ਵਿਚਾਰ ਸੀ ਕਿ ਰੂਸੀ ਲੋਕਾਂ ਨੂੰ ਆਪਣੇ ਆਪ ਸ਼ਰਾਬ ਛੱਡਣ ਲਈ ਉਹ ਸਿੱਖਿਅਤ ਕਰਨਗੇ। ਇਸ ਸਬੰਧ ਵਿੱਚ ਉਹਨਾਂ ਨੇ ਕਈ ਕਿਤਾਬਾਂ ਲਿਖੀਆਂ। ਉਹਨਾਂ ਦੀਆਂ ਸਰਗਰਮੀਆਂ ਦਾ ਇੱਕ ਹੀ ਨਤੀਜਾ ਨਿਕਲਿਆ; ਜ਼ਾਰ ਨੇ ਇੱਕ ਕਾਨੂੰਨ ਦੁਆਰਾ ਇਹ ਐਲਾਨ ਕਰ ਦਿੱਤਾ ਕਿ ਜੇਕਰ ਮਾਲਿਕ ਪੁਰਾਣੇ ਪ੍ਰੱਚਲਿਤ ਰਿਵਾਜ ਅਨੁਸਾਰ ਨੌਕਰਾਂ ਦੀ ਤਨਖਾਹ ਕੁੱਝ ਨਕਦ ਅਤੇ ਬਾਕੀ ਵੋਦਕਾ ਦੇ ਰੂਪ ਵਿੱਚ ਦੇਣਗੇ ਤਾਂ ਇਹ ਅਪਰਾਧ ਮੰਨਿਆ ਜਾਵੇਗਾ!

ਰੂਸ ਦੇ ਉਹਨਾਂ ਕਸਬਿਆਂ ਨੇ ਜਿੱਥੇ ਫੈਕਟਰੀਆਂ ਸਨ, ਹੁਣ 'ਪੱਛਮੀ' ਰੂਪ ਧਾਰਨਾ

ਸ਼ੁਰੂ ਕਰ ਦਿੱਤਾ। ਉਹਨਾਂ ਦੀ ਹਾਲਤ ਵੀ ਉਵੇਂ ਦੀ ਹੋਣ ਲੱਗੀ ਜਿਵੇਂ ਦੀ ਸ਼ੁਰੂ ਸ਼ੁਰੂ ਵਿੱਚ ਅਮਰੀਕਾ ਦੇ ਖਾਣ ਕੇਂਦਰਾਂ ਦੀ ਸੀ : ਤਨਖਾਹ ਮਿਲਦੇ ਹੀ ਸਾਰੇ ਪੈਸੇ ਲੈ ਕੇ ਮਜ਼ਦੂਰ ਸ਼ਰਾਬ ਦੀ ਦੁਕਾਨ 'ਤੇ ਜਾ ਪਹੁੰਚਦੇ। ਪਰ ਇਸ ਬੇਰੋਕ ਸ਼ਰਾਬਖੋਰੀ ਦਾ ਸਮਾਜਿਕ ਗਲਤ ਨਤੀਜਾ ਜਲਦੀ ਹੀ ਸਾਹਮਣੇ ਆਇਆ। ਹੁਣ ਉਦਯੋਗ ਦੇ ਮੁਨਾਫੇ ਵਿੱਚ ਕਮੀ ਆਉਣ ਲੱਗੀ। ਹੁਣ, ਰੂਸੀ ਅਤੇ ਵਿਦੇਸ਼ੀ ਪੂੰਜੀਪਤੀਆਂ ਨੇ ਜ਼ਾਰ ਦੇ ਮਹਾਨ ਸਾਮਰਾਜ ਅਤੇ ਕਰੋੜਾਂ ਰੂਸੀ ਮਜ਼ਦੂਰਾਂ ਤੋਂ ਮੁਨਾਫਾ ਬਟੋਰਨਾ ਸ਼ੁਰੂ ਕੀਤਾ। ਉਹਨਾਂ ਨੇ ਪੈਦਾਵਾਰ ਦੇ ਨਵੇਂ ਅਸੂਲ ਕੰਮ ਵਿੱਚ ਲਿਆਉਣੇ ਸ਼ੁਰੂ ਕੀਤੇ। ਜਿਵੇਂ ਜਿਵੇਂ ਉਦਯੋਗ ਧੰਦਿਆਂ ਦਾ ਮਸ਼ੀਨੀਕਰਨ ਹੋਇਆ, ਉਵੇਂ ਉਵੇਂ ਮਜ਼ਦੂਰਾਂ ਤੋਂ ਜ਼ਿਆਦਾ ਕੁਸ਼ਲ ਅਤੇ ਜ਼ਿਆਦਾ ਮਿਹਨਤ ਦੀ ਮੰਗ ਕੀਤੀ ਜਾਣ ਲੱਗੀ। ਸ਼ਰਾਬ ਦੇ ਨਸ਼ੇ ਵਿੱਚ ਝੂਲਦਾ ਹੋਇਆ ਵੀ, ਕਿਸਾਨ ਆਪਣੇ ਖੇਤ ਵਿੱਚ ਕੰਮ ਕਰ ਸਕਦਾ ਸੀ ਅਤੇ ਉਸ ਦਾ ਅਪ੍ਰਗਤੀਸ਼ੀਲ ਮਾਲਕ ਵੀ ਇਸ ਨਾਲ਼ ਨਰਾਜ਼ ਨਹੀਂ ਹੁੰਦਾ। ਪਰ ਫੈਕਟਰੀਆਂ ਵਿੱਚ ਸ਼ਰਾਬ ਪੀ ਕੇ ਪਹੁੰਚਣ ਵਾਲ਼ੇ ਮਜ਼ਦੂਰਾਂ ਤੋਂ ਕੰਮ ਵਿੱਚ ਨੁਕਸਾਨ ਦੇ ਇਲਾਵਾ ਦੂਸਰੇ ਨਤੀਜੇ ਦੀ ਉਮੀਦ ਨਹੀਂ ਸੀ, ਯਾਣੀ, ਪਿਛਲੀ ਸਦੀ ਦੇ ਖਤਮ ਹੁੰਦੇ ਹੁੰਦੇ ਰੂਸ ਵਿੱਚ ਨਸ਼ੇਬੰਦੀ ਦੀ ਜ਼ਬਰਦਸਤ ਲਹਿਰ ਛਿੜੀ। ਇਸ ਲਹਿਰ ਦੀ ਪ੍ਰੇਰਕ ਸ਼ਕਤੀ ਨਾ ਤਾਂ ਸਰਕਾਰ ਸੀ ਅਤੇ ਨਾ ਗਿਰਜੇ। ਇਸ ਲਹਿਰ ਦੇ ਸਭ ਤੋਂ ਵੱਡੇ ਹਮਾਇਤੀ ਨਵੇਂ ਉਦਯੋਗਪਤੀ ਸਨ।

ਡਾ. ਨਿਕੋਲਾਈ ਗ੍ਰਿਗੋਰਿਅਫ਼ ਵਿੱਚ ਉਹਨਾਂ ਨੇ (ਉਦਯੋਗਪਤੀਆਂ ਨੇ) ਇਸ ਲਹਿਰ ਦਾ ਚੰਗਾ ਆਗੂ ਬਣ ਸਕਣ ਦੇ ਸਾਰੇ ਗੁਣ ਦੇਖੇ। 1894 ਵਿੱਚ ਡਾ. ਗ੍ਰਿਗੋਰਿਅਫ ਨੇ ਇੱਕ ਮੈਗਜ਼ੀਨ ਕੱਢੀ ਜਿਸ ਦਾ ਨਾਮ ਹੀ ਸੀ **ਨਸ਼ਾ ਵਿਰੋਧੀ ਦੂਤ।** ਇਸ ਦੀ ਲਹਿਰ ਬਹੁਤ ਜਥੇਬੰਦ ਸੀ। ਸ਼ਰਾਬ ਦੇ ਵਪਾਰ ਵਿੱਚ ਸਰਕਾਰੀ ਦਖਲ ਨੂੰ ਉਹਨੇ ਅਨੈਤਿਕ ਐਲਾਨਿਆ, ਭਾਵ ਦਿਨੋ ਦਿਨ ਜ਼ਾਰ ਰਾਹੀਂ ਸ਼ਰਾਬ 'ਤੇ ਟੈਕਸਾਂ ਦੇ ਵਾਧੇ ਕੀਤੇ ਜਾਣ ਨੂੰ ਉਹਨੇ ਅਨੈਤਿਕ ਦੱਸਿਆ। ਡਾ. ਗ੍ਰਿਗੋਰਿਅਫ਼ ਦਾ ਮਕਸਦ 'ਸਰਕਾਰੀ ਕੰਟਰੋਲ' ਦੇ ਪਾਖੰਡ ਦਾ ਪਰਦਾਫਾਸ ਕਰਨਾ ਸੀ। ਆਪਣੇ ਪ੍ਰਚਾਰ ਲਈ ਉਹਨੂੰ ਪੈਸੇ ਦੀ ਵੀ ਕਦੇ ਕਮੀ ਨਹੀਂ ਹੋਈ।

ਪਰ ਲਹਿਰ ਬੁਰੀ ਤਰ੍ਹਾਂ ਅਸਫ਼ਲ ਰਹੀ। ਇਹ ਲਹਿਰ ਜਿਵੇਂ ਕਿ ਇੱਕ ਚੱਟਾਨ 'ਤੇ ਆ ਕੇ ਟਕਰਾਈ ਹੋਵੇ ਅਤੇ ਟੁੱਕੜੇ-ਟੁੱਕੜੇ ਹੋ ਗਈ ਹੋਵੇ। ਇਹ ਚੱਟਾਨ ਸੀ ਸਰਕਾਰ ਨੂੰ ਸ਼ਰਾਬ 'ਤੇ ਟੈਕਸਾਂ ਤੋਂ ਹੋਣ ਵਾਲੇ ਮੁਨਾਫੇ ਦੀ। ਸ਼ਰਾਬ 'ਤੇ ਟੈਕਸਾਂ ਨਾਲ਼ ਜ਼ਾਰ ਦੀ ਆਮਦਨੀ ਦਿਨ-ਦੌਂਗੁਣੀ ਰਾਤ ਚੌਗੁਣੀ ਵੱਧ ਰਹੀ ਸੀ। ਅਮਰੀਕਾ ਵਿੱਚ ਵੀ ਅੱਜ ਇਹੀ ਹਾਲਤ ਹੈ। ਕਨੇਡਾ ਵਿੱਚ ਵੀ ਟੈਕਸਾਂ ਵਿੱਚ ਬੇਹੱਦ ਵਾਧਾ ਹੋਇਆ ਅਤੇ ਸ਼ਰਾਬ 'ਤੇ ਕੰਟਰੋਲ ਸਖਤ ਕੀਤਾ ਗਿਆ। ਨਤੀਜਾ : ਸ਼ਰਾਬ ਦੀ ਖਪਤ ਹੋਰ ਵਧੀ।

ਫਿਰ ਵੀ, ਸ਼ਰਾਬ-ਵਿਰੋਧੀ ਤੂਫਾਨ ਨੂੰ ਰੋਕਿਆ ਨਹੀਂ ਜਾ ਸਕਿਆ। 1898 ਵਿੱਚ ਇਸੇ ਮਸਲੇ ਨੂੰ ਲੈ ਕੇ ਜ਼ਾਰ ਦੇ ਸਲਾਹਕਾਰਾਂ ਵਿੱਚ ਫੁੱਟ ਪੈਦਾ ਹੋ ਗਈ। ਪ੍ਰਿੰਸ ਅਲੈਕਸਾਂਦਰ ਨਾਮਕ ਜ਼ਾਰ ਦਾ ਇੱਕ ਚਚੇਰਾ ਭਰਾ ਦਰਬਾਰ ਨਾਲ਼ੋਂ ਵੱਖ ਹੋ ਗਿਆ। ਉਹਨੇ ਦੂਸਰੇ ਲੀਡਰਾਂ ਨੂੰ ਭੜਕਾਉਣਾ ਸ਼ੁਰੂ ਕਰ ਦਿੱਤਾ। ਉਸ ਦਾ ਮਕਸਦ ਸਾਫ ਸੀ। ਅਮੀਰ ਜਗੀਰਦਾਰ ਹੋਣ ਦੀ ਹੈਸੀਅਤ 'ਚ ਉਹਨੇ ਪਰਖ ਲਿਆ ਸੀ ਕਿ ਨਸ਼ੇਬਾਜ਼ ਮਜ਼ਦੂਰਾਂ ਵਾਂਗ ਨਸ਼ੇਬਾਜ਼ ਕਿਸਾਨਾਂ ਤੋਂ

ਵੀ ਪੈਦਾਵਾਰ ਨੂੰ ਨੁਕਸਾਨ ਹੁੰਦਾ ਹੈ। ਉਹਨੇ ਦੂਸਰੇ ਦੇਸ਼ਾਂ ਦੇ ਨਸ਼ਾ-ਵਿਰੋਧੀ ਪ੍ਰੋਗਰਾਮ ਦਾ ਅਧਿਐਨ ਕੀਤਾ। ਨਸ਼ਾ-ਵਿਰੋਧੀ ਸਿੱਖਿਆ ਲਹਿਰ ਦੀ ਹਮਾਇਤ ਵਿੱਚ ਉਹਨੇ ਆਪਣੀ ਪੂਰੀ ਤਾਕਤ ਲਗਾ ਦਿੱਤੀ।

ਸਭ ਤੋਂ ਪਹਿਲਾਂ, ਸ਼ਰਾਬ ਦਾ ਵਿਰੋਧ ਕਰਨ ਵਾਲੇ ਵੱਖ-ਵੱਖ ਛੋਟੇ-ਮੋਟੇ ਦਲਾਂ ਨੂੰ ਉਹਨੇ ਇੱਕ ਡੋਰ ਵਿੱਚ ਬੰਨਿਆ। ਇਸ ਜਥੇਬੰਦੀ ਦਾ ਨਾਮ "ਨਸ਼ਾ ਨਿਰੋਧਕ ਜਥੇਬੰਦੀ" ਸੀ। ਆਪਣੇ ਅਤੇ ਆਪਣੇ ਦੋਸਤਾਂ ਦੀ ਦੌਲਤ ਨਾਲ ਉਹਨੇ ਇਸ ਜਥੇਬੰਦੀ ਨੂੰ ਮਾਲਾਮਾਲ ਕਰ ਦਿੱਤਾ। ਉਨ੍ਹੀਂ ਦਿਨੀਂ ਜਦੋਂ ਰੂਬਲ ਦੀ ਕੀਮਤ ਅੱਧੇ ਡਾਲਰ ਦੇ ਬਾਰਬਰ ਸੀ, ਜਥੇਬੰਦੀ ਕੋਲ ਹਜ਼ਾਰ-ਦੋ-ਹਜ਼ਾਰ ਨਹੀਂ, ਸਗੋਂ ਲੱਖ-ਦਸ-ਲੱਖ ਰੂਬਲ ਸਨ। ਹੁਣ, ਉਹਨੇ ਦੌਲਤ ਦੀ ਇਸ ਤਾਕਤ ਦੀ ਚੌਤਰਫਾ ਵਰਤੋਂ ਸ਼ੁਰੂ ਕੀਤੀ।

ਪ੍ਰਿੰਸ ਅਲੇਕਸਾਂਦਰ ਦੀ ਲਹਿਰ ਦਾ ਮੁੱਖ ਦਫ਼ਤਰ ਸੀ ਮਾਸਕੋ ਸਥਿਤ ਏਲੇਕਿਸਸ ਨਸ਼ਾ-ਵਿਰੋਧੀ ਨਿਰੋਧਕ ਭਵਨ। ਇਸ ਵਿੱਚ ਸਿੱਖਿਅਤ ਕਾਰਕੁੰਨਾਂ ਦਾ ਇੱਕ ਵੱਡਾ ਦਲ ਮੌਜੂਦ ਰਹਿੰਦਾ ਸੀ। ਸ਼ਰਾਬ ਤੋਂ ਬਚਾਅ ਦੀ ਸਿੱਖਿਆ ਲਈ ਦੁਨੀਆਂ ਦੇ ਇਸ ਪਹਿਲੇ ਵਿਗਿਆਨਕ ਕੇਂਦਰ ਵਿੱਚ ਇਹ ਕਾਰਕੁੰਨ ਹੀ ਸਾਰੀਆਂ ਯੋਜਨਾਵਾਂ ਬਣਾਉਂਦੇ ਅਤੇ ਉਹਨਾਂ ਨੂੰ ਲਾਗੂ ਕਰਦੇ। ਇੱਕ ਦੂਸਰੇ ਘਰ ਵਿੱਚ ਉਹਨਾਂ ਨੇ ਹਜ਼ਾਰਾਂ ਕਿਤਾਬਾਂ ਦੀ ਲਾਇਬ੍ਰੇਰੀ ਬਣਾਈ ਸੀ। ਰਸਾਇਣ ਅਤੇ ਭੌਤਿਕ ਵਿਗਿਆਨ ਸਬੰਧੀ ਪ੍ਰਯੋਗਸ਼ਾਲਾਵਾਂ ਵੀ ਉਹਨਾਂ ਨੇ ਖੋਲ੍ਹੀਆਂ ਜਿਨ੍ਹਾਂ ਵਿੱਚ ਮਾਹਿਰ ਕੰਮ ਕਰਦੇ ਸਨ। ਕੀਮਤ ਦੇ ਕੇ ਉਹ ਲੇਖਕਾਂ, ਅਧਿਆਪਕਾਂ, ਖੋਜਾਂ ਕਰਨ ਵਾਲਿਆਂ ਅਤੇ ਬੁਲਾਰਿਆ ਨੂੰ ਬੁਲਾਉਂਦੇ ਸਨ। ਸ਼ਰਾਬ ਦੀ ਸਮੱਸਿਆ ਦੇ ਅੱਜ ਜੋ ਸਾਡੇ ਖੋਜ ਸਬੰਧੀ ਕੇਂਦਰ ਹਨ ਉਹਨਾਂ ਦੀ ਇਹ ਪਹਿਲੀ ਮਿਸਾਲ ਸੀ। ਉਦਾਹਰਣ ਲਈ, ਯੇਲ ਯੂਨੀਵਰਸਿਟੀ ਦੇ ਸ਼ਰਾਬ ਸਬੰਧੀ ਅਧਿਐਨ ਸਕੂਲ ਨੂੰ ਹੀ ਲਵੋ। ਉੱਥੇ ਅੱਜ ਡਾਕਟਰ, ਮਨੋਵਿਗਿਆਨਕ, ਸਮਾਜਸ਼ਾਸਤਰੀ, ਪਾਦਰੀ ਸਾਰੇ ਮੌਜੂਦ ਹਨ ਜੋ ਵੱਡੀਆਂ-ਵੱਡੀਆਂ ਪੋਥੀਆਂ ਫੜੀ ਮਨੁੱਖੀ ਸਰੀਰ, ਦਿਮਾਗ ਅਤੇ ਸਮਾਜਿਕ ਸਬੰਧਾਂ 'ਤੇ ਸ਼ਰਾਬ ਦੇ ਅਸਰ ਦਾ ਅਧਿਐਨ ਕਰਨ ਵਿੱਚ ਰੁੱਝੇ ਰਹਿੰਦੇ ਹਨ — ਜਿਵੇਂ ਕਿ ਸ਼ਰਾਬੀ ਬਾਪ ਦਾ ਪੁੱਤਰ ਇਹ ਸਭ ਦਸ ਸਕਣ ਲਈ ਕਾਫ਼ੀ ਨਾ ਹੋਵੇ। ਪ੍ਰਿੰਸ ਅਲੇਕਸਾਂਦਰ ਦੀ ਨਸ਼ਾ ਨਿਰੋਧਕ ਜਥੇਬੰਦੀ ਨੇ ਸੱਚੀਆਂ ਅਤੇ ਕਾਲਪਨਿਕ, ਦੋਵੇ ਤਰ੍ਹਾਂ ਦੀਆਂ, ਗੱਲਾਂ ਦਾ ਮੁਲੰਮਾ ਤਿਆਰ ਕੀਤਾ। ਇਸ ਜਥੇਬੰਦੀ ਨੇ ਉਹ ਕੰਮ ਕਰ ਵਿਖਾਇਆ ਜੋ ਯੇਲ ਯੂਨੀਵਰਸਿਟੀ ਲਈ ਹੁਣ ਵੀ ਬਹੁਤ ਦੂਰ ਦੀ ਚੀਜ਼ ਹੈ। ਉਹਨੇ ਇਸ ਮੁਲੰਮੇ ਨੂੰ ਬੜੇ ਹੀ ਖਿੱਚਵੇਂ ਰੂਪ 'ਚ ਕਰੋੜਾਂ ਲੋਕਾਂ ਤੱਕ ਪਹੁੰਚਾਇਆ।

ਸਿੱਖਿਆ ਸਬੰਧੀ ਸਰਗਰਮੀਆਂ ਨੂੰ ਤਾਂ ਬਹੁਤ ਹੀ ਵੱਡੇ ਪੱਧਰ 'ਤੇ ਸ਼ੁਰੂ ਕੀਤਾ ਗਿਆ। ਪ੍ਰਿੰਸ ਅਲੇਕਸਾਂਦਰ ਨੇ ਬੁੱਢਿਆਂ ਅਤੇ ਜਵਾਨਾਂ ਦੀ ਸਹੂਲਤ ਲਈ ਸਾਰੇ ਪਾਰਕਾਂ ਅਤੇ ਬਾਗਾਂ, ਅਰਾਮ-ਘਰਾਂ ਦਾ ਪ੍ਰਬੰਧ ਕਰ ਦਿੱਤਾ. ਉਹਨਾਂ ਲਈ ਮਨੋਰੰਜਨ ਕੇਂਦਰ, ਬੜੇ ਰੇਸਤਰਾਂ ਅਤੇ ਨਾਟਕ-ਘਰ ਬਣਵਾਏ ਇਹਨਾਂ ਵਿੱਚੋਂ ਜ਼ਿਆਦਾਤਰ ਥਾਂ ਅਜਿਹੇ ਸਨ ਜਿਨ੍ਹਾਂ ਵਿੱਚ ਪੈਸਾ ਖਰਚ ਨਹੀਂ ਕਰਨਾ ਪੈਂਦਾ ਸੀ। ਇਹ ਥਾਵਾਂ ਬੜੀਆਂ ਹਰਮਨ ਪਿਆਰੀਆਂ ਹੋਈਆਂ। ਜਦੋਂ ਕਿ ਹਰ ਤਰ੍ਹਾਂ ਦੇ ਲੋਕ ਉੱਥੇ ਆਉਂਦੇ ਜਾਂਦੇ, ਪਰ ਲੱਭਣ 'ਤੇ ਵੀ ਸ਼ਰਾਬ ਦੀ

ਇੱਕ ਬੂੰਦ ਉੱਥੇ ਨਾ ਮਿਲ ਸਕਦੀ ਸੀ। ਬਕਾਇਦਾ ਸਮੇਂ 'ਤੇ ਕੁਸ਼ਲ ਬੁਲਾਰਿਆਂ ਦੇ ਭਾਸ਼ਣ ਹੁੰਦੇ ਜਿਨ੍ਹਾਂ ਨੂੰ ਹਾਜ਼ਰ ਲੋਕ ਬੜੇ ਧਿਆਨ ਨਾਲ਼ ਸੁਣਦੇ। ਇਹ ਬੁਲਾਰੇ ਸ਼ਰਾਬ ਬਾਰੇ ਵਿਗਿਆਨਕ ਤੱਥ ਪੇਸ਼ ਕਰਦੇ ਸਨ। ਇਹ ਸਰਗਰਮੀਆਂ 1903 ਵਿੱਚ ਸਿਖਰ 'ਤੇ ਸਨ। ਉਸ ਸਾਲ ਇਕੱਲੇ ਮਾਸਕੋ ਵਿੱਚ ਹੀ ਪੱਚੀ ਲੱਖ ਡਾਲਰ ਖਰਚ ਹੋਏ। ਜ਼ਾਰ ਸਾਮਰਾਜ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਇਸ ਜਥੇਬੰਦੀ ਦੀਆਂ 370 ਸਖਾਵਾਂ ਫੈਲੀਆਂ ਹੋਈਆਂ ਸਨ।

ਪਰ ਨਤੀਜਾ ?

ਨਤੀਜਾ : ਸ਼ਿਫਰ।

ਨਸ਼ਾ ਰੋਕੂ ਸਰਗਰਮੀਆਂ ਲਈ ਵਿਰੋਧ ਨੇ 1905 ਵਿੱਚ ਸਭ ਤੋਂ ਉਗਰ ਰੂਪ ਧਾਰ ਲਿਆ। ਇਸੇ ਸਾਲ ਰਾਜਨੀਤਕ ਜ਼ਬਰ ਵੀ ਉਗਰਤਾ ਦੀ ਹੱਦ 'ਤੇ ਪਹੁੰਚ ਗਿਆ ਸੀ। ਜ਼ਾਰ ਦਾ ਇੱਕ ਚਾਚਾ ਮਾਸਕੋ ਦਾ ਗਵਰਨਰ ਜਨਰਲ ਸੀ। ਇਸ ਦਾ ਨਾਮ ਸੀ ਗ੍ਰਾਂਡ ਡਯੂਕ ਸਰਗਿਅਸ। ਰੂਸ ਦੇ ਬੇਹੱਦ ਮਹੱਤਵਪੂਰਨ ਅਤੇ ਜਾਲਮ ਸਰਦਾਰਾਂ ਵਿੱਚ ਉਸ ਦੀ ਗਿਣਤੀ ਸੀ। ਉਹ ਵੀ ਨਸ਼ਾ ਨਿਰੋਧਕ ਜਥੇਬੰਦੀ ਵਿੱਚ ਸਾਮਿਲ ਹੋਇਆ। ਰਾਜ-ਪਰਿਵਾਰ ਦੇ ਹੋਰ ਵੀ ਲੋਕਾਂ ਨੂੰ ਉਹ ਆਪਣੇ ਨਾਲ਼ ਖਿੱਚ ਲਿਆਇਆ। ਇਹਨਾਂ ਵਿੱਚ ਇੱਕ ਗ੍ਰਾਂਡ ਡਿਊਕ ਕੋਂਸਤਾਂਤੀਨ ਵੀ ਸੀ। ਇਹ ਵੀ ਜ਼ਾਰ ਦਾ ਚਾਚਾ ਸੀ। ਇਹ ਈਸਾਈਆਂ ਦੀ ਅਖੌਤੀ ਕੁੱਲ ਰੂਸੀ ਮਜ਼ਦੂਰ ਜਥੇਬੰਦੀ ਦਾ ਪ੍ਰਬੰਧਕ ਅਤੇ ਪ੍ਰਧਾਨ ਵੀ ਸੀ। ਕੋਂਸਤਾਂਤੀਨ ਸ਼ਰਾਬ ਨੂੰ ਇਕਦਮ ਖ਼ਤਮ ਕਰ ਦੇਣ ਦਾ ਹਮਾਇਤੀ ਸੀ, ਭਾਵ ਉਹ ਪੂਰਨ ਸ਼ਰਾਬਬੰਦੀ ਦਾ ਹਮਾਇਤੀ ਸੀ, ਇਸ ਤੋਂ ਜ਼ਿਆਦਾ ਬੇਅਸਰ ਅਤੇ ਮਾਲੀ ਪ੍ਰੋਗਰਾਮ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਸੀ।

ਇਹਨਾਂ ਸਰਗਰਮੀਆਂ ਅਤੇ ਇਹਨਾਂ ਦੇ ਨਾਲ਼ ਨਾਲ਼ ਸਨਅਤੀ ਲੁੱਟ ਪ੍ਰਤੀ ਲੋਕਾਂ ਦੀ ਪ੍ਰਤੀਕ੍ਰਿਆ ਵੀ ਪ੍ਰਗਟ ਹੋਈ। ਉਹ ਇਸ ਰੂਪ ਵਿੱਚ ਉੱਗਰਤਮ ਰੂਪ ਵਿੱਚ ਪਹੁੰਚ ਗਈ ਕਿ ਗ੍ਰਾਂਡ ਡਿਊਕ ਸਰਸਿਅਸ ਦੇ ਸਾਹਮਣੇ ਬੰਬ ਡਿੱਗਿਆ। ਇਸ ਹਿੰਸਾਤਮਕ ਘਟਨਾ ਦੇ ਬਾਅਦ ਨਸ਼ਾ-ਨਿਰੋਧਕ ਲਹਿਰ ਅਤੇ ਡਿਊਕ ਨੇ ਵੱਖ-ਵੱਖ ਦਿਸ਼ਾਵਾਂ ਵਿੱਚ ਆਪਣਾ ਮੂੰਹ ਫੇਰ ਲਿਆ। ਨਾ ਤਾਂ ਸਾਰੇ ਬੁਲਾਰੇ ਅਤੇ ਨਾ ਸ਼ਰਾਬ ਦੇ ਗਲਤ ਸਿੱਟਿਆ ਬਾਰੇ ਵਿਗਿਆਨਕ ਤੱਥ ਹੀ ਦੋਵਾਂ ਵਿਚੱ ਮੇਲ ਕਰਾ ਸਕੇ।

ਨਸ਼ਾ ਨਿਰੋਧਕ ਸਿੱਖਿਆ ਦੀ ਸਫਲਤਾ ਵਿੱਚ ਸਰਕਾਰੀ ਕੰਟਰੋਲ ਦਾ ਕਿੰਨਾ ਹੱਥ ਸੀ, ਇਸ ਦੀ ਜਾਣਕਾਰੀ ਘੱਟ ਦਿਲਚਸਪ ਨਹੀਂ। 1894 ਵਿੱਚ ਸ਼ਰਾਬ ਦੀ ਵਿਕਰੀ ਨੂੰ ਰਾਜ ਨੇ ਆਪਣੇ ਹੱਥ ਵਿੱਚ ਲੈ ਲਿਆ ਸੀ। ਓਦੋਂ ਪਾਦਰੀਆਂ ਨੇ ਨਵੀਆਂ ਦੁਕਾਨਾਂ ਨੂੰ ਆਪਣੇ ਆਸ਼ੀਰਵਾਦ ਨਾਲ਼ ਪਵਿੱਤਰ ਕੀਤਾ ਸੀ। ਜਿਸ ਦਿਨ ਨਵੀਆਂ ਦੁਕਾਨਾਂ ਖੁੱਲ੍ਹੀਆਂ, ਵੱਡੇ-ਵੱਡੇ ਲੀਡਰਾਂ ਅਤੇ ਉਦਯੋਗਪਤੀਆਂ ਨੇ ਖੁਦ ਉੱਥੇ ਪਧਾਰ ਕੇ ਉੱਥੋਂ ਦੀ ਸ਼ਾਨ ਵਧਾਈ ਸੀ। ਉਸ ਸਰਕਾਰੀ ਖੁਦਰਾ ਇਜ਼ਾਰੇਦਾਰੀ (ਕੁੱਝ ਇਵੇਂ ਦਾ ਢਾਂਚਾ ਹੁਣ ਕਨੇਡਾ ਵਿੱਚ ਹੈ) ਦੀ ਸਥਾਪਨਾ ਦੇ ਪੰਦਰਾ ਸਾਲ ਬਾਅਦ ਕਾਨੂੰਨੀ ਤੌਰ 'ਤੇ ਵੋਦਕਾ ਦੀ ਖਪਤ 440 ਲੱਖ ਗੈਲਨ ਤੋਂ ਵੱਧ ਕੇ 2,500 ਲੱਖ ਗੈਲਨ ਹੋ ਗਈ। ਸ਼ਰਾਬ ਦੀਆਂ ਪ੍ਰਚੂਨ ਦੁਕਾਨਾਂ ਤੋਂ ਸਰਕਾਰ ਨੂੰ 1904 ਤੋਂ 1913 ਦੇ ਦਰਮਿਆਨ 5 ਅਰਬ ਰੂਬਲ ਦਾ ਮੁਨਾਫਾ ਹੋਇਆ। ਇਹਨਾਂ ਅੰਕੜਿਆਂ

ਦੇ ਮਹੱਤਵ ਨੂੰ ਸਮਝਣ ਲਈ ਇੱਕ ਗੱਲ ਹੋਰ ਜਾਣਨੀ ਜ਼ਰੂਰੀ ਹੈ। ਉਹ ਇਹ ਕਿ : ਇਸ ਦੌਰ ਵਿੱਚ ਰੂਸੀ ਸਾਮਰਾਜ ਦਾ ਕੁੱਲ ਬਜਟ 20 ਅਰਬ ਰੂਬਲ ਦਾ ਸੀ। ਪਹਿਲਾ ਮਹਾਂਯੁੱਧ ਸ਼ੁਰੂ ਹੋਣ ਵੇਲੇ ਜ਼ਾਰ ਸਰਕਾਰ ਦੀ ਕੁੱਲ ਆਮਦਨੀ ਦਾ ਚੌਥਾ ਹਿੱਸਾ ਸ਼ਰਾਬ ਦੀ ਵਿਕਰੀ ਤੋਂ ਹੀ ਆਉਂਦਾ ਸੀ। ਇਸ ਤਰ੍ਹਾਂ ਦੀ ਹਾਲਤ ਕਨੇਡਾ ਦੇ ਜ਼ਿਆਦਾਤਰ ਸੂਬਿਆਂ ਵਿੱਚ ਵੀ ਹੈ। ਉੱਥੇ ਸਾਲਾਂ ਤੋਂ ਹਾਲਤ ਇਹ ਹੈ ਕਿ ਬਜਟ ਵਿੱਚ ਜੋ ਵੀ ਕਮੀ ਹੁੰਦੀ ਹੈ, ਉਸ ਨੂੰ ਸ਼ਰਾਬ ਦੇ ਮੁਨਾਫੇ ਨਾਲ਼ ਪੂਰਾ ਕੀਤਾ ਜਾਂਦਾ ਹੈ।

ਨਸ਼ਾ-ਵਿਰੋਧੀ ਲਹਿਰ ਅਤੇ ਸ਼ਰਾਬ 'ਤੇ ਸਰਕਾਰੀ ਕੰਟਰੋਲ ਸ਼ੁਰੂ ਹੋਣ ਦੇ ਸਮੇਂ ਤੋਂ 1914 ਤੱਕ ਰੂਸ ਵਿੱਚ ਵੋਦਕਾ ਦੀ ਵਿਕਰੀ 500 ਪ੍ਰਤੀਸ਼ਤ ਤੋਂ ਵੀ ਕੁੱਝ ਜ਼ਿਆਦਾ ਵੱਧ ਗਈ। ਨਸ਼ੇਬਾਜ਼ੀ ਦਾ ਆਰਥਿਕ ਗਲਤ ਸਿੱਟਾ ਲੋਕਾਂ ਨੂੰ ਹੋਰ ਵੀ ਰੜਕਣ ਲੱਗਿਆ ਸੀ। ਕਾਫ਼ੀ ਰਕਮ ਉਨ੍ਹਾਂ ਦੀ ਜੇਬ 'ਚੋਂ ਸ਼ਰਾਬ 'ਤੇ ਟੈਕਸ ਦੇ ਰੂਪ ਵਿੱਚ ਨਿਕਲ ਜਾਂਦੀ ਸੀ.

ਸ਼ਰਾਬਖੋਰੀ ਦੇ ਵਿਰੁੱਧ ਘੋਲ ਜਾਰੀ ਰਿਹਾ ਅਤੇ ਇਸ ਮਿਆਦ ਵਿੱਚ ਇੱਕ ਨਵੀਂ ਜਥੇਬੰਦੀ ਦੇਖਣ ਵਿੱਚ ਆਈ : ਸਕੂਲਾਂ ਵਿੱਚ ਸ਼ਰਾਬਖੋਰੀ ਵਿਰੁੱਧ ਲੜਨ ਵਾਲਿਆਂ ਦੀ ਜਥੇਬੰਦੀ। ਸੰਸਾਰ ਜੰਗ ਤੋਂ ਪਹਿਲਾਂ ਰੂਸ ਵਿੱਚ ਜਿੰਨੇ ਵੀ ਨਸ਼ੇਬਾਜ਼ ਸਨ, ਦੁਨੀਆਂ ਦੇ ਕਿਸੇ ਵੀ ਦੂਸਰੇ ਸੱਭਿਅਕ ਦੇਸ਼ ਵਿੱਚ ਓਨੇ ਨਹੀਂ ਸਨ। ਉਪਰੋਕਤ ਜਥੇਬੰਦੀ ਨੇ ਪੂਰੇ ਸਾਮਰਾਜ ਦੇ ਇਸ ਕੋਨੇ ਤੋਂ ਉਸ ਕੋਨੇ ਤੱਕ ਛਾਣਬੀਣ ਕੀਤੀ। ਇਸ ਸਬੰਧ ਵਿੱਚ 1913 ਵਿੱਚ ਉਹਨੇ ਕੁੱਝ ਅੰਕੜੇ ਪ੍ਰਕਾਸ਼ਿਤ ਕੀਤੇ। ਯਾਦ ਰੱਖਣਾ ਚਾਹੀਦਾ ਹੈ ਕਿ ਜ਼ਾਰ ਸਰਕਾਰ ਦੀ ਸੈਂਸਰਸ਼ਿਪ ਦੇ ਬਾਅਦ ਇਹ ਅੰਕੜੇ ਪ੍ਰਕਾਸ਼ਿਤ ਹੋਏ ਸਨ। ਇਹਨਾਂ ਅੰਕੜਿਆਂ ਅਨੁਸਾਰ, ਸਕੂਲ ਵਿੱਚ ਪੜ੍ਹਨ ਵਾਲ਼ੇ 80 ਫੀਸ਼ਦੀ ਤੋਂ ਜ਼ਿਆਦਾ ਬੱਚੇ ਵੋਦਕਾ ਪੀਣ ਦੇ ਆਦੀ ਸਨ। ਲੜਕਿਆਂ ਦੀ ਸੰਖਿਆ 60 ਪ੍ਰਤੀਸ਼ਤ ਤੋਂ ਜ਼ਿਆਦਾ ਸੀ। ਇੱਕ ਜ਼ਿਲ੍ਹੇ ਵਿੱਚ ਕੋਈ ਸਕੂਲ ਸੀ ਜਿਸ ਵਿੱਚ 5,700 ਵਿਦਿਆਰਥੀ ਪੜ੍ਹਦੇ ਸਨ। ਉਪਰੋਕਤ ਜਥੇਬੰਦੀ ਦੇ ਕਾਰਕੁੰਨ ਉੱਥੇ ਪਹੁੰਚੇ। ਉਹਨਾਂ ਨੇ 2,500 ਵਿਦਿਆਰਥੀਆਂ ਸਾਹਮਣੇ ਭਾਸ਼ਣ ਦਿੱਤਾ। ਇਨ੍ਹਾਂ ਵਿੱਚੋਂ ਸਾਰੇ ਵਿਦਿਆਰਥੀ ਜਾਂ ਤਾਂ ਪੂਰੀ ਤਰ੍ਹਾਂ ਨਸ਼ੇ ਵਿੱਚ ਸਨ ਜਾਂ ਅੱਧੇ ਨਸ਼ੇ ਵਿੱਚ।

ਫੈਕਟਰੀ ਮਾਲਕਾਂ ਦੇ ਕਹਿਣ 'ਤੇ ਮਾਸਕੋ ਦੀ ਨਗਰ ਕਾਉਂਸਲ ਨੇ ਦੂਸਰੀ ਜਾਂਚ-ਪੜਤਾਲ ਦਾ ਪ੍ਰਬੰਧ ਕੀਤਾ। ਪਤਾ ਲੱਗਿਆ ਕਿ ਮਾਸਕੋ ਦੇ 90 ਫੀਸਦੀ ਵਪਾਰੀ ਪੂਰੇ ਨਸ਼ੇਬਾਜ਼ ਹਨ।

ਹੌਲ਼ੀ-ਹੌਲ਼ੀ ਹਾਲਤ ਇਸ ਹਾਲਤ ਨੂੰ ਪਹੁੰਚੀ ਸੀ। ਜ਼ਾਰ ਦਾ ਮੰਤਰੀ, ਨਿਕੋਲਸ ਦਿ ਕ੍ਰੈਮਰ, ਨਸ਼ਾ-ਰੋਕੂ ਲਹਿਰ ਦੀਆਂ ਕਮਜ਼ੋਰੀਆਂ ਨੂੰ 1906 ਵਿੱਚ ਵੀ ਭਾਂਪ ਗਿਆ ਸੀ। ਜ਼ਾਰ ਲਈ ਤਿਆਰ ਕੀਤੀ ਗਈ ਆਪਣੀਆਂ ਰਿਪੋਰਟ ਵਿੱਚ ਉਹਨੇ ਕਿਹਾ ਸੀ : "ਇਹ ਸੋਚਣਾ ਬੜੀ ਵੱਡੀ ਭੁੱਲ ਹੋਵੇਗੀ ਕਿ ਮਨੋਰੰਜਨ ਦੇ ਸਾਧਨ ਲੋਕਾਂ ਤੋਂ ਸ਼ਰਾਬ ਛੁਡਾਉਣ ਵਿੱਚ ਕਾਮਯਾਬ ਹੋਣਗੇ। ਇਹ ਸੋਚਣਾ ਗਲਤ ਹੋਵੇਗਾ ਕਿ ਨਾਟਕ ਦਿਖਾ ਕੇ ਅਤੇ ਬਗੀਚਿਆਂ ਵਿੱਚ ਵਾਜੇ ਵਜਾ ਕੇ ਲੋਕਾਂ ਤੋਂ ਸ਼ਰਾਬਖੋਰੀ ਛੁਡਵਾ ਦਿੱਤੀ ਜਾਵੇਗੀ।" ਕ੍ਰੈਮਰ ਨੇ ਜੋ ਸੁਝਾਅ ਪੇਸ਼ ਕੀਤੇ ਉਹ ਮਹੱਤਵਪੂਰਨ ਨਹੀਂ ਸਨ। ਪਰ ਉਹ ਚੰਗੀ ਤਰ੍ਹਾਂ ਦੇਖ ਅਤੇ ਸਮਝ ਚੁੱਕਿਆ

ਸੀ ਕਿ ਨਸ਼ਾ-ਵਿਰੋਧੀ ਪ੍ਰਚਾਰ ਨੂੰ ਅਜਿਹੇ ਲੋਕ ਹੀ ਪੜ੍ਹ ਅਤੇ ਮਾਣ ਰਹੇ ਸਨ ਜੋ ਪੱਕੇ ਸਾਤਵਿਕ ਭਾਵ ਸ਼ਰਾਬ ਵਿਰੋਧੀ ਸਨ। ਸਾਡੇ ਦੇਸ਼ ਵਿੱਚ ਵੀ ਅਜਿਹੇ ਪ੍ਰਚਾਰ ਨੂੰ ਅਜਿਹੇ ਹੀ ਲੋਕ ਪੜ੍ਹ ਅਤੇ ਮਾਣ ਰਹੇ ਹਨ। ਜਿਹੜੇ ਪਿਆਕੜ ਸਨ ਉਹ ਪ੍ਰਚਾਰ ਸਬੰਧੀ ਪਰਚੀਆਂ ਅਤੇ ਪੋਥੀਆਂ ਲੈਂਦੇ ਅਤੇ ਸੁੱਟ ਦਿੰਦੇ। ਬੜੇ ਸਜੇ ਨਾਲ਼ ਉਹ ਪ੍ਰਿੰਸ ਅਕੈਲਸਾਂਦਰ ਰਾਹੀਂ ਦਿੱਤੇ ਜਾਣ ਵਾਲੇ ਮੁਫਤ ਭੋਜਨ ਨਾਲ਼ ਆਪਣਾ ਢਿੱਡ ਭਰਦੇ, ਮੁਫਤ ਥੀਏਟਰ ਦੇਖਦੇ ਅਤੇ ਜੋ ਪੈਸਾ ਬਚਦਾ ਉਸ ਨਾਲ਼ ਖਰੀਦ ਕੇ ਵੋਦਕਾ ਪੀਂਦੇ। 1910 ਵਿੱਚ ਪੂਰੇ ਦੇਸ਼ ਵਿੱਚ ਹਾਲਤ ਇਹ ਸੀ ਕਿ ਇੱਕ ਨਸ਼ਾ-ਵਿਰੋਧੀ ਕਮੇਟੀ ਦੇ ਪਿੱਛੇ ਸੱਤ ਸਰਕਾਰੀ ਸ਼ਰਾਬ ਦੀਆਂ ਦੁਕਾਨਾਂ ਸਨ।

ਜ਼ਬਰ ਦੇ ਬਾਵਜੂਦ ਸ਼ਰਾਬ ਵਿਰੋਧੀ ਜਥੇਬੰਦੀਆਂ ਨੇ 1910 ਵਿੱਚ ਨਸ਼ੇਬਾਜ਼ੀ ਦੀ ਬਲਾ ਨਾਲ ਲੜਨ ਲਈ ਕੁੱਝ ਰੂਸੀ ਕਾਂਗਰਸ਼ ਬੁਲਾਈ। ਮਜ਼ਦੂਰ ਸਭਾਵਾਂ ਨੇ ਵੀ ਇਸ ਦੀ ਹਮਾਇਤ ਕੀਤੀ। ਉਹਨਾਂ ਨੇ ਇਸ ਸਮੱਸਿਆ ਦੇ ਸਮਾਜਿਕ ਅਤੇ ਆਰਥਿਕ ਪੱਖਾਂ ਨੂੰ ਉਭਾਰ ਕੇ ਰੱਖਿਆ। ਉਹਨਾਂ ਨੇ ਪਾਰਲੀਮੈਂਟ (ਦੂਮਾ) 'ਤੇ ਵੀ ਦਬਾਅ ਪਾਇਆ। ਉਹਨਾਂ ਨੇ ਮੰਗ ਕੀਤੀ ਕਿ ਸਰਕਾਰੀ ਦੁਕਾਨਾਂ 'ਤੇ ਸ਼ਰਾਬ ਦੀ ਵਿਕਰੀ ਦੇ ਘੰਟੇ ਸੀਮਤ ਕਰਨ ਦਾ ਕਾਨੂੰਨ ਬਣਾਇਆ ਜਾਵੇ ਅਤੇ ਦੂਸਰੇ ਕਾਨੂੰਨਾਂ ਨੂੰ ਮੁਸਤੈਦੀ ਨਾਲ਼ ਲਾਗੂ ਕੀਤਾ ਜਾਵੇ। ਪਰ ਇੰਨੇ ਰੌਲ਼ੇ-ਰੱਪੇ ਦਾ ਜੋ ਨਤੀਜਾ ਹੋਇਆ ਉਹ ਇਹ ਕਿ ਇੱਕ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਗਿਆ ਜਿਸ ਵਿੱਚ ਕਿਹਾ ਗਿਆ ਕਿ ਵੋਦਕਾ ਵਿੱਚ ਅਲਕੋਹਲ ਦੀ ਮਾਤਰਾ 50 ਫੀਸਦੀ ਤੋਂ ਘਟਾ ਕੇ 30 ਫੀਸਦੀ ਕਰ ਦਿੱਤੀ ਜਾਵੇ। ਇਹ ਬਿੱਲ ਵੀ ਪਾਸ ਨਹੀਂ ਹੋਇਆ।

ਚਾਰ ਸਾਲ ਬਾਅਦ ਜ਼ਾਰ ਸਰਕਾਰ ਲਈ ਸਮੱਸਿਆ ਬੜੀ ਖਤਰਨਾਕ ਬਣ ਗਈ। ਸ਼ਾਹੀ ਦਰਬਾਰ ਨੇ ਇੰਗਲੈਂਡ ਅਤੇ ਫ਼ਰਾਂਸ ਨਾਲ਼ ਫ਼ੌਜੀ ਸਮਝੌਤਾ ਕਰਨ ਦਾ ਫੈਸਲਾ ਕੀਤਾ ਸੀ। ਦਸ ਲੱਖ ਫ਼ੌਜੀਆਂ ਦੀ ਫ਼ੌਜ ਨੂੰ ਨਵੇਂ ਤੋਂ ਨਵੇਂ ਹਥਿਆਰਾਂ ਨਾਲ਼ ਲੈਸ ਕਰਨ ਦੀ ਸਮੱਸਿਆ ਜ਼ਾਰ ਦੇ ਸਾਹਮਣੇ ਹਾਜ਼ਰ ਸੀ। ਯਾਣੀ, ਉਦਯੋਗਪਤੀਆਂ ਨਾਲ਼ ਮਾਮਲਾ ਨਿਬੇੜਨ ਦੇ ਇਲਾਵਾ ਉਸ ਦੇ ਸਾਹਮਣੇ ਦੂਸਰਾ ਕੋਈ ਚਾਰਾ ਨਹੀਂ ਸੀ।

ਸ਼ਰਾਬ ਦੇ ਮਸਲੇ 'ਤੇ ਉਦਯੋਗਪਤੀ ਬੜੀ ਜ਼ਿੱਦ ਫੜੀ ਬੈਠੇ ਸਨ। ਉਹਨਾਂ ਦਾ ਕਹਿਣਾ ਸੀ ਕਿ ਰਾਜ ਸ਼ਰਾਬ-ਟੈਕਸਾਂ 'ਤੇ ਆਪਣੀ ਨਿਰਭਰਤਾ ਨੂੰ ਘੱਟ ਕਰੇ ਅਤੇ ਆਪਣੀ ਨੀਤੀ ਬਦਲੇ ਅਤੇ ਵੋਦਕਾ ਦੀ ਵਿਕਰੀ ਵਿੱਚ ਵੱਡੀ ਕਮੀ ਕਰੇ।

ਅੰਤ ਜ਼ਾਰ ਨੇ ਜਨਵਰੀ 1914 ਵਿੱਚ ਐਲਾਨ ਕੀਤਾ। ਉਹ ਨੇ ਕਿਹਾ ਕਿ ਰਾਜ ਦੀ ਆਮਦਨ ਵਿੱਚ ਹੁਣ ਸ਼ਰਾਬ ਨਾਲ਼ ਵਾਧਾ ਨਹੀਂ ਕੀਤਾ ਜਾਵੇਗਾ। ਉਸੇ ਸਾਲ ਪੂਰਬੀ ਮੋਰਚੇ 'ਤੇ ਯੁੱਧ ਦੀਆਂ ਲਾਟਾਂ ਭੜਕ ਉੱਠੀਆਂ। ਯੁੱਧ ਦੇ ਸਮੇਂ ਵਿੱਚ ਖੰਦਕਾਂ ਵਿੱਚ ਬੈਠ ਕੇ ਸ਼ਰਾਬ ਪੀਣਾ ਬੜੀ ਖਤਰੇ ਦੀ ਗੱਲ ਨਹੀਂ ਸੀ; ਪਰ ਸ਼ਹਿਰ ਦੇ ਮਜ਼ਦੂਰ ਅਤੇ ਪਿੰਡ ਦੇ ਕਿਸਾਨ ਸ਼ਰਾਬ ਪੀਂਦੇ ਤਾਂ ਫੈਕਟਰੀਆਂ ਅਤੇ ਖੇਤਾਂ ਦੀ ਉਪਜ ਨੂੰ ਅਧਰੰਗ ਮਾਰ ਜਾਂਦਾ। ਉਦਯੋਗਪਤੀਆਂ ਨੇ ਦਰਬਾਰ ਅੱਗੇ ਨਵਾਂ ਫਤਵਾ ਪੇਸ਼ ਕਰ ਦਿੱਤਾ।

ਸ਼ਰਾਬਖੋਰਾਂ ਲਈ ਖਤਰੇ ਦੀ ਘੰਟੀ ਵਜ ਗਈ। ਸ਼ਾਹੀ ਅਤੇ ਨਾਟਕੀ ਫੁਰਤੀ ਨਾਲ਼ ਜ਼ਾਰ ਨੇ ਐਲਾਨ ਕਰ ਦਿੱਤਾ : ਰੂਸ ਵਿੱਚ ਹੁਣ ਸ਼ਰਾਬ ਨਹੀਂ ਪੀਤੀ ਜਾਵੇਗੀ। ਉਹਨੇ ਐਲਾਨ

ਕੀਤਾ ਕਿ 1 ਜੁਲਾਈ 1916 ਦੀ ਸਵੇਰ ਤੋਂ ਜੋ ਵੋਦਕਾ ਜਾਂ ਬੀਅਰ ਬਣਾਏਗਾ। ਜਾਂ ਇਹਨਾਂ ਦੀ ਵਿਕਰੀ ਕਰੇਗਾ, ਉਹ ਅਪਰਾਧੀ ਮੰਨਿਆ ਜਾਵੇਗਾ। ਜਿਲ੍ਹਾਂ ਅਧਿਕਾਰੀਆਂ ਨੂੰ ਛੋਟ ਸੀ ਕਿ ਉਹ ਚਾਹੇ ਤਾਂ ਆਪਣੇ ਹਲਕਿਆਂ ਵਿੱਚ ਹੌਲ਼ੀ ਕਿਸਮ ਦੀ ਸ਼ਰਾਬ ਵਿਕਵਾ ਸਕਦੇ ਹਨ।

ਇਹ ਐਲਾਨ ਇੰਨੀ ਜਲਦੀ ਹੋ ਗਿਆ ਸੀ ਅਤੇ ਇੰਨੀ ਸਖ਼ਤੀ ਅਤੇ ਬੇਕਿਰਕੀ ਨਾਲ਼ ਲਾਗੂ ਕੀਤਾ ਗਿਆ ਸੀ ਕਿ ਰੂਸੀ ਲੋਕ ਅੱਖਾਂ ਪਾੜੀ ਦੇਖਦੇ ਰਹਿ ਗਏ।

ਇਸ ਸਬੰਧ ਵਿੱਚ ਕੋਈ ਦਿਖਾਵਾ ਦੇਖਣ ਵਿੱਚ ਨਹੀਂ ਆਇਆ। ਪ੍ਰਚਾਰ ਵੀ ਬੜਾ ਆਮ ਜਿਹਾ ਕੀਤਾ ਗਿਆ। ਲੋਕਾਂ ਦੇ ਦੇਖਦੇ ਹੀ ਦੇਖਦੇ ਖੌਫਨਾਕ ਗੁਪਤ ਪੁਲਿਸ ਦੇ ਇਸ਼ਾਰੇ ’ਤੇ ਫੌਜੀ ਦਸਤੇ ਇੱਕ ਦੇ ਬਾਅਦ ਇੱਕ ਸ਼ਰਾਬ ਦੀਆਂ ਦੁਕਾਨਾਂ ਬੰਦ ਕਰਨ ਲੱਗੇ। ਪਹਿਲਾਂ ਤੋਂ ਇਕੱਠੇ ਮਾਲ ਨੂੰ ਉਹ ਬਰਬਾਦ ਕਰ ਦਿੰਦੇ। ਸ਼ਰਾਬ ਬਣਾਉਣ ਦੇ ਅੱਡਿਆਂ ’ਤੇ ਤਾਂ ਭੂਤ ਨੱਚਣ ਲੱਗੇ ਸਨ। ਵੱਡੇ ਤੋਂ ਵੱਡੇ ਸਰਕਾਰ ਵਿੱਚ ਸ਼ਾਹੀ ਫੁਰਮਾਨ ਦੀ ਉਲੰਘਣਾ ਕਰਨ ਦੀ ਹਿੰਮਤ ਨਹੀਂ ਹੋਈ। ਕੌਮ ਦੇ ਇਸ ਕੋਨੇ ਤੋਂ ਉਸ ਕੋਨੇ ਤੱਕ ਸ਼ਰਾਬ ਬਣਾਉਣ ਦੇ ਸਾਰੇ ਅੱਡਿਆਂ ਨੇ ਫੌਜੀ ਬੂਟਾਂ ਦੀ ਧਮਕ ਸੁਣੀ। ਫੌਜੀ ਦਸਤਿਆਂ ਨੇ ਸ਼ਰਾਬ ਦੇ ਡਰੰਮ ਦੇ ਡਰੰਮ ਨਦੀਆਂ ਵਿੱਚ ਉਲਟਾ ਦਿੱਤੇ ਅਤੇ ਓਦੋਂ ਸ਼ਰਾਬ ਬਣਾਉਣ ਵਾਲੀਆਂ ਮਸ਼ੀਨਾਂ ਨੂੰ ਉਹ ਇੰਝ ਬਰਬਾਦ ਕਰਨ ਵਿੱਚ ਰੁੱਝ ਗਏ ਕਿ ਫਿਰ ਠੀਕ ਹੀ ਨਾ ਹੋ ਸਕਣ। ਕੁੱਝ ਹਫਤਿਆਂ ਵਿੱਚ ਜ਼ਾਰਸ਼ਾਹੀ ਰੂਸ ਦੀ ਸ਼ਰਾਬ ਬਣਾਉਣ ਦੀ ਵੱਡੀ ਸਮਰੱਥਾ ਤਹਿਸ-ਨਹਿਸ ਕਰ ਦਿੱਤੀ ਗਈ।

ਰੂਸ ਵਿੱਚ ਇੰਝ ਸ਼ਰਾਬਬੰਦੀ ਪਹਿਲੀ ਅਤੇ ਆਖਰੀ ਵਾਰ ਲਾਗੂ ਕੀਤੀ ਗਈ।

ਲੋਕ ਖੁਲ੍ਹ ਕੇ ਆਪਣੇ ਵਿਚਾਰ ਵੀ ਪ੍ਰਗਟ ਨਾ ਕਰ ਸਕੇ। ਕੀ ਸ਼ਰਾਬ-ਵਿਰੋਧੀਆਂ ਅਤੇ ਕੀ ਸ਼ਰਾਬੀਆਂ, ਸਾਰਿਆਂ ਦੀ ਜ਼ੁਬਾਨ ’ਤੇ ਜ਼ਾਰ ਦੀ ਤੁਰੰਤ-ਫੁਰੰਤ ਕਾਰਵਾਈ ਨੇ ਤਾਲਾ ਲਾ ਦਿੱਤਾ ਸੀ। 16 ਕਰੋੜ ਲੋਕ ਚੁੱਪਚਾਪ ਸਬਰ ਨਾਲ਼ ਸਭ ਕੁੱਝ ਦੇਖਦੇ ਰਹੇ।

ਅਮਰੀਕਾ ਵਿੱਚ ਉਸੇ ਸਮੇਂ ਜੋ ਲਹਿਰ ਚੱਲੀ ਉਹ ਵੀ ਇਸੇ ਇੱਕ ਤੱਥ ਤੋਂ ਪ੍ਰੇਰਿਤ ਸੀ ਕਿ ਜ਼ਾਰ ਦੇ ਵੱਡੇ ਸਾਮਰਾਜ ਵਿੱਚ ਇੱਕ ਹੀ ਝਟਕੇ ਵਿੱਚ ਲੋਕਾਂ ਦੇ ਮੂੰਹੋਂ ਸ਼ਰਾਬ ਛੁਡਾ ਦਿੱਤੀ ਗਈ ਸੀ। ਇਹ ਸੁਣ ਕੇ ਕਿ ਲੱਖਾਂ-ਕਰੋੜਾਂ ਗੈਲਨ ਵਧੀਆਂ ਸ਼ਰਾਬ ਰੂਸ ਵਿੱਚ ਨਾਲੀਆਂ ਦੇ ਰਸਤੇ ਵਹਾ ਦਿੱਤੀ ਗਈ ਹੈ, ਕਈ ਲੋਕ ਤਾਂ ਖੁਸ਼ੀ ਨਾਲ਼ ਪਾਗਲ ਹੋ ਉੱਠੇ। ਆਪਣੀ ਪ੍ਰਚਾਰ ਰੂਪੀ ਤੋਪਾਂ ਲਈ ਹੁਣ ਗੋਲਾਂ-ਬਾਰੂਦ ਲੱਭਣ ਦੀ ਉਹਨਾਂ ਨੂੰ ਲੋੜ ਨਹੀਂ ਸੀ। ਸ਼ਰਾਬ ਛੁਡਾਉਣ ਲਈ ਜ਼ਾਰ ਨੇ ਤਾਂ ਕਾਨੂੰਨ ਦਾ ਸਹਾਰਾ ਵੀ ਨਹੀਂ ਲਿਆ ਸੀ। ਚੁੱਟਕੀ ਵਜਾਉਂਦੇ ਹੀ ਉਹਨੇ ਰੂਸ ’ਚੋਂ ਸ਼ਰਾਬ ਨੂੰ ਛੂ-ਮੰਤਰ ਕਰ ਦਿੱਤਾ ਸੀ। ਜ਼ਾਰ ਦੀ ਪ੍ਰਜਾ ਜ਼ਬਰੀ ਸਾਤਵਿਕ ਬਣਾ ਦਿੱਤੀ ਗਈ ਸੀ। 1916 ਦੇ ਸ਼ੁਰੂਆਤੀ ਮਹੀਨਿਆਂ ਵਿੱਚ ਰੂਸੀਆਂ ਨੇ ਸ਼ਰਾਬ ਨਹੀਂ ਛੂਹੀ। ਵੋਦਕਾ ਦੇ ਨਾਲੀਆਂ ਵਿੱਚ ਵਹਾ ਦਿੱਤੇ ਜਾਣ ਬਾਅਦ ਲੱਖਾਂ ਨੌਜਵਾਨਾਂ ਅਤੇ ਬੱਚਿਆਂ ਦੀ ਜ਼ੁਬਾਨੋਂ 40 ਫੀਸਦੀ ਅਲੋਕਹਲ ਵਾਲੀ ਵੋਦਕਾ ਛੁੱਟ ਗਈ। ਪਹਿਲਾਂ ਤਾਂ ਉਹ ਇਸ ਵੋਦਕਾ ਦੀਆਂ ਬੋਤਲਾਂ ’ਤੇ ਬੋਤਲਾਂ ਚੜ੍ਹਾ ਜਾਂਦੇ ਸਨ। ਸੁਭਾਵਿਕ ਹੀ ਸੀ ਕਿ ਉਹਨਾਂ ਦੀ ਸਿਹਤ ਵਿੱਚ ਵੀ ਵੱਡਾ ਸੁਧਾਰ ਹੋਇਆ।

ਸ਼ਰਾਬਬੰਦੀ ਨੂੰ ਇੰਝ ਪੂਰੀ ਸਫਲਤਾ ਮਿਲੀ।

ਇਹ ਹਾਲਤ ਲਗਭਗ 9 ਮਹੀਨੇ ਤੱਕ ਰਹੀ।

ਉਸ ਦੇ ਬਾਅਦ ?

ਉਸ ਦੇ ਬਾਅਦ ਲੋਕ ਜਿਵੇਂ ਨੀਂਦ ਤੋਂ ਜਾਗ ਕੇ ਉੱਠ ਬੈਠੇ ਹੋਣ। ਲੱਖਾਂ-ਕਰੋੜਾਂ ਲੋਕਾਂ ਨੂੰ ਲੱਗਿਆ ਜਿਵੇਂ ਪਿਆਸ ਨਾਲ਼ ਉਹਨਾਂ ਦੇ ਗਲੇ ਸੁੱਕੇ ਜਾ ਰਹੇ ਹੋਣ। ਲੜਾਈ ਦੇ ਮੈਦਾਨ ਵਿੱਚ ਰੂਸੀ ਫੌਜ ਗਾਜ਼ਰ ਮੂਲੀ ਵਾਂਗ ਵੱਢੀ ਜਾ ਰਹੀ ਸੀ। ਭੁੱਖਮਰੀ ਅਤੇ ਬਿਮਾਰੀ ਨਾਲ਼ ਲੋਕ ਤਬਾਹ ਸਨ। ਚਾਰੇ ਪਾਸੇ ਮਾਯੂਸੀ ਛਾਈ ਹੋਈ ਸੀ। ਹਰ ਇੱਕ ਇਨਸਾਨ ਬਚਾਅ ਦਾ ਰਾਹ ਲੱਭ ਰਿਹਾ ਸੀ। ਲੈ-ਦੇਕੇ ਉਹਨਾਂ ਦਾ ਧਿਆਨ ਉਸੇ ਵੱਲ ਘੁੰਮਿਆਂ : ਸ਼ਰਾਬ ਵੱਲ।

ਉਹ ਇਸ ਦੇ ਵੱਲ ਟੁੱਟ ਪਏ। ਵੇਖਦੇ ਹੀ ਵੇਖਦੇ ਸਾਰਾ ਰੂਸ ਸ਼ਰਾਬ ਵਿੱਚ ਡੁੱਬਣ ਲੱਗਿਆ ਹੋਵੇ। ਠੀਕ ਉਸੇ ਫੁਰਤੀ ਨਾਲ ਜਿਸ ਫੁਰਤੀ ਨਾਲ਼ ਜ਼ਾਰ ਦੀ ਸ਼ਰਾਬਬੰਦੀ ਜਾਰੀ ਹੋਈ ਸੀ, ਸ਼ਰਾਬ ਦਾ ਬੰਨ੍ਹ ਖੁੱਲ ਗਿਆ। ਸ਼ਰਾਬ, ਕੱਚੀ ਤੋਂ ਕੱਚੀ ਸ਼ਰਾਬ। ਕਿਸਾਨਾਂ ਨੇ ਅਨਾਜ ਦੀ ਥਾਂ ਆਲੂ ਦੀ ਖੇਤੀ ਸ਼ੁਰੂ ਕੀਤੀ। ਆਲੂਆਂ ਨੂੰ ਸੜਾ ਕੇ ਜਿਵੇਂ ਵੀ ਹੁੰਦਾ ਉਹ ਸ਼ਰਾਬ ਕੱਢਦੇ। ਜਰਮਨ ਹਮਲਾਵਰ ਦੇਸ਼ ਵਿੱਚ ਵੜ ਰਹੇ ਸਨ। ਰੂਸੀ ਕਿਸਾਨ ਬਣੇ ਹੋਏ ਅਨਾਜ ਨੂੰ ਸ਼ਰਾਬ ਵਿੱਚ ਬਦਲ ਰਹੇ ਸਨ, ਤਾਂ ਕਿ ਨਕਦ ਰਕਮ ਹੱਥ ਆਵੇ। ਇਹ ਕੱਚੀ ਵੋਦਕਾ ਤਿਆਰ ਹੁੰਦੇ ਹੀ ਸ਼ਹਿਰਾਂ ਵਿੱਚ ਅਤੇ ਫੌਜੀ ਦਸਤਿਆਂ ਵਿੱਚ ਵਿੱਕ ਜਾਂਦੀ, ਦੇਰ ਨਾ ਲੱਗਦੀ। ਅਮਰੀਕਾ ਵਿੱਚ ਜੋ ਕੁੱਝ ਹੋਇਆ ਉਹ ਇਸ ਦੇ ਮੁਕਾਬਲੇ ਕੁੱਝ ਵੀ ਨਹੀਂ ਸੀ। ਕੁੱਝ ਹੀ ਮਹੀਨਿਆਂ ਦੇ ਅੰਦਰ ਜ਼ਾਰ ਦੀ ਪ੍ਰਜਾ ਗੈਰ-ਕਾਨੂੰਨੀ ਤਰੀਕੇ ਨਾਲ਼ ਬਣਾਈ ਵੋਦਕਾ ਨਾਲ਼ ਤਰ ਹੋ ਗਈ।

ਇੰਝ ਬਣਾਈ ਗਈ ਸ਼ਰਾਬ ਜ਼ਿਆਦਾਤਰ ਜ਼ਹਿਰੀਲੀ ਸੀ; ਖਤਰਨਾਕ ਰੂਪ ਨਾਲ਼ ਜ਼ਹਿਰੀਲੀ। ਲੱਖਾਂ ਰੂਸੀ ਸਮਝਣ ਲੱਗੇ ਸਨ ਕਿ ਸ਼ੁੱਧ ਅਲਕੋਹਲ ਭਾਵੇਂ ਬੜੀ ਖਤਰਨਾਕ ਹੋਵੇ, ਪਰ ਗੰਦੇ ਤਰੀਕਿਆਂ ਨਾਲ਼ ਬਣਾਈ ਗਈ ਇਹ ਸ਼ਰਾਬ ਥੋੜ੍ਹੇ ਹੀ ਦਿਨਾਂ ਵਿੱਚ ਚੰਗੇ ਹੱਟੇ-ਕੱਟੇ ਆਦਮੀ ਨੂੰ ਨਾਕਾਰਾਂ ਬਣਾ ਸਕਦੀ ਸੀ। ਇਹ ਸ਼ਰਾਬ ਬਿਨਾਂ ਕਿਸੇ ਤਰ੍ਹਾਂ ਦੀ ਵਿਗਿਆਨਕ ਨਿਗਰਾਨੀ ਦੇ ਬਣਾਈ ਜਾਂਦੀ ਸੀ। ਇਵੇਂ ਦੀ ਸ਼ਰਾਬ ਦੇ ਖਤਰਨਾਕ ਹੋਣ ਕਾਰਨ ਅਲਕੋਹਲ ਦੀ ਮੌਜੂਦਗੀ ਨਹੀਂ ਸੀ। ਇਸ ਦਾ ਕਾਰਨ ਇਹ ਸੀ ਕਿ ਪਦਾਰਥਾਂ ਨੂੰ ਬੁਰੀ ਅਤੇ ਗੰਦੀ ਤਰ੍ਹਾਂ ਨਾਲ਼ ਸੜਾਇਆ ਜਾਂਦਾ ਸੀ ਅਤੇ ਫਿਰ ਉਹਨਾਂ ਨੂੰ ਚੰਗੀ ਤਰ੍ਹਾਂ ਛਾਣਿਆਂ ਤੱਕ ਨਹੀਂ ਜਾਂਦਾ ਸੀ, ਇਸ ਲਈ ਇਹ ਸ਼ਰਾਬ ਜ਼ਹਿਰੀਲੀ ਹੁੰਦੀ ਸੀ।

ਪੂਰਨ ਸ਼ਰਾਬਬੰਦੀ ਦਾ ਇੱਕ ਹੋਰ ਜ਼ਿਕਰਯੋਗ ਅਸਰ ਹੋਇਆ। ਵੋਦਕਾ ਕਿਉਂਕਿ ਖੁੱਲ੍ਹੇ ਤੌਰ 'ਤੇ ਨਹੀਂ ਵੇਚੀ ਜਾ ਸਕਦੀ ਸੀ। ਇਸ ਲਈ ਚਾਹ ਦੀਆਂ ਦੁਕਾਨਾਂ ਅਤੇ ਬਦਨਾਮ ਘਰਾਂ ਵਿੱਚ ਇਸ ਦੇ ਅੱਡੇ ਬਣ ਗਏ ਸਨ। ਵੋਦਕਾ ਦੀ ਗੁਪਤ-ਵਿਕਰੀ ਦੇ ਇਸ ਪ੍ਰਬੰਧ ਸਦਕਾ ਦੁਰਾਚਾਰ ਆਪਣਾ ਸਿਰ ਚੁੱਕਣ ਅਤੇ ਪਨਪਣ ਲੱਗਿਆ। ਸ਼ਰਾਬ ਦੀ ਵਿਕਰੀ, ਖਰੀਦ ਜਾਂ ਵਰਤੋਂ ਲਈ ਖੌਫਨਾਕ ਸਜ਼ਾਵਾਂ ਮੌਦੂਦ ਸਨ। ਪਰ ਕੱਟੜ ਤੋਂ ਕੱਟੜ ਪੁਲਿਸ ਅਫ਼ਸਰ ਵੀ ਇਹਨਾਂ ਸਜ਼ਾਵਾਂ ਦੀ ਵਰਤੋਂ ਕਰਨੋਂ ਝਿਜਕਦੇ ਸਨ।

ਇਸ ਤਰ੍ਹਾਂ, ਸੰਗੀਨ ਦੇ ਜ਼ੋਰ 'ਤੇ ਪੂਰਨ ਸ਼ਰਾਬਬੰਦੀ ਦੀ ਮੂਰਖਤਾਪੂਰਨ ਯੋਜਨਾ ਦੇਖਦੇ ਹੀ ਦੇਖਦੇ ਠੁੱਸ ਹੋ ਗਈ।

ਇਵਾਨਜੇਲਿਕ ਈਸਾਈਆਂ ਦੇ ਕੁੱਝ ਰੂਸੀ ਜਥੇਬੰਦੀ ਦੇ ਪ੍ਰਧਾਨ, ਪ੍ਰੋਟੈਸਟੈਂਟ ਮਤ ਦੇ ਪੈਰੋਕਾਰ ਪਾਦਰੀ, ਰੇਵਰੈਂਡ ਪ੍ਰੋਖੋਨੌਫ਼ ਨੇ ਅਮਰੀਕਾ ਪਹੁੰਚਣ 'ਤੇ ਰੂਸ ਦੀ ਹਾਲਤ ਦਾ ਵਰਣਨ ਇਹਨਾਂ ਸ਼ਬਦਾਂ ਵਿੱਚ ਕੀਤਾ : "ਸ਼ਰਾਬਬੰਦੀ ਤੋਂ ਪਹਿਲਾਂ ਹਰ ਘਰ ਵਿੱਚ ਜੇ ਇੱਕ ਸ਼ਰਾਬੀ ਸੀ ਤਾਂ ਸ਼ਰਾਬਬੰਦੀ ਦੇ ਦੌਰ ਵਿੱਚ ਹਰ ਘਰ ਸ਼ਰਾਬ ਬਣਾਉਣ ਵਾਲਿਆਂ ਅਤੇ ਪਿਆਕੜਾਂ ਦਾ ਅੱਡਾ ਬਣ ਗਿਆ। ਕਾਨੂੰਨ ਨੂੰ ਖੁੱਲ੍ਹਮ-ਖੁੱਲ੍ਹਾ ਭੰਗ ਕਰਕੇ ਹਰ ਜਗ੍ਹਾ ਲੋਕ — ਪੁਰਸ਼ ਅਤੇ ਇਸਤਰੀਆਂ — ਵੋਦਕਾ ਬਣਾਉਣ ਲੱਗੇ। ਲੋਕ ਸੌਣ ਤੋਂ ਪਹਿਲਾਂ ਪੀਂਦੇ, ਸਵੇਰੇ ਨਾਸ਼ਤੇ ਦੇ ਵੇਲੇ ਪੀਂਦੇ, ਇੱਥੋਂ ਤੱਕ ਕਿ ਕੰਮ ਕਰਨ ਜਾਂਦੇ ਤਾਂ ਨਸ਼ੇ ਵਿੱਚ ਝੂਲਦੇ ਹੋਏ। ਮਾਵਾਂ ਆਪਣੇ ਬੱਚਿਆਂ ਨੂੰ ਖਾਣਾ ਪਰੋਸਦੀਆਂ ਤਾਂ ਉਸ ਦੇ ਨਾਲ ਵੋਦਕਾ ਜ਼ਰੂਰੀ ਹੁੰਦੀ।"

# ਦੁਨੀਆਂ ਵਿੱਚ ਸਭ ਤੋਂ ਸਸਤੀ ਸ਼ਰਾਬ

1917 ਦੇ ਇਨਕਲਾਬ ਦੇ ਬਾਅਦ ਗੈਰ-ਕਾਨੂੰਨੀ ਤੌਰ 'ਤੇ ਬਣਾਈ ਗਈ ਵੋਦਕਾ ਦੀ ਖਪਤ ਪਿੰਡਾਂ ਵਿੱਤ ਇੰਨੀ ਜ਼ਿਆਦਾ ਵੱਧ ਗਈ ਸੀ ਕਿ ਉਸ ਤੋਂ ਨਵਾਂ ਖਤਰਾ ਪੈਦਾ ਹੋ ਗਿਆ। ਨਸ਼ੇ ਦਾ ਜੋ ਅਸਰ ਹੁੰਦਾ ਹੈ ਉਹ ਤਾਂ ਸੀ ਹੀ, ਕੱਚੀ ਸ਼ਰਾਬ ਦਾ ਜ਼ਹਿਰੀਲਾਪਣ ਹੋਰ ਵੀ ਖਤਰਨਾਕ ਹੋ ਗਿਆ ਸੀ। ਅਣਗਿਣਤ ਕਿਸਾਨ ਆਪਣੇ ਘਰਾਂ ਵਿੱਚ ਸ਼ਰਾਬ ਬਣਾ ਰਹੇ ਸਨ। ਸਿੱਟੇ ਵਜੋਂ ਅਨਾਜ ਬਜ਼ਾਰ ਵਿੱਚ ਨਹੀਂ ਸੀ ਪਹੁੰਚਦਾ। ਅਨਾਜ ਦੀ ਖਪਤ ਸ਼ਰਾਬ ਬਣਾਉਣ ਵਿੱਚ ਹੁੰਦੀ। ਇਸ ਨਾਲ਼ ਅਕਾਲ ਨੇ ਹੋਰ ਵੀ ਭਿਆਨਕ ਰੂਪ ਧਾਰ ਲਿਆ।

ਸੋਵੀਅਤ ਅਧਿਕਾਰੀ ਇੱਕ ਹੀ ਉਪਾਅ ਕਰ ਸਕੇ। ਉਹਨਾਂ ਨੇ ਆਲੂ ਤੋਂ ਵੋਦਕਾ ਤਿਆਰ ਕੀਤੀ ਜਾਣੀ ਕਾਨੂੰਨੀ ਐਲਾਨ ਦਿੱਤੀ। ਸ਼ਰਾਬਬੰਦੀ ਨੂੰ ਉਹਨਾਂ ਨੇ ਕਾਨੂੰਨੀ ਤੌਰ 'ਤੇ ਖਤਮ ਕਰ ਦਿੱਤਾ ਅਤੇ ਵੱਡੇ-ਵੱਡੇ ਸ਼ਰਾਬ ਕਾਰਖਾਨਿਆਂ ਦੀ ਮੁੜ ਉਸਾਰੀ ਦੀ ਇਜ਼ਾਜਤ ਦੇ ਦਿੱਤੀ। ਅਸਲ ਵਿੱਚ, ਇਹ ਸਭ ਲੋਕਾਂ ਦੀ ਸਿਹਤ ਸੁਧਾਰਨ ਲਈ ਸੀ। ਉਦੇਸ਼ ਸੀ ਬਜ਼ਾਰ ਵਿੱਚ ਜ਼ਹਿਰੀਲੀ ਸ਼ਰਾਬ ਦੀ ਵਿਕਰੀ ਖਤਮ ਕਰਨਾ ਅਤੇ ਭੁੱਖਮਰੀ ਦੀ ਹਾਲਤ ਨੂੰ ਰੋਕਣਾ।

ਇਸ ਸਬੰਧ ਵਿੱਚ ਚੁੱਕੇ ਜਾਣ ਵਾਲੇ ਕਾਨੂੰਨੀ ਕਦਮਾਂ ਦੀ ਲੈਨਿਨ ਅਤੇ ਸਤਾਲਿਨ ਨੇ ਖੁਦ ਚੰਗੀ ਤਰ੍ਹਾਂ ਜਾਂਚ-ਪੜਤਾਲ ਕੀਤੀ।

ਸੋਵੀਅਤ ਸਰਕਾਰ ਕੋਲ ਇਸ ਸਬੰਧ ਵਿੱਚ ਸਾਰੇ ਤੱਥਾਂ ਦਾ ਭੰਡਾਰ ਸੀ। ਜਾਂਚ-ਪੜਤਾਲ ਦੀਆਂ ਸਾਰੀਆਂ ਰਿਪੋਰਟਾਂ ਵੀ ਉਸ ਦੇ ਕੋਲ ਮੌਜੂਦ ਸਨ। ਸੋਵੀਅਤ ਸਰਕਾਰ ਨੇ ਇਹਨਾਂ ਤੱਥਾਂ ਅਤੇ ਰਿਪੋਰਟਾਂ ਨੂੰ ਲੋਕ-ਸਿਹਤ ਕੁਮੀਸਾਰੀਏਤ ਦੀਆਂ ਵਿਗਿਆਨਕਾਂ ਅਤੇ ਰਾਜਨੀਤੀਵਾਨਾਂ ਦੀਆਂ ਕਮੇਟੀਆਂ ਦੇ ਹਵਾਲੇ ਕਰ ਦਿੱਤਾ। ਉਹਨੇ ਇਹਨਾਂ ਕਮੇਟੀਆਂ ਤੋਂ ਮੰਗ ਕੀਤੀ ਕਿ ਉਹ ਜਲਦੀ ਤੋਂ ਜਲਦੀ ਆਪਣੇ ਰਚਨਾਤਮਕ ਸੁਝਾਅ ਪੇਸ਼ ਕਰਨ।

ਵੱਖ-ਵੱਖ ਤਰ੍ਹਾਂ ਦੇ ਅਤੇ ਇੱਕ-ਦੂਸਰੇ ਦੇ ਵਿਰੋਧੀ ਸਾਰੇ ਵਿਚਾਰਾਂ ਤੋਂ ਪੰਜ ਮੁੱਖ ਧਾਰਨਾਵਾਂ ਦਾ ਜਨਮ ਹੋਇਆ। ਇਹਨਾਂ ਵਿੱਚ ਹਰ ਧਾਰਨਾ ਦੇ ਵੱਖ-ਵੱਖ ਸਾਰੇ ਹਮਾਇਤੀ ਸਾਡੇ ਦੇਸ਼ਾਂ ਵਿੱਚ ਅੱਜ ਮੌਜੂਦ ਹਨ। ਇਸ ਲਈ ਇਹਨਾਂ ਦਾ ਸੰਖੇਪ ਵਿੱਚ ਵਰਣਨ ਅਣਉੱਚਿਤ ਨਹੀਂ ਹੋਵੇਗਾ।

1. ਸ਼ਰਾਬਬੰਦੀ। ਜ਼ਾਰ ਨੇ ਜਿਸ ਸਖ਼ਤੀ ਅਤੇ ਬੇਰਹਿਮੀ ਨਾਲ਼ ਸ਼ਰਾਬਬੰਦੀ ਲਾਗੂ ਕੀਤੀ ਸੀ, ਉਹਨੂੰ ਸੋਵੀਅਤ ਸਰਕਾਰ ਨਹੀਂ ਵਰਤ ਸਕਦੀ ਸੀ। ਉਸ ਦੌਰ ਵਿੱਚ ਅਮਰੀਕਾ ਵਿੱਚ ਇਸੇ ਤਰ੍ਹਾਂ ਦਾ ਜੋ ਪ੍ਰਯੋਗ ਜਾਰੀ ਸੀ। ਉਸ ਨਾਲ਼ ਵੀ ਬੁਰੀ ਤਰ੍ਹਾਂ ਜ਼ਾਰ ਦੀ ਸ਼ਰਾਬਬੰਦੀ ਯੋਜਨਾ ਅਸਫ਼ਲ ਹੋਈ ਸੀ। ਇਹ ਯੋਜਨਾ ਮੂਰਖਤਾਪੂਰਨ ਤਾਂ ਸੀ ਹੀ, ਇਹ ਰੂਸੀ ਨੈਤਿਕਤਾ ਵਿਰੁੱਧ ਵੀ ਸੀ। ਡੰਡੇ ਦੇ ਜ਼ੋਰ 'ਤੇ ਰੂਸੀ ਕਿਸੇ ਵੀ ਗੱਲ ਨੂੰ ਮੰਨਣ ਲਈ ਤਿਆਰ ਨਹੀਂ ਸਨ,

ਪਰ ਸਮਝਾਉਣ ਨਾਲ਼ ਮੰਨਣ ਨੂੰ ਤਿਆਰ ਸਨ।

2. ਲੋਕਾਂ ਦੀ ਸਿੱਖਿਆ। ਸੋਵੀਅਤ ਅਧਿਕਾਰੀਆਂ ਨੇ ਪ੍ਰਿੰਸ ਅਲੈਕਸਾਂਦਰ ਦੁਆਰਾ ਚਲਾਈ ਗਈ ਲਹਿਰ ਦਾ ਗੰਭੀਰਤਾ ਨਾਲ਼ ਅਧਿਐਨ ਕੀਤਾ। ਇਹ ਲਹਿਰ ਉੱਪਰੀ ਤੌਰ 'ਤੇ ਸਫਲ ਨਹੀਂ ਹੋਈ ਸੀ। ਅਧਿਕਾਰੀਆਂ ਨੇ ਦੇਖਿਆ ਕਿ ਇਸ ਲਹਿਰ ਵਿੱਚ ਵਿਅਕਤੀ ਨੂੰ ਖਾਸ ਮਹੱਤਵ ਦਿੱਤਾ ਗਿਆ ਸੀ। ਲਹਿਰ ਦਾ ਅਪੀਲ ਕੁੱਝ ਸਵਾਰਥਾ ਨਾਲ਼ ਭਰੀ ਸੀ। ਲੋਕ ਨਿੱਜੀ ਸੁੱਖ ਲਈ ਸ਼ਰਾਬ ਪੀਂਦੇ ਹਨ। ਕੀ ਨਸ਼ਾਬੰਦੀ ਦੀ ਅਪੀਲ ਇੱਕ ਦੂਸਰੇ ਮਤਲਬ — ਚੰਗੀ ਸਿਹਤ — ਨੂੰ ਲੈ ਕੇ ਨਹੀਂ ਹੈ? ਅਤੇ ਜੇਕਰ ਹੈ, ਤਾਂ ਇਸ ਦੀ ਸਫਲਤਾ ਦੀ ਉਮੀਦ ਕਰਨਾ ਕੀ ਗਲਤੀ ਨਹੀਂ ਹੋਵੇਗੀ? ਕਾਰਨ ਕੁੱਝ ਵੀ ਰਹੇ ਹੋਣ, ਇਤਿਹਾਸਕ ਸੱਚ ਨੇ ਸਿੱਧ ਕਰ ਦਿੱਤਾ ਸੀ ਕਿ ਕੋਰੀ ਸਿੱਖਿਆ ਨਾਲ਼ ਕੌਮ ਨੂੰ ਸ਼ਰਾਬਖੋਰੀ ਤੋਂ ਵਿਮੁੱਖ ਨਹੀਂ ਕੀਤਾ ਜਾ ਸਕਦਾ।

3. ਧਰਮ। 'ਅਲਕੋਹਲਿਨਸ ਏਨੋਨਿਮਸ' ਨਾਮਕ ਜਥੇਬੰਦੀ ਦੀਆਂ ਸਰਗਰਮੀਆਂ ਵਿੱਚ ਅਸੀਂ ਧਾਰਮਿਕ ਪ੍ਰਚਾਰ ਰਾਹੀਂ ਸ਼ਰਾਬਖੋਰੀ ਛੁਡਾਉਣ ਦਾ ਯਤਨ ਦੇਖਦੇ ਹਾਂ। ਕੁੱਝ ਖਾਸ ਤਰ੍ਹਾਂ ਦੇ ਲੋਕਾਂ ਲਈ ਤਾਂ ਬਿਨਾਂ ਸ਼ੱਕ ਇਹ ਚੰਗਾ ਉਪਾਅ ਹੋ ਸਕਦਾ ਹੈ। ਪਰ ਸੋਵੀਅਤ ਸ਼ਾਸਨ ਇਸ ਯੋਜਨਾ ਦੀ ਹਮਾਇਤ ਨਹੀਂ ਕਰ ਸਕਦਾ ਸੀ। ਕਾਰਨ ਸਪੱਸ਼ਟ ਹੈ। ਕਾਰਨ ਇਹ ਸੀ ਕਿ ਉਸ ਦੌਰ ਵਿੱਚ ਸਰਵਸ਼ਕਤੀਮਾਨ ਆਰਥੋਡਾਕਸ ਚਰਚ ਨਾਲ਼ ਸਬੰਧਤ ਪਿੰਡ ਦੇ ਪਾਦਰੀ ਖੁਦ ਹੀ ਚੰਗੇ ਭਲੇ ਪਿਆਕੜ ਸਨ।

4. ਮਨੋਚਿਕਿਸਤਾ। ਮਨੋਚਿਕਿਸਤਾ ਦੇ ਉਪਾਆਂ ਨੂੰ ਅਮਲ ਵਿੱਚ ਲਿਆਉਣ ਦੀ ਕਲਪਨਾ ਕਰ ਸਕਣਾ ਵੀ ਔਖਾ ਸੀ। ਕਾਰਨ ਇਹ ਸੀ ਕਿ ਸਾਰੀ ਦੁਨੀਆਂ ਦੇ ਮਨੋਚਿਕਿਸਤਾ ਵੀ ਇਕੱਠੇ ਹੋ ਜਾਂਦੇ ਤਾਂ ਇਕੱਲੇ ਮਾਸਕੋ ਦੇ ਪੁਰਾਣੇ ਪਿਆਕੜਾਂ ਦਾ ਇਲਾਜ ਕਨਰ ਲਈ ਕਾਫੀ ਨਾ ਹੁੰਦੇ। ਅਮਲੀ ਨਜ਼ਰੀਏ ਤੋਂ ਸ਼ਰਾਬਖੋਰੀ ਦੇ ਮਾਨਸਿਕ ਇਲਾਜ ਨੂੰ ਧਾਰਮਿਕ ਉਪਾਆਂ ਦੇ ਤਹਿਤ ਹੀ ਮੰਨਿਆ ਜਾਣਾ ਚਾਹੀਦਾ ਹੈ। ਇਸ ਦਾ ਕਾਰਨ ਹੈ। ਕਾਰਨ ਇਹ ਹੈ ਕਿ ਗਿਣੇ-ਚੁਣੇ ਕੁੱਝ ਲੋਕਾਂ ਦਾ ਹੀ ਇਸ ਨਾਲ਼ ਭਲਾ ਹੋ ਸਕਦਾ ਹੈ। ਇਸ ਦੇ ਪ੍ਰਚਾਰਕ ਕਹਿੰਦੇ ਸੁਣੇ ਜਾਂਦੇ ਹਨ ਕਿ ਇਹਨੂੰ ਜੇ ਵੱਡੇ ਪੱਧਰ 'ਤੇ ਅਮਲ ਵਿੱਚ ਲਿਆਇਆ ਜਾਵੇ ਤਾਂ ਇਹ ਉਪਾਅ ਜ਼ਰੂਰ ਸਫਲ ਹੋਵੇਗਾ। ਪਰ, ਲੱਖਾਂ ਕਰੋੜਾਂ ਇਨਸਾਨਾਂ ਤੱਕ ਮਨੋਚਿਕਿਸਤਕ ਪਹੁੰਚੇ ਕਿਵੇਂ, ਇਹ ਕਿਸੇ ਨੇ ਅੱਜ ਤੱਕ ਨਹੀਂ ਦੱਸਿਆ। ਇਸ ਦੇ ਇਲਾਵਾ, ਸੋਵੀਅਤ ਅਧਿਕਾਰੀ ਆਪਣੀ ਸਹਿਜ ਬੁੱਧੀ ਕਾਰਨ ਇਹ ਮੰਨਣ ਨੂੰ ਤਿਆਰ ਨਹੀਂ ਸਨ ਕਿ ਰੂਸ ਦੇ ਸਾਰੇ ਪਿਆਕੜ ਮਾਨਸਿਕ ਰੋਗੀ ਹਨ। ਉਹਨਾਂ ਦਾ ਕਹਿਣਾ ਸੀ ਕਿ ਮਾਨਸਿਕ ਵਿਕਾਰਾਂ ਦੇ ਇਲਾਵਾ ਸ਼ਰਾਬਖੋਰੀ ਦੇ ਦੂਸਰੇ ਗੰਭੀਰ ਕਾਰਨ ਹਨ।

5. ਸਰਕਾਰੀ ਕੰਟਰੋਲ। ਸੋਵੀਅਤ ਅਧਿਕਾਰੀਆਂ ਨੇ ਇਸ ਉਪਾਅ ਦੇ ਸਬੰਧ ਵਿੱਚ ਸਾਰੇ ਪਿਛਲੇ ਤਜ਼ਰਬਿਆਂ ਦਾ ਅਧਿਐਨ ਕੀਤਾ। ਵਿਕਰੀ 'ਤੇ ਰੋਕ ਲਗਾਉਣ ਦੇ ਜ਼ਾਰ ਨੇ ਜੋ ਉਪਾਅ ਕੀਤੇ, ਸਾਰਿਆਂ ਦਾ ਨਤੀਜਾ ਇਹ ਹੋਇਆ ਸੀ ਕਿ ਸ਼ਰਾਬ ਦੀ ਵਿਕਰੀ ਹੋਰ ਵੀ ਵਧ ਗਈ ਸੀ। ਅੰਤ ਵਿੱਚ, ਹਾਲਤ ਇੱਥੋਂ ਤੱਕ ਪਹੁੰਚ ਗਈ ਕਿ ਔਸਤ ਆਦਮੀ ਲਈ

$1\frac{2}{5}$ ਗੈਲਨ ਸ਼ਰਾਬ ਦੀ ਸਾਲਾਨਾ ਖਪਤ ਹੋਣ ਲੱਗੀ ਸੀ। ਸੋਵੀਅਤ ਮਾਹਿਰ ਇਸ ਨਤੀਜੇ ’ਤੇ ਪਹੁੰਚੇ ਕਿ ਸ਼ਰਾਬ ਦੇ ਸਰਕਾਰੀ ਕੰਟਰੋਲ ਨਾਲ਼ ਕੋਈ ਲਾਭ ਨਹੀਂ ਹੋਣ ਵਾਲਾ। ਇਸ ਨਾਲ਼ ਕੋਈ ਨਤੀਜਾ ਨਿਕਲ ਸਕਦਾ ਹੈ ਤਾਂ ਇਹ ਕਿ ਸ਼ਰਾਬ ਦੀ ਖਪਤ ਹੋਰ ਵੀ ਜ਼ਿਆਦਾ ਵਧ ਜਾਵੇ।

ਸੋਵੀਅਤ ਮਾਹਿਰਾਂ ਦੇ ਅੰਦਾਜ਼ੇ ਦੀ ਸੱਚਾਈ ਦਾ ਪਤਾ ਅੱਜ ਕਨੇਡਾ ਦੇ ਅਨੁਭਵ ਤੋਂ ਲੱਗ ਜਾਂਦਾ ਹੈ। ਸਰਕਾਰੀ ਕੰਟਰੋਲ ਦੇ ਸਾਲਾਂ ਤੱਕ ਬੜੀ ਮੁਸਤੈਦੀ ਅਤੇ ਸਖਤੀ ਨਾਲ਼ ਜਾਰੀ ਰਹਿਣ ਦੇ ਬਾਅਦ ਅੱਜ ਕਨੇਡਾ ਵਿੱਚ ਸ਼ਰਾਬ ਦੀ ਖਪਤ ਹੋਰ ਜ਼ਿਆਦਾ ਵਧ ਗਈ ਹੈ। ਯੁੱਧ ਸਮੇਂ ਰਾਸ਼ਨਿੰਗ ਪ੍ਰਬੰਧ ਬਹੁਤ ਸਖਤ ਹੋ ਗਿਆ ਸੀ। ਪਰ ਉਸ ਤੋਂ ਪਹਿਲਾਂ ਵੀ 1941 ਵਿੱਚ ਕਨੇਡਾ ਸ਼ਰਾਬੀਆਂ ਦਾ ਦੇਸ਼ ਨਹੀਂ ਮੰਨਿਆ ਜਾਂਦਾ ਸੀ। ਪਰ ਸੱਚਾਈ ਇਹ ਹੈ ਕਿ 1941 ਵਿੱਚ ਕਨੇਡਾਵਾਸੀਆਂ ਦਰਮਿਆਨ 120 ਲੱਖ ਗੈਲਨ ਅਲਕੋਹਲ ਭਾਵ ਗਾੜ੍ਹੀ ਸ਼ਰਾਬ, ਬੀਅਰ ਆਦਿ ਦੀ ਖਪਤ ਹੋਈ ਸੀ। ਇੰਝ ਔਸਤਨ ਹਰ ਆਦਮੀ ਇੱਕ ਗੈਲਨ ਤੋਂ ਵੀ ਜ਼ਿਆਦਾ ਸ਼ਰਾਬ ਪੀਣ ਵਾਲਾ ਸੀ। ਯੁੱਧ ਦੌਰਾਨ ਰਾਸ਼ਨਿੰਗ ਦਾ ਕੋਈ ਸਥਾਈ ਅਸਰ ਨਹੀਂ ਹੋਇਆ। ਰਾਸ਼ਨਿੰਗ ਖਤਮ ਹੋਣ ਬਾਅਦ 1941 ਦੇ ਮੁਕਾਬਲੇ ਸ਼ਰਾਬ ਦੀ ਖਪਤ ਉੱਥੇ ਦੋਗੁਣੀ ਤੋਂ ਵੀ ਜ਼ਿਆਦਾ ਵਧ ਗਈ। ਨਸ਼ੇਬਾਜ਼ੀ ਦੇ ਸਿਲਸਿਲੇ ਵਿੱਚ (ਭਾਵ ਸ਼ਰਾਬ ਪੀ ਕੇ ਇੱਧਰ-ਉੱਧਰ ਘੁੰਮਣ ਅਤੇ ਗ੍ਰਿਫਤਾਰ ਕੀਤੇ ਜਾਣ ਦਾ ਕੋਈ ਨਾ ਕੋਈ ਕੰਮ ਕਰ ਬਹਿਣ ਦੇ ਸਿਲਸਿਲੇ ਵਿੱਚ) ਸਜ਼ਾ ਪਾਉਣ ਵਾਲੇ ਪੁਰਸ਼ਾਂ ਦੀ ਸੰਖਿਆ ਵਿੱਚ 40 ਫੀਸਦੀ ਅਤੇ ਇਸਤਰੀਆਂ ਦੀ ਸੰਖਿਆ 60 ਫੀਸਦੀ ਤੋਂ ਵੀ ਕੁੱਝ ਜ਼ਿਆਦਾ ਵਾਧਾ ਹੋਇਆ। ਇੰਨੇ ’ਤੇ ਵੀ, ਕਨੇਡਾ ਦੇ ਸ਼ਰਾਬੀਆਂ ਦੀ ਸੰਖਿਆ ਅਮਰੀਕਾ ਦੇ ਸ਼ਰਾਬੀਆਂ ਦੇ ਮੁਕਾਬਲੇ ਨਹੀਂ ਦੇ ਬਰਾਬਰ ਹੈ। ਜ਼ਾਰਸ਼ਾਹੀ ਰੂਸ ਵਿੱਚ ਅੰਨ੍ਹੇਵਾਹ ਸ਼ਰਾਬਖੋਰੀ ਦੇ ਦਿਨਾਂ ਵਿੱਚ ਜੋ ਹਾਲਤ ਸੀ, ਉਹੀ ਹਾਲਤ ਅੱਜ ਉੱਤਰੀ ਅਮਰੀਕਾ ਦੀ ਹੋਣ ਵਾਲੀ ਹੈ। ਸ਼ਾਇਦ ਉੱਤਰੀ ਅਮਰੀਕਾ ਇਸ ਹਾਲਤ ’ਚ ਪਹੁੰਚ ਵੀ ਗਿਆ ਹੈ।

ਆਪਣੀ ਛਾਣਬੀਣ ਖਤਮ ਕਰ ਚੁੱਕਣ ਬਾਅਦ ਸੋਵੀਅਤ ਅਧਿਕਾਰੀਆਂ ਨੇ ਸ਼ਰਾਬਖੋਰੀ ਦੀ ਵਿਆਪਕ ਸਮੱਸਿਆ ਦੀ ਫਿਰ ਤੋਂ ਜਾਂਚ-ਪੜਤਾਲ ਕੀਤੀ। ਉਹ ਜਿਸ ਨਤੀਜੇ ’ਤੇ ਪਹੁੰਚੇ ਉਹ ਨੂੰ ਫ਼ਰਾਂਸਿਸ ਵਿਲਾਰਡ ਦੁਆਰਾ ਕਹੇ ਗਏ ਸ਼ਬਦਾਂ ਤੋਂ ਜ਼ਿਆਦਾ ਸੰਖੇਪ ਵਿੱਚ ਪ੍ਰਗਟ ਨਹੀਂ ਕੀਤਾ ਜਾ ਸਕਦਾ। ਫ਼ਰਾਂਸਿਸ ਵਿਲਾਰਡ ਈਸਾਈ ਇਸਤਰੀਆਂ ਦੀ ਨਸ਼ਾ-ਨਿਰੋਧਕ ਜਥੇਬੰਦੀ ਦੀ ਮੋਢੀ ਸਨ ਅਤੇ ਪੂਰਾ ਜੀਵਨ ਇਸ ਦੀ ਪ੍ਰਧਾਨ ਰਹੇ ਸਨ। ਉਹਨਾਂ ਨੇ ਜੋ ਕੁੱਝ ਕਿਹਾ ਸੀ, ਉਹਨੂੰ ਭੁਲਾਇਆ ਜਾ ਚੁੱਕਾ ਹੈ। ਫ਼ਰਾਂਸਿਸ ਵਿਲਾਰਡ ਨੇ ਕਿਹਾ : “ਜ਼ਿਆਦਾਤਰ ਲੋਕ ਸ਼ਰਾਬ ਇਸ ਲਈ ਪੀਂਦੇ ਹਨ ਕਿ ਉਹ ਗਰੀਬ ਹਨ। ਇਹ ਕਹਿਣਾ ਗਲਤ ਹੋਵੇਗਾ ਕਿ ਉਹ ਗਰੀਬ ਇਸ ਲਈ ਹਨ ਕਿ ਉਹ ਸ਼ਰਾਬ ਪੀਂਦੇ ਹਨ।”

ਸ਼ਰਾਬ ਬਾਰੇ ਇਹੀ ਸਭ ਤੋਂ ਵੱਡਾ ਸੱਚ ਹੈ। ਆਪਣੀਆਂ ਸ਼ੁੱਭ ਇਛਾਵਾਂ ਦੇ ਬਾਵਜੂਦ ਇਸਤਰੀ ਜਥੇਬੰਦੀ ਦੀਆਂ ਮੈਂਬਰਾਂ ਇਸ ਮਹਾਨ ਸੱਚ ਨੂੰ ਕਦੋਂ ਦਾ ਭੁੱਲਾ ਚੁੱਕੀਆਂ ਹਨ। ਮਨੋਵਿਸ਼ਲੇਸ਼ਣ ਦੀਆਂ ਗੁੱਥੀਆਂ ਅਤੇ ਉਲਝਣਾਂ ਨੂੰ ਫ਼ਰਾਂਸਿਸ ਵਿਲਾਰਡ ਨੇ ਚੁੱਕ ਕੇ ਇੱਕ

ਕੋਨੇ ਵਿੱਚ ਰੱਖ ਦਿੱਤਾ। ਉਹਨਾਂ ਨੇ ਧਰਮ, ਸਿੱਖਿਆ ਅਤੇ ਕੰਟਰੋਲ ਦੀਆਂ ਲੰਮੀਆਂ ਚੌੜੀਆਂ ਗੱਲਾਂ ਨੂੰ ਵੀ ਇੱਕ ਪਾਸੇ ਹਟਾ ਦਿੱਤਾ। ਉਹਨਾਂ ਨੇ ਸ਼ਰਾਬਖੋਰੀ ਦੀ ਸਮੱਸਿਆ ਨੂੰ ਜੜ੍ਹ ਤੋਂ ਫੜਿਆਂ। ਉਹਨਾਂ ਨੇ ਦੱਸਿਆ ਕਿ ਇਹ ਸਮੱਸਿਆ ਇੱਕ ਸਮਾਜਿਕ ਅਤੇ ਆਰਥਿਕ ਸਮੱਸਿਆ ਹੈ। ਉਹਨਾਂ ਨੇ ਦੱਸਿਆ, ਲੋਕ ਸ਼ਰਾਬ ਵੱਲ ਓਦੋਂ ਦੌੜਦੇ ਹਨ ਜਦੋ ਉਹ ਖੁਦ ਨੂੰ ਚਾਰੇ ਪਾਸਿਆਂ ਤੋਂ ਘਿਰਿਆ ਦੇਖਦੇ ਹਨ। ਉਹ ਸ਼ਰਾਬ ਲਈ ਓਦੋਂ ਲਲਕ ਉੱਠਦੇ ਹਨ ਜਦੋਂ ਉਹ ਦੇਖਦੇ ਹਨ ਕਿ ਸਭ ਪਾਸੇ ਦੁੱਖ ਅਤੇ ਕੰਗਾਲੀ ਹੈ ਅਤੇ ਸੁੱਖ ਦਾ ਸਾਹ ਲੈ ਸਕਣ ਦਾ ਉਹਨਾਂ ਨੂੰ ਕੋਈ ਸਹਾਰਾ ਨਜ਼ਰ ਨਹੀਂ ਆਉਂਦਾ। ਉਹਨਾਂ ਸਾਹਮਣੇ ਸਹੀ ਉਪਦੇਸ਼ ਅਤੇ ਸਿੱਖਿਆ ਦੀਆਂ ਲੰਮੀਆਂ ਚੌੜੀਆਂ ਗੱਲਾਂ ਕਰਨਾ ਓਦੋਂ ਤੱਕ ਬੇਕਾਰ ਹਨ, ਜਦੋਂ ਤੱਕ ਜੀਵਨ ਦੀਆਂ ਅਜਿਹੀਆਂ ਹਾਲਤਾਂ ਤਿਆਰ ਨਾ ਕਰ ਦਿੱਤੀਆਂ ਜਾਣ ਜਿੰਨ੍ਹਾਂ ਵਿੱਚ ਸ਼ਰਾਬ ਲਈ ਲਲਕਣ ਦੀ ਜ਼ਰੂਰਤ ਹੀ ਮਹਿਸੂਸ ਨਾ ਹੋਵੇ। ਜਿਸ ਤਰ੍ਹਾਂ ਵਿਭਚਾਰ ਨੂੰ ਓਦੋਂ ਤੱਕ ਨਹੀਂ ਰੋਕਿਆ ਜਾ ਸਕਦਾ ਜਦੋਂ ਤੱਕ ਲੋਕਾਂ ਨੂੰ ਵੇਸ਼ਵਾਗਮਨੀ ਵੱਲ ਧੱਕਣ ਵਾਲੇ ਤੱਤਾਂ ਨੂੰ ਖਤਮ ਨਾ ਕੀਤਾ ਜਾਵੇ, ਉਸੇਂ ਤਰ੍ਹਾਂ ਸ਼ਰਾਬਖੋਰੀ ਨੂੰ ਓਦੋਂ ਤੱਕ ਨਹੀਂ ਰੋਕਿਆ ਜਾ ਸਕਦਾ ਜਦੋਂ ਤੱਕ ਸ਼ਰਬਖੋਰੀ ਵੱਲ ਧੱਕਣ ਵਾਲੇ ਹਾਲਤਾਂ ਨੂੰ ਖਤਮ ਨਾ ਕੀਤਾ ਜਾਵੇ।

ਆਪਣੀ ਅਸਹਿ ਗਰੀਬੀ ਅਤੇ ਕੰਗਾਲੀ ਦੇ ਕਾਰਨ ਹੀ ਜ਼ਾਰ ਦੀ ਪ੍ਰਜਾ ਸ਼ਰਾਬਖੋਰੀ ਵੱਲ ਦੌੜਦੀ ਸੀ। ਸ਼ਰਾਬ ਪੀਣ ਦੀ ਸਮੱਸਿਆ ਦਾ ਅਧਿਐਨ ਕਰਨ ਵਾਲ਼ੇ ਸੋਵੀਅਤ ਵਿਦਿਆਰਥੀ ਸਮਝ ਗਏ ਸਨ ਇਕ ਆਮ ਲੋਕਾਂ ਦੇ ਜੀਵਨ ਵਿੱਚ ਸਮੁੱਚੀ ਉੱਨਤੀ ਦੁਆਰਾ ਹੀ ਇਸ ਸਮੱਸਿਆ ਨੂੰ ਹੱਲ ਕੀਤਾ ਜਾ ਸਕਦਾ ਹੈ।

ਉਹਨਾਂ ਦਾ ਇੱਕ ਦੂਸਰਾ ਬੁਨਿਆਦੀ ਨਤੀਜਾ ਇਹ ਸੀ ਕਿ ਵੱਖ-ਵੱਖ ਵਿਅਕਤੀ ਜੇਕਰ ਜੀਵਨ ਹਾਲਤਾਂ ਕਾਰਨ ਸ਼ਰਾਬ ਵੱਲ ਦੌੜਦੇ ਹਨ, ਤਾਂ ਸਮੁੱਚੀ ਕੌਮ ਨੂੰ ਸ਼ਰਾਬੀ ਬਣਨ ਲਈ ਹੱਲਾਸ਼ੇਰੀ ਇਸ ਲਈ ਦਿੱਤੀ ਜਾਂਦੀ ਹੈ ਕਿ ਸਰਕਾਰ ਨੂੰ ਸ਼ਰਾਬ 'ਤੇ ਕਰਾਂ ਤੋਂ ਚੰਗਾ ਮੁਨਾਫਾ ਮਿਲਦਾ ਹੈ।

ਤਾਂ ਫਿਰ, ਸੋਵੀਅਤ ਅਧਿਕਾਰੀਆਂ ਨੇ ਕਿਹੜੇ ਅਮਲੀ ਕਦਮ ਚੁੱਕੇ ?

ਤਲਾਕ ਅਤੇ ਭਰੂਣ-ਹੱਤਿਆਵਾਂ ਦੇ ਸਬੰਧ ਵਿੱਚ ਚੁੱਕੇ ਗਏ ਕਦਮਾਂ ਵਾਂਗ, ਸੋਵੀਅਤ ਅਧਿਕਾਰੀਆਂ ਨੇ ਸ਼ੁਰੂ-ਸ਼ੁਰੂ ਦੇ ਨਸ਼ਾ-ਵਿਰੋਧੀ ਕਦਮ ਵੀ ਇੱਕ-ਦੂਸਰੇ ਦੇ ਵਿਰੋਧੀ ਲੱਗਦੇ ਹਨ। 1926 ਵਿੱਚ ਸੋਵੀਅਤ ਸਰਕਾਰ ਨੇ ਇੱਕ ਐਲਾਨ ਕੀਤਾ। ਇਸ ਐਲਾਨ ਨੇ ਸਭ ਨੂੰ ਹੈਰਾਨ ਕਰ ਦਿੱਤਾ।

ਸੋਵੀਅਤ ਅਧਿਕਾਰੀਆਂ ਨੇ ਘਰੇਲੂ ਸ਼ਰਾਬ ਬਣਾਉਣ ਵਾਲਿਆਂ ਨੂੰ ਬਾਜ਼ਾਰ ਤੋਂ ਉਖਾੜ ਭਜਾਉਣ ਦਾ ਫੈਸਲਾ ਕਰ ਲਿਆ ਸੀ। ਨਾਲ਼ ਹੀ, ਉਹਨਾਂ ਨੇ ਸ਼ਰਾਬ 'ਤੇ ਟੈਕਸਾਂ ਨੂੰ ਖਤਮ ਕਰ ਦੇਣ ਦਾ ਵੀ ਫੈਸਲਾ ਕਰ ਲਿਆ ਸੀ।

ਇਹ ਕੰਮ ਇੱਕ ਹੀ ਦਿਨ ਵਿੱਚ ਪੂਰਾ ਕਰ ਲਿਆ ਗਿਆ। ਪਰ, ਜ਼ਾਰ ਵਾਂਗ ਫੌਜੀ ਮਦਦ ਨਾਲ਼ ਇਹ ਕੰਮ ਪੂਰਾ ਨਹੀਂ ਕੀਤਾ ਗਿਆ ਸੀ। ਜੋ ਸਾਧਾਰਨ ਉਪਾਅ ਕੰਮ ਵਿੱਚ ਲਿਆਂਦਾ ਗਿਆ ਉਹ ਦੇਖਣ ਵਿੱਚ ਬੜਾ ਹਾਸੋਹੀਣਾ ਲੱਗਦਾ ਹੈ। ਉਪਾਅ ਇਹ ਸੀ ਕਿ

ਸ਼ਰਾਬ 'ਤੇ ਟੈਕਸ ਚੁੱਕ ਦਿੱਤੇ ਗਏ ਅਤੇ ਪ੍ਰਚੂਨ ਸ਼ਰਾਬ ਦੀ ਕੀਮਤ ਘਟਾ ਕੇ 9 ਆਨੇ ਬੋਤਲ ਕਰ ਦਿੱਤੀ ਗਈ।

ਸ਼ਰਾਬੀ ਲੋਕ ਦੰਦਾ ਹੇਠ ਜੀਭ ਦਬਾ ਕੇ ਰਹਿ ਗਏ। ਸੋਵੀਅਤ ਸਰਕਾਰ ਦੇ ਉਪਰੋਕਤ ਐਲਾਨ ਦੇ ਨਾਲ਼ ਨਾਲ਼ ਸੋਵੀਅਤ ਅਖ਼ਬਾਰਾਂ ਨੇ ਸ਼ਰਾਬ ਦੇ ਵਪਾਰ ਵਿੱਚ ਜ਼ਾਰ ਸਰਕਾਰ ਦੇ ਹਿੱਸੇ ਬਾਰੇ ਵੀ ਤੱਥ ਛਾਪੇ। ਇਹਨਾਂ ਤੱਥਾਂ ਤੋਂ ਪਤਾ ਚੱਲ ਗਿਆ ਕਿ ਪੁਰਾਣੀ ਸਰਕਾਰ ਨੂੰ ਅਣਗਿਣਤ ਰੁਪਇਆ ਸ਼ਰਾਬ ਦੀ ਮੱਦ ਵਿੱਚ ਦਿੱਤਾ ਗਿਆ ਸੀ। ਇਨ੍ਹਾਂ ਤੱਥਾਂ ਨੂੰ ਛਾਪਣ ਨਾਲ਼ ਲੋਕਾਂ 'ਤੇ ਜਿਸ ਪ੍ਰਭਾਵ ਦੀ ਕਲਪਨਾ ਕੀਤੀ ਗਈ ਸੀ, ਉਹ ਹੀ ਪਿਆ ਵੀ। ਸ਼ਰਾਬ ਪੀਣ ਵਾਲਿਆਂ ਅਤੇ ਨਾ ਪੀਣ ਵਾਲਿਆਂ ਸਾਰਿਆਂ 'ਤੇ ਵਧੀਆਂ ਅਸਰ ਹੋਇਆ। ਉਹਨਾਂ ਦੀ ਸਮਝ ਵਿੱਚ ਆ ਗਿਆ ਕਿ ਹੁਣ ਉਹਨਾਂ ਦੀ ਸਰਕਾਰ ਸ਼ਰਾਬ ਤੋਂ ਮੁਨਾਫਾ ਨਹੀਂ ਕਮਾਉਣਾ ਚਾਹੁੰਦੀ। ਪ੍ਰਚੂਨ ਸ਼ਰਾਬ ਦੀ ਵਿਕਰੀ 'ਤੇ ਜ਼ਰੂਰ ਥੋੜ੍ਹਾ-ਜਿਹਾ ਕਰ ਸੀ। ਪਰ ਇਸ ਕਰ ਨੂੰ, ਸ਼ਰਾਬਖੋਰੀ ਨਾਲ਼ ਲੜਨ ਲਈ, ਲੋਕਾਂ ਦੀ ਸਿਹਤ ਅਤੇ ਸਿੱਖਿਆ ਸਬੰਧੀ ਅਧਿਕਾਰੀਆਂ ਨੂੰ ਸੌਂਪ ਦੇਣ ਦਾ ਪਹਿਲਾਂ ਤੋਂ ਹੀ ਪ੍ਰਬੰਧ ਕਰ ਦਿੱਤਾ ਗਿਆ ਸੀ।

ਲੋਕਾਂ ਦੀ ਉਤਸੁਕਤਾ ਵਧ ਰਹੀ ਸੀ। ਕੀਮਤਾਂ ਵਿੱਚ ਹੈਰਾਨ ਕਰਨ ਵਾਲੀ ਕਮੀ ਕੀਤੀ ਗਈ ਸੀ। ਜਿਸ ਦਿਨ ਤੋਂ ਕੀਮਤਾਂ ਵਿੱਚ ਕਮੀ ਸ਼ੁਰੂ ਹੋਈ ਸੀ, ਉਹ ਦਿਨ ਖੁਦ-ਬ-ਖੁਦ ਕੌਮੀ ਤਿਓਹਾਰ ਦਾ ਦਿਨ ਬਣ ਗਿਆ ਸੀ। ਉਸ ਦਿਨ ਲੋਕਾਂ ਨੇ ਜੀਅ ਭਰ ਕੇ ਨਵੀਂ, ਸਸਤੀ, ਵਧੀਆਂ ਕਿਸਮ ਦੀ ਵੋਦਕਾ ਪੀਤੀ। ਪਰ ਉਸ ਦਿਨ ਤੋਂ ਘਰੇਲੂ ਅਤੇ ਲੁਕ ਕੇ ਸ਼ਰਾਬ ਬਣਾਉਣ ਵਾਲਿਆਂ ਅਤੇ ਵੇਚਣ ਵਾਲਿਆਂ ਦਾ ਬੇੜਾ ਗਰਕ ਹੋਣ ਲੱਗਾ।

ਖੁਸ਼ੀ ਅਤੇ ਉਤਸ਼ਾਹ ਦੀ ਪਹਿਲੀ ਲਹਿਰ ਰੁਕਦੇ ਹੀ ਅਧਿਕਾਰੀਆਂ ਨੇ ਹੀ ਵੀ ਨਿਯਮਾਂ ਦਾ ਐਲਾਨ ਕੀਤਾ। ਐਲਾਨ ਇਹ ਸੀ : ਹੁਣ ਫੈਕਟਰੀਆਂ ਦੇ ਗੁਆਂਢ ਵਿੱਚ ਸ਼ਰਾਬ ਨਹੀਂ ਵੇਚੀ ਜਾਵੇਗੀ, ਛੁੱਟੀਆਂ ਦੇ ਦਿਨ ਜਾਂ ਤਨਖਾਹ ਦੇ ਦਿਨ ਵੀ ਉੱਥੇ ਸ਼ਰਾਬ ਨਹੀਂ ਵਿਕੇਗੀ। ਐਲਾਨ ਕੀਤਾ ਗਿਆ ਕਿ ਜੋ ਕੋਈ ਵੀ ਨੌਜਵਾਨਾਂ ਜਾਂ ਨਸ਼ਾ ਕੀਤੇ ਲੋਕਾਂ ਨੂੰ ਸ਼ਰਾਬ ਵੇਚੇਗਾ ਉਹਨੂੰ ਪੁਲਿਸ ਸਖ਼ਤ ਸਜ਼ਾ ਦੇਵੇਗੀ।

ਰੂਸ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਨਵੇਂ ਤਰੀਕੇ ਦਾ ਪ੍ਰਚਾਰ ਸ਼ੁਰੂ ਹੋਇਆ। ਸ਼ਰਾਬਖੋਰੀ ਵਿਰੁੱਧ ਇਹ ਨਵੀਂ ਵਿਗਿਆਨਕ ਲਹਿਰ ਸੀ। ਨਸ਼ਾ-ਵਿਰੋਧੀ ਜਥੇਬੰਦੀਆਂ ਦੇ ਯਤਨਾਂ ਤੋਂ ਇਹ ਸਿਧਾਂਤਕ ਤੌਰ 'ਤੇ ਵੱਖ ਸੀ। ਸ਼ਰਾਬ ਦੇ ਨਿੱਜੀ ਪ੍ਰਭਾਵਾਂ ਦਾ ਇਸ ਵਿੱਚ ਕਦੇ ਕਦੇ ਹੀ ਜ਼ਿਕਰ ਕੀਤਾ ਜਾਂਦਾ।

ਹਾਂ, ਅਲਕੋਹਲ ਦੇ ਸਬੰਧ ਵਿੱਚ "ਵਿਗਿਆਨਕ ਤੱਥਾਂ" ਨੂੰ ਬੜੇ ਸਪੱਸ਼ਟ ਰੂਪ ਨਾਲ਼ ਅਤੇ ਬਿਨਾਂ ਵਧਾਏ-ਚੜ੍ਹਾਏ ਪੇਸ਼ ਕੀਤਾ ਜਾਂਦਾ।

ਸੋਵੀਅਤ ਵਿਗਿਆਨਕਾਂ ਨੇ ਦੱਸਿਆ ਕਿ ਅਲਕੋਹਲ ਦਾ ਉਹੀ ਅਸਰ ਹੁੰਦਾ ਹੈ ਜੋ ਹੌਲੇ ਨਾਰਕੋਟਿਕ ਦਾ। ਇਸ ਨਾਲ਼ ਥਕਾਵਟ ਦੂਰ ਹੁੰਦੀ ਹੈ। ਇਹ ਕਦੇ ਕਦੇ ਲਾਭਦਾਇਕ ਵੀ ਹੁੰਦਾ ਹੈ। ਬੇਹੋਸ਼ੀ ਲਿਆਉਣ ਵਿੱਚ ਇਹ ਉਪਯੋਗੀ ਹੁੰਦਾ ਹੈ। ਦਿਮਾਗ ਵਿੱਚ ਇਹ ਸੁਸਤੀ ਲਿਆਉਂਦਾ ਹੈ ਅਤੇ ਨਾੜਾਂ ਨੂੰ ਢਿੱਲਾ ਕਰਦਾ ਹੈ। ਸਾਧਾਰਨ ਉਪਯੋਗ ਨਾਲ਼ ਇਹ

ਕਿਰਤੀ ਦੀ ਫੁਰਤੀ ਨੂੰ ਬਣਾਏ ਰੱਖਦਾ ਹੈ। ਪਰ ਲਗਾਤਾਰ ਸ਼ਰਾਬ ਪੀਂਦੇ ਰਹਿਣ ਨਾਲ਼ ਖ਼ੂਨ ਵਿੱਚ ਸ਼ੁੱਧ ਹਵਾ ਦੇ ਸੰਚਾਰ ਨੂੰ ਨੁਕਸਾਨ ਪਹੁੰਚਦਾ ਹੈ। ਇਸ ਨਾਲ਼ ਦਿਮਾਗ ਦੀਆਂ ਨਾੜਾਂ ਨੂੰ ਡੂੰਘਾ ਨੁਕਸਾਨ ਪਹੁੰਚ ਸਕਦਾ ਹੈ। ਕਿੰਨੇ ਹੀ ਦਿਮਾਗ-ਰੋਗ ਅਲਕੋਹਲ ਦੇ ਪ੍ਰਯੋਗ ਨਾਲ਼ ਹੀ ਪਣਪਦੇ ਅਤੇ ਵਧਦੇ ਹਨ। ਅੰਤ ਵਿੱਚ, ਜ਼ਿਆਦਾ ਸ਼ਰਾਬ ਪੀਣ ਨਾਲ਼ ਥਕਾਵਟ ਮਹਿਸੂਸ ਹੁੰਦੀ ਹੈ। ਦੁਰਘਟਨਾਵਾਂ ਹੋਣ ਅਤੇ ਅਕਸਰ ਬਿਮਾਰ ਪੈ ਜਾਣ ਦੀ ਸੰਭਵਾਨਾ ਰਹਿੰਦੀ ਹੈ। ਸੰਖੇਪ ਵਿੱਚ, ਰੂਸੀ ਲੋਕਾਂ ਨੂੰ ਦੱਸਿਆ ਗਿਆ ਕਿ ਸ਼ਰਾਬ ਪੀਣਾ ਜ਼ਰੂਰੀ ਨਹੀਂ ਹੈ। ਉਹ ਨੂੰ ਦੱਸਿਆ ਗਿਆ ਕਿ ਸਰੀਰ ਜਾਂ ਦਿਮਾਗ ’ਤੇ ਇਸ ਦਾ ਕੋਈ ਲਾਭਦਾਇਕ ਅਸਰ ਨਹੀਂ ਹੁੰਦਾ। ਵੱਖ-ਵੱਖ ਲੋਕਾਂ ’ਤੇ ਇਸ ਦਾ ਵੱਖ-ਵੱਖ ਪ੍ਰਭਾਵ ਹੁੰਦਾ ਹੈ; ਹਾਂ, ਇਸ ਨਾਲ਼ ਭਲਾ ਕਿਸੇ ਦਾ ਨਹੀਂ ਹੁੰਦਾ।

ਲੋਕਾਂ ਸਾਹਮਣੇ ਜਿਸ ਤਰੀਕੇ ਨਾਲ਼ ਇਹ ਤੱਥ ਪੇਸ਼ ਕੀਤੇ ਗਏ, ਉਹ ਨਵਾਂ ਹੀ ਤਰੀਕਾ ਸੀ। ਇਸ ਸਿਲਸਿਲੇ ਵਿੱਚ ਨਾਟਕ-ਘਰਾਂ ਅਤੇ ਟੈਲੀਵਿਜ਼ਨ ਦੀ ਪੂਰੀ-ਪੂਰੀ ਵਰਤੋਂ ਕੀਤੀ ਗਈ। ਨਾਟਕਾਂ ਅਤੇ ਟੈਲੀਵਿਜ਼ਨ ਰਾਹੀਂ ਰੂਸੀ ਲੋਕਾਂ ਨੂੰ ਦੱਸਿਆ ਜਾਂਦਾ ਕਿ ਨਵੇਂ ਸਨਅਤੀ ਅਤੇ ਖੇਤ ਮਜ਼ਦੂਰ ਕੌਮ ਦੀ ਉੱਨਤੀ ਲਈ ਉਹਨਾਂ ਦੇ ਰੋਜ਼ਾਨਾ ਦੇ ਯਤਨਾਂ ’ਤੇ ਅਲਕੋਹਲ ਦਾ ਕੀ ਅਸਰ ਪੈਂਦਾ ਹੈ। ਬੱਚਿਆਂ, ਨੌਜਵਾਨਾਂ ਅਤੇ ਵੱਡਿਆਂ ਨੂੰ ਬੜੇ ਰੋਚਕ ਢੰਗ ਨਾਲ਼ ਦੱਸਿਆ ਜਾਂਦਾ ਕਿ ਉਹਨਾਂ ਦੀ ਭਵਿੱਖ-ਉਸਾਰੀ ਵਿੱਚ ਸ਼ਰਾਬਖੋਰੀ ਦਾ ਕੀ ਅਸਰ ਪਵੇਗਾ। ਇੰਜਨ ਚਲਾਉਣ ਵਾਲਿਆਂ, ਟ੍ਰੈਕਟਰ ਚਲਾਉਣ ਵਾਲਿਆਂ, ਮਸ਼ੀਨ ਠੀਕ ਕਰਨ ਵਾਲਿਆਂ, ਬਿਜਲੀ ਦੇ ਕਾਰਖਾਨਿਆਂ ਦੇ ਇੰਜੀਨੀਅਰਾਂ, ਯੂਨੀਵਰਸਿਟੀਆਂ ਦੇ ਵਿਦਿਆਰਥੀਆਂ, ਖਾਣਾਂ ਦੇ ਕੋਇਲਾ ਕੱਢਣ ਵਾਲੇ ਮਜ਼ਦੂਰਾਂ — ਸਾਰਿਆਂ ਨੂੰ ਦੱਸਿਆ ਜਾਂਦਾ ਕਿ ਸ਼ਰਾਬ ਦਾ ਉਹਨਾਂ ਦੇ ਕੰਮ ’ਤੇ ਕਿਵੇਂ ਦਾ ਅਸਰ ਪਵੇਗਾ।

ਇਹਨਾਂ ਕਹਾਣੀਆਂ ਵਿੱਚ ਆਪਣੀ ਬੁਰੀ ਹਾਲਤ ਖੁਦ ਹੀ ਕਰਨ ਲਈ ਸ਼ਰਾਬੀ ਦੀ ਆਲੋਚਨਾ ਨਹੀਂ ਕੀਤੀ ਜਾਂਦੀ ਸੀ। ਉਹਨੂੰ ਮੂਰਖ ਵਿਅਕਤੀ ਦੇ ਰੂਪ ਵਿੱਚ ਪੇਸ਼ ਕੀਤਾ ਜਾਂਦਾ। ਫਿਰ ਉਸ ਨੂੰ ਇਹ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਕਿ ਦੇਸ਼ ਦੀਆਂ ਨਵੀਂ ਉਸਾਰੀ ਵਿੱਚ ਭਾਗ ਲੈਣ ਨਾਲ਼ ਜੀਵਨ ਵਿੱਚ ਕਿੰਨਾ ਆਨੰਦ ਆਉਂਦਾ ਹੈ। ਕਿਸੇ ਨੇ ਨਹੀਂ ਕਿਹਾ ਸੀ : ਤੂੰ ਸ਼ਰਾਬ ਨਾ ਪੀਅ। ਪਿਅਕੜ ਨੂੰ ਪਾਪੀ ਦੇ ਰੂਪ ਵਿੱਚ ਪੇਸ਼ ਨਹੀਂ ਕੀਤਾ ਜਾਂਦਾ ਸੀ। ਹਾਂ, ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲਾ ਉਹ ਬੜਾ ਹੀ ਹਾਸੋਹੀਣਾ ਵਿਅਕਤੀ ਲੱਗਦਾ।

ਇਹ ਸਰਕਾਰੀ ਰਵੱਈਆ ਆਦੀ ਪਿਆਕੜਾਂ ਵੱਲ ਨਹੀਂ ਅਪਣਾਇਆ ਗਿਆ। ਉਹਨਾਂ ਲਈ ਸ਼ਰਾਬ-ਵਿਰੋਧੀ ਲਹਿਰ ਕੋਲ ਦੂਸਰਾ ਹੀ ਢੰਗ ਸੀ। ਸ਼ਰਾਬੀ ਨੂੰ ਅਪਰਾਧੀ ਤਾਂ ਨਹੀਂ ਕਿਹਾ ਗਿਆ ਸੀ, ਪਰ ਉਹ ਕੌਮ ਦੀ ਉੱਨਤੀ ਦੇ ਰਾਹ ਵਿੱਚ ਰੋੜਾ ਜ਼ਰੂਰ ਸੀ। ਵੋਦਕਾ ਦੀ ਬੋਤਲ ਜਦੋਂ ਲਗਭਗ 9 ਆਨੇ ਦੀ ਦਰ ’ਤੇ ਵਿਕ ਰਹੀ ਸੀ ਤਾਂ ਕੌਮ ਦੀ ਉੱਨਤੀ ਦੀਆਂ ਗੱਲਾਂ ਸੁਣਨ ਦਾ ਉਹ ਨੂੰ ਸਮਾਂ ਹੀ ਕਿਵੇਂ ਮਿਲਦਾ।

ਇਹਨਾਂ ਲੋਕਾਂ ਨੂੰ ਠੀਕ ਰਸਤੇ ’ਤੇ ਲਿਆਉਣ ਲਈ ਉਵੇਂ ਦੇ ਢੰਗਾਂ ਦਾ ਪ੍ਰਯੋਗ

ਕੀਤਾ ਗਿਆ ਜਿਵੇਂ ਦੇ ਢੰਗ ਵੇਸ਼ਵਾਗਮਨੀ ਨੂੰ ਕਾਬੂ ਵਿੱਚ ਲਿਆਉਣ ਲਈ ਵਰਤੇ ਗਏ ਸਨ। ਅਧਿਕਾਰੀਆਂ ਨੇ ਸਾਰੇ ਅੱਡਿਆਂ 'ਤੇ ਜਿੱਥੇ ਸ਼ਰਾਬਖੋਰੀ ਦੀ ਸਮੱਸਿਆ ਜ਼ਿਆਦਾ ਖਤਰਨਾਕ ਸੀ, ਸ਼ਰਾਬ-ਵਿਰੋਧੀ ਕੇਂਦਰ ਕਾਇਮ ਕਰ ਦਿੱਤੇ। ਜਿਹੜਾ ਵੀ ਨਸ਼ੇ ਦੀ ਹਾਲਤ ਵਿੱਚ ਮਿਲਦਾ ਉਹ ਨੂੰ ਪੁਲਿਸ ਜਾਂ ਵੋਦਕਾ-ਵਿਰੋਧੀ ਲਹਿਰ ਦੇ ਕਾਰਕੁੰਨ ਇਹਨਾਂ ਕੇਂਦਰਾਂ ਵਿੱਚ ਪਹੁੰਚਾ ਦਿੰਦੇ। ਉੱਥੇ ਪਹਿਲਾਂ ਤਾਂ ਸ਼ਰਾਬੀ ਨੂੰ ਚੰਗੀ ਤਰ੍ਹਾਂ ਨਵਾਇਆ ਜਾਂਦਾ। ਫਿਰ ਇੱਕ ਡਾਕਟਰ ਉਸ ਦੀ ਜਾਂਚ ਕਰਦਾ। ਇਸ ਦੇ ਬਾਅਦ ਉਹਨੂੰ ਬਿਸਤਰੇ 'ਚ ਪਾ ਦਿੱਤਾ ਜਾਂਦਾ ਅਤੇ ਹੋਸ਼ ਵਿੱਚ ਆਉਣ ਲਈ ਇੱਕ ਜਾਂ ਦੋ ਦਿਨ ਪੂਰੀ ਤਰ੍ਹਾਂ ਆਰਾਮ ਕਰਨ ਦਿੱਤਾ ਜਾਂਦਾ।

ਇਸ ਸੋਹਣੇ ਇਲਾਜ ਬਾਅਦ ਸ਼ਰਾਬੀ ਦਾ ਨਾਮ ਅਤੇ ਪਤਾ ਪੁੱਛਿਆ ਜਾਂਦਾ। ਉਹ ਕਿੱਥੇ ਕੰਮ ਕਰਦਾ ਹੈ ਲਿਖ ਲਿਆ ਜਾਂਦਾ। ਹੁਣ ਉਹਨੂੰ ਕੇਂਦਰ ਤੋਂ ਛੁੱਟੀ ਦੇ ਦਿੱਤੀ ਜਾਂਦੀ। ਜਿੱਥੇ ਵੀ ਉਹ ਕੰਮ ਕਰਦਾ ਹੁੰਦਾ, ਉੱਥੋਂ ਦੀ ਮਜ਼ਦੂਰ-ਸਭਾ ਕੋਲ ਉਹਦੇ ਬਾਰੇ ਪੂਰੀ ਰਿਪੋਰਟ ਭੇਜ ਦਿੱਤੀ ਜਾਂਦੀ। ਅਜਿਹੇ ਲੋਕਾਂ ਨਾਲ਼ ਨਿਬੜਨ ਲਈ ਮਜ਼ਦੂਰ-ਸਭਾਵਾਂ ਨੇ ਖਾਸ ਕਮੇਟੀਆਂ ਬਣਾਈਆਂ ਹੋਈਆਂ ਸਨ। ਸ਼ਰਾਬੀ ਦੀ ਕੇਂਦਰ ਤੋਂ ਛੁੱਟੀ ਹੋਣ ਬਾਅਦ ਇਸ ਕਮੇਟੀ ਦੀ ਬੈਠਕ ਹੁੰਦੀ। ਸ਼ਰਾਬੀ ਜਦੋਂ ਕੰਮ 'ਤੇ ਪਰਤਦਾ ਤਾਂ ਇਹ ਕਮੇਟੀ ਉਸ ਦਾ 'ਸਵਾਗਤ' ਕਰਦੀ। ਕਮੇਟੀ ਨਾਲ਼ ਆਮ ਤੌਰ 'ਤੇ ਇੱਕ ਲੰਬਾ-ਚੌੜਾ ਇਸ਼ਤਿਹਾਰ ਵੀ ਉਹ ਨੂੰ ਆਪਣੇ ਸਵਾਗਤ ਲਈ ਤਿਆਰ ਮਿਲਦਾ। ਇਸ ਇਸ਼ਤਿਹਾਰ 'ਤੇ ਉਸ ਦੀ ਫੋਟੋ ਅਤੇ ਵਿਅੰਗਚਿੱਤਰ ਮੌਜੂਦ ਰਹਿੰਦਾ। ਉਸ ਦਾ ਨਾਮ ਅਤੇ ਪਤਾ ਤਾਂ ਹੁੰਦਾ ਹੀ। ਬੋਤਲ ਨਾਲ਼ ਉਸ ਦੀ ਯਾਰੀ ਦਾ ਵੀ ਨਾਟਕੀ ਅਤੇ ਮਨੋਰੰਜਨ ਵਰਣਨ ਮੌਜੂਦ ਰਹਿੰਦਾ। ਸ਼ਰਾਬੀ ਜੇ ਦੂਜੀ ਤੀਜੀ ਵਾਰੀ ਆਪਣੀ ਪੁਰਾਣੀ ਹਰਕਤ ਦੁਹਰਾਉਂਦਾ, ਤਾਂ ਲੋਕ ਉਸਦੀ ਹੋਰ ਬੇਇੱਜਤੀ ਕਰਦੇ। ਕਈ ਅਜਿਹੇ ਲੋਕ ਵੀ ਸਨ ਜੋ ਵਾਰ-ਵਾਰ ਨਸ਼ੇ ਦੀ ਹਾਲਤ ਵਿੱਚ ਫੜੇ ਜਾਂਦੇ ਅਤੇ ਕੇਂਦਰਾਂ ਵਿੱਚ ਪਹੁੰਚਾਏ ਜਾਂਦੇ। ਅਜਿਹੇ ਲੋਕਾਂ ਵਿਰੁੱਧ ਮਜ਼ਦੂਰ-ਸਭਾਵਾਂ ਅਤੇ ਲੋਕ-ਜਥੇਬੰਦੀਆਂ ਨੇ ਸਖਤ ਅਨੁਸ਼ਾਸਨਾਤਮਕ ਸਰਗਰਮੀਆਂ ਦਾ ਕਦਮ ਚੁੱਕਿਆ।

ਸ਼ਰਾਬ ਵਿਰੋਧੀ ਲਹਿਰ ਦੌਰਾਨ ਸ਼ਰਾਬੀਆਂ ਦਰਮਿਆਨ ਜਿੰਨੀਆਂ ਵੀ ਪਰਚੀਆਂ ਵੰਡੀਆਂ ਗਈਆਂ ਸਨ, ਉਹਨਾਂ ਸਭ ਦੇ ਮੁਕਾਬਲੇ ਵੱਡੇ ਇਸ਼ਤਿਹਾਰ ਵਾਲੀ ਯੋਜਨਾ ਕਿਤੇ ਵੱਧ ਕਾਰਗਰ ਸਾਬਿਤ ਹੋਈ। ਪਹਿਲਾਂ ਤਾਂ ਸ਼ਰਾਬੀ ਨੂੰ ਸਿਰਫ਼ ਇਹੀ ਚਿੰਤਾ ਰਹਿੰਦੀ ਸੀ ਕਿ ਕਿਤੇ ਘਰ 'ਚ ਲੜਾਈ ਨਾ ਹੋ ਜਾਵ, ਜਾਂ ਕਿਤੇ ਫ਼ੜ ਨਾ ਲਿਆ ਜਾਵਾਂ। ਇਸ ਵੱਡੇ ਇਸ਼ਤਿਹਾਰ ਨੇ ਉਹਦੀ ਚਿੰਤਾ ਨੂੰ ਕਿਤੇ ਵੱਧ ਵਧਾ ਦਿੱਤਾ ਸੀ। ਹੁਣ ਦੋਵਾਂ ਸਾਹਮਣੇ ਬੇਇੱਜਤ ਹੋਣ ਦਾ ਖਤਰਾ ਸੀ। ਖਤਰਾ ਇਹ ਸੀ ਕਿ ਸਾਰੇ ਕਹਿਣਗੇ : ਤੂੰ ਦੇਸ਼ ਦੀ ਉੱਨਤੀ ਦੇ ਰਾਹ ਵਿੱਚ ਰੋੜਾ ਹੈ।

ਇਹ ਸੁਧਾਰ ਦਾ ਇੱਕ ਅਜਿਹਾ ਤਰੀਕਾ ਸਾਬਿਤ ਹੋਇਆ ਜਿਸ ਨੇ ਹਜ਼ਾਰਾਂ ਲੋਕਾਂ ਨੂੰ ਸਹੀ ਅਤੇ ਰਸਤੇ 'ਤੇ ਲਾ ਦਿੱਤਾ।

ਥੋੜ੍ਹੇ ਹੀ ਸਾਲਾਂ ਵਿੱਚ ਇਹ ਲਹਿਰ ਸਫ਼ਲ ਹੋਣ ਲੱਗੀ। ਸ਼ਰਾਬਖੋਰੀ ਨੂੰ ਖਤਮ

ਕਰਨ ਵਿੱਚ ਇਹਨੇ ਕਾਫ਼ੀ ਸਫ਼ਲਤਾ ਹਾਸਲ ਕੀਤੀ ਸੀ। ਇਹਨੇ ਅਜਿਹੇ ਪਿਆਕੜਾਂ ਨੂੰ ਚੁਣ ਚੁਣ ਕੇ ਵੱਖ ਕਰ ਦਿੱਤਾ ਜਿਨ੍ਹਾਂ ਲਈ ਸ਼ਰਾਬਖੋਰੀ ਇੱਕ ਮਾਨਸਿਕ ਰੋਗ ਸੀ। ਵੋਦਕਾਂ ਦੇ ਉਪਾਸਕਾਂ ਵਿੱਚ ਇਹਨਾਂ ਦੀ ਸੰਖਿਆ ਇੱਕ ਪ੍ਰਤੀਸ਼ਤ ਤੋਂ ਘੱਟ ਸੀ। ਇਹਨਾਂ ਨੂੰ ਅਲਕੋਹਲ ਦਾ ਇਲਾਜ ਕਰਨ ਵਾਲੇ ਸੁਰੱਖਿਅਤ ਹਸਪਤਾਲਾਂ ਵਿੱਚ ਦਾਖਲ ਕਰ ਦਿੱਤਾ ਗਿਆ। ਇਹਨਾਂ ਹਸਪਤਾਲਾਂ ਵਿੱਚ ਰੱਖ ਕੇ ਉਹਨਾਂ ਦਾ ਇਲਾਜ ਸ਼ੁਰੂ ਕੀਤਾ ਗਿਆ ਅਤੇ ਉਹਨਾਂ ਨੂੰ ਹਰ ਤਰ੍ਹਾਂ ਦੀ ਮਾਨਸਿਕ ਸਰੀਰਿਕ ਮਦਦ ਦਿੱਤੀ ਗਈ। ਜ਼ਿਆਦਾਤਰ ਸ਼ਰਾਬੀਆਂ ਲਈ ਤਾਂ ਇਹੀ ਇਲਾਜ ਸਭ ਤੋਂ ਵਧੀਆਂ ਸਾਬਿਤ ਹੋਇਆ ਕਿ ਉਹਨਾਂ ਨੂੰ ਸ਼ਰਾਬ-ਵਿਰੋਧੀ ਕੇਂਦਰਾਂ ਵਿੱਚ ਪਹੁੰਚਾ ਦਿੱਤਾ ਜਾਵੇ ਅਤੇ ਦੂਸਰੇ ਦਿਨ ਉਹਨਾਂ ਦੀਆਂ 'ਪ੍ਰਸ਼ੰਸਾਯੋਗ' ਕਾਰਗੁਜ਼ਾਰੀਆਂ ਦਾ ਵੱਡਾ ਇਸ਼ਤਿਹਾਰ ਕੱਢ ਦਿੱਤਾ ਜਾਵੇ।

ਸੋਵੀਅਤ ਸਰਕਾਰ ਨੇ ਸ਼ਰਾਬ ਰੋਕਣ ਲਈ ਜੋ ਕੁੱਝ ਹੋਰ ਢੰਗ ਅਪਣਾਏ ਉਹਨਾਂ ਨੂੰ ਦੇਖ ਕੇ ਪਹਿਲਾਂ ਤਾਂ ਇਹੀ ਲੱਗਦਾ ਸੀ ਕਿ ਉਹ ਆਪਣੇ ਉਦੇਸ਼ ਵਿੱਚ ਸਫ਼ਲ ਨਹੀਂ ਹੋਣਗੇ, ਕਿ ਉਹਨਾਂ ਦਾ ਨਤੀਜਾ ਉਦੇਸ਼ ਦਾ ਬਿਲਕੁੱਲ ਉਲਟਾ ਹੋਵੇਗਾ। ਉਦਾਹਰਣ ਲਈ, ਸਰਕਾਰ ਨੇ ਖਾਣਪੀਣ ਘਰਾਂ ਅਤੇ ਖਾਣ-ਪੀਣ ਦੀਆਂ ਦੂਸਰੀਆਂ ਥਾਵਾਂ 'ਤੇ ਸ਼ਰਾਬ ਦੀ ਜ਼ਿਆਦਾ ਵਰਤੋਂ ਕੀਤੇ ਜਾਣ ਲਈ ਜ਼ੋਰਾਂ ਨਾਲ਼ ਲਹਿਰ ਚਲਾਈ। ਅਲਕੋਹਲ ਵੱਲ ਭੱਜਣ ਲਈ ਜੋ ਕਾਰਨ ਉਕਸਾਉਂਦੇ ਹਨ, ਉਹਨਾਂ ਕਾਰਨਾਂ ਨੂੰ ਖਤਮ ਕਰਨ ਲਈ ਸੋਵੀਅਤ ਮਨੋਵਿਗਿਆਨੀਆਂ ਨੇ ਇਹ ਢੰਗ ਲੱਭਿਆ ਸੀ। ਦੇਖਣ ਵਿੱਚ ਇਹ ਗੱਲ ਜ਼ਰੂਰ ਕੁੱਝ ਹੈਰਾਨੀਜਨਕ ਲੱਗਦੀ ਹੈ ਕਿ ਖਾਣ-ਪੀਣ ਦੀਆਂ ਥਾਵਾਂ ਵਿੱਚ ਸ਼ਰਾਬ ਦੀ ਵਰਤੋਂ ਵਧਾਈ ਜਾਵੇ। ਇਹ ਵੀ ਲੱਗਦਾ ਹੈ ਕਿ ਇਹ ਤਾਂ ਸ਼ਰਾਬਖੋਰੀ ਨੂੰ ਹੱਲਾਸ਼ੇਰੀ ਦੇਣਾ ਹੈ ਅਤੇ ਇੰਝ ਇੱਕ ਅਪ੍ਰਗਤੀਸ਼ੀਲ ਕਦਮ ਹੈ। ਪਰ ਭੋਜਨ ਦੇ ਨਾਲ ਸ਼ਰਾਬ ਨੂੰ ਹੱਲਾਸ਼ੇਰੀ ਦੇਣ ਨਾਲ਼ ਲਾਭ ਇਹ ਹੈ ਕਿ ਇੰਝ ਸ਼ਰਾਬ ਪੀਣਾ ਘੱਟ ਹਾਨੀਕਾਰਕ ਹੁੰਦਾ ਹੈ। ਇਸ ਦਾ ਉਦੇਸ਼ ਇਹ ਸੀ ਕਿ ਲੋਕ ਸਰਾਂਵਾ ਜਾਂ ਸ਼ਰਾਬ ਦੀਆਂ ਦੁਕਾਨਾਂ 'ਤੇ ਸ਼ਰਾਬ ਪੀਣਾ ਛੱਡਣ ਕਿਉਂਕਿ ਉੱਥੇ ਸਿਰਫ਼ ਸ਼ਰਾਬ ਹੀ ਮਿਲਦੀ ਹੈ ਅਤੇ ਇਕੱਲੀ ਸ਼ਰਾਬ, ਬੇਸ਼ੱਕ, ਬਹੁਤ ਹਾਨੀਕਾਰਕ ਹੁੰਦੀ ਹੈ। ਦੂਸਰੇ, ਸ਼ਰਾਬ ਦੇ ਸਰਕਾਰੀ ਕੰਟਰੋਲ ਅਤੇ ਸ਼ਰਾਬਖੋਰੀ ਯੋਜਨਾ ਦੇ ਪੁਰਾਣੇ ਤਜ਼ਰਬੇ ਸਾਫ਼ ਸਿੱਧ ਕਰ ਚੁੱਕੇ ਸਨ ਕਿ ਭੋਜਨ ਨਾਲ਼ ਸ਼ਰਾਬ ਦੀ ਵਰਤੋਂ ਉਹ ਲੋਕ ਹੀ ਨਹੀਂ ਕਰ ਸਕਦੇ ਹਨ ਜੋ ਜ਼ਿਆਦਾ ਗਰੀਬ ਹੁੰਦੇ ਹਨ। ਗਰੀਬੀ ਹੀ ਲੋਕਾਂ ਨੂੰ ਅਲਕੋਹਲ ਵੱਲ ਧੱਕਦੀ ਹੈ ਅਤੇ ਉਹਨਾਂ ਨੂੰ ਸ਼ਰਾਬ ਦਾ ਆਦੀ ਬਣਾ ਦਿੰਦੀ ਹੈ। ਗਰੀਬੀ ਉਹਨਾਂ ਨੂੰ ਮਜਬੂਰ ਕਰ ਦਿੰਦੀ ਹੈ ਕਿ ਜਾਂ ਤਾਂ ਉਹ ਸ਼ਰਾਬ ਹੀ ਪੀ ਲੈਣ ਜਾਂ ਖਾਣਾ ਹੀ ਖਾ ਲੈਣ ਅਤੇ ਅਕਸਰ ਖਾਣਾ ਹੀ ਛੁੱਟ ਜਾਂਦਾ।

ਵਾਤਾਵਰਣ ਦਾ ਵੀ ਡੂੰਘਾ ਅਸਰ ਪੈਂਦਾ ਹੈ। ਸੋਵੀਅਤ ਸਰਕਾਰ ਦੁਆਰਾ ਬਣਾਏ ਗਏ ਨਵੇਂ ਕਾਨੂੰਨਾਂ ਦੇ ਤਹਿਤ ਹੁਣ ਸ਼ਰਾਬ ਅਜਿਹੇ ਖਾਣ-ਪੀਣ ਘਰਾਂ ਵਿੱਚ ਮਿਲਦੀ ਸੀ ਜਿੱਥੇ ਪਰਿਵਾਰ ਦੇ ਪਰਿਵਾਰ ਭੋਜਨ ਕਰਦੇ ਸਨ ਅਤੇ ਜਿੱਥੋਂ ਦਾ ਵਾਤਾਵਰਣ ਘਰੇਲੂ ਹੁੰਦਾ ਸੀ। ਇਸ ਨਾਲ਼ ਪੀਣ ਵਾਲਿਆਂ ਦੇ ਵਿਵਹਾਰ ਅਤੇ ਆਦਤਾਂ ਵਿੱਚ ਭਾਰੀ ਸੁਧਾਰ ਹੋਇਆ। ਉਹ ਹੁਣ ਪੀਂਦੇ ਵੀ ਘੱਟ ਸਨ ਕਿਉਂਕਿ ਨਾਲ਼ ਖਾਣਾ ਵੀ ਖਾਣਾ ਹੁੰਦਾ ਸੀ। ਇਸਤਰੀਆਂ,

ਬੱਚਿਆਂ ਅਤੇ ਆਪਣੇ ਤੋਂ ਛੋਟਿਆਂ ਦੀ ਹਾਜ਼ਰੀ ਵਿੱਚ ਖੁਦ ਨੂੰ ਕਾਬੂ ਵਿੱਚ ਰੱਖਣ ਦੀ ਉਹਨਾਂ ਨੇ ਆਦਤ ਪਾਈ। ਇੰਝ ਉਪਰੀ ਤੌਰ 'ਤੇ ਤਾਂ ਸੋਵੀਅਤ ਸਰਕਾਰ ਨੇ ਸ਼ਰਾਬ ਨੂੰ ਹੱਲਾਸ਼ੇਰੀ ਦਿੱਤੀ, ਪਰ ਇਹਦਾ ਨਤੀਜਾ ਹੋਇਆ ਉਲਟਾ ਹੀ : ਸ਼ਰਾਬਖੋਰੀ ਘਟੀ ਅਤੇ ਕਾਫੀ ਤੇਜ਼ੀ ਨਾਲ਼ ਘਟੀ।

ਇਸ ਨੀਤੀ ਦੇ ਵੀਹ ਸਾਲ ਤੱਕ ਜਾਰੀ ਰਹਿਣ ਬਾਅਦ ਸੋਵੀਅਤ ਰੂਸ ਵਿੱਚ ਹੁਣ ਹਾਲਤ ਕੀ ਹੈ? ਜਦੋਂ ਮੈਂ ਸੋਵੀਅਤ ਰੂਸ ਦਾ ਦੌਰਾ ਕੀਤਾ ਤਾਂ ਸੋਵੀਅਤ ਨਾਗਰਿਕਾਂ ਦੇ ਜੀਵਨ ਦੇ ਇਸ ਪੱਖ ਦਾ ਨੇੜੇ ਤੋਂ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ। ਮੈਂ ਅਤੇ ਮੇਰੀ ਪਤਨੀ ਨੇ ਇਸ ਸਬੰਧ ਵਿੱਚ ਜੋ ਰਿਪੋਰਟ ਤਿਆਰ ਕੀਤੀ ਸੀ। ਹੇਠਾਂ ਉਸੇ ਦਾ ਇੱਕ ਅੰਸ਼ ਪੇਸ਼ ਕੀਤਾ ਜਾ ਰਿਹਾ ਹੈ :

ਯੁੱਧ-ਦੌਰਾਨ ਕਨੇਡਾ ਵਿੱਚ ਕਹਾਣੀਆਂ ਇਹ ਪ੍ਰੱਚਲਿਤ ਸਨ ਕਿ ਸੋਵੀਅਤ ਰੂਸ ਦੇ ਲੋਕ — ਪਿਆਕੜ ਹਨ। ਸੋਵੀਅਤ ਰੂਸ ਵਿੱਚ ਮਹਿਮਾਨ ਹੋਣ ਦੀ ਹੈਸੀਅਤ ਨਾਲ਼ ਸਾਨੂੰ ਇਹਨਾਂ ਗੱਲਾਂ ਦੀ ਦਿਨ-ਰਾਤ ਚੰਗੀ ਤਰ੍ਹਾਂ ਛਾਣਬੀਨ ਕਰਨ ਦਾ ਮੌਕਾ ਮਿਲਦਾ ਰਿਹਾ। ਆਪਣੇ ਨੇੜੇ-ਤੇੜੇ ਦੇ ਲੋਕਾਂ ਨੂੰ ਅਸੀਂ ਦੇਖਿਆ। ਆਪਣੇ ਕੋਲ ਉੱਠਣ-ਬੈਠਣ ਵਾਲਿਆਂ ਨੂੰ ਦੇਖਿਆ, ਰਾਹ ਚਲਦੇ ਲੋਕਾਂ ਦਾ ਅਸੀਂ ਅਧਿਐਨ ਕੀਤਾ। ਜਿੱਥੇ ਵੀ ਗਏ, ਅਸੀਂ ਇਸ ਪੱਖੋਂ ਲੋਕਾਂ ਦੀ ਜ਼ਿੰਦਗੀ ਨੂੰ ਦੇਖਣ ਦੀ ਕੋਸ਼ਿਸ਼ ਕੀਤੀ।

ਸੋਵੀਅਤ ਨਾਗਰਿਕ ਮਹਿਮਾਨ-ਨਿਵਾਜੀ ਵਿੱਚ ਬੜੇ ਹੀ ਕੁਸ਼ਲ ਹਨ। ਸਾਡੇ ਮਾਣ ਵਿੱਚ ਸਮੂਹਕ ਖੇਤ ਵਾਲੇ ਇੱਕ ਪਿੰਡ ਤੋਂ ਲੈ ਕੇ ਮਾਸਕੋ ਦੇ ਇੱਕ ਹੋਟਲ ਤੱਕ ਛੋਟੀਆਂ ਅਤੇ ਵੱਡੀਆਂ ਹਰ ਤਰ੍ਹਾਂ ਦੀਆਂ ਦਾਵਤਾਂ ਹੁੰਦੀਆਂ ਰਹੀਆਂ। ਇਹਨਾਂ ਸਾਰੇ ਮੌਕਿਆਂ 'ਤੇ ਸ਼ਰਾਬ ਪੇਸ਼ ਕੀਤੀ ਗਈ। ਆਮ ਤੌਰ 'ਤੇ ਬੀਅਰ ਅਤੇ ਵੋਦਕਾ ਲਿਆਂਦੀ ਗਈ।

ਸਾਨੂੰ ਦੱਸਿਆ ਗਿਆ ਸੀ ਕਿ ਇਹਨਾਂ ਮੌਕਿਆਂ 'ਤੇ ਵੋਦਕਾ ਨਾ ਚੱਖਣਾ ਮੇਜ਼ਬਾਨ ਦਾ ਅਪਮਾਨ ਮੰਨਿਆ ਜਾਂਦਾ ਸੀ। ਸ਼ਰਾਬ ਵੱਲ ਸਾਡਾ ਰਵੱਈਆ ਕੀ ਹੈ ਇਹ ਨੂੰ ਅਸੀਂ ਉਹਨਾਂ ਲੋਕਾਂ 'ਤੇ ਜ਼ਰਾਂ ਵੀ ਪ੍ਰਗਟ ਨਹੀਂ ਹੋਣ ਦਿੱਤਾ ਸੀ। ਅਸੀਂ ਕੀ ਦੇਖਿਆ?

ਅਸੀਂ ਦੇਖਿਆ ਕਿ ਮਹਿਮਾਨ ਦਾ ਸਵਾਗਤ ਕਰਨ ਲਈ **ਆਮ ਤੌਰ** 'ਤੇ ਜਿਹੜੇ ਲੋਕ ਖੜੇ ਹੁੰਦੇ ਉਹ ਜਾਂ ਤਾਂ **ਪਾਣੀ ਦਾ ਗਿਲਾਸ ਜਾਂ ਫਲਾਂ ਦੇ ਰਸ ਦਾ ਗਿਲਾਸ** ਹੱਥ ਵਿੱਚ ਲੈ ਲੈਂਦੇ। ਬਾਅਦ ਵਿੱਚ ਜਦੋਂ ਖਾਣਾ ਪਰੋਸਣ ਵਾਲੇ ਵੱਖ-ਵੱਖ ਕਿਸਮ ਦੇ ਪੀਣ ਵਾਲੇ ਪਦਾਰਥ ਲਿਆਉਂਦੇ ਤਾਂ ਲੋਕ ਸਾਫ਼ ਇਸ਼ਾਰਾ ਕਰ ਦਿੰਦੇ ਕਿ ਉਹ ਜਾਂ ਤਾਂ ਬੀਅਰ ਜਾਂ ਹਲਕੀ ਕਿਸਮ ਦੀ ਸ਼ਰਾਬ ਪੀਣਗੇ।

ਆਮ ਤੌਰ 'ਤੇ ਜੇਕਰ ਅਸੀਂ ਲੋਕ ਅਤੇ ਸੋਵੀਅਤ ਮਹਿਮਾਨ ਕਹਿੰਦੇ ਕਿ ਅਸੀਂ ਸਿਰਫ਼ ਪਾਣੀ ਜਾਂ ਬਿਨਾਂ ਅਲਕੋਹਲ ਵਾਲਾ ਕੋਈ ਪਦਾਰਥ ਪੀਣਗੇ, ਤਾਂ ਇਹ ਬਿਲਕੁੱਲ ਹੈਰਾਨੀ ਦੀ ਗੱਲ ਨਾ ਸਮਝੀ ਜਾਂਦੀ।

ਅਸੀਂ ਸਾਰੇ ਖਾਣ-ਪੀਣ ਘਰਾਂ ਅਤੇ ਛੋਟੇ-ਵੱਡੇ ਹੋਟਲਾਂ ਵਿੱਚ ਭੋਜਨ ਕੀਤਾ। ਇਹਨਾਂ ਵਿੱਚੋਂ ਲਗਭਗ ਅੱਧਿਆਂ ਵਿੱਚ ਸ਼ਰਾਬ ਪੇਸ਼ ਕੀਤੀ ਗਈ। ਅਸੀਂ ਤਰ੍ਹਾਂ-ਤਰ੍ਹਾਂ ਦੇ

ਹਜ਼ਾਰਾਂ ਸੋਵੀਅਤ ਨਾਗਰਿਕਾਂ ਨੂੰ ਖਾਂਦੇ-ਪੀਂਦੇ ਦੇਖਿਆ। ਪਰ, ਇੱਕ ਵਾਰ ਵੀ ਅਸੀਂ ਖਾਣਾ ਖਾਂਦੇ ਵੇਲੇ ਜਾਂ ਸੜਕਾਂ 'ਤੇ ਚੱਲਦੇ ਵੇਲੇ ਕਿਸੇ ਵਿਅਕਤੀ ਨੂੰ ਨਸ਼ੇ ਵਿੱਚ ਝੂਲਦੇ ਨਹੀਂ ਦੇਖਿਆ। ਸਾਨੂੰ ਦੱਸਿਆ ਗਿਆ ਕਿ ਇੱਥੇ ਵੀ ਅਜਿਹੇ ਲੋਕ ਹਨ ਜੋ ਨਸ਼ੇ ਵਿੱਚ ਗੁੱਟ ਹੋ ਜਾਂਦੇ ਹਨ। ਬੇਸ਼ੱਕ, ਉਹਨਾਂ ਦੀ ਸੰਖਿਆ ਕਨੇਡਾ ਮੁਕਾਬਲੇ ਬਹੁਤ ਘੱਟ ਹੋਵੇਗੀ।

ਸ਼ਰਾਬ ਕੱਢਣ ਵਾਲੀਆਂ ਥਾਵਾਂ, ਸ਼ੁੱਧ ਸ਼ਰਾਬ ਵੇਚਣ ਵਾਲੀਆਂ ਥਾਵਾਂ ਜਾਂ ਸਰਾਵਾਂ 'ਚ ਹਾਲਤ ਕੀ ਸੀ ? ਅਸੀਂ ਆਪਣੇ ਨਾਲ਼ ਦੇ ਸੋਵੀਅਤ ਨਾਗਰਿਕਾਂ ਨਾਲ਼ ਰੂਸ ਪਹੁੰਚਣ ਦੇ ਸ਼ੁਰੂਆਤੀ ਦਿਨਾਂ ਵਿੱਚ ਵੀ ਇੱਛਾ ਪ੍ਰਗਟ ਕੀਤੀ ਕਿ ਅਸੀਂ ਉਨ੍ਹਾਂ ਥਾਵਾਂ ਨੂੰ ਦੇਖਣਾ ਚਾਹੁੰਦੇ ਹਾਂ ਜਿੱਥੇ ਸ਼ੁੱਧ ਸ਼ਰਾਬ (ਨਾਲ਼ ਖਾਣਾ-ਪੀਣਾ ਨਹੀਂ) ਮਿਲਦੀ ਹੈ। ਸਾਨੂੰ ਅਜਿਹਾ ਲੱਗਿਆ ਕਿ ਕੋਈ ਜਾਣਦਾ ਹੀ ਨਹੀਂ ਕਿ ਅਜਿਹੀਆਂ ਥਾਵਾਂ ਕਿੱਥੇ ਹਨ।

"ਅਜਿਹੀਆਂ ਥਾਵਾਂ ਹਨ ਤਾਂ" — ਲੋਕਾਂ ਨੇ ਸਾਨੂੰ ਦੱਸਿਆ। ਉਹਨਾਂ ਨੇ ਸਾਨੂੰ ਕਿਹਾ — "ਰਸਤੇ ਵਿੱਚ ਅਜਿਹੀ ਜਗ੍ਹਾ ਮਿਲ ਗਈ ਤਾਂ ਅਸੀਂ ਤੁਹਾਨੂੰ ਵਿਖਾ ਦੇਵਾਂਗੇ।"

ਕੀਵ ਨਗਰ ਵਿੱਚ ਅਸੀਂ ਇੱਕ ਟੈਕਸੀ ਡਰਾਈਵਰ ਤੋਂ ਪੁੱਛਗਿਛ ਕੀਤੀ। ਉਹ ਆਪਣਾ ਸਿਰ ਖੁਰਕਣ ਲੱਗਿਆ। "ਮੇਰੇ ਖਿਆਲ ਨਾਲ ਹੈ ਤਾਂ ਇੱਕ", ਉਹਨੇ ਕਿਹਾ। "ਪਹਿਲਾਂ ਤਾਂ ਅਜਿਹੀਆਂ ਬਹੁਤ ਸਾਰੀਆਂ ਥਾਵਾਂ ਸਨ, ਪਰ ਹੁਣ ਕੋਈ ਉੱਥੇ ਜਾਂਦਾ ਨਹੀਂ।"

ਦੂਸਰੇ ਦਿਨ ਸ਼ਾਮ ਦਾ ਜ਼ਿਕਰ ਹੈ। ਉਹਨੇ ਟੈਕਸੀ ਨੂੰ ਇੱਕ ਪਾਸੇ ਵੱਲ ਮੋੜਿਆ। ਉਹ ਇੱਕ ਸੋਵੀਅਤ ਅਹਾਤਾ ਸੀ। ਦੇਖਣ ਵਿੱਚ ਬੜਾ ਹੀ ਭੱਦਾ। ਇੰਝ ਸਮਝੋ ਕਿ ਕਨੇਡਾ ਦੀ ਕਿਸੇ ਪੁਰਾਣੀ ਮੱਛੀ ਅਤੇ ਆਲੂ-ਚਿਪਸ ਦੀ ਦੁਕਾਨ ਵਾਂਗ। ਅੰਦਰ ਚਾਰ ਮੇਜ ਰੱਖੇ ਸਨ। ਰਾਤ ਨੂੰ 9 ਵਜ ਕੇ 35 ਮਿੰਟ ਦਾ ਵੇਲਾ ਸੀ। ਇਕੱਲਾ ਇੱਕ ਆਦਮੀ ਬੈਠਾ ਵੋਦਕਾ ਪੀ ਰਿਹਾ ਸੀ। ਸ਼ਕਲ ਤੋਂ ਉਹ ਲੜਨ ਲਈ ਤਿਆਰ ਲੱਗਦਾ ਸੀ। ਪਰ ਤਿਉੜੀਆਂ ਚੜ੍ਹਾਈ ਬੈਠੇ ਕਲਰਕ ਤੋਂ ਉਹ ਨੂੰ ਕੋਈ ਉਕਸਾਵਾ ਹੀ ਨਹੀਂ ਮਿਲ ਰਿਹਾ ਸੀ।

ਸਾਨੂੰ ਅਲਕੋਹਲ ਵਿਰੋਧੀ ਕਿਸੇ ਵੱਡੀ ਲਹਿਰ ਦੇ ਚਿੰਨ੍ਹ ਨਹੀਂ ਮਿਲੇ, ਪਰ, ਵੋਦਕਾ ਵਿਰੁੱਧ ਸਿੱਖਿਆ ਪ੍ਰਚਾਰ ਜਾਰੀ ਹੈ — ਖਾਸ ਤੌਰ 'ਤੇ ਨੌਜਵਾਨਾਂ ਦਰਮਿਆਨ। ਵੀਹ-ਤੀਹ ਸਾਲ ਦੀ ਉਮਰ ਦੇ ਜ਼ਿਆਦਾਤਰ ਲੋਕ ਉੱਥੇ ਕਿਸੇ ਖਾਸ ਮੌਕੇ 'ਤੇ ਹੀ ਸ਼ਰਾਬ ਪੀਂਦੇ ਹਨ। ਬਹੁਤ ਸਾਰੇ ਤਾਂ ਕਦੇ ਅਲਕੋਹਲ ਛੂੰਹਦੇ ਹੀ ਨਹੀਂ।

ਉਹਨਾਂ ਦਾ ਰਵੱਈਆ ਕਨੇਡਾ ਦੇ ਸ਼ਰਾਬ ਵਿਰੋਧੀ ਖਾਕਸਾਰਾਂ ਵਰਗਾ ਨਹੀਂ ਹੈ। "ਜੀ ਨਹੀਂ; ਧੰਨਵਾਦ!" ਇੰਨਾ ਕਹਿ ਕੇ ਉਹ ਆਪਣਾ ਵਤੀਰਾ ਪ੍ਰਗਟ ਕਰ ਦਿੰਦੇ ਹਨ, ਅਤੇ ਸ਼ਰਾਬ ਲੈਣ ਤੋਂ ਇਨਕਾਰ ਕਰ ਦਿੰਦੇ ਹਨ। ਠੀਕ ਉਸੇ ਵਾਂਗ ਸਮਝ ਲਵੋਂ ਜਿਵੇਂ ਸਾਡੇ ਇੱਥੋਂ ਦੇ ਲੋਕ, "ਜੀ ਨਹੀਂ; ਧੰਨਵਾਦ, ਮੈਂ ਸਿਗਰੇਟ ਨਹੀਂ ਪੀਂਦਾ", ਕਹਿ ਕੇ ਸਿਗਰੇਟ ਲੈਣ ਤੋਂ ਮਨ੍ਹਾਂ ਕਰ ਦਿੰਦੇ ਹਨ।

ਅਸੀਂ ਪਹਿਲਾਂ ਹੀ ਦੱਸ ਚੁੱਕੇ ਹਾਂ ਕਿ ਸੋਵੀਅਤ ਰੂਸ ਵਿੱਚ ਤਲਾਕਾਂ ਦੀ ਦਰ ਬੜੀ ਘੱਟ ਗਈ ਹੈ ਅਤੇ ਅਪਰਾਧੀਆਂ ਦੀ ਸੰਖਿਆ ਵੀ ਘਟਦੀ ਜਾ ਰਹੀ ਹੈ। ਨੈਤਿਕਤਾ ਦਾ ਪੂਰੀ ਤਰ੍ਹਾਂ ਅਧਿਐਨ ਕਰ ਸਕਣ ਲਈ ਇੱਕ ਮਹੀਨੇ ਦਾ ਵੇਲਾ ਬੜਾ ਘੱਟ ਸੀ। ਪਰ ਅਸੀਂ ਆਪਣੇ

ਅੱਖ-ਕੰਨ ਖੁੱਲ੍ਹੇ ਰੱਖੇ ਅਤੇ ਇਸ ਸਬੰਧ ਵਿੱਚ ਲੋਕਾਂ ਨਾਲ਼ ਗੱਲਬਾਤ ਵੀ ਕੀਤੀ।

ਅਸੀਂ ਜਿਸ ਨਤੀਜੇ 'ਤੇ ਪਹੁੰਚੇ ਉਸੇ ਦਾਅਵੇ ਨਾਲ਼ ਪੇਸ਼ ਕਰਦੇ ਹਾਂ। ਅਸੀਂ ਸਮਝਦੇ ਹਾਂ ਕਿ ਕਨੇਡਾ ਅਤੇ ਅਮਰੀਕਾ ਮੁਕਾਬਲੇ ਸਮਾਜਵਾਦੀ ਦੁਨੀਆਂ ਵਿੱਚ ਨੈਤਿਕਤਾ ਦਾ ਪੱਧਰ ਕਿਤੇ ਜ਼ਿਆਦਾ ਉੱਚਾ ਹੈ। ਸਾਨੂੰ ਪੂਰਾ ਵਿਸ਼ਵਾਸ ਹੈ ਕਿ ਕੋਈ ਈਮਾਰਦਾਰ ਡਾਕਟਰ, ਪਾਦਰੀ, ਸਮਾਜਿਕ ਕਾਰਕੁੰਨ ਜਾਂ ਨਿਆਂ ਪੰਡਿਤ ਵੀ ਇਸੇ ਨਤੀਜੇ 'ਤੇ ਪਹੁੰਚੇਗਾ।

ਜਿੱਥੋਂ ਤੱਕ ਅਸੀਂ ਸਮਝ ਸਕਦੇ ਹਾਂ, ਇਸ ਹਾਲਤ ਦੇ ਵੀ ਕਾਰਨ ਉਹ ਹੀ ਹਨ ਜੋ ਸ਼ਰਾਬਖੋਰੀ ਅਤੇ ਸਿਗਰਟ ਪੀਣ ਵਿੱਚ ਕਮੀ ਦੇ ਕਾਰਨ ਹਨ। ਪਰ, ਅਸੀਂ ਵਧੇਰੇ ਸਪੱਸ਼ਟਤਾ ਨਾਲ਼ ਗੱਲ ਕਰਨਾ ਚਾਹੁੰਦੇ ਹਾਂ।

ਸਮਾਜਵਾਦ ਨੇ ਮੁਨਾਫਾਖੋਰਾਂ ਨੂੰ ਜੜ੍ਹੋਂ ਉਖਾੜ ਸੁੱਟਿਆਂ ਹੈ। ਦੂਸਰਿਆਂ ਦੀ ਮਿਹਨਤ ਤੋਂ ਮੁਨਾਫਾ ਪੈਦਾ ਕਰਨਾ ਅਤੇ ਆਪਣੀਆਂ ਜੇਬਾਂ ਭਰਨਾ ਸਮਾਜਵਾਦੀ ਦੇਸ਼ ਵਿੱਚ ਅਪਰਾਧ ਮੰਨਿਆ ਜਾਂਦਾ ਹੈ। ਇਸ ਗੱਲ ਨੇ ਦੂਸਰਿਆਂ ਦੀਆਂ ਅਨੈਤਿਕ ਕਮਜ਼ੋਰੀਆਂ ਦਾ ਫ਼ਾਇਦਾ ਲੈ ਕੇ ਮੁਨਾਫਾ ਕਮਾਉਣ ਦੀ ਗੁੰਜਾਇਸ਼ ਨੂੰ ਸਦਾ ਲਈ ਖਤਮ ਕਰ ਦਿੱਤਾ ਹੈ।

ਕੀ ਸਾਡਾ ਇਹ ਕਥਨ ਤੁਹਾਨੂੰ ਹੈਰਾਨੀਜਨਕ ਲੱਗਦਾ ਹੁੰਦਾ ਹੈ ? ਕੀ ਤੁਸੀਂ ਇਹਨੂੰ ਨਾ ਮੰਨਣਯੋਗ ਸਮਝਦੇ ਹੋ ? ਅਸੀਂ ਇਹੀ ਕਹਾਂਗੇ ਕਿ ਸਮਾਜਵਾਦੀ ਦੇਸ਼ਾਂ ਵਿੱਚ ਅੱਖੀਂ ਦੇਖੀ ਸੱਚਾਈ ਹੀ ਇਸ ਕਥਨ ਦਾ ਸਭ ਤੋਂ ਵੱਡਾ ਅਤੇ ਠੋਸ ਸਬੂਤ ਹੈ।

ਉਦਾਹਰਣ ਲਈ, ਇਸੇ ਗੱਲ ਨੂੰ ਲਵੋ : ਕਿਸੇ ਵੀ ਸੋਵੀਅਤ ਇਸ਼ਤਿਹਾਰ, ਚਿੱਤਰ, ਕਿਤਾਬ, ਮੈਗਜ਼ੀਨ, ਨਾਟਕ ਜਾਂ ਟੈਲੀਵਿਜ਼ਨ ਵਿੱਚ ਕਾਮ-ਵਾਸਨਾ ਨੂੰ ਭੜਕਾਉਂਣ ਵਾਲੀਆਂ ਗੱਲਾਂ ਵਰਤ ਕੇ **ਮੁਨਾਫਾ ਕਮਾਉਣ ਦੀ ਗੁੰਜਾਇਸ਼ ਹੀ ਉੱਥੇ ਨਹੀਂ ਹੈ।** ਉੱਤਰੀ ਅਮਰੀਕਾ ਵਾਂਗ ਉੱਥੇ ਇਸ਼ਤਿਹਾਰਾਂ ਦਾ ਬਵੰਡਰ ਨਹੀਂ ਖੜ੍ਹਾ ਕੀਤਾ ਜਾਂਦਾ। ਝੂਠੇ ਇਸ਼ਤਿਹਾਰਾਂ ਰਾਹੀਂ ਲੋਕਾਂ ਦੀ ਅਨੈਤਿਕ ਭਾਵਨਾਵਾਂ ਨੂੰ ਉਕਸਾ ਕੇ ਉੱਤਰੀ ਅਮਰੀਕਾ ਦੇ ਧਨਾਢ ਸੇਠ ਲੱਖਾਂ ਦਾ ਮੁਨਾਫਾ ਖੜਾ ਕਰ ਰਹੇ ਹਨ।

ਸੋਵੀਅਤ ਰੂਸ ਵਿੱਚ ਇਸ ਸਭ ਦੀ ਕੋਈ ਗੁੰਜਾਇਸ਼ ਨਹੀਂ। ਸੋਵੀਅਤ ਰੂਸ ਵਿੱਚ ਨਾ ਤਾਂ ਕੋਈ ਉਦਯੋਗ ਅਜਿਹਾ ਹੈ, ਨਾ ਸੇਠਾਂ ਦੀ ਜਥੇਬੰਦੀ ਜੋ ਆਪਣੇ ਲਈ ਮੁਨਾਫਾ ਖੜ੍ਹਾ ਕਰ ਰਹੀ ਹੋਵੇ। ਇਸ ਲਈ ਉੱਥੇ ਇਸ ਗੱਲ ਦੀ ਜ਼ਰੂਰਤ ਨਹੀਂ ਕਿ ਲੋਕਾਂ ਨੂੰ ਭਰਮਾ ਕੇ ਕਿਸੇ ਖਾਸ ਚੀਜ਼ਾਂ ਨੂੰ ਉਹਨਾਂ ਦੇ ਮੱਥੇ ਮੜ੍ਹਿਆਂ ਜਾਵੇ।

ਅਤੇ ਜਦੋਂ ਅਨੈਤਿਕਤਾ, ਦੁਰਾਚਾਰ ਜਾਂ ਕਾਮ-ਵਾਸਨਾ ਸਬੰਧੀ ਗੱਲਾਂ ਦਾ ਪ੍ਰਚਾਰ ਹੀ ਨਹੀਂ ਹੁੰਦਾ ਤਾਂ ਸੁਭਾਵਿਕ ਹੀ ਲੋਕ ਅਨੈਤਿਕਤਾ ਦੇ ਜ਼ਹਿਰੀਲੇ ਧੂੰਏ ਵਿੱਚ ਨਹੀਂ ਘੁਟਦੇ। ਹਾਂ, ਪੂੰਜੀਵਾਦੀ ਦੇਸ਼ਾਂ ਵਿੱਚ ਜ਼ਰੂਰ ਇਹੀ ਪ੍ਰਚਾਰ ਨੌਜਵਾਨਾਂ ਅਤੇ ਬੱਚਿਆਂ ਦੇ ਦਿਲਾਂ ਅਤੇ ਦਿਮਾਗਾਂ ਵਿੱਚ ਭਰਿਆ ਜਾਂਦਾ ਹੈ।

ਨਤੀਜੇ ਵਜੋਂ, ਸੋਵੀਅਤ ਰੂਸ ਜਾਣ ਵਾਲਾ ਕੋਈ ਵੀ ਜਾਗਰੂਕ ਵਿਅਕਤੀ ਇਸ ਗੱਲ ਨੂੰ ਦੇਖੇ ਅਤੇ ਮੰਨੇ ਬਿਨਾਂ ਨਹੀਂ ਰਹਿ ਸਕਦਾ ਕਿ ਉੱਥੋਂ ਦੇ ਬੱਚੇ ਅਤੇ ਨੌਜਵਾਨ ਕਾਮ-ਵਾਸਨਾ ਸਬੰਧੀ ਸਮੱਸਿਆ ਦੀਆਂ ਪ੍ਰੇਸ਼ਾਨੀਆਂ ਤੋਂ ਮੁਕਤ ਹਨ।

# ਬੱਚਿਆਂ ਦੀ ਸਮੱਸਿਆ

"ਕਿਸੇ ਦੀ ਹੱਤਿਆ ਨਾ ਕਰੋ। ਚੋਰੀ ਨਾ ਕਰੋ।"

ਸਦਾ ਤੋਂ ਸਾਡੇ ਧਰਮ-ਗ੍ਰੰਥ ਇਹੀ ਕਹਿੰਦੇ ਆਏ ਹਨ। ਪਰ ਅਪਰਾਧ ਵਿਰੁੱਧ ਘੋਲ ਬਾਈਬਲ ਦੇ "ਦਸ ਆਦੇਸ਼ਾਂ" ਤੋਂ ਵੀ ਪੁਰਾਣਾ ਹੈ। ਯੁੱਗਾਂ ਤੱਕ ਦੇ ਘੋਲ ਦਾ ਫਲ ਅਸਫਲਤਾ ਦੇ ਇਲਾਵਾ ਹੋਰ ਕੁੱਝ ਨਹੀਂ ਨਿਕਲਿਆ। ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ। ਲਗਭਗ ਸਾਰੇ ਰਹੱਸਾਂ ਵਿੱਚ ਵਿਗਿਆਨ ਨੇ ਘੁਸਣ ਦੀ ਕੋਸ਼ਿਸ਼ ਕੀਤੀ ਹੈ। ਅਪਰਾਧਾਂ ਦੇ ਸਬੰਧ ਵਿੱਚ ਬੈਲਜੀਅਮ ਦੇ ਏ. ਕਵੇਤਲੇਤ ਨਾਮਕ ਇੱਕ ਮਾਹਿਰ ਨੇ 1936 ਵਿੱਚ ਵਿਗਿਆਨਕ ਨਜ਼ਰੀਆ ਪੇਸ਼ ਕੀਤਾ। ਬਰਸੇਲਜ਼ ਤੋਂ ਪ੍ਰਕਾਸ਼ਤ ਹੋਣ ਵਾਲ਼ੇ 'ਏਸੇ ਦਿ ਫਿਜ਼ੀਕ ਸ਼ੋਸ਼ੇਲ' ਵਿੱਚ ਉਹਨਾਂ ਨੇ "ਮਨੁੱਖ ਅਤੇ ਉਸਦੀਆਂ ਭਾਵਨਾਵਾਂ ਦਾ ਵਿਕਾਸ" ਨਾਮਕ ਲੇਖ ਲਿਖਿਆ। ਇਸ ਲੇਖ ਵਿੱਚ ਉਹਨਾਂ ਨੇ ਕਿਹਾ ਹੈ :

"ਹਰੇਕ ਅਪਰਾਧ ਦਾ ਬੀਜ ਸਮਾਜ ਵਿੱਚ ਮੌਜੂਦ ਹੁੰਦਾ ਹੈ। ਸਮਾਜ ਹੀ ਉਹਨਾਂ ਹਾਲਤਾਂ ਨੂੰ ਜਨਮ ਦੇਂਦਾ ਹੈ ਜਿਨ੍ਹਾਂ ਤੋਂ ਅਪਰਾਧ ਲਈ ਇਨਸਾਨ ਨੂੰ ਹੱਲਾਸ਼ੇਰੀ ਮਿਲਦੀ ਹੈ। ਕਿਹਾ ਜਾ ਸਕਦਾ ਹੈ ਕਿ ਸਮਾਜ ਹੀ ਅਪਰਾਧਾਂ ਦੀ ਤਿਆਰੀ ਕਰਦਾ ਹੈ। ਅਪਰਾਧੀ ਤਾਂ ਸਿਰਫ਼ ਸਾਧਨ ਹੁੰਦਾ ਹੈ। ਯਾਣੀ, ਸਮਾਜ ਦੇ ਹਰੇਕ ਪੜਾਅ ਵਿੱਚ ਅਪਰਾਧੀਆਂ ਦੀ ਸੰਖਿਆ ਅਤੇ ਉਹਨਾਂ ਦਾ ਵਿਵਹਾਰ ਪਹਿਲਾਂ ਤੋਂ ਪੱਕਾ ਹੁੰਦਾ ਹੈ ਕਿਉਂਕਿ ਅਪਰਾਧੀ ਅਤੇ ਅਪਰਾਧ ਦੋਵੇਂ ਹੀ ਉਸ ਢਾਂਚੇ ਦੇ ਜ਼ਰੂਰੀ ਨਤੀਜੇ ਹੁੰਦੇ ਹਨ।"

ਆਪਣੇ ਇਸ ਕਥਨ ਨੂੰ ਕਵੇਤਲੇਤ ਵੱਡਾ ਇਨਕਲਾਬੀ ਸਮਝ ਕੇ ਫੌਰਨ ਹੀ ਸਫ਼ਾਈ ਦੇਣ ਲਈ ਦੌੜੇ। ਉਹਨਾਂ ਨੇ ਕਿਹਾ, "ਮੇਰਾ ਕਥਨ ਉਪਰੋਂ ਦੇਖਣ ਵਿੱਚ ਨਿਰਾਸ਼ਾਜਨਕ ਲੱਗਦਾ ਹੈ। ਪਰ, ਗੰਭੀਰਤਾ ਨਾਲ਼ ਵਿਚਾਰ ਕਰਨ 'ਤੇ ਇਸੇ ਵਿੱਚ ਆਸ਼ਾ ਦਾ ਚਾਨਣ ਮਿਲੇਗਾ। ਉਪਰੋਕਤ ਕਥਨ ਇਸ ਗੱਲ ਦੀ ਸੰਭਾਵਨਾ ਵੱਲ ਸਾਫ਼ ਨਿਰਦੇਸ਼ ਹੈ ਕਿ ਜੇਕਰ ਮਨੁੱਖ ਦੀਆਂ ਸਮਾਜੀ-ਸੰਸਥਾਵਾਂ, ਆਦਤਾਂ, ਸਿੱਖਿਆ ਅਤੇ ਉਹਦੇ ਜੀਵਨ 'ਤੇ ਅਸਰ ਪਾਉਣ ਵਾਲੀਆਂ ਦੂਸਰੀਆਂ ਚੀਜ਼ਾਂ ਨੂੰ ਬਦਲ ਦਿੱਤਾ ਜਾਵੇ ਤਾਂ ਬਿਨਾਂ ਸ਼ੱਕ ਉਹਨਾਂ ਦੇ ਜੀਵਨ ਵਿੱਚ ਸੁਧਾਰ ਹੋ ਸਕਦਾ ਹੈ।"

ਪਰ ਨਾ ਤਾਂ ਕਵੇਤਲੇਤ ਅਤੇ ਨਾ ਉਹਨਾਂ ਦੇ ਚੇਲੇ ਹੀ ਉਹਨਾਂ ਤਬਦੀਲੀਆਂ ਦਾ ਸੁਝਾਅ ਪੇਸ਼ ਕਰ ਸਕੇ ਜਿਨ੍ਹਾਂ ਨਾਲ਼ ਮਨੁੱਖਾਂ ਨੂੰ ਸੁਧਾਰਿਆਂ ਜਾ ਸਕੇ। ਸ਼ਰਾਬ ਦੀ ਸਮੱਸਿਆ 'ਤੇ ਫ਼ਰਾਂਸਿਸ ਵਿਲਾਰਡ ਦੇ ਸ਼ਬਦਾਂ ਵਾਂਗ ਕਵੇਤਲੇਤ ਦੀ ਗੱਲ ਨੂੰ ਵੀ ਪ੍ਰਵਾਨ ਕੀਤਾ ਗਿਆ — ਸਿਰਫ਼ ਇਸ ਲਈ ਕਿ ਇਹਨੂੰ ਬਾਅਦ ਵਿੱਚ ਭੁੱਲਾ ਦਿੱਤਾ ਜਾਵੇ। ਕਾਨੂੰਨ ਦੇ ਸਾਰੇ

ਮਾਹਿਰਾਂ ਦਾ ਧਿਆਨ ਅਪਰਾਧ ਦੀ ਸਜ਼ਾ ’ਤੇ ਕੇਂਦਰਿਤ ਰਿਹਾ, ਨਾ ਕਿ ਅਪਰਾਧ ਦੇ ਕਾਰਨਾਂ ’ਤੇ।

ਪਿਛਲੇ ਸੌ ਸਾਲਾਂ ਦੌਰਾਨ ਵਿਗਿਆਨ ਸਿੱਧ ਕਰ ਚੁੱਕਾ ਹੈ ਕਿ ਅਪਰਾਧ ਲਈ ਜ਼ਿੰਮੇਵਾਰ ਸਮਾਜ ਹੈ, ਨਾ ਕਿ ਵਿਅਕਤੀ। ਪਰ, ਇਸ ਪੂਰੇ ਦੌਰ ਵਿੱਚ ਸਾਡੇ ਕਾਨੂੰਨ ਢਾਂਚੇ ਦਾ ਰਵੱਈਆ ਦੂਸਰਾ ਹੀ ਰਿਹਾ। ਕਾਨੂੰਨ ਨੇ ਵਿਅਕਤੀ ਨੂੰ ਜ਼ਿੰਮੇਵਾਰ ਠਹਿਰਾਇਆ। ਨਿਆਂ-ਮਾਹਿਰਾਂ ਨੇ ਸੋਚਿਆਂ ਕਿ ਸਜ਼ਾ ਦਾ ਮੰਤਰ ਹੀ ਉਹ ਮੰਤਰ ਹੈ ਜਿਸ ਦੁਆਰਾ ਅਸੀਂ ਅਪਰਾਧੀ ਤੋਂ ਅਪਰਾਧ ਛੁਡਵਾ ਦੇਵਾਂਗੇ।

ਪਰ ਸਜ਼ਾ ਦਾ ਮੰਤਰ ਫਜੂਲ ਸਾਬਤ ਹੋਇਆ। ਸਾਡੇ ਕਾਨੂੰਨ ਵਿਗਿਆਨਾਂ ਨੇ ਇਸ ਗੱਲ ਨੂੰ ਮੰਨਿਆ ਵੀ। ਮੰਨਿਆ ਇੰਝ ਕਿ ਅਪਰਾਧਾਂ ਲਈ ਦਿੱਤੀਆਂ ਜਾਣ ਵਾਲੀਆਂ ਸਜ਼ਾਵਾਂ ਦੀ ਸਖਤਾਈ ਨੂੰ ਉਹਨਾਂ ਨੇ ਘੱਟ ਕੀਤਾ। ਉਹਨਾਂ ਦਿਨਾਂ ਦੇ ਮੁਕਾਬਲੇ ਹੁਣ ਅਸੀਂ ਕਾਫੀ ਅੱਗੇ ਵਧ ਚੁੱਕੇ ਹਾਂ ਜਦੋਂ ਖਰਗੋਸ਼ ਚੁਰਾਉਣ ਦੀ ਸਜ਼ਾ ਫਾਂਸੀ ਦਿੱਤੀ ਜਾਂਦੀ ਹੈ ਜਾਂ ਦਿਮਾਗ ਖਰਾਬ ਹੋ ਜਾਣ ’ਤੇ ਕੋੜੇ ਮਾਰ ਕੇ ਜਾਨ ਕੱਢ ਲਈ ਜਾਂਦੀ ਸੀ। ਪਰ ਅਜੇ ਵੀ ਪੂਰੀ ਤਰ੍ਹਾਂ ਸਹੀ ਨਜ਼ਰੀਆ ਨਹੀਂ ਅਪਣਾਇਆ ਜਾ ਸਕਿਆ ਹੈ। ਇਹ ਤਾਂ ਮੰਨਿਆਂ ਜਾਣ ਲੱਗਿਆ ਕਿ ਅਪਰਾਧਾਂ ਦਾ ਜਨਮ ਸਮਾਜਿਕ ਕਾਰਨਾਂ ਕਰਕੇ ਹੁੰਦਾ ਹੈ, ਪਰ ਅਪਰਾਧਾਂ ਨੂੰ ਖਤਮ ਕਰਨ ਜਾਂ ਘਟ ਕਰਨ ਲਈ ਅਪਰਾਧੀ ਨੂੰ ਹੀ ਘੇਰਿਆ ਜਾਂਦਾ ਹੈ ਅਤੇ ਅਪਰਾਧੀਆਂ ਨੂੰ ਲੱਖ ਘੇਰਨ ’ਤੇ ਵੀ ਅਪਰਾਧਾਂ ਦੀ ਸੰਖਿਆ ਵਧ ਰਹੀ ਹੈ ਅਤੇ ਨਵੇਂ ਕਿਸਮ ਦੇ ਅਪਰਾਧਾਂ ਦਾ ਜਨਮ ਹੋ ਰਿਹਾ ਹੈ।

ਅਪਰਾਧੀਆਂ ਨੂੰ ਸਜ਼ਾ ਦੇ ਕੇ ਅਪਰਾਧਾਂ ਨੂੰ ਖਤਮ ਕਰਨ ਦੇ ਤਰਕ ਨੂੰ ਨਾਜ਼ੀਆਂ ਨੇ ਆਪਣੀ ਅੰਤਿਮ ਸੀਮਾ ਤੱਕ ਪਹੁੰਚਾ ਦਿੱਤਾ ਸੀ। ਫਰੀਜ਼ਲਰ ਨਾਂ ਦਾ ਵਿਅਕਤੀ ਹਿਟਲਰੀ ਜਰਮਨੀ ਦਾ ਨਿਆ ਮੰਤਰੀ ਸੀ। ਅਪਰਾਧਾਂ ਨੂੰ ਖਤਮ ਕਰਨ ਬਾਰੇ ਉਹਨੇ ਹਿਟਲਰੀ ਸਿਧਾਂਤ ਦੀ ਚਰਚਾ ਕਰਦੇ ਹੋਏ ਕਿਹਾ : “ਸਜ਼ਾ ਨੂੰ ਇੰਨਾ ਸਖਤ ਬਣਾ ਦਿੱਤਾ ਜਾਵੇਗਾ ਕਿ ਲੋਕ ਦੁਬਾਰਾ ਜੇਲ੍ਹ ਦਾ ਮੂੰਹ ਦੇਖਣ ਦੀ ਇੱਛਾ ਹੀ ਨਾ ਕਰਾਂਗੇ।” ਦਰਅਸਲ ਇਹ “ਖੂਨ ਦੇ ਬਦਲੇ ਖੂਨ” ਵਾਲਾ ਹੀ ਸੁਝਾਅ ਸੀ। ਸੱਭਿਅਕ ਪੁਰਸ਼ਾਂ ਨੂੰ ਇਹ ਘ੍ਰਿਣਾਯੋਗ ਲੱਗਦਾ ਹੈ। ਪਰ ਪੁਲਿਸ ਅਦਾਲਤਾਂ ਵਿੱਚ ਥੋੜ੍ਹੇ ਦਿਨ ਉੱਠਣ-ਬੈਠਣ ’ਤੇ ਤੁਹਾਨੂੰ ਪਤਾ ਲੱਗ ਜਾਵੇਗਾ ਕਿ ਸਾਡੇ ਕਾਨੂੰਨ ਮੁੱਖ ਰੂਪ ’ਚ ਸਜ਼ਾ ਅਤੇ ਬਦਲੇ ਦੇ ਸਿਧਾਂਤ ’ਤੇ ਹੀ ਅਧਾਰਿਤ ਹਨ।

ਈਸਾਈਆਂ ਦੇ ਪੂਜਕ ਦੇਵਤਾ ਈਸਾ ਮਸੀਹ ਨੇ ਕਿਹਾ ਸੀ : “ਦੂਸਰੇ ਨੂੰ ਸਜ਼ਾ ਨਾ ਦੇਵੋ। ਤੁਸੀਂ ਦੂਸਰਿਆਂ ਨੂੰ ਸਜ਼ਾ ਦੇਵੋਗੇ ਤਾਂ ਤੁਹਾਨੂੰ ਵੀ ਸਜ਼ਾ ਭੁਗਤਣੀ ਪਵੇਗੀ।” ਇਸ ਕਥਨ ਨੂੰ ਭੁੱਲਾ ਦਿੱਤਾ ਗਿਆ ਹੈ।

ਅਪਰਾਧ ਸਬੰਧੀ ਸਾਡੇ ਅਖੌਤੀ “ਵਿਗਿਆਨਕ” ਸਕੂਲਾਂ ਵਿੱਚ ਵੱਧ ਮਹੱਤਵਪੂਰਨ ਵਿਵਹਾਰ ਹੁੰਦਾ ਹੈ। ਪਰ ਉਹ ਵੀ ਫਜ਼ੂਲ ਸਾਬਿਤ ਹੋਏ ਹਨ। ਪਿਛਲੇ 50 ਸਾਲਾਂ ਦੌਰਾਨ, ਅਪਰਾਧੀਆਂ ਦੇ ਦਿਮਾਗ ਦੇ ਸਾਰੇ ਵਿਸ਼ਲੇਸ਼ਣ ਪੇਸ਼ ਕੀਤੇ ਜਾ ਚੁੱਕੇ ਹਨ। ਕੁੱਝ ਲੋਕਾਂ ਨੇ, ਬਿਨਾਂ ਸ਼ੱਕ, ਸਮਾਜਿਕ ਕਾਰਨਾਂ ਨੂੰ ਹੀ ਅਪਰਾਧ ਲਈ ਦੋਸ਼ੀ ਮੰਨਿਆ ਹੈ। ਪਰ ਇਹ ਗੱਲਾਂ

ਸਿਰਫ਼ ਦਿਖਾਵਟੀ ਰਹੀਆਂ ਹਨ। ਅਸਲ ਵਿੱਚ, ਉਹਨਾਂ ਨੇ ਵਿਅਕਤੀ ਨੂੰ ਹੀ ਮਹੱਤਵ ਦਿੱਤਾ ਹੈ ਅਤੇ ਦੱਸਿਆ ਹੈ ਕਿ ਜੇਕਰ ਅਪਰਾਧੀ ਦੀਆਂ ਫਲਾਣੀਆਂ ਫਲਾਣੀਆਂ ਗਲਤੀਆਂ ਨੂੰ ਠੀਕ ਕਰ ਦਿੱਤਾ ਜਾਵੇ ਤਾਂ ਉਹ ਅਪਰਾਧ ਨਹੀਂ ਕਰੇਗਾ। ਅਪਰਾਧ ਦੇ ਸਬੰਧ ਵਿੱਚ ਡਾਕਟਰੀ ਖੋਜਾਂ ਕਰਨ ਵਾਲਾ ਵੀ ਅਪਰਾਧੀ ਨੂੰ ਸਿਹਤਮੰਦ ਕਰਨਾ ਚਾਹੁੰਦਾ ਹੈ — ਪਰ ਬਿਨਾਂ ਅਪਰਾਧ ਦੇ ਕਾਰਨਾਂ ਨੂੰ ਮਿਟਾਏ ਹੋਏ। ਇਹ ਤਰੀਕਾ ਗੈਰ-ਵਿਗਿਆਨਕ ਹੈ ਜਿਵੇਂ ਸੈਕਸ-ਰੋਗ ਨੂੰ ਪੀੜਿਤ ਕਿਸੇ ਵੇਸ਼ਵਾ ਨੂੰ ਠੀਕ ਕਰ ਦੇਣ ਬਾਅਦ ਫਿਰ ਉਸ ਨੂੰ ਆਪਣੇ ਕੰਮ ’ਤੇ ਵਾਪਸ ਕਰ ਦੇਣ ਦਾ ਤਰੀਕਾ।

ਜ਼ਾਰਸ਼ਾਹੀ ਰੂਸ ਵਿੱਚ ਜੋ ਰਵੱਈਆ ਵਿਭਚਾਰ ਅਤੇ ਸ਼ਰਾਬ ਦੇ ਸਬੰਧ ਵਿੱਚ ਅਪਣਾਇਆ ਗਿਆ ਸੀ, ਇਨਕਲਾਬੀ ਰੂਸ ਵਿੱਚ ਅਪਰਾਧ ਲਈ ਵੀ ਉਹੀ ਰਵੱਈਆ ਸੀ। ਅਪਰਾਧ ਸਬੰਧੀ ਰੂਸੀ ਅਦਾਲਤਾਂ ਆਮ ਕਰਕੇ ਜੋ ਸਜ਼ਾ ਦਿੰਦੀਆਂ ਸਨ ਉਹ ਇਹ ਕਿ ਸਾਈਬ੍ਰੇਰੀਆਂ ਵਿੱਚ ਸਖਤ ਕਿਰਤ ਲਈ ਭੇਜ ਦੇਣਾ ਜਾਂ ਹਨ੍ਹੇਰੇ ਤਹਿਖਾਨਿਆਂ ਵਿੱਚ ਬੰਦ ਕਰ ਦੇਣਾ; ਕੋੜਿਆਂ ਦੀ ਮਾਰ ਅਤੇ ਤਰ੍ਹਾਂ-ਤਰ੍ਹਾਂ ਦੀਆਂ ਦੂਸਰੀਆਂ ਸਜ਼ਾਵਾਂ ਵੀ ਦਿੱਤੀਆਂ ਜਾਂਦੀਆਂ ਸਨ।ਰੂਸੀ ਸਾਮਰਾਜ ਦਾ ਹਰੇਕ ਪੁਲਿਸ ਅਫ਼ਸਰ, ਵਕੀਲ ਅਤੇ ਜੇਲ੍ਹ ਦਾ ਪਹਿਰੇਦਾਰ ਜਾਣਦਾ ਸੀ ਕਿ ਸਜ਼ਾ ਦੇ ਕੇ ਅਪਰਾਧਾਂ ਨੂੰ ਘੱਟ ਕਰਨ ਵਾਲੇ ਸਿਧਾਂਤ ਗਲਤ ਹਨ, ਪਰ ਜਦੋਂ ਕਦੇ ਵੀ ਮੌਕਾ ਮਿਲਦਾ ਉਹ ਖੁਦ ਸਖਤ ਤੋਂ ਸਖਤ ਸਜ਼ਾ ਦੇਣ ਤੋਂ ਨਾ ਖੁੰਝਦੇ।

ਇਨਕਲਾਬ ਤੋਂ ਵੀਹ ਸਾਲ ਪਹਿਲਾਂ ਜ਼ਾਰਸ਼ਾਹੀ ਦਾ ਦੁਰਾਚਾਰੀ ਬੱਚਿਆਂ ’ਤੇ ਸਭ ਤੋਂ ਜ਼ਿਆਦਾ ਪ੍ਰਕੋਪ ਸੀ। ਉਨ੍ਹੀਂ ਦਿਨੀਂ 10 ਸਾਲ ਤੋਂ 17 ਸਾਲ ਦੀ ਉਮਰ ਦੇ ਅਪਰਾਧੀਆਂ ਦੀ ਸੰਖਿਆ ਲਗਭਗ ਦੋਗੁਣੀ ਹੋ ਗਈ ਸੀ। ਆਵਾਰਾਂ, ਚੋਰ, ਸ਼ਰਾਬੀ, ਬਿਮਾਰ, ਵਿਭਚਾਰੀ ਬੱਚਿਆਂ ਦੀ ਫੌਜ ਦੀ ਫੌਜ ਖੜ੍ਹੀ ਹੋ ਗਈ ਸੀ। ਚੋਰੀ ਲਈ ਜ਼ਬਰਦਸਤੀ ਹੱਤਿਆਵਾਂ ਦੀ ਸੰਖਿਆ ਤਾਂ ਬੇਹੱਦ ਵੱਧ ਗਈ ਸੀ।

ਇਨਕਲਾਬ ਦੇ ਬਾਅਦ, ਦੂਸਰੀਆਂ ਗੰਭੀਰ ਸਮੱਸਿਆਵਾਂ ਵਿੱਚ ਉਲਝੇ ਰਹਿਣ ਦੇ ਕਾਰਨ 1922 ਤੱਕ ਸੋਵੀਅਤ ਸਰਕਾਰ ਅਪਰਾਧ-ਪ੍ਰਵਿਰਤੀ ਵਿਰੁੱਧ ਜਥੇਬੰਦ ਹਮਲਾ ਨਾ ਸ਼ੁਰੂ ਕਰ ਸਕੀ। 1922 ਵਿੱਚ ਪਹਿਲਾਂ ਸੋਵੀਅਤ “ਅਪਰਾਧ ਕਾਨੂੰਨ” ਪ੍ਰਕਾਸ਼ਤ ਹੋਇਆ। ਇਹ ਕਾਨੂੰਨ ਢਾਂਚਾ ਸਮਾਜ ਅਤੇ ਅਪਰਾਧ ਦੇ ਵਿਗਿਆਨਕ ਵਿਸ਼ਲੇਸ਼ਣ ’ਤੇ ਅਧਾਰਿਤ ਸੀ। ਸੋਵੀਅਤ ਸੰਘ ਦੇ ਮੁੱਖ ਸਰਕਾਰੀ ਵਕੀਲ ਏ. ਵਿਸ਼ਿੰਸਕੀ ਇਸ ਸਬੰਧ ਵਿੱਚ ਕਹਿੰਦੇ ਹਨ:

“ਆਮ ਲੋਕਾਂ ਦੀ ਕੰਗਾਲੀ ਦੀ ਹਾਲਤ, ਬੇਰੁਜ਼ਗਾਰਾਂ ਦੀ ਲੰਮੀ-ਚੌੜੀ ਫੌਜ, ਸਮਾਜ ਦੀਆਂ ਮਾਣ-ਸਤਿਕਾਰ ਪ੍ਰਾਪਤ ਜਮਾਤਾਂ ਵਿੱਚ ਭ੍ਰਿਸ਼ਟਾਚਾਰ ਦਾ ਬੋਲਬਾਲਾ, ਟਟਪੂੰਜੀਏ ਵਪਾਰੀਆਂ ਦੀ ਅੰਨ੍ਹੇਵਾਹ ਸੱਟੇਬਾਜੀ ਅਤੇ ਵੱਡੇ ਵਪਾਰੀਆਂ ਦੀ ਮੁਨਾਫੇ ਲਈ ਉਡਾਰੀਆਂ, ਇਹਨਾਂ ਨਾਲ਼ ਚਿੰਬੜੀਆਂ ਹਜ਼ਾਰਾਂ ਕਿਸਮ ਦੀਆਂ ਤਿਕੜਮਬਾਜ਼ੀਆਂ, ਜਾਲਸਾਜੀਆਂ ਅਤੇ ਧੋਖੇਬਾਜੀ ਦੀਆਂ ਕਰਤੂਤਾਂ — ਇਹ ਹੀ ਉਹ ਜੜ੍ਹਾਂ ਜਿਨ੍ਹਾਂ ਨਾਲ਼ ਅਪਰਾਧ ਪਣਪਦੇ ਅਤੇ ਵਧਦੇ ਫੁੱਲਦੇ ਹਨ। ਯਾਣੀ, ਸਾਡੇ ਅਪਰਾਧਾਂ ਲਈ ਜ਼ਿੰਮੇਵਾਰ

ਸਮਾਜਿਕ ਸਬੰਧਾਂ ਦੇ ਉਸ ਢਾਂਚੇ ਨੂੰ ਹੀ ਮੰਨਿਆ ਜਾਣਾ ਚਾਹੀਦਾ ਹੈ ਜਿਸ ਦੇ ਤਹਿਤ ਨਿੱਜੀ ਸੰਪਤੀ ਹੀ ਸਭ ਤੋਂ ਵੱਡੀ ਚੀਜ਼ ਹੈ ਅਤੇ ਲੋਕ ਅਣਗਿਣਤ ਤਰ੍ਹਾਂ ਦੀਆਂ ਬੁਰਾਈਆਂ ਅਤੇ ਵਿਭਚਾਰਾਂ ਨੂੰ ਧੜੱਲੇ ਨਾਲ਼ ਹੱਲਾਸ਼ੇਰੀ ਦਿੰਦੇ ਹਨ।"

ਰੋਮ ਦੇ ਬੇਹੱਦ ਪ੍ਰਸਿੱਧ ਕਾਨੂੰਨ-ਉਸਰੱਈਆਂ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਜਿੰਨੇ ਵੀ ਕਾਨੂੰਨ ਪ੍ਰਕਾਸ਼ਤ ਹੋਏ ਸਨ, ਸੋਵੀਅਤ ਅਪਰਾਧ ਕਾਨੂੰਨ ਉਹਨਾਂ ਸਭ ਤੋਂ ਵੱਖਰੇ ਸਨ। ਇਸ ਦੀ ਸਭ ਤੋਂ ਵੱਡੀ ਖ਼ੂਬੀ ਇਹ ਸੀ ਕਿ ਇਹ ਸਮਾਜਿਕ ਸਬੰਧਾਂ ਦੇ ਨਵੇਂ ਢਾਂਚੇ ਲਈ ਬਣਾਇਆ ਗਿਆ ਸੀ। ਇਸ ਨਵੇਂ ਢਾਂਚੇ ਵਿੱਚ ਨਿੱਜੀ ਕੰਮ-ਕਾਜਾਂ ਦੀਆਂ ਚੀਜਾਂ ਨੂੰ ਰੱਖਣ ਦੀ ਇਜਾਜਤ ਤਾਂ ਸੀ, ਪਰ ਨਿੱਜੀ ਸੰਪਤੀ ਨਾਮ ਦੀ ਚੀਜ ਨੂੰ ਇੱਜਤ ਦੀਆਂ ਨਜ਼ਰਾਂ ਨਾਲ਼ ਨਹੀਂ ਦੇਖਿਆ ਜਾਂਦਾ ਸੀ। ਇਸ ਤਰ੍ਹਾਂ ਦੀ ਨਿੱਜੀ ਸੰਪਤੀ ਇਕੱਠੀ ਕਰਨਾ ਅਸਲ ਵਿੱਚ ਅਨੈਤਿਕ ਮੰਨਿਆ ਜਾਂਦਾ ਸੀ। ਇਸ ਲਈ ਅਪਰਾਧ ਕਾਨੂੰਨ ਦਾ ਖਾਸ ਸਬੰਧ ਚੋਰੀ ਕਰਨ ਵਾਲਿਆਂ, ਜਾਲਸਾਜੀ ਕਰਨ ਵਾਲਿਆਂ ਜਾਂ ਚਾਲਾਂ ਚੱਲਣ ਵਾਲਿਆਂ ਨੂੰ ਸਜ਼ਾ ਦੇਣ ਨਾਲ਼ ਇੰਨਾ ਜ਼ਿਆਦਾ ਨਹੀਂ ਸੀ ਜਿੰਨਾ ਉਹਨਾਂ ਨੂੰ ਇਹ ਸਮਝਾਉਣ ਨਾਲ ਕਿ ਹੁਣ ਉਹ ਸਹੂਲਤ ਪ੍ਰਾਪਤ ਜਮਾਤਾਂ ਮੌਜੂਦ ਨਹੀਂ ਹਨ ਜਿਨ੍ਹਾਂ ਦੇ ਸੰਪਰਕ ਨਾਲ਼ "ਕਾਨੂੰਨੀ" ਅਪਰਾਧਾਂ ਨੂੰ ਮਨਚਾਹੀ ਹੱਲਾਸ਼ੇਰੀ ਮਿਲਦੀ ਰਹੇ। ਸੋਵੀਅਤ ਸੰਘ ਵਿੱਚ ਵੱਡੇ ਬਦਲਾਅ ਹੋ ਰਹੇ ਸਨ। ਜ਼ਿੰਦਗੀ ਦੇ ਉਦੇਸ਼ ਤੱਕ ਵਿੱਚ ਬਦਲਾਅ ਹੋ ਰਹੇ ਸਨ। ਹੁਣ ਤੱਕ ਜ਼ਿੰਦਗੀ ਦਾ ਉਦੇਸ਼ ਸਵਾਰਥਪੂਰਨ, ਵਿਅਕਤੀਗਤ ਮੁਨਾਫੇ ਲਈ ਘੋਲ ਕਰਨਾ ਸੀ। ਪਰ ਹੁਣ ਜ਼ਿੰਦਗੀ ਦਾ ਉਦੇਸ਼ ਆਪਣੀ ਕੌਮ ਨੂੰ ਸੰਪੂਰਨ ਬਣਾਉਣਾ ਸੀ। ਅਪਰਾਧ ਕੇਂਦਰਾਂ ਦੀਆਂ ਜੜ੍ਹਾਂ ਪੁੱਟੀਆਂ ਜਾ ਰਹੀਆਂ ਸਨ।

ਸੋਵੀਅਤ ਅਦਾਲਤਾਂ ਵਿੱਚ 1923 ਵਿੱਚ ਅਪਰਾਧ ਦੇ ਮਾਮਲਿਆਂ ਦੀ ਸੰਖਿਆ ਅਸੀਂ 100 ਮੰਨੀਏ ਤਾਂ 1926 ਵਿੱਚ ਘੱਟ ਕੇ ਇਹ 63 ਹੋ ਗਈ ਸੀ। 1929 ਵਿੱਚ ਇਹ 60 ਰਹਿ ਗਈ। ਸਾਲ ਦੇ ਅੰਦਰ ਹੀ 10 ਅਪਰਾਧਾਂ ਵਿੱਚੋਂ 4 ਅਪਰਾਧ ਘੱਟ ਗਏ।

ਫਿਰ ਵੀ ਅਪਰਾਧ ਵਿਰੁੱਧ ਘੋਲ ਨੂੰ ਸੋਵੀਅਤ ਮਾਹਿਰ 1930 ਤੋਂ ਸ਼ੁਰੂ ਹੋਇਆ ਦੱਸਦੇ ਹਨ। ਉਦਯੋਗਾਂ ਦਾ ਸਮਾਜੀਕਰਨ ਜਾਰੀ ਸੀ ਅਤੇ ਛੋਟੇ-ਛੋਟੇ ਖੇਤਾਂ ਨੂੰ ਖਤਮ ਕਰਕੇ ਵੱਡੇ ਸਮੂਹਕ ਖੇਤ ਬਣਾਏ ਜਾ ਰਹੇ ਸਨ। ਸਿੱਟੇ ਵਜੋਂ, ਸੋਵੀਅਤ ਅਪਰਾਧ ਕਾਨੂੰਨ ਵਿੱਚ ਵੱਡਾ ਬਦਲਾਅ ਹੋਇਆ। ਕੁੱਝ ਸਾਲਾਂ ਤੋਂ ਸਮੂਹਕ (ਲੋਕ) ਸੰਪਤੀ ਵਿੱਚ ਚੋਰੀਆਂ ਦਾ ਹੜ੍ਹ ਜਿਹਾ ਆ ਗਿਆ ਸੀ। ਅਪਰਾਧੀਆਂ ਦੀ ਕੁੱਲ ਸੰਖਿਆ ਵਿੱਚੋਂ ਲਗਭਗ ਅੱਧੇ ਇਨ੍ਹਾਂ ਚੋਰੀਆਂ ਦੇ ਅਪਰਾਧ ਵਿੱਚ ਫੜੇ ਗਏ ਸਨ। ਯਾਨੀ, ਇਹਨਾਂ ਅਪਰਾਧੀਆਂ ਨੂੰ ਸਿੱਖਿਅਤ ਕਰਨ ਅਤੇ ਆਰਥਿਕ ਰੂਪ ਵਿੱਚ ਉਹਨਾਂ ਦੇ ਜੀਵਨ ਨੂੰ ਸਹੀ ਢੰਗ ਦਾ ਬਣਾਉਣ ਦੀ ਲਹਿਰ ਜ਼ੋਰਾ ਨਾਲ਼ ਸ਼ੁਰੂ ਕੀਤੀ ਗਈ। ਪੰਜ ਸਾਲ ਦੇ ਅੰਦਰ ਹੀ ਇਨ੍ਹਾਂ ਅਪਰਾਧਾਂ ਵਿੱਚ 60 ਫੀਸਦੀ ਕਮੀ ਹੋ ਗਈ। ਸਮੁੱਚੇ ਰੂਸ ਵਿੱਚ ਹਰ ਤਰ੍ਹਾਂ ਦੇ ਅਪਰਾਧਾਂ ਵਿੱਚ ਲਗਭਗ ਇੱਕ-ਤਿਹਾਈ ਕਮੀ ਹੋਈ।

ਇਹ ਸਫਲਤਾ ਕਿਵੇਂ ਹਾਸਲ ਹੋਈ ? ਉਸੇ ਤਰ੍ਹਾਂ ਦੇ ਉਪਾਆਂ ਤੋਂ ਜਿਨ੍ਹਾਂ ਨਾਲ਼ ਵਿਭਚਾਰ ਅਤੇ ਸ਼ਰਾਬਖੋਰੀ ਨੂੰ ਮਿਟਾਇਆ ਗਿਆ ਸੀ। ਹੁਣ ਅਸੀਂ ਇਹਨਾਂ ਦਾ ਵਿਸਥਾਰ ਨਾਲ਼ ਵਰਣਨ ਨਹੀਂ ਕਰਾਂਗੇ। ਕਈ ਵਿਦੇਸ਼ੀ ਲੇਖਕ ਦੱਸ ਚੁੱਕੇ ਹਨ ਕਿ ਸੋਵੀਅਤ ਸੰਘ ਵਿੱਚ

ਅਪਰਾਧੀਆਂ ਨਾਲ਼ ਕਿਵੇਂ ਦਾ ਵਿਵਹਾਰ ਕੀਤਾ ਜਾਂਦਾ ਹੈ। ਏ. ਵਿਸ਼ਿੰਸਕੀ ਨੇ ਬੜੇ ਥੋੜ੍ਹੇ ਅਤੇ ਸਪੱਸ਼ਟ ਸ਼ਬਦਾਂ ਵਿੱਚ ਇਸ ਦਾ ਵਰਣਨ ਕੀਤਾ ਹੈ :

"ਪੂੰਜੀਵਾਦੀ ਦੇਸ਼ਾਂ ਵਿੱਚ ਜਿਨ੍ਹਾਂ ਅਪਰਾਧੀਆਂ ਦਾ ਸਮਾਜ ਤੋਂ ਬਾਈਕਾਟ ਕਰ ਦਿੱਤਾ ਜਾਂਦਾ ਹੈ ਅਤੇ ਦੂਸ਼ਿਤ ਵਿਅਕਤੀ ਐਲਾਨ ਦਿੱਤਾ ਜਾਂਦਾ ਹੈ, ਉਹਨਾਂ ਨੂੰ ਸੋਵੀਅਤ ਸੰਘ ਵਿੱਚ ਦੇਸ਼ ਦੀ ਆਰਥਿਕ ਉਸਾਰੀ ਵਿੱਚ ਭਾਗ ਲੈਣ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ, ਕੁੱਝ ਹੀ ਦਿਨਾਂ ਵਿੱਚ ਇਹ ਲੋਕ ਸਮਾਜਵਾਦ ਦੀ ਸਰਗਰਮ ਉਸਾਰੀ ਵਿੱਚ ਭਾਗ ਲੈਣ ਲੱਗਦੇ ਹਨ। ਕਾਲ਼ੇ ਸਾਗਰ — ਬਾਲਟਿਕ ਨਹਿਰ ਅਤੇ ਮਾਸਕੋ ਵੋਲਗਾ ਨਹਿਰ ਦੀ ਯੋਜਨਾ ਵਿੱਚ ਸੈਂਕੜੇ ਅਜਿਹੇ ਲੋਕਾਂ ਨੇ ਭਾਗ ਲਿਆ। ਇਹ ਕੰਮ ਉਹਨਾਂ ਲਈ ਬੜਾ ਸਿੱਖਿਆਦਾਇਕ ਸਾਬਤ ਹੋਇਆ। ਇੰਝ ਕੰਮ ਨੇ ਇਹਨਾਂ ਲੋਕਾਂ ਦੇ ਨਜ਼ਰੀਏ ਨੂੰ ਸੁਧਾਰਿਆ ਅਤੇ ਈਮਾਨਦਾਰ ਮਿਹਨਤ ਨਾਲ਼ ਉਹਨਾਂ ਨੇ ਆਪਣੀ ਰੋਟੀ ਕਮਾਉਣਾ ਸਿੱਖਿਆ।"

ਦੂਸਰੇ ਮਹਾਂਯੁੱਧ ਤੋਂ ਥੋੜ੍ਹੇ ਦਿਨ ਪਹਿਲਾਂ ਦੀ ਇੱਕ ਘਟਨਾ ਹੈ। ਇਸ ਘਟਨਾ ਨੇ ਸੋਵੀਅਤ ਸੰਘ ਵਿੱਚ ਅਪਰਾਧਾਂ ਦੀ ਕਮੀ ਨੂੰ ਸਪੱਸ਼ਟ ਰੂਪ ਨਾਲ਼ ਪ੍ਰਗਟ ਕਰ ਦਿੱਤਾ।

ਮਾਸਕੋ ਦੇ ਨੇੜੇ ਬੋਲਸ਼ੇਵੋ ਕਲੋਨੀ ਨਾਮ ਦੀ ਇੱਕ ਪ੍ਰਸਿੱਧ ਸੰਸਥਾ ਸੀ ਜਿਸ ਦਾ ਕੰਮ ਅਪਰਾਧੀਆਂ ਨੂੰ ਸੁਧਾਰਨਾ ਸੀ। ਕਈ ਗੱਲਾਂ ਵਿੱਚ ਇਹ ਵਿਭਚਾਰੀ ਇਸਤਰੀਆਂ ਨੂੰ ਸੁਧਾਰਨ ਵਾਲ਼ੇ ਹਸਪਤਾਲਾਂ ਨਾਲ਼ ਮਿਲਦੀ-ਜੁਲਦੀ ਸੀ। ਕਈ ਯਾਤਰੀ ਇਸ ਨੂੰ ਦੇਖਣ ਆ ਚੁੱਕੇ ਸਨ। ਹੌਲ਼ੀ-ਹੌਲੀ ਇਸ ਸੰਸਥਾ ਦੀਆਂ ਸਰਗਰਮੀਆਂ ਦਾ ਵਿਕਾਸ ਹੋਇਆ। 1939 ਵਿੱਚ ਕਲੋਨੀ ਦਾ ਆਰਥਿਕ ਅਤੇ ਸਭਿਆਚਾਰਕ ਵਾਤਾਵਰਣ ਇੰਨਾ ਖਿੱਚਵਾਂ ਬਣ ਗਿਆ ਸੀ ਕਿ ਕਈ "ਵਿਦਿਆਰਥੀ" ਵਿਆਹ ਕਰਨ ਅਤੇ ਪੱਕੇ ਰੂਪ ਨਾਲ਼ ਆਪਣਾ ਘਰ ਵਸਾਉਣ ਦੀ ਸੋਚਣ ਲੱਗੇ। ਇਹਨਾਂ ਦੀ ਸੰਖਿਆ ਉਹਨਾਂ ਲੋਕਾਂ ਮੁਕਾਬਲੇ ਕਿਤੇ ਜ਼ਿਆਦਾ ਸੀ ਜਿਨ੍ਹਾਂ ਨੂੰ ਸਜ਼ਾ ਦੇ ਕੇ ਅਦਾਲਤਾਂ ਹੁਣ ਇਸ ਕਲੋਨੀ ਵਿੱਚ ਭਰਤੀ ਹੋਣ ਲਈ ਭੇਜ ਰਹੀਆਂ ਸਨ। ਯਾਣੀ, ਮਜਬੂਰ ਹੋ ਕੇ ਅਧਿਕਾਰੀਆਂ ਨੂੰ ਐਲਾਨ ਕਰਨਾ ਪੈਂਦਾ ਕਿ ਇਹ ਸੰਸਥਾ ਹੁਣ ਸੁਧਾਰ-ਸੰਸਥਾ ਨਹੀਂ ਹੈ। ਹੁਣ ਇਹ ਕਲੋਨੀ ਇੱਜ਼ਤ ਪ੍ਰਾਪਤ ਨਾਗਰਿਕਾਂ ਦੇ ਨਿਵਾਸ ਦੀ ਥਾਂ ਬਣ ਗਈ ਹੈ। ਜਿਨ੍ਹਾਂ ਪਾਠਕਾਂ ਨੇ ਵਾਰਡੇਨ ਲਾਵੇਸ ਦੀ **ਟਵੰਟੀ ਥਾਉਜ਼ੈਂਡ ਈਅਰਸ ਇੰਨ ਸਿੰਗ ਸਿੰਗ** (**ਸਿੰਗ ਸਿੰਗ ਵਿੱਚ ਵੀਹ ਹਜ਼ਾਰ ਸਾਲ**) ਨਾਮਕ ਕਿਤਾਬ ਪੜ੍ਹੀ ਹੈ ਉਹ ਅਪਰਾਧਾਂ ਵਿਰੁੱਧ ਸਾਡੇ ਘੋਲ ਦੀ ਅਸਫਲਤਾ ਅਤੇ ਸੋਵੀਅਤ ਰੂਸ ਦੇ ਘੋਲ ਦੀ ਸਫਲਤਾ ਨੂੰ ਪ੍ਰਵਾਨ ਕਰਨਗੇ। ਸੋਵੀਅਤ ਘੋਲ ਦੀ ਸਫਲਤਾ ਦੀ ਨਿਸ਼ਾਨੀ ਇਹ ਹੈ ਕਿ ਬੋਲਸ਼ੇਵੋ ਸੰਸਥਾ ਜੇਲ੍ਹ ਤੋਂ ਬਦਲ ਕੇ ਇੱਜ਼ਤ ਪ੍ਰਾਪਤ ਨਾਗਰਿਕਾਂ ਦੇ ਰਹਿਣ ਦੀ ਥਾਂ ਬਣ ਗਈ।

ਸੋਵੀਅਤ ਸੰਘ ਵਿੱਚ ਅੱਜ ਵੀ ਕਿੰਨੀਆਂ ਹੀ ਜੇਲ੍ਹਾਂ ਹਨ। ਖਾਸ ਗੱਲ ਇਹ ਹੈ ਕਿ ਪਹਿਲਾਂ ਦੇ ਮੁਕਾਬਲੇ ਇਹਨਾਂ ਜੇਲ੍ਹਾਂ ਦੀ ਸੰਖਿਆ ਹੁਣ ਬਹੁਤ ਘਟ ਹੈ। ਅਦਾਲਤਾਂ ਵਿੱਚ ਵੀ ਹੁਣ ਮੁਕੱਦਮੇ ਬਹੁਤ ਘੱਟ ਆਉਂਦੇ ਹਨ। ਸਾਨੂੰ ਸਭ ਤੋਂ ਜ਼ਿਆਦਾ ਹੈਰਾਨੀ ਵਿੱਚ ਪਾਉਣ ਵਾਲੀ ਗੱਲ ਤਾਂ ਇਹ ਹੈ ਕਿ ਬੱਚਿਆਂ ਦਰਮਿਆਨ ਅਪਰਾਧਾਂ ਦੀ ਸੰਖਿਆ ਹੁਣ ਤੱਕ ਘੱਟ ਹੋ ਗਈ ਹੈ। 15 ਸਾਲ ਤੱਕ ਵੱਖ-ਵੱਖ ਪ੍ਰਯੋਗ ਕਰਨ ਬਾਅਦ ਸੰਨ 1935 ਵਿੱਚ ਰੂਸੀ

ਅਪਰਾਧੀਆਂ ਦੇ ਪ੍ਰਬੰਧ ਵਿੱਚ ਵੱਡਾ ਬਦਲਾਅ ਹੋਇਆ। ਨਵੇਂ ਪ੍ਰਬੰਧ ਨੂੰ ਲਾਗੂ ਹੋਏ 18 ਮਹੀਨੇ ਵੀ ਨਹੀਂ ਹੋਏ ਸਨ ਕਿ ਅਪਰਾਧਾਂ ਦੀ ਸੰਖਿਆ ਵਿੱਚ 22 ਫੀਸਦੀ ਕਮੀ ਹੋ ਗਈ। ਅੱਜ 15 ਸਾਲਾਂ ਬਾਅਦ ਮੈਂ ਦਾਅਵੇ ਨਾਲ਼ ਕਹਿੰਦਾ ਹਾਂ, ਹਾਲਤ ਇਹ ਹੈ ਕਿ ਬੱਚਿਆਂ ਵਿੱਚੋਂ ਅਪਰਾਧ — ਜਿਹੜੇ ਰੂਪ ਵਿੱਚ ਕਿ ਅਸੀਂ ਉਹਨਾਂ ਨੂੰ ਜਾਣਦੇ ਹਾਂ — ਇਕਦਮ ਖਤਮ ਹੋ ਗਏ ਹਨ। ਇਹਨਾਂ 15 ਸਾਲਾਂ ਵਿੱਚ ਜੰਗ ਦੇ ਉਹ ਚਾਰ ਸਾਲ ਵੀ ਸ਼ਾਮਿਲ ਹਨ ਜਦੋਂ ਰੂਸੀ ਬੱਚਿਆਂ ਨੂੰ ਤਰ੍ਹਾਂ-ਤਰ੍ਹਾਂ ਦੀਆਂ ਸਰੀਰਿਕ ਅਤੇ ਮਾਨਸਿਕ ਪੀੜਾਂ ਦੇ ਦੌਰ 'ਚੋਂ ਗੁਜ਼ਰਨਾ ਪਿਆ ਸੀ ਅਤੇ ਕਿੰਨੇ ਹੀ ਬੱਚੇ ਯਤੀਮ ਬਣ ਗਏ ਸਨ। ਕਿੰਨੇ ਹੀ ਸ਼ਹਿਰਾਂ ਅਤੇ ਪਿੰਡਾਂ ਵਿੱਚ ਅਸੀਂ (ਮੈਂ ਅਤੇ ਮੇਰੀ ਪਤਨੀ ਨੇ) ਅਪਰਾਧੀ ਬੱਚਿਆਂ ਅਤੇ ਅਦਾਲਤਾਂ ਵਿੱਚ ਉਹਨਾਂ 'ਤੇ ਮੁਕੱਦਮਿਆਂ ਬਾਰੇ ਸਵਾਲ ਪੱਛੇ। ਹਰ ਕਿਤੋਂ ਲਗਭਗ ਇੱਕੋ ਜਿਹਾ ਜਵਾਬ ਮਿਲਿਆ : "ਹੁਣ ਸਾਡੇ ਇੱਥੇ ਬਹੁਤ ਘਟ ਸਿਰਫਿਰੇ ਲੜਕੇ ਹਨ। ਬੇਸ਼ੱਕ ਸ਼ੈਤਾਨ ਲੜਕੇ ਥੋੜ੍ਹੇ ਬਹੁਤ ਹੁਣ ਵੀ ਹਨ ਅਤੇ ਕਦੇ ਕਦੇ ਇੱਕ ਅੱਧੇ ਅਜਿਹੇ 'ਵਿਗੜੇ ਬੱਚੇ' ਵੀ ਨਿਕਲ ਆਉਂਦੇ ਹਨ ਜਿਨ੍ਹਾਂ ਵੱਲ ਖਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਪਰ ਸਾਡੇ ਇੱਥੇ ਬਾਲ ਅਪਰਾਧੀ ਹੁਣ ਲੱਭਣ 'ਤੇ ਹੀ ਮਿਲਣਗੇ।" ਜਿਸ ਨੇ ਵੀ ਸੋਵੀਅਤ ਜੀਵਨ ਨੂੰ ਨੇੜੇ ਤੋਂ ਵੇਖਿਆ ਹੈ, ਉਹਨੂੰ ਸਮਝਦਿਆਂ ਦੇਰ ਨਾ ਲੱਗੇਗੀ ਕਿ ਅਜਿਹਾ ਕਿਉਂ ਹੈ।

ਅਸੀਂ ਸਾਰੇ ਸੰਸਾਰ ਦਾ ਦੌਰਾ ਨਹੀਂ ਕੀਤਾ ਪਰ ਅਸੀਂ ਇੰਨਾ ਤਾਂ ਦਾਅਵੇ ਨਾਲ਼ ਕਹਿ ਸਕਦੇ ਹਾਂ ਕਿ ਜਿੱਥੇ ਵੀ ਅਸੀਂ ਗਏ ਹਾਂ ਸਭ ਥਾਵਾਂ ਦੇ ਮੁਕਾਬਲੇ ਸਮਾਜਵਾਦੀ ਦੇਸ਼ ਵਿੱਚ ਬੱਚਿਆਂ ਦਾ ਜੀਵਨ ਜ਼ਿਆਦਾ ਸੁਖੀ ਅਤੇ ਤੰਦਰੁਸਤ ਹੈ। ਸੋਵੀਅਤ ਬੱਚੇ "ਅਕਾਸ਼ ਦੇ ਫੁੱਲ" ਨਹੀਂ ਹਨ। ਉਹ ਸਾਧਾਰਨ ਬੱਚੇ ਹਨ। ਬਿਨਾਂ ਭੇਦ-ਭਾਵ ਦੇ ਸਾਰਿਆਂ ਨੂੰ ਜੀਵਨ ਦੀਆਂ ਦੋ ਮੁੱਖ ਜ਼ਰੂਰੀ ਸਹੂਲਤਾਂ ਪ੍ਰਾਪਤ ਹਨ।

ਪਹਿਲੀ ਤਾਂ ਇਹ ਉਹਨਾਂ ਨੂੰ ਕਦੇ ਅੱਧੇ ਢਿੱਡ ਨਹੀਂ ਰਹਿਣਾ ਪੈਂਦਾ ਅਤੇ ਉਹਨਾਂ ਦੀ ਪੂਰੀ ਡਾਕਟਰੀ ਦੇਖ-ਰੇਖ ਹੁੰਦੀ ਹੈ. ਦੂਸਰੀ, ਖੇਡਣ-ਕੁੱਦਣ ਅਤੇ ਰਚਨਾਤਮਕ ਸਿੱਖਿਆ ਹਾਸਲ ਕਰਨ ਦੀ ਉਹਨਾਂ ਦੀ ਸਹਿਜ ਪ੍ਰਵਿਰਤੀ ਨੂੰ ਸੰਤੁਸ਼ਟ ਕਰਨ ਦੀਆਂ ਉੱਥੇ ਅਕਹਿ ਸਹੂਲਤਾਂ ਮੌਜੂਦ ਹਨ।

ਸੋਵੀਅਤ ਬੱਚੇ ਗਲੀਆਂ ਵਿੱਚ ਨਹੀਂ ਖੇਡਦੇ ਫਿਰਦੇ। ਉਹਨਾਂ ਦੇ ਖੇਡਣ ਲਈ ਵਧੀਆਂ ਤੋਂ ਵਧੀਆਂ ਮੈਦਾਨ ਬਣੇ ਹੋਏ ਹਨ। ਇੱਕ ਉਦਾਹਰਣ ਦੇਵਾਂ : ਸੋਵੀਅਤ ਬੱਚੇ ਨਾ ਸਿਰਫ਼ ਛੋਟੀਆਂ ਛੋਟੀਆਂ ਰੇਲਾਂ 'ਤੇ ਸਵਾਰੀ ਕਰਦੇ ਹਨ, ਸਗੋਂ ਉਹਨਾਂ ਦੀਆਂ ਆਪਣੀਆਂ ਖੁਦ ਦੀਆਂ ਰੇਲਾਂ ਹਨ ਜੋ ਸੱਚਮੁੱਚ ਭਾਫ ਦੇ ਇੰਜਨ ਨਾਲ ਚੱਲਦੀਆਂ ਹਨ। ਸਤਾਲਿਨਗਰਾਦ ਵਿੱਚ ਅਸੀਂ ਬੱਚਿਆ ਦੀ ਰੇਲ ਨੂੰ ਵੇਖਦੇ ਨਹੀਂ ਥੱਕੇ। ਉਸ ਦਾ ਭਾਫ ਦਾ ਇੰਜਨ ਅਤੇ ਛੋਟੇ-ਛੋਟੇ ਡੱਬੇ ਦੇਖਣ ਵਾਲੇ ਸਨ।

ਸੋਵੀਅਤ ਬੱਚੇ ਗੁੰਡਿਆਂ ਅਤੇ ਬਦਮਾਸ਼ਾਂ ਦੀ ਨਕਲ ਨਹੀਂ ਕਰਦੇ। ਜ਼ਿਆਦਾ ਮਜ਼ਾ ਉਹਨਾਂ ਨੂੰ ਚੰਗੇ ਭਲੇ ਆਦਮੀਆਂ ਦੀ ਨਕਲ ਕਰਨ ਵਿੱਚ ਆਉਂਦਾ ਹੈ। ਉਹਨਾਂ ਦੀਆਂ ਆਪਣੀਆਂ ਰੇਲਾਂ ਤੋਂ ਇਲਾਵਾ ਉਹਨਾਂ ਦੇ ਆਪਣੇ ਨਾਟਕਘਰ, ਅਖ਼ਬਾਰ, ਮੈਗਜ਼ੀਨ,

ਕਿਸ਼ਤੀਆਂ, ਪ੍ਰਯੋਗਸ਼ਾਲਾਵਾਂ, ਬਾਗ ਮਨੋਰੰਜਨ ਦੇ ਪਾਰਕ ਵੀ ਹਨ। ਵਧਦੇ ਬੱਚਿਆਂ ਨੂੰ ਜਿਹੜੀਆਂ ਚੀਜ਼ਾਂ ਵਿੱਚ ਦਿਲਚਸਪੀ ਹੋ ਸਕਦੀ ਹੈ, ਸਾਰੀਆਂ ਉਹਨਾਂ ਕੋਲ ਹਨ।

ਸਿੱਖਿਆ ਸੋਵੀਅਤ ਜੀਵਨ ਦਾ ਬੜਾ ਮਹੱਤਵਪੂਰਨ ਅੰਗ ਹੈ। ਉੱਥੋਂ ਦੇ ਸਕੂਲਾਂ ਵਿੱਚ ਜੋ ਕੁੱਝ ਅਸੀਂ ਦੇਖਿਆ ਉਹਨਾਂ ਵਿੱਚੋਂ ਕੁੱਝ ਗੱਲਾਂ ਇਹ ਹਨ :

ਸਾਡੇ ਸਕੂਲਾਂ ਮੁਕਾਬਲੇ ਸੋਵੀਅਤ ਸਕੂਲਾਂ ਵਿੱਚ ਜ਼ਿਆਦਾ ਅਧਿਆਪਕ ਹਨ।

ਸਕੂਲਾਂ ਵਿੱਚ ਵਧੀਆਂ ਅਨੁਸ਼ਾਸਨ ਰਹਿੰਦਾ ਹੈ। ਬੱਚੇ ਅਧਿਆਪਕਾਂ ਦੀ ਇੱਜ਼ਤ ਤਾਂ ਕਰਦੇ ਹੀ ਹਨ, ਉਹਨਾਂ ਨੂੰ ਪਿਆਰ ਵੀ ਕਰਦੇ ਹਨ।

ਸਜ਼ਾ ਦੇ ਤੌਰ 'ਤੇ ਬੱਚਿਆਂ ਨੂੰ ਸਰੀਰਿਕ ਸਜ਼ਾਵਾਂ ਦੇਣ ਮਨ੍ਹਾਂ ਹੈ।

ਅਧਿਆਪਕਾਂ 'ਤੇ ਜ਼ਰੂਰਤ ਤੋਂ ਜ਼ਿਆਦਾ ਕੰਮ ਨਹੀਂ ਰਹਿੰਦਾ। ਸਾਰੇ ਤਾਕਤਵਰ ਅਧਿਆਪਕ ਸੰਘਾਂ ਦੇ ਮੈਂਬਰ ਹੁੰਦੇ ਹਨ। ਸਕੂਲ ਦੇ ਬਾਅਦ ਜੇ ਉਹ ਕੋਈ ਕੰਮ ਕਰਦੇ ਹਨ ਤਾਂ ਇਸ ਦੀ ਉਹਨਾਂ ਨੂੰ ਵਾਧੂ ਤਨਖਾਹ ਮਿਲਦੀ ਹੈ।

ਵਿਗਿਆਨ ਦੀ ਸਿੱਖਿਆ ਵਿਦਿਆਰਥੀਆਂ ਨੂੰ ਖਾਸ ਤੌਰ 'ਤੇ ਦਿੱਤੀ ਜਾਂਦੀ ਹੈ। ਛੋਟੀਆਂ ਕਲਾਸਾਂ ਵਿੱਚ ਵੀ ਵਧੀਆਂ ਤੋਂ ਵਧੀਆਂ ਪ੍ਰਯੋਗ ਦੀਆਂ ਮਸ਼ੀਨਾਂ ਮੌਜੂਦ ਰਹਿੰਦੀਆਂ ਹਨ। ਵਿਦਿਆਰਥੀਆਂ ਨੂੰ ਹੱਲਾਸ਼ੇਰੀ ਦਿੱਤੀ ਜਾਂਦੀ ਹੈ ਕਿ "ਤੁਸੀਂ ਇਹ ਨੂੰ ਖੁਦ ਹੀ ਸਾਬਤ ਕਰੋ"। ਸਾਰੇ ਸਕੂਲਾਂ ਵਿੱਚ ਬਹੁਤ ਵਧੀਆਂ ਬਗੀਚੇ, ਫੁੱਲਾਂ ਦੀਆਂ ਕਿਆਰੀਆਂ ਪਸ਼ੂ ਅਤੇ ਮਛੀਆਂ ਵੀ ਹੁੰਦੀਆਂ ਹਨ। ਬੱਚਿਆਂ ਨੂੰ ਸਕੂਲ ਵਿੱਚ ਹੀ ਚੰਗੀ ਤਰ੍ਹਾਂ ਪੜ੍ਹਾਇਆ ਜਾਂਦਾ ਹੈ। ਘਰਾਂ ਵਿੱਚ ਪੜ੍ਹਨ ਲਈ ਉਹਨਾਂ ਨੂੰ ਟੀਮਾਂ ਵਿੱਚ ਵੰਡ ਦਿੱਤਾ ਜਾਂਦਾ ਹੈ। ਸਾਰਿਆਂ ਵਿੱਚ "ਟੀਮ (ਸਹਿਯੋਗ) ਭਾਵਨਾ" ਪਾਈ ਜਾਂਦੀ ਹੈ।

ਬੱਚਿਆਂ ਦੀ ਸਿਹਤ ਦੀ ਬੜੀ ਦੇਖਰੇਖ ਕੀਤੀ ਜਾਂਦੀ ਹੈ। ਵੱਡੇ-ਵੱਡੇ ਸਕੂਲਾਂ ਵਿੱਚ ਪੂਰੇ ਸਮੇਂ ਲਈ ਡਾਕਟਰ ਅਤੇ ਨਰਸਾਂ ਹੁੰਦੀਆਂ ਹਨ। ਬੱਚਿਆਂ ਦੀ ਸਿਹਤ ਦੀ ਸਾਲ ਵਿੱਚ ਘੱਟੋ-ਘੱਟ ਚਾਰ ਵਾਰ ਜਾਂਚ ਕੀਤੀ ਜਾਂਦੀ ਹੈ।

ਹਰ ਰੋਗ ਦਾ ਘਰ 'ਤੇ ਜਾਂ ਹਸਪਤਾਲਾਂ ਵਿੱਚ ਜਾਂ ਬੱਚਿਆਂ ਦੇ ਸਿਹਤ ਕੇਂਦਰਾਂ ਵਿੱਚ ਇਲਾਜ ਕੀਤਾ ਜਾਂਦਾ ਹੈ। ਇਲਾਜ ਮੁਫਤ ਹੁੰਦਾ ਹੈ।

ਸਿਹਤ ਦੇ ਨਜ਼ਰੀਏ ਤੋਂ ਜਿਨ੍ਹਾਂ ਬੱਚਿਆਂ ਨੂੰ ਖਾਸ ਤਰ੍ਹਾਂ ਦੇ ਭੋਜਨ ਦੀ ਲੋੜ ਹੁੰਦੀ ਹੈ ਉਹਨਾਂ ਨੂੰ ਇਹ ਭੋਜਨ ਸਕੂਲ ਦੇ ਭੋਜਨ ਘਰ ਵਿੱਚ ਮੁਫਤ ਦਿੱਤਾ ਜਾਂਦਾ ਹੈ।

ਸਕੂਲ ਵਿੱਚ ਭੋਜਨ ਦਾ ਖਰਚ ਜ਼ਿਆਦਾਤਰ ਮਾਤਾ-ਪਿਤਾ ਖੁਦ ਦਿੰਦੇ ਹਨ। ਇਹ ਖਰਚਾ ਬੜਾ ਮਾਮੂਲੀ ਹੁੰਦਾ ਹੈ। ਉਹਨਾਂ ਦੇ ਭੋਜਨ ਨੂੰ ਦੇਖ ਕੇ ਅਸੀਂ ਹੈਰਾਨ ਰਹਿ ਗਏ। ਕਿੰਨੇ ਹੀ ਸਕੂਲਾਂ ਵਿੱਚ ਇਕ ਹੀ ਪ੍ਰਕਾਰ ਦੇ ਭੋਜਨ ਦੀਆਂ ਵੱਖ-ਵੱਖ ਕਿਸਮਾਂ ਮੌਜੂਦ ਰਹਿੰਦੀਆਂ ਹਨ; ਜੋ ਬੱਚਾ ਜਿਵੇਂ ਦਾ ਭੋਜਨ ਚਾਹੇ ਲੈ ਸਕਦਾ ਹੈ।

ਜੇਕਰ ਕਿਸੇ ਕਾਰਨ ਵਿਦਿਆਰਥੀ ਦੇ ਪਿਤਾ ਦੀ ਆਮਦਨ ਘਟ ਹੋਈ ਤਾਂ ਉਹਨੂੰ ਸਕੂਲ ਵਿੱਚ ਮੁਫਤ ਭੋਜਨ ਮਿਲਦਾ ਹੈ। ਇਹਨੂੰ ਦਾਨ ਨਹੀਂ ਸਮਝਿਆ ਜਾਂਦਾ, ਇਹਨੂੰ ਬੱਚੇ ਦਾ ਹੱਕ ਸਮਝਿਆ ਜਾਂਦਾ ਹੈ।

ਸਾਡੇ ਅਖਬਾਰਾਂ ਵਿੱਚ ਅਕਸਰ ਵੱਡੇ-ਵੱਡੇ ਧਾਰਮਿਕ ਅਤੇ ਸਮਾਜਿਕ ਕਾਰਕੁੰਨਾਂ ਦੇ ਬਿਆਨ ਛਪਿਆ ਕਰਦੇ ਹਨ। ਇਹਨਾਂ ਵਿੱਚ ਹਾਲੀਵੁੱਡ ਦੇ ਕਾਮ ਉਤੇਜਕ ਟੈਲੀਵਿਜਨਾਂ, ਕਾਮ ਉਤੇਜਕ ਇਸ਼ਤਿਹਾਰਾਂ, ਕਾਮ ਸਬੰਧੀ ਅਪਰਾਧਾਂ ਦੀਆਂ ਖਬਰਾਂ ਤੋਂ ਬਚੇ ਰਹਿਣ ਦੀ ਚੇਤਾਵਨੀ ਦਿੱਤੀ ਜਾਂਦੀ ਹੈ। ਇਹ ਸਭ ਕੁੱਝ ਸਾਡੇ ਦੇਸ਼ ਵਿੱਚ ਅਮਰੀਕਾ ਤੋਂ ਆਉਂਦਾ ਹੈ। ਪੰਡਿਤਾਂ ਅਤੇ ਕਾਰਕੁੰਨਾ, ਦੋਵਾਂ ਦਾ ਹੀ ਮੰਤਵ ਹੈ : ਬਈ "ਕੁੱਝ ਕੀਤਾ ਜਾਣਾ ਚਾਹੀਦਾ ਹੈ!" ਪਰ, ਸੋਵੀਅਤ ਰੂਸ ਵਿੱਚ ਅਜਿਹੀ ਕੋਈ ਸਮੱਸਿਆ ਨਹੀਂ। ਉੱਥੋਂ ਦੇ ਲੋਕ, ਅਧਿਕਾਰੀਆਂ ਤੋਂ ਲੈ ਕੇ ਆਮ ਲੋਕਾਂ ਤੱਕ, ਕਾਮ ਸਬੰਧੀ ਗੱਲਾਂ ਦੇ ਇਸ ਤਰ੍ਹਾਂ ਦੇ ਵਰਤੋਂ ਨੂੰ ਅਪਰਾਧ ਸਮਝਦੇ ਹਨ। ਉਹ ਇਹ ਨੂੰ ਬਰਦਾਸਤ ਕਰਨ ਨੂੰ ਤਿਆਰ ਨਹੀਂ।

ਇੱਕ ਚੀਜ਼ ਜੋ ਸਮਾਜਵਾਦ ਦੇ ਦੇਸ਼ ਵਿੱਚ ਖਾਸ ਤੌਰ 'ਤੇ ਦੇਖਣ ਵਿੱਚ ਆਉਦੀ ਹੈ, ਇਹ ਹੈ : ਗੰਦੇ ਚਿੱਤਰ, ਪ੍ਰਤੀਕ, ਸਿਨੇਮਾ, ਕਿਤਾਬਾਂ ਉੱਥੇ ਇੱਕਦਮ ਨਦਾਰਦ ਹਨ। ਇਸ ਦਾ ਕਾਰਨ ਇਹ ਬਿਲਕੁੱਲ ਨਹੀਂ ਕਿ ਉੱਥੋਂ ਦੇ ਲੋਕ "ਬੜੇ ਭੋਲੇ ਹਨ"। ਇੱਕ ਗੱਲ ਜ਼ਰੂਰ ਹੈ : ਉੱਥੇ ਕਾਮ ਸਬੰਧੀ ਗੱਲਾਂ ਨੂੰ ਸਸਤਾ ਅਤੇ ਘਟੀਆਂ ਕਿਸਮ ਦਾ ਮਾਲ ਵੇਚਣ ਦਾ ਸਾਧਨ ਨਹੀਂ ਬਣਾਇਆ ਜਾ ਸਕਦਾ। ਦੂਸਰੇ, ਕਾਮ ਸਬੰਧੀ ਗੱਲਾਂ ਉੱਥੇ ਪਿਆਰ-ਬੰਧੇਜ ਵਿੱਚ ਬੱਝੇ ਦੋ ਪ੍ਰਾਣੀਆਂ ਦੀ ਆਪਣੀਆਂ ਨਿੱਜੀ ਚੀਜ਼ ਮੰਨੀਆਂ ਜਾਂਦੀਆਂ ਹਨ — ਘਟੀਆਂ ਕਿਸਮ ਦੇ ਕੱਪੜੇ, ਹਾਨੀਕਾਰਕ ਪੀਣ ਵਾਲੇ ਪਦਾਰਥ ਜਾਂ ਹਾਲੀਵੁੱਡ ਦੇ ਸ਼ੇਖਚਿੱਲੀਆਂ ਦੁਆਰਾ ਲਿਖੇ ਅਤੇ ਬਣਾਏ ਚਿੱਤਰਾਂ ਨੂੰ ਵੇਚਣ ਦਾ ਸਾਧਨ ਨਹੀਂ।

ਸੋਵੀਅਤ ਬੱਚੇ ਅਜਿਹੇ ਵਾਤਾਵਰਣ ਵਿੱਚ ਪਲਦੇ ਹਨ ਜੋ ਨਿਰਾਸ਼ਾਵਾਦੀ ਅਸਰਾਂ ਤੋਂ ਮੁਕਤ ਹੁੰਦਾ ਹੈ। ਉਹ ਵੀ ਵਿਅੰਗ ਚਿੱਤਰਾਂ ਦੇ ਪ੍ਰੇਮੀ ਹੁੰਦੇ ਹਨ। ਪਰ ਉਹਨਾਂ ਦੇ ਵਿਅੰਗ-ਚਿੱਤਰਾਂ ਵਿੱਚ ਅੱਧ ਨੰਗੀਆਂ ਇਸਤਰੀਆਂ ਅਤੇ ਗੁੰਡੇ ਪੇਸ਼ ਨਹੀਂ ਕੀਤੇ ਜਾਂਦੇ। ਉਹ ਅਜਿਹੇ ਚਿੱਤਰਾਂ ਦੇ ਪ੍ਰੇਮੀ ਹੁੰਦੇ ਹਨ ਜੋ ਉਹਨਾਂ ਵਿੱਚ ਤੰਦਰੁਸਤ ਅਤੇ ਸੁੱਖੀ ਬਚਪਨ ਦੀਆਂ ਭਾਵਨਾਵਾਂ ਦਾ ਸੰਚਾਰ ਕਰਦੇ ਹਨ। ਕਿਤਾਬਾਂ ਵੀ ਉਹ ਅਜਿਹੀਆਂ ਹੀ ਪੜ੍ਹਦੇ ਹਨ। ਉਹ ਅਜਿਹੇ ਸਮਾਜ ਵਿੱਚ ਪਲ ਰਹੇ ਹਨ, ਜਿਸ ਵਿੱਚ ਤਲਾਕ ਨੂੰ ਹੱਲਾਸ਼ੇਰੀ ਨਹੀਂ ਦਿੱਤੀ ਜਾਂਦੀ। ਹੱਲਾਸ਼ੇਰੀ ਦਿੱਤੀ ਜਾਂਦੀ ਹੈ ਪਿਆਰ 'ਤੇ ਅਧਾਰਿਤ ਵਿਆਹੁਤਾ ਜੀਵਨ ਨੂੰ।

ਇਸ ਦੇ ਉਲਟ, ਅਮਰੀਕਾ ਵਿੱਚ ਜੋ ਹਾਲਤ ਹੈ ਉਹ ਸਾਰਿਆਂ ਨੂੰ ਪਤਾ ਹੈ।

1938 ਵਿੱਚ ਪੱਛਮੀ ਦੁਨੀਆਂ ਵਿੱਚ ਅਪਰਾਧਾਂ ਦੀ ਸਭ ਤੋਂ ਜ਼ਿਆਦਾ ਸੰਖਿਆ ਅਮਰੀਕਾ ਵਿੱਚ ਸੀ। 1943 ਤੱਕ ਹਰ ਸਾਲ ਉੱਥੇ 130 ਲੱਖ ਗੰਭੀਰ ਅਪਰਾਧਾਂ ਨੂੰ ਨੋਟ ਕੀਤਾ ਗਿਆ। ਇਹਨਾਂ ਅਪਰਾਧਾਂ ਵਿੱਚ ਹਰ 53ਵੇਂ ਮਿੰਟ 'ਤੇ ਹੋਣ ਵਾਲੀ ਹੱਤਿਆ ਵੀ ਸ਼ਾਮਿਲ ਹੈ। 'ਅਮਰੀਕੀ ਫੇਡਰਲ ਬਿਊਰੋ ਆਫ਼ ਇੰਵੇਸਿਟਗੇਸ਼ਨ' ਦੇ ਕਾਗਜ਼ਾਂ ਵਿੱਚ 60 ਲੱਖ ਅਪਰਾਧੀਆਂ ਦੀਆਂ ਕਾਰਗੁਜ਼ਾਰੀਆਂ ਦਾ ਵੇਰਵਾ ਮੌਜੂਦ ਹੈ। ਯੁੱਧ ਦੇ ਬਾਅਦ ਨੌਜਵਾਨ ਕੁੜੀਆਂ ਵਿੱਚ ਅਪਰਾਧਾਂ ਦੀ ਸੰਖਿਆ 130 ਪ੍ਰਤੀਸ਼ਤ ਵਧ ਗਈ ਹੈ।

ਅਮਰੀਕੀ ਨੌਜਵਾਨ ਅਤੇ ਮੁਟਿਆਰਾਂ ਨੂੰ ਇਸ ਹਾਲਤ ਵਿੱਚ ਪਹੁੰਚਾਉਣ ਵਿੱਚ ਬਹੁਤ ਵੱਡਾ ਹੱਥ ਅਖੌਤੀ ਅਮਰੀਕੀ 'ਸੱਭਿਅਤਾ' ਦਾ ਹੈ। **ਟੈਲੀਵਿਜ਼ਨ ਮੈਗਜ਼ੀਨ** ਨਾਮਕ

ਮੈਗਜ਼ੀਨ ਨੇ ਮਈ 1951 ਵਿੱਚ ਲਾਸ ਏਂਜੇਲਸ ਨਾਮਕ ਸ਼ਹਿਰ ਵਿੱਚ ਇੱਕ ਹਫ਼ਤੇ ਵਿੱਚ ਦਿਖਾਏ ਗਈ ਟੀ. ਵੀ. ਪ੍ਰੋਗਰਾਮਾਂ ਦੇ ਅੰਕੜੇ ਲਏ ਸਨ। ਹਾਲੀਵੁੱਡੀ ਸੱਭਿਅਤਾ ਦੇ ਮਹਾਨ ਦੇਸ਼ ਦੇ ਨਾਗਰਿਕਾਂ ਨੇ ਸੱਤ ਦਿਨ ਦੇ ਅੰਦਰ ਜੋ ਚਿੱਤਰ ਦੇਖੇ ਉਹਨਾਂ ਵਿਚ 127 ਹੱਤਿਆਵਾਂ ਸਨ, 101 "ਨਿਆਸੰਗਤ ਹੱਤਿਆਵਾਂ" ਸਨ, 357 ਹੱਤਿਆਵਾਂ ਦੀਆਂ ਕੋਸ਼ਿਸ਼ਾਂ ਸਨ, 93 ਇਸਤਰੀਆਂ ਭਜਾਉਣ ਦੇ ਦ੍ਰਿਸ਼ ਅਤੇ 3 ਤਰ੍ਹਾਂ ਤਰ੍ਹਾਂ ਦੇ ਤਸੀਹਿਆਂ ਦੇ ਦ੍ਰਿਸ਼ ਸਨ। ਇਸ ਖੌਫਨਾਕ 'ਮਨੋਰੰਜਨ' ਦਾ 10 ਪ੍ਰਤੀਸ਼ਤ ਭਾਗ **ਖਾਸ ਤੌਰ 'ਤੇ ਬੱਚਿਆਂ ਲਈ ਸੀ।**

ਸੋਵੀਅਤ ਰੂਸ ਵਿੱਚ ਹਾਲਤ ਬਿਲਕੁੱਲ ਉਲਟੀ ਹੈ।

ਸੋਵੀਅਤ ਰੂਸ ਸੁੱਖੀ ਬੱਚਿਆਂ ਦਾ ਦੇਸ਼ ਹੈ ਅਤੇ ਇਹ ਸੁੱਖ ਸਭ ਤੋਂ ਚੰਗੀ ਤਰ੍ਹਾਂ ਬੱਚਿਆਂ ਦੀ ਨਾਟਕਸ਼ਾਲਾ ਵਿੱਚ ਦੇਖਣ ਵਿੱਚ ਆਉਂਦਾ ਹੈ। ਆਪਣੀ ਜ਼ਬਰਦਸਤ ਅਵਾਜ ਨਾਲ ਬੱਚੇ ਕੰਧਾਂ ਨੂੰ ਹਿਲਾ ਦਿੰਦੇ ਹਨ। ਖਲਨਾਇਕ ਨੂੰ ਉਹ ਖੁੱਲ੍ਹ ਕੇ ਗਾਲ੍ਹਾਂ ਦਿੰਦੇ ਹਨ ਅਤੇ, ਨਾਇਕ ਦੀ ਖੁੱਲ੍ਹ ਕੇ ਪ੍ਰਸ਼ੰਸਾ ਕਰਦੇ ਹਨ। ਕਦੇ ਕਦੇ ਤਾਂ ਉਹ ਕਿਸੇ ਵਧੀਆ ਦ੍ਰਿਸ਼ ਨੂੰ ਦੇਖ ਕੇ ਆਪਣੀਆਂ ਤਾੜੀਆਂ ਦੀ ਗੜਗੜਾਹਟ ਨਾਲ਼ ਨਾਟਕ ਨੂੰ ਰੋਕ ਦਿੰਦੇ ਹਨ ਅਤੇ ਉਸ ਦ੍ਰਿਸ਼ ਨੂੰ ਦੁਹਰਾਉਣ ਲਈ ਉਹਨਾਂ ਕਲਾਕਾਰਾਂ ਨੂੰ ਮਜਬੂਰ ਕਰ ਦਿੰਦੇ ਹਨ।

ਸਾਡੇ ਇੱਥੋਂ ਦੇ ਬੱਚੇ ਵੀ ਟੀ. ਵੀ. ਦੇਖ ਕੇ ਇੰਨੇ ਹੀ ਖੁਸ਼ ਹੋ ਜਾਂਦੇ ਹਨ। ਪਰ ਉਹਨਾਂ ਦੀ ਖੁਸ਼ੀ ਵਿੱਚ ਮਾਅਰਕੇ ਦਾ ਫਰਕ ਹੈ। ਇਹ ਫਰਕ ਟੀ. ਵੀ. ਦੀ ਵਿਸ਼ਾ-ਵਸਤੂ ਦੇ ਕਾਰਨ ਹੈ। ਬੱਚਿਆਂ ਦੇ ਨਾਟਕਘਰਾਂ ਵਿੱਚ ਸੋਵੀਅਤ ਬੱਚੇ ਚੰਗੀਆਂ ਤੋਂ ਚੰਗੀਆਂ ਕਲਾਕਿਰਤਾਂ, ਚੰਗੇ ਤੋਂ ਚੰਗੇ ਨਾਟਕਾਂ ਨੂੰ ਦੇਖਦੇ ਹਨ। ਉਹਨਾਂ ਦੇ ਸਭ ਤੋਂ ਪਸੰਦੀਦਾ ਨਾਟਕ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਅਸਲੀ ਜੀਵਨ ਦੀਆਂ ਘਟਨਾਵਾਂ ਅਤੇ ਅਸਲੀ ਕਿਰਦਾਰਾਂ ਦਾ ਪ੍ਰਤੀਬਿੰਬ ਹੁੰਦਾ ਹੈ। ਉਹਨਾਂ ਨੂੰ ਅਜਿਹੀਆਂ ਊਟਪਟਾਂਗ ਅਤੇ ਬੇਹੂਦੀਆਂ ਚੀਜ਼ਾਂ ਪਸੰਧ ਨਹੀਂ ਆ ਸਕਦੀਆਂ ਜਿਵੇਂ ਦੀਆਂ ਅਮਰੀਕੀ ਸਿਨੇਮਾ ਵਿੱਚ ਪੇਸ਼ ਕੀਤੀਆਂ ਜਾਂਦੀਆਂ ਹਨ। ਸੋਵੀਅਤ ਬੱਚਿਆਂ ਵਿੱਚ ਅਸੀਂ ਦੇਖਿਆ ਕਿ ਉਹਨਾਂ ਦੀ ਅਲੋਚਨਾਤਮਕ ਨਜ਼ਰ ਬਹੁਤ ਤਿਖੀ ਹੈ। ਉਹ ਸੱਚੀ ਅਤੇ ਸਜੀਵ ਅਦਾਕਾਰੀ ਚਾਹੁੰਦੇ ਹਨ। ਬਨਾਵਟੀ ਅਤੇ ਦਿਖਾਵਟੀ ਅਦਾਕਾਰੀ ਨੂੰ ਫੜਨ ਵਿੱਚ ਉਹਨਾਂ ਨੂੰ ਦੇਰ ਨਹੀਂ ਲੱਗਦੀ। ਜੇਕਰ ਉਹਨਾਂ ਨੂੰ ਪੱਛਮੀ ਦੇਸ਼ਾਂ ਦੀ ਹਾਲੀਵੁੱਡੀ ਮਾਰ ਕਟਾਈ ਵਾਲੇ ਖੇਡ ਦਿਖਾਏ ਜਾਣ — ਜਿਵੇਂ ਦੇ ਸਾਡੇ ਬੱਚਿਆਂ ਨੂੰ ਵਿਖਾਏ ਜਾਂਦੇ ਹਨ — ਤਾਂ ਅਸੀਂ ਆਸਾਨੀ ਨਾਲ ਅੰਦਾਜ਼ਾ ਲਗਾ ਸਕਦਾ ਹਾਂ ਕਿ ਰੌਲ਼ਾਰੱਪਾ ਪਾ ਕੇ ਉਹ ਇਨ੍ਹਾਂ ਦੇ ਪ੍ਰਦਰਸ਼ਨ ਨੂੰ ਰੁਕਵਾ ਦੇਣਗੇ।

ਬਹੁਤ ਛੋਟੇ ਹੋਣ ਤੋਂ ਹੀ, ਜਦੋਂ ਉਹ ਕਿੰਡਰਗਾਰਟਨਾਂ ਵਿੱਚ ਹੁੰਦੇ ਹਨ, ਸੋਵੀਅਤ ਬੱਚੇ ਨਾਟਕ ਵੇਖਣਾ ਸ਼ੁਰੂ ਕਰ ਦਿੰਦੇ ਹਨ। ਸਕੂਲ ਵਿੱਚ ਪਹੁੰਚਣ 'ਤੇ ਸਾਹਿਤ ਵਿੱਚ ਉਹਨਾਂ ਦੀ ਰੁਚੀ ਹੋਰ ਵੀ ਨਿਖਰ ਜਾਂਦੀ ਹੈ ਕਿਉਂਕਿ ਸਾਰੇ ਦੇਸ਼ਾਂ ਦੇ ਚੰਗੇ ਤੋਂ ਚੰਗੇ ਨਾਟਕਾਂ ਨੂੰ ਉਹ ਦੇਖ ਸਕਦੇ ਹਨ। 14-15 ਸਾਲ ਦੇ ਪੜਾਅ ਤੱਕ ਪਹੁੰਚਣ 'ਤੇ ਉਹਨਾਂ ਦੀ ਪਰਖ ਬੜੀ ਤੇਜ਼ ਹੋ ਜਾਂਦੀ ਹੈ ਅਤੇ ਉਹਨਾਂ ਨੂੰ ਇਹ ਸਮਝਣ ਵਿੱਚ ਦੇਰ ਨਹੀਂ ਲੱਗਦੀ ਹੈ ਕਿ ਕੀ ਚੰਗਾ ਹੈ ਅਤੇ ਕੀ ਮਾੜਾ।

# "ਜੇਕਰ ਥੋੜ੍ਹਾ ਵੀ ਸਦਾਚਾਰ ਬਾਕੀ ਹੈ ਤਾਂ!"

ਲੋਕ ਪਾਪ ਕਿਉਂ ਕਰਦੇ ਹਨ?

ਅਸੀਂ ਹੋਰ ਵੱਧ ਸਪੱਸ਼ਟਤਾ ਨਾਲ ਪੁੱਛਾਂਗੇ : ਲੋਕ ਅਜਿਹੇ ਕੰਮ ਕਰਦੇ ਹੀ ਕਿਉਂ ਹਨ ਜਿਨ੍ਹਾਂ ਨਾਲ ਉਹਨਾਂ ਨੂੰ, ਉਹਨਾਂ ਦੇ ਨੇੜਲੇ ਸਬੰਧੀਆਂ ਨੂੰ ਅਤੇ ਸਮੁੱਚੇ ਸਮਾਜ ਨੂੰ ਸਰੀਰਿਕ ਅਤੇ ਮਾਨਸਿਕ ਦੁੱਖ ਭੁਗਤਣਾ ਪਵੇ? ਇਸ ਤੋਂ ਵੀ ਜ਼ਿਆਦਾ ਖੁੱਲ੍ਹੇ ਰੂਪ ਵਿੱਚ ਸਵਾਲ ਕੀਤਾ ਜਾ ਸਕਦਾ ਹੈ : ਪੁਰਸ਼ ਅਤੇ ਇਸਤਰੀ ਵਿਭਚਾਰੀ ਹੁੰਦੇ ਹੀ ਕਿਉਂ ਹਨ? ਕੱਲੀਆਂ ਕਾਰੀਆਂ ਵਿਭਚਾਰ ਦੀਆਂ ਉਦਾਹਰਣਾਂ ਦੀ ਗੱਲ ਅਸੀਂ ਨਹੀਂ ਪੁੱਛ ਰਹੇ ਹਾਂ। ਅਸੀਂ ਪੁੱਛ ਰਹੇ ਹਾਂ, ਵੱਡੇ ਪੱਧਰ 'ਤੇ ਵਿਭਚਾਰ ਦੇ ਫੈਲਾਅ ਦਾ ਕਾਰਨ। ਇਸ ਫੈਲਾਅ ਦਾ ਜ਼ਿੰਦਾ ਸਬੂਤ ਯੌਨ ਰੋਗਾਂ ਤੋਂ ਬਚਾਅ ਦੀਆਂ ਹਰ ਮਹੀਨੇ 5 ਕਰੋੜ ਦਵਾਈਆਂ ਦੀ ਖਪਤ ਹੈ।

ਇਸੇ ਅਰਥ ਵਿੱਚ ਸਾਡਾ ਸਵਾਲ ਹੈ : ਲੋਕ ਪਾਪ ਕਰਦੇ ਹੀ ਕਿਉਂ ਹਨ?

ਉੱਤਰ ਵਿੱਚ ਸਾਨੂੰ ਕਈ ਲੋਕਾਂ ਦੇ ਸੁਰ ਸੁਣਾਈ ਪੈਂਦੇ ਹਨ। ਇਹਨਾਂ ਸਾਰਿਆਂ ਲੋਕਾਂ ਦੀ ਵੱਖ-ਵੱਖ ਡਫਲੀ ਅਤੇ ਵੱਖ-ਵੱਖ ਰਾਗ ਹਨ। ਵਿਭਚਾਰ ਦਾ ਕਾਰਨ ਇੱਕ ਸੁਰ ਕਹਿੰਦਾ ਹੈ ਇਹ ਹੈ ਕਿ ਲੋਕ ਆਤਮਾ ਦੀ ਆਵਾਜ਼ ਨੂੰ ਨਹੀਂ ਸੁਣਦੇ। ਤਾਂ ਕੀ ਅਸੀਂ ਉਸ ਸਮੇਂ ਤੱਕ ਹੱਥ 'ਤੇ ਹੱਥ ਧਰੇ ਬੈਠੇ ਰਹੀਏ ਜਦੋਂ ਤੱਕ ਵਿਗਿਆਨ ਕੋਈ ਅਜਿਹੀ ਧੁਨੀ ਪ੍ਰਸਾਰਕ ਮਸ਼ੀਨ ਖੋਜ ਦੇਵੇ ਜਿਸ ਨਾਲ਼ ਇਹ ਬਰੀਕ ਆਵਾਜ਼ ਉੱਚੀ ਹੋ ਕੇ ਸੁਣਾਈ ਦੇਣ ਲੱਗੇ? ਨਹੀਂ, ਇਹ ਤਾਂ ਪਰਮ ਪਿਤਾ ਦੇ ਮਹਾਤਮ ਨੂੰ ਘੱਟ ਕਰਕੇ ਅੰਗਣਾ ਹੋਵੇਗਾ, ਦੂਸਰਾ ਸੁਰ ਕਹਿੰਦਾ ਹੈ, ਕਿਉਂਕਿ ਰੱਬ ਹੀ ਦੱਸ ਸਕਦਾ ਹੈ ਕਿ ਕੀ ਚੰਗਾ ਹੈ ਅਤੇ ਕੀ ਮਾੜਾ ਹੈ। ਪਰ ਖੇਦ ਹੈ ਕਿ ਜਗੀਰੂ ਯੁੱਗ ਵਿੱਚ ਕਰੋੜਾਂ ਲੋਕਾਂ ਨੂੰ ਉਹਨਾਂ ਦੇ ਧਾਰਮਿਕ ਆਗੂ ਸਮਝਾ ਚੁੱਕੇ ਸਨ : ਇਸਤਰੀਆਂ ਜੇਕਰ ਵੇਸ਼ਵਾਗਮਨੀ ਗ੍ਰਹਿਣ ਕਰਦੀਆਂ ਹਨ ਤਾਂ ਕੋਈ ਹਾਨੀ ਨਹੀਂ; ਹਾਂ ਜੇਕਰ ਭਲੀਆਂ ਇਸਤਰੀਆਂ ਪਿਆਰ ਕਰਨਾ ਸ਼ੁਰੂ ਕਰਨ ਤਾਂ ਇਹ ਜ਼ਰੂਰ ਨਾ ਮਾਫੀ ਯੋਗ ਹੋਵੇਗਾ।

ਤਾਂ ਕੀ ਜਿਵੇਂ ਜਿਵੇਂ ਮਨੁੱਖ ਆਪਣੇ ਸਮਾਜਿਕ ਢਾਂਚੇ ਨੂੰ ਬਦਲਦੇ ਹਨ, ਉਵੇਂ ਉਵੇਂ ਪਰਮ ਪਿਤਾ ਪਰਮਾਤਮਾ ਦੇ ਪਾਪ ਪੁੰਨ ਨਿਯਮਾਂ ਵਿੱਚ ਵੀ ਰਦੋ-ਬਦਲ ਹੋਇਆ ਕਰਦਾ ਹੈ?

ਇਸ ਗੱਲ ਨੂੰ ਬੇਅਦਬੀ ਭਰੀ ਸਮਝ ਕੇ ਦੂਸਰੇ ਸਿਧਾਂਤਕਾਰ ਅਤੇ ਦਾਰਸ਼ਨਿਕ ਸਾਨੂੰ ਚੇਤਾਵਨੀ ਦਿੰਦੇ ਹਨ : ਬਗਲੇ ਭਗਤਾਂ ਦੀਆਂ ਗੱਲਾਂ ਵਿੱਚ ਵਿਸ਼ਵਾਸ ਨਾ ਕਰੋ। ਸੱਚੇ ਭਗਤ ਤਾਂ ਅਸੀਂ ਹਾਂ। ਸਾਡੀ ਗੱਲ ਮੰਨੋ ਅਤੇ ਰੱਬ ਲਈ ਸਿੱਧੀਆਂ ਪੁੱਠੀਆਂ ਗੱਲਾਂ ਜ਼ੁਬਾਨ 'ਤੇ

ਨਾ ਲਿਆਉ। ਇਸ ਤਰ੍ਹਾਂ ਦੇ ਤਰਕਾਂ ਅਤੇ ਉਹਨਾਂ ਦੇ ਜਵਾਬਾਂ ਨਾਲ਼ ਕਿਤਾਬ ਦੇ ਪੰਨਿਆਂ ਦੇ ਪੰਨੇ ਭਰੇ ਜਾਣਗੇ। ਮੱਧ ਯੁੱਗ ਦੇ ਵੱਡੇ-ਵੱਡੇ ਖੱਬੀਖਾਨ ਵਿਦਵਾਨ ਅਨੋਖੀ ਗੰਭੀਰਤਾ ਨਾਲ ਇਸ ਸਵਾਲ ’ਤੇ ਬਹਿਸ ਕਰਿਆਂ ਕਰਦੇ ਸਨ : ਇੱਕ ਸੂਈ ਦੀ ਨੋਕ ’ਤੇ ਖੁਦਾ ਨੇ ਕਿੰਨੇ ਫਰਿਸਤੇ ਖੜ੍ਹੇ ਹੋ ਸਕਦੇ ਹਨ ?

ਅਤੇ ਹੁਣ ਸਾਡੇ ਦਾਰਸ਼ਨਿਕ — ਇੱਥੋਂ ਤੱਕ ਕਿ ਕਈ ਵਿਗਿਆਨਕ ਵੀ — ਇਹ ਸਵਾਲ ਪੁੱਛਦੇ ਨਹੀਂ ਥੱਕਦੇ ਕਿ ਮਨੁੱਖ ਵਿੱਚ ਪਾਪ ਦੀ ਪ੍ਰਵਿਰਤੀ ਹੁੰਦੀ ਹੀ ਕਿਉਂ ਹੈ ?

ਮੱਧ ਯੁੱਗ ਦੀਆਂ ਬਹਿਸਾਂ ਦਿਲਚਸਪ ਅਤੇ ਲਾਭਦਾਇਕ ਹੋ ਸਕਦੀਆਂ ਹਨ ? ਸੰਭਵ ਹੈ ਇਨ੍ਹਾਂ ਬਹਿਸਾਂ ਦੇ ਸਿੱਟੇ ਵਜੋਂ ਅੰਦਾਜ਼ਾਂ ਲਗਾਇਆ ਗਿਆ ਹੋਵੇ ਕਿ ਕੀ ਮਨੁੱਖ ਵੀ ਉੱਡ ਸਕਦੇ ਹਨ ! ਇਸ ਦਾ ਵੀ ਤਖਮੀਨਾ ਲਗਾਇਆ ਗਿਆ ਹੋਵੇਗਾ ਕਿ ਫਰਿਸ਼ਤੇ ਕਿੰਨੀ ਮੁਸ਼ਕਿਲ ਨਾਲ਼ ਸੂਈ ਦੀ ਨੋਕ ’ਤੇ ਉਤਰਦੇ ਹੋਣਗੇ; ਅਤੇ ਉਤਰ ਵੀ ਆਉਂਦੇ ਹੋਣਗੇ ਤਾਂ ਫਿਰ ਦੁਆਰਾ ਕਿਵੇਂ ਉੱਡਦੇ ਹੋਣਗੇ। ਇਹ ਵੀ ਸੋਚਿਆ ਜਾ ਸਕਦਾ ਹੈ ਕਿ ਉਹਨਾਂ ਬਹਿਸਾਂ ਤੋਂ ਪ੍ਰਤੀਬਿੰਬਾਂ ਦੇ ਫੈਲਣ ਅਤੇ ਸੁੰਗੜਣ ਦੇ ਹਾਨੀ-ਲਾਭਾ ਅਤੇ ਅਜਿਹੀ ਹੀ ਦੂਸਰੀਆਂ ਕੰਮ-ਕਾਜੂ ਗੱਲਾਂ ਦਾ ਅੰਦਾਜ਼ਾ ਲਗਾਇਆ ਗਿਆ ਹੋਵੇਗਾ।

ਪਰ ਵਿਭਚਾਰ ਅਤੇ ਸੈਕਸ-ਰੋਗਾਂ ਬਾਰੇ ਇਸ ਤਰ੍ਹਾਂ ਦੀਆਂ ਦਿਲਚਸਪੀ ਦੀਆਂ ਗੱਲਾਂ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਜੇਕਰ ਤੁਸੀਂ ਪਾਦਰੀ ਜਾਂ ਡਾਕਟਰ ਜਾਂ ਵਕੀਲ ਹੋ — ਖਾਸ ਕਰਕੇ ਜੇ ਤੁਸੀਂ ਕਿਸੇ ਦੇ ਪਿਤਾ ਜਾਂ ਮਾਤਾ ਹੋ — ਤਾਂ ਤੁਹਾਡਾ ਕਰਤੱਵ ਹੈ ਕਿ ਆਪਣੇ ਦੇਸ਼ ਦੀਆਂ ਘਟਨਾਵਾਂ ਦਾ ਅਧਿਐਨ ਕਰੋ ਅਤੇ ਦੇਖੋ ਕਿ ਉਹ ਦੇਸ਼ ਨੂੰ ਕਿਸ ਪਾਸੇ ਲੈ ਜਾ ਰਹੀਆਂ ਹਨ।

ਅੱਜ ਸਾਡੇ ਇੱਥੇ ਵੱਡੇ ਪੱਧਰ ’ਤੇ ਜੋ ਇੱਕ ਅਜੀਬ ਤਰ੍ਹਾਂ ਦੀ ਮਾਨਸਿਕ ਬਿਮਾਰੀ ਫੈਲੀ ਹੈ ਉਸ ਦਾ ਕਾਰਨ ਸ਼ਰਾਬਖੋਰੀ ਹੈ। ਇਹ ਨੂੰ ਰੋਕਣ ਲਈ ਕੀ ਕੀਤਾ ਜਾ ਰਿਹਾ ਹੈ ? ਬਿਲਕੁੱਲ ਕੁੱਝ ਨਹੀਂ। ਸ਼ਰਾਬਖੋਰੀ ਦਾ ਵਿਆਪਕ ਰੋਗ ਸਾਡੀ ਸਰਕਾਰ ਲਈ ਬੇਹੱਦ ਮੁਨਾਫੇ ਦਾ ਸਾਧਨ ਬਣਿਆ ਹੋਇਆ ਹੈ।

ਇਸ ਮਹਾਂਦੀਪ ’ਤੇ ਜੰਗ ਦੀ ਉੱਥਲ-ਪੁਥਲ ਮੱਚਣ ਤੋਂ ਪਹਿਲਾਂ ਸਾਡੇ ਇੱਥੇ ਹਰ 5 ਬੱਚਿਆਂ ਵਿੱਚੋਂ 2 ਦੀ ਭਰੂਣ-ਹੱਤਿਆ ਹੋ ਰਹੀ ਸੀ। ਸਾਰੇ ਡਾਕਟਰ ਪ੍ਰਵਾਨ ਕਰਨਗੇ ਕਿ ਭਰੂਣ-ਹੱਤਿਆਵਾਂ ਦੀ ਦਰ ਹੁਣ ਹੋਰ ਵੀ ਉੱਚੀ ਹੋ ਰਹੀ ਸੀ। ਇਸ ਹੱਤਿਆਵਾਂ ਦੀ ਭਿਆਨਕਤਾ ਦਾ ਅੰਦਾਜ਼ਾਂ ਲਗਾ ਸਕਣਾ ਔਖਾ ਹੈ। ਇਸ ਵੇਲੇ ਵੀ, ਇੱਧਰ ਤੁਸੀਂ ਇਸ ਸਤਰ ਨੂੰ ਪੜ੍ਹ ਰਹੇ ਹੋ ਅਤੇ ਉੱਧਰ ਕੋਈ ਭਰੂਣ-ਹੱਤਿਆ ਦੇ ਕੰਮ ਵਿੱਚ ਰੁੱਝਿਆ ਹੈ। ਨਾਜ਼ੀ ਜ਼ਾਬਰ ਵੀ ਉੰਨੇ ਯੂਰਪੀ ਬੱਚਿਆਂ ਦੀ ਹੱਤਿਆ ਨਹੀਂ ਕਰ ਸਕੇ ਸਨ ਜਿੰਨੇ ਬੱਚੇ ਹੁਣ ਸਾਡੇ ਦੇਸ਼ਾਂ ਵਿੱਚ ਗੁਪਤ ਰੋਗ ਨਾਲ਼ ਮਾਰੇ ਜਾ ਰਹੇ ਹਨ।

ਇੰਨਾ ਹੀ ਨਹੀਂ। ਡਾ. ਐਲਬਰਟ ਐੱਲ. ਡੁਨ — ਅਮਰੀਕੀ ਮਰਦਮਸ਼ੁਮਾਰੀ ਬਿਊਰੋ ਦੇ ਵਾਈਟਲ ਸਟੈਟਿਸਿਟਕਸ ਡਿਵੀਜਨ ਦੇ ਮੁਖੀ ਨੇ ਹੁਣੇ ਹੀ ਵਿੱਚ ਦੱਸਿਆ ਹੈ ਕਿ ਅਮਰੀਕਾ ਵਿੱਚ ਪੈਦਾ ਹੋਣ ਵਾਲਾ ਹਰੇਕ 12ਵਾਂ ਬੱਚਾ ਨਜ਼ਾਇਜ਼ ਔਲਾਦ ਹੁੰਦਾ ਹੈ। ਇਸ

ਦਾ ਅਰਥ ਹੈ ਕਿ ਹਰ ਸਾਲ ਪ੍ਰਾਇਮਰੀ ਸਕੂਲਾਂ ਵਿਚ ਭਰਤੀ ਹੋਣ ਵਾਲ਼ੇ ਲਗਭਗ 1,70,000 ਬੱਚੇ ਆਪਣੇ ਪਿਤਾ ਦਾ ਨਾਮ ਨਹੀਂ ਦੱਸ ਸਕਦੇ। ਕਾਨੂੰਨੀ ਤੌਰ 'ਤੇ ਉਹ "ਬਿਨਾਂ ਪਿਤਾ ਦੇ ਬੱਚੇ ਹੁੰਦੇ ਹਨ।" ਕਾਨੂੰਨੀ ਤੌਰ 'ਤੇ ਉਹਨਾਂ ਦਾ ਕੋਈ ਪਰਿਵਾਰ ਨਹੀਂ ਹੁੰਦਾ। ਜ਼ਿੰਦਗੀ ਦੇ ਹਰ ਪੜਾਅ 'ਤੇ ਸ਼ਰਮ ਅਤੇ ਬਦਨਾਮੀ ਨਾਲ਼ ਉਹਨਾਂ ਦਾ ਮੁਕਾਬਲਾ ਹੁੰਦਾ ਹੈ। ਇਹਨਾਂ ਬਦਕਿਸਮਤ ਬੇਗੁਨਾਹ ਬੱਚਿਆਂ ਦੀ ਫੌਜ ਦਿਨੋ ਦਿਨ ਵਧਦੀ ਜਾ ਰਹੀ ਹੈ। ਪਰ ਉਹਨਾਂ ਦੀ ਹਾਲਤ ਇੰਨੀ ਤਰਸਯੋਗ ਹੈ ਕਿ ਡਾ. ਡ੍ਰਨ ਨੂੰ ਇਸ ਗੱਲ ਦੀ ਅਪੀਲ ਕਰਨੀ ਪਈ ਕਿ ਉਹਨਾਂ ਦੇ ਜਨਮ ਸਬੰਧੀ ਸਰਟੀਫਿਕੇਟ ਸਮਾਜ ਸਾਹਮਣੇ ਪੇਸ਼ ਨਾ ਕੀਤੇ ਜਾਣ ਅਤੇ ਇਸ ਦੇ ਲਈ ਕਾਨੂੰਨੀ ਕਦਮ ਚੁੱਕਿਆ ਜਾਵੇ। ਨਾਲ਼ ਹੀ, ਉਹਨਾਂ ਨੇ ਇਹ ਵੀ ਕਹਿ ਦਿੱਤਾ ਕਿ ਮੌਜੂਦਾ ਹਾਲਤ ਵਿੱਚ ਇਹਨਾਂ "ਬਿਨਾਂ ਪਿਤਾ ਦੀਆਂ ਔਲਾਦਾਂ" ਦੀ ਸੰਖਿਆ ਨੂੰ ਘੱਟ ਕਰ ਸਕਣਾ ਅਸੰਭਵ ਹੈ।

ਸਾਡੇ ਇੱਥੇ ਤਲਾਕਾਂ ਦੀ ਦਰ ਇੰਨੀ ਤੇਜ਼ੀ ਨਾਲ਼ ਵਧ ਰਹੀ ਹੈ ਕਿ ਲੱਖਾਂ ਲੋਕ ਜਾਂ ਤਾਂ ਕਿਸੇ ਦੂਸਰੇ ਦੀ ਪਹਿਲੀ ਪਤਨੀ ਨਾਲ਼ ਜਾਂ ਦੂਸਰੀ ਦੇ ਪਹਿਲੇ ਪਤੀ ਨਾਲ਼ ਵਿਆਹੇ ਹਨ। ਲੱਖਾਂ ਕਰੋੜਾਂ ਬੱਚਿਆਂ 'ਤੇ ਵੀ ਇਸ ਹਾਲਤ ਦਾ ਬੁਰਾ ਅਸਰ ਪੈ ਰਿਹਾ ਹੈ। ਉਹਨਾਂ ਨੇ ਆਪਣੇ ਸੱਚੇ ਮਾਤਾ-ਪਿਤਾ ਦਾ ਪਿਆਰ ਨਹੀਂ ਮਿਲ ਰਿਹਾ। ਗਿਰਜਾਘਰਾਂ ਦੇ ਮਹੰਤ ਅਤੇ ਪਾਦਰੀ ਤਲਾਕਾਂ ਦੇ ਕੱਟੜ ਵਿਰੋਧੀ ਬਣੇ ਹੋਏ ਹਨ; ਪਰ ਤਲਾਕਾਂ ਦੇ ਵਾਧੇ ਨੂੰ ਰੋਕਣ ਵਿੱਚ ਉਹਨਾਂ ਦੀ ਇੱਕ ਨਹੀਂ ਚੱਲ ਸਕਦੀ। ਕਾਨੂੰਨ ਤਾਂ ਤਲਾਕਾਂ ਲਈ ਹੋਰ ਵੀ ਉਦਾਰ ਨਿਯਮਾਂ ਦੀ ਮੰਗ ਕਰ ਰਿਹਾ ਹੈ। ਕਾਨੂੰਨੀ ਵਿਆਹਾਂ ਦੀ ਇੱਜ਼ਤ ਨੂੰ ਬਰਕਰਾਰ ਰੱਖਣ ਦਾ ਕਾਨੂੰਨੀ-ਮਾਹਿਰ ਇਹੀ ਇੱਕ ਉਪਾਅ ਦੇਖ ਰਹੇ ਹਨ।

ਉੱਧਰ ਡਾਕਟਰੀ ਖੋਜਾਂ ਦਾ ਉਦੇਸ਼ ਇਹ ਬਣਿਆ ਜਾ ਰਿਹਾ ਹੈ ਕਿ ਅਜਿਹੇ ਨੁਸਖੇ ਅਤੇ ਅਜਿਹੀਆਂ ਦਵਾਈਆਂ ਤਿਆਰ ਕੀਤੀਆਂ ਜਾਣ ਜਿਨ੍ਹਾਂ ਨਾਲ਼ ਵਿਭਚਾਰ ਦੌਰਾਨ ਵਧ ਤੋਂ ਵੱਧ ਸੁੱਖ ਭੋਗਿਆਂ ਜਾ ਸਕੇ; ਨਾਲ਼ ਹੀ ਨਾ ਤਾਂ ਕੋਈ ਬਿਮਾਰੀ ਲੱਗ ਸਕੇ ਅਤੇ ਨਾ ਬੱਚੇ ਪੈਦਾ ਹੋਣ।

ਸੈਕਸ-ਰੋਗਾਂ, ਸ਼ਰਾਬਖੋਰੀ, ਨਜ਼ਾਇਜ਼ ਔਲਾਦਾਂ, ਭਰੂਣ-ਹੱਤਿਆਵਾਂ, ਤਲਾਕਾਂ, ਅਪਰਾਧਾਂ ਵਿੱਚ ਦਿਨ-ਦੁੱਗਣਾ ਰਾਤ ਚੌਗਣਾ ਵਾਧਾ ਹੋ ਰਿਹਾ ਹੈ। ਭਿਆਨਕ ਨਿਘਾਰ ਦੇ ਕਿਨਾਰੇ 'ਤੇ ਅਸੀਂ ਖੜ੍ਹੇ ਹੋਏ ਹਾਂ ਅਤੇ ਚੌਤਰਫੀ ਅਨੈਤਿਕਤਾ ਦਾ ਦੈਂਤ ਮੂੰਹ ਅੱਡੀ ਸਾਨੂੰ ਨਿਗਲਣ ਨੂੰ ਤਿਆਰ ਹੈ।

ਉੱਪਰ ਕਹੀਆਂ ਗੱਲਾਂ ਨੂੰ ਅਮਰੀਕਾ ਦੀ ਅੱਜ ਦੀ ਹਾਲਤ ਨੇ ਸਿੱਧ ਵੀ ਕਰ ਦਿੱਤਾ ਹੈ। 1951-52 ਵਿੱਚ ਵਾਸ਼ਿੰਗਟਨ ਬਦਨਾਮੀ ਦੀਆਂ ਗੱਲਾਂ ਨਾਲ਼ ਹਿੱਲ ਉੱਠਿਆ ਸੀ। ਹਾਲਤ ਇੱਥੋ ਤੱਕ ਨਾਜ਼ੁਕ ਹੋ ਗਈ ਸੀ ਕਿ ਨਵੰਬਰ 1951 ਵਿੱਚ ਅਮਰੀਕਾ ਦੇ ਰੋਮਨ ਕੈਥੋਲਿਕ ਪਾਦਰੀਆਂ ਨੂੰ ਇੱਕ ਖੁੱਲ੍ਹਾ ਬਿਆਨ ਜਾਰੀ ਕਰਨਾ ਪਿਆ। ਲੋਕਾਂ ਦੇ ਨਾਮ ਇਸ ਚੇਤਾਵਨੀ ਵਿੱਚ ਉਹਨਾਂ ਨੂੰ ਖਬਰਦਾਰ ਕੀਤਾ ਕਿ ਅਮਰੀਕਾ ਨੈਤਿਕ ਪਤਣ ਦੀ ਉਸੇ ਬੁਰੀ ਹਾਲਤ ਵਿੱਚ ਪਹੁੰਚ ਗਿਆ ਹੈ ਜਿਸ ਦੇ ਕਾਰਨ ਪ੍ਰਾਚੀਨ ਰੋਮ ਦਾ ਪਤਣ ਹੋਇਆ ਸੀ।

**ਯੂ. ਐੱਸ. ਨਿਊਜ਼** ਨਾਮਕ ਅਮਰੀਕੀ ਮੈਗਜ਼ੀਨ ਨੇ ਉਸੇ ਹਫਤੇ ਦੱਸਿਆ ਕਿ "ਦੇਸ਼ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਦੀ... ਹਾਲਤ ਦੱਸਦੀ ਹੈ ਕਿ ਅਮਰੀਕਾ ਦਾ ਨੈਤਿਕ ਢਾਂਚਾ ਕਮਜ਼ੋਰ ਹੁੰਦਾ ਜਾ ਰਿਹਾ ਹੈ।" ਕਾਲਮ ਲੇਖਿਕਾ ਡੋਰੋਥੀ ਥੌਮਪਸਨ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ : "ਸਰਕਾਰ ਅੰਦਰ ਭ੍ਰਿਸ਼ਟਾਚਾਰ ਦੀ ਮੌਜੂਦਗੀ ਨਵੀਂ ਚੀਜ਼ ਨਹੀਂ ਹੈ। ...ਪਰ ਖਾਸ ਗੱਲ ਇਹ ਹੈ ਕਿ ਹੁਣ ਇਹ ਭ੍ਰਿਸ਼ਟਾਚਾਰ ਉੱਪਰ ਤੋਂ ਹੇਠਾਂ ਤੱਕ ਹਰ ਜਗ੍ਹਾ ਫੈਲ ਗਿਆ ਹੈ।"

ਅਮਰੀਕਾ ਵਿੱਚ ਜੋ ਰਵੱਈਆ ਹੈ ਉਹਦੀ ਰੂਸ ਨਾਲ਼ ਤੁਲਨਾ ਕਰਨ ਨਾਲ਼ ਦਿਲ ਵਿੱਚ ਬੜੀ ਗਿਲਾਨੀ ਹੁੰਦੀ ਹੈ। ਉੱਥੇ ਇਤਿਹਾਸ ਵਿੱਚ ਪਹਿਲੀ ਵਾਰ ਲੱਖਾਂ-ਕਰੋੜਾਂ ਇਨਸਾਨਾਂ ਨੇ ਇਹ ਸਮਝਿਆ ਅਤੇ ਸਿੱਖਿਆ ਹੈ ਕਿ ਪਾਪ ਕੋਈ ਰਾਖਸੀ ਦੇਣ ਨਹੀਂ। ਉਹਨਾਂ ਨੇ ਸਮਝਿਆ ਹੈ ਕਿ ਇਹ ਇੱਕ ਸਮਾਜਿਕ ਬੁਰਾਈ ਹੈ ਜੋ ਆਸਾਨੀ ਨਾਲ਼ ਸਮਝ ਵਿੱਚ ਆਉਣ ਵਾਲੇ ਵਿਗਿਆਨਕ ਢੰਗਾਂ ਨਾਲ ਦੂਰ ਕੀਤੀ ਜਾ ਸਕਦੀ ਹੈ। ਇਸ ਸਮਝਦਾਰੀ ਦੇ ਸਿੱਟੇ ਵਜੋਂ ਹੀ ਸੋਵੀਅਤ ਰੂਸ ਦੇ ਲੋਕ ਭਿਆਨਕ ਤੋਂ ਭਿਆਨਕ ਅਨੈਤਿਕਤਾ ਨੂੰ ਖਤਮ ਕਰਨ ਵਿੱਚ ਕਾਮਯਾਬ ਹੋਏ ਹਨ। ਦੁਨੀਆਂ ਵਿੱਚ ਸੋਵੀਅਤ ਰੂਸ ਹੀ ਇੱਕ ਅਜਿਹਾ ਦੇਸ਼ ਹੈ ਜਿੱਥੋਂ ਵੇਸ਼ਵਾਗਮਨੀ ਨੂੰ ਇਕਦਮ ਚੁੱਕ ਦਿੱਤਾ ਗਿਆ ਹੈ। ਇੰਝ, ਉਹਨਾਂ ਨੇ ਉਹ ਕਰ ਵਿਖਾਇਆ ਹੈ ਜਿਹਨੂੰ ਸਾਡੇ ਦਾਰਸ਼ਨਿਕ, ਪਾਦਰੀ ਅਤੇ ਡਾਕਟਰ ਅਸੰਭਵ ਸਮਝਦੇ ਹਨ।

ਦੁਨੀਆਂ ਦੇ ਅਤੇ ਕਿਸੇ ਹੋਰ ਦੇਸ਼ ਵਿੱਚ ਜੇਲ੍ਹਾਂ ਅਤੇ ਸੁਧਾਰ ਕੇਂਦਰਾਂ ਨੂੰ ਬੰਦ ਨਹੀਂ ਕੀਤਾ ਜਾ ਰਿਹਾ ਹੈ। ਸੋਵੀਅਤ ਰੂਸ ਹੀ ਅਜਿਹਾ ਦੇਸ਼ ਹੈ ਜਿੱਥੋਂ ਗਰਭਪਾਤ ਬਨਾਮ ਬੱਚਿਆਂ ਦੀ ਹੱਤਿਆਵਾਂ ਨੂੰ ਬੰਦ ਕੀਤਾ ਜਾ ਰਿਹਾ ਹੈ, ਜਿੱਥੇ ਤਲਾਕਾਂ ਦੀ ਸੰਖਿਆ ਵਿੱਚ ਤੇਜ਼ੀ ਨਾਲ਼ ਕਮੀ ਹੋ ਰਹੀ ਹੈ।

ਇੱਕ ਗੱਲ ਜ਼ਰੂਰ ਹੈ। ਨੈਤਿਕ ਸੁਧਾਰ ਲਈ ਸੋਵੀਅਤ ਰੂਸ ਦੀ ਉਦਾਹਰਣ ਤੋਂ ਸਿਖਣ ਦੀ ਗੱਲ ਬਹੁਤ ਲੋਕਾਂ ਨੂੰ ਹਜ਼ਮ ਨਹੀਂ ਹੁੰਦੀ। ਇਹ ਲੋਕ ਅਮਰੀਕਾ ਦੇ ਇਸ ਪ੍ਰਚਾਰ ਦੇ ਪੂਰੀ ਤਰ੍ਹਾਂ ਸ਼ਿਕਾਰ ਬਣ ਚੁੱਕੇ ਹਨ ਕਿ ਦੁਨੀਆਂ ਵਿੱਚ ਸਭ ਤੋਂ ਚੰਗੀ ਸੱਭਿਅਤਾ "ਅਮਰੀਕੀ ਸੱਭਿਅਤਾ" ਹੈ। ਇੰਝ ਪੂੰਜੀਵਾਦੀ ਦੇਸ਼ਾਂ ਦੇ ਲੱਖਾਂ ਕਰੋੜਾਂ ਇਨਸਾਨਾਂ ਦੀਆਂ ਅੱਖਾਂ 'ਤੇ ਪੱਟੀ ਬੰਨ੍ਹ ਦਿੱਤੀ ਗਈ ਹੈ ਤਾਂ ਕਿ ਉਹ ਬੁਨਿਆਦੀ ਸੱਚਾਈ ਨੂੰ ਦੇਖ ਨਾ ਸਕਣ। ਇਸ ਸੱਚਾਈ ਦੇ ਇੱਕ ਪੱਖ ਨੂੰ ਇੱਕ ਕੈਥੋਲਿਕ ਵਿਚਾਰਕ ਨੇ ਹੁਣੇ ਜਿਹੇ ਹੀ ਪੇਸ਼ ਵੀ ਕੀਤਾ ਸੀ। ਇਹਨਾਂ ਦਾ ਨਾਮ ਹੈ ਕਾਉਂਟ ਮਾਈਕਲ ਦੇ ਲਾ ਬਿਦੋਯੇਰ ਅਤੇ **ਕੈਥੋਲਿਕ ਰਿਕਾਰਡ** ਨਾਮਕ ਅੰਗਰੇਜ਼ੀ ਅਖਬਾਰ ਦੇ ਉਹ ਸੰਪਾਦਕ ਹਨ।

ਉਹਨਾਂ ਨੇ ਪੁੱਛਿਆ ਹੈ : "ਅੱਜ ਦੇ ਸਭ ਤੋਂ ਵੱਡੇ ਨਿਘਾਰ ਦੇ ਸਾਹਮਣੇ ਈਸਾਈ ਧਰਮ ਦੀ ਵੁੱਕਤ ਹੀ ਕੀ ਹੈ ?" ਦੁਖੀ ਹੋ ਕੇ ਉਹ ਕਹਿੰਦੇ ਹਨ, "ਜਿਵੇਂ ਵੀ ਹੋਵੇ ਸਾਨੂੰ ਨਵੀਨ ਸੱਚ ਨੂੰ ਦੇਖਣਾ ਚਾਹੀਦਾ ਹੈ ਅਤੇ ਲੋਕਾਂ ਵਿੱਚ ਨਵਾਂ ਉਤਸ਼ਾਹ ਜਗਾਉਣਾ ਚਾਹੀਦਾ ਹੈ।" ਬਾਅਦ ਵਿੱਚ ਉਹਨਾਂ ਨੇ ਕਿਹਾ ਹੈ "ਜੇ ਈਸਾਈ ਧਰਮ ਇਹ ਉਤਸ਼ਾਹ ਨਹੀਂ ਜਗਾ ਸਕਿਆ, ਤਾਂ ਕਮਿਊਨਿਜ਼ਮ ਲੋਕਾਂ ਨੂੰ ਆਪਣੇ ਨਾਲ਼ ਵਹਾ ਲੈ ਜਾਵੇਗਾ। ...ਮਾਸਕੋ ਦਾ ਖਿਚ ਕੇਂਦਰ

ਪੋਪ ਜਾਂ ਕੈਂਟਰਬਰੀ ਦੇ ਪਾਦਰੀ ਤੋਂ ਕਿਤੇ ਜ਼ਿਆਦਾ ਤਾਕਤਵਰ ਸਿੱਧ ਹੋ ਰਿਹਾ ਹੈ।"

ਇੱਕ ਰੋਮਨ ਕੈਥੋਲਿਕ ਦੇ ਮੂੰਹੋ ਇਹ ਗੱਲ ਸੁਣ ਕੇ ਸੱਚਮੁੱਚ ਹੈਰਾਨੀ ਹੁੰਦੀ ਹੈ। ਪਰ ਉਸ ਦੀ ਗੱਲ ਵਿੱਚ ਅਤਕਥਨੀ ਨਹੀਂ ਹੈ। ਉਹਨੇ ਸੱਚਾਈ ਨੂੰ ਠੇਠ ਰੂਪ ਵਿੱਚ ਪੇਸ਼ ਕਰ ਦਿੱਤਾ ਹੈ।

1946 ਦੇ ਬਾਅਦ ਦੀ ਦੁਨੀਆਂ ਵਿੱਚ ਕੀ-ਕੀ ਤਬਦੀਲੀਆਂ ਹੋਈਆਂ ਹਨ ? ਇਸ ਸਮੇਂ ਤੋਂ ਅਮਰੀਕਾ, ਗ੍ਰੇਟ ਬ੍ਰਿਟੇਨ, ਕਨੇਡਾ ਅਤੇ ਦੁਨੀਆਂ ਦੇ ਦੂਸਰੇ ਅੱਗੇ ਵਧੇ ਦੇਸ਼ਾਂ ਵਿੱਚ ਜੰਗ ਲਈ ਜੀਅਤੋੜ ਤਿਆਰੀਆਂ ਸ਼ੁਰੂ ਹੋ ਚੁੱਕੀਆਂ ਸਨ। 1946 ਦੇ ਬਾਅਦ ਹੋਇਆ ਇਹ ਕਿ ਸੋਵੀਅਤ ਰੂਸ ਦੀ ਇੱਜ਼ਤ ਘਟਣ ਦੀ ਬਜਾਏ ਦੁਨੀਆਂ ਦੇ ਲੱਖਾਂ-ਲੱਖ ਇਨਸਾਨਾਂ ਦੀ ਨਜ਼ਰ ਵਿੱਚ ਹੋਰ ਵੀ ਵੱਧ ਗਈ।

ਹੁਣ ਇਸ ਕਿਤਾਬ ਦਾ ਹਿੰਦੀ ਐਡੀਸ਼ਨ ਛਪ ਰਿਹਾ ਹੈ। ਇਸ ਵੇਲੇ ਮੇਰੇ ਤੋਂ ਏਸ਼ੀਆ ਵਿੱਚ ਹੋਣ ਵਾਲੀਆਂ ਨਵੀਨ ਮਹਾਨ ਤਬਦੀਲੀਆਂ ਦਾ ਜ਼ਿਕਰ ਕਰਨ ਦੇ ਲੋਭ ਤੋਂ ਬਚਿਆ ਨਹੀਂ ਜਾ ਰਿਹਾ। ਏਸ਼ੀਆ ਵਿੱਚ ਬਦਲਾਅ ਇੰਨੀ ਤੇਜ਼ੀ ਨਾਲ਼ ਹੋ ਰਹੇ ਹਨ ਕਿ ਅੱਜ ਕਹੀ ਗੱਲ ਦੇ ਕੱਲ੍ਹ ਪੁਰਾਣੇ ਪੈ ਜਾਣ ਦੀ ਸੰਭਾਵਨਾ ਮੌਜੂਦ ਹੈ। ਇਸ ਕਿਤਾਬ ਵਿੱਚ ਮੈਂ ਦੋ ਹੀ ਦੇਸ਼ਾਂ ਦਾ ਜ਼ਿਕਰ ਕਰਕੇ ਸਬਰ ਕਰ ਲਵਾਂਗਾ। ਆਪਣੇ ਵਿਕਾਸ-ਪੱਧਰ ਵਿੱਚ, ਆਪਣੇ ਇਤਿਹਾਸ ਵਿੱਚ ਅਤੇ ਆਪਣੇ-ਆਪਣੇ ਰੀਤੀ-ਰਿਵਾਜਾਂ ਵਿੱਚ ਇਹਨਾਂ ਦੋਵਾਂ ਦੇਸ਼ਾਂ ਵਿੱਚ ਸੱਚਮੁੱਚ "ਜ਼ਮੀਨ ਆਸਮਾਨ ਦਾ ਫਰਕ" ਹੈ।

ਚੇਕੋਸਲੋਵਾਕੀਆ ਹਰ ਨਜ਼ਰੀਏ ਤੋਂ "ਪੱਛਮੀ" ਦੇਸ਼ ਹੈ। ਉੱਥੇ ਜਮਹੂਰੀ ਪਰੰਪਰਾ ਸਦਾ ਤੋਂ ਚੱਲੀ ਆਈ ਹੈ। ਚੇਕੋਸਲੋਵਾਕੀਆ ਨੇ ਜਦੋਂ ਤੋਂ ਸਮਾਜਵਾਦ ਦੇ ਰਾਹ 'ਤੇ ਕਦਮ ਰੱਖੇ ਅਤੇ ਸੋਵੀਅਤ ਰੂਸ ਨਾਲ਼ ਮਿੱਤਰਤਾ ਦੀ ਨੀਤੀ ਅਪਨਾਈ, ਉੱਥੇ ਦੀ ਨੈਤਿਕ-ਹਾਲਤ ਵਿੱਚ ਮਾਅਰਕੇ ਦੀ ਉੱਨਤੀ ਹੋਈ। ਪਰਿਵਾਰ ਦਾ ਪ੍ਰਬੰਧ, ਤਲਾਕ, ਮਾਵਾਂ ਅਤੇ ਬੱਚਿਆਂ ਦੀ ਖੁਸ਼ਹਾਲੀ ਲਈ ਉੱਥੇ ਸਮਾਜਵਾਦੀ ਕਾਨੂੰਨ ਪਾਸ ਕੀਤੇ ਗਏ। ਉੱਥੋਂ ਦੀਆਂ ਇਸਤਰੀਆਂ ਪੁਰਸ਼ਾਂ ਨਾਲ਼ ਸੱਚੀ ਸਮਾਨਤਾਂ ਵੱਲ ਤੇਜ਼ੀ ਨਾਲ਼ ਅੱਗੇ ਵਧੀਆਂ। ਸੋਵੀਅਤ ਰੂਸ ਵਾਂਗ ਹੀ ਇਸ ਬਦਲਾਅ ਨੇ ਚੇਕੋਸਲੋਵਾਕੀਆ ਵਿੱਚ ਵੀ ਪਰਿਵਾਰ ਦੀ ਨੀਂਹ ਨੂੰ ਮਜਬੂਤ ਬਣਾ ਦਿੱਤਾ। ਤਲਾਕਾਂ ਦੀ ਦਰ ਉੱਥੇ ਤੇਜ਼ੀ ਨਾਲ਼ ਘਟੀ। ਵਿਆਹਾਂ ਦੀ ਦਰ ਪਹਿਲਾਂ ਤੋਂ ਵੀ ਜ਼ਿਆਦਾ ਤੇਜ਼ੀ ਨਾਲ਼ ਵਧੀ। ਖਾਸ ਤੌਰ 'ਤੇ ਨੌਜਵਾਨਾਂ ਦਰਮਿਆਨ ਜਿਨ੍ਹਾਂ ਦਾ ਭਵਿੱਖ ਸੁਰੱਖਿਅਤ ਹੈ। ਮਾਵਾਂ ਅਤੇ ਬੱਚਿਆਂ ਦੀ ਖੁਸ਼ਹਾਲੀ ਲਈ ਅਤੇ ਪਰਿਵਾਰਾਂ ਨੂੰ ਮਜ਼ਬੂਤ ਬਣਾਉਣ ਲਈ ਕੌਮ ਵੱਲੋਂ ਵੱਡੀਆਂ ਰਕਮਾਂ ਖਰਚ ਕੀਤੀਆਂ ਗਈਆਂ। ਸਮਾਜਵਾਦੀ ਚੇਕੋਸਲੋਵਾਕੀਆਂ ਤੋਂ ਪਰਤ ਕੇ ਆਏ ਹੋਏ ਲੋਕ ਇੱਕ ਨਵੇਂ ਪ੍ਰਕਾਰ ਦੇ ਪਰਿਵਾਰਕ ਜੀਵਨ ਦੀਆਂ ਗੱਲਾਂ ਕਰਦੇ ਹਨ। ਇਸੇ ਤਰ੍ਹਾਂ ਦਾ ਪਰਿਵਾਰਕ ਜੀਵਨ ਆਮ ਤੌਰ 'ਤੇ ਉੱਥੇ ਦੇਖਣ ਵਿੱਚ ਆਉਂਦਾ ਹੈ। ਵਿਆਹ ਚੇਕ ਲੜਕੀਆਂ ਦੀ ਆਰਥਿਕ ਸੁਰੱਖਿਆ ਦਾ ਸਿਰਫ਼ ਸਾਧਨ ਨਹੀਂ। ਕੌਮ ਵੱਲੋ ਹਰੇਕ ਨੂੰ ਨੌਕਰੀ ਦੇਣ ਅਤੇ ਚੰਗਾ ਜੀਵਨ ਬਿਤਾਉਣ ਲਾਇਕ ਤਨਖਾਹ ਦੇਣ ਦੀ ਗਰੰਟੀ ਹੈ। ਵਿਆਹ ਦੇ ਰਸਤੇ ਵਿੱਚ ਕੋਈ ਰੁਕਾਵਟਾਂ ਨਹੀਂ ਹਨ ਅਤੇ ਬੱਚਿਆ ਨੂੰ

ਆਰਥਿਕ ਬੋਝ ਨਹੀਂ ਸਮਝਿਆ ਜਾਂਦਾ।

ਦੂਸਰਾ ਦੇਸ਼ ਹੈ ਚੀਨ — ਨਵਾਂ ਚੀਨ — ਇੱਥੇ ਤਿੰਨ ਸਾਲ ਤੋਂ ਵੀ ਘੱਟ ਸਮੇਂ ਵਿੱਚ ਇਨਕਲਾਬ ਨੇ ਲੱਖਾਂ ਕਰੋੜਾਂ ਇਸਤਰੀਆਂ ਦੇ ਜੀਵਨ ਵਿੱਚ ਵੱਡਾ ਬਦਲਾਅ ਕਰ ਦਿੱਤਾ ਹੈ। ਚੀਨ ਦੇ ਇਤਿਹਾਸ ਵਿੱਚ ਪਹਿਲੀ ਵਾਰ ਝੁੰਡ ਦੀਆਂ ਝੁੰਡ ਇਸਤਰੀਆਂ ਸਕੂਲਾਂ ਵਿੱਚ ਪੜ੍ਹਨ ਲਈ ਜਾਣ ਲੱਗੀਆਂ ਹਨ। ਸਕੂਲਾਂ ਦੇ ਦਰਵਾਜ਼ੇ ਉਨ੍ਹਾਂ ਲਈ ਖੋਲ੍ਹ ਦਿੱਤੇ ਗਏ ਹਨ। ਸਾਰੇ ਸਰਕਾਰੀ ਮਹਿਕਮਿਆਂ ਅਤੇ ਅਹੁਦਿਆਂ ’ਤੇ ਇਸਤਰੀਆਂ ਮੌਜੂਦ ਹਨ। ਸੈਂਕੜੇ-ਹਜ਼ਾਰਾਂ ਦੀ ਗਿਣਤੀ ਵਚਿੱ ਉਹ ਸਨਅਤਾਂ ਵਿੱਚ ਕੰਮ ਕਰਨ ਲਈ ਪਹੁੰਚ ਰਹੀਆਂ ਹਨ। ਪਰ ਹੁਣ ਉਹ ਉੱਥੇ ਅਨ੍ਹਪੜ ਗੁਲਾਮ ਇਸਤਰੀਆਂ ਵਾਂਗ ਭਰਤੀ ਨਹੀਂ ਕੀਤੀਆਂ ਜਾਂਦੀਆਂ! ਹੁਣ ਉਹ ਉੱਥੇ ਪਹੁੰਚ ਰਹੀਆਂ ਹਨ ਕੁਸ਼ਲ ਕਾਰੀਗਰਾਂ ਦੇ ਰੂਪ ਵਿੱਚ, ਅਤੇ ਸ਼ਾਸਨ-ਪ੍ਰਬੰਧ ਦੇ ਉੱਚੇ ਤੋਂ ਉੱਚੇ ਅਹੁਦਿਆਂ ’ਤੇ ਪਹੁੰਚਣ ਦੀਆਂ ਸੰਭਾਵਨਾਵਾਂ ਉਹਨਾਂ ਸਾਹਮਣੇ ਮੌਜੂਦ ਹਨ। ਮਾਵਾਂ ਅਤੇ ਪਤਨੀਆਂ ਦੀ ਹਾਲਤ ਵਿੱਚ ਵੱਡੀ ਉੱਨਤੀ ਹੋਈ ਹੈ। ਇਸ ਉੱਨਤੀ ਦਾ ਕਾਰਨ ਇਹ ਹੈ ਕਿ ਭੁੱਖਮਰੀ ਅਤੇ ਅਕਾਲ ਦਾ ਸਦਾ ਲਈ ਅੰਤ ਕਰ ਦਿੱਤਾ ਗਿਆ ਹੈ, ਹਸਪਤਾਲਾਂ ਅਤੇ ਆਂਗਨਵਾੜੀ ਕੇਂਦਰਾਂ ਦਾ ਸਾਰੇ ਦੇਸ਼ ਵਿੱਚ ਜਾਲ ਜਿਹਾ ਵਿਛਾ ਦਿੱਤਾ ਗਿਆ ਹੈ। ਇਸ ਉੱਨਤੀ ਦਾ ਕਾਰਨ ਇਹ ਹੈ ਕਿ ਉੱਥੇ ਕਾਨੂੰਨ ਬਣਾਏ ਗਏ ਹਨ ਅਤੇ ਇਹ ਕਾਨੂੰਨ ਸਮਾਜਵਾਦੀ ਨੈਤਿਕਤਾ ਦੇ ਸਿਧਾਂਤਾਂ ’ਤੇ ਅਧਾਰਿਤ ਹਨ। ਨਵੇਂ ਚੀਨ ਨੂੰ ਦੇਖ ਕੇ ਆਏ ਸਾਰੇ ਇਮਾਨਦਾਰ ਲੋਕ ਇਹ ਪ੍ਰਵਾਨ ਕਰਦੇ ਹਨ ਕਿ ਇਤਿਹਾਸ ਵਿੱਚ ਕਿਸੇ ਵੀ ਦੂਸਰੇ ਦੇਸ਼ ਦੀਆਂ ਇਸਤਰੀਆਂ ਨੇ ਇੰਨੀ ਤੇਜ਼ੀ ਨਾਲ਼ ਗੁਲਾਮੀ ਦੇ ਬੰਧਨ ਨਹੀਂ ਤੋੜੇ।

ਇਹੋ ਜਿਹੀ ਹਾਲਤ ਦੂਸਰੇ ਜਮਹੂਰੀ ਦੇਸ਼ਾਂ, ਜਿਵੇਂ ਹੰਗਰੀ, ਰੂਮਾਨੀਆਂ, ਵੁਲਗਾਰੀਆਂ, ਪੋਲੈਂਡ ਅਤੇ ਅਲਬਾਨੀਆਂ ਵਿੱਚ ਵੀ ਹੈ। ਦੁਨੀਆਂ ਦੇ ਬਹੁਤ ਵੱਡੇ ਭਾਗ ਵਿੱਚ ਸਮਾਜਵਾਦੀ ਨੈਤਿਕਤਾ ਦਾ ਇਹ ਇਤਿਹਾਸਕ ਵਿਕਾਸ ਸੋਵੀਅਤ ਰੂਸ ਦੇ ਗੂੜ੍ਹੇ ਸਹਿਯੋਗ ਨਾਲ ਹੋ ਰਿਹਾ ਹੈ ਅਤੇ ਸੋਵੀਅਤ ਅਨੁਭਵ ’ਤੇ ਹੀ ਇਹ ਅਧਾਰਿਤ ਵੀ ਹੈ। ਫਿਰ ਇਸ ਵਿੱਚ ਹੈਰਾਨੀ ਦੀ ਗੱਲ ਹੀ ਕੀ ਕਿ ਪੂਰਬ, ਮੱਧ ਪੂਰਬ ਅਫਰੀਕਾ, ਦੱਖਣੀ ਅਮਰੀਕਾ ਦੇ ਲੋਕ — ਯੂਰਪ ਦੇ ਲੱਖਾਂ ਲੋਕਾਂ ਦੀ ਤਾਂ ਗੱਲ ਹੀ ਕੀ — ਰਾਜਨੀਤਕ ਅਤੇ ਆਰਥਿਕ ਪ੍ਰੇਰਣਾ ਦੇ ਨਾਲ਼ ਨੈਤਿਕ ਪ੍ਰੇਰਣਾ ਲਈ ਵੀ ਸੋਵੀਅਤ ਰੂਸ ਵੱਲ ਮੁਖਾਤਿਬ ਹੋ ਰਹੇ ਹਨ। ਸੰਸਾਰ ਦੇ ਇਸ ਇਤਿਹਾਸਕ ਬਦਲਾਅ ਦੇ ਸਬਕ ਨੂੰ ਸਮਝਣਾ ਜ਼ਰੂਰੀ ਹੈ।

ਅਸੀਂ ਇੱਥੇ ਮੈਕਸਿਮ ਗੋਰਕੀ ਦੀ ਰਚਨਾ ਦਾ ਇੱਕ ਅੰਸ਼ ਦੇਵਾਂਗੇ। “ਮੁਫਤਕੋਰ” ਲੋਕਾਂ ਵੱਲ ਸੋਵੀਅਤ ਨਜ਼ਰੀਆ ਕੀ ਹੈ, ਇਹ ਇਸ ਉਦਾਹਰਣ ਨਾਲ਼ ਚੰਗੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ। ਗੋਰਕੀ ਨੇ ਲਿਖਿਆ ਹੈ :

“ਮੁਫਤਖੋਰ ਗਾਲ੍ਹ ਦਾ ਸ਼ਬਦ ਨਹੀਂ ਹੈ। ਇਹ ਅਸਲ ਵਿੱਚ ਅਜਿਹੇ ਮਨੁੱਖ ਦੀ ਪ੍ਰੀਭਾਸ਼ਾ ਹੈ ਜਿਹਨੇ ਆਪਣਾ ਜੀਵਨ ਫਜ਼ੂਲ ਗਵਾ ਦਿੱਤਾ। ਸਮਾਜਵਾਦੀ ਹਾਲਤਾਂ ਦੇ ਤਹਿਤ ਮੁਫਤਖੋਰ ਇੱਕ ਅਜਿਹਾ ਪ੍ਰਾਣੀ ਹੈ ਜੋ ਪੁਰਾਣੇ ਢਾਂਚੇ ਦੀਆਂ ਬਿਮਾਰੀਆਂ ਈਰਖਾ ਅਤੇ ਲਾਲਚ ਤੋਂ ਬੁਰੀ ਤਰ੍ਹਾਂ ਪੀੜਿਤ ਹੈ। ਮੁਫਤਖੋਰ ਦੇ ਮੁੱਢਲੇ ਸਿਧਾਂਤਾਂ, ਉਸ ਦੇ ਆਦਰਸ਼ਾਂ ਅਤੇ

ਅਧਿਆਤਮਕ ਜੀਵਨ ਦੇ ਸਾਰ ਤੱਤ ਨੂੰ ਸਭ ਤੋਂ ਚੰਗੀ ਤਰ੍ਹਾਂ ਇਹਨਾਂ ਥੋੜ੍ਹੇ ਸ਼ਬਦਾਂ ਵਿੱਚ ਪ੍ਰਗਟ ਕੀਤਾ ਜਾ ਸਕਦਾ ਹੈ : "ਮੈਂ ਤਾਂ ਬੱਸ ਆਪਣਾ ਢਿੱਡ ਭਰਨਾ ਚਾਹੁੰਦਾ ਹਾਂ। ਉਹ ਦੇ ਲਈ ਦੁਨੀਆਂ ਕੀ ਹੈ ? ਅਜਿਹੀ ਜਗ੍ਹਾ ਜਿੱਥੇ ਲੋਕ ਆਪਣਾ ਢਿੱਡ ਭਰਦੇ ਹਨ, ਜਿੱਥੇ ਉਹ ਆਪਣਾ ਢਿੱਡ ਭਰਨਾ ਚਾਹੁੰਦਾ ਹੈ ਅਤੇ ਆਪਣਾ ਢਿੱਡ ਉਹ ਦੂਸਰਿਆਂ ਤੋਂ ਜ਼ਿਆਦਾ ਅਤੇ ਵੱਧ ਸੁਆਦ ਭੋਜਨ ਨਾਲ਼ ਭਰਨਾ ਚਾਹੁੰਦਾ ਹੈ। ਉਹਦੀ ਸਮੁੱਚੀ ਇੱਛਾ ਸ਼ਕਤੀ, ਉਹਦੀ ਬੁੱਧੀ ਅਤੇ ਉਹਦੀ ਅਧਿਆਤਮਕ ਸ਼ਕਤੀ ਸਿਰਫ਼ ਇਸੇ ਅਣਮਨੁੱਖੀ ਉਦੇਸ਼ 'ਤੇ ਕੇਂਦਰਿਤ ਹੁੰਦੀ ਹੈ।"

ਸੰਸਾਰ ਦੇ ਇੱਕ ਮਹਾਨ ਕਲਾਕਾਰ ਨੇ ਇਹਨਾਂ ਸ਼ਬਦਾਂ ਵਿੱਚ ਅਜਿਹੇ ਲੋਕਾਂ ਦੀ ਭੰਡੀ ਕੀਤੀ ਹੈ। ਫ਼ਾਸਿਸਟ ਗੁੰਡਿਆਂ ਦੇ ਹੱਥੋਂ ਹੱਤਿਆ ਤੋਂ ਥੋੜ੍ਹੇ ਹੀ ਦਿਨ ਪਹਿਲਾਂ, ਗੋਰਕੀ ਨੇ ਹੋਰ ਵੀ ਵੱਧ ਸਪੱਸ਼ਟ ਸ਼ਬਦਾਂ ਵਿੱਚ ਕਿਹਾ ਸੀ :

"ਪੂੰਜੀਵਾਦੀ ਦੁਨੀਆਂ ਅਤੇ ਸਾਡੀ ਸਮਾਜਵਾਦੀ ਦੁਨੀਆਂ ਦਰਮਿਆਨ ਫਰਕ ਇਹ ਹੈ : ਸਾਡੇ ਸਿਧਾਂਤ ਅਤੇ ਸਾਡਾ ਆਰਥਿਕ ਢਾਂਚਾ ਮਨੁੱਖ ਦੁਆਰਾ ਮਨੁੱਖ ਦੀ ਲੁੱਟ ਨੂੰ ਅਡਿੱਗ ਰੂਪ ਨਾਲ ਅਣਉੱਚਿਤ ਮੰਨਦੇ ਹਨ, ਅਸੀਂ ਲਗਾਤਾਰ ਹੋਰ ਵੱਡੀ ਸਫਲਤਾ ਨਾਲ਼ ਲੋਕਾਂ ਨੂੰ ਸਿੱਖਿਅਤ ਕਰਦੇ ਹਾਂ ਕਿ ਉਹ ਪ੍ਰਕਿਰਤੀ ਨੂੰ ਆਪਣੇ ਕਾਬੂ ਵਿੱਚ ਲਿਆਉਣ ਅਤੇ ਉਸ ਤੋਂ ਵੱਧ ਤੋਂ ਵੱਧ ਲਾਭ ਲੈਣ। ਪੂੰਜੀਵਾਦ ਤਾਂ ਮਨੁੱਖ ਦੁਆਰਾ ਮਨੁੱਖ ਦੀ ਲੁੱਟ 'ਤੇ ਹੀ ਜ਼ਿੰਦਾ ਹੈ। ਆਮ ਤੌਰ 'ਤੇ ਪੂੰਜੀਵਾਦ ਦੇ ਤਹਿਤ ਮਨੁੱਖ ਨੂੰ ਅਜਿਹਾ ਪ੍ਰਾਣੀ ਮੰਨਿਆ ਜਾਂਦਾ ਹੈ ਜਿਸ ਦਾ ਜਨਮ ਹੀ ਆਪਣੀ ਲਾਲਸਾ ਤ੍ਰਿਪਤ ਕਰਨ, ਮੁਨਾਫਾ ਕਮਾਉਣ ਅਤੇ ਧਨ ਦੀ ਤਾਕਤ ਦਾ ਗੁਣਗਾਣ ਕਰਨ ਲਈ ਹੁੰਦਾ ਹੈ।"

ਸੱਚਾਈ ਇਹ ਹੈ ਕਿ ਸਾਡਾ ਸਮਾਜਿਕ ਢਾਂਚਾ – ਭਾਵ ਪੂੰਜੀਵਾਦੀ ਜਮਹੂਰੀਅਤ — ਦਾ ਕੇਂਦਰੀ ਭਾਵ ਹੀ 'ਪੈਸੇ ਦੀ ਤਾਕਤ' ਹੈ। ਸਾਡਾ ਮੁਕਤ-ਮੁਕਾਬਲਾ, ਸਾਡਾ ਮੁਨਾਫੇ ਦਾ ਢਾਂਚਾ ਉਸੇ ਵਿਅਕਤੀ ਦੀ ਪ੍ਰਸ਼ੰਸਾ ਕਰਦਾ ਹੈ ਜੋ ਦੂਸਰਿਆਂ ਨੂੰ ਨੁਕਸਾਨ ਪਹੁੰਚਾਉਣ ਅਤੇ ਆਪਣਾ ਭਲਾ ਕਰਨ ਵਿੱਚ ਤੇਜ਼ ਹੋਵੇ। ਸਾਡੇ ਢਾਂਚੇ ਦੇ ਤਹਿਤ ਸਭ ਤੋਂ ਮਜ਼ੇ ਵਿੱਚ ਉਹ ਹੀ ਲੋਕ ਰਹੇ ਹਨ ਜੋ ਸੁਭਾਅ ਤੋਂ ਜਾਂ ਜ਼ਿੱਦ ਨਾਲ਼ ਦੂਸਰਿਆਂ ਦੀ ਬੇਦਰਦੀ ਨਾਲ਼ ਲੁੱਟ ਕਰ ਸਕੇ ਹਨ। ਲੋਕਾਂ ਦਾ ਬਹੁਗਿਣਤੀ ਭਾਗ, ਪੁਰਸ਼ ਅਤੇ ਇਸਤਰੀਆਂ ਜੋ ਔਖੇ ਤੋਂ ਔਖੀ ਸਰੀਰਕ ਕਿਰਤ ਕਰਦੇ ਰਹੇ, ਜੋ ਸਮਾਜ ਦੀ ਮਾਲੀ ਅਤੇ ਸੱਭਿਆਚਾਰਕ ਸੰਪਤੀ ਨੂੰ ਪੈਦਾ ਕਰਨ ਵਾਲੇ ਸਨ, ਬਹੁਤ ਘੱਟ ਪਾ ਸਕੇ। ਉਲਟੇ, ਮੁੱਠੀ ਭਰ ਲੋਕ ਜੰਗ ਅਤੇ ਆਮ ਗਰੀਬੀ ਦੇ ਦਿਨ ਵਿੱਚ ਵੀ ਗੁਲ ਛੱਰੇ ਉਡਾਉਂਦੇ ਰਹੇ।

ਕਾਉਂਟ ਮਾਈਕਲ ਨੂੰ ਜ਼ਿਆਦਾ ਗੰਭੀਰ ਚਿੰਤਨ ਦੀ ਲੋੜ ਨਹੀਂ ਹੈ। ਉੱਪਰ ਦੱਸੀ ਗਈ ਵਿਰੋਧਤਾਈ ਨੂੰ ਦੇਖ ਕੇ ਹੀ ਉਹ ਆਸਾਨੀ ਨਾਲ਼ ਸਮਝ ਸਕਦੇ ਸਨ ਕਿ ਕਿਉਂ ਸਾਡੇ ਦੇਸ਼ਾਂ ਦੇ ਲੋਕ ਹੋਰ ਵੀ ਵੱਧ ਉਤਸ਼ਾਹ ਨਾਲ਼ ਸੋਵੀਅਤ ਰੂਸ ਬਾਰੇ ਜਾਣਨ ਦੀ ਕੋਸ਼ਿਸ਼ ਕਰ ਰਹੇ ਹਨ। ਬਚਪਨ ਤੋਂ ਹੀ ਸਾਨੂੰ ਸਿਖਾਇਆ ਗਿਆ ਹੈ — ਠੀਕ ਉਸੇ ਤਰ੍ਹਾਂ ਸਾਡੇ ਦਾਦਾ ਅਤੇ ਪੜਦਾਦਾ ਨੂੰ ਸਿਖਾਇਆ ਗਿਆ ਸੀ — ਕਿ ਜ਼ਿੰਦਗੀ ਵਿੱਚ ਕਾਮਯਾਬੀ ਇਸ ਗੱਲ ਤੋਂ

ਜਾਂਚੀ ਜਾਂਦੀ ਹੈ ਕਿ ਕਿਸ ਨੇ ਕਿੰਨਾ ਪੈਸਾ ਇਕੱਠਾ ਕੀਤਾ ਹੈ। ਸਾਡੇ ਸਮਾਜ ਤੋਂ ਦਯਾ, ਪਰੋਪਕਾਰ, ਕੁਰਬਾਨੀ, ਈਮਾਨਦਾਰੀ ਅਤੇ ਸਹਿਣਸ਼ੀਲਤਾ ਵਰਗੇ ਗੁਣ ਜਿਵੇਂ ਕਿ ਗਾਇਬ ਹੋ ਗਏ ਹਨ। ਸੱਚ ਪੁੱਛਿਆ ਜਾਵੇ ਤਾਂ ਇਹ ਗੁਣ ਉਹਨਾਂ ਲੋਕਾਂ ਵਿੱਚ ਮਿਲਦੇ ਹਨ ਜਿਨ੍ਹਾਂ ਨੂੰ ਅਸੀਂ ਜ਼ਿੰਦਗੀ ਵਿੱਚ 'ਅਸਫਲ' ਹੋਇਆ ਸਮਝਦੇ ਹਾਂ।

ਐਤਵਾਰ ਦੇ ਦਿਨ ਸਕੂਲ ਵਿੱਚ ਈਸਾ ਮਸੀਹ ਦੀ ਸਖਤ ਚੇਤਾਵਨੀ ਸਿਖਾਈ ਜਾਂਦੀ ਹੈ : "ਇੱਕ ਊਠ ਭਾਵੇਂ ਸੂਈ ਦੇ ਛੇਕ ਵਿੱਚੋਂ ਨਿਕਲ ਜਾਵੇ, ਅਮੀਰ ਆਦਮੀ ਲਈ ਸਵਰਗ ਵਿੱਚ ਪਹੁੰਚ ਸਕਣਾ ਇਸ ਤੋਂ ਵੀ ਮੁਸ਼ਕਿਲ ਹੈ।" ਹੁਣ ਇਹ ਚੇਤਾਵਨੀ ਸ਼ਾਇਦ ਪੁਰਾਣੀ ਪੈ ਗਈ ਹੈ। ਪੂਰੇ ਹਫ਼ਤੇ ਸਾਨੂੰ ਧਨ-ਦੌਲਤ ਦੀ ਪ੍ਰਸ਼ੰਸਾ ਦੇ ਹੀ ਗੀਤ ਸੁਣਾਈ ਪੈਂਦੇ ਹਨ ਅਤੇ ਲੱਗਦਾ ਹੈ ਕਿ ਸਵਰਗ ਦੇ ਦੇਵਤਾ ਐਤਵਾਰ ਦੇ ਦਿਨ ਵੀ ਧਨਾਢਾਂ ਨੂੰ ਕਸ਼ਟ ਦੇਣਾ ਜ਼ਰੂਰੀ ਨਹੀਂ ਸਮਝਦੇ। ਈਸਾ ਮਸੀਹ ਦਾ ਖੁੱਲ੍ਹ-ਖੁੱਲ੍ਹਾ ਵਿਰੋਧ ਕਰਦੇ ਹੋਏ ਸਾਡੇ ਉਦਯੋਗਪਤੀ, ਸਾਡੇ ਵਧੇਰੇ ਰਾਜਨੀਤੀਵਾਨ ਅਤੇ ਬਹੁਤ ਸਾਰੇ ਪਾਦਰੀ ਤੱਕ ਪੈਸੇ ਲਈ ਘੋਲ ਨੂੰ ਨਿਆਂਪੂਰਨ ਸਿੱਧ ਕਰਨ ਵਿੱਚ ਅੱਡੀ ਚੋਟੀ ਦਾ ਜ਼ੋਰ ਲਗਾ ਦਿੰਦੇ ਹਨ। ਉਹਨਾਂ ਦੀ ਇਸ 'ਨੈਤਿਕਤਾ' 'ਤੇ ਜੋ ਕੋਈ ਉਂਗਲ ਕਰਦਾ ਹੈ ਤਾਂ ਉਹ ਅੱਗ ਬਬੂਲਾਂ ਹੋ ਜਾਂਦੇ ਹਨ ਅਤੇ ਉਂਗਲ ਕਰਨ ਵਾਲੇ 'ਤੇ ਉਹਨਾਂ ਦਾ ਗੁੱਸਾ ਵਰ੍ਹ ਪੈਂਦਾ ਹੈ।

ਅੱਜ ਇਹਨਾਂ ਲੋਕਾਂ ਨੇ ਸ਼ਰਮ ਅਤੇ ਲਿਹਾਜ਼ ਨੂੰ ਇੱਕ ਦਮ ਲਾਹ ਸੁੱਟਿਆ ਹੈ। ਅਮਰੀਕੀ ਐਟਮ ਬੰਬ ਦੇ ਝੰਡੇ ਹੇਠਾਂ ਖੜ੍ਹੇ ਹੋ ਕੇ ਉਹ ਦੁਨੀਆਂ ਸਾਹਮਣੇ ਐਲਾਨ ਕਰਦੇ ਹਨ ਕਿ ਧਨ ਦੀ ਨੈਤਿਕਤਾ ਨਾ ਸਿਰਫ਼ ਅਮਰੀਕਾ ਲਈ ਵਰਦਾਨ ਹੈ ਸਗੋਂ ਜੀਵਨ ਦਾ ਇੱਕ ਅਜਿਹਾ ਸੁੰਦਰ ਨਮੂਨਾ ਹੈ ਜਿਸ ਨੂੰ ਉਹ ਅਣਇੱਛੁਕ ਦੁਨੀਆਂ ਉੱਪਰ ਜ਼ਬਰਦਸਤੀ ਲੱਦਣਾ ਚਾਹੁੰਦੇ ਹਨ। ਇਸ ਲਈ, ਉਹ ਕਹਿੰਦੇ ਹਨ, ਜੇ ਤਾਕਤ ਦਾ ਪ੍ਰਯੋਗ ਕਰਨਾ ਪਵੇ, ਤੀਜੀ ਸੰਸਾਰ ਜੰਗ ਛੇੜਨੀ ਪਵੇ, ਤਾਂ ਵੀ ਕੋਈ ਗੱਲ ਨਹੀਂ। ਦੁਨੀਆਂ ਦੇ ਹਰ ਕੋਨੇ ਵਿੱਚ ਜਿੱਥੇ ਵੀ ਇਸ "ਜਿਹਾਦ" ਲਈ ਉਹ ਆਪਣੇ ਗੁਰਗੇ ਖੜ੍ਹੇ ਕਰ ਸਕਦੇ ਹਨ, ਦੇਖਿਆ ਗਿਆ ਹੈ ਕਿ ਆਪਣੇ ਦੇਸ਼ ਅਮਰੀਕਾ ਦੀ ਤਾਂ ਉਹ ਪੂਜਾ ਕਰਵਾਉਂਦੇ ਹਨ ਪਰ ਆਪਣੀ ਜੰਗ ਦੇ ਜਾਲ਼ ਵਿੱਚ ਫਸਣ ਵਾਲ਼ੇ ਲੋਕਾਂ ਨਾਲ਼ ਉਹ ਬੜਾ ਘਟੀਆ ਵਿਵਹਾਰ ਕਰਦੇ ਹਨ।

ਸਮਾਜਵਾਦੀ ਸੰਸਾਰ ਵਿਰੁੱਧ ਆਪਣੀ ਬੇਰੋਕ ਅਤੇ ਬੇਹੂਦਾ ਪ੍ਰਚਾਰ ਲਹਿਰ ਵਿੱਚ ਅਮਰੀਕਾ ਦੇ ਦਲਾਲ ਹੁਣ ਇੱਕ ਗੱਲ ਨੂੰ ਛੱਡ ਜਾਂਦੇ ਹਨ। ਨਫ਼ਰਤ ਦੇ ਉਹਨਾਂ ਦੇ ਪ੍ਰਚਾਰ ਵਿੱਚ ਝੂਠੀਆਂ ਤੋਂ ਝੂਠੀਆਂ ਗੱਲਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ; ਨਹੀਂ ਸ਼ਾਮਿਲ ਕੀਤਾ ਜਾਂਦਾ ਹੈ ਤਾਂ ਸਿਰਫ਼ ਇੱਕ ਗੱਲ ਨੂੰ। ਫਰੇਬੀਆਂ ਅਤੇ ਧੋਖੇਬਾਜਾਂ ਦੇ ਗੁਰੂਘੰਟਾਲ ਹੁੰਦੇ ਹੋਏ ਵੀ ਉਹ ਸੋਵੀਅਤ ਕੌਮ ਵਿਰੁੱਧ ਅਨੈਤਿਕਤਾ ਦਾ ਦੋਸ਼ ਲਗਾਉਣ ਵਿੱਚ ਅਸਮਰਥ ਲੱਗਦੇ ਹਨ। ਪਰ ਇਸ ਦਾ ਕਾਰਨ ਉਹਨਾਂ ਦੀ ਈਮਾਨਦਾਰੀ ਨਹੀਂ ਹੈ।

ਤਾਂ ?

ਗੱਲ ਇਹ ਹੈ ਕਿ ਸਮਾਜਵਾਦੀ ਕੌਮਾਂ ਵਿਰੁੱਧ ਅਨੈਤਿਕਤਾ ਦਾ ਦੋਸ਼ ਲਗਾ ਸਕਣਾ ਹੁਣ ਅਮਰੀਕੀਆਂ ਦੇ ਵੱਸ ਦੀ ਗੱਲ ਨਹੀਂ ਹੈ। ਇਸ ਦਾ ਕਾਰਨ ਸਿਰਫ਼ ਇਹੀ ਨਹੀਂ ਕਿ

ਸਮਾਜਵਾਦੀ ਨੈਤਿਕਤਾ ਸਮੁੱਚੀ ਪੂੰਜੀਵਾਦੀ ਦੁਨੀਆਂ ਲਈ ਚਣੌਤੀ ਹੈ। ਇਸ ਦਾ ਖਾਸ ਕਾਰਨ ਇਹ ਹੈ ਕਿ ਅਮਰੀਕੀ ਭ੍ਰਿਸ਼ਟਾਚਾਰ, ਵਿਭਚਾਰ ਅਤੇ ਬੇਇਮਾਨੀ ਨੂੰ ਹੀ ਅਮਰੀਕਾ ਜੀਵਨ ਦੇ ਨਾਮ ਤੋਂ ਰੰਗ-ਚੁਣ ਕੇ ਪੇਸ਼ ਕਰਦਾ ਹੈ।

ਇਤਿਹਾਸ ਵਿੱਚ ਕਦੇ ਪਹਿਲਾਂ ਧਨ ਦਾ ਲਾਲਚ ਇੰਨੇ ਨੰਗੇ ਰੂਪ ਵਿੱਚ ਦੇਖਣ ਵਿੱਚ ਨਹੀਂ ਆਇਆ ਸੀ। 'ਵਾਈਟ ਹਾਊਸ' ਵਾਲਿਆਂ ਤੋਂ ਲੈ ਕੇ ਸਾਧਾਰਨ ਤੋਂ ਸਾਧਾਰਨ ਟੈਕਸ ਕਲੈਕਟਰ ਤੱਕ, ਸਭ ਤੋਂ ਮੂੰਹੋਂ ਧਨ ਲਈ ਲਾਲ੍ਹ ਵਗਦੀ ਹੈ। ਕਦੇ ਵੀ ਦੂਸਰੀ ਥਾਂ ਵੇਸ਼ਵਾਗਮਨੀ ਅਤੇ ਭਰੂਣ-ਹੱਤਿਆਵਾਂ ਇੰਨੇ ਵਿਆਪਕ ਪੱਧਰ 'ਤੇ ਨਹੀਂ ਫੈਲੀਆਂ ਸਨ। ਕਦੇ ਵੀ ਕਿਸੇ ਦੂਸਰੇ ਦੇਸ਼ ਵਿੱਚ ਸ਼ਰਾਬਖੋਰੀ, ਵਿਭਚਾਰ, ਵਿਗੜੀਆਂ ਕਾਮ ਵਾਸਨਾਵਾਂ ਅਤੇ ਹੱਤਿਆਵਾਂ ਨੂੰ ਦੈਨਿਕ ਮਨੋਰੰਜਨ ਦਾ ਸਾਧਨ ਨਹੀਂ ਬਣਾਇਆ ਗਿਆ ਸੀ। ਅੱਜ ਅਮਰੀਕਾ ਵਿੱਚ ਇਹੀ ਸਭ ਕੁੱਝ ਅਮਰੀਕੀ ਸੱਭਿਅਤਾ ਦੇ ਨਾਮ ਨਾਲ਼ ਪ੍ਰਸਿੱਧ ਹੈ। ਇਹੀ ਹੈ 'ਠੰਡੀ ਜੰਗ' ਚਲਾਉਣ ਵਾਲੇ ਅਮਰੀਕਾ ਦਾ ਅਸਲੀ ਰੂਪ। ਅਤੇ ਜਿਵੇਂ-ਜਿਵੇਂ ਅਮਰੀਕਾ ਵਿੱਚ ਯੁੱਧ ਦੀਆਂ ਤਿਆਰੀਆਂ ਦਾ ਖੁਲਾਸਾ ਹੁੰਦਾ ਜਾਂਦਾ ਹੈ, ਉਵੇਂ ਉਵੇਂ ਇਹ ਨੈਤਿਕ ਪਤਣ ਆਪਣੀ ਪਰੂਨਤਾ ਵੱਲ ਹੋਰ ਵੀ ਤੇਜ਼ੀ ਨਾਲ਼ ਵਧਦਾ ਜਾਂਦਾ ਹੈ।

ਆਈਨਸਟੀਨ ਅਤੇ ਦੂਸਰੇ ਕਈ ਵਿਗਿਆਨਕ ਐਲਾਨ ਕਰ ਚੁੱਕੇ ਹਨ : ਐਟਮ ਬੰਬ ਅਤੇ ਕਿਟਾਣੂ ਅਸਤਰਾਂ ਦੇ ਇਸ ਯੁੱਗ ਵਿੱਚ ਸਭ ਤੋਂ ਵੱਡਾ ਅਪਰਾਧ, ਸਭ ਤੋਂ ਵੱਡੀ ਅਨੈਤਿਕਤਾ, ਜੰਗ ਹੈ। ਇਹ ਕੋਈ ਜ਼ਰੂਰੀ ਗੱਲ ਨਹੀਂ ਕਿ ਅਮਰੀਕਾ ਦੇ ਹਮਾਇਤੀ, ਸੋਵੀਅਤ ਰੂਸ ਦੇ ਲੋਕਾਂ ਨੂੰ ਕੋਸਦੇ ਹੋਏ ਨਹੀਂ ਥੱਕੇ। ਕਾਰਨ ਇਹ ਹੈ ਕਿ ਸੋਵੀਅਤ ਦੇਸ਼ ਸੰਸਾਰ ਵਿੱਚ ਸਾਂਤੀ ਕਾਇਮ ਰੱਖਣ ਦਾ ਦ੍ਰਿੜਤਾ ਨਾਲ਼ ਹਮਾਇਤ ਕਰਦਾ ਹੈ। ਸੱਚਮੁੱਚ, ਅੱਜ ਅਮਰੀਕਾ ਵਿੱਚ 'ਸਾਂਤੀ' ਸ਼ਬਦ ਸਭ ਤੋਂ ਖਤਰਨਾਕ ਸ਼ਬਦ ਬਣ ਗਿਆ ਹੈ। ਛੋਟੀਆਂ ਛੋਟੀਆਂ ਅਖ਼ਬਾਰਾਂ ਤੋਂ ਲੈ ਕੇ **ਵਾਲ ਸਟ੍ਰੀਟ ਜਰਨਲ** ਅਤੇ **ਨਿਊਯਾਰਕ ਟਾਈਮਸਵ** ਤੱਕ — ਸਾਰਿਆਂ ਵਿੱਚ ਪੜ੍ਹ ਲਵੋ : ਸਾਂਤੀ ਅਮਰੀਕਾ ਦੀ ਸਭ ਤੋਂ ਵੱਡੀ ਦੁਸ਼ਮਣ ਹੈ।

ਬੇਸ਼ੱਕ, ਸਾਂਤੀ ਅਮਰੀਕੀ ਲੋਕਾਂ ਦੀ ਦੁਸ਼ਮਣ ਨਹੀਂ। ਉਹ ਦੁਸ਼ਮਣ ਹੈ ਅਮਰੀਕੀ ਜੰਗਬਾਜ਼ਾਂ ਦੇ ਗਿਰੋਹ ਦੀ, ਯੁੱਧ ਦੀ ਹਮਾਇਤ ਕਰਨ ਵਾਲੇ ਰਾਜਨੀਤੀਵਾਨਾਂ ਦੀ ਅਤੇ ਫੌਜੀ ਸ਼ੇਖਚਿੱਲੀਆਂ ਦੀ। ਅਮਰੀਕੀ ਆਗੂਆਂ ਦੀ ਮੌਜੂਦਾ ਨੀਤੀ ਨੂੰ ਸਫ਼ਲਤਾ ਦੇ ਦਰਸ਼ਨ ਨਹੀਂ ਹੋ ਰਹੇ। ਇਸ ਦਾ ਕਾਰਨ ਇਹ ਹੈ ਕਿ ਦੁਨੀਆਂ ਦੇ ਬਹੁਗਿਣਤੀ ਲੋਕ ਸਮਝਦੇ ਜਾਂਦੇ ਹਨ ਕਿ ਮਨੁੱਖ ਜਾਤੀ ਨੂੰ ਜ਼ਿੰਦਾ ਰੱਖਣ ਦਾ ਇੱਕੋ ਇਕ ਉਪਾਅ ਸਾਂਤੀ ਦੀ ਸੁਰੱਖਿਆ ਹੈ। ਕੋਈ ਢਾਂਚਾ ਚਾਹੇ ਉਹ ਪੂੰਜੀਵਾਦੀ, ਸਮਾਜਵਾਦੀ ਜਾਂ ਲੋਕ ਜਮਹੂਰੀ ਢਾਂਚਾ ਹੋਵੇ — ਸਾਂਤੀ ਦੇ ਬਿਨਾਂ ਕਾਇਮ ਨਹੀਂ ਰਹਿ ਸਕਦਾ। ਇਹ ਉਹਨਾਂ ਹੀ ਵੱਡਾ ਵਿਗਿਆਨਕ ਸੱਚ ਹੈ ਜਿੰਨਾਂ ਵੱਡਾ ਅਤੇ ਠੋਸ ਐਟਮੀ-ਧਮਾਕੇ ਦਾ ਸੱਚ।

ਜਿੱਤ, ਜੰਗ ਦੀ ਨਹੀਂ ਸਾਂਤੀ ਦੀ ਹੋਵੇਗੀ। ਅਤੇ ਸ਼ਾਂਤੀ ਲਈ ਸੰਸਾਰ-ਵਿਆਪੀ ਘੋਲ ਦੌਰਾਨ ਦੁਨੀਆਂ ਦੇ ਲੋਕਾਂ ਦੀ ਅਮਰੀਕੀ ਅਨੈਤਿਕਤਾ ਲਈ ਨਫ਼ਰਤ ਵੱਧ ਤੋਂ ਵੱਧ ਵਧਦੀ ਜਾ ਰਹੀ ਹੈ। ਇਹ ਦੇ ਨਾਲ਼ ਹੀ ਸੋਵੀਅਤ ਜੀਵਨ ਦੇ ਹਰ ਪੱਖ ਬਾਰੇ ਵੱਧ ਤੋਂ ਵੱਧ

ਗਿਆਨ ਹਾਸਲ ਕਰਨ ਦੀ ਉਹਦੀ ਲਾਲਸਾ ਵੱਧਦੀ ਜਾਂਦੀ ਹੈ। ਈਮਾਨਦਾਰ ਅਮਰੀਕੀ ਖੁਦ ਪ੍ਰਵਾਨ ਕਰਦੇ ਹਨ ਕਿ ਅਮਰੀਕਾ ਅਨੈਕਿਤਾ ਦੇ ਭੰਵਰ ਵਿੱਚ ਫਸ ਗਿਆ ਹੈ। ਪਰ ਇਹ ਅਮਰੀਕੀ ਇਸ ਗੱਲ ਨੂੰ ਭੁਲਾ ਦਿੰਦੇ ਹਨ ਕਿ ਦੋ ਪੀੜ੍ਹੀਆਂ ਪਹਿਲਾਂ ਦੇ ਰੂਸੀ ਲੋਕ ਇਸ ਨੈਤਿਕ ਪਤਣ ਦੀ ਭਿਆਨਕਤਾ ਨੂੰ ਦੇਖ ਕੇ ਚੁੱਕੇ ਸਨ। ਅਤੇ ਓਦੋਂ ਸੋਵੀਅਤ ਨੌਜਵਾਨਾਂ ਨੇ ਅਨੈਤਿਕਤਾ ਵਿਰੁੱਧ ਪਰਚਮ ਚੁੱਕਿਆ ਸੀ। ਅਜਿਹਾ ਪਰਚਮ ਜਿਵੇਂ ਦਾ ਅਜੇ ਤੱਕ ਕਦੇ ਕਿਸੇ ਨੇ ਚੁੱਕਣ ਅਤੇ ਸੜਕਾਂ 'ਤੇ ਲੈ ਜਾਣ ਦੀ ਜ਼ੁਅਰੱਤ ਨਹੀਂ ਕੀਤੀ ਹੈ। ਇਸ ਪਰਚਮ 'ਤੇ ਲਿਖਿਆ ਹੋਇਆ ਸੀ : "ਵਿਗਿਆਨਕ ਨਿਯਮਾਂ ਦੇ ਅਧਾਰ 'ਤੇ ਅਸੀਂ ਮਨੁੱਖ ਜਾਤੀ ਦਾ ਸੁਧਾਰ ਕਰ ਰਹੇ ਹਾਂ।"

ਸੋਵੀਅਤ ਵਿਗਿਆਨੀਆਂ ਦਾ ਦਾਅਵਾ ਸੀ :

– ਜਦੋਂ ਸਮਾਜ ਵਿਭਚਾਰ, ਅਪਰਾਧ-ਪ੍ਰਵਿਰਤੀ ਅਤੇ ਸ਼ਰਾਬਖੋਰੀ ਦੀ ਦਲਦਲ ਵਿੱਚ ਡੁੱਬਿਆਂ ਹੋਇਆ ਹੋਵੇ ਤਾਂ ਪਾਪ ਖਾਸ ਵਿਅਕਤੀ ਦੀ ਮਾਨਸਿਕ ਚੇਤੰਨਤਾ ਦਾ ਨਤੀਜਾ ਨਹੀਂ ਹੋ ਸਕਦਾ। ਪਾਪ ਕੌਮ ਦੀ ਹੀ ਜ਼ਿੰਮੇਵਾਰੀ ਹੋ ਜਾਂਦਾ ਹੈ, ਠੀਕ ਉਸੇ ਤਰ੍ਹਾਂ ਜਿਵੇਂ 'ਟਾਈਫਸ' ਅਤੇ 'ਡਿਪਥੀਰੀਆ' ਵਰਗੇ ਰੋਗ ਕੌਮ ਦੀ ਜ਼ਿੰਮੇਵਾਰੀ ਹੁੰਦੇ ਹਨ।

– ਇਤਿਹਾਸ ਸਿੱਧ ਕਰ ਚੁੱਕਾ ਹੈ ਕਿ ਕਾਨੂੰਨ ਜਾਂ ਧਰਮ ਦਾ ਡਰ ਵਿਖਾ ਕੇ ਲੋਕਾਂ ਨੂੰ ਚੰਗਾ ਬਣਾ ਸਕਣਾ ਅਸੰਭਵ ਹੈ।

– ਲੋਕ ਪਾਪ ਕਿਉਂ ਕਰਦੇ ਹਨ ਇਸ ਦਾ ਸੱਚਾ ਜਵਾਬ ਉਹਨਾਂ ਹਾਲਤਾਂ ਦੀ ਜਾਂਚ ਕਰਨ 'ਤੇ ਹੀ ਮਿਲ ਸਕਦਾ ਹੈ ਜਿਨ੍ਹਾਂ ਵਿੱਚ ਉਹ ਆਪਣਾ ਜੀਵਨ ਬਿਤਾਉਂਦੇ ਹਨ। ਕੰਗਾਲੀ ਅਤੇ ਬੇਰੁਜ਼ਗਾਰੀ ਦੋ ਅਜਿਹੇ ਮੁੱਖ ਕਾਰਨ ਹਨ ਜੋ ਲੋਕਾਂ ਨੂੰ ਮਾੜੇ ਰਾਹ 'ਤੇ ਧੂਹ ਲੈ ਜਾਂਦੇ ਹਨ।

– ਭੱਦੀਆਂ ਕਾਮ-ਪ੍ਰਵਿਰਤੀਆਂ ਨੂੰ ਸਮਾਜਿਕ ਢੰਗਾਂ ਰਾਹੀਂ ਹੀ ਰੋਕਿਆ ਜਾ ਸਕਦਾ ਹੈ — ਅਜਿਹੇ ਢੰਗਾਂ ਰਾਹੀਂ ਜੋ ਸਥਾਈ ਪਿਆਰ ਦੀ ਭਾਵਨਾ ਨੂੰ ਹੁਲਾਰਾ ਦੇਣ। ਇਸ ਭਾਵਨਾ ਦਾ ਪ੍ਰਗਟਾਅ ਵਿਆਹ ਅਤੇ ਔਲਾਦ ਪੈਦਾ ਹੋਣ ਵਿੱਚ ਹੁੰਦਾ ਹੈ।

– ਨੈਤਿਕਤਾ ਵਿੱਚ ਵਾਰ-ਵਾਰ ਬਦਲਾਅ ਹੁੰਦੇ ਰਹੇ ਹਨ। ਮਨੁੱਖ ਜਨਮ ਤੋਂ ਪਾਪੀ ਨਹੀਂ ਹੁੰਦਾ, ਉਹ ਸੁਭਾਅ ਤੋਂ ਹੀ ਪਾਪੀ ਨਹੀਂ ਹੁੰਦਾ। ਦੁਰਾਚਾਰ ਨੂੰ ਓਦੋਂ ਹੀ ਉਖਾੜ ਕੇ ਸੁੱਟਿਆਂ ਜਾ ਸਕਦਾ ਹੈ ਜਦੋਂ ਕੌਮ ਦੇ ਲੋਕਾਂ ਨਾਲ਼ ਕੌਮ ਦੇ ਆਗੂ ਵੀ ਜੀਵਨ ਵਿੱਚ ਸਹੀ ਉਦੇਸ਼ ਦਾ ਰਸਤਾ ਫੜਨ, ਜਦੋਂ ਆਪਣੀ ਅਤੇ ਦੂਸਰਿਆਂ ਦੀ ਖੁਸ਼ਹਾਲੀ ਲਈ ਉਹ ਆਪਣੇ ਜੀਵਨ ਨੂੰ ਕੁਰਬਾਨ ਕਰਨ ਲਈ ਤਿਆਰ ਰਹਿਣ, ਅਰਥਾਤ ਜਦੋਂ ਜੀਵਨ ਦਾ ਉਦੇਸ਼ ਦੂਸਰੇ ਮਨੁੱਖਾਂ ਨੂੰ ਪੈਰਾਂ ਹੇਠ ਰੋਲਣਾ ਨਾ ਹੋਵੇ।

ਇਸੇ ਵਿਗਿਆਨਕ ਅਧਾਰ 'ਤੇ ਸੋਵੀਅਤ ਨੈਤਿਕਤਾ ਦਾ ਕਿਲ੍ਹਾ ਖੜ੍ਹਾ ਕੀਤਾ ਗਿਆ ਅਤੇ ਇਸ ਕਿਲ੍ਹੇ ਦੇ ਥੰਮ੍ਹਾਂ ਦੇ ਰੂਪ ਵਿੱਚ 20 ਕਰੋੜ ਸੋਵੀਅਤ ਲੋਕਾਂ ਦੀ ਦ੍ਰਿੜ ਪ੍ਰਤਿਗਿਆ ਰਹੀ ਹੈ ਕਿ ਕੌਮੀਅਤਾਂ, ਨਸਲ, ਧਾਰਮਿਕ, ਆਰਥਿਕ ਅਤੇ ਰਾਜਨੀਤਕ ਢਾਂਚੇ ਦੇ ਫਰਕਾਂ ਨੂੰ ਭੁੱਲਾ ਕੇ ਦੁਨੀਆਂ ਦੇ ਸਮੁੱਚੇ ਲੋਕਾਂ ਦੇ ਹਿੱਤ ਵਿੱਚ ਉਹ ਸ਼ਾਂਤੀ ਦੀ ਸੁਰੱਖਿਆ

ਕਰੇਗੀ।

ਸੱਚਾਈ 'ਤੇ ਮਿੱਟੀ ਪਾਉਣ, ਅਤੇ ਮਨੁੱਖ ਦੀਆਂ ਪਾਪ ਪ੍ਰਵਿਰਤੀਆਂ ਨੂੰ ਹੁਲਾਰਾ ਦੇਣ ਜਾਂ ਉਹਨਾਂ 'ਤੇ ਵੱਡੇ-ਵੱਡੇ ਹੰਝੂ ਵਹਾਉਣ ਦਾ ਜ਼ਮਾਨਾ ਗੁਜ਼ਰ ਚੁੱਕਾ ਹੈ। ਅੱਜ ਜੋ ਪਾਪ ਸਾਡੇ ਸਮਾਜ ਦੀਆਂ ਜੜ੍ਹਾ ਕੱਟ ਰਿਹਾ ਹੈ, ਉਹ ਟਾਈਫਸ ਤੋਂ ਜ਼ਿਆਦਾ ਅਨਾਦਿ ਅਤੇ ਅਨੰਤ ਨਹੀਂ। ਨਾ ਹੀ ਉਹ ਬਦਕਾਰ ਭੋਜਨ ਨਾਲ਼ੋਂ ਵੱਧ ਰਹੱਸਮਈ ਹੈ। ਉਹਦਾ ਦਾਰੋਮਦਾਰ ਬੇਰੁਜ਼ਗਾਰੀ ਅਤੇ ਖਰਾਬ ਸਿਹਤ ਤੋਂ ਵੱਧ ਕੁੱਝ ਗਿਣੇ-ਚੁਣੇ ਲੋਕਾਂ 'ਤੇ ਨਹੀਂ ਹੁੰਦਾ.

ਬਹੁਤਿਆਂ ਨੂੰ ਇਹ ਵਿਚਾਰ ਹੈਰਾਨੀਜਨਕ ਲੱਗੇਗਾ ਕਿ ਨੈਤਿਕਤਾ ਅਤੇ ਸ਼ਾਂਤੀ ਇੱਕ ਹੀ ਚੀਜ਼ ਹੈ। ਮੈਂ ਤੁਹਾਨੂੰ ਉਹਨਾਂ ਸ਼ਬਦਾਂ ਦੀ ਯਾਦ ਦਵਾ ਦੇਵਾਂ ਜੋ ਬਹੁਤ ਸਮਾਂ ਪਹਿਲਾਂ ਸੈਂਟ ਪਾਲ ਨੇ ਫਿਲੀਪੀਨੀਆਂ ਨੂੰ ਕਹੇ ਸਨ :

"ਅੰਤ ਵਿੱਚ, ਭਰਾਵੋ, ਜੋ ਕੁੱਝ ਵੀ ਸੱਚ ਹੈ, ਜੋ ਕੁੱਝ ਵੀ ਛਲਹੀਣ ਹੈ, ਜੋ ਕੁੱਝ ਵੀ ਨਿਆਪੂਰਨ ਹੈ, ਜੋ ਕੁੱਝ ਵੀ ਪਵਿੱਤਰ ਹੈ, ਜੋ ਕੁੱਝ ਵੀ ਸੁੰਦਰ ਹੈ, ਜੋ ਕੁੱਝ ਵੀ ਚੰਗਾ ਹੈ — ਜੇਕਰ ਥੋੜ੍ਹਾਂ — ਜਿਹਾ ਵੀ ਸਦਾਚਾਰ ਤੁਹਾਡੇ ਵਿੱਚ ਬਾਕੀ ਹੈ ਅਤੇ ਜੇਕਰ ਥੋੜ੍ਹੀ ਜਿਹੀ ਵੀ ਪ੍ਰਸ਼ੰਸਾ ਭਾਵਨਾ ਮੌਜੂਦ ਹੈ ਤਾਂ ਉਹਨੂੰ ਹੀ ਯਾਦ ਕਰੋ।"

# ਸੰਦਰਭ - ਸੂਚੀ


ਏਸਟਰਵਿਲੇ, *Anti Saloon League Yearboods*, ਔਹਾਯੋ.

ਬ੍ਰਾਨਰ, ਵੀ. ਐੱਮ., *La Lutte Contre La Prostitution en USSR*, ਮਾਸਕੋ, 1936

ਬ੍ਰਾਟਨ, ਪੀ. ਐੱਸ., *Prostituion and the War*, ਵਾਸ਼ਿੰਗਟਨ, 1942

ਕੈਰੋਲ, ਆਰ. ਐੱਸ., *What Price Alcohal?* ਨਿਊਯਾਰਕ, 1941

ਕੂਪਰ, ਕਾਰਟਨੀ ਰਾਯਲੀ, *Designs in Scarlet*, ਨਿਊਯਾਰਕ, 1939

ਡਿਊਰਸ਼, ਐਲਬਰਟ, *Drive Against Venereal Disease*, ਪੀ. ਐੱਮ., 1 ਅਕਤੂਬਰ, 1944.

ਐਮਰਸਨ, ਹੈਵੇਨ ਦੁਆਰਾ ਸੰਪਾਦਿਤ *Alcohol and the Man*, ਨਿਊਯਾਰਕ, 1932.

ਫਲੈਕਸਨਰ, ਡਾ. ਇਬਰਾਹਮ, *Prostitution in Europe*, ਨਿਊਯਾਰਕ, 1914

ਫ੍ਰੀਡਮੈਨ, ਐੱਮ, ਆਈ, *The Alcohol Monopoly in Foreign Countries : The Vodka Monopoly in Russia*, ਜੇ. ਵਾਈ. ਸਿਮਪਸਨ ਦੁਆਰਾ ਅਨੁਵਾਦਤ, ਲੰਦਨ, 1918

ਗ੍ਰਾਲੇਯੂਕ, ਸ਼ੇਲਡਨ, ਅਤੇ ਗ੍ਰਾਲੇਯੂਕ, ਇਲੀਨਰ, *One Thousand Juvenile Delinquents*, ਕੈਂਬ੍ਰਿਜ, 1934.

ਹਜ਼ਾਰਡ, ਜਾਨ ਐੱਨ., *Soviet Housing Law*, ਨਿਊ–ਹੈਵੇਨ, 1939

ਜਾਨਸਨ, ਡਬਲਿਯੂ. ਈ., *The Liquor Problem in Russia*, ਲੰਦਨ, 1915.

ਕ੍ਰੌਂਸ, ਫ੍ਰੇਡਰਿਖ ਸਲਾਮੋ, *Das Geschlenchtslaben der japaner* (ਖੰਡ–6, 'ਯੋਸ਼ੀਵਾਰਾ' ਸਿਰਲੇਖ ਤੋਂ ਹਰਟਜ਼ੇ ਦਾ ਲੇਖ), ਲਾਇਪਜ਼ਿਗ, 1931.

ਬਾਏਰ, ਬੀ. ਏ. ਦੁਆਰਾ ਅਨੁਵਾਦਤ, *Official Gazette Police Department of Vienna, Ordinance of April 5, 1911*

ਪੈਰਨ, ਥਾਮਸ, *Next Great Plague to Come, 'The Readers' Digest'*, ਜੁਲਾਈ 1936.

*Progress in the War Against Syphilis, "Scribers' Commentator", 'The Readers' Digest', 1940*

*Shadow on the Land*, 'ਅਮਰੀਕਨ ਸੋਸ਼ਲ ਹਾਈਜੀਨ ਐਸੋਸੀਏਸ਼ਨ', ਨਿਊਯਾਰਕ, 1939.

ਪੌਪਰ ਸਬ-ਕਮੇਟੀ ਔਨ ਵਾਰਟਾਈਮ ਹੈੱਲਥ ਐਂਡ ਐਜੁਕੇਸ਼ਨ', *Report*, ਵਾਸ਼ਿੰਗਟਨ, 1944.

ਪਾਵੇਲ, ਹਿਕਮੈਨ, *Ninety Times Guilty*, ਨਿਊਯਾਰਕ, 1939

ਪ੍ਰੌਪਰ - ਗ੍ਰਾਸ਼ਚੇਂਕੋਵ, ਐੱਨ., *A Public Health Protection in the USSR*, ਮਾਸਕੋ, 1939

ਰੈਮਬਾਡ, ਅਲਫ੍ਰੇਡ ਨਿਕੋਲਸ, *History of Russia*, ਖੰਡ-1, ਨਿਊਯਾਰਕ, 1929

ਰਾਬਿੰਸਨ, ਵਿਕਟਰ ਦੁਆਰਾ ਸੰਪਾਦਿਤ, *Morals in Wartime*, ਨਿਊਯਾਰਕ, 1943

ਰੋਜਰਸ, ਜੇਮਸ ਐੱਫ., *Instruction in the Effects of Alcohal and Tobacco*, ਵਾਸ਼ਿੰਗਟਨ, 1940.

ਸਕਾਟ, ਜੇ. ਏ., *Venerel Disease in the Soviet Union, 'British Journal of Venereal Diseases'*, ਮਾਰਚ, 1945.

ਸਿਗੇਰੇਸਟ, ਹੇਨਰੀ ਈ., *Socialised Medicine in the Soviet Union*, ਨਿਊਯਾਰਕ, 1937

ਸਿਮਪਸਨ, ਜੇਮਸ ਵਾਈ., *Some Notes on the State Sale Monopoly and Subsequent Prohibition of Vodka in Russia*, ਲੰਦਨ, 1918.

ਵੇਬ, ਸਿਡਨੀ ਅਤੇ ਵੇਬ, ਬੀਟ੍ਰਿਸ, *Soviet Communism : A New Civilisation?*, ਖੰਡ-2, ਲੰਦਨ, 1936

## ਮੈਗਜ਼ੀਨ ਅਤੇ ਕਿਤਾਬਾਂ

*Current History, The New York Time'*, ਖੰਡ-14, ਮਈ 1921.

*Journal of the Americal Medical Association*, ਸ਼ਿਕਾਗੋ.

ਅਮਰੀਕੀ-ਰੂਸੀ ਸੰਸਥਾ ਦੇ ਪ੍ਰਕਾਸ਼ਨ, ਨਿਊਯਾਰਕ.

ਸ਼ਰਾਬ ਸਬੰਧੀ ਅਧਿਐਨ ਸੰਸਥਾ ਦੇ ਪ੍ਰਕਾਸ਼ਨ, ਯੇਲ ਯੂਨੀਵਰਸਿਟੀ.

*Venereal Disease Information*, ਵਾਸ਼ਿੰਗਟਨ, ਡੀ. ਸੀ.

ਅਮਰੀਕੀ ਪਬਲਿਕ ਹੈੱਲਥ ਸਰਵਿਸ ਦੇ ਪ੍ਰਕਾਸ਼ਨ, ਵਾਸ਼ਿੰਗਟਨ, ਡੀ. ਸੀ.



ਸ਼ਹੀਦ ਭਗਤ ਸਿੰਘ
ਯਾਦਗਾਰੀ ਪ੍ਰਕਾਸ਼ਨ,
ਲੁਧਿਆਣਾ

**ਕੀਮਤ - 60.00 ਰੁ.**